ਸ੍ਰੀ ਮਾਨ ਪੰਡਿਤ ਗੁਲਾਬ ਸਿੰਘ ਜੀ ਕ੍ਰਿਤ

ਵੇਦਾਂਤ ਦਾ ਸ਼੍ਰੋਮਣੀ ਗ੍ਰੰਥ

# ਪ੍ਰਬੋਧ ਚੰਦ੍ਰ ਨਾਟਕ

## ਸਟੀਕ

ਟੀਕਾਕਾਰ—

ਪੰਡਤ ਨਰੈਣ ਸਿੰਘ ਜੀ ਗਿਆਨੀ

(ਵਿਦਿਆ ਮਾਰਤੰਡ, ਲਾਹੌਰ ਮੁਜੰਗਾਂ ਵਾਲੇ)

ਪ੍ਰਕਾਸ਼ਕ—

ਭਾਈ ਬੂਟਾ ਸਿੰਘ ਪ੍ਰਤਾਪ ਸਿੰਘ

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ,

ਅੰਮ੍ਰਿਤਸਰ

ਕੀਮਤ 60–00

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਟੀਕਾਕਾਰ ਪਾਸੋਂ ਇਸ ਟੀਕੇ ਦੇ ਹੱਕ (ਕਾਪੀ ਰਾਈਟ) ਸਦਾ ਲਈ ਖਰੀਦ ਲਏ ਹਨ ।

## ਸ੍ਰੀ ਮਾਨ ਪੰਡਤ ਗੁਲਾਬ ਸਿੰਘ ਜੀ ਕ੍ਰਿਤ

ਵੇਦਾਂਤ ਦਾ ਸ਼ਰੋਮਣੀ ਗ੍ਰੰਥ

# ਪ੍ਰਬੋਧ ਚੰਦ੍ਰ ਨਾਟਕ

## ਸਟੀਕ

ਇਸ ਨਾਟਕ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਅਜਿਤ ਸੂਰਮਿਆਂ ਦੀ ਲੜਾਈ ਬਬੇਕ, ਸਤ, ਸੰਤੋਖ, ਵਿਚਾਰ, ਤਰਕ, ਸ਼ਰਧਾ ਭਗਤੀ ਆਦਿ ਨਾਲ ਹੁੰਦੀ ਹੈ, ਅਰਥਾਤ ਪੁਰਸ਼ ਨੂੰ ਸੰਸਾਰੀ ਪਦਾਰਥਾਂ ਵਲੋਂ ਸਤ ਅਸਤ ਦਾ ਗਿਆਨ ਹੋ ਕੇ ਆਤਮਾ ਦਾ ਪੂਰਨ ਬੋਧ ਹੁੰਦਾ ਹੈ ।

**ਟੀਕਾਕਾਰ–ਪੰਡਤ ਨਰੈਣ ਸਿੰਘ ਜੀ ਗਿਆਨੀ**

ਵਿਦਿਆ ਮਾਰਤੰਡ ਲਾਹੌਰ ਮੁਜੰਗਾਂ ਵਾਲੇ

ਪ੍ਰਕਾਸ਼ਕ –

**ਭਾਈ ਬੂਟਾ ਸਿੰਘ ਪ੍ਰਤਾਪ ਸਿੰਘ**

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਸਭ ਕੁਝ ਭੁਲ ਗਿਆ ।

Sri Satguru Jagjit Singh Ji Elibrary NamdhariElibrary@gmail.com

## ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ

(ਪੰਨਾ ੧੪੩੦)

# ਮੋਟੇ ਅਖਰ

ਲਾਲ ਰੰਗੀਨ ਵੇਲਾਂ ਸਹਿਤ ਬੜੇ ਮੋਟੇ ਅਖਰਾਂ ਵਿਚ ਮੋਮੀ ਤੇ ਮੋਟੇ ਕਾਗਜ਼ ਤੇ ਬੀੜ ਛਪ ਕੇ ਤਿਆਰ ਹੋਈ ਹੈ, ਜਿਲਦ ਪਕੀ ਤੇ ਸੁੰਦਰ ਆਇਲ ਕਲਾਥ ਭੇਟਾ ੩੨੫) ੧੪੩੦ ਵਾਲੀ ਵਡੀ ਬੀੜ, ਪਦ ਛੇਦ ਅਖਰ ੩੫੧) ਸਪੈਸ਼ਲ ੪੦੧)

## ਸ੍ਰੀ ਗੁਰੂ ਗ੍ਰੰਥ ਸਾਹਿਬ

(ਦਰਮਿਆਨਾ ਸਾਈਜ਼)

# ਇਤਨੇ ਮੋਟੇ ਅਖਰ

ਪੰਨਾ ੧੪੩੦ ਹੈ, ਪਦਛੇਦ ਹੈ ਭਾਵ ਅਖਰ ਵਖੋ ਵਖ ਕਰਕੇ ਛਾਪੇ ਹਨ, ਘਰ ਵਿਚ ਪ੍ਰਕਾਸ਼ ਕਰਨ ਲਈ ਬਹੁਤ ਸੁੰਦਰ ਜਿਲਦ ਆਇਲ ਕਲਾਥ ੨੫੧) ੨੭੫), ੩੦੧)

ਮੰਗਾਉਣ ਵੇਲੇ ੧੦) ਰੁਪੇ ਦਾ ਮਨੀਆਰਡਰ ਹੇਠਲੇ ਪਤੇ ਤੇ ਭੇਜੋ ਤੇ ਰੇਲਵੇ ਸਟੇਸ਼ਨ ਦਾ ਨਾਮ ਭੀ ਲਿਖੋ।

## ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ

ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਤੁਕ ਤੁਕ ਦਾ ਟੀਕਾ (ਅਰਥਾਂ ਸਹਿਤ) ਅਠਾਂ ਪੋਥੀਆਂ ਵਿਚ ਛਪ ਗਿਆ ਹੈ। ਛਪਾਈ ਤੇ ਕਾਗਜ਼ ਬਹੁਤ ਸੁੰਦਰ ਹੈ। ਇਹ ਟੀਕਾ ਚੌਥੀ ਵਾਰ ਛਾਪਿਆ ਗਿਆ ਹੈ। ਟੀਕਾਕਾਰ ਗਿਆਨੀ ਬਿਸ਼ਨ ਸਿੰਘ ਜੀ ਖਾਲਸਾ ਕਾਲਜ ਵਾਲੇ ਹਨ।

ਭੇਟਾ ਅਠਾਂ ਸੈਂਚੀਆਂ ਦੀ ਕੇਵਲ ੨੫੧) ਵਖੋ ਵਖ ਸੈਂਚੀਆਂ ਭੀ ਮਿਲ ਸਕਦੀਆਂ ਹਨ। ਹਰ ਸੈਂਚੀ ਦੀ ਭੇਟਾ ੩੫) ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ (ਅਖਰ ਇਤਨੇ)

ਸਫਰੀ ਸਾਈਜ਼ ਕਿਤਾਬੀ ਸਾਈਜ਼ ੭ ਇੰਚ ਤੇ ੧੦ ਇੰਚ, ਪਦਛੇਦ ਮੋਟੇ ਅਖਰ ਵੇਲਦਾਰ ਛਪਿਆ ਹੈ। ਭੇਟਾ ਪੂਰੀ ਬੀੜ ੧੨੫) ਦੋ ਸੈਂਚੀਆਂ ਵਿਚ ੧੩੦)

## ਗੁਰਬਾਣੀ ਦੇ ਟੀਕੇ

ਟੀਕਾਕਾਰ ਪੰ: ਨਰੈਣ ਸਿੰਘ ਜੀ ਗਿਆਨੀ ਮੁਜੰਗਾਂ ਵਾਲੇ।

## ਸੁੰਦਰ ਗੁਟਕਾ ਸਟੀਕ ਵਡਾ

ਇਸ਼ ਵਿਚ ਜਪੁਜੀ, ਸ਼ਬਦ ਹਜ਼ਾਰੇ, ਜਾਪ ਸਾਹਿਬ, ਸਵਯੇ, ਆਸਾ ਦੀ ਵਾਰ, ਅਨੰਦ ਸਾਹਿਬ ਵਡਾ, ਰਹਿਰਾਸ, ਅਰਦਾਸ, ਕੀਰਤਨ ਸੋਹਿਲਾ, ਸੁਖਮਨੀ ਸਾਹਿਬ ਇਨ੍ਹਾਂ ਬਾਣੀਆਂ ਦਾ ਟੀਕਾ ਹੈ। ਲਾਲ ਵੇਲ ਵਧੀਆ ਜਿਲਦ ਵਾਲਾ ਮੋਮੀ ਕਾਗਜ਼ ੩੦) ਕੁਲ ਸਫੇ ੬੬੪ ਤੇ ਅਕਾਰ ਵਡਾ ਹੈ।

## ਪੰਜ ਗ੍ਰੰਥੀ ਸਟੀਕ

ਇਸ ਵਿਚ ਜਪੁਜੀ, ਸ਼ਬਦ ਹਜ਼ਾਰੇ, ਰਹਿਰਾਸ, ਕੀਰਤਨ ਸੋਹਿਲਾ, ਆਸਾ ਦੀ ਵਾਰ, ਅਨੰਦ ਸਾਹਿਬ, ਦਖਣੀ ਓਅੰਕਾਰ, ਸਿਧ ਗੋਸ਼ਟ, ਬਾਵਨ ਅਖਰੀ ਅਤੇ ਸੁਖਮਨੀ ਸਾਹਿਬ ਸਟੀਕ ਹਨ। ਭੇਟਾ ੩੦)

## ਜਪੁਜੀ ਸਟੀਕ

ਜਪੁਜੀ ਸਾਹਿਬ ਤੇ ਸ਼ਬਦ ਹਜ਼ਾਰੇ ਦਾ ਤੁਕ ਤੁਕ ਦਾ ਟੀਕਾ ਹੈ। ਭੇਟਾ ੪)

ਇਹ ਜਪੁਜੀ ਹਿੰਦੀ ਅਰ ਉਰਦੂ ਅਖਰਾਂ ਵਿਚ ਵੀ ਟੀਕੇ ਸਹਿਤ ਛਪੀ ਹੋਈ ਹੈ। ਹਿੰਦੀ ਜਪੁਜੀ ਸਟੀਕ ੪) ਉਰਦੂ ਜਪੁਜੀ ਸਟੀਕ ੧) ਵਧੀਆ ੧।)

## ਜਨਮ ਸਾਖੀ ਸ਼ੇਖ ਫਰੀਦ ਜੀ

ਫਰੀਦ ਜੀ ਦਾ ਜੀਵਨ, ਬਾਣੀ ਤੇ ਉਪਦੇਸ਼ ਹਨ ੯)

[illegible] ਸਿੰਘ [illegible] ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

Sri Satguru Jagjit Singh Ji Elibrary NamdhariElibrary@gmail.com

੧ ੴ ਸਤਿਗੁਰ ਪ੍ਰਸਾਦਿ ॥

## – ਸੰਖੇਪ ਜੀਵਨੀ –

# ਪੰਡਤ ਗੁਲਾਬ ਸਿੰਘ ਜੀ ਨਿਰਮਲੇ

( ਇਸ ਪੁਸਤਕ ਦੇ ਕਰਤਾ )

ਜ਼ਿਲਾ ਲਾਹੌਰ ਤਹਿਸੀਲ ਚੂਣੀਆਂ ਦੇ ਸੇਖਵ (ਸੇਖਮ) ਨਗਰ ਵਿਚ ਚਬੇ ਗੋਤ ਵਾਲੇ ਜ਼ਿਮੀਦਾਰ 'ਰਾਯਾ' ਦੇ ਘਰ 'ਗੌਰੀ' ਦੀ ਕੁਖ ਤੋਂ ਸੰਮਤ ੧੭੮੯ ਬਿਕ੍ਰਮੀ ਨੂੰ ਇਕ ਬਾਲਕ ਨੇ ਜਨਮ ਲਿਆ, ਜਿਸਦਾ ਨਾਮ ਮਾਪਿਆਂ ਨੇ ਗੁਲਾਬਾ ਰਖਿਆ। ਇਸ ਬਾਲਕ ਨੇ ਬਾਲ ਉਮਰਾ ਢਗੇ ਵਛੇ ਚਾਰਨ ਵਿਚ ਗੁਜ਼ਾਰਨ ਦੀ ਥਾਂ ਆਪਣੇ ਪਿੰਡ ਵਿਚ ਰਹਿਣ ਵਾਲੇ ਸੰਤਾਂ ਪਾਸੋਂ ਵਿਦਯਾ ਪੜ੍ਹਨੀ ਅਰੰਭ ਕੀਤੀ ਅਤੇ ਅਜਿਹੀ ਲਗਨ ਨਾਲ ਇਸ ਕੰਮ ਵਿਚ ਜੁਟ ਗਿਆ ਕਿ ਥੋੜੇ ਸਮੇਂ ਵਿਚ ਹੀ ਚੰਗਾ ਵਿਦਵਾਨ ਬਣ ਗਿਆ।

ਇਸ ਪਿੰਡ ਵਿਚ ਰਹਿਣ ਵਾਲੇ ਸੰਤ ਚੰਗੇ ਵਿਦਵਾਨ ਸਨ, ਉਹਨਾਂ ਦੀ ਸੰਗਤ ਵਿਚ ਰਹਿਣ ਕਰਕੇ ਇਹ ਹੋਣਹਾਰ ਬਾਲਕ ਵਿਦਵਾਨ ਹੀ ਨਹੀਂ ਬਣਿਆ, ਸਗੋਂ ਇਸ ਨੂੰ ਸੰਸਾਰ ਵਲੋਂ ਪੂਰੀ ਪੂਰੀ ਉਪਰਾਮਤਾ ਹੋ ਗਈ ਤੇ ਕੋਈ ੧੬ ਵਰ੍ਹੇ ਦੀ ਉਮਰਾ ਵਿਚ ਹੀ ਘਰੋਂ ਮਾਪਿਆਂ ਤੋਂ ਚੋਰੀ, ਕੇਵਲ ਆਪਣੇ ਵਿਦਯਾ-ਗੁਰੂ ਜੀ ਦੀ ਸਲਾਹ ਨਾਲ ਵਿਦਯਾ ਪੜ੍ਹਨ ਦੇ ਸ਼ੌਕ ਨਾਲ ਕਾਂਸ਼ੀ ਪਹੁੰਚ ਗਿਆ। ਪਿੰਡੋਂ ਤੁਰਨ ਲਗਿਆਂ ਸੰਤ ਜੀ ਦੀ ਸਲਾਹ ਨਾਲ ਇਸ ਨੇ ਸਾਧੂ ਬਾਣਾ ਧਾਰਨ ਕਰ ਲਿਆ ਸੀ, ਜਿਸ ਕਰਕੇ ਇਸ ਨੂੰ ਕਾਂਸ਼ੀ ਪੁਜ ਕੇ ਪੜ੍ਹਨ ਵਲੋਂ ਕੋਈ ਤਕਲੀਫ ਨਾ ਹੋਈ, ਸਗੋਂ ਸਾਧੂ ਪੁਣੇ ਦੇ ਲਿਬਾਸ ਦੇ ਕਾਰਨ ਸਭ ਤਰ੍ਹਾਂ ਦੀਆਂ ਸਹੂਲਤਾਂ ਪ੍ਰਾਪਤ ਹੋ ਗਈਆਂ ਅਤੇ ਇਹ ਇਕ ਪੰਡਿਤ ਜੀ ਪਾਸੋਂ ਸੰਸਕ੍ਰਿਤੀ ਵਿਦਯਾ ਪੜ੍ਹਨ ਲਗ ਪਿਆ।

ਅਜੇ ਕੁਝ ਹੀ ਦਿਨ ਗੁਜ਼ਰੇ ਸਨ ਜਾਂ ਇਸ ਦੇ ਅਧਿਆਪਕ ਪੰਡਿਤ ਨੂੰ ਇਸ ਬਾਲਕ ਦੇ ਜ਼ਿਮੀਂਦਾਰ ਹੋਣ ਦਾ ਪਤਾ ਲਗ ਗਿਆ ਅਤੇ ਉਸ ਨੇ ਇਸ ਨੂੰ ਪਾਠਸ਼ਾਲਾ ਤੋਂ ਇਹ ਕਹਿ ਕੇ ਬਾਹਰ ਕਢ ਦਿਤਾ ਕਿ ਤੂੰ ਸ਼ੂਦਰ ਜਾਤੀ ਵਿਚੋਂ ਹੈਂ, ਤੈਨੂੰ ਵੇਦ ਵਿਦਯਾ ਪੜ੍ਹਨ ਦਾ ਅਧਿਕਾਰ ਨਹੀਂ ਹੈ। ਇਹ ਸੁਣ ਕੇ ਇਸ ਬਾਲਕ ਦਾ ਮਨ ਬੜਾ ਦੁਖੀ ਹੋਇਆ। ਇਸ ਨੇ ਪੰਡਿਤ ਦੇ ਬੜੇ ਤਰਲੇ ਕੀਤੇ ਪਰ ਉਸ ਨੇ ਜ਼ਰਾ ਭੀ ਇਸ ਬਾਲਕ ਵਲ ਧਿਆਨ ਨਾ ਦਿਤਾ ਤਾਂ ਇਸ ਨੇ ਪੰਡਿਤ ਦੇ ਘਰ ਦੀ ਸੇਵਾ, ਜੋ ਪਹਿਲੇ ਹੀ ਕਰਦਾ ਹੁੰਦਾ ਸੀ, ਦੇ ਨਾਲ ਨਾਲ ਪੰਡਿਤ ਦੇ ਦੋ ਢਾਈ ਸਾਲ ਦੇ ਬਚੇ ਦੀ ਸੇਵਾ ਕਰਨੀ ਭੀ ਸ਼ੁਰੂ ਕਰ ਦਿਤੀ। ਬਾਲਕ ਦੀ ਸੇਵਾ ਕਰਦਿਆਂ ਹੋਇਆਂ ਉਸ ਦੀ ਮਾਤਾ (ਅਧਿਆਪਕ ਪਤਨੀ) ਦੀ ਸੇਵਾ, ਪਾਣੀ ਭਰਨਾ, ਬਾਲਣ ਤਿਆਰ ਕਰ ਦੇਣਾ, ਚੌਂਕਾ ਭਾਂਡਾ ਕਰਨਾ, ਕਪੜੇ ਧੋਣ ਵਿਚ ਸਹਾਇਤਾ ਕਰਨੀ ਜਾਂ ਸਾਰੇ ਹੀ ਕਪੜੇ ਆਪ ਧੋ ਦੇਣੇ ਤਾਂਕਿ ਵਿਦਿਆ-ਗੁਰ-ਪਤੀ ਨੂੰ ਸੁਖ ਹੋਵੇ।

ਇਸ ਨੇ ਪੰਡਿਤ ਦੇ ਪਰਵਾਰ ਦੀ ਇਥੋਂ ਤਕ ਸੇਵਾ ਕੀਤੀ ਕਿ ਘਰ ਦੇ ਸਾਰੇ ਜੀਅ ਇਸ ਨਾਲ ਪਿਆਰ ਕਰਨ ਲਗ ਪਏ। ਪੰਡਿਤ ਦਾ ਬਾਲਕ ਤਾਂ ਗੁਲਾਬੇ ਤੋਂ ਵਿਛੜ ਕੇ ਇਕ ਖਿਨ ਭਰ ਨਾ ਰਹਿੰਦਾ। ਇਹੋ ਹਾਲਤ ਬਾਲਕ ਦੀ ਮਾਤਾ ਦੀ ਹੋ ਗਈ। ਜੇਕਰ ਗੁਲਾਬਾ ਪੰਡਤਾਨੀ ਦੀਆਂ ਅਖਾਂ ਤੋਂ ਘੰਟਾ ਦੋ ਘੰਟੇ ਓਹਲੇ ਹੋ ਜਾਂਦਾ ਤਾਂ ਘਰ ਵਿਚ ਤਰਥਲੀ ਮਚ ਜਾਂਦੀ। ਜਦ ਇਸ ਤਰ੍ਹਾਂ ਦਾ ਮੋਹ ਜਾਲ ਘਰ ਵਿਚ ਫੈਲ ਗਿਆ, ਤਦ ਇਸ ਨੇ ਕੰਢੇ ਚੋਭਣੇ ਸ਼ੁਰੂ ਕਰ ਦਿਤੇ ਅਰਥਾਤ ਕਿਸੇ ਗਲੋਂ ਗੁਸੇ ਹੋ ਕੇ ਘਰੋਂ ਨਿਕਲ ਆਇਆ। ਇਸ ਦੇ ਘਰੋਂ ਚਲੇ ਆਉਣ ਨਾਲ ਪੰਡਿਤ ਦੇ ਬਾਲਕ ਨੇ ਰੋਣਾ ਕੁਰਲਾਉਣਾ ਤੇ ਧਰਤੀ ਉਤੇ ਲੇਟਣਾ ਸ਼ੁਰੂ ਕਰ ਦਿਤਾ। ਉਸ ਦੀ ਤੋਤਲੀ ਜ਼ਬਾਨ ਤੋਂ 'ਗਾਬਾ–ਗਾਬਾ' ਸ਼ਬਦ ਹੀ ਨਿਕਲਦਾ। ਗੁਲਾਬੇ ਤੋਂ ਬਿਨਾਂ ਉਸਨੂੰ ਖਾਣਾ ਪੀਣਾ ਤੇ ਮਾਂ ਪਿਓ ਆਦਿਕ ਸਭ ਕੁਝ ਭੁਲ ਗਿਆ।

Sri Satguru Jagjit Singh Ji Elibrary NamdhariElibrary@gmail.com

ਬਚੇ ਦੀ ਅਜਿਹੀ ਹਾਲਤ ਵੇਖ ਕੇ ਬਚੇ ਦੀ ਮਾਂ ਨੂੰ ਬੜਾ ਦੁਖ ਹੋਇਆ। ਉਸ ਨੇ ਆਪਣੇ ਪਤੀ ਦੇ ਪੈਰ ਫੜ ਲਏ ਤੇ ਹਾੜੇ ਤਰਲੇ ਕਰਕੇ ਕਿਹਾ–'ਜੇ ਬਚੇ ਦੀ ਜ਼ਿੰਦਗੀ ਚਾਹੁੰਦੇ ਹੋ ਤਾਂ ਗੁਲਾਬੇ ਨੂੰ ਮਨਾ ਕੇ ਘਰ ਲੈ ਆਵੋ। ਜੇ ਗੁਲਾਬਾ ਸਾਡੇ ਘਰ ਨਾ ਆਇਆ ਤਾਂ ਇਹ ਅਬੋਧ ਬਾਲਕ ਇਸੇ ਤਰ੍ਹਾਂ ਰੋਂਦਾ ਪਿਟਦਾ ਹੀ ਮਰ ਜਾਏਗਾ।'

ਬਚੇ ਦੀ ਹਾਲਤ ਤੇ ਇਸਤ੍ਰੀ ਦੀ ਦਸ਼ਾ ਅਤੇ ਉਸ ਦੇ ਤਰਲਿਆਂ ਨੇ ਪੰਡਿਤ ਜੀ ਦੇ ਮਨ ਨੂੰ ਪਰੇਰਿਆ। ਪੰਡਿਤ ਜੀ ਪਾਠਸ਼ਾਲਾ ਤੋਂ ਚਲ ਕੇ ਗੰਗਾ ਦੇ ਕੰਢੇ ਪੁਜਾ। ਜਿਥੇ ਗੁਲਾਬਾ ਬੈਠਾ ਹੋਇਆ ਸੀ, ਉਥੇ ਆ ਕੇ ਇਸ ਨੂੰ ਬਾਹੋਂ ਫੜ ਕੇ ਕਿਹਾ–'ਗੁਲਾਬ! ਘਰ ਚਲ। ਕਾਕੇ ਨਾਲ ਏਨਾ ਪਿਆਰ ਪਾ ਕੇ ਹੁਣ ਇਸ ਤਰ੍ਹਾਂ ਗੁਸੇ ਹੋ ਆਇਆ ਹੈਂ? ਉਸ ਦੀ ਦਸ਼ਾ ਤਾਂ ਜਾ ਕੇ ਵੇਖ।'

ਗੁਲਾਬ ਜੀ ਨੇ ਬੜੀ ਨਿੰਮਰਤਾ ਨਾਲ ਬੰਦਨਾ ਕਰਕੇ ਕਿਹਾ–'ਗੁਰਦੇਵ! ਮੈਂ ਘਰ ਨਹੀਂ ਜਾ ਸਕਦਾ, ਮੈਂ ਭੀ ਆਪਣੀ ਮਾਂ ਨੂੰ ਰੋਂਦਿਆਂ ਛਡ ਕੇ ਆਇਆ ਹਾਂ। ਜੇਕਰ ਰੋਣ ਵਲੇ ਹੀ ਵੇਖਦਾ ਤਾਂ ਮੈਂ ਘਰੋਂ ਇਕ ਕਦਮ ਭੀ ਬਾਹਰ ਨਾ ਨਿਕਲਦਾ, ਪਰ ਮੈਨੂੰ ਮੇਰੇ ਸ਼ੌਕ ਨੇ ਇਥੇ ਲੈ ਆਂਦਾ ਹੈ। ਜੇਕਰ ਆਪ ਮੈਨੂੰ ਵਿਦਿਆ ਪੜ੍ਹਾਓ ਤਦ ਮੈਂ ਘਰ ਚਲਦਾ ਹਾਂ। ਜੇ ਵਿਦਿਆ ਵਲੋਂ ਮੈਨੂੰ ਜਵਾਬ ਹੈ ਤਾਂ ਮੇਰਾ ਭੀ ਘਰ ਜਾਣ ਵਲੋਂ ਆਪ ਜੀ ਨੂੰ ਸਾਫ ਸਾਫ ਜਵਾਬ ਹੈ।'

ਇਹ ਸੁਣਦਿਆਂ ਹੀ ਪੰਡਿਤ ਜੀ ਨੂੰ ਸੁਰਤ ਆ ਗਈ ਤੇ ਸੋਚੀਂ ਪੈ ਗਏ। ਇਕ ਪਾਸੇ ਪੁਤ੍ਰ ਦੀ ਮੋਹ ਮਮਤਾ ਦੂਜੇ ਪਾਸੇ ਸ਼ੂਦਰ ਨੂੰ ਵਿਦਯਾ ਪੜ੍ਹਾਉਣ ਦੀ ਮਰਯਾਦਾ ਦਾ ਉਲੰਘਣ, ਪਰ ਗੌਂ ਗਿਲੇ ਜੌਂ ਭੁਨਾ ਦੇਂਦੀ ਹੈ। ਇਸ ਲਈ ਪੰਡਿਤ ਜੀ ਨੇ ਕਿਹਾ–'ਹੇ ਗੁਲਾਬ! ਮੈਂ ਤੈਨੂੰ ਪੜ੍ਹਾ ਨਹੀਂ ਸਕਦਾ, ਕਿਉਂਕਿ ਤੈਨੂੰ ਅਧਿਕਾਰ ਨਹੀਂ ਹੈ, ਪਰ ਤੈਨੂੰ ਸਾਰੇ ਗ੍ਰੰਥ ਸੁਣਾ ਸਕਦਾ ਹਾਂ। ਮੈਂ ਸਾਰੇ ਗ੍ਰੰਥ ਸਾਂਗੋ ਪਾਂਗ ਤੈਨੂੰ ਸੁਣਾਂਗਾ, ਤੇਰਾ ਜੋ ਭੀ ਸ਼ੰਕਾ ਹੋਵੇਗਾ ਉਸ ਦਾ ਸਮਾਧਾਨ ਆਪੇ ਕਰਦਾ ਜਾਵਾਂਗਾ। ਹੋਰ ਸਭ ਕੁਝ ਠੀਕ ਹੋਵੇਗਾ, ਤੈਨੂੰ ਕੇਵਲ ਪੁਸਤਕ ਖੋਲ੍ਹ ਕੇ ਮੇਰੇ ਸਾਹਮਣੇ ਬੈਠਣ ਦਾ ਅਧਿਕਾਰ ਨਹੀਂ ਹੋਵੇਗਾ। ਜੇਕਰ ਤੈਨੂੰ ਇਸ ਤਰ੍ਹਾਂ ਦਾ ਪੜ੍ਹਨਾ ਪ੍ਰਵਾਨ ਹੈ ਤਾਂ ਬੇਸ਼ਕ ਹੁਣੇ ਹੀ ਮੇਰੇ ਨਾਲ ਚਲਾ ਚਲ।'

ਗੁਲਾਬ ਜੀ ਨੇ ਪੰਡਿਤ ਦਾ ਏਨਾ ਮੰਨ ਜਾਣਾ ਭੀ ਆਪਣੇ ਲਈ ਇਕ ਮਹਾਨ ਕਾਰਜ ਸਮਝਿਆ ਅਤੇ ਵਿਦਿਆ ਦਾਤੇ ਨਾਲ ਉਸ ਦੇ ਘਰ ਆ ਗਿਆ ਅਤੇ ਅਗੇ ਨਾਲੋਂ ਭੀ ਵਧੀਕ ਸ਼ੌਕ ਨਾਲ ਪੰਡਿਤ ਜੀ, ਉਨ੍ਹਾਂ ਦੀ ਸੁਪਤਨੀ ਅਤੇ ਬਚੇ ਦੀ ਸੇਵਾ ਕਰਨੀ ਅਰੰਭ ਕਰ ਦਿਤੀ।

ਪੰਡਿਤ ਜੀ ਨੇ ਆਪਣੇ ਕੀਤੇ ਹੋਏ ਕੌਲ ਅਨੁਸਾਰ ਇਹਨਾਂ ਨੂੰ ਸੰਥਾ ਸੁਣਾਉਣੀ ਸ਼ੁਰੂ ਕਰ ਦਿਤੀ ਅਤੇ ਅਜਿਹੀ ਯੋਗਤਾ ਨਾਲ ਗ੍ਰੰਥ ਸੁਣਾਏ ਜੋ ਇਸ ਹੋਣਹਾਰ ਬਾਲਕ ਨੂੰ ਉਹ ਗ੍ਰੰਥ ਕੇਵਲ ਇਕੋ ਵੇਰੀ ਸੁਣਨ ਨਾਲ ਹੀ ਕੰਠ-ਸਥ ਹੁੰਦੇ ਗਏ। ਇਸ ਕੰਮ ਵਿਚ ਗੁਲਾਬ ਜੀ ਨੂੰ ਏਨਾ ਅਧਿਕਾਰ ਸੀ ਕਿ ਜਿੰਨੀ ਸੰਥਾ ਸੁਣਨੀ ਚਾਹੁੰਦੇ, ਸੁਣ ਲੈਂਦੇ। ਜਦੋਂ ਇਹ ਬਸ ਕਹਿੰਦੇ ਤਾਂ ਪੰਡਿਤ ਜੀ ਉਥੇ ਹੀ ਸੰਥਾ ਸੁਣਾਉਣੀ ਬਸ ਕਰ ਦੇਂਦੇ।

ਇਹ ਸੁਣੀ ਹੋਈ ਸੰਥਾ ਨੂੰ ਜਿਉਂ ਦਾ ਤਿਉਂ ਕੰਠ ਹੀ ਨਹੀਂ ਸਨ ਕਰ ਲੈਂਦੇ, ਸਗੋਂ ਉਸੇ ਤਰ੍ਹਾਂ ਹੀ ਤੇ ਉਨ੍ਹਾਂ ਹੀ ਸ਼ਬਦਾਂ ਵਿਚ ਉਸ ਸੰਥਾ ਨੂੰ ਲਿਖ ਲੈਂਦੇ। ਇਸੇ ਤਰ੍ਹਾਂ ਹੀ ਇਹਨਾਂ ਨੇ ਸਾਰੇ ਗ੍ਰੰਥ ਲਿਖ ਕੇ ਆਪਣੇ ਕੋਲ ਰਖ ਲਏ। ਇਸ ਤਰ੍ਹਾਂ ਵਿਦਿਆ ਪ੍ਰਾਪਤ ਕਰਕੇ ਫਿਰ ਇਹ ਸਚ ਮੁਚ ਦੇ ਵਿਰਕਤ ਸੰਤ ਹੋ ਗਏ। ਇਹਨਾਂ ਦੇ ਗੁਰੂ ਦਾ ਨਾਮ ਸੰਤ ਮਾਨ ਸਿੰਘ ਜੀ ਸੀ, ਜੋ ਇਹਨਾਂ ਨੇ ਆਪ ਹੀ ਲਿਖਿਆ ਹੈ। ਯਥਾ–

ਦੋਹਰਾ–ਭਾਰਤ ਭੂਮਿ ਪੁਨੀਤ ਪਦ, ਤਪੋ ਗਯਾਨ ਅਵਤਾਰ॥
ਮਾਨ ਸਿੰਘ ਗੁਰ ਕੋ ਨਮੋ, ਤਾਰਣ ਕਰੁਣਾ ਸਾਰ॥
(ਪ੍ਰਬੋਧ ਚੰਦ੍ਰ ਨਾਟਕ)

ਤਥਾ–ਵਿਦਯਾ ਸ਼ਾਂਤਿ ਸੁ ਗਯਾਨ ਸੁਖਦਾਇਕ ਫਲ ਸੁਭਚਾਰ॥
ਮਾਨ ਸਿੰਘ ਗੁਰ ਕੇ ਸਦਾ ਬੰਦੌਂ ਪਾਦ ਉਦਾਰ॥
(ਭਾਵਰਸਾਂਮ੍ਰਿਤ)

Sri Satguru Jagjit Singh Ji Elibrary NamdhariElibrary@gmail.com

ਜਦ ਇਹ ਵਿਦਿਆ ਪੜ੍ਹ ਕੇ ਪੂਰੇ ਪੂਰੇ ਪੰਡਿਤ ਹੋ ਗਏ ਤਾਂ ਇਨ੍ਹਾਂ ਨੇ ਆਪਣੇ ਵਿਦਿਆਥੀ ਪੁਣੇ ਦੀਆਂ ਔਕੜਾਂ ਨੂੰ ਵੇਖ ਕੇ ਵਿਚਾਰ ਕੀਤਾ ਕਿ ਇਨ੍ਹਾਂ ਸਾਰੇ ਗ੍ਰੰਥਾਂ ਨੂੰ ਗੁਰਮੁਖੀ ਅਖਰਾਂ ਅਤੇ ਬ੍ਰਿਜ ਭਾਸ਼ਾ ਬੋਲੀ ਵਿਚ ਕਰ ਦੇਣਾ ਚਾਹੀਦਾ ਹੈ, ਤਾਂਕਿ ਆਪਣੇ ਦੇਸ ਵਾਸੀਆਂ ਨੂੰ ਪੰਡਿਤਾਂ ਦੀਆਂ ਮਿੰਨਤਾਂ ਨਾ ਕਰਨੀਆਂ ਪੈਣ। ਇਹ ਵਿਚਾਰ ਕਰਦਿਆਂ ਹੀ ਆਪ ਜੀ ਨੇ–

ਸੰਮਤ ੧੮੩੪ ਬਿਕ੍ਰਮੀ ਵਿਚ ਭਾਵਰਸਾਮ੍ਰਿਤ।
ਸੰਮਤ ੧੮੩੪ ਬਿਕ੍ਰਮੀ ਵਿਚ ਮੋਖ ਪੰਥ।
ਸੰਮਤ ੧੮੩੯ ਬਿ: ਵਿਚ ਅਧਯਾਤਮ ਰਮਾਇਣ।
ਸੰਮਤ ੧੮੪੯ ਬਿ: ਵਿਚ ਪ੍ਰਬੋਧ ਚੰਦਰ ਨਾਟਕ।

ਆਦਿਕ ਗ੍ਰੰਥਾਂ ਦੀ ਰਚਨਾ ਕਰ ਦਿਤੀ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਕਈ ਪੰਡਿਤਾਂ ਨੂੰ ਦਵੇਖ ਅਗਨੀ ਨੇ ਸਾੜ ਦਿਤਾ।

ਇਕ ਸਮੇਂ ਦਾ ਜ਼ਿਕਰ ਹੈ ਕਿ ਪੰਡਿਤਾਂ ਨੇ ਬੜੀ ਭਾਰੀ ਸਭਾ ਕੀਤੀ ਅਤੇ ਉਸ ਵਿਚ ਇਸ ਗੱਲ ਤੇ ਜੋਰ ਦਿਤਾ ਕਿ ਜੇਕਰ ਪੰਡਿਤ ਗੁਲਾਬ ਸਿੰਘ ਜੀ ਨੇ ਸਾਰੇ ਹੀ ਗ੍ਰੰਥ ਦੇਸ਼ ਭਾਸ਼ਾ ਵਿਚ ਤਿਆਰ ਕਰ ਦਿਤੇ ਤਾਂ ਫਿਰ ਸਾਡਾ ਬੁਰਾ ਹਾਲ ਹੋਵੇਗਾ। ਇਹ ਕੋਸ਼ਸ਼ ਕਰਨੀ ਚਾਹੀਦੀ ਹੈ, ਜੋ ਇਹ ਅਗੇ ਨੂੰ ਕੋਈ ਗ੍ਰੰਥ ਨਾ ਬਨਾਉਣ ਅਤੇ ਪਿਛਲੇ ਬਣੇ ਹੋਏ ਪੁਸਤਕ ਸਾੜ ਦਿਤੇ ਜਾਣ। ਇਸ ਤਰ੍ਹਾਂ ਦੀ ਵੀਚਾਰ ਕਰਕੇ ਸਾਰੀ ਪੰਡਿਤ ਮੰਡਲੀ ਚਲ ਕੇ ਸੰਤ ਮਾਨ ਸਿੰਘ ਜੀ ਦੇ ਚਰਨਾਂ ਵਿਚ ਪੁਜ ਗਈ। ਪਰਸਪਰ ਬੰਦਨਾਂ ਆਦਿਕ ਹੋਣ ਮਗਰੋਂ ਸ੍ਰੀ ਸੰਤ ਮਾਨ ਸਿੰਘ ਜੀ ਨੇ ਪੁਛਿਆ–ਇਹ ਹੰਸ ਮੰਡਲੀ ਕਿਧਰੋਂ ਆਈ ਹੈ ?

ਸਭਨਾਂ ਨੇ ਇਕ ਸੁਰ ਹੋ ਕੇ ਕਿਹਾ–ਆਪ ਜੀ ਦੇ ਚਰਨਾਂ ਵਿਚ ਦਾਨ ਮੰਗਣ ਲਈ ਹਾਜ਼ਰ ਹੋਈ ਹੈ।

ਸੰਤਾਂ ਨੇ ਕਿਹਾ–ਹੁਕਮ ਕਰੋ, ਕੀ ਚਾਹੁੰਦੇ ਹੋ ?

ਪੰਡਿਤ ਮੰਡਲੀ ਨੇ ਕਿਹਾ–ਆਪ ਜੀ ਦੇ ਚੇਲੇ ਪੰਡਿਤ ਗੁਲਾਬ ਸਿੰਘ ਜੀ ਨੇ ਕਈ ਗਰੰਥਾਂ ਦੀ ਰਚਨਾ ਕੀਤੀ ਹੈ ਅਤੇ ਅਗੇ ਹੋਰ ਕਰੀ ਜਾਂਦੇ ਹਨ। ਜੇਕਰ ਇਸ ਤਰ੍ਹਾਂ ਦੇ ਗਰੰਥ ਇਸ ਬੋਲੀ ਵਿਚ ਸੁਖੈਨ ਕੀਤੇ ਗਏ ਤਾਂ ਅਸਾਂ ਸਾਰਿਆਂ ਦੀ ਉਪਜੀਵਕਾ ਬੰਦ ਹੋ ਜਾਏਗੀ ਅਤੇ ਅਧਿਕਾਰੀ, ਅਨ-ਅਧਿਕਾਰੀ ਦਾ ਵਿਚਾਰ ਵੀ ਜਾਂਦਾ ਰਹੇਗਾ। ਇਸ ਲਈ ਅਸੀਂ ਚਾਹੁੰਦੇ ਹਾਂ ਜੋ ਆਪ ਉਹਨਾਂ ਨੂੰ ਹੁਕਮ ਦੇ ਦਿਓ ਜੋ ਅਗੇ ਨੂੰ ਕੋਈ ਗ੍ਰੰਥ ਨਾ ਬਨਾਉਣ ਅਤੇ ਜਿਹੜੇ ਬਣ ਚੁਕੇ ਹਨ, ਉਹ ਸਾਨੂੰ ਬਖਸ਼ ਦਿਓ ਤਾਂਕਿ ਅਸੀਂ ਉਹਨਾਂ ਨੂੰ ਪੁਸਤਕਾਲਯ ਵਿਚ ਸਾਂਭ ਰਖੀਏ।

ਸੰਤ ਮਾਨ ਸਿੰਘ ਜੀ ਨੇ ਉਹਨਾਂ ਦੀ ਇਹ ਕੁਟਿਲ ਨੀਤੀ ਪੂਰਨ ਵਾਰਤਾ ਸੁਣ ਕੇ ਬੜਾ ਅਫਸੋਸ ਕੀਤਾ, ਪਰ ਬਚਨ-ਬਧ ਹੋਣ ਕਰਕੇ ਸਾਰੇ ਗ੍ਰੰਥ ਉਨ੍ਹਾਂ ਦੇ ਹਵਾਲੇ ਕਰ ਦਿਤੇ।

ਜਿਸ ਵੇਲੇ ਇਹ ਪੰਡਿਤ ਮੰਡਲੀ ਸੰਤਾਂ ਦੇ ਚਰਨਾਂ ਵਿਚ ਹਾਜ਼ਰ ਹੋਈ ਸੀ, ਉਸ ਵੇਲੇ ਪੰਡਿਤ ਗੁਲਾਬ ਸਿੰਘ ਜੀ ਡੇਰੇ ਵਿਚ ਨਹੀਂ ਸਨ। ਜਦ ਆਪ ਡੇਰੇ ਵਿਚ ਆਏ ਤਾਂ ਗੁਰਦੇਵ ਜੀ ਦੀ ਰਸਨਾ ਤੋਂ ਸਾਰੀ ਵਾਰਤਾ ਸੁਣ ਕੇ ਚੁਪ ਹੋ ਗਏ ਅਤੇ ਉਸ ਤੋਂ ਮਗਰੋਂ ਆਪ ਜੀ ਨੇ ਫੇਰ ਕੋਈ ਭੀ ਗਰੰਥ ਨਹੀਂ ਬਣਾਇਆ।

ਕਹਿੰਦੇ ਹਨ, ਜਦ ਪੰਡਿਤ ਮੰਡਲੀ ਆਪ ਜੀ ਦੇ ਗ੍ਰੰਥ ਲੈਣ ਆਈ ਸੀ, ਉਸ ਵੇਲੇ ਇਹ ਚਾਰ ਗ੍ਰੰਥ ਕਈ ਸਾਧੂ ਪੜ੍ਹਨ ਵਾਸਤੇ ਆਪਣੇ ਡੇਰੇ ਲੈ ਗਏ ਹੋਏ ਸਨ, ਇਸ ਕਰਕੇ ਇਹ ਗ੍ਰੰਥ ਸੰਸਾਰ ਵਿਚ ਰਹਿ ਗਏ ਹਨ ਅਤੇ ਬਾਕੀ ਦੇ ਈਰਖਾਲੂ ਪੰਡਿਤਾਂ ਦੀ ਦਵੇਖ ਨਾਲ ਅਗਨ ਦੀ ਭੇਟ ਹੋ ਚੁਕੇ ਹਨ। ਕਈ ਮਹਾਂ ਪੁਰਸ਼ਾਂ ਦਾ ਕਹਿਣਾ ਹੈ ਜੋ ਪੰਡਿਤ ਜੀ ਨੇ ਵੇਦਾਂਤ ਮਤ ਦੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਕਰਨ ਦੇ ਮਗਰੋਂ ਵੇਦਾਂ ਦਾ ਭੀ ਅਨੁਵਾਦ ਕੀਤਾ ਸੀ, ਜੋ ਸਾਰੇ ਦਾ ਸਾਰਾ ਸੰਗ੍ਰਹਿ ਚੰਡੀ ਦੀ ਭੇਟ ਹੋ ਚੁਕਾ ਹੈ।

ਕਹਿੰਦੇ ਹਨ, ਜਦ ਗੁਲਾਬ ਸਿੰਘ ਜੀ ਸੰਤ ਹੋ ਗਏ ਤਾਂ ਇਕ ਦਿਨ ਇਹਨਾਂ ਦੇ ਬਿਰਧ ਮਾਤਾ ਪਿਤਾ ਜੀ ਇਹਨਾਂ ਦੇ ਪਾਸ ਆਏ ਤੇ ਆ ਕੇ ਦੋਵੇਂ ਜਣੇ ਰੋਣ ਲਗ ਪਏ। ਪੰਡਿਤ ਜੀ ਨੇ ਮਾਤਾ ਪਿਤਾ ਜਦ ਰੋਣ ਦਾ ਕਾਰਨ ਪੁਛਿਆ ਤਾਂ ਮਾਤਾ ਨੇ ਕਿਹਾ–

ਪੁਤ੍ਰ ! ਮੈਂ ਕੀ ਕਹਾਂ ? ਸੰਤ ਮਹਾਤਮਾ ਕਹਿੰਦੇ ਹਨ ਤੇ ਸਤਿਗੁਰੂ ਜੀ ਨੇ ਭੀ ਲਿਖਿਆ ਹੈ–

'ਪੁਤੀਂ ਗੰਢ ਪਵੈ ਸੰਸਾਰ ॥'

ਜਿੰਨਾ ਚਿਰ ਤੇਰਾ ਜਨਮ ਨਹੀਂ ਹੋਇਆ ਸੀ, ਓਨਾ ਚਿਰ ਮੈਂ ਅਤੇ ਤੇਰੇ ਪਿਤਾ ਜੀ ਹਰ ਵੇਲੇ ਸੋਚ ਸਾਗਰ ਵਿਚ ਹੀ ਡੁਬੇ ਰਹਿੰਦੇ ਸਾਂ। ਤੇਰੇ ਜਨਮ ਲੈਂਦਿਆਂ ਹੀ ਸਾਡੇ ਮਨ ਨੂੰ ਕੋਈ ਆਪਣੇ ਆਪ ਹੀ ਖੇੜਾ ਜਿਹਾ ਪ੍ਰਾਪਤ ਹੋ ਗਿਆ ਸੀ। ਅਸੀਂ ਮਨ ਵਿਚ ਕਿਹਾ ਕਰਦੇ ਸਾਂ ਕਿ ਅਸੀਂ ਭੀ ਇਸ ਸੰਸਾਰ ਦੇ ਹਿਸੇਦਾਰ ਹੋ ਗਏ ਹਾਂ, ਪਰ ਪੁਤ੍ਰ ਤੇਰੇ ਇਸ ਤਰ੍ਹਾਂ ਸੰਤ ਹੋ ਜਾਣ ਨੇ ਸਾਨੂੰ ਗ਼ਮਾਂ ਦੇ ਸਮੁੰਦਰ ਵਿਚ ਸੁਟ ਦਿਤਾ ਹੈ। ਜੇ ਤੂੰ ਪਹਿਲੇ ਗ੍ਰਿਹਸਥ ਕਰਕੇ ਪਰਵਾਰ ਵਾਲਾ ਹੋ ਬੈਠਦੋਂ, ਤੇਰਾ ਬਾਗ ਪਰਵਾਰ ਵਧ ਜਾਂਦਾ, ਫਿਰ ਤੂੰ ਸਾਧੂ ਮਹਾਤਮਾ ਹੋ ਜਾਂਦਾ ਤਾਂ ਸਾਨੂੰ ਬੜੀ ਭਾਰੀ ਖੁਸ਼ੀ ਹੁੰਦੀ, ਪਰ ਹੁਣ ਤਾਂ ਅਸੀਂ ਇਹੋ ਸੋਚਾਂ ਸੋਚਦੇ ਹੀ ਮਰ ਜਾਵਾਂਗੇ ਜੋ ਸੰਸਾਰ ਵਿਚ ਸਾਡਾ ਕੋਈ ਨਹੀਂ, ਸਾਡਾ ਕਿਸੇ ਨੇ ਨਾਮ ਨਹੀਂ ਲੈਣਾ। ਜਿਸ ਦਾ ਸੰਸਾਰ ਤੇ ਨਾਮ ਨਹੀਂ, ਉਸ ਦਾ ਹੋਣਾ ਨਾ ਹੋਣਾ ਇਕੋ ਜਿਹਾ ਹੈ। ਇਸ ਲਈ ਪੁਤ੍ਰ ! ਤੂੰ ਆਪ ਹੀ ਸੋਚ ਕਿ ਸਾਡੇ ਨਾਮ ਨੂੰ ਕੌਣ ਜਾਣੇਗਾ ?

ਮਾਤਾ ਜੀ ਪਾਸੋਂ ਇਹ ਸੁਣ ਕੇ ਪੰਡਿਤ ਜੀ ਨੇ ਕਿਹਾ–ਮਾਤਾ ਜੀ ! ਆਪ ਚਿੰਤਾ ਨਾ ਕਰੋ, ਆਪ ਜੀ ਦੇ ਨਾਮ ਨੂੰ ਸਾਰੀ ਦੁਨੀਆਂ ਸਿਮਰੇਗੀ। ਆਪ ਜੀ ਦਾ ਨਾਮ 'ਯਾਵਤ ਇੰਦ੍ਰ-ਵਿਭਾਸ ਹੈ, ਤਾਵਤ ਸਥਿਰ ਰਹੇਗਾ।' ਕਿਉਂਕਿ ਮੈਂ ਸਾਧੂ ਹਾਂ, ਹੁਣ ਸਾਧੂ ਮਤ ਤਿਆਗ ਕੇ ਗ੍ਰਿਹਸਥ ਕਰਨ ਨਾਲ ਮੈਂ ਨਰਕਾਂ ਵਿਚ ਪਵਾਂਗਾ ਅਤੇ ਫੇਰ ਭੀ ਪਤਾ ਨਹੀਂ ਜੋ ਮੇਰੇ ਗ੍ਰਿਹਸਥੀ ਹੋਣ ਨਾਲ ਜ਼ਰੂਰ ਹੀ ਮੇਰੇ ਘਰ ਪੁਤਰ ਹੋਵੇਗਾ। ਇਸ ਲਈ ਹੁਣ ਤੁਸੀਂ ਮੇਰੇ ਗ੍ਰਿਹਸਥੀ ਹੋ ਕੇ ਪੁਤ੍ਰ ਪੈਦਾ ਕਰਨ ਦੀ ਆਸ਼ਾ ਤਾਂ ਛਡ ਦਿਓ ਪਰ ਤੁਹਾਡੇ ਨਾਮ ਨੂੰ ਸਥਿਰ ਕਰਨ ਵਾਸਤੇ ਤੇ ਤੁਹਾਡੇ ਦੋਹਾਂ ਦੇ ਨਾਮ ਨੂੰ ਹਮੇਸ਼ਾਂ ਲਈ ਕਾਇਮ ਰਖਣ ਵਾਸਤੇ ਮੈਂ ਇਹ ਯਤਨ ਕਰਾਂਗਾ ਕਿ ਜੋ ਭੀ ਗਰੰਥ ਮੈਂ ਬਣਾਵਾਂਗਾ ਉਸ ਵਿਚ ਆਪ ਜੀ ਦਾ ਨਾਮ ਜ਼ਰੂਰ ਲਿਖ ਦੇਵਾਂਗਾ, ਜਿਸ ਕਰਕੇ ਆਪ ਜੀ ਦਾ ਨਾਮ ਸਦਾ ਹੀ ਕਾਇਮ ਰਹੇਗਾ। ਤਦੇ ਹੀ ਪੰਡਿਤ ਜੀ ਨੇ ਲਿਖਿਆ ਹੈ–

ਮਦਰ ਦੇਸ ਮੰਡਨ ਜਹਾਂ ਪੁਰਖ ਸੇਖਵ ਅਭਿਰਾਮ ॥
'ਰਾਯਾ ਜਨਕ' ਪ੍ਰਸਿਧ ਜਗ ਜਨਨੀ 'ਗੌਰੀ' ਨਾਮ ॥

(ਮੋਖ ਪੰਥ)

ਅਤੇ–'ਗੌਰੀ' ਜਨਨੀ ਲੋਕ ਮੈਂ 'ਰਾਇਆ' ਜਨਕ ਮਹਾਨ ॥
ਗੁਲਾਬ ਸਿੰਘ ਸੁਤ ਤਾਂਹਿ ਕੇ ਨਾਟਕ ਕੀਨ ਬਖਾਨ ॥

(ਪ੍ਰਬੋਧ ਚੰਦ੍ਰ ਨਾਟਕ)

ਨੋਟ–ਇਹ ਸੇਖਵ ਪਿੰਡ ਪਤੋ ਕੀ ਮੰਡੀ ਤੋਂ ਚਾਰ ਮੀਲ ਪਕੀ ਸੜਕ ਦੇ ਕੰਢੇ ਉਤੇ ਹੈ। ਕਚੀ ਕੋਠੀ ਤੋਂ ਚਾਰ ਪੰਜ ਕੋਹ ਦੇ ਕਰੀਬ ਹੈ, ਪੰਡਿਤ ਜੀ ਦੀ ਯਾਦਗਾਰ ਵਿਚ ਇਥੇ ਇਕ ਖੂਹ ਭੀ ਲਗਾ ਹੋਇਆ ਹੈ।

ਭ੍ਰਤਾਨਜ–ਨਰੈਣ ਸਿੰਘ ਗਿਆਨੀ ਲਾਹੌਰ ੬-੨-੩੮

---


# ਅਧਿਆਤਮ ਪ੍ਰਕਾਸ਼ ਸਟੀਕ

## (ਟੀਕਾਕਾਰ ਸ੍ਰੀ ਮਾਨ ਮਹੰਤ ਗਨੇਸ਼ਾ ਸਿੰਘ ਜੀ)

ਇਸ ਪੁਸਤਕ ਦੇ ਪੜ੍ਹਨ ਨਾਲ ਅਧਯਾਤਮ (ਬ੍ਰਹਮ ਵਿਦਿਆ) ਦਾ ਪ੍ਰਕਾਸ਼ (ਚਾਨਣ) ਹੋ ਜਾਂਦਾ ਹੈ ਇਹ ਵੇਦਾਂਤ ਦੀ ਬਹੁਤ ਹੀ ਉਤਮ ਪੁਸਤਕ ਹੈ। ਕੀਮਤ ੧੨)


Sri Satguru Jagjit Singh Ji Elibrary NamdhariElibrary@gmail.com

੧ ਓ ਸਤਿਗੁਰ ਪ੍ਰਸਾਦਿ ॥

ਵਾਹਿਗੁਰੂ ਕੇਵਲ ਇਕ ਹੈ, (ਜੋ) ਸੱਤ ਹੈ, (ਸਭ ਤੋਂ) ਵੱਡਾ ਤੇ ਕ੍ਰਿਪਾ ਕਰਨ ਵਾਲਾ ਹੈ। (ਇਸ ਤਰ੍ਹਾਂ ਦਾ) ਰਖਿਆ ਕਰਨ ਵਾਲਾ ਇਕ ਵਾਹਿਗੁਰੂ ਸਤਿਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ।

# ਪ੍ਰਬੋਧ ਚੰਦਰ ਨਾਟਕ ਸਟੀਕ

**ਦੋਹਰਾ-(੧) ਗਉਰੀ ਪੂਤ੍ਰ ਗਣੇਸ ਪਦ ਬੰਦੌਂ ਬਾਰੰਬਾਰ ॥**
**(੨) ਕਾਰਜ ਕੀਜੈ ਸਿਧ ਮਮ ਦੇਹੁ ਸੁ ਬੁਧਿ ਉਦਾਰ ॥ ੧ ॥**

ਗਉਰੀ-[ਗੌਰੀ] ਗੋਰੇ ਰੰਗ ਵਾਲੀ ਇਸਤ੍ਰੀ। (੨) ਪਾਰਬਤੀ।

ਗਨੇਸ਼-ਹਿੰਦੂਆਂ ਦੇ ਪ੍ਰਸਿਧ ਦੇਵਤੇ ਦਾ ਨਾਮ ਹੈ, ਜਿਸ ਦਾ ਸਾਰਾ ਸਰੀਰ ਮਨੁੱਖ ਜਿਹਾ ਹੈ, ਪਰ ਸਿਰ ਹਾਥੀ ਜਿਹਾ, ਹੱਥ ਚਾਰ ਤੇ ਦੰਦ ਇਕ ਹੈ ਅਤੇ ਢਿੱਡ ਅਗੇ ਵੱਲ ਨੂੰ ਵਧਿਆ ਹੋਇਆ ਲੰਮਾ ਹੈ। ਸਿਰ ਉਤੇ ਅੱਖਾਂ ਤਿੰਨ ਤੇ ਅੱਧਾ ਚੰਦ੍ਰਮਾ ਹੈ, ਸਵਾਰੀ ਇਸ ਦੀ ਚੂਹਾ ਹੈ, ਪਾਰਬਤੀ ਦਾ ਪੁਤਰ ਅਤੇ ਸ਼ਿਵਜੀ ਦੇ (ਨੰਦੀ, ਭ੍ਰਿੰਗੀ ਆਦਿਕ) ਸਾਰੇ ਗੁਣਾਂ ਦਾ ਸੁਾਮੀ ਮੰਨਿਆਂ ਜਾਂਦਾ ਹੈ!

(੧) ਪਾਰਬਤੀ ਦੇ ਪੁਤ੍ਰ ਗਣੇਸ਼ ਦੇ ਚਰਨਾਂ ਉਤੇ ਮੈਂ ਮੁੜ ਮੁੜ ਕੇ ਮੱਥਾ ਟੇਕਦਾ ਹੋਇਆ ਬੇਨਤੀ ਕਰਦਾ ਹਾਂ।

(੨) 'ਮੇਰਾ ਕੰਮ ਪੂਰਾ ਕਰੋ' ਅਤੇ ਮੈਨੂੰ ਉਦਾਰ ਬੁਧੀ ਦਿਓ ॥ ੧ ॥

ਵਿਚਾਰ-ਪੁਰਾਣਾ ਵਿਚ ਲਿਖਿਆ ਹੈ, ਜੋ ਪੁਰਸ਼ ਸ਼ੁਭ ਕੰਮ ਦੇ ਅਰੰਭ ਵਿਚ ਗਣੇਸ਼ ਦਾ ਪੂਜਨ ਨਹੀਂ ਕਰਦਾ, ਉਸ ਦੇ ਕੰਮ ਵਿਚ ਇਹ ਵਿਘਨ ਪਾ ਦੇਂਦੇ ਹਨ ਅਤੇ ਪੂਰਾ ਨਹੀਂ ਹੋਣ ਦੇਂਦੇ। (ਦੂਜਾ) ਗਣੇਸ਼ ਲਿਖਾਰੀ ਭੀ ਵੱਡਾ ਹੈ, ਇਹ ਗੱਲ ਪ੍ਰਸਿੱਧ ਹੈ ਕਿ "ਬਯਾਸ ਜੀ ਦੇ ਮਹਾਂ ਭਾਰਤ ਨੂੰ ਪਹਿਲੇ ਪਹਿਲ ਇਸ ਨੇ ਲਿਖਿਆ ਸੀ।" ਇਸੇ ਕਾਰਨ ਕਰ ਕੇ ਕਵੀ ਜਨ ਗ੍ਰੰਥ ਰਚਨਾ ਦੇ ਅਰੰਭ ਵਿਚ ਇਸ ਦਾ ਮੰਗਲ ਕਰਦੇ ਹਨ, ਉਸੇ ਨਿਯਮ ਨੂੰ ਪੰਡਿਤ ਗੁਲਾਬ ਸਿੰਘ ਪਾਲਣ ਕਰ ਰਹੇ ਹਨ।

**ਦੋਹਰਾ-ਜਾਕੇ ਨਾਮ ਪ੍ਰਤਾਪ ਤੇ ਜਲ ਪਰ ਸੈਲ ਤਰਾਂਹਿ ॥**
**(੨) ਵਹ ਰਘੁਨਾਯਕ ਦਾਸ ਕੇ ਸਦਾ ਬਸੈ ਮਨ ਮਾਂਹਿ ॥ ੨ ॥**

ਜਲ-ਪਾਣੀ। ਸੈਲ-ਪਹਾੜ, ਪੱਥਰ। ਤਰਾਂਹਿ=ਤਰ ਪਏ ਸਨ। ਰਘੁਨਾਇਕ=ਸ੍ਰੀ ਰਾਮ ਜੀ।

(੧) ਜਿਸ ਦੇ ਨਾਮ ਦੇ ਪ੍ਰਤਾਪ ਕਰਕੇ, ਪਾਣੀ ਉਤੇ ਪੱਥਰ ਤਰ ਪਏ ਸਨ।

(੨) ਉਹ ਸ੍ਰੀ ਰਾਮਦਾਸ ਦੇ ਮਨ ਵਿਚ ਸਦਾ ਵਸਦੇ ਰਹਿਣ ॥ ੨ ॥

ਵਿਚਾਰ–'ਨਲ' ਤੇ 'ਨੀਲ' ਨਾਮ ਦੇ ਦੋਵੇਂ ਬਾਨਰ ਬਾਲ-ਉਮਰਾ ਵਿਚ ਬੜੇ ਚੰਚਲ ਸਨ ਰਿਖੀਮੁਨੀਆਂ ਦੀਆਂ ਚੀਜ਼ਾਂ ਨੂੰ ਚੁਕ ਕੇ ਸਮੁੰਦਰ ਵਿਚ ਸੁਟ ਦਿਤਾ ਕਰਦੇ ਸਨ ਤਦ ਸਾਰੇ ਮਹਾਤਮਾ ਜਨਾਂ ਨੇ ਉਹਨਾਂ ਦੇ ਹਥੋਂ ਤੰਗ ਆਕੇ ਉਹਨਾਂ ਨੂੰ ਸਰਾਪ ਦੇ ਦਿਤਾ ਕਿ 'ਤੁਹਾਡੇ ਹੱਥਾਂ ਨਾਲ ਸੁਟੀ ਹੋਈ ਕੋਈ ਭੀ ਚੀਜ਼ ਪਾਣੀ ਵਿਚ ਨਹੀਂ ਡੁਬੇਗੀ' ਸਮਾਂ ਪਾ ਕੇ ਜਦ ਸ੍ਰੀ ਰਾਮ ਜੀ ਨੇ ਲੰਕਾ ਉਤੇ ਚੜ੍ਹਾਈ ਕੀਤੀ ਤੇ ਸਮੁੰਦਰ ਉਤੇ ਪੁਲ ਬੰਨ੍ਹਣ ਦੀ ਲੋੜ ਪਈ, ਤਦ ਉਸੇ ਨਲ-ਨੀਲ ਦੇ ਹਥੋਂ ਸਮੁੰਦਰ ਵਿਚ ਪੱਥਰ ਸੁਟਵਾਣੇ ਸ਼ੁਰੂ ਕੀਤੇ, ਉਹ ਤਰਣ ਤਾਂ ਲਗ ਪਏ, ਪਰ ਸੇਧ ਵਿਚ ਨਾ ਰਹਿੰਦੇ, ਤਦ ਹਮਨੂੰਨ ਜੀ ਨੇ ਇਕ ਪੱਥਰ ਉਤੇ 'ਰਾ' ਅਤੇ ਦੂਜੇ ਉਤੇ 'ਮ' ਲਿਖ ਦਿਤਾ। ਇਸ 'ਰਾਮ' ਸ਼ਬਦ ਨੇ ਦੋਹਾਂ ਪੱਥਰਾਂ ਨੂੰ ਸੇਧ ਵਿਚ ਟਿਕਾਈ ਰਖਿਆ ਅਤੇ ਇਉਂ ਸਾਰੀ ਪੁਲ ਤਿਆਰ ਹੋ ਗਈ। ਕਵਿ ਜੀ ਨੇ ਇਸ ਪ੍ਰਸੰਗ ਵਲ ਇਸ਼ਾਰਾ ਕਰਕੇ ਸ੍ਰੀ ਰਾਮ ਜੀ ਪਾਸ ਪ੍ਰਾਰਥਨਾ ਕੀਤੀ ਹੈ ਕਿ ਮੇਰਾ ਮਨ ਭੀ ਸੇਧ ਵਿਚ ਰਹਿਣ ਵਾਲਾ ਨਹੀਂ ਹੈ, ਆਪ ਕ੍ਰਿਪਾ ਕਰਕੇ ਇਸ ਨੂੰ ਸੇਧ ਵਿਖ ਰਖੋ, ਤਦ ਮੇਰਾ ਕਾਰਜ ਭੀ ਸਿਧ ਹੋ ਜਾਏਗਾ।

**ਦੋਹਰਾ–[੧] ਗੁਰੂ ਨਾਨਕ ਗੋਬਿੰਦ ਗੁਰੁ ਜਾਂ ਸਮ ਅਉਰ ਨ ਕੋਇ ॥**
**[੨] ਅਭਿ ਬੰਦਨ ਪਦ ਕਮਲ ਤਿਨ ਜੋਰ ਸਦਾ ਕਰ ਦੋਇ ॥ ੩ ॥**

ਅਭਿ–ਇਕ ਉਪਸਰਗ ਜੋ ਸ਼ਬਦਾਂ ਦੇ ਆਦਿ ਵਿਚ ਲਗਕੇ ਉਨ੍ਹਾਂ ਦੇ ਅਰਥ ਦੀ ਵਿਸ਼ੇਸ਼ਤਾ ਕਰਦਾ ਹੈ। (੨) ਬਾਰੰਬਾਰ। (੩) ਚੰਗੀ ਤਰ੍ਹਾਂ। (੪) ਹਾਰਦਿਕ। ਜੋਰਿ–ਜੋੜ ਕੇ। ਕਰ–ਹੱਥ।

(੧) ਗੁਰ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਦੇ ਸਮਾਨ ਹੋਰ ਕੋਈ (ਦੂਜਾ ਉਪਕਾਰੀ) ਨਹੀਂ।

(੨) ਦੋਵੇਂ ਹਥ ਜੋੜ ਕੇ, ਸਦਾ ਹੀ ਮੈਂ ਉਨ੍ਹਾਂ ਦੇ ਚਰਨ ਕਮਲਾਂ ਉਤੇ ਮੁੜ ਮੁੜ ਕੇ ਬੰਦਨਾ ਕਰਦਾ ਹਾਂ ॥ ੩ ॥

ਵਿਚਾਰ–ਜਿਵੇਂ ਦੋਹਾਂ ਕੁੰਡਿਆਂ ਤੋਂ ਫੜ ਕੇ ਚੁਕਣ ਨਾਲ ਕੜਾਹੇ ਦਾ ਮੱਧ ਭਾਗ ਤੇ ਕੜਾਹੇ ਵਿਚਲਾ ਪਦਾਰਥ ਆਪੇ ਹੀ ਚੁਕਿਆ ਜਾਂਦਾ ਹੈ; ਇਵੇਂ ਹੀ 'ਕਟਾਹ ਕੁੰਡਲ ਰੀਤੀ' ਅਨੁਸਾਰ ਗ੍ਰੰਥ ਕਰਤਾ ਜੀ ਨੇ ਇਥੇ ਨਿਜ ਇਸ਼ਟ ਦਸ ਗੁਰੂ ਸਾਹਿਬਾਂ ਦਾ ਮੰਗਲ ਕੀਤਾ ਹੈ।

ਦੂਜਾ–ਛੰਦ ਦੇ ਵੱਸ ਹੋ ਕੇ ਇਥੇ 'ਗੋਬਿੰਦ ਗੁਰ' ਨਾਲ 'ਸਿੰਘ' ਪਦ ਨਹੀਂ ਜੋੜਿਆ, ਕਿਉਂਕਿ ਤਿੰਨ ਮਾਤ੍ਰਾਂ ਵਧ ਹੋ ਜਾਣ ਕਰਕੇ,ਦੋਹਰਾ ਨਹੀਂ ਸੀ ਬਣਦਾ ਅਰਥ ਵੇਲੇ ਇਹ 'ਸਿੰਘ' ਪਦ ਜੋੜ ਲੈਣਾ ਚਾਹੀਦਾ ਹੈ।

ਤੀਜਾ–ਇਹ ਤਿੰਨੇ ਦੋਹਰੇ ਨਮਸ਼ਕਾਰ ਆਤਮਕ ਮੰਗਲ ਰੂਪ ਹਨ, ਪਹਿਲੇ ਕਵਿ ਜਨਾਂ ਦਾ ਸੰਕੇਤ ਰੂਪ 'ਗਣੇਸ਼' ਦਾ ਮੰਗਲ ਕੀਤਾ ਹੈ। ਚੂੰਕਿ ਇਸ ਗ੍ਰੰਥ ਦੀ ਰਚਨਾ ਹੀ ਰਾਜਿਆਂ ਨੂੰ ਬੋਧ ਕਰਾਉਣ ਵਾਸਤੇ ਹੋਈ, ਇਸ ਲਈ ਦੂਜੇ ਦੋਹਰੇ ਵਿਚ 'ਰਾਜਾ' ਰੂਪ ਈਸ਼੍ਵਰਾਵਤਾਰ ਸ੍ਰੀ ਰਾਮ ਜੀ ਦਾ ਮੰਗਲ ਕੀਤਾ ਹੈ। ਤੀਜੇ ਵਿਚ ਇਸ਼ਟ ਅਰਾਧਨਾ ਕੀਤੀ ਹੈ, 'ਰਾਮ ਮਯਾ' ਤੇ 'ਸਤਿਗੁਰ ਦਯਾ' ਨਾਲ ਹੀ ਪੁਰਸ਼ ਨੂੰ ਸ਼ੁਭ ਵਿਚਾਰ ਪ੍ਰਾਪਤ ਹੁੰਦੀ ਹੈ, ਇਸ ਲਈ ਅਗਲੇ ਦੋਹਰੇ ਵਿਚ ਨਿਜ ਗੁਰੂ ਦਾ ਮੰਗਲ ਕਰਦੇ ਹਨ।

**ਦੋਹਰਾ–[੧] ਭਾਰਤ ਭੂਮਿ ਪੁਨੀਤ ਪਦ ਤਪੋ ਗਿਆਨ ਅਵਤਾਰ ॥**
**[੨] ਮਾਨ ਸਿੰਘ ਗੁਰ ਕੇ ਨਮੋ ਤਾਰਣ ਕਰੁਣਾ ਸਾਰ ॥ ੪ ॥**

ਤਾਰਣ–ਜਹਾਜ਼। (੨) ਤਾਰਣ ਵਾਲਾ। ਕਰੁਣਾ ਸਾਰ–ਸ੍ਰੇਸ਼ਟ।

(੧) ਭਾਰਤ ਭੂਮੀ (ਵਿਚ ਜੋ) ਪਵਿਤ੍ਰ ਸਥਾਨ ਹਨ, (ਜੋ) ਤਪ ਤੇ ਗਿਆਨ ਦਾ ਅਵਤਾਰ ਹਨ।

(੨) ਐਸੇ ਗੁਣਾਂ ਵਾਲੇ, ਮੈਂ ਆਪਣੇ ਗੁਰੂ ਮਾਨ ਸਿੰਘ ਜੀ ਨੂੰ ਨਮਸ਼ਕਾਰ ਕਰਦਾ ਹਾਂ, ਜਿਨ੍ਹਾਂ ਦੀ ਕ੍ਰਿਪਾ ਸੰਸਾਰ ਸਮੁੰਦਰ ਤੋਂ ਤਾਰਣ ਵਾਸਤੇ ਸਰੇਸ਼ਟ ਜਹਾਜ਼ ਹੈ ॥ ੪ ॥

Sri Satguru Jagjit Singh Ji Elibrary NamdhariElibrary@gmail.com

**ਨਰਾਜ ਛੰਦ—ਪ੍ਰਬੋਧ ਚੰਦ੍ਰ ਨਾਟਕੰ, ਸੁਬੋਧ ਗ੍ਰੰਥ ਮੈਂ ਕਰੌਂ ॥**
**੨. ਅਲੰਬ ਸਾਧ ਸੰਗਕੇ, ਬਿਚਾਰ ਚਿੱਤ ਮੈਂ ਧਰੌਂ ॥**
**੩. ਸੁਨੈ ਪੜ੍ਹੈ ਸੁ ਜੇ ਜਨਾ, ਨਿਵਾਰ ਮੋਹ ਬੰਧਨਾ ॥**
**੪. ਲਹੈ ਅਪਾਰ ਮੋਖ ਕੋ, ਟੁਟੈ ਸਮਸਤ ਫੰਧਨਾ ॥ ੫ ॥**

ਪ੍ਰ—ਇਕ ਉਪਸਰਗ ਹੈ, ਜੋ ਸ਼ਬਦ ਦੇ ਆਦਿ ਵਿਚ ਲਗ ਕੇ ਉਸ ਦੇ ਅਰਥ ਨੂੰ ਵਿਸ਼ੇਸ਼ ਕਰਦਾ ਹੈ। (੨) ਭਲਾ, ਚੰਗਾ। ਬੋਧ—ਗਿਆਨ। (੩) ਵਿਚਾਰ। ਪ੍ਰਬੋਧ—ਵਿਸ਼ੇਸ਼ ਗਯਾਨ, ਆਤਮ ਗਿਆਨ। ਅਲੰਬ—ਆਸਰਾ। ਨਿਵਾਰ—ਮਿਟਾ ਲਏਗਾ। ਅਪਾਰ ਮੋਖ—ਕੈਵਲਯ ਮੁਕਤੀ। ਸਮਸਤ—ਸਾਰੇ।

(੧) 'ਪ੍ਰਬੋਧ ਚੰਦਰ ਨਾਟਕ' ਜਿਸ ਦਾ ਨਾਮ ਹੈ, ਸੁੰਦਰ ਵਿਚਾਰ ਵਾਲਾ ਉਹ ਗ੍ਰੰਥ ਮੈਂ ਬਨਾਉਂਦਾ ਹਾਂ।

(੨) ਸਾਧ-ਸੰਗ ਦੇ ਆਸਰੇ ਰਹਿ ਕੇ, ਸੱਤ-ਅਸੱਤ ਦੇ ਨਿਰਣੇ ਰੂਪ ਜੋ ਵਿਚਾਰ ਚਿੱਤ ਵਿਚ ਧਾਰਨ ਕੀਤੀ ਹੈ, ਓਹੀ ਵਿਚਾਰ ਉਸ ਗ੍ਰੰਥ ਵਿਚ ਧਾਰਾਂਗਾ।

(੩) ਜਿਹੜਾ ਪੁਰਸ਼ ਉਸ ਗ੍ਰੰਥ ਨੂੰ ਸੁਣੇ ਜਾਂ ਪੜੇਗਾ, ਉਹ ਮੋਹ ਦੇ ਬੰਦਨਾਂ ਨੂੰ ਦੂਰ ਕਰ ਲਏਗਾ।

(੪) ਕੈਵਲਥ ਨੂੰ ਪ੍ਰਾਪਤ ਕਰ ਲਏਗਾ, ਅਤੇ ਉਸ ਦੇ ਮਨੋਂ ਸਾਰੀਆਂ ਫਾਹੀਆਂ ਟੁਟ ਜਾਣਗੀਆਂ ॥ ੫ ॥

ਵਿਚਾਰ—ਇਹ ਗਲ ਮੰਨੀ ਪ੍ਰਮੰਨੀ ਹੈ ਕਿ ਗ੍ਰੰਥ ਦੇ ਅਰੰਭ ਵਿਚ ਚਾਰ ਅਨੁਬੰਧ ਹੁੰਦੇ ਹਨ, ਜਿੰਨਾਂ ਚਿਰ ਅਨੁਬੰਧਾਂ ਦਾ ਪਤਾ ਨਾ ਲਗ ਜਾਏ, ਓਨਾਂ ਚਿਰ ਕੋਈ ਭਲਾ ਪੁਰਸ਼ ਗ੍ਰੰਥ ਦੇ ਪਠਨ-ਪਾਠਨ ਵਿਚ ਪ੍ਰਵਿਰਿਤ ਨਹੀਂ ਹੁੰਦਾ। ਇਸੇ ਕਾਰਨ ਕਰਕੇ ਮਹਾਤਮਾਂ ਜਨ ਇਸ ਦੇ ਅਰਥ ਵਿਚ ਉਹਨਾਂ ਅਨੁਬੰਧਾਂ ਦਾ ਵਰਣਨ ਕਰਦੇ ਹਨ, ਜੋ ਇਸ ਤਰ੍ਹਾਂ ਹੈ :—

(੧) 'ਪ੍ਰਬੋਧ ਚੰਦਰ ਨਾਟਕ' ਗ੍ਰੰਥ ਵਿਚ [ਸੁ+ਬੋ+ਧ] ਜੀਵ-ਬ੍ਰਹਮ ਦੀ ਏਕਤਾ ਦਾ ਵਰਣਨ ਮੈਂ ਕਰਾਂਗਾ, (ਇਸ ਲਈ ਜੀਵ-ਬ੍ਰਹਮ ਦੀ ਏਕਤਾ ਇਸ ਗ੍ਰੰਥ ਦਾ ਵਿਸ਼ਯ ਹੈ)।

(੨) ਸਾਧ ਸੰਗ ਦੇ ਆਸਰੇ ਹੋ ਕੇ ਜਿਹੜਾ ਕੋਈ ਇਸ ਨੂੰ ਵਿਚਾਰੇਗਾ, ਉਹ ਸਤ-ਅਸੱਤ ਦੇ ਨਿਰਣੇ ਰੂਪ ਵਿਚਾਰ ਨੂੰ ਚਿੱਤ ਵਿਚ ਜ਼ਰੂਰ ਹੀ ਧਾਰਨ ਕਰ ਲਵੇਗਾ। ਇਸ ਵਿਚਾਰ ਦੇ ਪ੍ਰਾਪਤ ਹੋ ਜਾਣ ਤੋਂ ਮਗਰੋਂ ਵੈਰਾਗ ਤੇ ਸਮ ਦਮ ਆਦਿਕ ਖਟ ਸੰਮਤੀ ਤੇ ਮੋਖ ਇੱਛਾ ਸੁਤੇ ਹੀ ਆਣ ਪ੍ਰਾਪਤ ਹੋਵੇਗੀ, ਕਿਉਂਕਿ ਇਹ ਵਿਵੇਕ ਹੀ ਸਾਰੇ ਸਾਧਨਾਂ ਦਾ ਮੂਲ ਕਾਰਣ ਹੈ, ਜਿਥੇ ਵਿਵੇਕ ਹੋਵੇ, ਉਥੇ ਹੋਰ ਸਾਧਨ ਸਾਰੇ ਆਪੇ ਹੀ ਆ ਜਾਂਦੇ ਹਨ, ਇਸ ਤਰ੍ਹਾਂ ਚਾਰੇ ਸਾਧਨ ਪੁਰਸ਼ ਵਿਚ ਜਾਣ ਕੇ ਪ੍ਰਾਪਤ ਹੋ ਗਏ, ਤਦ ਉਹ ਅਧਿਕਾਰੀ ਹੋ ਜਾਵੇਗਾ, ਤਾਂਤੇ ਇਹ 'ਅਧਿਕਾਰੀ ਅਨੁਬੰਧ' ਹੈ।

(੩—੪) ਜੋ ਪੁਰਸ਼ ਇਸ ਗ੍ਰੰਥ ਨੂੰ ਮਨ ਲਾ ਕੇ ਸੁਣੇਗਾ ਅਤੇ ਚਿੱਤ ਲਾ ਕੇ ਪੜ੍ਹੇਗਾ, ਅਗਯਾਨ ਕਰਕੇ ਹੋਏ ਸਾਰੇ ਹੀ ਬੰਧਨ ਉਸ ਦੇ ਨਵਿਰਤ ਹੋ ਜਾਣਗੇ ਤੇ ਕੇਵਲ ਮੁਕਤਿ ਨੂੰ ਪ੍ਰਾਪਤ ਹੋ ਜਾਵੇਗਾ। ਇਸ ਲਈ ਅਨਰਥ ਦੀ ਨਵਿਰਤੀ ਤੇ ਪਰਮਾਨੰਦ ਦੀ ਪ੍ਰਾਪਤੀ ਇਸ ਗ੍ਰੰਥ ਦਾ ਪਰਮ ਪ੍ਰਯੋਜਨ ਹੈ। ਇਹ ਤਿੰਨ ਅਨੁਬੰਧ ਸਿੱਧ ਹੋ ਗਏ। ਇਹ ਤਿੰਨ ਅਨੁਬੰਧ ਪ੍ਰਗਟ ਹੋ ਜਾਣ ਕਰਕੇ ਚੌਥਾ 'ਸਬੰਧ' ਅਨੁਬੰਧ ਆਪੇ ਹੀ ਅੰਗੀਕਾਰ ਕੀਤਾ ਜਾ ਸਕਦਾ ਹੈ। ਅਧਿਕਾਰੀ, ਵਿਸ਼ਾ, ਪ੍ਰਯੋਜਨ ਤੇ ਸਬੰਧ ਇਹ ਚਾਰ ਅਨੁਬੰਧ ਗ੍ਰੰਥ ਦੇ ਹੋਇਆ ਕਰਦੇ ਹਨ, ਸੋ ਇਸ ਗ੍ਰੰਥ ਦੇ ਚਾਰੇ ਅਨੁਬੰਧ ਇਸ ਤਰ੍ਹਾਂ ਸਮਝ ਲੈਣੇ ਚਾਹੀਦੇ ਹਨ। ਅਗੇ ਗ੍ਰੰਥ ਰਚਨਾ ਦਾ ਹੇਤੂ ਵਰਣਨ ਕਰਦੇ ਹਨ ॥ ੫ ॥

ਸਵੈਯਾ ॥

੧. ਭੂਪਨ ਬੋਧ ਸੁਬੋਧ ਨਹੀਂ ਅਤਿ ਕੌਤਕ ਮਾਂਹਿ ਰਹੇ ਲਪਟਾਏ ॥
੨. ਬੋਧ ਬਿਨਾ ਜਗ ਮੋਖ ਕਹਾਂ ਇਮ ਸੰਤ ਸਭੈ ਮੁਖ ਬੇਦ ਅਲਾਏ ॥
੩. ਅੰਤ ਸਮੇ ਯਮ ਦੀਨ ਕਰੈ ਤਿਨ ਹੇਰ ਮਹਾਂ ਕਰਣਾ ਰਸ ਆਏ ॥
੪. ਬੋਧ ਉਪਾਵਨ ਹੇਤੁ ਸਨੋ ਨਰ-ਨਾਹਨ ਕੇ ਇਹ ਗ੍ਰੰਥ ਬਨਾਏ ॥੬॥

ਭੂਪਨ–ਰਾਜਿਆਂ। ਬੋਧ–ਵਿਚਾਰ। ਸੁਬੋਧ–ਆਤਮ ਗਿਆਨ। ਕੌਤਕ=ਖੇਲ ਤਮਾਸ਼ੇ। ਮੋਖ–ਮੁਕਤੀ, ਅਵਿਦਯਾ ਤਤ ਕਾਰਜ ਦੀ ਨਿਬ੍ਰਤੀ ਤੇ ਪ੍ਰਮਾਨੰਦ ਦੀ ਪ੍ਰਾਪਤੀ। ਦੀਨ–ਦੁਖੀ। ਹੇਰਿ–ਵੇਖ ਕੇ। ਕਰਣਾ ਰਸ–ਕਾਵਯ ਦੇ ਨੌ ਰਸਾਂ ਵਿਚੋਂ ਇਕ ਰਸ ਦਾ ਨਾਮ ਹੈ, ਇਸ ਦਾ ਅਲੰਬਨ ਇਸ਼ਟ ਮਿਤ੍ਰ ਦਾ ਵਿਯੋਗ ਹੈ ਅਤੇ ਇਸ ਦਾ ਉਦੀਪਨ ਮੁਰਦੇ ਦਾ ਸਸਕਾਰ ਜਾਂ ਵਿਯੁਕਤ ਪੁਰਖ ਦੀ ਕਿਸੇ ਵਸਤੂ ਦਾ ਦਰਸ਼ਨ ਜਾਂ ਉਸ ਦਾ ਗੁਣ ਸੁਣਨ ਆਦਿਕ ਹੈ। ਇਸ ਦਾ ਅਨੁਭਵ ਭਾਗਾਂ ਦੀ ਨਿੰਦਾ ਕਰਨਾ, ਹੌਕੇ ਲੈਣਾ, ਰੋਣਾ ਪਿਟਣਾ ਹੈ।

ਅਥਵਾ (੨)–ਉਹ ਮਨੋ ਵਿਕਾਰ ਜਾਂ ਮਨ ਦਾ ਦੁਖ ਜੋ ਦੂਜਿਆਂ ਦੇ ਦੁਖ ਦੇ ਗਿਆਨ ਤੋਂ ਪੈਦਾ ਹੁੰਦਾ ਹੈ ਅਤੇ ਦੂਜਿਆਂ ਦੇ ਦੁਖ ਨੂੰ ਦੂਰ ਕਰਨ ਦੀ ਪ੍ਰੇਰਨਾ ਕਰਦਾ ਹੈ ਇਸੇ ਦਾ ਨਾਮ ਦਯਾ ਹੈ।

ਅਥਵਾ (੩)–ਉਹ ਦੁਖ ਜੋ ਆਪਣੇ ਇਸਟ ਮਿਤ੍ਰ ਜਾਂ ਪਿਆਰੇ ਸਬੰਧੀ ਦੇ ਵਿਯੋਗ ਤੋਂ ਪੈਦਾ ਹੁੰਦਾ ਹੈ। ਹੇਤੁ–ਵਾਸਤੇ ਜਾਂ ਕਾਰਨ। ਨਰ ਨਾਹਨ–ਰਾਜੇ ਲੋਕਾਂ।

(੧) ਰਾਜਿਆਂ ਨੂੰ ਆਤਮ ਗਿਆਨ ਦਾ ਵਿਚਾਰ ਨਹੀਂ ਹੈ, ਕਿਉਂਕਿ ਉਨ੍ਹਾਂ ਦਾ ਮਨ ਖੇਲ-ਤਮਾਸ਼ਿਆਂ ਵਿਚ ਬੜਾ ਹੀ ਉਲਝ ਰਿਹਾ ਹੈ।

(੨) ਗਿਆਨ (ਹੋਣੇ ਤੋਂ) ਬਿਨਾਂ ਜਗਤ ਵਿਚ ਮੁਕਤੀ ਕਦ ਮਿਲ ਸਕਦੀ ਹੈ! ਇਸ ਤਰ੍ਹਾਂ ਦੇ ਵੇਦ *ਵਚਨ ਸਾਰੇ ਸੰਤ ਮੂੰਹੋਂ ਸੁਣਾਇਆ ਕਰਦੇ ਹਨ।

(੩) ਅੰਤ ਦੇ ਸਮੇਂ ਯਮ ਰਾਜੇ ਦੇ ਦੂਤ ਉਨ੍ਹਾਂ ਨੂੰ ਦੁਖੀ ਕਰਨਗੇ, ਉਨ੍ਹਾਂ ਦੀ ਅਜਿਹੀ ਹਾਲਤ ਵੇਖਕੇ, ਸਾਨੂੰ 'ਮਹਾਂ ਕਰੁਣਾ ਰਸ ਕਰਸ ਆਇਆ ਹੈ।

(੪) ਸੁਣੋ, ਰਾਜੇ ਲੋਕਾਂ ਨੂੰ ਗਿਆਨ ਪੈਦਾ ਕਰਾਉਣ ਦੇ ਵਾਸਤੇ ਹੀ ਅਸਾਂ ਇਹ (ਪ੍ਰਬੋਧ ਚੰਦਰ ਨਾਟਕ ਨਾਮ ਦਾ ਗ੍ਰੰਥ ਬਣਾਇਆ ਹੈ ॥ ੬॥

# ਮੂਲ ਰੂਪ ਨਿਰਗੁਨ ਬ੍ਰਹਮ ਦਾ ਮੰਗਲ

ਸਵੈਯਾ ॥

(੧) ਭਾਨੁ ਮਰੀਚ ਸੁ ਨਾਰ ਸਮੰ ਪੁਨ ਜਾਂ ਅਗਿਆਨ ਜਗੱਤ ਬਨਾਯੋ ॥
(੨) ਵਾਯੁ ਅਕਾਸ ਸੁ ਪਾਵਕ ਨੀਰ ਮਹੀ ਪੁਨ ਲੋਕਸੁ ਤੀਨ ਉਪਾਯੋ॥
(੩) ਜਾਹਿ ਪਿਖੇ ਰਜੁਸਾਪ ਜਿਮੇ ਜਗ ਫੇਰ ਸਭੋ ਤਿਮ ਮਾਂਹਿ ਬਿਲਾਯੋ॥
(੪) ਉਜਲ ਆਤਮ ਬੋਧ ਮਹੋ ਹਮ ਆਨੰਦ ਸੋਂ ਉਰਮਾਂਹਿ ਧਿਆਯੋ ॥

*ਰੀਤੇ ਗਯਾਨਨਨ ਮੁਕਤਿ। ਅਤੇ-ਗਯਾਨਾ ਦੇਵ ਤੁ ਕੇਵਲਯੰ (ਸੰਸਕ੍ਰਿਤ ਅੱਖਰ ਲਿਖਣੇ)।

Sri Satguru Jagjit Singh Ji Elibrary NamdhariElibrary@gmail.com

ਭਾਨੁ—ਸੂਰਜ। ਮਰੀਚ—ਕਿਰਣ। ਨੀਰ—ਪਾਣੀ। ਸਮ—ਸਮਾਨ। ਪਾਵਕ—ਅੱਗ। ਮਹੀ-ਧਰਤੀ। ਰਜੁ—ਰੱਸੀ। ਬਿਲਾਯੋ- ਲੀਨ ਹੋ ਗਿਆ, ਮਿਲ ਗਿਆ। ਮਹੋ—ਬਹੁਤ ਵਡਾ। ਉਰ- ਹਿਰਦਾ।

(੧) ਸੂਰਜ ਦੀਆਂ ਕਿਰਣਾਂ ਨੇ ਜਿਵੇਂ ਰੇਤੇ ਦੇ ਆਸਰੇ ਹੋ ਕੇ ਪਾਣੀ ਨੂੰ ਬਣਾ ਦਿਤਾ ਸੀ, ਫਿਰ ਇਸਦੇ ਸਮਾਨ ਹੀ ਜਿਸ ਅਗਿਆਨ ਨੇ ਨਿਰਗੁਨ ਪ੍ਰਮਾਤਮਾ ਦੇ ਆਸਰੇ ਹੋ ਕੇ ਜਗਤ ਨੂੰ ਬਣਾ ਦਿਤਾ ਹੈ।

ਪ੍ਰਸ਼ਨ—ਨਿਰਗੁਨ ਪ੍ਰਮਾਤਮਾ ਦੇ ਆਸਰੇ ਹੋ ਕੇ, ਅਗਯਾਨ ਜਗਤ ਨੇ ਜਗਤ ਨੂੰ ਕਿਵੇਂ ਬਣਾਇਆ ਹੈ?

(੨) ਹਵਾ, ਅਕਾਸ਼, ਅੱਗ, ਪਾਣੀ ਤੇ ਧਰਤੀ ਨੂੰ ਪੈਦਾ ਕਰਕੇ, ਫੇਰ ਇਨ੍ਹਾਂ ਤੋਂ ਤਿੰਨਾਂ ਲੋਕਾਂ ਨੂੰ ਪੈਦਾ ਕਰ ਦਿਤਾ ਹੈ। ਇਸ ਕਥਨ ਦਾ ਵਿਚਾਰ ਇਸ ਤਰ੍ਹਾਂ ਹੈ -

ਉਸ ਅਗਿਆਨ ਵਸ਼ਿਸ਼ਟ ਚੇਤਨ ਤੋਂ ਸ਼ਬਦ ਸੰਯੁਕਤ ਅਕਾਸ਼ ਦੀ ਉਤਪਤੀ ਹੁੰਦੀ ਹੈ, ਅਕਾਸ਼ ਵਿਚ ਕੇਵਲ ਇਕੋ 'ਸ਼ਬਦ' ਗੁਣ ਹੈ, ਅਕਾਸ਼ ਤੋਂ ਸਪਰਸ ਯੁਕਤ ਵਾਯੂ ਦੀ ਉਤਪਤੀ ਹੁੰਦੀ ਹੈ, ਵਾਯੂ ਵਿਚ ਦੋ ਗੁਣ ਹਨ, ਸਪਰਸ ਗੁਣ ਉਸ ਦਾ ਆਪਣਾ ਅਤੇ ਸ਼ਬਦ ਗੁਣ ਉਸ ਦੇ ਕਾਰਨ ਰੂਪ ਅਕਾਸ਼ ਦਾ ਹੈ, ਫੇਰ ਵਾਯੂ ਤੋਂ ਰੂਪ-ਯੁਤ ਅਗਨਿ ਦੀ ਉਤਪਤੀ ਹੁੰਦੀ ਹੈ, ਅਗਨੀ ਵਿਚ ਤਿੰਨ ਗੁਣ ਹਨ.ਰੂਪ ਗੁਣ ਉਸ ਦਾ ਆਪਣਾ ਹੈ ਅਤੇ ਸ਼ਬਦ ਤੇ ਸਪਰਸ ਇਹ ਦੋ ਗੁਣ ਕਾਰਣ ਰੂਪ ਵਾਯੂ ਦੇ ਹਨ। ਅਗਨੀ ਤੋਂ ਅਗੇ ਰਸ ਯੁਕਤ ਜਲ ਦੀ ਉਤਪਤੀ ਹੁੰਦੀ ਹੈ, ਜਲ ਵਿਚ ਚਾਰ ਗੁਣ ਹਨ ਰਸ ਇਸ ਦਾ ਆਪਣਾ ਗੁਣ ਹੈ ਅਤੇ ਸ਼ਬਦ ਸਪਰਸ ਤੇ ਰੂਪ ਇਸ ਦੇ ਕਾਰਣ ਰੂਪ ਅਗਨੀ ਦੇ ਹਨ। ਜਲ ਤੋਂ ਗੰਧ ਸਹਿਤ ਧਰਤੀ ਦੀ ਉਤਪਤੀ ਹੁੰਦੀ ਹੈ, ਇਸ ਵਿਚ ਪੰਜ ਗੁਣ ਹਨ, ਗੰਧ ਗੁਣ ਇਸਦਾ ਆਪਣਾ ਹੈ ਅਤੇ ਸ਼ਬਦ, ਸਪਰਸ਼,ਰੂਪ ਤੇ ਰਸ ਉਸਦੇ ਕਾਰਣ ਰੂਪ ਜਲ ਦੇ ਗੁਣ ਹਨ ਇਸ ਤਰੀਕੇ ਨਾਲ ਤੱਤਾਂ ਦੀ ਉਤਪਤੀ ਦੇ ਮਗਰੋਂ ਅਪੰਚੀ ਕ੍ਰਿਤ ਪੰਜਾਂ ਤੱਤਾਂ ਦੇ ਸਤੋਗੁਣ ਅੰਗ ਤੋਂ ਅੰਤਹ ਕਰਣ ਦੀ ਉਤਪਤੀ ਹੁੰਦੀ ਹੈ, ਉਹ ਅੰਤਹ ਕਰਣ ਬਿਰਤੀ ਭੇਦ ਕਰ ਕੇ ਚਾਰ ਤਰਾਂ ਦਾ ਹੈ, ਇਸ ਦੇ ਨਾਮ- ਮਨ, ਬੁਧਿ ਚਿੱਤ ਤੇ ਹੰਕਾਰ ਹਨ। ਇਸੇ ਤਰ੍ਹਾਂ ਪੰਜਾਂ ਤੱਤਾਂ ਦੇ ਰਜੋ ਅੰਧ ਤੋਂ ਪੰਜਾਂ ਪ੍ਰਾਣਾਂ ਦੀ ਉਤਪਤੀ ਹੁੰਦੀ ਹੈ, ਉਹਨਾਂ ਦੇ ਨਾਮ—ਪ੍ਰਾਣ, ਅਪਾਨ, ਸਮਾਨ, ਉਦਾਨ ਤੇ ਵਯਾਨ ਹਨ । ਇਕੋ ਪੌਣ ਹੀ ਕਰਮ ਤੇ ਸਥਾਨ ਭੇਦ ਕਰਕੇ ਪੰਜਾਂ ਤਰ੍ਹਾਂ ਦੀ ਹੋ ਜਾਂਦੀ ਹੈ, ਜੈਸਾ ਹਿਰਦੇ ਸਥਾਨ ਵਿਚ 'ਪ੍ਰਾਣ', ਗੁਦਾ ਸਥਾਨ ਵਿਚ 'ਅਪਾਨ', ਨਾਭੀ ਸਥਾਨ ਵਿਚ 'ਸਮਾਨ', ਕੰਠ ਸਥਾਨ ਵਿਚ 'ਉਦਾਨ' ਅਤੇ ਸਾਰੇ ਸਰੀਰ ਵਿਚ ਨਿਵਾਸ ਰਖਣ ਵਾਲੇ ਦਾ ਨਾਮ 'ਵਯਾਨ' ਹੈ। ਇਨ੍ਹਾਂ ਦੇ ਧਰਮ ਭੀ ਵਖੋ ਵਖਰੇ ਹਨ, ਜੈਸਾ ਕਿ ਭੁਖ-ਤਰੇਹ 'ਪ੍ਰਾਨ ਦਾ ਧਰਮ' ਹੈ, ਗੂਹ-ਮੂਤ੍ਰ ਦਾ ਤਿਆਗਨਾ 'ਅਪਾਨ ਦਾ ਧਰਮ' ਹੈ, ਖਾਧੇ ਹੋਏ ਅੰਨ ਤੇ ਪੀਤੇ ਹੋਏ ਪਾਣੀ ਦਾ ਹਜ਼ਮ ਕਰਨਾ 'ਸਮਾਨ ਦਾ ਧਰਮ' ਹੈ, ਅੰਨ-ਜਲ ਦੇ ਰਸ ਨੂੰ ਆਪੋ ਆਪਣੇ ਟਿਕਾਣੇ ਸਿਰ ਪਹੁੰਚਾਉਣਾ 'ਉਦਾਨ ਦਾ ਧਰਮ' ਹੈ ਅਤੇ ਸਾਰੇ ਅੰਗਾਂ ਦੇ ਜੋੜਾਂ ਨੂੰ ਪ੍ਰੇਰਨਾ 'ਵਿਆਨ ਦਾ ਧਰਮ' ਹੈ। ਇਸੇ ਤਰਾਂ ਇਕ ਇਕ ਤੱਤ ਦੀ ਸਤੋ ਅੰਸ ਤੋਂ 'ਗਿਆਨ ਇੰਦ੍ਰੀਆਂ' ਦੀ ਉਤਪਤੀ ਹੁੰਦੀ ਹੈ,ਜੈਸਾ ਕਿ ਅਕਾਸ਼ ਦੇ ਸਤੋ ਅੰਸ ਤੋਂ 'ਕੰਨਾਂ' ਦੀ, ਵਾਯੂ ਦੇ ਸਤੋ ਅੰਸ ਤੋਂ ਤ੍ਵਚਾ ਦੀ, ਅੱਗ ਦੇ ਸਤ ਅੰਸ ਤੋਂ ਅੱਖਾਂ ਦੀ ਜਲ ਦੇ ਸਤੋ ਅੰਸ ਤੋਂ ਰਸਨਾ ਦੀ ਅਤੇ ਧਰਤੀ ਦੇ ਸਤੋ ਅੰਸ ਤੋਂ ਘ੍ਰਾਣ (ਨੱਕ) ਦੀ ਉਤਪਤੀ ਹੁੰਦੀ ਹੈ।

ਇਨ੍ਹਾਂ ਹੀ ਤੱਤਾਂ ਦੇ ਰਜੋ ਅੰਸ ਤੋਂ 'ਕਰਮ ਇੰਦ੍ਰੀਆਂ' ਦੀ ਉਤਪਤੀ ਹੁੰਦੀ ਹੈ,ਜੈਸਾ ਕਿ ਅਕਾਸ ਦੇ ਰਜੋ ਅੰਸ ਤੋਂ ਵਾਕ ਦੀ, ਵਾਯੂ ਦੇ ਰਜੋ ਅੰਸ ਤੋਂ ਪਾਨ' ਹੱਥਾਂ ਦੀ, 'ਅੱਗ ਦੇ ਰਜੋ ਅੰਸ ਤੋਂ ਪਾਦ ਪੈਰਾਂ ਦੀ, ਜਲ ਦੇ ਰਜੋ ਅੰਸ ਤੋਂ ਉਪਸਥ' (ਲਿੰਗ ਇੰਦ੍ਰਯ) ਦੀ,ਧਰਤੇ 'ਧਰਤੀ ਦੇ ਰਜੋ ਅੰਸ ਤੋਂ ਗੁਦਾ' ਦੀ ਉਤਪਤੀ ਹੁੰਦੀ ਹੈ।

ਇਸ ਤਰ੍ਹਾਂ ਨਾਲ ਸੂਖਮ ਰਚਨਾ ਤੋਂ ਮਗਰੋਂ ਪ੍ਰਮਾਤਮਾ ਦੀ ਇੱਛਾ ਨਾਲ ਪੰਜਾਂ ਤੱਤਾਂ ਤੋਂ 'ਪੰਚੀ ਕਰਣ' ਇਸ ਤ੍ਰੀਕੇ ਨਾਲ ਹੁੰਦੇ ਹਨ—ਇਕ ਇਕ ਤੱਤ ਤੇ ਦੋ ਦੋ ਹਿਸੇ ਹੋ ਗਏ, ਉਹਨਾਂ ਵਿਚੋਂ ਇਕ ਹਿੱਸਾ ਜਿਉਂ ਦਾ ਤਿਉਂ ਰਿਹਾ ਅਤੇ ਦੂਜਾ ਹਿਸਾ ਆਪਣੇ ਪਹਿਲੇ ਹਿਸੇ ਨੂੰ ਛਡ ਕੇ ਦੂਜੇ ਤਤਾਂ ਦੇ ਚੋਹਾਂ ਹਿਸਿਆਂ ਨਾਲ ਮਿਲ ਗਿਆ, ਇਹੋ ਹੀ ਸਾਰੇ ਪੰਚੀ ਕਰਣ ਕਹਾਉਂਦੇ ਹਨ, ਇਸ ਪੰਚੀ ਕ੍ਰਿਤ ਪੰਜਾਂ ਤੱਤਾਂ ਤੋਂ ਹੀ ਸਥੂਲ ਬ੍ਰਹਿਮੰਡਲੀ ਪੈਦਾ ਹੋਇਆ ਹੈ। ਉਸ ਬ੍ਰਹਿਮੰਡ ਦੇ ਵਿਚ ਹੀ ਮਾਤਲੋਕ, ਪਤਾਲ ਲੋਕ ਤੇ ਸੁਰਗ ਲੋਕ ਨਾਮ ਵਾਲੇ ਤਿੰਨ ਲੋਕ ਪੈਦਾ ਕੀਤੇ ਗਏ ਹਨ।

(੩) ਜਿਸ ਨੂੰ ਵੇਖਣ ਨਾਲ, ਰੱਸੀ ਦੇ ਸੱਪ ਵਾਂਗੂੰ ਫੇਰ ਸਾਰਾ ਜਗਤ ਉਸ ਦੇ ਵਿਚ ਲੀਨ ਹੋ ਜਾਂਦਾ ਹੈ,

ਇਸ ਦਾ ਵਿਚਾਰ ਇਉਂ ਹੈ ਕਿ–

ਕਿਸੇ ਆਦਮੀ ਨੇ ਹਨੇਰੇ ਜਾਂ ਹੋਰ ਕਿਸੇ ਭਰਮ ਕਰਕੇ ਰੱਸੀ ਨੂੰ ਵੇਖ ਕੇ 'ਸੱਪ' ਸਮਝ ਲਿਆ, ਉਸ ਰੱਸੀ ਦੇ ਅਗਿਆਨ ਨੇ ਹੀ ਸੱਪ ਦਾ ਭੁਲੇਖਾ ਦਿਤਾ, ਜਿੰਨਾ ਚਿਰ ਰੱਸੀ ਦਾ ਗਿਆਨ ਨਾ ਹੋਵੇ, ਓਨਾਂ ਚਿਰ ਹੋਰ ਕਿਸੇ ਭੀ ਜੰਤਰ ਮੰਤਰ ਤੰਤਰ ਆਦਿਕ ਸਾਧਨ ਨਾਲ ਭਰਮ ਰੂਪ ਸੱਪ ਦੂਰ ਨਹੀਂ ਹੋ ਸਕਦਾ। ਜਦ ਰੱਸੀ ਦਾ ਗਿਆਨ ਹੋ ਜਾਵੇ, ਤਦ ਭਰਮ ਰੂਪ ਸੱਪ ਉਸ ਰੱਸੀ ਦੇ ਵਿਚ ਹੀ ਵਿਲੀਨ ਹੋ ਜਾਂਦਾ ਹੈ, ਕਿਉਂਕਿ ਕਲਪਿਤ ਪਦਾਰਥ ਅਧਿਸ਼ਠਾਨ ਵਸਤੂ ਦਾ ਹੀ ਰੂਪ ਹੁੰਦਾ ਹੈ, ਇਸੇ ਦ੍ਰਿਸ਼ਟਾਂਤ ਵਾਂਗੂ ਹੀ ਜੀਵ ਨੂੰ ਆਤਮ ਸਰੂਪ ਦੇ ਅਗਯਾਨ ਕਰਕੇ ਹੀ ਜਗਤ ਦੀ ਹੋਂਦ ਰੂਪ ਸੱਪ ਦਾ ਭੁਲੇਖਾ ਪੈ ਰਿਹਾ ਹੈ, ਜਦ ਗੁਰੂ ਦੀ ਕ੍ਰਿਪਾ ਨਾਲ ਆਤਮ ਸਰੂਪ ਦਾ ਗਿਆਨ ਹੋ ਜਾਵੇ, ਤਦ ਜੀਵ ਨੂੰ ਨਿਸਚੇ ਹੋ ਜਾਂਦਾ ਹੈ ਕਿ–

"ਸਭ ਗੋਬਿੰਦ ਹੈ ਸਭ ਗੋਬਿੰਦ ਹੈ"

ਅਤੇ "ਬ੍ਰਹਮ ਦੀਸੈ ਬ੍ਰਹਮ ਸੁਣੀਐ ਬ੍ਰਹਮ ਬ੍ਰਹਮ ਬਖਾਣੀਐ ॥

ਆਤਮ ਪਸਾਰਾ ਕਰਣ ਹਾਰਾ ਪ੍ਰਭ ਬਿਨਾ ਨਹੀਂ ਜਾਣੀਐ ॥" ਅਥਵਾ–

"ਸਰਬ ਭੂਤ ਆਪ ਵਰਤਾਰਾ ॥ ਸਰਬ ਨੈਨ ਆਪ ਪੇਖਨ ਹਾਰਾ ॥" ਹੈ, ਜਦ ਸਾਰੇ ਰੂਪ ਆਪਣਾ ਰੂਪ ਦਿੱਸ ਪਏ, ਤਾਂ ਫੇਰ ਜਗਤ ਕਿਥੇ ਰਿਹਾ ? ਉਹ ਭੁਲੇਖਾ ਰੂਪ ਜਗਤ' ਇਸੇ 'ਆਤਮ ਗਿਆਨ' ਦੇ ਵਿਚ ਹੀ ਲੀਨ ਹੋ ਗਿਆ, ਕਿਉਂਕਿ 'ਆਤਮ ਗਿਆਨ' ਦੀ ਅਨਹੋਂਦ ਨੇ ਹੀ ਜਗਤ ਨੂੰ ਬਣਾਇਆ ਸੀ, ਜਦ ਆਤਮ ਗਿਆਨ ਹੋ ਗਿਆ ਤਾਂ ਜਗਤ ਰਿਹਾ ਹੀ ਨਾ। ਇਸੇ ਲਈ–

(੪) 'ਆਤਮ ਗਿਆਨ' (ਜੋ) ਮਹਾਂ ਉਜਲ ਹੈ; ਅਸਾਂ ਅਨੰਦ (ਪੂਰਬਕ) ਉਸ ਨੂੰ ਹਿਰਦੇ ਵਿਚ ਧਿਆਇਆ ਹੈ ॥ ੭ ॥

## ਸਵੈਯਾ ॥

**੧. ਪ੍ਰਤਿਕ ਜੋਤ ਸਨਾਤਨ ਜੋ ਜਗ ਬਿਆਪ ਰਹੀ ਸਭ ਮਾਂਹਿ ਸੁਹਾਈ ॥**
**੨. ਰਿਦਸਾਂਤਿ ਬਿਖੇ ਅਤਿ ਭਾਸਤ ਹੈ ਕ੍ਰਿਤ ਸੰਜਮ ਕੋ ਜਿਹ ਅਨੰਦਤਾਈ ॥**
**੩. ਵਿਧੁਚੂੜ ਨਿਰੋਧਸੁ ਵਾਯੁ ਭਲੇ ਬ੍ਰਹਮ ਰੰਧ੍ਰਹਤੇ ਅਤਿ ਊਚ ਚਲਾਈ ॥**
**੪. ਦ੍ਰਿਗਤੀਸਰ ਬਯਾਜਸੁ ਭਾਲ ਵਿਖੇ ਸ਼ਿਵ ਸੰਯਮ ਵੰਤ ਸੁ ਆਪ ਦਿਖਾਈ॥੮॥**

ਪ੍ਰਤਿਕ ਜੋਤ–ਅਨਿਤ, ਜੜ੍ਹ ਤੇ ਦੁਖ ਰੂਪ ਹੰਕਾਰਾਦਿਕਾ ਤੋਂ ਪ੍ਰਤਿਕੂਲ ਹੋ ਕੇ ਜੋ ਪ੍ਰਕਾਸੇ, ਉਸ ਦਾ ਨਾਮ ਹੈ–'ਪ੍ਰਤਿਕ ਜੋਤ'।

(੨) 'ਪ੍ਰਤਿ+ਏਕ+ਜੋਤ'–ਜੋ ਹਰ ਇਕ ਦੇ ਵਿਚ ਵਖੋਂ ਵੱਖਰਾ ਹੋ ਕੇ ਇਕੋ ਹੀ ਪ੍ਰਕਾਸ਼ ਕਰ ਰਿਹਾ ਹੈ, ਉਸ ਦਾ ਨਾਮ ਹੈ 'ਪ੍ਰਤਿਕ ਜੋਤ'।

(੩) ਪ੍ਰਤਯਕ ਚੇਤਨ–ਅੰਤਰਾਤਮਾ। (੨) ਪ੍ਰਮੇਸ਼ੁਰ। (੪) ਪ੍ਰਤਯਗਾਤਮਾ–ਵਿਆਪਕ ਬ੍ਰਹਮ। ਪ੍ਰਮੇਸ਼ੁਰ। ਸਨਾਤਨ–ਪੁਰਾਤਨ ਤੋਂ ਪੁਰਾਤਨ, ਪਹਿਲੇ ਤੋਂ ਪਹਿਲੇ ਹੋਣ ਵਾਲਾ। ਬਿਆਪ–ਵਯੱਪ ਤੇ ਵਿਆਪਕ ਰੂਪ ਰਹਿਣ ਵਾਲਾ, ਅੰਦਰ-ਬਾਹਰ ਪੂਰਨ। ਕ੍ਰਿਤ ਸੰਜਮ–ਕਰਦਾ ਹੈ ਸਾਧਨ। ਵਿਸੁ ਚੂੜ–ਚੰਦ੍ਰਮਾ ਜਿਸਦੇ ਸਿਰ ਦਾ ਭੂਖਨ ਹੈ ਸ਼ਿਵਜੀ। ਨਿਰੋਧ=ਰੋਕ ਕਰਕੇ। ਬ੍ਰਹਮ ਰੰਧ੍ਰਹਿ–ਮੂਹਧਾ ਛੇਕ, ਬ੍ਰਹਮਾਂਡ ਦਾਰ। ਮਥੇ ਦੇ ਦਰਮਿਆਨ ਵਿਚ ਮੰਨਿਆ ਹੋਇਆ ਗੁਪਤ ਛੇਕ, ਜਿਸ ਦੇ ਵਿਚੋਂ ਦੀ ਹੋ ਕੇ ਪ੍ਰਾਣ ਨਿਕਲਣ ਨਾਲ ਬ੍ਰਹਮ ਲੋਕ ਦੀ ਪ੍ਰਾਪਤੀ ਹੁੰਦੀ ਹੈ। ਰੰਧ੍ਰ ਨਾਲੋਂ। ਦ੍ਰਿਗ ਤੀਸ੍ਰ–ਤੀਜੀ ਅੱਖ। ਬਯਾਜ–ਬਹਾਨੇ। ਭਾਲ–ਮੱਥੇ ॥

Sri Satguru Jagjit Singh Ji Elibrary NamdhariElibrary@gmail.com

(੧) ਜੋ ਸਨਾਤਨ 'ਪ੍ਰਤਕ ਜੋਤ' ਜਗਤ ਵਿਚ ਵਿਆਪ ਰਹੀ ਹੈ, ਅਤੇ ਸਭਨਾਂ ਵਿਚ ਸੋਭਾ ਪਾ ਰਹੀ ਹੈ। (੨) ਸ਼ਾਂਤ ਹਿਰਦੇ ਵਿਚ ਉਹ ਜੋਤ ਨਜ਼ਰ ਆ ਜਾਂਦੀ ਹੈ, ਜਿਸਨੇ ਹਿਰਦੇ ਨੂੰ ਸ਼ਾਂਤ ਕਰਨ ਦਾ ਸੰਜਮ ਕੀਤਾ ਹੈ, ਉਸ ਨੂੰ ਅਨੰਦ ਤਾਈ ਪ੍ਰਾਪਤ ਹੋਈ ਹੈ। (੩) ਸ਼ਿਵਜੀ ਨੇ ਪ੍ਰਾਣਾਂ ਨੂੰ ਚੰਗੀ ਤਰ੍ਹਾਂ ਨਾਲ ਰੋਕ ਕਰਕੇ (ਪ੍ਰਾਣਾਂ ਦੀ ਗਤੀ) ਬ੍ਰਹਮ ਰੰਧ੍ਰ ਦੇ ਰਾਹੀਂ ਬਹੁਤ ਉਚੀ ਚਲਾ ਦਿਤੀ ਹੈ। (੪) ਸੰਜਮ ਕਰਨ ਵਾਲੇ ਸ਼ਿਵਜੀ ਨੇ ਤੀਜੀ ਅੱਖ ਦੇ ਬਹਾਨੇ ਨਾਲ ਆਪਣੇ ਮਥੇ ਵਿਚ ਉਹ 'ਪ੍ਰਤਿਕ ਜੋਤ' ਵਿਖਾ ਦਿਤੀ ਹੈ, (ਇਸ ਕਥਨ ਦਾ ਭਾਵ ਇਹ ਹੈ ਕਿ ਸ਼ਿਵਜੀ ਦੇ ਮਥੇ ਵਿਚ ਜੋ ਤੀਜੀ ਅੱਖ ਹੈ ਉਹ ਅੱਖ ਨਹੀਂ ਹੈ, ਅੱਖ ਦਾ ਤਾਂ ਬਹਾਨਾ ਕੀਤਾ ਹੈ, ਵਾਸਤਵ ਵਿਚ ਉਹ ਪ੍ਰਤਿਕ ਜੋਤ ਹੈ, ਜੋ ਸ਼ਿਵਜੀ ਨੇ ਸਾਧਨ ਸਪੰਨ ਹੋ ਕੇ ਉਸ ਨੂੰ ਪ੍ਰਾਪਤ ਕਰ ਲਿਆ ਹੈ, ਇਸੇ ਕਰਕੇ ਉਹ ਅਨੇਕ ਤਰ੍ਹਾਂ ਦੇ ਸਰੀਰਕ ਕਸ਼ਟਾਂ ਨੂੰ ਪ੍ਰਾਪਤ ਕਰਦਾ ਹੋਇਆ ਭੀ ਸਦਾ ਅਨੰਦ ਰਹਿੰਦਾ ਹੈ, ਕਿਉਂਕਿ 'ਪ੍ਰਤਿਕ ਜੋਤ' ਦੀ ਪ੍ਰਾਪਤੀ ਹੀ ਅਨੰਦਤਾਈ ਦੇਣ ਵਾਲੀ ਹੈ॥ ੮॥

**ਦੋਹਰਾ—੧. ਕੀਰਤ ਵਰਮਾ ਨਾਮ ਜਿਹ, ਭੂਪਤਿ ਬਡੋ ਰਸਾਲ॥**
**੨. ਤਾਂਹਿ ਸਭਾ ਮੇ ਵਿਮਲ ਮਤਿ, ਆਹਿ ਪ੍ਰਧਾਨ ਗੁਪਾਲ॥ ੯॥**

(੧) ਜਿਸ ਦਾ ਨਾਮ 'ਕੀਰਤ ਵਰਮਾ' ਸੀ, ਉਹ ਰਾਜਾ ਵੱਡਾ ਹੀ ਰਸਾਲ ਰਸਾਂ ਦਾ ਘਰ ਸੀ। (੨) ਉਸੇ ਰਾਜੇ ਦੀ ਸਭਾ ਵਿਚ ਵੱਡੀ ਉਜਲ ਬੁਧੀ ਵਾਲਾ 'ਗੁਪਾਲ ਚੰਦ' ਨਾਮ ਦਾ ਵਜ਼ੀਰ ਹੈਗਾ ਸੀ॥ ੯॥

**ਦੋਹਰਾ—੧. ਬਰੱਖ ਏਕ ਨਾਟਕ ਤਹਾਂ, ਭਯੋ ਸੁ ਸਭਾ ਮਝਾਰ॥**
**੨. ਜਾਕੋ ਹੇਰ ਸੁ ਗਯਾਨ ਲਹਿ, ਭਏ ਭੂਪ ਭਵ ਪਾਰ॥ ੧੦॥**

(੧) ਉਥੇ ਰਾਜੇ ਕੀਰਤ ਵਰਮਾ ਦੀ ਸਭਾ ਵਿਚ ਇਕ ਵਰ੍ਹਾ ਭਰ ਮੋਹ-ਬਿਬੇਕ ਦਾ ਤਮਾਸ਼ਾ ਹੋਯਾ ਸੀ। (੨) ਜਿਸ ਤਮਾਸ਼ੇ ਨੂੰ ਵੇਖ ਕੇ ਅਤੇ ਆਤਮ ਗਿਆਨ ਨੂੰ ਪ੍ਰਾਪਤ ਕਰਕੇ, ਅਨੇਕਾਂ ਪੁਰਸ਼ ਰਾਜੇ ਕੀਰਤ ਵਰਮਾ ਸਣੇ ਸੰਸਾਰ ਸਮੁੰਦਰ ਤੋਂ ਪਾਰ ਹੋ ਗਏ ਸਨ॥ ੧੦॥

**ਦੋਹਰਾ—੧. ਯਾ ਕੋ ਸੁਨੇ ਜੁ ਕਾਨ ਮੇ, ਨੀਕੇ ਚੀਤ ਲਗਾਇ॥**
**੨. ਆਸੁਰਿ ਸੰਪਤਿ ਦੂਰ ਤਜਿ, ਬੇਗ ਗਯਾਨ ਵਹੁ ਪਾਇ॥ ੧੧॥**

ਆਸੁਰ ਸੰਪਤਿ- ਬੁਰੇ ਕਰਮਾਂ ਦਾ ਸੰਚਯ, ਕਾਮ, ਕ੍ਰੋਧ ਆਦਿਕਾਂ ਦਾ ਸੰਗ੍ਰਹਿ। ਬੇਗ- ਸ਼ੀਘਰ, ਛੇਤੀ ਨਾਲ।
(੧) ਜੋ ਪੁਰਸ਼ ਇਸ ਗ੍ਰੰਥ ਨੂੰ ਚੰਗੀ ਤਰ੍ਹਾਂ ਨਾਲ ਚਿੱਤ ਲਾ ਕੇ ਸੁਣੇਗਾ ਜਾਂ ਪੜ੍ਹੇਗਾ। (੨) ਉਹ ਪੁਰਸ਼ ਆਸੁਰੀ ਸੰਪਦਾ ਨੂੰ ਦੂਰ ਛੱਡ ਕੇ, ਛੇਤੀ ਨਾਲ ਆਤਮ ਸਰੂਪ ਦੀ ਲਖਤਾ ਰੂਪ ਗਿਆਨ ਨੂੰ ਪਾ ਲਵੇਗਾ॥ ੧੧॥

## ਗੁਪਾਲ ਚੰਦ ਮੰਤ੍ਰੀ ਦੀ ਕਥਾ

ਰਾਜੇ ਕੀਰਤ ਵਰਮਾ ਦਾ ਪ੍ਰਧਾਨ ਮੰਤ੍ਰੀ ਗੁਪਾਲ ਚੰਦ ਸੀ, ਜੋ ਪੂਰਾ ਪੂਰਾ ਨੀਤਗਯ ਤੇ ਮਹਾ ਧਨੁਰ ਧਰ ਸੂਰਬੀਰ ਸੀ, ਉਸਦੇ ਡਰ ਕਰਕੇ ਆਸੇ ਪਾਸੇ ਦੇ ਸਾਰੇ ਰਾਜੇ ਦਬੇ ਰਹਿੰਦੇ ਸਨ, ਸਮੇਂ ਦੇ ਪ੍ਰਭਾਵ ਕਰਕੇ ਪ੍ਰਧਾਨ ਮੰਤ੍ਰੀ ਗੁਪਾਲ ਚੰਦ ਨੂੰ ਵੈਰਾਗ ਹੋ ਗਿਆ ਤਾਂ ਉਹ ਘਰ-ਬਾਹਰ ਤਿਆਗ ਕਰਕੇ, ਬਨ-ਪ੍ਰਸਤੀ ਹੋਕੇ, ਬਨ ਵਿਚ ਤਪ ਕਰਨ ਲਈ ਚਲਾ ਗਿਆ। ਇਸਦੇ ਚਲੇ ਜਾਣ ਮਗਰੋਂ ਰਾਜ ਵਿਚ ਅਜਿਹਾ ਕੋਈ ਆਦਮੀ ਨਾ ਰਿਹਾ ਜਿਸ ਦਾ ਦੁਸ਼ਮਨ ਨੂੰ ਭੈ ਹੋਵੇ, ਡਰ ਦੇ ਮਿਟ ਜਾਣ ਕਰਕੇ ਵਿਰੋਧੀ ਰਾਜੇ ਇਕੱਠੇ ਹੋਕੇ ਕੀਰਤ ਵਰਮਾ ਰਸਾਂ ਦਾ ਘਰ ਹੋ ਰਿਹਾ ਸੀ, ਉਸ ਰਸੀਏ ਨੇ ਰਸਾਂ ਨੂੰ ਤਿਆਗ ਕੇ ਵੈਰੀ ਦਲ ਨਾਲ ਮੁਕਾਬਲਾ ਕੀਤਾ, ਪਰ ਦੁਸ਼ਮਨ ਦੀ ਨਿਰਭੈ ਫੌਜ ਦਾ ਮੁਕਾਬਲਾ ਨਾ ਕਰ ਸਕਿਆ। ਅੰਤ ਨੂੰ ਵੈਰੀ ਦਲ ਦੀ ਜਿੱਤ ਹੋਈ ਅਤੇ ਕੀਰਤ ਵਰਮਾ ਆਪਣੀ ਜਾਨ ਨੂੰ ਬਚਾਉਣ ਵਾਸਤੇ, ਜਿਧਰ ਨੂੰ ਮੂੰਹ ਆਇਆ, ਉਧਰ ਨੂੰ ਤੁਰਦਾ ਹੋਇਆ।

Sri Satguru Jagjit Singh Ji Elibrary NamdhariElibrary@gmail.com

ਰਾਜ-ਭਾਗ ਨੂੰ ਗੁਆ ਕੇ, ਕੀਰਤ ਵਰਮਾ ਜੰਗਲੋ ਜੰਗਲ ਫਿਰਦਾ ਹੋਇਆ, ਉਥੇ ਜਾ ਪੁਜਾ, ਜਿਥੇ ਗੁਪਾਲ ਚੰਦ ਜੀ ਤਪੋ ਧਨ ਰੂਪ ਹੋ ਕੇ ਤਪ ਕਰਕੇ, ਬ੍ਰਹਮਾ ਨੰਦ ਨੂੰ ਮਾਣ ਰਹੇ ਸਨ। ਉਨ੍ਹਾਂ ਨੇ ਰਾਜੇ ਦੀ ਬੁਰੀ ਦਸ਼ਾ ਵੇਖੀ ਤਾਂ ਕਰੁਣਾ ਰਸ ਨਾਲ ਵਹਿ ਗਏ, ਪਰਉਪਕਾਰੀ ਹਿਰਦੇ ਵਾਲੇ ਗੁਪਾਲ ਚੰਦ ਜੀ ਨੇ ਪੁਛਿਆ- ਰਾਜਨ! ਇਹ ਦਸ਼ਾ ਕਿਉਂ ਹੈ ? ਤਾਂ ਰਾਜੇ ਨੇ ਰੋ ਰੋ ਕੇ ਆਪਣਾ ਸਾਰਾ ਹਾਲ ਸੁਣਾਇਆ। ਉਸ ਦੀ ਵਿਥਿਆ ਨੂੰ ਸੁਣਦੇ ਹੀ, ਪਰਾਏ ਦੁਖ ਨਾਲ ਦੁਖੀ ਹੋਣ ਵਾਲੇ ਹਿਰਦੇ. ਸੰਤ ਰੂਪ ਗੁਪਾਲ ਚੰਦ ਜੀ ਨੇ ਕੀਰਤ ਵਰਮਾ ਨੂੰ ਪਹਿਲੇ ਤਾਂ ਵੈਰਾਗ ਦਾ ਉਪਦੇਸ਼ ਕੀਤਾ, ਪਰ ਵੈਰੀਆਂ ਦੇ ਹਥੋਂ ਸੰਤਪਤ ਹੋ ਚੁਕੇ ਹਿਰਦੇ ਵਾਲੇ ਕੀਰਤ ਵਰਮਾ ਨੂੰ ਰਾਜ ਦੇ ਮੋੜ ਲੈਣ ਦੀ ਧੁਨਿ ਵਿਚ ਪੱਕਾ ਵੇਖ ਕੇ, ਗੁਪਾਲ ਚੰਦ ਜੀ ਭੀ ਉਸੇ ਨਾਲ ਉਠ ਤੁਰੇ। ਪਹਿਲੇ ਉਨ੍ਹਾਂ ਰਾਜਿਆਂ ਕੋਲ ਗਏ, ਜਿਹੜੇ ਕੀਰਤ ਵਰਮਾ ਦੇ ਅਧੀਨ ਹੋ ਕੇ ਰਾਜ ਕਰਦੇ ਸਨ, ਉਨ੍ਹਾਂ ਪਾਸੋਂ ਹਰ ਤਰ੍ਹਾਂ ਦੀ ਮਦਦ ਲੈ ਕੇ ਤੇ ਏਧਰੋਂ ਓਧਰੋਂ ਫੌਜ ਇਕੱਠੀ ਕਰਕੇ ਵੈਰੀਆਂ ਦੇ ਮੁਕਾਬਲੇ ਉਤੇ ਜਾ ਖੜੇ ਹੋਏ। ਅੰਤ ਨੂੰ ਵੈਰੀ ਦਲ ਦਾ ਮਲੀਆ ਮੇਟ ਕਰਕੇ, ਕੀਰਤ ਵਰਮਾ ਦੇ ਮਥੇ ਉਤੇ ਰਾਜ ਤਿਲਕ ਕਰ ਦਿਤਾ। ਫੇਰ ਗੁਪਾਲ ਚੰਦ ਜੀ ਨੇ ਸੋਚਿਆ ਕਿ ਰਾਜ ਸੁਖ ਉਹ ਵਸਤੂ ਹੈ, ਜਿਸ ਦਾ ਅੰਤ ਮਹਾਂ ਦੁਖ ਰੂਪ ਹੈ, ਸਾਡਾ ਕੀਰਤ ਵਰਮਾ ਨਾਲ ਸੱਚਾ ਪਿਆਰ ਹੈ, ਜੇ ਇਹ ਅੰਤ ਨਰਕਾਂ ਦੇ ਦੁਖਾਂ ਵਿਚ ਫਸਿਆ ਰਿਹਾ, ਤਾਂ ਸਾਡਾ ਸੰਗਤ ਦਾ ਇਸ ਨੂੰ ਲਾਭ ਹੀ ਕੀ ਹੋਇਆ ? ਅਸਾਂ ਇਸ ਨੂੰ ਰਾਜ ਹੀ ਕਿਉਂ ਲੈ ਦਿਤਾ ? ਇਹ ਰਾਜ ਨਹੀਂ ਲੈ ਦਿਤਾ, ਮਾਨੋ ਆਪਣੇ ਹੱਥੀਂ ਇਸ ਨੂੰ ਕੁੰਭੀ ਨਰਕ ਵਿਚ ਧੱਕਾ ਦਿਤਾ ਹੈ, ਕਿਉਂਕਿ 'ਤਪੋਂ ਰਾਜ ਤੇ ਰਾਜੋਂ ਨਰਕ' ਮਿਸਾਲ ਮਸ਼ਹੂਰ ਹੈ। ਭਲਾ! ਜੇ ਰਾਜੇ ਨੂੰ ਕਹੀਏ ਕਿ ਤੂੰ ਰਾਜ ਦਾ ਤਿਆਗ ਕਰਕੇ ਜਪ ਤਪ ਕਰਕੇ ਨਰਕਾਂ ਤੋਂ ਛੁਟਕਾਰਾ ਪਾਉਣ ਦਾ ਸਾਧਨ ਕਰ, ਤਾਂ ਇਸ ਨੇ ਇਹ ਗੱਲ ਨਹੀਂ ਮੰਨਣੀ, ਕਿਉਂਕਿ 'ਵਿਸ਼ਟਾ ਦਾ ਕੀੜਾ, ਵਿਸ਼ਟਾ ਤੋਂ ਨਿਕਲਣਾ ਨਹੀਂ ਚਾਹੁੰਦਾ'; ਇਹੋ ਗੱਲ ਵਿਸ਼ੇ ਸੁਖਾਂ ਵਾਲੇ ਦੀ ਹੈ। ਦੂਜਾ ਵਿਸ਼ੇ ਭੋਗਾਂ ਵਲੋਂ ਪੁਰਸ਼ ਨੂੰ ਕਦੇ ਭੀ ਤ੍ਰਿਪਤੀ ਨਹੀਂ ਆਉਂਦੀ। ਜਿਵੇਂ ਕੋਈ ਘਿਉ ਜਾਂ ਤੇਲ ਨੂੰ ਪਾ ਕੇ ਅੱਗ ਨੂੰ ਬੁਝਾਉਣਾ ਚਾਹੇ, ਤਾਂ ਉਹ ਕਦੇ ਭੀ ਨਹੀਂ ਬੁਝਦੀ। ਇਹੋ ਹਾਲ ਵਿਸ਼ੇ ਭੋਗਾਂ ਦਾ ਹੈ, ਭੋਗਾਂ ਨੂੰ ਭੋਗਦਿਆਂ ਹੋਇਆਂ, ਭੋਗਾਂ ਦੀ ਤ੍ਰਿਸ਼ਨਾ ਕਦੇ ਭੀ ਨਹੀਂ ਮਿਟਦੀ. ਦੁਨਿਆਵੀ ਸੁਖਾਂ ਦੀ ਚਾਹਨਾ ਕਰਕੇ ਪੁਰਸ਼ ਅਨੇਕਾਂ ਦੁਖਾਂ ਨੂੰ ਭੋਗਦਾ ਹੈ, ਤਦੇ ਹੀ ਜਗਤ ਗੁਰੂ ਜੀ ਫੁਰਮਾਂਦੇ ਹਨ :-

"ਸੁਖ ਕੈ ਹੇਤ ਬਹੁਤ ਦੁਖ ਪਾਵਤ ਸੇਵ ਕਰਤ ਜਨ ਜਨ ਕੀ ॥
ਦੁਆਰੇ ਦੁਆਰ ਸੁਆਨ ਜਿਉ ਡੋਲਤ ਨਹਿ ਸੁਧ ਰਾਮ ਭਜਨ ਕੀ ॥"

ਕਈ ਪੁਰਸ਼ ਜਗਤ ਤੋਂ ਉਪਰਾਮ ਹੋ ਕੇ, ਪਹਿਲੋਂ ਤਾਂ ਜਗਤ ਨੂੰ ਤਿਆਗ ਜਾਂਦੇ ਹਨ, ਪਰ ਮਗਰੋਂ ਵਾਸ਼ਨਾਂ ਦੇ ਬਧੇ ਹੋਏ, ਫੇਰ ਮੁੜ ਕੇ ਇਸੇ ਵਿਚ ਫਸ ਜਾਂਦੇ ਹਨ, ਤਦੇ ਹੀ ਮਹਾਤਮਾਂ ਕਹਿੰਦੇ ਹਨ-

"ਨਾ ਸੁਖ ਵਿਚ ਗ੍ਰਿਹਸਤ ਦੇ ਨਾ ਸੁਖ ਛੱਡ ਗਿਆਂ ॥
ਸੁਖ ਹੈ ਵਿਚ ਵਿਚਾਰ ਦੇ, ਗੁਰ ਕੀ ਸਰਣਿ ਪਿਆਂ ॥"

ਸੁਖ ਵਿਚਾਰ ਵਿਚ ਹੈ ਅਤੇ ਵਿਚਾਰ ਗੁਰ ਸਰਣੀ ਪਿਆਂ ਮਿਲਦੀ ਹੈ। ਕੋਈ ਅਜਿਹਾ ਸਾਧਨ ਕਰਨਾ ਚਾਹੀਦਾ ਹੈ, ਜਿਸ ਕਰਕੇ ਰਾਜੇ ਕੀਰਤ ਵਰਮਾ ਨੂੰ ਆਪਣੇ ਆਪ ਵਿਚਾਰ ਪੈਦਾ ਹੋ ਜਾਵੇ। ਵਿਚਾਰ ਨਾਲ ਉਪਰਾਮ ਹੋਇਆ ਮਨ ਫੇਰ ਸੰਸਾਰਕ ਸੁਖਾਂ ਦੀ ਇੱਛਾ ਨਹੀਂ ਕਰਦਾ। ਇਹ ਕੁਝ ਸੋਚ ਕੇ ਗੋਪਾਲ ਚੰਦ ਜੀ ਨੇ ਮੋਹ-ਬਿਬੇਕ ਦਾ ਤਮਾਸ਼ਾ ਕਰਨ ਵਾਲੇ ਨਟ ਨੂੰ ਬੁਲਾਇਆ ਅਤੇ ਉਸ ਨੂੰ ਜੋ ਕੁਝ ਬਚਨ ਬਿਲਾਸ ਕਿਹਾ, ਉਸੇ ਕਥਨ ਨੂੰ ਨਟ ਨੇ ਆਪਣੀ ਇਸਤ੍ਰੀ ਨੂੰ ਕਹਿਣਾ ਸ਼ੁਰੂ ਕੀਤਾ,ਜੋ ਇਸ ਤਰ੍ਹਾਂ ਹੈ-ਸੂਤ੍ਰ ਧਾਰਉ ਵਾਚ ਸੁਪਤਨੀ ਪ੍ਰਤਿ॥

**ਸਵੈਯਾ ॥**

**੧. ਬਹੁ ਬਾਤਨ ਕੋ ਕਛੁ ਕਾਮ ਨਹੀ ਅਬ ਆਇਸ ਮੋਹ ਗੁਪਾਲ ਦਈ ॥**
**੨. ਸਭ ਭੂਪਤਿ ਜਾ ਮੁਕਟਾ ਮਣਿ ਕੈ ਪਦ ਪੰਕਜ ਆਰਤੀ ਆਨ ਕਈ ॥**

Sri Satguru Jagjit Singh Ji Elibrary NamdhariElibrary@gmail.com

**੩. ਪ੍ਰਬਲਾਰਿ ਸਮੂਹ ਮਹੀਪਨ ਕੇ ਉਰ ਪਾਟਨ ਕੋ ਨਰ ਸਿੰਘ ਮਈ॥**
**੪. ਬਲ ਭੂਪਤਿ ਸਿੰਧੁ ਧਸੀ ਧਰਨੀ ਇਨ ਫੇਰ ਵਰਾਹ ਉਧਾਰ ਲਈ॥੧੨॥**

ਆਇਸੁ–ਆਗਯਾ, ਹੁਕਮ। ਮੁਕਟਾ ਮਣਿ–ਮੁਕਟ ਦੀ ਮਣੀ ਰੂਪ, ਸਭ ਤੋਂ ਸਰੋਮਣੀ ਰਾਜ। ਪੰਕਜ–ਕਮਲ। ਪ੍ਰਬਲਾਰਿ–[ਪ੍ਰ+ਬਲ+ਅਰਿ]ਵਡੇ ਬਲ ਵਾਲੇ ਵੈਰੀ। ਮਹੀਪਨ–ਰਾਜਿਆਂ। ਉਰ–ਛਾਤੀ। ਮਈ–ਰੂਪ। ਸਿੰਧ–ਸਮੁੰਦਰ।

ਤਮਾਸ਼ਾ ਕਰਨ ਵਾਲੇ ਨਟ (ਚੀਫ ਐਕਟਰ) ਨੇ ਆਪਣੀ ਇਸਤ੍ਰੀ ਨੂੰ ਕਹਿਣਾ ਸ਼ੁਰੂ ਕੀਤਾ:–

(੧) 'ਬਹੁਤੀਆਂ ਗੱਲਾਂ ਕਰਨ ਦਾ ਕੁਝ ਨਹੀਂ ਹੈ, ਕਿਉਂਕਿ ਹੁਣ ਮੈਨੂੰ ਗੁਪਾਲ ਚੰਦ ਨੇ ਆਪ ਇਹ ਆਗਿਆ ਦਿੱਤੀ ਹੈ।

ਨਟਨੀ ਨੇ ਪੁਛਿਆ–ਸਵਾਮੀ ਜੀ! ਉਹ ਗੁਪਾਲ ਚੰਦ ਕੌਣ ਹੈ ਅਤੇ ਕਿਸ ਤਰ੍ਹਾਂ ਦਾ ਹੈ, ਜਿਸ ਨੇ ਆਪ ਜੀ ਨੂੰ ਆਗਿਆ ਦਿਤੀ ਹੈ? ਨਟ ਨੇ ਉਤਰ ਦਿਤਾ–

(੨) ਸਾਰੇ ਰਾਜਿਆਂ ਵਿਚੋਂ ਜਿਹੜੇ ਮੁਕਟਮਣੀ ਰੂਪ ਰਾਜੇ ਹਨ, ਉਹ ਸਾਰੇ ਹੀ ਜਿਸ ਗੁਪਾਲ ਚੰਦ ਜੀ ਦੇ ਚਰਨ ਕਮਲਾ ਦੀ ਆਣਕੇ ਆਰਤੀ ਕਰਦੇ ਹਨ। ਅਤੇ (੩) ਵਡੇ ਵਡੇ ਬਲ ਵਾਲੇ ਵੈਰੀ ਰਾਜਿਆਂ ਦੇ ਦਲਾਂ ਦੀ ਛਾਤੀ-ਪਾੜਨ ਵਾਸਤੇ ਜੋ ਗੁਪਾਲ ਚੰਦ ਨਰ ਸਿੰਘ ਰੂਪ ਹੈ, ਅਰਥਾਤ ਗੁਪਾਲ ਚੰਦ ਨਰ ਸਿੰਘ ਸਮਾਨ ਬਲਵਾਨ ਹੈ ਜਿਸ ਨੇ ਵੈਰੀ ਰਾਜਿਆਂ ਦੇ ਦਲਾਂ ਦੀ ਛਾਤੀ ਪਾੜ ਦਿਤੀ ਹੈ ਅਤੇ ਉਸਦੇ ਡਰ ਤੋਂ ਡਰਦੇ ਹੋਏ, ਸਾਰੇ ਰਾਜੇ-ਮਹਾਰਾਜੇ ਆਣ ਕੇ ਉਸ ਦੇ ਚਰਨਾਂ ਦੀ ਆਰਤੀ ਕਰਦੇ ਹਨ। (੪) ਰਾਜੇ ਚੰਦ ਪਤੀ ਦਾ ਬਲ ਹਰਨਾਖਸ ਹੈ ਅਤੇ ਉਸ ਦਾ ਰਾਜ ਸਮੁੰਦਰ ਹੈ, ਰਾਜੇ ਕੀਰਤ ਵਰਮਾ ਦਾ ਰਾਜ ਧਰਤੀ ਹੈ, ਜੋ ਸਮੁੰਦਰ ਵਿਚ ਧਸ ਗਈ ਸੀ. ਪਰ ਇਸ ਗੁਪਾਲ ਚੰਦ ਨੇ ਵਰਾਹ ਰੂਪ ਹੋ ਕੇ, ਉਸ ਧਰਤੀ ਨੂੰ ਫੇਰ ਬਾਹਰ ਕੱਢ ਲਿਆ ਹੈ, ਇਸ ਦਾ ਭਾਵ ਇਹ ਹੈ ਕਿ ਜਿਵੇਂ ਹਰਨਾਖਸ਼ ਧਰਤੀ ਨੂੰ ਲਪੇਟ ਕੇ ਸਮੁੰਦਰ ਵਿਚ ਲੈ ਗਿਆ ਸੀ ਅਤੇ ਵਰਾਹ ਅਵਤਾਰ ਨੇ ਉਹ ਧਰਤੀ ਸਮੁੰਦਰ ਤੋਂ ਬਾਹਰ ਕੱਢ ਲਿਆਂਦੀ ਸੀ ਇਵੇਂ ਹੀ ਚੰਦ ਪਤੀ ਨੇ ਆਪਣੇ ਜ਼ੋਰ ਨਾਲ ਕੀਰਤ ਵਰਮਾ ਦੇ ਰਾਜ ਨੂੰ ਆਪਣੇ ਰਾਜ ਵਿਚ ਮਿਲਾ ਲਿਆ ਸੀ, ਪਰ ਗੁਪਾਲ ਚੰਦ ਜੀ ਨੇ ਆਪਣੇ ਜ਼ੋਰ ਨਾਲ ਕੀਰਤ ਵਰਮਾ ਦੇ ਰਾਜ ਵਿਚੋਂ ਮੁੜ ਕੇ ਵਖਰਾ ਕਰ ਲਿਆ ਹੈ॥ ੧੨॥

## ਸਵੈਯਾ॥

**੧. ਦਿਗ ਨਾਰਿ ਵਿਲਾਸਨਿ ਕਾਨਨ ਮੈਂ ਜਿਹ ਕੀਰਤਿ ਕੇਸੁ ਤਟੰਬ ਬਨਾਏ॥**
**੨. ਸਭ ਦਿੰਗਜ ਕਾਨ ਸੁ ਤਾਲ ਬਡੇ ਬਿਧਿ ਤਾਂਹਿ ਸਫਾਲਨ ਪੌਨ ਉਪਾਏ॥**
**੩. ਤਿਹ ਸੰਗ ਮਿਲੇ ਅਤਿ ਨਾਚਤ ਹੈ ਭਵ ਤਾਹਿ ਪ੍ਰਤਾਪ ਸੁ ਜ੍ਵਾਲ ਬਢਾਏ॥**
**੪. ਤਿਨ ਆਪ ਗੁਪਾਲ ਸੁ ਏਹ ਕਹਯੋ ਵਹੁ ਨਾਟਕ ਭੂਪਤ ਦੇਹੁ ਦਿਖਾਏ॥੧੩॥**

ਦਿਗ–ਦਿਸ਼ਾ, ਤਰਫਾ। ਨਾਰਿ ਵਿਲਾਸਨਿ–ਵਿਲਾਵਨੀ ਇਸਤ੍ਰੀ, ਭਾਵ–ਨਾਚ ਕਰਨ ਵਾਲੀ ਔਰਤ, ਨਚੌਰ ਰੰਡੀ। ਕਾਨਨ-ਕੰਨਾਂ ਵਿਚ। ਟੰਕ-ਕੰਨਾਂ ਦੇ ਗਹਿਣੇ ਦਾ ਨਾਮ ਹੈ, ਕਾਂਟੇ। ਦਿੱਗਜ–ਦਿਸ਼ਾ ਦੇ ਹਾਥੀ ਜੋ ਗਿਣਤੀ ਵਿਚ ਅੱਠ ਹਨ। ਸਫਾਲਨ–ਪੱਖਾ ਜਾਂ ਭਤੂਆ। ਭਵ–ਸੰਸਾਰ। ਜ੍ਵਾਲ–ਅੱਗ ਦੀ ਲਾਟ।

(੧) ਦਿਸ਼ਾ ਰੂਪ ਨੱਚਾਰ ਰੰਡੀ ਨੇ ਆਪਣੇ ਕੰਨਾਂ ਵਿਚ, ਜਿਸ ਗੁਪਾਲ ਚੰਦ ਦੀ ਕੀਰਤੀ ਦੇ ਕਾਂਟੇ ਪਾਏ ਹੋਏ ਹਨ। (੨) ਜੋ ਸਾਰੇ ਦਿੱਗਜਾਂ ਦੇ ਕੰਨ ਹਨ, ਓਹੀ ਵਡੇ ਵਡੇ ਛੈਣੇ ਹਨ ਅਤੇ ਬ੍ਰਹਮਾਂ ਨੇ ਉਸ (ਤਾਇਫੇ) ਦੇ ਨਾਲ ਪੌਣ ਨੂੰ ਭਤੂਆ ਪੈਦਾ ਕੀਤਾ ਹੈ। (੩) ਉਹਨਾਂ ਦੇ ਨਾਲ ਮਿਲ ਕਰਕੇ ਦਿਸਾ ਰੂਪ ਨੱਚਾਰ

ਰੰਡੀ) ਬੜਾ ਨਾਚ ਕਰ ਰਹੀ ਹੈ, ਸੰਸਾਰ ਵਿਚ ਉਸ ਗੁਪਾਲ ਚੰਦ ਦੇ ਪ੍ਰਤਾਪ ਦੀ 'ਅਗਨਿ-ਲਾਟ' ਵਧ ਰਹੀ ਹੈ। (੪) ਉਸ ਗੁਪਾਲ ਚੰਦ ਨੇ ਆਪ ਮੈਨੂੰ ਇਹ ਗੱਲ ਕਹੀ ਹੈ ਕਿ ਉਹ ਜਿਹੜਾ ਮੋਹ-ਬਿਬੇਕ ਦਾ ਤਮਾਸ਼ਾ ਤੈਨੂੰ ਆਉਂਦਾ ਹੈ, ਰਾਜੇ ਕੀਰਤ ਵਰਮਾ ਨੂੰ ਵਿਖਾ ਦੇਹੁ ॥ ੧੩ ॥

**ਦੋਹਰਾ—੧. ਸਹਜ ਸੁਹ੍ਰਿਦ ਸੁਭਾਵ ਯਹ, ਕੀਰਤ ਵਰਮਾ ਭੂਪ ॥**
**੨. ਤਾ ਹਿਤ ਉਦਮ ਬੰ ਕਿਯੋ, ਦਿਗ ਜਯ ਪਰਮ ਅਨੂਪ ॥ ੧੪ ॥**

ਸੁਹਿਰਦ—ਸਭਨਾਂ ਨਾਲ ਮਿੱਤ੍ਰਤਾ ਕਰਨ ਵਾਲਾ। ਦਿਗ ਜਯ—ਇਲਾਕੇ ਨੂੰ ਜਿੱਤਣ ਵਾਸਤੇ।

ਗੁਪਾਲ ਚੰਦ ਜੀ ਨੇ ਕਿਹਾ-ਹੇ ਨਟ (੧) ਰਾਜੇ ਕੀਰਤ ਵਰਮਾ ਦਾ ਸੁਭਾਵ ਸਹਿਜੇ ਹੀ ਸਭਨਾਂ ਨਾਲ ਮਿੱਤ੍ਰਤਾ ਕਰਨ ਵਾਲਾ ਹੈ। (੨) ਉਸ ਦੇ ਇਲਾਕੇ ਨੂੰ ਜਿੱਤਣ ਵਾਸਤੇ ਹੀ ਇਹ ਮਹਾਂ ਸੁੰਦਰ ਵੱਡਾ ਉਦਮ ਕੀਤਾ ਸੀ ॥ ੧੪ ॥

**ਦੋਹਰਾ—੧. ਤਾਂ ਬਯਾਪਾਰ ਅੰਤ੍ਰਤ ਭਯੋ ਬ੍ਰਹਮਾ ਨੰਦ ਹਮਾਰ ॥**
**੨. ਵਿਵਿਧ ਵਿਖਯ ਰਸ ਪਰਸ ਕਰ, ਭਏ ਮਨੋਜ ਵਿਕਾਰ ॥ ੧੫ ॥**

ਬਯਾਹਾਰ—ਵਿਹਾਰ, ਕਰਤੱਬ। ਅੰਤ੍ਰਤ—ਗੁਪਤ, ਛੁਪ ਜਾਣਾ। ਬ੍ਰਹਮਾ ਨੰਦ—ਬ੍ਰਹਮ ਸਾਖਯਾਤ ਅਵਸਥਾ ਦਾ ਅਨੰਦ। ਵਿਵਿਧ-ਅਨੇਕਾਂ। ਮਨੋਜ—ਮਨ ਵਿਚ ਪੈਦਾ ਹੁੰਦੇ ਹਨ। (੨) ਕਾਮ।

ਗੁਪਾਲ ਚੰਦ ਜੀ ਕਹਿੰਦੇ ਹਨ—ਹੇ ਨਟ (੧) ਉਸ ਜੰਗ ਕਰਨ ਰੂਪ ਵਿਵਹਾਰ ਕਰਕੇ ਮੇਰਾ ਬ੍ਰਹਮਾਨੰਦ ਲੋਪ ਹੋ ਗਿਆ ਹੈ ਅਤੇ (੨) ਅਨੇਕ ਤਰ੍ਹਾਂ ਦੇ ਰਾਜ-ਭੋਗ ਆਦਿਕ ਵਿਸ਼ਯ ਰਸਾਂ ਦੇ ਪਰਸਨੇ ਕਰਕੇ ਮਨ ਵਿਚ ਕਾਮ ਆਦਿਕ ਵਿਕਾਰ ਪੈਦਾ ਹੁੰਦੇ ਰਹਿੰਦੇ ਹਨ ॥ ੧੫ ॥

**ਦੋਹਰਾ—੧. ਤਾਂ ਬਿਪਾਰ ਦੂਖਤ ਮਨੋ, ਬਾਸਰ ਦਏ ਬਿਤਾਇ ॥**
**੨. ਕ੍ਰਿਤ ਕ੍ਰਿਤ ਭਏ ਸੁ ਆਜ ਹਮ, ਭੂਪਹਿ ਰਾਜ ਦਿਵਾਇ ॥ ੧੬ ॥**

ਦੂਖਤ—[ਦੂਸ਼ਤ] ਦੂਸ਼ਨ ਵਾਲਾ, ਕਲੰਕ ਯੁਕਤ, ਕਾਲਾ। ਬਾਸਰ—ਦਿਨ। ਕ੍ਰਿਤ ਕ੍ਰਿਤ—ਕ੍ਰਿਤਾਰਥ, ਸਫਲ ਕਾਰਜ।

(੧) ਹੇ ਨਟ! ਉਸ ਵਿਵਹਾਰ ਵਿਚ ਲੱਗ ਕੇ, ਮੇਰੇ ਦੁਸ਼ਟ ਮਨ ਨੇ ਬ੍ਰਹਮਾਨੰਦ ਪ੍ਰਾਪਤ ਕੀਤੇ ਤੋਂ ਬਿਨਾਂ, ਅਨੇਕਾਂ ਦਿਨ ਬਿਤਾ ਦਿਤੇ ਹਨ। (੨) ਉਸ ਕੀਰਤ ਵਰਮਾ ਰਾਜੇ ਨੂੰ ਰਾਜ ਦਿਵਾ ਕੇ ਅੱਜ ਅਸੀਂ ਸਫਲ ਕਾਰਜ ਹੋ ਗਏ ਹਾਂ। ਇਸ ਕਥਨ ਦਾ ਭਾਵ ਇਹ ਹੈ ਕਿ ਭਾਵੇਂ ਮੇਰਾ ਮਨ ਆਤਮ ਨੰਦ ਤੋਂ ਸੁੰਞਾ ਹੋ ਗਿਆ ਹੈ, ਪਰ ਫੇਰ ਭੀ ਪ੍ਰਮਾਤਮਾ ਦਾ ਧੰਨਵਾਦ ਹੈ ਕਿ ਮੈਂ ਜਿਸ ਕੰਮ ਦਾ ਬੀੜਾ ਚੁਕ ਕੇ ਆਇਆ ਸਾਂ, ਮੇਰਾ ਉਹ ਕੰਮ ਪ੍ਰਮਾਤਮਾ ਨੇ ਪੂਰਾ ਕਰ ਦਿੱਤਾ ਹੈ ॥ ੧੬ ॥

**ਸਵੈਯਾ ॥**

**੧. ਪ੍ਰਸਿਧ ਅਮਾਤਨ ਭੂਪਤ ਕੇ ਸੁ ਵਿਪੱਖ ਬਲੀ ਨ੍ਰਿਪ ਮਾਰ ਗਿਰਾਏ ॥**
**੨. ਰਛਪਾਲ ਕਰੀ ਸਗਰੀ ਧਰਨੀ ਪੁਨ ਯਾਹਿ ਕਿ ਸੀਸਹਿ ਛਤ੍ਰ ਫਿਰਾਇ ॥**
**੩. ਸੁ ਪਯੋਨਿਧਿ ਮੇਖਲ ਯਾਹਿ ਧਰਾ ਸਿਰ ਭੂਪਨ ਕੇ ਇਨ ਰਾਜ ਨਹਿਰਾਏ ॥**
**੪. ਰਸ ਸਾਂਤਿ ਪ੍ਰਯੋਗ ਨਿਵੇਦਨ ਕੈ ਜਗ ਆਪ ਵਿਨੋਦ ਕਰੋ ਇਮ ਭਾਏ॥੧੭॥**

Sri Satguru Jagjit Singh Ji Elibrary NamdhariElibrary@gmail.com

ਅਮਾਤਨ- ਵਜ਼ੀਰ। ਵਿਪੱਖ=ਵਿਰੋਧੀ ਧੜੇ ਵਾਲੇ, ਵੈਰੀ। ਰਛਪਾਲ=ਰਖਯਾ ਤੇ ਪਾਲਣਾ। ਪਯੋਨਿਧਿ—ਸਮੁੰਦਰ। ਮੇਖਲ—ਮੇਖਲਾ, ਤੜਾਗੀ। ਰਸ ਸ਼ਾਂਤਿ—ਇਕ ਰਸ ਦਾ ਨਾਮ ਹੈ, ਅਰਥਾਤ ਵੈਰਾਗ ਹੋ ਜਾਣ ਦੇ ਮਗਰੋਂ ਮਨ ਨੂੰ ਸਾਰਿਆਂ ਵਲੋਂ ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ, ਉਸ ਦਾ ਨਾਮ ਸ਼ਾਂਤ ਰਸ ਹੈ। ਪ੍ਰਯੋਗ=ਫਲ। ਨਿਵੇਦਨ—ਅਰਪਨ ਕਰਨਾ। (੨) ਜਨਾਵਣਾ। ਵਿਨੋਦ—ਕੌਤਕ, ਖੇਲ, ਤਮਾਸ਼ਾ। ਭਏ—ਭਾਉਂਦਾ ਹੈ।

ਨਟ ਆਪਣੀ ਇਸਤ੍ਰੀ ਨੂੰ ਕਹਿ ਰਿਹਾ ਹੈ—ਹੇ ਨਟੀ! (੧) ਰਾਜੇ ਦੇ ਪ੍ਰਸਿਧ ਵਜ਼ੀਰ ਗੁਪਾਲ ਚੰਦ ਨੇ ਰਾਜੇ ਕੀਰਤ ਵਰਮਾ ਦੇ ਵਿਰੋਧੀ ਧੜੇ ਵਾਲੇ ਬਲਵਾਨ ਰਾਜੇ ਮਾਰ ਕੇ ਧਰਤੀ ਉਤੇ ਡੇਗ ਦਿਤੇ ਹਨ। (੨) ਸਾਰੀ ਧਰਤੀ ਦੀ ਰਖਿਆ ਤੇ ਪਾਲਣਾ ਕੀਤੀ ਹੈ ਅਤੇ ਫੇਰ ਇਸੇ ਦੇ ਸਿਰ ਉਤੇ ਰਾਜ ਛੱਤ੍ਰ ਫਿਰਵਾ ਦਿਤਾ ਹੈ। (੩) ਜਿਸ ਧਰਤੀ ਦੀ ਤੜਾਗੀ ਸਮੁੰਦਰ ਹੈ ਅਰਥਾਤ ਜਿਸ ਦੇ ਚੌਹੀਂ ਪਾਸੀਂ ਸਮੁੰਦਰ ਦਾ ਘੇਰਾ ਪਿਆ ਹੋਇਆ, ਉਸ ਦੇ ਸਾਰੇ ਰਾਜਿਆਂ ਦੇ ਸਿਰ ਉਤੇ ਇਸ ਨੇ ਕੀਰਤ ਵਰਮਾ ਦਾ ਰਾਜ ਕਾਇਮ ਕਰ ਦਿਤਾ ਹੈ। (੪) 'ਸ਼ਾਂਤਿ ਰਸ' ਰੂਪ ਫਲ ਰਾਜੇ ਨੂੰ ਭੇਟਾ ਕਰਨ ਦੇ ਵਾਸਤੇ ਜਗਤ ਵਿਚ ਇਕ ਖੇਲ-ਤਮਾਸ਼ਾ ਕੀਤਾ ਜਾਵੇ, ਇਸ ਤਰ੍ਹਾਂ ਗੁਪਾਲ ਨੂੰ ਆਪ ਭਾਉਂਦਾ ਹੈ, ਤਦੇ ਹੀ ਗੁਪਾਲ ਜੀ ਨੇ ਮੈਨੂੰ ਸੱਦ ਕੇ ਕਿਹਾ ਹੈ—ਨਟ! ਜੋ (੪) ਤੂੰ ਆਪ ਜਗਤ ਵਿਚ 'ਸ਼ਾਂਤਿ ਰਸ' ਦਾ ਪ੍ਰਯੋਗ ਕਰਕੇ ਖੇਲ-ਤਮਾਸ਼ਾ ਕਰਦਾ ਹੈਂ, ਮੇਰੇ ਮਨ ਨੂੰ ਇਸ ਤਰ੍ਹਾਂ ਭਾਉਂਦਾ ਹੈ, ਕਿ ਕੀਰਤ ਵਰਮਾ ਰਾਜੇ ਨੂੰ ਉਹ ਖੇਲ [ਨਿਵੇਦਨ ਕਹਿ] ਜਨਾਵਣਾ ਕਰਕੇ ਸ਼ਾਂਤ ਰਸ ਦਾ ਪ੍ਰਯੋਗ ਜਣਾ ਦਿਤਾ ਜਾਵੇ। ਇਸ ਕਥਨ ਦਾ ਭਾਵ ਇਹ ਹੈ ਕਿ ਰਾਜ ਲੋਕ ਅਕਸਰ ਸ਼ਿੰਗਾਰ ਹਾਸਯ ਤੇ ਬੀਰ ਰਸ ਦਾ ਪ੍ਰਯੋਗ ਕਰਨਾ ਹੀ ਜਾਣਦੇ ਹਨ ਰਾਜੇ ਕੀਰਤ ਵਰਮਾ ਦੇ ਸਾਹਮਣੇ ਉਹ ਖੇਲ ਕੀਤਾ ਜਾਵੇ, ਜਿਸ ਵਿਚ ਸ਼ਾਂਤ ਰਸ ਦਾ ਪ੍ਰਯੋਗ ਹੋਵੇ, ਇਸ ਤਰ੍ਹਾਂ ਉਸ ਨੂੰ ਸ਼ਾਂਤਿ ਰਸ ਦੇ ਵਰਤਣ ਦਾ ਢੰਗ ਜਣਾ ਦਿਤਾ ਜਾਵੇ, ਤਾਂਕਿ ਉਸ ਸ਼ਿੰਗਾਰ ਰਸ ਤੋਂ ਹਟ ਕੇ ਸ਼ਾਂਤਿ ਰਸ ਦੇ ਪ੍ਰਵਿਰਤ ਹੋ ਜਾਵੇ॥ ੧੭॥

ਨੋਟ—ਇਸ ਸਵੈਯੇ ਦੀ ਚੌਥੀ ਤੁਕ ਦੋ ਅਰਥ ਸੂਚਕ ਹੈ ਤਦੇ ਹੀ ਦੋ ਅਰਥ ਕੀਤੇ ਹਨ।

**ਕਬਿੱਤ—ਪ੍ਰਬੋਧ ਚੰਦ੍ਰ ਨਾਟਕੰ ਸੁ ਆਹਿ ਨਟ ਤੋਹਿ ਢਿਗ,**
**ਕ੍ਰਿਸਨ ਮਿਸਰ ਜੋਈ ਪੂਰਬੰ ਬਨਾਯੋ ਹੈ॥**
**੨. ਕੀਰਤ ਵਰਮਾ ਕੇ ਸਮੀਪ ਕੋਈ ਨਾਟ ਕਰੋ,**
**ਹੇਰਨ ਕੋ ਭੂਪਤਿ ਕੇ ਮਨ ਉਮਗਾਯੋ ਹੈ॥**
**੩. ਸੁਨੋ ਸੂਤ੍ਰ ਧਾਰ ਤੁਮ ਪ੍ਰਗਟ ਬਿਚਾਰ ਕਰੋ,**
**ਸਭਾ ਹੂੰ ਸਮੇਤ ਰਿਦ ਕੌਤਕ ਸੁਹਾਯੋ ਹੈ॥**
**੪. ਸੁਨ ਕੇ ਗੁਪਾਲ ਵਾਕ ਸੂਤ੍ਰਧਾਰ ਚਾਰ ਵਾਕ**
**ਨਾਟਕ ਕੇ ਹੇਤੁ ਨਿਜ ਨਾਰਿ ਕੋ ਬੁਲਾਯੋ ਹੈ॥ ੧੮॥**

ਪੂਰਬੰ—ਪਹਿਲੇ ਸਮੇਂ ਵਿਚ। ਸਮੀਪ—ਕੋਲ, ਸਾਹਮਣੇ। ਹੇਰਨ—ਵੇਖਣ ਵਾਸਤੇ। ਉਮਗਾਯੋ—ਉਮਗ ਆਇਆ, ਚਾਹ ਰਿਹਾ ਹੈ। ਚਾਰ ਵਾਕ—ਗੱਲਾਂ ਕਰਨ ਵਿਚ ਚਤੁਰ।

(੧) ਗੁਪਾਲ ਮੰਤ੍ਰੀ ਨੇ ਕਿਹਾ—ਹੇ ਨਟ! ਤੇਰੇ ਪਾਸ 'ਪ੍ਰਬੋਧ ਚੰਦ੍ਰ' ਨਾਮ ਦਾ 'ਨਾਟਕ' ਹੈ? ਜਿਹੜਾ ਪੰਡਿਤ ਕ੍ਰਿਸ਼ਨ ਚੰਦ੍ਰ ਮਿਸ਼ਰ ਨੇ ਪਹਿਲੇ ਸਮੇਂ ਵਿਚ ਬਣਾਇਆ ਸੀ।

ਪ੍ਰਸ਼ਨ—ਕ੍ਰਿਸ਼ਨ ਮਿਸ਼ਰ ਨੇ ਉਹ ਨਾਟਕ ਕਿਉਂ ਬਣਾਇਆ ਸੀ?

Sri Satguru Jagjit Singh Ji Elibrary NamdhariElibrary@gmail.com

ਉਤਰ-ਪੰਡਿਤ ਕ੍ਰਿਸ਼ਨ ਚੰਦ੍ਰ ਮਿਸ਼ਰ ਬੜਾ ਹੀ ਵਿਦਵਾਨ, ਵੇਦ, ਵੇਦਾਂਗ, ਪੁਰਾਣ, ਇਤਿਹਾਸ ਤੇ ਸ਼ਾਸਤ੍ਰਾਂ ਦੇ ਜਾਣਨ ਵਾਲਾ ਸੀ, ਕਿਸੇ ਰਾਜੇ ਦਾ ਗੁਰੂ ਸੀ ਤੇ ਰਾਜ ਦਰਬਾਰ ਵਿਚ ਕਥਾ ਵਾਚਿਆ ਕਰਦਾ ਸੀ, ਰਾਜੇ ਦੇ ਮਨ ਵਿਚ ਉਸ ਦੀ ਬੜੀ ਸ਼ਰਧਾ-ਭਗਤੀ ਸੀ, ਰਾਜਾ ਸਦਾ ਹੀ ਉਸ ਦਾ ਆਦਰ, ਸਤਿਕਾਰ ਕਰਦਾ ਤੇ ਕ੍ਰਿਸ਼ਨ ਚੰਦ੍ਰ ਪੰਡਿਤ ਦੀ ਆਗਿਆ ਦਾ ਪਾਲਣ ਕਰਨਾ ਆਪਣਾ ਮੁਖ ਧਰਮ ਸਮਝਦਾ ਸੀ। ਦੇਵਨੇਤ ਨਾਲ ਉਸ ਰਾਜ ਗੁਰੂ ਪੰਡਿਤ ਕ੍ਰਿਸ਼ਨ ਚੰਦ੍ਰ ਦੇ ਘਰ ਇਕ ਪੁਤਰ ਪੈਦਾ ਹੋਇਆ, ਜਿਸ ਨੂੰ ਪੰਡਿਤ ਜੀ ਨੇ ਆਪ ਦੇ ਸਮਾਨ ਹੀ ਵਿਦਵਾਨ ਕਰ ਦਿਤਾ, ਪਰ ਚੜ੍ਹਦੀ ਜਵਾਨੀ ਵੇਲੇ ਉਸ ਪੰਡਿਤ ਕੁਮਾਰ ਨੂੰ ਖੋਟੇ ਪੁਰਸ਼ਾਂ ਦੀ ਸੰਗਤ ਹੋ ਗਈ, ਜਿਸ ਕਰਕੇ ਉਹ ਮਦ-ਮਾਸ ਸੇਵੀ ਤੇ ਵੇਸਵਾ ਗਾਮੀ ਹੋ ਗਿਆ, ਭਾਵੇਂ ਪੰਡਿਤ ਨੇ ਉਸ ਨੂੰ ਬਹੁਤ ਹੀ ਸਿਖਿਆਂ ਦਿਤੀ, ਆਪਣੀ ਕੁਲ ਮਰਯਾਦਾ ਤੇ ਰਾਜ ਦਰਬਾਰ ਦੇ ਆਦਰ ਸਤਿਕਾਰ ਦਾ ਹੋਣਾ ਆਦਿਕ ਅਨੇਕ ਤਰ੍ਹਾਂ ਦੇ ਪ੍ਰਲੋਭਨ ਬਚਨ ਕਹੇ, ਪਰ ਉਸ ਪੰਡਿਤ ਕੁਮਾਰ ਨੇ ਸਾਰੀ ਸਿਖਿਆ ਸੁਣ ਕੇ ਅਨ-ਸੁਣੀ ਕਰ ਛਡੀ। ਦਿਨੇ ਰਾਤੀ ਉਹ ਰਾਗ-ਰੰਗ, ਮੁਜਰੇ ਤਮਾਸ਼ੇ ਤੇ ਨਾਟਕ-ਚੇਟਕ ਵੇਖਣ ਵਿਚ ਹੀ ਲਗਾ ਰਹਿੰਦਾ, ਚੂੰਕਿ ਉਸ ਦਾ ਪਿਤਾ ਰਾਜ-ਗੁਰੂ ਅਤੇ ਰਾਜ-ਪ੍ਰੋਹਤ ਸੀ, ਇਸ ਲਈ ਘਰ ਵਿਚ ਧਨ-ਪਦਾਰਥ ਦੀ ਕਮੀ ਤਾਂ ਹੈ ਹੀ ਨਹੀਂ ਸੀ, ਏਹੋ ਧਨ-ਦੌਲਤ ਹੀ ਪਾਪਾਂ ਦਾ ਕਾਰਨ ਹੈ, ਇਸ ਕਰਕੇ ਉਹ ਪੰਡਿਤ-ਪੁਤਰ ਹਰ ਤਰ੍ਹਾਂ ਦੇ ਪਾਪ ਕਰਮਾਂ ਵਿਚ ਲਿਪਤ ਰਹਿਣ ਲਗਾ। ਪੁਤਰ ਦੀ ਅਜਿਹੀ ਕੁਬ੍ਰਿਤੀ ਵੇਖ ਕੇ, ਵਿਦਵਾਨ ਪੰਡਿਤ ਨੇ ਵਿਚਾਰ ਕੀਤਾ, ਕੋਈ ਅਜਿਹਾ ਯਤਨ ਕੀਤਾ ਜਾਏ ਜਿਸ ਕਰਕੇ ਪੁਤਰ ਇਹਨਾਂ ਬੁਰੇ ਕਰਮਾਂ ਤੋਂ ਹਟ ਜਾਏ, ਅਤੇ ਭਲੇ ਕਰਮਾਂ ਵਿਚ ਲੱਗ ਜਾਏ, ਜੇਕਰ ਇਹ ਕੁਮਾਰਗ ਤੋਂ ਨਾ ਹਟਿਆ ਤਾਂ ਇਹ ਲੋਕ ਪ੍ਰਲੋਕ ਦੇ ਸੁਖਾਂ ਤੋਂ ਵਾਂਜਿਆ ਜਾਏਗਾ ਅਤੇ ਮੇਰੇ ਨਾਮ ਨੂੰ ਭੀ ਕਲੰਕਤ ਕਰੇਗਾ। ਇਸ ਤਰ੍ਹਾਂ ਦੀ ਸੋਚ ਵਿਚਾਰ ਕਰਨ ਮਗਰੋਂ ਪੰਡਿਤ ਕ੍ਰਿਸ਼ਨ ਚੰਦਰ ਜੀ ਨੇ ਇਕ 'ਨਾਟਕ' ਲਿਖਿਆ, ਜਿਸ ਵਿਚ ਮੋਹ-ਬਿਬੇਕ ਨੂੰ ਪ੍ਰਧਾਨ ਰਾਜੇ ਬਣਾ ਕੇ ਉਹਨਾਂ ਦੇ ਪੱਖ ਵਾਲੇ ਵਖੋ ਵਖਰੇ ਗੁਣਾਂ-ਔਗੁਣਾਂ ਦਾ ਪੂਰਾ ਪੂਰਾ ਵਰਨਣ ਕਰਕੇ ਨਟਾਂ ਨੂੰ ਸਦ ਕੇ ਕਿਹਾ–ਇਹ ਨਾਟਕ ਜੋ ਮੈਂ ਲਿਖਿਆ ਹੈ, ਤੁਸੀਂ ਇਸ ਦਾ ਖੇਲ ਕਰਕੇ ਮੇਰੇ ਪੁਤਰ ਨੂੰ ਵਿਖਾਓ। ਨਟਾਂ ਨੇ ਹਜ਼ਾਰਾਂ ਰੁਪੈ ਪੰਡਿਤ ਪਾਸੋਂ ਲੈ ਕੇ ਉਹ ਖੇਲ ਤਿਆਰ ਕਰਕੇ ਪੰਡਿਤ ਦੇ ਪੁਤਰ ਨੂੰ ਉਹ ਤਮਾਸ਼ਾ ਵਿਖਾਇਆ, ਉਸਦੇ ਬਹਾਨੇ ਹੋਰਨਾਂ ਕਈਆਂ ਨੇ ਭੀ ਉਹ ਤਮਾਸ਼ਾ ਵੇਖਿਆ, ਜਿਸ ਜਿਸ ਨੇ ਭੀ ਉਹ ਤਮਾਸ਼ਾ ਵੇਖਿਆ, ਓਹੀ ਕਾਮਾਦਿਕ ਔਗੁਣਾਂ ਦਾ ਤਿਆਗ ਕਰਕੇ ਸਤ ਸੰਤੋਖ ਆਦਿਆਂ ਦੇ ਧਾਰਨ ਵਾਲਾ ਹੋ ਗਿਆ।

ਗੁਪਾਲ ਚੰਦ ਜੀ ਨੇ ਭੀ ਰਾਜੇ ਕੀਰਤ ਵਰਮਾ ਨੂੰ ਸੁਮਾਰਗ ਵੱਲ ਪ੍ਰੇਰਨ ਦਾ ਖਿਆਲ ਕਰਕੇ ਉਹ ਨਾਟਕ ਵਿਖਾਉਣਾ ਚਾਹਿਆ, ਇਸੇ ਕਰਕੇ ਨਟਾਂ ਨੂੰ ਕਹਿਣ ਲੱਗਾ:–

(੨)ਰਾਜੇ ਕੀਰਤ ਵਰਮਾ ਦੇ ਕੋਲ ਓਹੀ ਤਮਾਸ਼ਾ ਕਰੋ ਕਿਉਂਕਿ ਉਸ ਨੂੰ ਦੇਖਣ ਦੇ ਵਾਸਤੇ ਰਾਜੇ ਦਾ ਮਨ ਚਾਹ ਰਿਹਾ ਹੈ। (੩) ਹੇ ਸੂਤ੍ਰ ਧਾਰ ! ਸੁਣੋ, ਉਸ ਤਮਾਸ਼ੇ ਦੇ ਬਹਾਨੇ ਨਾਲ ਤੁਸੀਂ ਸੱਤ ਅਸੱਤ ਦਾ ਵਿਚਾਰ ਪ੍ਰਗਟ ਕਰ ਦਿਓ, ਸਾਰੀ ਸਭਾ ਦੇ ਸਮੇਤ ਰਾਜੇ ਕੀਰਤ ਵਰਮਾ ਦੇ ਦਿਲ ਨੂੰ ਉਸ ਤਮਾਸ਼ਾ ਵੇਖਣਾ ਚੰਗਾ ਲੱਗਾ ਹੈ। (੪) ਗੁਪਾਲ ਚੰਦ ਜੀ ਦੇ ਇਨ੍ਹਾਂ ਬਚਨਾਂ ਨੂੰ ਸੁਣ ਕੇ, ਵਡੇ ਸਿਆਣੇ ਸੂਤ੍ਰ ਧਾਰ ਚੀਫ ਐਕਟਰ ਨੇ 'ਨਾਟਕ' ਕਰਨ ਦੇ ਵਾਸਤੇ, ਆਪਣੀ ਇਸਤ੍ਰੀ ਨੂੰ ਸਦਿਆ ॥ ੧੮ ॥

**ਕਬਿੱਤ–੧. ਨੇਪੱਥ ਕੀ ਓਰ ਤਿਨ ਹੇਰਕੇ ਪੁਕਾਰ ਕਹਯੋ,**
**ਆਰੀਯੇ ਸੁ ਆਓ ਇਤ ਤਬੀ ਨਟੀ ਆਈ ਹੈ।**
**੨. ਆਰਯ ਸੁ ਕੌਣ ਕਾਜ ਮੁਹਿੰ ਕੋ ਬੁਲਾਯੋ ਆਜ,**
**ਕੀਜੀਏ ਸੁ ਕਾਜ ਅਬ ਦੇਰ ਕਿਉਂ ਲਗਾਈ ਹੈ॥**
**੩. ਸੂਤ੍ਰਧਾਰ ਤਾਂਹਿ ਕੋ ਪੁਕਾਰ ਪੁਨ ਏਹੁ ਕਹਯੋ,**
**ਆਰੀਯੇ ਅਜਾਨ ਨਾਹਿੰ ਜਾ ਹਿਤ ਬੁਲਾਈ ਹੈ॥**

**੪. ਨਾਟਕ ਪ੍ਰਬੋਧ ਚੰਦ੍ਰ ਚੰਦ੍ਰਮਾ ਸਮਾਨ ਜੱਗ,**
**ਦੀਜਿਯੇ ਦਿਖਾਇ ਯੌਂ ਗੁਪਾਲ ਮਨ ਆਈ ਹੈ ॥ ੧੯ ॥**

ਨੇਪੱਥ-ਸਟੇਜ ਦਾ ਪੜਦਾ, ਜਿਸ ਜਗ੍ਹਾ ਤੇ ਖੜੇ ਹੋ ਕੇ ਸ੍ਵਾਂਗੀ (ਐਕਟਰ) ਲੋਕ ਆਪੋ ਆਪਣਾ ਕੰਮ ਕਰਦੇ ਹਨ, ਉਸ ਦਾ ਨਾਮ ਰੰਗ-ਮੰਚ ਜਾਂ ਸਟੇਜ ਹੈ, ਉਸ ਦੇ ਅਗੇ ਤਣੇ ਹੋਏ ਕਪੜੇ ਦਾ ਨਾਮ 'ਨੇਪੱਥ' ਹੈ। ਆਰਿਯੇ-ਆਰਯਾ ਪਦ ਦਾ ਇਸਤ੍ਰੀ ਲਿੰਗ, 'ਏ' ਪ੍ਰਤੇ ਲਗ ਕੇ ਸੰਬੋਧਨ ਪਦ ਹੈ, ਇਸ ਦਾ ਅਰਥ ਹੈ-'ਹੇ ਭਲੀ ਲੋਕਨੇ !' ਇਸੇ ਦਾ ਪ੍ਰਯਾਯ ਵਾਚੀ ਪਦ 'ਸ੍ਰੀ ਮਤੀ ਜੀ' ਤੇ ਪੁਰਸ਼ ਲਈ 'ਸ੍ਰੀ ਮਾਨ ਜੀ' ਹਨ।

੧. ਉਸ ਚੀਫ ਐਕਟਰ ਨੇ ਸਟੇਜ ਵਲੋਂ ਵੇਖ ਕੇ, ਉਚੀ ਅਵਾਜ਼ ਨਾਲ ਇਹ ਕਿਹਾ- ਸ੍ਰੀ ਮਤੀ ਜੀ ! ਇਧਰ ਆਓ, ਉਸ ਵੇਲੇ ਨਟਨੀ ਚੀਫ ਐਕਟਰਸ ਆ ਗਈ ਅਤੇ ਕਹਿਣ ਲੱਗੀ-੨. ਸ੍ਰੀ ਮਾਨ ਜੀ ! ਉਹ ਕਿਹੜਾ ਕੰਮ ਹੈ, ਜਿਸ ਵਾਸਤੇ ਆਪ ਨੇ ਮੈਨੂੰ ਅੱਜ ਬੁਲਾਇਆ ਹੈ ? ਉਹ ਕੰਮ ਕਰਨਾ ਚਾਹੀਦਾ ਹੈ, ਹੁਣ ਆਪ ਨੇ ਉਸ ਦੇ ਕਰਨ ਵਿਚ ਡੇਰ ਕਿਉਂ ਲਾਈ ਹੈ ? ੩. ਵਡੇ ਨਟ ਚੀਫ ਐਕਟਰ ਨੇ ਉਸ ਨੂੰ ਫੇਰ ਉਚੀ ਅਵਾਜ ਨਾਲ ਇਹ ਕਿਹਾ-ਸ੍ਰੀ ਮਤੀ ! ਤੂੰ ਕੋਈ ਇਆਣੀ ਤਾਂ ਨਹੀਂ ਹੈਂ ? ਜਿਸ ਵਾਸਤੇ ਤੈਨੂੰ ਸਦਿਆ ਹੈ, ਉਹ ਤੈਨੂੰ ਭੀ ਪਤਾ ਹੀ ਹੈ। ੪. 'ਪ੍ਰਬੋਧ ਚੰਦ੍ਰ' ਨਾਮ ਵਾਲਾ ਜੋ ਨਾਟਕ ਅਸੀਂ ਕਰਨਾ ਜਾਣਦੇ ਹਾਂ ਅਤੇ ਜਿਸ ਦਾ ਜਸ ਚੰਦ੍ਰਮਾਂ ਦੀ ਰੋਸ਼ਨੀ ਸਮਾਨ ਜਗਤ ਵਿਚ ਫੈਲਿਆ ਹੋਇਆ ਹੈ, ਉਹ ਨਾਟਕ ਕਰ ਕੇ ਅਸੀਂ ਵਿਖਾ ਦੇਈਏ, ਗੁਪਾਲ ਚੰਦ ਮੰਤ੍ਰੀ ਦੇ ਮਨ ਵਿਚ ਇਸ ਤਰ੍ਹਾਂ ਦੀ ਵਿਚਾਰ ਆਈ ਹੈ ॥ ੧੯ ॥

ਨੋਟ-ਇਹ ਗੱਲ ਕਹਿਣ ਮਗਰੋਂ ਸੂਤ੍ਰਧਾਰ ਹੁਣ ਆਪਣੀ ਇਸਤ੍ਰੀ ਨੂੰ ਗੁਪਾਲ ਚੰਦ ਦੀ ਉਸਤਤਿ ਕਰਕੇ ਸੁਣਾਉਂਦਾ ਹੈ:-

**ਕਬਿੱਤ-੧. ਭੂਪਤਿ ਵਿਪਲ ਬਲ ਸੋਈ ਤੇ ਅਰੰਨ ਜਾਨ,**
**ਪਾਵਕ ਪ੍ਰਤਾਪ ਬਨ ਸੰਗ ਤੇ ਬਢਾਯੋ ਹੈ ॥**
**੨.ਤਾਂਹਿ ਕੀ ਸੁ ਜ੍ਵਾਲ ਤੀਨ ਭੌਨ ਮੇ ਬਿਸਾਲ ਬਢੀ,**
**ਕੀਰਤਿ ਕੋ ਪੁੰਜ ਲੋਕ ਤੀਨ ਹੂੰ ਮੇਂ ਗਾਯੋ ਹੈ ॥**
**੩. ਲੀਨੇ ਚੰਦ੍ਰਹਾਸ ਪ੍ਰਤਿਕੂਲ ਨ੍ਰਿਪ ਨਾਸ ਕਰਿ,**
**ਜੀਤਿ ਕੇ ਗੁਪਾਲ ਸੁ ਨਰੇਸ ਫਿਰ ਆਯੋ ਹੈ ॥**
**੪. ਸਾਮਰਾਜ ਰਾਜ ਕੋ ਭਿਖੇਕ ਜਿਨ ਫੇਰ ਜਗ,**
**ਕੀਰਤਿ ਵਰਮ ਦੇਵ ਭਾਲ ਮੇ ਕਰਾਯੋ ਹੈ ॥ ੨੦ ॥**

ਵਿਪਲ-ਸਮੂਹ, ਸਾਰੇ। ਬਲ-ਸੈਨਾ, ਫੌਜ। ਅਰੰਨ-ਬਨ, ਜੰਗਲ । ਪਾਵਕ=ਅੱਗ। ਚੰਦ੍ਰਹਾਸ-ਤਲਵਾਰ । ਨਰੇਸ-ਰਾਜਾ ਕੀਰਤ ਵਰਮਾ। ਪ੍ਰਤਿਕੂਲ-ਵਿਰੋਧੀ, ਦੁਸ਼ਮਨ। ਸਾਮਰਾਜ-ਚਕ੍ਰਵਰਤੀ ਰਾਜ। ਭਿਖੇਕ-ਰਾਜ ਤਿਲਕ। ਭਾਲ-ਮੱਥਾ।

੧. ਹੇ ਨਟਨੀ ! ਜੋ ਵਿਰੋਧੀ ਰਾਜਿਆਂ ਦੀ ਸਾਰੀ ਸੈਨਾ ਹੈ, ਉਸ ਨੂੰ ਤੂੰ ਇਕ ਬਨ ਜਾਣ ਲੈ, ਅਤੇ ਗੁਪਾਲ ਮੰਤ੍ਰੀ ਦਾ ਪ੍ਰਤਾਪ ਅੱਗ ਹੈ, ਜੋ ਉਸ ਬਨ ਦੇ ਸੰਗ ਕਰਕੇ ਵਧ ਗਈ ਹੈ, ਅਰਥਾਤ ਜਿਵੇਂ ਥੋੜੀ ਜਿੰਨੀ ਅੱਗ ਹੋਵੇ ਤਾਂ ਉਹ ਜੰਗਲ ਨੂੰ ਸਾੜਦੀ ਹੋਈ, ਜੰਗਲ ਨੂੰ ਘਟਾ ਕੇ ਆਪ ਵਧ ਜਾਂਦੀ ਹੈ, ਇਵੇਂ ਗੁਪਾਲ ਮੰਤ੍ਰੀ ਦਾ ਜੱਸ ਅੱਗ ਹੈ, ਜੋ ਵਿਰੋਧੀ ਰਾਜਿਆਂ ਦੀ ਸੈਨਾਂ ਰੂਪ ਬਨ ਦਾ ਸੰਗ ਕਰਕੇ ਆਪ ਵਧ ਗਈ ਹੈ ਅਤੇ ਸੈਨਾ ਰੂਪ

ਧਨ ਖਤਮ ਹੋ ਗਿਆ ਹੈ। ੨. ਉਸ ਪ੍ਰਤਾਪ ਰੂਪ ਅੱਗ ਦੀ ਲਾਟ ਤਿੰਨਾਂ ਲੋਕਾਂ ਵਿਚ ਬਹੁਤ ਉਚੀ ਵਧ ਰਹੀ ਹੈ ਅਤੇ ਤਿੰਨਾਂ ਲੋਕਾਂ ਵਿਚ ਕੀਰਤੀ ਦਾ ਪੁੰਜ ਗਾਵਿਆ ਜਾਂਦਾ ਹੈ। ੩. ਤਲਵਾਰ ਹੱਥ ਵਿਚ ਲੈ ਕੇ ਤੇ ਵਿਰੋਧੀ ਰਾਜਿਆਂ ਦਾ ਨਾਸ ਕਰਕੇ, ਸਾਰੇ ਜੰਗ ਨੂੰ ਜਿੱਤ ਕੇ ਗੁਪਾਲ ਮੰਤਰੀ ਰਾਜੇ ਕੀਰਤ ਵਰਮਾ ਦੇ ਕੋਲ ਆ ਗਿਆ ਹੈ। ੪. ਜਿਸ ਗੁਪਾਲ ਨੇ ਇਸ ਚਕ੍ਰਵਰਤੀ ਰਾਜ ਦਾ ਰਾਜ-ਤਿਲਕ ਮੁੜ ਕੇ, ਕੀਰਤ ਵਰਮਾਦੇ ਮਥੇ ਉਤੇ ਕਰਾ ਦਿਤਾ ॥ ੨੦ ॥

### ਸਵੇਯਾ ॥

**੧–ਰਣ ਰੰਗ ਮਹੀ ਪਿਸਤਾਸਨੀਆ ਅਬ ਲੌ ਨਰ ਮੁੰਡਨ ਤਾਲ ਬਜਾਵੈ ॥**
**੨–ਅਲਿਕੇ ਕਚ ਪਿੰਗ ਕਪੋਲ ਲਟੀ ਸੁ ਪਿਸਾਚਨਿਆਂ ਤਹਿੰ ਨ੍ਰਿਤ ਦਿਖਾਵੈ ॥**
**੩–ਕਰਿ ਕੁੰਭ ਮ੍ਰਿਦੰਗਨ ਪੌਣ ਬਲੀ ਧਸਿ ਨਾਦ ਅਨੇਕ ਸੁ ਪੀਠ ਸੁਣਾਵੈ ॥**
**੪–ਇਹ ਭਾਂਤ ਸੁਨੋ ਨਟਨੀ ਜਗ ਮੈਂ ਰਣ ਰੰਗ ਮਹੀ ਅਬ ਲੌ ਜਸ ਗਾਵੈ।੨੧।**

ਰਣ ਰੰਗ ਮਹੀ–(ਲਹੂ ਨਾਲ) ਰੰਗੀ ਹੋਈ ਰਣ ਭੂਮੀ ਹੀ ਰੰਗ-ਪੰਚ(ਜਾਂ) ਅਖਾੜਾ ਹੈ। ਪਿਸਤਾਸਨੀਆਂ–[ਪਿਸਤ ਆਸਨੀਆਂ] ਮਾਸ ਖਾਣ ਵਾਲੀਆਂ, ਕਲਜੋਗਨੀਆਂ ਨਰ ਮੁੰਡਨ–ਮਨੁੱਖਾਂ ਦੇ ਸਿਰਾਂ। ਅਲਿਕੇ–ਜ਼ੁਲਫਾਂ, ਲਿਟਾਂ। ਕਚ–ਕਾਲੇ ਵਾਲ। ਪਿੰਗ–ਟੇਦੀਆਂ। ਕਪੋਲ-ਗੱਲਾਂ। ਪਿਸਾਚਨੀਆਂ=ਕਲਜੋਗਨਾਂ। ਕਰਿ ਕੁੰਭ–ਹਾਥੀਆਂ ਦੇ ਸਿਰ। ਨਾਦ ਅਵਾਜ਼, ਸ਼ਬਦ।

੧. ਲਹੂ ਨਾਲ ਭਰੀ ਹੋਈ ਰਣ ਭੂਮੀ ਹੀ ਮਾਨੋਂ ਇਕ ਅਖਾੜਾ ਹੈ, ਉਸ ਵਿਚ ਹੁਣ ਤਕ ਮਨੁਖਾਂ ਦੇ ਸਿਰਾਂ ਨੂੰ ਹੱਥਾਂ ਵਿਚ ਲੈ ਕੇ ਕਲਜੋਗਨਾਂ ਛੈਣਿਆਂ ਵਾਂਗੂੰ ਆਪੋ ਵਿਚ ਟਕਰਾ ਕੇ ਵਜਾਉਂਦੀਆਂ ਹਨ। ਕਾਲੇ ਵਾਲਾਂ ਦੀਆਂ ਟੇਢੀਆਂ ਲਿਟਾਂ ਉਨ੍ਹਾਂ ਦੀਆਂ ਗਲ੍ਹਾਂ ਉਤੇ ਲਮਕ ਰਹੀਆਂ ਹਨ, ਇਸ ਤਰ੍ਹਾਂ ਕਲ-ਜੋਗਨਾਂ ਉਥੇ ਨਾਚ ਕਰਕੇ ਵਿਖਾ ਰਹੀਆਂ ਹਨ। ੩. ਰਣ ਭੂਮੀ ਵਿਚ ਜੋ ਹਾਥੀਆਂ ਦੇ ਸਿਰ ਵਢੇ ਹੋਏ ਡਿਗੇ ਪਏ ਹਨ, ਇਹੋ ਮਾਨੋ ਮ੍ਰਿਦੰਗ ਹਨ, ਹਵਾ ਉਹਨਾਂ ਵਿਚ ਬੜੇ ਜ਼ੋਰ ਨਾਲ ਵੜ ਕੇ ਬਾਹਰ ਨਿਕਲਦੀ ਹੈ, ਤਾਂ ਭਕਾ-ਭੱਕ ਭਕਾ-ਭੱਕ ਦ ਸ਼ਬਦ ਸੁਣਾਈ ਦੇਂਦਾ ਹੈ। ਇਹੋ ਮਾਨੋ ਉਹਨਾਂ ਦੀ ਪਿਠ ਪਿਛੇ ਅਨੇਕਾਂ ਮ੍ਰਿਦੰਗਾਂ ਦਾ ਸ਼ਬਦ ਸੁਣਿਆ ਜਾਂਦਾ ਹੈ। ੪. ਹੇ ਨਟਨੀ! ਸੁਣੋ, ਇਸ ਤਰ੍ਹਾਂ ਨਾਲ ਰਣ-ਭੂਮੀ ਰੂਪ ਅਖਾੜੇ ਵਿਚ ਗੁਪਾਲ ਚੰਦ ਦਾ ਜਸ ਅਜ ਤਕ ਗਾਂਵਿਆਂ ਜਾ ਰਿਹਾ ਹੈ ॥ ੨੧ ॥

### ਸਵੇਯਾ ॥

**੧–ਰਸ ਸਾਂਤ ਪ੍ਰਸੰਨ ਵਿਨੋਦਨ ਕੇ ਹਿਤ ਹੇ ਨਟਨੀ ਸੁ ਗੁਪਾਲ ਬੁਲਾਏ ॥**
**੨–ਅਬ ਯਾਹਿ ਸੁਭਾਵਹਿ ਨਾਟਕ ਜੋ ਧਰ ਸ੍ਵਾਂਗ ਭਲੇ ਹਮ ਦੇਹਿ ਦਿਖਾਏ ॥**
**੩–ਨਟਨੀ ਤਬ ਏਹ ਕਹਯੋ ਭਰਤਾ ਹਿਤ ਸ੍ਵਾਂਗਨ ਮਾਨਵ ਲੇਹੁ ਬੁਲਾਏ ॥**
**੪–ਇਹ ਆਹਿ ਅਚੰਭ ਬਡੋ ਮਨ ਮੇ ਸੁਨ ਆਰਯ ਏਹੁ ਗੁਪਾਲ ਸੁਭਾਏ ॥੨੨॥**

੧. ਹੇ ਨਟਨੀ ! ਜੋ ਸ਼ਾਂਤਿ ਰਸ ਤੇ ਪ੍ਰਸੰਨਤਾ ਦੇਣ ਵਾਲਾ ਤਮਾਸ਼ਾ ਹੈ, ਉਸ ਨੂੰ ਵੇਖਣ ਦੇ ਵਾਸਤੇ ਹੀ ਗੁਪਾਲ ਚੰਦ ਜੀ ਨੇ ਸਾਨੂੰ ਬੁਲਾਇਆ ਹੈ। ੨. ਹੁਣ ਇਹਨਾਂ ਨੂੰ ਜੋ 'ਨਾਟਕ' ਤਮਾਸ਼ਾ ਭਾਉਂਦਾ ਹੈ, ਅਸੀ ਸ੍ਵਾਂਗ ਧਰ ਕੇ ਉਹ ਤਮਾਸ਼ਾ ਵਿਖਾ ਦੇਈਏ। ੩. ਤਦ ਨਟ ਦਾ ਕਹਿਣਾ ਸੁਣਕੇ ਅਗੋਂ ਨਟਨੀ ਨੇ ਇਹ ਕਿਹਾ–ਸੁਆਮੀ ਜੀ ! ਬਹੁਤ ਹੱਛਾ, ਤੁਸੀਂ ! ਸ੍ਵਾਂਗ ਬਣਨ ਵਾਸਤੇ ਮਨੁੱਖਾਂ ਨੂੰ ਸਦਵਾ ਲਵੋ,

Sri Satguru Jagjit Singh Ji Elibrary NamdhariElibrary@gmail.com

ਉਸ ਵੇਲੇ ਮਨੁੱਖ ਸੱਦ ਲਏ ਅਤੇ ਉਹ ਆਪ ਆਪਣਾ ਸ੍ਵਾਂਗ ਬਣਨ ਲੱਗ ਪਏ। ਨਟਨੀ ਨੇ ਫੇਰ ਕਿਹਾ:- ੪. ਸ੍ਰੀ ਮਾਨ ਜੀ! ਗੁਪਾਲ ਚੰਦ ਦਾ ਇਹ ਕਹਿਣਾ ਅਤੇ ਇਹ ਸੁਭਾਵ ਸੁਣ ਕੇ ਮੇਰੇ ਮਨ ਵਿਚ ਬੜਾ ਅਚੰਭਾ ਹੋ ਰਿਹਾ ਹੈ, ਕਿਉਂਕਿ ਤਾਮਸੀ ਸੁਭਾਵ ਵਾਲਾ ਇਸ ਤਰ੍ਹਾਂ ਦੇ ਘੋਰ ਯੁਧ ਕਰਦਾ ਹੈ ਅਤੇ ਅਜਿਹੇ ਯੁਧ ਕਰਨ ਵਾਲਾ ਰੌਦ੍ਰ ਰਸ ਪੂਰਤ ਨਾਟਕ ਬੋਓਂਦਾ ਹੈ, ਨਾ ਕਿ 'ਸ਼ਾਂਤ ਰਸ' ਪੂਰਤ? ਇਸੇ ਗੱਲ ਦਾ ਅਚੰਭਾ ਹੋ ਰਿਹਾ ਹੈ ਕਿ ਸੁਭਾਵ ਦੇ ਵਿਰੁਧ ਕਰਮ ਕਿਵੇਂ ਹੋ ਸਕਦਾ ਹੈ? ॥੨੨॥

## ਸਵੈਯਾ ॥

**੧–ਨਿਜ ਪ੍ਰਾਕ੍ਰਮ ਕੇ ਰਣ ਰੰਗ ਮਹੀ ਜਿਨ ਮੰਡਲ ਭੂਪਨ ਕੇ ਸੁਭ ਗਾਏ॥**
**੨–ਪੁਨ ਕਾਨ ਲੌ ਤਾਨ ਕਠੋਰ ਧਨੂ ਰਨ ਮੰਡਲ ਮੈ ਸਰ ਓਘ ਚਲਾਏ॥**
**੩–ਤਿਨ ਬਾਨਨ ਕੇ ਅਰਿ ਖੇਤ ਵਿਖੇ ਸੁ ਤੁਰੰਗਨ ਕੇ ਬਹੁ ਪੁੰਜ ਗਿਰਾਏ॥**
**੪–ਨਿਜ ਆਯੁਧ ਧਾਰਿ ਮਹੀਧਰ ਸੇ ਗਜ ਕੋਟਿਨ ਕੋਟ ਸੁ ਭੂਮਿ ਰੁਲਾਏ।੨੩।**

ਪ੍ਰਾਕ੍ਰਮ–ਬਲ, ਮਰਦਾਨਗੀ। ਮੰਡਲ–ਝੁੰਡਾਂ ਦੇ ਝੁੰਡ। ਲੌ–ਤਕ। ਕਠੋਰ–ਕਰੜਾ। ਧਨੂ–ਧਨੁਖ। ਮੰਡਲ=ਭੂਮੀ। ਓਘ–ਸਮੂੰਹ, ਸਾਰੇ, ਪੁੰਜ। ਅਰ–ਵੈਰੀ। ਖੇਤ–ਰਣਭੂਮੀ। ਤੁਰੰਗਨ–ਘੋੜਿਆਂ। ਆਯੁਧ= ਸ਼ਸਤ੍ਰ। ਮਹੀਧਰ–ਪਹਾੜਾਂ।

੧. ਜਿਸ ਨੇ ਆਪਣੇ ਬਲ ਕਰਕੇ ਰਣ-ਭੂਮੀ ਵਿਚੋਂ ਵਿਰੋਧੀ ਰਾਜਿਆਂ ਦੇ ਝੁੰਡਾਂ ਦੇ ਝੁੰਡ ਭਜਾ ਦਿਤੇ ਹਨ। ੨. ਫੇਰ ਜਿਸ ਨੇ ਕਰੜੇ ਧਨੁਖ ਨੂੰ ਕੰਨ ਤੱਕ ਖਿਚ ਕੇ, ਰਣ-ਭੂਮੀ ਵਿਚ ਬੇਅੰਤ ਤੀਰ ਚਲਾਏ ਹਨ। ੩. ਉਹਨਾਂ ਤੀਰਾਂ ਦੇ ਨਾਲ ਜਿਸ ਨੇ ਰਣ-ਖੇਤ੍ਰ ਵਿਚ ਵੈਰੀਆਂ ਦੇ ਘੋੜਿਆਂ ਦੇ ਝੁੰਡਾਂ ਦੇ ਝੁੰਡ ਡੇਗ ਦਿਤੇ ਹਨ। ੪. ਜਿਸ ਨੇ ਹਥ ਵਿਚ ਸ਼ਸਤ੍ਰ ਧਾਰਨ ਕਰਕੇ ਪਹਾੜਾਂ ਵਰਗੇ ਹਾਥੀ ਇਕ ਨਹੀਂ, ਸਗੋਂ ਕੋਟਾਨ ਕੋਟ ਮਾਰ ਕੇ ਰਣ-ਭੂਮੀ ਵਿਚ ਮਿਟੀ ਨਾਲ ਮਿਲਾ ਦਿਤੇ ਹਨ॥ ੨੩॥

## ਸਵੈਯਾ ॥

**੧--ਪੈਦਲ ਸੈਨ ਸੁ ਖੀਰਨਿਧੀ ਭੁਜ ਮੰਦਰ ਘਾਤ ਸੁ ਬਿਆਕੁਲ ਕੀਨੀ॥**
**੨--ਸ਼੍ਰੁਤਿ ਸੈਨ ਪਯੋਨਿਧਿਕੋ ਮਥਿ ਕੇ ਬਲ ਭਾਵ ਵਿਜਯ ਲਖਮੀ ਜਿਨ ਲੀਨੀ॥**
**੩--ਜਿਨ ਕੇ ਰਣ ਕੀ ਮੁਨਿ ਬ੍ਰਿੰਦ ਸਭੇ ਅਬ ਲੌ ਜਸ ਕੀਰਤਿ ਗਾਹਿ ਨਵੀਨੀ॥**
**੪--ਰਸ ਸ਼ਾਂਤ ਵਿਖੇ ਤਿਨ ਕੀ ਮਤਿ ਆਰਯ ਮੋਹਿ ਕਹੋ ਭਾਂਤਿ ਸੁ ਭੀਨੀ॥੨੪॥**

ਖੀਰਨਿਧੀ ਖੀਰ ਸਮੁੰਦਰ। ਮੰਦਰ–ਮੰਦ੍ਰਾਚਲ ਪਰਬਤ। ਸ਼੍ਰੁਤਿ ਸੈਨ–ਕਰਣ ਸੈਨ ਰਾਜਾ ਚੇਦਪਤੀ। ਬ੍ਰਿੰਦ–ਬਹੁਤੇ ਮੁਨੀ ਜਨ। ਨਵੀਨੀ=ਨਵੀਂ ਤੋਂ ਨਵੀਂ।

ਨੋਟ–ਨਟਨੀ ਨੇ ਗੁਪਾਲ ਦੇ ਸੁਭਾਵ ਦਾ ਰੂਪ ਵਰਣਨ ਕਰਨ ਲਈ ਦੇਵਤਿਆਂ ਤੇ ਦੈਂਤਾਂ ਨੇ ਸਮੁੰਦਰ ਰਿੜਕ ਕੇ ਲਛਮੀ ਕੱਢ ਲੈਣ ਦਾ ਰੂਪਕ ਬੰਨ੍ਹਿਆ ਹੈ:-

੧. ਪੈਦਲ ਸੈਨਾ ਹੀ ਮਾਨੋਂ ਖੀਰ ਸਮੁੰਦਰ ਸੀ, ਜਿਸ ਗੁਪਾਲ ਨੇ ਆਪਣੀਆਂ ਬਾਹਾਂ ਦੀ ਮਾਰ ਰੂਪ ਮੰਦ੍ਰਾਚਲ ਨਾਲ ਸੈਨਾ ਰੂਪ ਖੀਰ ਸਮੁੰਦਰ ਨੂੰ ਵਿਆਕੁਲ ਕਰ ਦਿਤਾ ਸੀ, ਅਰਥਾਤ ਸੈਨਾ ਵਿਚ ਤਰਥੱਲੀ ਮਚਾ ਦਿਤੀ ਸੀ। ੨. ਕਰਣ ਸੈਨ ਰਾਜੇ ਦੀ ਸੈਨਾ ਰੂਪ ਖੀਰ ਸਮੁੰਦਰ ਨੂੰ ਰਿੜਕ ਕੇ, ਬਲ ਨਾਲ ਫਤਹਿ ਕਰ ਲੈਣ ਰੂਪ ਲਛਮੀ ਜਿਸ ਨੇ ਪਾ ਲਈ ਸੀ। ੩.ਜਿਸਦੇ ਜੰਗ ਦੀ ਕੀਰਤੀ ਨੂੰ ਮੁਨੀ ਜਨਾਂ ਦਾ ਝੁੰਡ ਨਿਤ ਹੀ ਨਵੀਂ ਤੋਂ ਨਵੀਂ ਹਰ ਰੋਜ਼ ਗਾਉਂਦਾ ਹੈ। ੪. ਸ੍ਰੀ ਮਾਨ ਜੀ! ਮੈਨੂੰ ਦਸੋ, ਜੋ ਇਸ ਤਰ੍ਹਾਂ ਦਾ ਕਰੂਰ ਕਰਮ ਕਰਨ

ਵਾਲਾ ਸੀ ਉਸ ਗੁਪਾਲ ਚੰਦ ਦੀ ਬੁਧਿ, ਸ਼ਾਂਤਿ ਰਸ ਵਿਚ ਕਿਸੇ ਤਰ੍ਹਾਂ ਨਾਲ ਭਿੱਜ ਗਈ ਹੈ ? ॥ ੨੪ ॥

ਸੂਤ੍ਰ ਧਾਰਉਵਾਚ ਸੁ ਪਤਨੀ ਪ੍ਰਤਿ—

**ਦੋਹਰਾ—੧. ਬ੍ਰਾਹਮਣ ਜਯੋਤਿ ਸੁਭਾਵ ਤੇ, ਸਮ ਸਰੂਪ ਜਗ ਆਹਿ ॥**
**੨. ਕਾਰਣ ਪਾਇ ਵਿਕਾਰ ਭਜ, ਪੁਨ ਨਿਜ ਰੂਪ ਸਮਾਹਿ ॥ ੨੫ ॥**

ਨੋਟ—ਇਸਤ੍ਰੀ ਦੀ ਅਜਿਹੀ ਸ਼ੰਕਾ ਸੁਣ ਕੇ, ਸੂਤ੍ਰਧਾਰ ਦ੍ਰਿਸ਼ਟਾਂਤ ਪੂਰਬਕ ਸਮਾਧਾਨ ਕਰਦਾ ਹੈ—

੧. ਹੇ ਨਟਨੀ ! ਸੁਣ, ਜੋ ਬ੍ਰਹਮ ਸੁਭਾਵ ਤੋਂ ਹੀ ਜੋਤਿ ਸਰੂਪ ਹੈ ਅਤੇ ਸਾਰੇ ਜਗਤ ਵਿਚ ਸਮਾਨ ਵਿਆਪ ਰਿਹਾ ਹੈ। ਉਹ ਹੀ ਮਾਯਾ ਦਾ ਕਲਪਤਿ ਤਦਾਤਮ ਸਬੰਧ ਰੂਪ—੨. ਕਾਰਣ ਨੂੰ ਪਾ ਕੇ, ਵਿਕਾਰ ਧਾਰਨ ਕਰ ਲੈਂਦਾ ਹੈ, ਪਰ ਜਦ ਉਹ ਵਿਕਾਰ ਦਾ ਹੇਤੂ ਰੂਪ ਮਾਇਕ ਸਬੰਧ ਦੂਰ ਹੋ ਜਾਂਦਾ ਹੈ, ਤਦ ਫੇਰ ਆਪਣੇ ਸਰੂਪ ਵਿਚ ਸਮਾ ਜਾਂਦਾ ਹੈ, ਇਸ ਕਥਨ ਦਾ ਭਾਵ ਇਹ ਹੈ ਕਿ ਬ੍ਰਹਮ ਪ੍ਰਣਾਮ ਤੋਂ ਰਹਿਤ ਹੈ, ਸਭਨਾਂ ਵਿਚ ਇਕ ਰਸ ਪੂਰਨ ਹੈ, ਵਿਕਾਰਾਂ ਤੋਂ ਰਹਿਤ ਹੈ, ਪਰ ਮਾਇਆ ਦੇ ਸਬੰਧ ਕਰ ਕੇ, ਉਸ ਨੇ ਅਨੇਕ ਤਰ੍ਹਾਂ ਦੀ ਰਚਨਾ ਕਰ ਦਿਤੀ ਹੈ ਜਿਵੇਂ—ਸਫਟਕ ਮਣੀ ਵਿਚ ਕੋਈ ਭੀ ਰੰਗ ਰੂਪ ਨਹੀਂ ਹੈ, ਕੇਵਲ ਉਜਲ ਹੀ ਉਜਲ ਹੈ, ਪਰ ਸੰਗਤ ਦੇ ਦੋਸ਼ ਕਰਕੇ ਲਾਲ, ਪੀਲੀ ਤੇ ਕਾਲੀ ਹੋ ਜਾਂਦੀ ਹੈ, ਇਸੇ ਤਰ੍ਹਾਂ ਦੀ ਮਾਇਕ ਉਪਾਧੀ ਕਰਕੇ ਬ੍ਰਹਮ ਦੋਸ਼ ਵਿਚ ਪ੍ਰਤੀਤ ਹੁੰਦੇ ਹਨ, ਜੋ ਅਸਲ ਵਿਚ ਨਾ ਹੈਗੇ ਸਨ ਅਤੇ ਨਾ ਹੀ ਹੁੰਦੇ ਹਨ।

ਅਥਵਾ—ਜਿਵੇਂ ਇਕ ਸੁਭਾਵ ਤੋਂ ਹੀ ਸਾਰੇ ਜਗਤ ਨੂੰ ਸਮਾਨ ਰੂਪ ਕਰਕੇ ਜਾਣਿਆ ਸੀ, ਪਰ ਕੁਦਰਤ ਨਾਲ ਕਿਸੇ ਦਿਨ ਉਸ ਨੇ ਭੰਗ ਪੀ ਲਈ ਤਾਂ ਭੰਗ ਦੇ ਨਸ਼ੇ ਵਿਚ ਕਿਸੇ ਨੂੰ ਆਪਣਾ ਵੈਰੀ ਤੇ ਕਿਸੇ ਨੂੰ ਮਿੱਤ੍ਰ ਜਾਣਨ ਲੱਗ ਪਿਆ। ਪਰ ਜਦੋਂ ਉਸ ਦਾ ਨਸ਼ਾ ਉਤਰ ਗਿਆ ਤਾਂ ਫੇਰ ਪਹਿਲੇ ਵਰਗਾ ਹੀ ਸਮਾਨ ਰੂਪ ਸਭ ਨੂੰ ਸਮਝਣ ਲਗ ਪਿਆ ॥ ੨੫ ॥

**ਦੋਹਰਾ—੧. ਨ੍ਰਿਪਕੁਲ ਪ੍ਰਲਯ ਕ੍ਰਿਸ਼ਾਨ ਸਮ, ਚੇਦਿਪਤੀ ਜਗ ਆਹਿ ॥**
**੨. ਚੰਦ੍ਰ ਵੰਸ਼ ਨ੍ਰਿਪ ਰਾਜ ਕੋ, ਦੂਰ ਕਿਯੋ ਪੁਨਿ ਤਾਹਿ ॥ ੨੬ ॥**

ਕ੍ਰਿਸ਼ਾਨ—ਅੱਗ। ਚੇਦਿਪਤੀ—ਚੇਦੇਰੀ* ਸ਼ਹਿਰ ਦਾ ਸੁਆਮੀ, ਰਾਜਾ ਕਰਣ ਸੈਨ। ਚੰਦ੍ਰ ਵੰਸ਼ ਨ੍ਰਿਪ—ਚੰਦ੍ਰ ਵੰਸੀ ਰਾਜਾ, ਭਾਵ ਰਾਜਾ ਕੀਰਤਿ ਵਰਮਾ।

੧. ਹੇ ਨਟਨੀ ! ਪ੍ਰਲਯ ਕਾਲ ਦੀ ਅੱਗ ਦੇ ਸਮਾਨ ਹੀ ਜਗਤ ਵਿਚ ਰਾਜਿਆਂ ਦੀ ਕੁਲ ਦਾ ਨਾਸ ਕਰਨ ਵਾਲਾ ਰਾਜਾ ਕਰਣ ਸੈਨ ਚੰਦੇਰ-ਪਤੀ ਹੈ। ੨. ਉਸ ਨੇ ਚੰਦਰ ਵੰਸੀ ਰਾਜੇ ਕੀਰਤਿ ਵਰਮਾ ਦੇ ਰਾਜ ਨੂੰ ਦੂਰ ਕਰ ਦਿਤਾ ਸੀ, ਅਰਥਾਤ ਕੀਰਤਿ ਵਰਮਾ ਦੇ ਰਾਜ ਨੂੰ ਖੋਹ ਲਿਆ ਸੀ ॥ ੨੬ ॥

**ਦੋਹਰਾ—੧. ਚੰਦ੍ਰ ਵੰਸ ਨ੍ਰਿਪ ਰਾਜ ਹਿਤ ਉਦਮ ਕੀਯੋ ਗੁਪਾਲ ॥**
**੨. ਮਾਰ ਵਿਰੋਧੀ ਥਿਰ ਕੀਯੋ ਰਾਜ ਗੁਪਾਲ ਰਸਾਲ ॥ ੨੭ ॥**

ਵਿਰੋਧੀ—ਵੈਰ ਭਾਵ ਵਾਲੇ, ਵੈਰੀ ਦਲ। ਰਸਾਲ- ਰਸਾਂ ਦਾ ਘਰ, ਕੀਰਤ ਵਰਮਾ।

---

*ਮੱਧ ਭਾਰਤ(ਸੀ. ਪੀ. )ਦੇ ਲਲਿਤ ਪੁਰ ਜ਼ਿਲੇ ਦੀ ਪੁਰਾਣੀ ਨਗਰੀ ਮਹਾ ਭਾਰਤ ਵਿਚ ਇਸ ਇਲਾਕੇ ਦਾ ਨਾਮ 'ਚੇਦਯ' (ਟੀਕਾਕਾਰਾਂ ਨੇ ਚੇਦਿ) ਲਿਖਿਆ ਹੈ। ਇਸ ਇਲਾਕੇ ਦੀ ਪ੍ਰਧਾਨ ਨਗਰੀ ਦਾ ਨਾਮ 'ਚੰਦ੍ਰਾਵਤੀ' ਭੀ ਲਿਖਿਆ ਹੈ,ਚੇਦਿ ਇਲਾਕੇ ਦੀ ਰਾਜਧਾਨੀ ਦਾ ਨਾਮ ਚੰਦੇਰੀ ਹੈ, ਜੋ ਸ਼ਿਸ਼ਪਾਲ ਦੀ ਰਾਜਧਾਨੀ ਸੀ, ਫਿਰ ਇਸ ਵਿਚ ਰੰਦਲਾ ਰਾਜਪੂਤ ਨੇ ਰਾਜ ਕੀਤਾ, ਜਿਸ ਕਰਕੇ ਚੇਦਿ ਤੋਂ 'ਚੰਦੇਰੀ' ਨਾਮ ਹੋ ਗਿਆ ਹੈ।

Sri Satguru Jagjit Singh Ji Elibrary NamdhariElibrary@gmail.com

੧. ਚੰਦ੍ਰ ਵੰਸੀ ਰਾਜੇ ਦੇ ਰਾਜ ਨੂੰ ਮੁੜਾਉਣ ਵਾਸਤੇ ਮੰਤ੍ਰੀ ਨੇ ਉਦਮ ਕੀਤਾ ਸੀ। ੨. ਗੁਪਾਲ ਮੰਤਰੀ ਨੇ ਵੈਰੀ ਦਲ ਨੂੰ ਮਾਰ ਕੇ, ਕੀਰਤ ਵਰਮਾ ਦੇ ਰਾਜ ਨੂੰ ਮੁੜ ਕੇ ਕਾਇਮ ਕਰ ਦਿਤਾ ਹੈ॥ ੨੭॥

## ਸਵੈਯਾ॥

**੧. ਕਲਪਾਂਤ ਪ੍ਰਭੰਜਨ ਖਗੇਭ ਭਯੋ ਸਰਿਤਾਪਤਿ ਜਿਉ ਸਭ ਸ਼ੈਲ ਦਬਾਏ॥**
**੨. ਕ੍ਰਿਤ ਕਾਰਯ ਫੇਰ ਗਹੇ ਥਿਰਤਾ ਨਿਜ ਵੇਲੇ ਕੀ ਭੀਤਰ ਆਯ ਠਹਰਾਏ॥**
**੩. ਭਗਭੰਤ ਕੇ ਅੰਸ਼ ਜਯੋ ਨਰ ਜੇ ਸਭ ਭੂਤਨ ਕੇ ਹਿਤ ਪ੍ਰੇਮ ਬਢਾਏ॥**
**੪. ਨਰ ਮੰਡਲ ਲੈ ਅਵਤਾਰ ਮਹੀ ਕ੍ਰਿਤ ਕਾਰਯ ਤੇ ਰਸ ਸ਼ਾਂਤਿ ਲਗਾਏ।੨੮।**

ਕਲਪਾਂਤ-(ਕਲਪ+ਅੰਤ) ਬਹਤ੍ਰ ਚੋਕੜੀ ਇੰਦਰ ਦਾ ਰਾਜ ਹੈ ਅਤੇ ਚੋਦਾਂਇੰਦਰ ਰਾਜ ਕਰ ਚੁਕਣ ਤਾਂ ਬ੍ਰਹਮਾਂ ਦਾ ਇਕ ਦਿਨ ਖਤਮ ਹੁੰਦਾ ਹੈ,ਉਨੇ ਸਮੇਂ ਦਾ ਨਾਮ 'ਕਲਪ' ਹੈ, ਕਲਪ ਦੇ ਅੰਤ ਵਿਚ। ਪ੍ਰਭੰਜਨ-ਹਵਾ। ਖਗੇਭ-ਹਿਲਾਉਣਾ, ਉਕਸਾਹਟ ਦੇਣੀ। ਸਰਿਤਾ ਪਤਿ-ਨਦੀਆਂ ਦਾ ਸੁਾਮੀ ਸਮੁੰਦਰ। ਸ਼ੈਲ-ਪਹਾੜ। ਕ੍ਰਿਤ-ਕਰ ਕੇ। ਵੇਲ-ਕਿਨਾਰੇ, ਕੰਢੇ। ਜਯੋ-ਪੈਦਾ ਹੋਏ। ਭੂਤਨ-ਜੀਵਾਂ।

੧. ਹੇ ਨਟਨੀ? ਵੇਖ, ਜਦੋਂ ਕਲਪ ਦਾ ਅੰਤ ਹੁੰਦਾ ਹੈ, ਤਦ ਹਵਾ ਦੇ ਬੇਗ ਨਾਲ ਸਮੁੰਦਰ ਉਛਲ ਕੇ ਸਾਰੇ ਪਹਾੜਾਂ ਨੂੰ ਆਪਣੇ ਵਿਚ ਡੋਬ ਲੈਂਦਾ ਹੈ। ੨. ਕਾਰਜ ਨੂੰ ਕਰ ਚੁਕਣ ਮਗਰੋਂ, ਫੇਰ ਅਡੋਲਤਾ ਫੜ ਲੈਂਦਾ ਹੈ ਅਤੇ ਆਪਣੇ ਕੰਢਿਆਂ ਵਿਚ ਆਪ ਨੂੰ ਟਿਕਾ ਲੈਂਦਾ ਹੈ। ਅਰਥਾਤ ਪਰਲੋ ਕਰ ਚੁਕਣ ਮਗਰੋਂ ਫੇਰ ਪਹਿਲੇ ਵਾਂਗੂੰ ਆਪਣੇ ਕੰਢਿਆਂ ਵਿਚ ਟਿਕ ਜਾਂਦਾ ਹੈ। ਦੂਜਾ ਦ੍ਰਿਸ਼ਟਾਂਤ ਹੋਰ ਸੁਣ-੩. ਜਿਹੜੇ ਪੁਰਸ਼ ਭਗਵੰਤ ਦੀ ਅੰਸ਼ ਰੂਪ ਪੈਦਾ ਹੁੰਦੇ ਹਨ, ਉਹ ਸਾਰੇ ਜੀਵਾਂ ਦੇ ਨਾਲ ਪ੍ਰੇਮ ਵਧਾਉਂਦੇ ਹਨ। ੪. ਫੇਰ ਭੀ, ਮਨੁਖਾਂ ਦੇ ਭੂਖਨ ਰੂਪ ਅੰਸਾਂ ਅਵਤਾਰ ਜਿਸ ਕੰਮ ਨੂੰ ਕਰਨ ਲਈ ਅਵਤਾਰ ਲੈਂਦੇ ਹਨ, ਉਸ ਕਾਰਜ ਨੂੰ ਕਰ ਚੁਕਣ ਮਗਰੋਂ 'ਸ਼ਾਂਤਿ ਰਸ' ਵਿਚ ਲਗ ਜਾਂਦੇ ਹਨ॥ ੨੮॥

## ਉਤਰ--ਸਵੈਯਾ॥

**੧. ਭ੍ਰਿਗ ਨੰਦਨ ਰਾਮ ਕੋ ਭਾਮਨਿ ਪੇਖ ਸੁ ਬਾਹੁਜਾ ਬਾਰ ਇਕੀਸ ਖਪਾਏ॥**
**੨. ਨ੍ਰਿਪ ਸ਼੍ਰੋਣਤ ਨੀਰ ਸੁ ਮਾਸ ਵਸਾ ਬਹੁ ਪੰਕ ਮਈ ਤਟਨੀ ਭਟ ਨ੍ਹਾਏ॥**
**੩. ਨ੍ਰਿਪ ਨਾਰਿ ਕੁਮਾਰ ਸੁ ਬ੍ਰਿਧਨ ਲੌ ਕਰੁਣਾ ਬਿਨ ਧਾਰ ਕੁਠਾਰ ਚਲਾਏ॥**
**੪. ਧਰ ਭਾਰ ਉਤਾਰ ਉਖਾਰ ਕੁਲੰ ਨ੍ਰਿਪ ਸਾਂਤਿ ਭਏ ਤਪ ਮਾਹਿ ਲਗਾਏ।੨੯।**

ਪ੍ਰਸ਼ਨ-ਸੁਾਮੀ ਜੀ! ਅਜਿਹਾ ਕਿਹੜਾ ਅੰਸ਼ਾ ਅਵਤਾਰ ਹੋਇਆ ਹੈ, ਜਿਸ ਨੇ ਇਸ ਤਰ੍ਹਾਂ ਉਹੀ ਕਾਰਜ ਕਰਕੇ ਮਗਰੋਂ ਸ਼ਾਂਤਿ ਰਸ ਨੂੰ ਧਾਰਿਆ ਹੋਵੇ?

ਭ੍ਰਿਗ ਨੰਦਨ ਰਾਮ-ਮਹਾ ਰਿਖੀ ਭ੍ਰਿਗੂ ਦਾ ਪੁਤਰ ਪਰਸਰਾਮ। ਭਾਮਨਿ-ਹੇ ਇਸਤ੍ਰੀ। ਬਾਹੁਜ-ਖਤ੍ਰੀ। ਸ਼੍ਰੋਣਤ-ਲਹੂ। ਵਸਾ-ਚਰਬੀ। ਪੰਕ ਮਈ-ਚਿੱਕੜ ਰੂਪ। ਤਟਨੀ-ਨਦੀ। ਭਟ-ਸੂਰਮਾ। ਕੁਮਾਰ-ਬਚੇ। ਕੁਠਾਰ-ਕੁਹਾੜਾ। ਕਰੁਣਾ-ਦਯਾ।

੧. ਹੇ ਇਸਤ੍ਰੀਏ ਪਰਸ ਰਾਮ ਨੂੰ ਵੇਖ, ਉਸ ਨੇ ਇੱਕੀ ਵੇਰੀ ਖੱਤ੍ਰੀ ਨਾਸ ਕੀਤੇ ਸਨ। ੨. ਰਾਜਿਆਂ ਦੇ ਲਹੂ ਰੂਪ ਪਾਣੀ ਵਿਚ ਮਾਸ ਤੇ ਚਰਬੀ ਚਿੱਕੜ ਰੂਪ ਸੀ, ਇਸ ਤਰ੍ਹਾਂ ਦੀ ਨਦੀ ਵਿਚ ਉਹ ਸੂਰਮਾ ਨ੍ਹਾਉਂਦਾ ਸੀ। ੩. ਰਾਜੇ, ਰਾਣੀਆਂ, ਰਾਜ ਕੁਮਾਰ ਤੇ ਬੁਢੇ ਰਾਜਿਆਂ ਤਕ, ਦਇਆ ਤੋਂ ਬਿਨਾਂ ਹੋ ਕੇ ਸਭਨਾਂ ਦੀ ਗਰਦਨ

Sri Satguru Jagjit Singh Ji Elibrary NamdhariElibrary@gmail.com

ਉਤੇ ਕੁਹਾੜੇ ਦੀ ਧਾਰ ਚਲਾਉਂਦਾ ਸੀ। ੪. ਰਾਜਿਆਂ ਦੀਆਂ ਕੁਲਾਂ ਨੂੰ ਪੁਟ ਕੇ, ਧਰਤੀ ਦਾ ਭਾਰ ਉਤਾਰ ਦਿਤਾ, ਤਦ ਪਰਸ ਰਾਮ ਜੀ ਸ਼ਾਂਤਿ ਰੂਪ ਹੋ ਕੇ, ਤਪ ਦੇ ਵਿਚ ਲਗ ਗਏ ਸਨ ॥ ੨੯ ॥

**ਦੋਹਰਾ–੧. ਪਰਸੁ ਰਾਮ ਜਿਮ ਆਹਿ ਯਹ, ਕ੍ਰਿਤ ਕਾਰਯ ਗੋਪਾਲ ॥**

**੨. ਪਰਮ ਸ਼ਾਂਤਿ ਨਿਸ਼ਠਾ ਭਜੀ, ਰਸ ਮੈਂ ਬਡੋ ਰਸਾਲ ॥ ੩੦ ॥**

੧. ਜਿਵੇਂ ਪਰਸ ਰਾਮ ਨੇ ਕੀਤਾ ਸੀ ਏਹੋ ਕਾਰਜ ਗੁਪਾਲ ਮੰਤ੍ਰੀ ਨੇ ਕੀਤਾ ਹੈ। ੨. ਜੋ ਰਸਾਂ ਵਿਚ ਵਡਾ ਰਸਾਲ ਸੀ, ਉਸ ਨੇ ਹੁਣ ਪਰਮ ਸ਼ਾਂਤਿ ਰੂਪ ਨਿਸ਼ਠਾ ਧਾਰਨ ਕਰ ਲਈ ਹੈ ॥ ੩੦ ॥

**ਦੋਹਰਾ–੧. ਜੀਤ ਵਿਵੇਕ ਸੁ ਮੋਹ ਜਿਮ, ਬੋਧ ਉਦੇ ਜਗ ਕੀਨ ॥**

**੨. ਜੀਤ ਕਰਣ ਬਲ ਰਾਜ ਤਿਮ, ਕੀਰਤਿ ਵਰਮਾ ਦੀਨ ॥ ੩੧ ॥**

੧. ਜਿਵੇਂ ਮੋਹ ਨੂੰ ਜਿੱਤ ਕੇ, ਵਿਵੇਕ ਨੇ ਜਗਤ ਵਿਚ ਗਿਆਨ ਨੂੰ ਪੈਦਾ ਕਰ ਲਿਆ ਸੀ। ੨. ਤਿਵੇਂ ਹੀ ਗੁਪਾਲ ਨੇ ਕਰਣ ਸੈਨ ਦੀ ਬਲ ਫੌਜ ਨੂੰ ਜਿੱਤ ਕੇ, ਕੀਰਤ ਵਰਮਾ ਨੂੰ ਰਾਜ ਮੁੜਾ ਦਿਤਾ ਹੈ ॥ ੩੧ ॥

## ਅਥ ਨੇਪਥੇ ਕਲਕਲਾ ਸਬਦ ॥

ਨੋਟ–ਸਟੇਜ ਉਤੇ ਜਿਹੜਾ ਕਾਮ ਦਾ ਸ੍ਵਾਂਗ ਬਣ ਕੇ ਬੈਠਾ ਹੋਇਆ ਸੀ, ਉਸ ਨੇ ਪੜਦੇ ਦੇ ਅੰਦਰੋਂ ਜ਼ੋਰ ਸ਼ੋਰ ਦਾ ਹੱਲਾ ਪਾਉਣਾ ਸ਼ੁਰੂ ਕਰ ਦਿਤਾ, ਉਸ ਦਾ ਵਰਨਣ ਕਰਦੇ ਹਨ–

## ਸਵੈਯਾ ॥

**੧. ਬੀਚ ਕਨਾਤ ਕੇ ਬਾਤ ਸੁਨੀ ਸੁ ਮਨੋਜ ਬਲੀ ਯਹ ਕਾਨਨ ਮਾਂਹੀ ॥**
**੨. ਕੋਪ ਭਰੇ ਮੁਖ ਏਹੁ ਕਹੀ ਨਟ ਨੀਚ ਸੁ ਬੋਲਤ ਯੋਂ ਮੁਖ ਮਾਂਹੀ ॥**
**੩. ਜੀਵਤ ਹੀ ਹਮਰੇ ਜਗ ਮੇ ਤੁਮ ਮੋਹ ਕੀ ਹਾਰ ਕਹੋਂ ਜਨ ਮਾਂਹੀ ॥**
**੪. ਪਾਪਿ ਸ਼ਿਲੂਖ ਵਿਵੇਕਹਿ ਕੀ ਜੜ ਮੂਲ ਉਖਾਰ ਦਯੋ ਭਵ ਮਾਂਹੀ ॥ ੩੨ ॥**

ਕਨਾਤ–ਪੜਦਾ। ਮਨੋਜ=ਕਾਮ ਦੇਵ। ਕਾਨਨ–ਕੰਨਾਂ। ਸ਼ਿਲੂਖਹਿ–ਨਟ, ਸੂਤ੍ਰ ਧਾਰ, ਚੀਫ ਐਕਟਰ।

੧. ਪੜਦੇ ਦੇ ਅੰਦਰ ਬੈਠੇ ਹੋਏ ਕਾਮਦੇਵ ਨੇ ਇਹ ਗੱਲ ਕੰਨੀਂ ਸੁਣ ਲਈ। ੨. ਕਰੋਧ ਨਾਲ ਭਰੇ ਹੋਏ ਕਾਮਦੇਵ ਨੇ ਜ਼ੋਰ ਨਾਲ ਇਹ ਗੱਲ ਕਹੀ–ਹੇ ਨੀਚ ਨਟ! ਤੂੰ ਮੂੰਹੋਂ ਇਹ ਕੀ ਕਹਿ ਰਿਹਾ ਹੈਂ? ੩. ਸਾਡੇ ਜੀਂਵਦਿਆਂ ਹੀ ਤੂੰ ਬੰਦਿਆਂ ਵਿਚ ਮੋਹ ਰਾਜੇ ਦੀ ਹਾਰ ਕਹਿ ਰਿਹਾ ਹੈਂ? ੪. ਹੇ ਪਾਪੀ ਨਟ! ਸੁਣ, ਮੈਂ ਜਗਤ ਵਿਚੋਂ ਵਿਵੇਕ ਦੀ ਜੜ੍ਹ ਮੁਢੋਂ ਹੀ ਪੁਟ ਦਿਤੀ ਹੈ। ਅਰਥਾਤ ਸ਼ੁਧ ਅੰਤਹਕਰਣ ਵਿਚ ਵਿਵੇਕ ਪੈਦਾ ਹੁੰਦਾ ਹੈ, ਮੈਂ ਕਿਸੇ ਦਾ ਅੰਤਹਕਰਣ ਸ਼ੁਧ ਰਹਿਣ ਹੀ ਨਹੀਂ ਦਿਤਾ, ਇਸ ਲਈ ਵਿਵੇਕ ਤਾਂ ਪੈਦਾ ਹੋ ਹੀ ਨਹੀਂ ਸਕਦਾ ਅਤੇ ਤੂੰ ਕਹਿ ਰਿਹਾ ਹੈਂ, ਜੋ ਵਿਵੇਕ ਜਿੱਤ ਗਿਆ ਹੈ ਤੇ ਮੋਹ ਹਾਰ ਗਿਆ ਹੈ ॥ ੩੨ ॥

## ਸਵੈਯਾ ॥

**੧. ਸੁਨ ਬਾਤ ਸ਼ਿਲੂਖ ਡਰਿਯੋ ਮਨ ਮੈਂ ਪੁਨਿ ਸੰਭ੍ਰਮ ਹੇਰਿ ਸੁ ਨਾਰਿ ਅਲਾਯੋ ॥**
**੨. ਰਤਿ ਕੰਠ ਭੁਜਾ ਘਨ ਪੀਨ ਕੁਚਾ ਲਹਿ ਸੰਗ ਰੋਮਾਂਚ ਅਨੰਗ ਸੁ ਆਯੋ ॥**
**੩. ਜਗ ਮਾਦਨ ਸੋਭ ਅਪਾਰ ਬਨੀ ਮਦ ਘੂਮਤ ਨੈਨ ਚਲੇ ਅਲ ਸਾਯੋ ॥**

**੪. ਅਬ ਭਾਗ ਚਲੇਂ ਇਹ ਠੌਰਹਿੰ ਤੇ ਸੁਨਿ ਕੇ ਮਮਵਾਕ ਮਨੋ ਖੁਨਸਾਯੋ ॥੩੩॥**

ਸਿਲੂਖ–ਨਟ, ਤਮਾਸ਼ਾ ਕਰਾਉਣ ਵਾਲਾ। ਸੰਭ੍ਰਮ–ਹੈਰਾਨੀ ਭਰੀ ਨਿਗਾਹ। ਰਤਿ–ਕਾਮਦੇਵ ਦੀ ਇਸਤ੍ਰੀ ਦਾ ਨਾਮ ਹੈ। ਘਨ–ਮੋਟੇ ਤੇ ਭਾਰੇ। ਪੀਨ–ਕਰੜੇ। ਕੁਚਾ–ਸਥਨ, ਮੰਮੇ। ਰੋਮਾਂਚ –ਲੂੰ ਕੰਡਿਆਂ ਵਾਂਗੂੰ ਖੜੇ ਹੋਏ। ਅਨੰਗ–ਕਾਮ ਦੇਵ। ਜਗ ਮਾਦਨ–ਜਗਤ ਨੂੰ ਮਸਤ ਕਰਨ ਵਾਲਾ ਕਾਮਦੇਵ। ਘੂਮਤ=ਚੰਚਲ ਹੋ ਕੇ ਵਿਰਦੇ ਹਨ। ਮਨੋ–[ਮਨੋਜ] ਕਾਮਦੇਵ। ੨. ਮਨ ਵਿਚ। ਖੁਨਸਾਯੋ= ਗੁਸੇ ਹੋ ਗਿਆ ਹੈ।

੧. ਉਪਰ ਕਹੀ ਹੋਈ ਗੱਲ ਸੁਣ ਕੇ ਨਟ ਮਨ ਵਿਚ ਡਰ ਗਿਆ ਅਤੇ ਹੈਰਾਨੀ ਭਰ ਨਿਗਾਹ ਨਾਲ ਵੇਖ ਕੇ ਆਪਣੀ ਇਸਤ੍ਰੀ ਨੂੰ ਕਹਿਣ ਲੱਗਾ। ੨. ਰਤੀ ਦੇ ਗਲ ਵਿਚ ਬਾਂਹ ਪਈ ਹੋਈ ਹੈ ਅਤੇ ਉਸ ਦੇ ਕੁਚਾਂ ਨੂੰ ਫੜਿਆ ਹੋਇਆ ਹੈ, ਹਰਖ ਨਾਲ ਰੋਂਗਟੇ ਖੜੇ ਹੋ ਰਹੇ ਹਨ। ਇਸ ਦਸ਼ਾ ਵਿਚ ਇਸਤ੍ਰੀ ਨੂੰ ਨਾਲ ਲੈ ਕੇ ਕਾਮਦੇਵ ਆ ਗਿਆ ਹੈ। ੩. ਕਾਮ ਦੇਵ ਦੀ ਸੋਭ ਅਪਾਰ ਬਣੀ ਹੋਈ ਹੈ, ਮਸਤ-ਹੋਈਆਂ ਅੱਖਾਂ ਚੰਚਲ ਹੋ ਰਹੀਆਂ ਹਨ ਅਤੇ ਅਲਸਾਇਆ ਹੋਇਆ ਤੁਰ ਰਿਹਾ ਹੈ। ੪. ਹੁਣ ਅਸੀਂ ਇਸ ਜਗ੍ਹਾਂ ਤੋਂ ਭੱਜ ਚਲੀਏ, ਕਿਉਂਕਿ ਮੇਰੀ ਗੱਲ ਨੂੰ ਸੁਣ ਕੇ ਕਾਮ ਦੇਵ ਮਨ ਵਿਚ ਗੁਸੇ ਹੋ ਗਿਆ ਹੈ ॥ ੩੪ ॥

**ਸਵੈਯਾ ॥**

**੧. ਇਮ ਭਾਖ ਤਜੀ ਰੰਗ ਭੂਮਿ ਤਿਨੂੰ ਤਬ ਆਇ ਮਨੋਜ ਪ੍ਰਵੇਸ ਕਯੋ ॥**
**੨. ਅਲਿਕੈਂ ਕਚ ਨੀਲ ਕਪੋਲ ਲਟੀ ਰਤਿ ਕੰਠ ਵਿਖੇ ਹੱਸ ਸਾਬ ਦਯੋ ॥**
**੩. ਦ੍ਰਿਗ ਕੰਜ ਚਢਾਇ ਉਠਾਇ ਭੁਜਾ ਰਤਿਨਾਥ ਮਹਾਂ ਉਰ ਕ੍ਰੋਧ ਛਯੋ ॥**
**੪. ਭ੍ਰਿਤਾਧਮ ਪਾਪਿ ਸੁ ਜੀਵਤ ਮੈਂ ਰਤਿ ਨਾਹਿ ਵਿਵੇਕ ਸੁ ਕੋਨ ਭਯੋ ॥ ੩੪ ॥**

ਰੰਗ ਭੂਮਿ –ਤਮਾਸ਼ਾ ਕਰਨ ਵਾਲੀ ਥਾਂ, ਅਖਾੜਾ, ਸਟੇਜ। ਮਨੋਜ–ਕਾਮਦੇਵ। ਪ੍ਰਵੇਸ ਕਯੋ– ਦਾਖਲ ਹੋ ਗਿਆ। ਕਪੋਲ–ਗੱਲ੍ਹਾਂ। ਦ੍ਰਿਗ -ਅੱਖਾਂ। ਕੰਜ–ਕਮਲ, ਕੌਲ ਫੁਲ। ਰਤਿਨਾਥ–ਰਤੀ ਦਾ ਸੁਆਮੀ; ਕਾਮ ਦੇਵ। ਉਰ- ਦਿਲ। ਛਯੋ–ਭਰਿਆ ਹੋਇਆ। ਭ੍ਰਿਤਾਧਮ–[ਕ੍ਰਿਤ+ਅਧਮ] ਨੀਚ ਸੇਵਕ। ਮੇ ਮੇਰੇ।

੧. ਇਸ ਤਰ੍ਹਾਂ ਕਹਿ ਕੇ ਉਨ੍ਹਾਂ ਨਟ ਤੇ ਨਟਨੀ ਨੇ ਅਖਾੜੇ ਨੂੰ ਤਿਆਗ ਦਿਤਾ ਅਤੇ ਉਸ ਵੇਲੇ ਕਾਮਦੇਵ ਆ ਕੇ, ਅਖਾੜੇ ਵਿਚ ਦਾਖਲ ਹੋ ਗਿਆ। ੨. ਕਾਲੇ ਵਾਲਾਂ ਦੀਆਂ ਜ਼ੁਲਫਾਂ ਜਿਸ ਦੀਆਂ ਗੱਲ੍ਹਾਂ ਉਤੇ ਲਟਕ ਰਹੀਆ ਸਨ। ਉਸ ਹੱਸਦੇ ਹੋਏ ਰਤੀ ਦੇ ਗੱਲ ਵਿਚ ਹੱਥ ਪਾਇਆ ਹੋਇਆ ਸੀ। ੩. ਕੌਲ ਫੁਲ ਵਰਗੀਆਂ ਅੱਖਾਂ ਚੜ੍ਹੀਆਂ ਹੋਈਆਂ ਸਨ ਤੇ ਬਾਂਹ ਉਚੀ ਕੀਤੀ ਹੋਈ ਸੀ, ਜਿਥੋਂ ਮਲੂਮ ਹੁੰਦਾ ਸੀ, ਕਿ ਕਾਮਦੇਵ ਦੇ ਮਨ ਵਿਚ ਵੱਡਾ ਕ੍ਰੋਧ ਭਰਿਆ ਹੋਇਆ ਹੈ। ਉਹ ਆਉਂਦਿਆਂ ਹੀ ਕਹਿਣ ਲੱਗਾ–੪. ਓ ਨੀਚ ਸੇਵਕ ! ਓ ਪਾਪੀ ਤੂੰ ਨਹੀਂ ਜਾਣਦਾ ਕਿ ਮੈਂ ਕਾਮਦੇਵ ਦੇ ਜੀਂਵਦਿਆਂ ਉਹ ਵਿਵੇਕ ਕੌਣ ਹੈ ਅਤੇ ਕਿਸ ਨੂੰ ਹੋਇਆ ਹੈ ? ॥੩੪॥

**ਸਵੈਯਾ ॥**

**੧. ਤਬ ਲੌ ਮਨ ਮਾਂਹਿ ਵਿਵੇਕ ਰਹੇ ਸਭੁ ਆਗਮ ਤੇ ਉਪਜਿਓ ਇਹ ਜੋਈ ॥**
**੨. ਜਬ ਲੌਂ ਨਹਿੰ ਨੀਲ ਸਰੋਰੁਹਿ ਸੇਂ ਦ੍ਰਿਗ ਨਾਰਿ ਕਟਾਖਯ ਲਗੇ ਸਰ ਕੋਈ ॥**
**੩. ਨ੍ਰਿਪ ਜੀਤ ਤਜੇ ਨਵ ਖੰਡ ਮਹੀ ਘਰ ਨਾਰਿ ਭਜੇਂ ਕਰ ਜੋਰ ਸੁ ਦੋਈ ॥**

Sri Satguru Jagjit Singh Ji Elibrary NamdhariElibrary@gmail.com

**੪. ਚਤੁਰਾਨਨ ਲੌ ਜਗ ਮਾਂਹਿ ਪਿਖੇ ਦ੍ਰਿਗ ਨਾਰਿ ਅਜੀਤ ਨਹੀ ਭਟਹੋਈ॥੩੫॥**

ਆਗਮ-ਸ਼ਾਸਤ੍ਰ। ਸਰੋਰੁਹਿ-ਕਮਲ। ਕਟਾਖਯ-ਤਿਰਛੀ ਨਿਗਾਹ, ਭੇਦ ਭਰੀ ਨਜ਼ਰ।
ਸਰ-ਤੀਰ। ਚਤੁਰਾਨਨ-ਚਾਰ ਮੂੰਹਾਂ ਵਾਲਾ ਬ੍ਰਹਮ। ਅਜੀਤ=ਨਾ ਜਿਤੇ ਜਾਣ ਵਾਲਾ।

੧. ਚੇਤੇ ਰਖੋ ਇਹ ਵਿਵੇਕ ਜੋ ਸ਼ੁਭ ਸ਼ਾਸ਼ਤ੍ਰਾਂ ਪਵਿਤ੍ਰ ਗ੍ਰੰਥ ਪੁਸਤਕਾਂ ਤੋਂ ਪੈਦਾ ਹੋਇਆ ਹੈ, ਤਦ ਤਕ ਹੀ ਮਨ ਵਿਚ ਰਹਿੰਦਾ ਹੈ। ੨. ਜਦ ਤਕ ਇਸਤ੍ਰੀ ਦੇ ਨੀਲੇ ਕਮਲਾਂ ਵਰਗੀਆਂ ਅੱਖਾਂ ਵਿਚੋਂ ਕੋਈ ਕਟਾਖਯ ਰੂਪ ਤੀਰ ਨਹੀਂ ਵੱਜਦਾ। ੩. ਜਿਹੜੇ ਰਾਜੇ ਨੌ ਖੰਡ, ਵਾਲੀ ਧਰਤੀ ਨੂੰ ਜਿੱਤ ਲੈਣ ਵਾਲੇ ਹਨ, ਉਹ ਭੀ ਘਰ ਦੇ ਅੰਦਰ ਜਾ ਕੇ ਦੋਵੇਂ ਹੱਥ ਜੋੜ ਕੇ ਇਸਤ੍ਰੀ ਦੀ ਸੇਵਾ ਕਰਦੇ ਤੇ ਉਸ ਦੇ ਹੁਕਮ ਨੂੰ ਮੰਨਦੇ ਹਨ। ੪. ਬ੍ਰਹਮਾ ਤੋਂ ਲੈ ਕੇ ਤੁਛ ਜੀਵੀ ਤਕ ਜਗਤ ਵਿਚ ਮੈਂ ਸਾਰਿਆਂ ਨੂੰ ਵੇਖਿਆ ਹੈ, ਇਸਤ੍ਰੀ ਦੇ ਨੈਨਾਂ ਤੋਂ ਅਜਿੱਤ ਸੂਰਮਾ ਕੋਈ ਭੀ ਨਹੀਂ ਹੈ, ਅਰਥਾਤ ਇਸਤਰੀ ਦੇ ਨੈਨਾਂ ਨੇ ਸਾਰੇ ਜਗਤ ਨੂੰ ਜਿੱਤ ਲਿਆ ਹੋਇਆ ਹੈ। ੩੫॥

### ਸਵੈਯਾ॥

**੧. ਧੌਲ ਜਹਾਂ ਗ੍ਰਹ ਊਚ ਬਨੇ ਗਜ ਦੰਤਨ ਮੰਚ ਸੁ ਸੇਜ ਸਵਾਰੀ॥**
**੨. ਮੱਧ ਬਿਰਾਜਤ ਚੰਦ੍ਰ ਕਲਾ ਸਮ ਵਾਰਿਜ ਨੈਨ ਸੁ ਨੂਤਨ ਨਾਰੀ॥**
**੩. ਭੂਖਨ ਚੰਪਕ ਹਾਰ ਘਨੇ ਤਨੁ ਚੰਦਨ ਕੁੰਕਮ ਗੰਧ ਉਦਾਰੀ॥**
**੪. ਚੰਦ ਉਦੇ ਤਮ ਦੂਰ ਭਏ ਨਿਸ ਮਾਂਹਿ ਖਿਰੀ ਸੁ ਮਨੋਜ ਕੀ ਬਾਰੀ॥ ੩੬॥**

ਧੌਲ=ਧੌਲਰ, ਮਹੱਲ। ਗਜ ਦੰਤਨ-ਹਾਥੀ ਦੰਦਾਂ ਦਾ। ਮੰਚ-ਮੰਜਾ, ਪਲੰਘ। ਚੰਦ੍ਰ ਕਲਾ=
ਚੰਦਰ ਮੁਖੀ, ਚੰਦਮਾਂ ਜਿਹੇ ਮੂੰਹ ਵਾਲੀ। ਵਾਰਿਜ-ਕਮਲ। ਨੂਤਨ-ਨਵੀਂ ਚੜ੍ਹਦੀ ਜੁਆਨੀ
ਵਾਲੀ। ਚੰਪਕ-ਚੰਬੇ ਦੇ ਫੂਲ। ਕੁੰਕਮ-ਕੇਸਰ। ਗੰਧ-ਵਾਸ਼ਨਾ। ਉਦੇ-ਚੜ੍ਹਿਆ ਹੋਵੇ।
ਤਮ-ਹਨੇਰਾ। ਨਿਸ-ਰਾਤ। ਬਾਰੀ-ਬਗੀਚੀ, ਫੁਲਵਾੜੀ।

੧. ਜਿਥੇ ਉਚਾ ਮਹੱਲ ਬਣਿਆ ਹੋਵੇ ਅਤੇ ਉਸ ਘਰ ਵਿਚ ਹਾਥੀ ਦੇ ਦੰਦਾਂ ਦਾ ਪਲੰਘ ਡੱਠਾ ਹੋਇਆ ਹੋਵੇ, ਜਿਸ ਉਤੇ ਦੁਧ ਦੀ ਝੱਗ ਜੇਹੀ ਚਿੱਟੀ ਸੇਜਾ ਸਵਾਰੀ ਹੋਈ ਹੋਵੇ। ੨. ਉਸ ਸੇਜਾ ਦੇ ਵਿਚਾਲੇ ਚੰਦ੍ਰਮਾ ਜਿਹੇ ਮੂੰਹ ਵਾਲੀ ਇਸਤ੍ਰੀ ਬੈਠੀ ਹੋਵੇ ਅਤੇ ਉਸ ਨਵੀਂ ਚੜ੍ਹਦੀ ਉਮਰਾ ਵਾਲੀ ਇਸਤ੍ਰੀ ਦੇ ਨੈਨ ਕਮਲ ਸਮਾਨ ਮੋਟੇ ਤੇ ਚੌੜੇ ਹੋਣ। ੩. ਸੋਨੇ ਦੇ ਜੜਾਊ ਗਹਿਣੇ ਤੇ ਚੰਬੇ ਦੇ ਹਾਰਾਂ ਨਾਲ ਤਨ ਨੂੰ ਸਜਾਇਆ ਹੋਵੇ ਅਤੇ ਸਰੀਰ ਉਤੇ ਚੰਦਨ-ਕੇਸਰ ਆਦਿਕ ਬੜੀ ਸੁੰਦਰ ਸੁਗੰਧੀ ਲਾਈ ਹੋਈ ਹੋਵੇ। ੪. ਚੰਦ੍ਰਮਾਂ ਚੜ੍ਹ ਚੁਕਾ ਹੋਵੇ, ਹਨੇਰਾ ਦੂਰ ਹੋ ਗਿਆ ਹੋਵੇ। ਇਹਨਾਂ ਸਭਨਾਂ ਚੀਜ਼ਾਂ ਨੂੰ ਇਉਂ ਸਮਝਣਾ ਚਾਹੀਦਾ ਹੈ, ਮਾਨੋ ਰਾਤ ਵਿਚ ਇਹ ਕਾਮਦੇਵ ਦੀ ਬਗੀਚੀ ਖਿੜੀ ਹੋਈ ਹੈ, ਅਰਥਾਤ ਅਜਿਹੀ ਸਾਮਿਗ੍ਰੀ ਨੂੰ ਪ੍ਰਾਪਤ ਕਰ ਕੇ ਕਿਸੇ ਦਾ ਭੀ ਚਿਤ ਅਡੋਲ ਨਹੀਂ ਰਹਿੰਦਾ, ਸਾਰਿਆਂ ਦੇ ਮਨ ਵਿਚ ਕਾਮ-ਵੇਗ ਜਾਗ ਪੈਂਦਾ ਹੈ॥ ੩੬॥

### ਸਵੈਯਾ॥

**੧. ਇਹ ਆਯੁਧ ਮੋਹਿ ਜਯੰਤ ਸਦਾ ਇਨ ਧਾਰ ਮਲੇ ਜਗ ਆਹਿ ਬਲੀ ਕੋ॥**
**੨. ਇਨ ਹੋਵਤ ਕੌਨ ਵਿਵੇਕ ਅਹੇ ਪੁਨ ਬੋਧ ਉਦੇ ਨਹਿੰ ਹੋਤ ਕਲੀ ਕੋ॥**
**੩. ਜਨ ਔਰਨ ਕੀ ਜਗ ਕੌਨ ਕਥਾ ਧ੍ਰਿਤ ਸੰਜਮ ਜੋ ਜਨ ਜਾਇ ਗਲੀ ਕੋ॥**

**੪.ਦ੍ਰਿਗ ਕੰਜ ਫਿਰਾਇ ਪਿਖੇ ਜੁਵਤੀ ਚਿਤ ਯੌਂ ਤਰਫੈ ਜਨ ਮੀਨ ਥਲੀ ਕੋ॥੩੭॥**

ਆਯੁਧ—ਸ਼ਸਤ੍ਰ । ਜਯੰਤ—ਜੀਊਂਦੇ ਹਨ । ਧਾਰ ਮਲੇ—ਧਾਰ ਖੁੰਡੀ ਕਰੇ । ਕਲੀ ਕੋ—ਕਲਜੁਗੀ ਬੰਦੇ ਨੂੰ । ਧ੍ਰਿਤ ਸੰਜਮ—ਸਾਧਨ ਸਪੰਨ ਪੁਰਸ਼, ਇੰਦਰੈ ਜਿੱਤ । ਜੁਵਤੀ—[ਯੁਵਤੀ] ਇਸਤ੍ਰੀ । ਮੀਨ—ਮੱਛੀ । ਥਲੀ—ਰੇਤ ਥਲੀ ।

੧. ਮੇਰੇ ਇਹ ਸ਼ਸਤ੍ਰ ਸਦਾ ਜੀਊਂਦੇ ਹਨ, ਜਗਤ ਵਿਚ ਅਜਿਹਾ ਕਿਹੜਾ ਬਲਵਾਨ ਹੈ ਜੋ ਇਹਨਾਂ ਦੀ ਤੇਜ ਧਾਰ ਨੂੰ ਖੁੰਢੀ ਕਰੇਗਾ ? ੨. ਇਹਨਾਂ ਦੇ ਹੁੰਦਿਆਂ ਵਿਵੇਕ ਵਿਚਾਰ ਕੌਣ ਚੀਜ਼ ਹੈ ? ਫੇਰ ਕਲਜੁਗ ਦੇ ਜੀਵਾਂ ਨੂੰ ਗਿਆਨ ਉਦੇ ਹੀ ਨਹੀਂ ਹੋ ਸਕਦਾ । ੩. ਜਗਤ ਦੇ ਹੋਰਨਾਂ ਜੀਵਾਂ ਦੀ ਕਥਾ ਹੀ ਕੀ ਕਹਿਣੀ ਹੈ ? ਜੋ ਇੰਦਰੇ ਜਿਤ ਪੁਰਸ਼ ਹਨ, ਜੋ ਉਹ ਭੀ ਕਿਸੇ ਗਲੀ ਵਿਚੋਂ ਲੰਘ ਜਾਣ । ੪. ਅਤੇ ਇਸਤ੍ਰੀ ਆਪਣੇ ਕਮਲ ਨੈਨਾਂ ਨੂੰ ਫ਼ਿਰਾ ਕੇ ਉਹਨਾਂ ਵਲੇ ਵੇਖ ਲਵੇ, ਤਦ ਉਹਨਾਂ ਦਾ ਚਿੱਤ ਤੜਫਨ ਲਗ ਜਾਂਦਾ ਹੈ, ਜਿਵੇਂ ਥਲੀ ਦੀ ਮੱਛੀ ਤੜਫਦੀ ਹੈ ॥ ੩੭ ॥

॥ ਰਤਿ ਉਵਾਚ ॥

**ਦੋਹਰਾ—ਆਰਯ ਪੁਤ੍ਰ ਸੁ ਅਤਿ ਬਲੀ, ਭਾਖੈਂ ਮੁਨੀ ਅਨੇਕ ॥**
**ਮਹਾਂ ਮੋਹ ਭੁਪਾਲ ਕੋ, ਯਾ ਜਗ ਸ਼ਤ੍ਰ ਬਿਬੇਕ ॥ ੩੮ ॥**

ਨੋਟ—ਇਸਤ੍ਰੀਆਂ ਆਪਣੇ ਪਤੀ ਦਾ ਨਾਮ ਨਹੀਂ ਲੈਂਦੀਆਂ, ਇਸੇ ਕਰਕੇ ਕਿਸੇ ਜਗ੍ਹਾ ਤੇ ਪਤੀ ਨੂੰ 'ਆਰਯ' ਅਤੇ ਕਿਸੇ ਥਾਂ ਤੇ 'ਆਰਯ ਪੁਤ੍ਰ' ਪਦ ਨਾਲ ਸੰਬੋਧਨ ਕੀਤਾ ਹੈ ਅਤੇ ਇਸ ਦਾ ਅਰਥ ਹੈ, ਹੇ ਸਰੇਸ਼ਟ ਪੁਰਸ਼ ਦੇ ਪੁਤ੍ਰ!

ਨੋਟ—੨. ਇਸ ਦੋਹਰੇ ਨੂੰ ਪਹਿਲੇ ਅਨ੍ਵੈ ਕਰਕੇ ਅਰਥ ਕਰੋ:—

ਅਨ੍ਵੈ ਪਾਠ—'ਆਰਯ ਪੁਤ੍ਰ ! ਅਨੇਕ ਮੁਨੀ ਭਾਖੈਂ, ਬਿਬੇਕ ਸੁ ਅਤਿ ਬਲੀ, ਯਾ ਜਗ ਸ਼ਤ੍ਰ ਮਹਾਂ ਮੋਹ ਭੂਪਾਲ ਕੋ ।'

ਰਤੀ ਨੇ ਕਿਹਾ—ਹੇ ਸੁਆਮੀ ਜੀ ! ਅਨੇਕਾਂ ਮੁਨੀ ਜਨ ਇਹ ਗੱਲ ਆਖਦੇ ਹਨ, ਕਿ ਬਿਬੇਕ ਰਾਜਾ ਬਹੁਤ ਬਲਵਾਨ ਹੈ ਅਤੇ ਇਸ ਜਗਤ ਵਿਚ ਇਕ ਓਹੋ ਹੀ ਮਹਾਂ-ਮੋਹ ਰਾਜੇ ਦਾ ਵੈਰੀ ਹੈ ॥ ੩੮ ॥

॥ ਕਾਮ ਉਵਾਚ ॥

**ਸਵੈਯਾ ॥੧. ਤਵ ਨਾਰਿ ਸੁਭਾਵ ਤੇ ਸੰਕ ਭਈ ਪ੍ਰਤਿਪੱਖਨ ਤੇ ਹਮ ਨਾਂਹਿ ਡਰੇ ॥**
**੨. ਪਿਖ ਯਦਯਪਿ ਫੂਲ ਸ਼ਰਾਸਨ ਔ ਸਰ ਮੈਂ ਕਰ ਭੀਤਰ ਆਪ ਧਰੇ ॥**
**੩. ਜਨੁ ਤਦਪਿ ਆਯਸੁ ਮੋਹਿ ਉਲੰਘ ਮਹੂਰਤ ਧੀਰਜ ਨਾਂਹਿ ਧਰੇ ॥**
**੪. ਸੁਨ ਵਾਮ ਉਰੂ ਸੁਰ ਦੈਤ ਸਭੇ ਜਗ ਭੀਤਰ ਹੈਂ ਬਸ ਮੋਹਿ ਕਰੇ ॥੩੯॥**

ਪ੍ਰਤਿ ਪੱਖਨ—ਵਿਰੋਧੀ ਧੜੇ ਵਾਲਿਆਂ, ਦੁਸ਼ਮਨਾਂ । ਯਦਯਪਿ—ਭਾਵੇਂ । ਸਰਾਸਨ—ਧਨੁਖ । ਸਰ—ਬਾਨ, ਤੀਰ । ਮਹੂਰਤ—ਦੋ ਘੜੀਆਂ, ੪੫ ਮਿੰਟ ਜਿੰਨਾ ਸਮਾ ੧ ਘੜੀ ਦੇ ਕਰੀਬਨ ਹੁੰਦਾ ਹੈ । ਵਾਮ ਉਰੂ—ਸੁੰਦਰ ਪੱਟਾਂ ਵਾਲੀਏ, ਕਾਮੀ ਪੁਰਸ਼ ਦਾ ਕਾਮ ਉਦੀਪਨ ਅਵਸਥਾ ਵੇਲੇ ਪਿਆਰੀ ਲਈ ਸੰਬੋਧਨ ਸ਼ਬਦ ।

੧. ਕਾਮ ਨੇ ਕਿਹਾ—ਹੇ ਰਤੀ ! ਇਸਤ੍ਰੀ ਦਾ ਸੁਭਾਵ ਚੰਚਲ ਹੁੰਦਾ ਹੈ, ਉਸੇ ਇਸਤ੍ਰੀ ਸੁਭਾਵ ਕਰਕੇ, ਤੈਨੂੰ ਸ਼ੰਕਾ ਹੋਇਆ ਹੈ, ਪਰ ਤੂੰ ਨਿਸਚਾ ਰੱਖ ਕਿ ਅਸੀਂ ਵੈਰੀਆਂ ਪਾਸੋਂ ਰਤਾ ਭਰ ਵੀ ਡਰਦੇ ਨਹੀਂ ਹਾਂ । ੨. ਵੇਖ ! ਆਪਣੇ ਹੱਥ ਵਿਚ ਧਨੁਖ ਤੇ ਬਾਨ ਭਾਵੇਂ ਮੈਂ ਫੂਲਾਂ ਦੇ ਧਾਰੇ ਹੋਏ ਹਨ । ੩. ਤਦ ਭੀ ਮੇਰੀ

Sri Satguru Jagjit Singh Ji Elibrary NamdhariElibrary@gmail.com

ਆਗਿਆ ਨੂੰ ਉਲੰਘ ਕੇ ਕੋਈ ਆਦਮੀ ਦੋ ਘੜੀਆਂ ਭੀ ਧੀਰਜ ਨਹੀਂ ਧਰ ਸਕਦਾ। ੪. ਹੇ ਸੁੰਦਰ ਪੱਟਾਂ ਵਾਲੀਏ! ਸੁਣ, ਸਾਰੇ ਦੇਵਤ ਤੇ ਦੈਂਤ, ਜਗਤ ਵਿਚ ਮੈਂ ਆਪਣੇ ਵੱਸ ਕੀਤੇ ਹੋਏ ਹਨ ॥ ੩੯ ॥

**ਦੋਹਰਾ–੧. ਜਾਨਤ ਕਾਮ ਨ ਨਾਰਿ ਕਛੁ, ਸਿੰਗੀ ਰਿਖ ਬਨ ਮਾਂਹਿ ॥**

**੨. ਮੋ ਸਰ ਚੀਤ ਭ੍ਰਮਾਇਓ, ਗਯੋ ਭੂਪ ਗ੍ਰਿਹ ਮਾਂਹਿ ॥ ੪੦ ॥**

ਕਾਮ ਨੇ ਆਪਣਾ ਜ਼ੋਰ ਜਣਾਉਣ ਵਾਸਤੇ ਇਸਤ੍ਰੀ ਨੂੰ ਕਿਹਾ–ਹੇ ਰਤੀ! ੧. 'ਸ਼੍ਰਿੰਗੀ' ਨਾਮ ਵਾਲਾ ਇਕ ਰਿਖੀ ਬਨ ਵਿਚ ਰਹਿੰਦਾ ਸੀ,ਜੋ ਨਾ ਹੀ ਕਾਮ ਨੂੰ ਜਾਣਦਾ ਸੀ ਤੇ ਨਾ ਹੀ ਇਸਤ੍ਰੀ ਨੂੰ ਜਾਣਦਾ ਸੀ,ਜਦ ਮੈਂ ਉਸ ਨੂੰ ਤੀਰ ਮਾਰਿਆ, ਤਾਂ ੨. ਮੇਰੇ ਤੀਰ ਨੇ ਉਸ ਦੇ ਚਿੱਤ ਨੂੰ ਭਰਮਾ ਦਿੱਤਾ, ਤਾਂ ਉਹ ਬਨ ਵਿਚੋਂ ਉਠ ਕੇ ਰਾਜੇ ਦੇ ਘਰ ਵਿਚ ਚਲਾ ਗਿਆ ਸੀ ॥ ੪੦ ॥

**ਦੋਹਰਾ–੧. ਤਾਕੀ ਕਥਾ ਸੰਖੇਪਤੇ, ਕਹੌਂ ਸੁਣੋ ਚਿੱਤ ਲਾਇ ॥**

**੨. ਵਾਮ ਉਰੂ ਸੰਸਾ ਮਿਟੇ, ਤੋਹਿ ਨਿਖਲ ਡਰ ਜਾਇ ॥ ੪੧ ॥**

ਸੰਖੇਪਤੇ–ਮੁਖਤਸਿਰ ਜੇਹੀ। ਨਿਖਲ–ਸਮੁਦਾ, ਸਾਰੇ ਦਾ ਸਾਰਾ।

੧. ਉਸ ਦੀ ਕਥਾ ਮੈਂ ਸੰਖੇਪ ਜੇਹੀ ਕਹਿੰਦਾ ਹਾਂ ਤੂੰ ਚਿੱਤ ਲਾਕੇ ਸੁਣ। ੨. ਹੇ ਵਾਮ ਉਰੂ। ਜਿਸ ਦੇ ਸੁਣਿਆਂ ਤੇਰਾ ਸੰਸਾ ਮਿਟ ਜਾਏਗਾ ਅਤੇ ਤੇਰੇ ਮਨ ਵਿਚੋਂ ਸਾਰੇ ਦਾ ਸਾਰਾ ਡਰ ਭੀ ਦੂਰ ਹੋ ਜਾਏਗਾ ॥ ੪੧ ॥

**ਚੌਪਈ–੧. ਲੋਮਪਾਦ ਇਕ ਭੂਪਤਿ ਭਾਰਾ ॥ ਜਾ ਕੇ ਯਸ਼ ਸਭ ਭੋਨ ਮਝਾਰਾ ॥**

**੨. ਦਸਰਥ ਕੋ ਵਹੁ ਮੀਤ ਕਹੀਜੈ ॥ ਜਾ ਕੋ ਹੇਰਿ ਅਮੰਗਲ ਛੀਜੈ ।੪੨।**

ਭੋਨ–ਲੋਕ। ਹੇਰਿ–ਵੇਖ ਕੇ। ਅਮੰਗਲ–ਦੁਖ ਕਲੇਸ਼।

੧. 'ਲੋਮ ਪਾਦ' ਨਾਮ ਵਾਲਾ ਇਕ ਵਡਾ ਰਾਜਾ ਹੋਇਆ ਹੈ, ਸਾਰੇ ਲੋਕਾਂ ਵਿਚ ਜਿਸ ਦਾ ਜਸ ਫੈਲਿਆ ਹੋਇਆ ਸੀ। ੨. ਦਸਰਥ ਰਾਜੇ ਦਾ ਉਹ ਮਿੱਤਰ ਕਿਹਾ ਜਾਂਦਾ, ਜਿਸਦਾ ਦਰਸ਼ਨ ਕਰਦਿਆਂ ਹੀ ਦੁਖ-ਕਲੇਸ਼ ਦੂਰ ਹੋ ਜਾਂਦੇ ਸਨ ॥ ੪੨ ॥

**੧. ਤਾਕੇ ਦੇਸ ਕੇ ਬਹੁ ਬਿਸਥਾਰਾ ॥ ਵਰਖਾ ਹੋਇ ਨ ਤਾਂਹਿ ਮਝਾਰਾ ॥**

**੨. ਤਾਕੀ ਪ੍ਰਜਾ ਦੁਖੀ ਸਭ ਐਸੀ ॥ ਤਪਤ ਅਲਪ ਜਲ ਮਛਲੀ ਜੈਸੀ ॥ ੪੩ ॥**

੧. ਉਸ ਦਾ ਰਾਜ ਬਹੁਤੇ ਦੇਸਾਂ ਵਿਚ ਫੈਲਿਆ ਹੋਇਆ ਸੀ, ਇਕ ਸਮੇਂ ਉਸ ਦੇ ਰਾਜ ਵਿਚ ਮੀਂਹ ਨਾ ਵਸਿਆ। ੨. ਤਾਂ ਉਸ ਦੀ ਸਾਰੀ ਪਰਜਾ ਇਸ ਤਰ੍ਹਾਂ ਦੀ ਦੁਖੀ ਹੋ ਗਈ, ਜਿਸ ਤਰ੍ਹਾਂ ਸੂਰਜ ਦੀ ਗਰਮੀ ਨਾਲ ਤਤੇ ਹੋ ਚੁਕੇ ਹੋਏ ਛੋਟੇ ਛੋਟੇ ਪਾਣੀ ਵਿਚ ਮੱਛੀ ਦੁਖੀ ਹੋ ਕੇ ਤੜਫਦੀ ਹੈ ॥ ੪੩ ॥

**੧. ਵਿਪ੍ਰ ਜੋਤਿਕੀ ਭੂਪ ਬੁਲਾਏ ॥ ਵਰਖਾ ਹੋਇ ਸੁ ਕੌਣ ਉਪਾਏ ॥**

**੨. ਵਿਪ੍ਰਨ ਬਹੁ ਬਿਧਿ ਕੀਨ ਵਿਚਾਰਾ ॥ ਭੂਪਤਿ ਕੋ ਇਹ ਭਾਂਤਿ ਉਚਾਰਾ ।੪੪।**

੧. ਰਾਜੇ ਲੋਮ ਪਾਦ ਨੇ ਉਸ ਵੇਲੇ ਪੰਡਿਤ ਤੇ ਜੋਤਸ਼ੀ ਬੁਲਾਏ ਅਤੇ ਉਹਨਾਂ ਤੋਂ ਪੁਛਿਆ–ਦਸੋ ਉਹ ਕਿਹੜਾ ਉਪਾਓ ਹੈ। ਜਿਸ ਕਰਕੇ ਵਰਖਾ ਹੋ ਜਾਵੇ। ੨. ਪੰਡਿਤਾਂ ਨੇ ਬਹੁਤ ਤਰ੍ਹਾਂ ਦੀ ਵਿਚਾਰ ਕੀਤੀ ਅਤੇ ਰਾਜੇ ਨੂੰ ਇਸ ਤਰ੍ਹਾਂ ਕਹਿ ਸੁਣਾਇਆ ॥ ੪੪ ॥

**੧. ਸ਼੍ਰਿੰਗੀ ਰਿਖਿ ਬਨ ਭੀਤਰ ਜੋਈ ॥ ਆਇ ਇਹਾਂ ਤਬ ਬਰਖਾ ਹੋਈ ॥**

Sri Satguru Jagjit Singh Ji Elibrary NamdhariElibrary@gmail.com

**੨. ਵਹ ਨਿਰਪੇਖ ਮਹਾਂ ਮੁਨਿ ਗ੍ਯਾਨੀ ॥ ਆਵੈ ਕਿਹ ਪ੍ਰਕਾਰ ਰਜਧਾਨੀ ।੪੫।**

ਨਿਰਪੇਖ=ਨਿਰ ਇੱਛਤ, ਇੱਛਾ ਰਹਿਤ ।

੧. ਜੋ ਸ੍ਰਿੰਗੀ ਰਿਖੀ ਬਨ ਵਿਚ ਰਹਿੰਦਾ ਹੈ, ਉਹ ਜਦ ਇਥੇ ਆਵੇਗਾ, ਤਦੋਂ ਹੀ ਵਰਖਾ ਹੋਵੇਗੀ । ੨. ਪਰ ਉਹ ਮਹਾਂ ਮੁਨੀ ਇੱਛਾ ਤੋਂ ਰਹਿਤ ਤੇ ਗਿਆਨੀ ਹੈ, ਉਹ ਰਾਜਧਾਨੀ ਵਿਚ ਕਿਸਤਰ੍ਹਾਂ ਆਵੇਗਾ ?।੪੫।

**੧. ਲੈਨ ਨ ਤਾਕੋ ਕੋਈ ਜਾਵੈਂ ॥ ਸ਼੍ਰਾਪ ਅਗਨਿ ਤੇ ਸਭ ਡਰ ਪਾਵੈਂ ॥**
**੨. ਤਬ ਤਿਨ ਵਾਰਵਧੂ ਸੁ ਬੁਲਾਈ । ।ਦਾਨ ਮਾਨ ਕਰਿ ਪਾਸ ਬਿਠਾਈ।੪੬।**

ਵਾਰਵਧੂ—ਵੇਸਵਾ, ਕੰਜਰੀਆਂ । ਸ਼੍ਰਾਪ—ਸਰਾਪ । ਦਾਨ ਮਾਨ—ਸਨਮਾਨ ਦੇ ਕੇ ।

੧. ਉਸ ਨੂੰ ਲਿਆਉਣ ਵਾਸਤੇ ਕੋਈ ਭੀ ਨਹੀਂ ਜਾਂਦਾ, ਉਸ ਦੇ ਸਰਾਪ ਰੂਪ ਅੱਗ ਤੋਂ ਸਾਰੇ ਡਰ ਪਾਉਂਦੇ ਹਨ । ੨. ਤਦ ਉਸ ਰਾਜੇ ਨੇ ਕੰਜਰੀਆਂ ਨੂੰ ਸੱਦ ਲਿਆ ਅਤੇ ਇਨਾਮ ਤੇ ਸਨਮਾਨ ਦੇ ਕੇ ਕੋਲ ਬਹਾ ਲਿਆ ॥ ੪੬ ॥

**੧. ਸ੍ਰਿੰਗੀ ਰਿਖਿ ਬਨ ਜਾਂਹਿ ਅਗਾਰਾ ॥ ਤਾਕੋ ਲਿਆਵੋ ਨਗਰ ਮਝਾਰਾ ॥**
**੨. ਸੁਣ ਕਰਿ ਵਾਰਵਧੂ ਅਕੁਲਾਨੀ ॥ ਸਾਪ ਅਗਨਿ ਤੇ ਅਤਿ ਡਰਪਾਨੀ ।੪੭।**

ਅਗਾਰਾ—ਘਰ । ਅਕੁਲਾਨੀ—ਘਬਰਾ ਗਈਆਂ ।

ਰਾਜੇ ਨੇ ਕਿਹਾ—ਉਹ ਸ੍ਰਿਗੀ ਰਿਖੀ ਜਿਸ ਦਾ ਘਰ ਬਨ ਵਿਚ ਹੈ, ਉਸ ਨੂੰ ਮੇਰੇ ਸ਼ਹਿਰ ਵਿਚ ਲੈ ਆਵੋ । ੨. ਇਸ ਹੁਕਮ ਨੂੰ ਸੁਣ ਕੇ ਕੰਜਰੀਆਂ ਘਬਰਾ ਗਈਆਂ ਅਤੇ ਉਸ ਦੇ ਸਰ੍ਹਾਪ ਰੂਪ ਅੱਗ ਤੋਂ ਬਹੁਤ ਡਰ ਗਈਆਂ ॥ ੪੭ ॥

**੧. ਪਰ ਭੂਪਤਿ ਕੀ ਆਇਸੁ ਜੋਈ ॥ ਮੇਟਿ ਨ ਸਕੈ ਕਦਾਚਿਤ ਸੋਈ ॥**
**੨. ਤਬ ਤਿਨ ਏਕ ਉਪਾਉ ਸੁ ਕੀਨੋ ॥ ਨੌਕਾ ਬਾਂਧਿ ਸਥੰਡਲ ਕੀਨੋ ॥ ੪੮ ॥**

ਕਦਾਚਿਤ - ਕਿਸੇ ਤਰ੍ਹਾਂ । ਨੌਕਾ=ਬੇੜੀ । ਸਥੰਡਲ—ਥੜਾ ।

੧. ਪਰ ਰਾਜੇ ਦਾ ਜੋ ਹੁਕਮ ਹੋ ਚੁਕਾ ਹੈ, ਉਸ ਨੂੰ ਕੋਈ ਕਿਸੇ ਤਰ੍ਹਾਂ ਭੀ ਮੋੜ ਨਹੀਂ ਸਕਦੀਆਂ । ੨. ਤਦ ਉਨ੍ਹਾਂ ਨੇ ਅੰਤ ਨੂੰ ਇਕ ਉਪਾਉ ਕੀਤਾ ਕਿ ਬੇੜੀਆਂ ਨੂੰ ਬੰਨ੍ਹ ਉਨ੍ਹਾਂ ਵਿਚ ਇਕ ਮਿੱਟੀ ਦਾ ਥੜਾ ਬਣਾ ਦਿਤਾ ॥ ੪੮ ॥

**੧. ਤਾਮੈ ਰੰਭਾ ਪੁੰਜ ਜਰਾਏ ॥ ਲਾਡੂ ਕਰਨਪੂਰ ਫਲ ਲਾਏ ॥**
**੨. ਕਹੂੰ ਜਲੇਬੀ ਕਹੂੰ ਅਪੂਪਾ ॥ ਕਹੂੰ ਸੁ ਬੂੰਦੀ ਰੁਚੀ ਅਨੂਪਾ ॥ ੪੯ ॥**

ਰੰਭਾ—ਕੇਲਾ ਬ੍ਰਿਛ । ਕਰਨਪੂਰ—ਘੇਵਰ, ਇਕ ਤਰ੍ਹਾਂ ਦੀ ਮਠਿਆਈ ਦਾ ਨਾਮ ਹੈ ।

ਅਪੂਪਾ—ਪੂੜੇ । ਅਨੂਪਾ—ਮਹਾਂ ਸੁੰਦਰ ।

੧. ਉਸ ਥੜੇ ਦੇ ਵਿਚ ਕੇਲੇ ਦੇ ਬ੍ਰਿਛ ਗੱਡ ਦਿਤੇ, ਉਨ੍ਹਾਂ ਨਾਲ ਫੁਲਾਂ ਦੀ ਥਾਂ ਤੇ ਲੱਡੂ ਤੇ ਘੇਵਰ ਲਾ ਦਿਤੇ । ੨. ਕਿਧਰੇ ਜਲੇਬੀਆਂ ਤੇ ਕਿਧਰੇ ਮਹਾਂ ਸੁੰਦਰ ਬੂੰਦੀ ਲਗਾ ਦਿਤੀ ॥ ੪੯ ॥

**ਦੋਹਰਾ—੧. ਕ੍ਰਿਤਮ ਬੇਲ ਤਮੇਰਚੀ ਫੂਲ ਪਾਤ ਬਹੁ ਭਾਇ ॥**
**੨. ਲਾਚੀ ਦਾਣੇ ਕੀ ਤਹਾਂ ਰਚੀ ਸੁ ਦਾਖ ਬਨਾਇ ॥ ੫੦ ॥**

Sri Satguru Jagjit Singh Ji Elibrary NamdhariElibrary@gmail.com

ਕ੍ਰਿਤਮ - ਬਨਾਉਟੀ, ਕਾਗਤਾਂ ਦੀ ਬਣਾਈ ਹੋਈ।

੧. ਉਸ ਕੇਲਿਆਂ ਦੇ ਬਨ ਵਿਚ ਕਾਗਤਾਂ ਦੀਆਂ ਬਨਾਉਟੀ ਵੇਲਾਂ ਬਣਾ ਦਿਤੀਆਂ ਜਿਨ੍ਹਾਂ ਨਾਲ ਬਹੁਤ ਤਰ੍ਹਾਂ ਦੇ ਫਲ, ਫੁਲ ਤੇ ਪੱਤੇ ਲਗਾ ਦਿਤੇ। ੨. ਉਨ੍ਹਾਂ ਵੇਲਾਂ ਨਾਲ ਲਾਚੀ ਦਾਣੇ ਦੀ ਦਾਖ ਬਣਾ ਕੇ ਲਟਕਾ ਦਿਤੀ॥ ੫੦॥

**ਚੌਪਈ-੧. ਯਾ ਬਿਧ ਧਾਰ ਅਡੰਬਰ ਬਾਲ॥ ਗਈ ਤਹਾਂ ਜਹਿੰ ਵਿਪਨ ਵਿਸ਼ਾਲ॥**
**੨. ਮੁਨਿ ਆਸ਼੍ਰਮ ਤੇ ਕਿੰਚਿਤ ਦੂਰਾ॥ ਨੌਕਾ ਥਾਪੀ ਨੀਰ ਗਰੂਰਾ॥੫੧॥**

ਅਡੰਬਰ-ਠਾਠ ਬਾਠ। ਬਾਲਾ-ਇਸਤ੍ਰੀਆਂ। ਵਿਪਨ-ਜੰਗਲ। ਥਾਪੀ-ਖੜੀ ਕੀਤੀ। ਗਰੂਰਾ=ਡੂੰਘਾ।

੧, ਉਹ ਵੇਸਵਾ ਇਸਤ੍ਰੀਆਂ ਇਸ ਤਰ੍ਹਾਂ ਦਾ ਅਡੰਬਰ ਬਣਾਕੇ ਉਥੇ ਗਈਆਂ ਜਿਥੇ ਘਣਾ ਜੰਗਲ ਸੀ। ੨. ਸ਼੍ਰਿੰਗੀ ਰਿਖੀ ਦੇ ਆਸ਼ਰਮ ਤੋਂ ਥੋੜੀ ਜੇਹੀ ਵਿੱਥ ਉਤੇ ਡੂੰਘੇ ਪਾਣੀ ਵਿਚ ਬੇੜੀ ਖੜੀ ਕਰ ਦਿਤੀ॥ ੫੧॥

**੧. ਖੋੜਸ ਵਰਖਨ ਕੀ ਵਹੁ ਬਾਲਾ॥ ਗਈ ਤਹਾਂ ਜਹਿੰ ਮੁਨੀ ਵਿਸਾਲਾ॥**
**ਲਾਡੂ ਕਰਨਪੂਰ ਫਲ ਜੇਤੇ॥ ਪਾਤ ਪਲਾਸ ਧਰੇ ਸਭ ਤੇਤੇ॥ ੫੨॥**

੧. ਸੋਲ੍ਹਾਂ ਵਰ੍ਹਿਆਂ ਦੀਆਂ ਉਹ ਸਾਰੀਆਂ ਇਸਤ੍ਰੀਆਂ, ਉਥੇ ਚਲੀਆਂ ਗਈਆਂ, ਜਿਥੇ ਮਹਾਂ ਮੁਨੀ ਬੈਠੇ ਸਨ। ੨. ਲੱਡੂ ਤੇ ਕਰਨਪੂਰ ਆਦਿਕ ਜਿੰਨੇ ਭੀ ਫਲ ਸਨ, ਉਹ ਸਾਰੇ ਹੀ ਦਰੱਖਤਾਂ ਨਾਲੋਂ ਤੋੜ ਕੇ ਪਲਾਸ ਢੱਕ ਦੇ ਪਤਿਆਂ ਉਤੇ ਰੱਖ ਲਏ॥ ੫੨॥

**੧. ਸ਼੍ਰਿੰਗੀ ਰਿਖਿ ਤਹ ਨੈਨ ਮਿਲਾਇ॥ ਧਯਾਨ ਨਿਸ਼ਠ ਮੁਖ ਵੇਦ ਅਲਾਏ॥**
**ਪਗ ਨੂਪਰ ਧੁਨਿ ਸੁਨੀ ਸੁ ਜਬ ਹੀ॥ ਨੈਨ ਉਘਾਰੇ ਮੁਨਿਵਰ ਤਬ ਹੀ॥ ੫੩॥**

ਅਲਾਏ-ਪੜ੍ਹਦੇ ਸਨ। ਨੂਪਰ-ਝਾਂਜਰਾਂ। ਉਘਾਰੇ-ਖੋਲੇ।

੧. ਸ਼੍ਰਿੰਗੀ ਰਿਖੀ ਉਥੇ ਅੱਖਾਂ ਮੀਟ ਕੇ, ਸਮਾਧੀ ਲਾ ਕੇ ਬੈਠੇ ਹੋਏ ਤੇ ਵੇਦ ਮੰਤ੍ਰ ਪੜ੍ਹਦੇ ਸਨ। ੨. ਜਦੋਂ ਹੀ ਉਹਨਾਂ ਨੇ ਵੇਸਵਾ ਦੇ ਪੈਰਾਂ ਦੀਆਂ ਝਾਂਜਰਾਂ ਦੀ ਅਵਾਜ਼ ਸੁਣੀ, ਤਾਂ ਮਹਾਂ-ਮੁਨੀ ਨੇ ਉਸੇ ਵੇਲੇ ਅੱਖਾਂ ਖੋਲ੍ਹ ਲਈਆਂ॥ ੫੩॥

**੧. ਮੁਨਿ ਉਰ ਜਾਨ ਬੰਦਨਾ ਧਾਰੀ॥ ਅਰਘ ਪਾਦ ਹਿਤ ਲਿਲਯੋ ਵਾਰੀ॥**
**ਗਣਿਕਾ ਤਬ ਮੁਖ ਏਹੁ ਬਖਾਨੇ॥ ਹਮ ਰਿਖਵਰ ਨਹਿ ਛੁਹੇਂ ਸੁ ਆਨੇ॥ ੫੪॥**

ਅਰਘ ਪਾਦ-ਚਰਨ ਧੋਣ ਦੇ। ਵਾਰੀ-ਪਾਣੀ। ਆਨੇ-ਦੂਜੇ ਨਾਲ।

੧. ਰਿਖੀ ਨੇ ਕੰਜਰੀਆਂ ਨੂੰ ਮਨ ਵਿਚ ਮੁਨੀ ਜਾਣ ਕੇ, ਉਹਨਾਂ ਨੂੰ ਬੰਦਨਾ ਕੀਤੀ ਅਤੇ ਉਹਨਾਂ ਦੇ ਚਰਨ ਧੋਣ ਦੇ ਵਾਸਤੇ ਪਾਣੀ ਦਾ ਕਮੰਡਲ ਲੈ ਆਇਆ। ੨. ਤਦੋਂ ਗਣਿਕਾ ਨੇ ਮੂੰਹੋਂ ਇਸ ਤਰ੍ਹਾਂ ਕਿਹਾ-ਹੇ ਮਹਾਂ ਰਿਖੀ! ਅਸੀਂ ਕਿਸੇ ਦੂਜੇ ਨਾਲ ਨਹੀਂ ਛੋਂਹਦੇ, ਅਥਵਾ-ਅਸੀਂ ਮਹਾਂ ਰਿਖੀ ਹਾਂ, ਦੂਜਿਆਂ ਨਾਲ ਛੋਹ ਨਹੀਂ ਸਕਦੇ॥੫੪॥*

**੧. ਥਾਮੇ ਨੀਰ ਨਾ ਚਰਣ ਪਖਾਰੇ॥ ਹਮਰੇ ਤਪ ਬਣ ਫਲ ਮੁਖ ਡਾਰੋ॥**
**੨. ਕਰਨਪੂਰ ਅਰੁ ਲਾਡੂ ਖਾਏ॥ ਸ਼੍ਰਿੰਗੀ ਰਿਖ ਕੇ ਮਨ ਬਿਗਸਾਏ॥ ੫੫॥**

*ਕੰਜਰੀਆਂ ਨੇ ਇਥੇ ਵਿਅੰਗ ਬਚਨ ਵਿਚ ਉਸ ਤੋਂ ਪੈਰ ਇਸ ਲਈ ਨਾ ਧੁਆਏ, ਕਿ ਜੇ ਇਸ ਮਹਾਂ ਰਿਖੀ ਨੇ ਸਾਡੇ ਪੈਰਾਂ ਨੂੰ ਹੱਥ ਲਾ ਦਿੱਤਾ, ਤਦ ਅਸੀਂ ਆਪਣੇ ਪਾਪਾਂ ਦੀ ਅੱਗ ਨਾਲ ਉਸ ਵੇਲੇ ਸੜ ਜਾਵਾਂਗੀਆਂ

Sri Satguru Jagjit Singh Ji Elibrary　　NamdhariElibrary@gmail.com

੧. ਪਾਣੀ ਰਖ ਦਿਓ, ਸਾਡੇ ਪੈਰ ਨਾ ਧੋਵੇ ਅਤੇ ਸਾਡੇ ਤਪੋ ਬਨ ਦੇ ਫਲ ਖਾ ਲਵੇ।

੨. ਘੇਵਰ ਤੇ ਲਡੂ ਜਦ ਉਸ ਨੇ ਖਾਧੇ, ਤਦ ਸ਼੍ਰਿੰਗੀ ਰਿਖੀ ਦਾ ਮਨ ਹੈਰਾਨ ਹੋ ਗਿਆ ॥੫੫॥

**੧. ਖਾਇ ਜਲੇਬੀ ਲਾਚੀ ਦਾਣੇ ॥ ਅਹੋ ਸੁਾਦ ਮਨਿ ਮੁਖੋ ਬਖਾਨੇ ॥**

**ਮਿਲ ਕਰਿ ਗਣਿਕਾ ਗਾਇਨ ਕਰੇਂ ॥ ਮੁਨਿ ਵਰ ਜਾਨੇ ਵੇਦ ਉਚਰੇਂ ॥੫੬॥**

੧. ਜਲੇਬੀਆਂ ਤੇ ਲਾਚੀ ਦਾਣੇ ਖਾਕੇ, ਮੁਨੀ ਸ਼੍ਰਿੰਗੀ ਨੇ ਕਿਹਾ-ਇਹਨਾਂ ਫਲਾਂ ਦਾ ਅਚਰਜ ਸਵਾਦ ਹੈ।

੨. ਕੰਜਰੀਆਂ ਮਿਲ ਕੇ ਇਸ਼ਕੀ ਗੀਤ ਗਾਉਣ ਲਗੀਆਂ, ਤਾਂ ਮਹਾਂ ਮੁਨੀ ਨੇ ਜਾਣਿਆ ਜੋ ਇਹ "ਮੁਨੀ ਜਨ ਵੇਦ ਪੜ੍ਹਦੇ ਹਨ" ॥੫੬॥

**੧. ਤੁਮਰੇ ਮੁਖ ਸਰੋਜ ਮਕਰੰਦਾ ॥ ਵੇਦ ਧੁਨੀ ਉਰ ਜਨਹਿ ਅਨੰਦਾ ॥**

**੨. ਪਦ ਕ੍ਰਮ ਜਟਾਂ ਅਪੂਰਬ ਧਾਰੀ ॥ ਆਪ ਪਢਾਈ ਜੋ ਮੁਖ ਚਾਰੀ ॥੫੭॥**

ਸਰੋਜ—ਕਮਲ। ਮਕਰੰਦਾ—ਵਾਸ਼ਨਾ। ਜਨਹਿ—ਪੈਦਾ ਕਰਦੀ ਹੈ। ਪਦ—ਸ਼ਬਦ। ੨. ਮੰਤ੍ਰ। ਕ੍ਰਮ—ਸਿਲਸਿਲਾ, ਰਚਨਾ। ਜਟਾਂ—ਜੜਤ, ਜੋੜ। ਅਪੂਰਬ—ਅਸਚਰਜ। ਮੁਖਚਾਰੀ—ਚਾਰ ਮੂੰਹਾਂ ਵਾਲੇ-ਬ੍ਰਹਮਾ।

੧. ਤੁਹਾਡੇ ਮੂੰਹ ਕਮਲ ਹਨ, ਅਤੇ ਉਨ੍ਹਾਂ ਦੀ ਵਾਸ਼ਨਾਂ ਰੂਪ ਵੇਦ ਧੁਨੀ ਹੋ ਰਹੀ ਹੈ, ਜੋ ਸਰੋਤਿਆਂ ਦੇ ਮਨ ਵਿਚ ਅਨੰਦ ਪੈਦਾ ਕਰਦੀ ਹੈ। ੨. ਤੁਹਾਡੇ ਮੂੰਹੋਂ ਉਚਾਰਨ ਕੀਤੇ ਜਾ ਰਹੇ ਸ਼ਬਦ ਰਚਨਾਂ ਦੀ ਜੜਤ ਅਥਵਾ-੨. ਵੇਦ ਮੰਤਰਾਂ ਦਾ ਸਿਲਸਿਲਾ ਤੇ ਜੜਤ ਅਸਚਰਜ ਹੈ, ਮੈਨੂੰ ਤਾਂ ਇਉਂ ਪਰਤੀਤ ਹੁੰਦਾ ਹੈ ਜੋ ਤੁਹਾਨੂੰ ਬ੍ਰਹਮਾ ਨੇ ਆਪ ਹੀ ਪੜ੍ਹਾਇਆ ਹੈ। ਇਸ ਕਰਕੇ ਤੁਸੀਂ ਵੇਦਾਂ ਦਾ ਉਚਾਰਨ ਐਸਾ ਕਰਦੇ ਹੋ, ਜੈਸਾ ਅਗੇ ਕਦੇ ਭੀ ਨਹੀਂ ਸੁਣਿਆ। ੫੭॥

**੧. ਯਾ ਬਿਧਿ ਨਿਰਖੇ ਤਾ ਮੁਖ ਓਰਾ ॥ ਜਿਉਂ ਨਿਸ ਚਿਤੇ ਸੁ ਚੰਦ ਚਕੋਰਾ ॥**

**੨. ਅਹੋਂ ਹਮਾਰੇ ਭਾਗ ਸੁ ਨਏ ॥ ਏਹ ਮੁਨਿ ਬ੍ਰਹਮ ਲੋਕ ਤੇ ਅਏ ॥੫੮॥**

ਨਿਰਖੇ=ਵੇਖਦਾ। ਓਰਾ—ਵਲ। ਚਿਤੇ-ਵੇਖਦਾ। ਅਹੋਂ—ਆਹਾ। ਅਏ—ਆਏ ਹਨ।

੧. ਸ਼੍ਰਿੰਗੀ ਰਿਖੀ ਉਨ੍ਹਾਂ ਦੇ ਮੂੰਹ ਵਲ ਇਸ ਤਰਾਂ ਵੇਖਦਾ ਸੀ, ਜਿਵੇਂ ਰਾਤ ਦੇ ਸਮੇਂ ਚੰਦਰਮਾ ਵਲ ਚਕੋਰ ਵੇਖਦਾ ਹੈ। ੨. ਫੇਰ ਕਹਿਣ ਲਗਾ-ਆਹਾ! ਮੇਰੇ ਕੋਈ ਨਵੇਂ ਭਾਗ ਜਾਗੇ ਹਨ, ਤਦੇ ਹੀ ਮੈਨੂੰ ਦਰਸ਼ਨ ਦੇਣ ਲਈ ਇਹ ਮੁਨੀ ਬ੍ਰਹਮ ਲੋਕ ਤੋਂ ਆਏ ਹਨ ॥੫੮॥

**੧. ਯਾਕੇ ਬਲਕਲ ਐਸੇ ਸੋਹੈ ॥ ਤੜਿਤ ਪੁੰਜ ਜਨ ਮੋਂ ਮਨ ਮੋਹੈ ॥**

**੨. ਬਨ ਫਲ ਮਿਸ਼੍ਰ ਮਧੁਰ ਧੁਨਿ ਬੇਦਾ ॥ ਮਨ ਕੋ ਨਿਖਲ ਮਿਟਾਵੈ ਖੇਦਾ ।੫੯**

ਬਲਕਲ—ਭੋਜ ਪੱਤ੍ਰ। ਤੜਿਤ—ਬਿਜਲੀ। ਮਿਸ਼੍ਰ—ਮਧੁਰ; ਮਿੱਠਾ। ਨਿਖਲ—ਸਾਰਾ।

੧. ਇਹਨਾਂ ਦੇ ਤਨ ਉਪਰਲੇ ਭੋਜ ਪੱਤ੍ਰ ਇਸ ਤਰਾਂ ਸੋਭਦੇ ਹਨ, ਜਾਣੋ ਬਿਜਲੀਆਂ ਦਾ ਸਮੂਹ ਹੈ, ਜੋ ਮੇਰੇ ਮਨ ਨੂੰ ਮੋਹ ਰਹੇ ਹਨ। ੨. ਇਹਨਾਂ ਦੇ ਬਨ ਦੇ ਫਲ ਮਿਠੇ ਹਨ ਅਤੇ ਇਹਨਾਂ ਦੀ ਉਚਾਰਨ ਕੀਤੀ ਵੇਦਾਂ ਦੀ ਧੁਨੀ ਭੀ ਮਧੁਰ ਹੈ, ਜੋ ਮੇਰੇ ਮਨ ਦੇ ਸਾਰੇ ਦੁਖਾਂ ਨੂੰ ਮਿਟਾਉਣ ਵਾਲੀ ਹੈ। ੫੯॥

**੧. ਸੁੰਦਰ ਸੀਸ ਜਟਾ ਅਤਿ ਕਾਰੀ ॥ ਮਨੋਂ ਬਿਰੰਚਿ ਸੁ ਹਾਥ ਸੰਵਾਰੀ ॥**

**੨. ਤਪ ਕੋ ਤੇਜ ਭਾਲ ਮੈ ਦਮਕੈ ॥ ਕਿਰਣਾ ਸਹਿਤ ਮਾਨੋ ਸਸਿ ਚਮਕੈ ॥੬੦॥**

੧. ਇਨ੍ਹਾਂ ਦੇ ਸਿਰ ਦੀਆਂ ਕਾਲੀਆਂ ਜਟਾਂ ਬਹੁਤ ਸੁੰਦਰ ਹਨ, ਉਹ ਇਉਂ ਪਰਤੀਤ ਹੁੰਦੀਆਂ ਹਨ

ਕਿ ਮਾਨੋ ਬ੍ਰਹਮਾ ਨੇ ਆਪਣੇ ਹੱਥ ਨਾਲ ਸੰਵਾਰੀਆਂ ਹਨ। ੨. ਤਪ ਦਾ ਤੇਜ ਇਨ੍ਹਾਂ ਦੇ ਮਥੇ ਵਿਚ ਇਉਂ ਚਮਕਦਾ ਹੈ, ਮਾਨੋਂ ਕਿਰਨਾਂ ਦੇ ਸਹਿਤ ਚੰਦ੍ਰਮਾ ਚਮਕ ਰਿਹਾ ਹੈ ॥੬੦॥

ਨੋਟ-ਕੰਜਰੀਆਂ ਦੇ ਮਥੇ ਉਤੇ ਜੋ ਟਿੱਕਾ-ਦੌਣੀ ਆਦਿਕ ਗਹਿਣਾ ਪਹਿਨਿਆ ਹੋਇਆ ਹੈ, ਉਸ ਨੂੰ ਸ੍ਰਿੰਗੀ ਰਿਖੀ ਜੀ ਤਪ ਦਾ ਤੇਜ ਸਮਝ ਰਹੇ ਹਨ ਅਤੇ ਗਲ ਵਿਚ ਹਾਰ ਆਦਿਕਾਂ ਨੂੰ ਜੰਞੂ ਸਮਝ ਕੇ ਕਹਿੰਦੇ ਹਨ:-

**੧. ਹੇਮ ਜਨੇਊ ਯਾਕੇ ਅੰਗਾ ॥ ਸੁਰਗ ਫੂਲ ਸੋਭੇ ਸਰਬੰਗਾ ॥**

**੨. ਅਹੋ ਪਿਤਾ ਫਲ ਹਿਤ ਬਨ ਗਏ ॥ ਯਾਕੇ ਦਰਸ਼ਨ ਤਾਂਹਿੰ ਨ ਭਏ ॥੬੧॥**

੧. ਇਹਨਾਂ ਦੇ ਸਰੀਰ ਤੇ ਸੋਨੇ ਦੇ ਜੰਞੂ ਹਨ ਅਤੇ ਸਾਰੇ ਅੰਗਾਂ ਵਿਚ ਸਵਰਗ ਦੇ ਫੂਲ ਸੋਭ ਰਹੇ ਹਨ। ੨. ਆਹ ! ਸ਼ੋਕ ਹੈ ਕਿ ਪਿਤਾ ਜੀ ਫਲ ਲਿਆਉਣ ਵਾਸਤੇ ਬਨ ਵਿਚ ਗਏ ਹਨ, ਇਹਨਾਂ ਬ੍ਰਹਮ ਲੋਕ ਦੇ ਰਿਖੀਆਂ ਦੇ ਦਰਸ਼ਨ ਉਹਨਾਂ ਨੂੰ ਨਹੀਂ ਹੋਏ ਹਨ ॥੬੧॥

**੧. ਰਿਖਿ ਆਗਮਨ ਐਸਰ ਕੋ ਜਾਨ ॥ ਵਾਰਵਧੂ ਤਹਿੰ ਕੀਯੋ ਪਯਾਨ ॥**

**੨. ਵਹੁ ਆਈ ਨੌਕਾ ਕੇ ਪਾਹੀ ॥ ਮੁਨਿਵਰ ਆਯੋ ਆਸ਼੍ਰਮ ਮਾਹੀ ॥੬੨॥**

ਆਗਮਨ-ਆਉਣਾ। ਐਸਰ-ਸਮਾਂ। ਵਾਰਵਧੂ-ਕੰਜਰੀਆਂ। ਪਯਾਨ-ਤੁਰਨਾ।

੧. ਸ੍ਰਿੰਗੀ ਰਿਖੀ ਦੇ ਪਿਤਾ ਵਿਭਾਂਡਕ ਰਿਖੀ ਦੇ ਆਉਣ ਦਾ ਸਮਾਂ ਜਾਣ ਕਰਕੇ, ਕੰਜਰੀਆਂ ਨੇ ਉਸ ਥਾਂ ਤੋਂ ਤੁਰਨ ਦੀ ਕੀਤੀ। ੨. ਉਹ ਉਥੋਂ ਤੁਰਕੇ ਬੇੜੀ ਕੋਲ ਆਈਆਂ ਤਾਂ ਉਧਰ ਮਹਾਂ ਮੁਨੀ 'ਵਿਭਾਂਡਕ' ਆਸ਼ਰਮ ਵਿਚ ਆ ਗਿਆ ॥੬੨॥

**੧. ਸ੍ਰਿੰਗੀ ਰਿਖਿ ਮੁਨਿ ਆਇ ਨਿਹਾਰਾ ॥ ਰੰਚਕ ਕਰੇ ਨ ਵੇਦ ਉਚਾਰਾ ॥**

**੨. ਅਗਨਿ ਹੇਤੁ ਕੀ ਅਗਨਿ ਸੁ ਜੋਈ ॥ ਨਾਹਿ ਜਗਾਈ ਨਿਸ਼ ਕੋ ਸੋਈ ॥੬੩॥**

ਨਿਹਾਰਾ-ਵੇਖਿਆ। ਰੰਚਕ-ਰਤਾ ਭਰ ਵੀ। ਅਗਨਿ ਹੋਮ-ਹੋਮ ਕੁੰਡ ਦੀ।

੧. ਵਿਭਾਂਡਕ ਮੁਨੀ ਨੇ ਆ ਕੇ ਸ੍ਰਿੰਗੀ ਰਿਖੀ ਨੂੰ ਵੇਖਿਆ, ਜੋ ਰਤਾ ਭਰ ਵੀ ਵੇਦਾਂ ਦਾ ਉਚਾਰਨ ਨਹੀਂ ਕਰਦਾ। ੨. ਹਮਨ-ਕੁੰਡ ਦੀ ਜਿਹੜੀ ਅਗਨੀ, ਰਾਤ ਦੀ ਸੁਤੀ (ਵਿਸਮੀ) ਹੋਈ ਸੀ, ਉਹ ਭੀ ਉਸਨੇ ਜਗਾਈ ਨਹੀਂ ਹੈ ਅਰਥਾਤ ਰਾਤ ਦੀ ਬੁਝੀ ਹੋਈ ਅੱਗ ਭੀ ਉਸ ਨੇ ਬਾਲੀ ਨਹੀਂ ਹੈ ॥੬੩॥

**੧. ਬਾਰਬਧੂ ਜਿਹ ਪੰਥ ਪਧਾਰੀ ॥ ਦ੍ਰਿਸਟਿ ਤਹਾਂ ਸ੍ਰਿੰਗੀ ਰਿਖਿ ਧਾਰੀ ॥**

**੨. ਪੂਛਯੋ ਪਿਤਾ ਕਹਾਂ ਮਤਿ ਗਈ ॥ ਪਢੇ ਨ ਵੇਦ ਨਹੀਂ ਕ੍ਰਿਤ ਕਈ ॥੬੪॥**

੧. ਕੰਜਰੀਆਂ ਜਿਸ ਰਸਤੇ ਗਈਆਂ ਸਨ, ਸ੍ਰਿੰਗੀ ਰਿਖੀ ਨੇ ਉਸੇ ਰਾਹ ਉਤੇ ਨਜ਼ਰ ਟਕਾਈ ਹੋਈ ਸੀ। ੨, ਅਜਿਹੀ ਦਸ਼ਾ ਵੇਖ ਕੇ-ਪਿਤਾ ਨੇ ਪੁਛਿਆ (ਪੁਤਰ ! ਤੇਰੀ) ਅਕਲ ਕਿਥੇ ਗਈ ਹੈ ? ਨਾ ਤੂੰ ਵੇਦ ਪੜ੍ਹਦਾ ਹੈਂ ਅਤੇ ਨਾ ਹੀ ਰੋਜ਼ ਵਾਲੀ ਕ੍ਰਿਤ ਤੂੰ ਕੀਤੀ ਹੈ ? ॥੬੪॥

**੧. ਸ੍ਰਿੰਗੀ ਰਿਖਿ ਤਬ ਬੈਨ ਉਚਾਰੇ ॥ ਪਿਤਾ ਹੁਤੇ ਕਛੁ ਭਾਗ ਹਮਾਰੇ ॥**

**੨. ਬ੍ਰਹਮ ਲੋਕ ਤੇ ਮੁਨਿਵਰ ਆਏ ॥ ਨਾਂਹਿ ਸਮਸ੍ਰੁ ਮੁਖ ਨਿਰਮਾਏ ॥੬੫॥**

ਸਮਸ੍ਰੁ-ਦਾੜੀ। ਨਿਰਮਾਏ-ਉਗੀ, ਪੈਦਾ ਹੋਈ।

੧. ਤਦ ਸ੍ਰਿੰਗੀ ਰਿਖੀ ਨੇ ਉਤਰ ਦਿਤਾ ਪਿਤਾ ਜੀ ! ਮੇਰੇ ਕੁਝ ਭਾਗ ਚੰਗੇ ਸਨ। ੨. ਬ੍ਰਹਮ ਲੋਕ ਤੋਂ ਮਹਾਂ ਮੁਨੀ ਆਏ ਸਨ, ਉਹਨਾਂ ਦੇ ਮੂੰਹ ਉਤੇ ਦਾੜ੍ਹੀ ਪੈਦਾ ਹੀ ਨਹੀਂ ਹੋਈ ਸੀ ॥੬੫॥

Sri Satguru Jagjit Singh Ji Elibrary　　　　NamdhariElibrary@gmail.com

**੧. ਤਾਕੋ ਰੂਪ ਨਿਹਾਰਯੋ ਜੋਈ ॥ ਅਬ ਲੌ ਚੀਤ ਚਿਤਾਰੌਂ ਸੋਈ ॥**

**੨. ਕੋਮਲ ਬਲਕਲ ਤਨ ਮੇਂ ਸੋਹੈਂ ॥ ਦੋ ਦੋ ਸ੍ਰਿੰਗ ਉਰਨ ਮਨ ਮੋਹੈਂ ॥੬੬॥**

੧. ਉਨ੍ਹਾਂ ਦਾ ਰੂਪ ਜੋ ਮੈਂ ਵੇਖਿਆ ਹੈ, ਹੁਣ ਤਕ ਚਿਤ ਵਿਚ ਉਸੇ ਨੂੰ ਚਿਤਾਰ ਰਿਹਾ ਹਾਂ।

੨. ਕੂਲੇ ਕੂਲੇ ਭੋਜ ਪੱਤ੍ਰ ਦੇ ਕਪੜੇ ਉਹਨਾਂ ਦੇ ਸਰੀਰ ਉਤੇ ਸੋਭਦੇ ਸਨ ਅਤੇ ਉਨ੍ਹਾਂ ਦੀਆਂ ਛਾਤੀਆਂ ਵਿਚ ਦੋ ਦੋ ਸਿੰਙ ਸਨ, ਜੋ ਮਨ ਨੂੰ ਮੋਹਨ ਵਾਲੇ ਸਨ ॥੬੬॥

**੧. ਸੀਸ ਜਟਾਂ ਕੋਮਲ ਅਤਿ ਸ਼ਯਾਮਾ ॥ ਭਾਲ ਤਿਲਕ ਹਾਟਕ ਢਿਗ ਦਾਮਾ ॥**

**੨. ਨਾਕ ਕਰਣ ਮੇ ਛਿਤ੍ਰ ਸੁ ਕੀਨੇ ॥ ਸ੍ਵਰਗ ਫੂਲ ਤਾ ਮੇ ਗੁਹਿ ਦੀਨੇ ॥੬੭॥**

੧. ਸਿਰ ਦੀਆਂ ਜਟਾਂ ਵੱਡੀਆਂ ਕੋਮਲ ਤੇ ਕਾਲੀਆਂ ਸਨ, ਉਨ੍ਹਾਂ ਦੇ ਮਥੇ* ਦਾ ਤਿਲਕ ਅਜਿਹਾ ਚਮ-ਕਦਾ ਸੀ ਕਿ ਜੇ ਉਸ ਕੋਲ ਬਿਜਲੀ ਬਿਠਾਈ ਜਾਵੇ ਤਾਂ ਉਹ ਮਨ ਵਿਚ ਸ਼ਰਮਿੰਦੀ ਹੁੰਦੀ ਸੀ। ੨. ਨੱਕ ਤੇ ਕੰਨਾਂ ਵਿਚ ਉਨ੍ਹਾਂ ਨੇ ਛੇਕ ਕੀਤੇ ਹੋਏ ਸਨ ਅਤੇ ਸ੍ਵਰਗ ਦੇ ਫੁਲ ਉਨ੍ਹਾਂ ਛੇਕਾਂ ਵਿਚ ਗੁੰਥਨ ਕੀਤੇ ਹੋਏ ਸਨ ।੬੭।

**੧. ਨੈਨ ਸਰੋਜ ਦਯਾ ਰਸ ਭੀਨੇ ॥ ਸਿੰਚ ਸੁਧਾ ਸ੍ਰਮ ਕਰੇਂ ਸੁ ਖੀਨੇ ॥**

**੨. ਮੋਰੀ ਓਰ ਕ੍ਰਿਪਾ ਕਰ ਨਿਰਖੇ ॥ ਪ੍ਰੇਮ ਡੋਰ ਮਾਨੋ ਮਨ ਕਰਖੇ ॥੬੮॥**

੧. ਉਹਨਾਂ ਦੇ ਕਮਲਾਂ ਵਰਗੇ ਨੈਣ ਦਯਾ ਰਸ ਨਾਲ ਭਿਜੇ ਹੋਏ ਸਨ, ਜੋ ਅੰਮ੍ਰਿਤ ਦਾ ਛੱਟਾ ਦੇ ਕੇ ਥਕੇਵੇਂ ਨੂੰ ਨਾਸ ਕਰਦੇ ਸਨ। ੨. ਮੇਰੇ ਵਲੋ ਤਾਂ ਕਿਰਪਾ ਕਰਕੇ ਵੇਖਦੇ ਸਨ, ਅਤੇ ਪ੍ਰੇਮ ਦੀ ਡੋਰ ਪਾ ਕੇ ਮਾਨੋ ਮਨ ਨੂੰ ਖਿੱਚ ਕੇ ਲੈ ਗਏ ਹਨ ॥੬੮॥

**੧. ਯਾ ਬਿਧਿ ਵੇਦ ਸੁ ਕੀਨ ਉਚਾਰਾ ॥ ਸੁਨਿ ਕਰ ਹਰਯੋ ਸੁ ਚੀਤ ਹਮਾਰਾ ॥**

**੨. ਐਸੇ ਸ੍ਰਿੰਗੀ ਰਿਖਿਹਿ ਅਲਾਯੋ ॥ ਪਿਤਾ ਲਖਯੋ ਅਬਲਾ ਭਰਮਾਯੋ ॥੬੯॥**

ਹਰਯੋ=ਖੋਹ ਲਿਆ। ਅਬਲਾ=ਇਸਤ੍ਰੀ।

੧. ਇਸ ਰੀਤੀ ਨਾਲ ਉਹਨਾਂ ਨੇ ਵੇਦਾਂ ਦਾ ਉਚਾਰਨ ਕੀਤਾ ਸੀ, ਜਿਸ ਨੂੰ ਸੁਣਕੇ ਮੇਰਾ ਮਨ ਮੋਹਿਆ ਗਿਆ ਹੈ। ੨. ਸ੍ਰਿੰਗੀ ਰਿਖੀ ਨੇ ਜਦ ਇਸ ਤਰਾਂ ਕਹਿ ਸੁਣਾਇਆ, ਤਦ ਪਿਤਾ ਨੇ ਜਾਣ ਲਿਆ ਕਿ ਇਸਤ੍ਰੀ ਨੇ ਇਸ ਨੂੰ ਭਰਮਾ ਲਿਆ ਹੈ ॥੬੯॥

**੧. ਸ੍ਰਿੰਗੀ ਰਿਖਿ ਬਹੁ ਭਾਂਤਿ ਡਰਾਏ ॥ ਹੇ ਸੁਤ ਰਿਖਿ ਨਹਿੰ ਰਾਖਸ਼ ਆਏ ॥**

**੨. ਤਾਂਕੇ ਗੀਤ ਸੁਨੀ ਨਹਿੰ ਕਾਨਾ ॥ ਨਾ ਤਰ ਤੇਰੇ ਹਰ ਹੈਂ ਪ੍ਰਾਨਾ ॥੭੦॥**

੧. ਸ੍ਰਿੰਗੀ ਰਿਖੀ ਨੂੰ ਪਿਤਾ ਨੇ ਬਹੁਤ ਤਰਾਂ ਨਾਲ ਡਰਾਇਆ ਅਤੇ ਕਿਹਾ – ਹੇ ਪੁਤਰ! ਉਹ ਰਿਖੀ ਨਹੀਂ ਸਨ, ਉਹ ਤਾਂ ਰਾਖਸ਼ ਆਏ ਸਨ।

੨. ਉਹਨਾਂ ਦੇ ਗੀਤ ਨੂੰ ਕੰਨ ਦੇਕੇ ਨਾ ਸੁਣੀ, ਨਹੀਂ ਤਾਂ ਤੇਰੇ ਪ੍ਰਾਣਾਂ ਦਾ ਨਾਸ ਕਰ ਦੇਣਗੇ ॥੭੦॥

**੧. ਯਾ ਵਿਧਿ ਮੁਨਿ ਵਰ ਬਹੁਤ ਡਰਾਏ ॥ ਪਰ ਸ੍ਰਿੰਗੀ ਵਹੁ ਰੂਪਹਿ ਧਯਾਏ ॥**

---

*ਮਥੇ ਉਤੇ (ਹਾਟਕ) ਸੋਨੇ ਦਾ ਟਿੱਕਾ ਤੇ ਕੋਲ (ਦਾਮਾ) ਦਾਉਣੀ ਪਾਈ ਹੋਈ ਸੀ, ਇਹ ਅਰਥ ਕੀਤਾ ਜਾਏ, ਤਾਂ ਇਹ ਪ੍ਰਕਰਣ ਵਿਰੁਧ ਹੈ, ਕਿਉਂਕਿ ਪਹਿਲੇ ਕਹਿ ਦਿਤਾ ਹੈ, ਸ੍ਰਿੰਗੀ ਰਿਖੀ ਨੂੰ ਇਸਤ੍ਰੀ ਦਾ ਗਿਆਨ ਨਹੀਂ ਸੀ, ਇਸ ਲਈ ਹਾਟਕ–ਸ਼ਰਮਿੰਦੀ ਹੁੰਦੀ ਤੇ ਦਾਮਾ–ਬਿਜਲੀ ਅਰਥ ਕੀਤਾ ਹੈ।

Sri Satguru Jagjit Singh Ji Elibrary NamdhariElibrary@gmail.com

**੨. ਮੁਨਿ ਵਰ ਭਏ ਪ੍ਰਾਤ ਪੁਨਿ ਕਾਲਾ॥ਗਯੋ ਜਬੈ ਵਹੁ ਵਿਪਨਿ ਵਿਸ਼ਾਲਾ ।੭੧**

੧. ਭਾਵੇਂ ਮਹਾਂ ਮੁਨੀ ਨੇ ਸ਼ਿੰਗੀ ਰਿਖੀ ਨੂੰ ਇਸ ਤਰ੍ਹਾਂ ਦਾ ਬਹੁਤਾ ਡਰ ਦਿਤਾ ਪਰ ਸ਼ਿੰਗੀ ਉਨ੍ਹਾਂ ਦੇ ਰੂਪ ਦਾ ਧਿਆਨ ਕਰਕੇ ਬੈਠਾ ਰਿਹਾ। ੨. ਅਗਲੇ ਦਿਨ ਜਦ ਪ੍ਰਾਤਾਕਾਲ ਹੋਇਆ, ਤਦ ਵਿਭਾਂਡਕ ਮਹਾਂ ਮੁਨੀ ਫਲ ਲਿਆਉਣ ਵਾਸਤੇ ਉਥੇ ਚਲਾ ਗਿਆ, ਜਿਥੇ ਵਡਾ ਭਾਰੀ ਬਨ ਸੀ ॥੭੧॥

**੧. ਤਬ ਪੁਨਿ ਗਣਿਕਾ ਝੁੰਡ ਸੁ ਆਯੋ ॥ ਸ਼ਿੰਗੀ ਰਿਖਿ ਪਿਖ ਮੌਲ ਝੁਕਾਯੋ ॥**

**੨. ਤੁਮ ਅਪਨੇ ਤਪ ਵਿਪਿਨ ਮਝਾਰੀ॥ ਮੋਹਿ ਲੇ ਚਾਲੋ ਕਰੁਣਾ ਧਾਰੀ ॥੭੨॥**

ਮੌਲ–ਮੱਥਾ, । ਸਿਰ। ਵਿਪਿਨ=ਬਨ। ਮਝਾਰੀ–ਵਿਚ। ਕਰੁਣਾ=ਕਿਰਪਾ।

੧. ਤਦ ਕੰਜਰੀਆਂ ਦਾ ਝੁੰਡ ਫੇਰ ਆ ਗਿਆ, ਉਹਨਾਂ ਨੂੰ ਵੇਖਦੇ ਹੀ ਸ਼ਿੰਗੀ ਰਿਖੀ ਨੇ ਸਿਰ ਨਿਵਾ ਕੇ ਮੱਥਾ ਟੇਕਿਆ। ਅਤੇ ਬੇਨਤੀ ਕੀਤੀ–੨. ਤੁਸੀਂ ਆਪਣੇ ਤਪੋ ਬਨ ਵਿਚ ਕਿਰਪਾ ਕਰਕੇ ਮੈਨੂੰ ਭੀ ਲੈ ਚਲੋ।੭੨

**੧. ਤਬ ਸੰਗ ਚਲਯੋ ਮੁਨਿ ਵਰ ਐਸੇ ॥ ਪ੍ਰਾਣਨ ਸੰਗ ਜੀਵ ਜਗ ਜੈਸੇ ॥**

**੨. ਨੈਣ ਕਟਾਖਯ ਸੁ ਛਬਹਿੰ ਕਪੋਲਾਂ॥ਨਿਰਖਿ ਭਯੋ ਰਿਖਿ ਕੋ ਮਨ ਲੋਲਾ ।੭੩।**

੧. ਉਸ ਵੇਲੇ ਮਹਾਂ ਮੁਨੀ ਕੰਜਰੀਆਂ ਨਾਲ ਇਸ ਤਰਾਂ ਤੁਰ ਚਲਿਆ, ਜਿਸ ਤਰਾਂ ਪ੍ਰਾਣਾਂ ਦੇ ਨਾਲ ਜੀਵ ਜਗਤ ਤੋਂ ਤੁਰ ਜਾਂਦਾ ਹੈ। ੨. ਉਨ੍ਹਾਂ ਦੀਆਂ ਅੱਖਾਂ ਦੀ ਤਿਰਛੀ ਨਿਗਾਹ ਅਤੇ ਗੱਲ੍ਹਾਂ ਦੀ ਸੁੰਦਰਤਾ ਨੂੰ ਵੇਖ ਕੇ, ਸ਼ਿੰਗੀ ਰਿਖੀ ਦਾ ਮਨ ਚੰਚਲ ਹੋ ਗਿਆ ॥੭੩॥

**੧. ਤਾਂਕੀ ਮੰਦਗਤੀ ਝੁਨਕਾਰਾ ॥ ਸੁਨਿ ਸੁਨਿ ਰਿਖਿ ਮਨ ਭਜੇ ਵਿਕਾਰਾ ॥**

**੨. ਨੌਕਾ ਭੀਤਰ ਬੈਠਯੋ ਜਬ ਹੀ ॥ ਲੋਮਪਾਦ ਪੁਰ ਪਹੁੰਚਯੋ ਤਬ ਹੀ ॥ ੭੪ ॥**

੧. ਉਹਨਾਂ ਦੇ ਹੌਲੀ ਹੌਲੀ ਤੁਰਨ ਨਾਲ ਪੈਰਾਂ ਦੀਆਂ ਝਾਂਜਰਾਂ ਦੇ ਛਣਕਾਰ ਨੂੰ ਸੁਣ ਸੁਣ ਕੇ ਰਿਖੀ ਦਾ ਮਨ ਵਿਕਾਰਾਂ ਨੂੰ ਫੜਦਾ ਗਿਆ। ੨. ਜਦੋਂ ਹੀ ਆ ਕੇ ਬੇੜੀਆਂ ਉਪਰ ਬਣੇ ਹੋਏ ਮਸਨੂਈ ਤਪੋ ਬਨ ਵਿਚ ਬੈਠਿਆ, ਉਸੇ ਵੇਲੇ ਹੀ ਲੋਮ ਬਾਦ ਰਾਜੇ ਦੇ ਸ਼ਹਿਰ ਵਿਚ ਪਹੁੰਚ ਗਿਆ ॥੭੪॥

**੧. ਮੁਨਿ ਵਰ ਨਗਰ ਜਬੈ ਪਗ ਧਾਰਾ ॥ ਬਰਖਾ ਭਈ ਸੁ ਤਹਾਂ ਅਪਾਰਾ ॥**

**੨. ਇਹ ਬਿਧਿ ਤਪ ਕੋ ਜਾਹਿੰ ਪ੍ਰਭਾਊ॥ਅਬਲਾ ਧੀਨ ਭਯੋ ਮਨਿ ਰਾਊ।੭੫॥**

੧. ਮਹਾਂ ਮੁਨੀ ਜੀ ਨੇ ਜਦੋਂ ਹੀ ਆਣਕੇ ਸ਼ਹਿਰ ਵਿਚ ਪੈਰ ਧਰਿਆ, ਉਸੇ ਵੇਲੇ ਹੀ ਉਥੇ ਬੜੀ ਭਾਰੀ ਬਾਰਸ਼ ਹੋਈ। ੨. ਜਿਸ ਦੇ ਤਪ ਦਾ ਇਸ ਤਰ੍ਹਾਂ ਦਾ ਪ੍ਰਭਾਵ ਸੀ, ਉਹ ਮੁਨੀ ਰਾਜ ਭੀ ਇਸਤ੍ਰੀ ਦੇ ਵੱਸ ਹੋ ਗਿਆ ਸੀ ॥੭੫॥

**੧. ਸ਼ਾਂਤਾ ਭੂਪਤਿ ਦੁਹਿਤਾ ਜੋਈ ॥ ਤਾਂਹਿ ਬਰੀ ਪੁਰ ਭੀਤਰ ਸੋਈ ॥**

**੨. ਯਾਕੀ ਕਥਾ ਬਹੁਤ ਬਿਸਥਾਰਾ ॥ ਕਹਾਂ ਲਗੇ ਮਮ ਕਰੋਂ ਉਚਾਰਾ ॥ ੭੬ ॥**

ਦੁਹਿਤਾ–ਲੜਕੀ, ਧੀ।

੧. 'ਸ਼ਾਂਤਾ' ਨਾਮ ਵਾਲੀ ਜੋ ਰਾਜੇ ਲੋਮ ਪਦ ਦੀ ਲੜਕੀ ਸੀ, ਸ਼ਹਿਰ ਵਿਚ ਜਾ ਕੇ ਸ਼ਿੰਗੀ ਰਿਖੀ ਨੇ ਉਸ ਨੂੰ ਵਿਆਹ ਲਿਆ। ੨. ਉਸ ਦੀ ਕਥਾ ਬਹੁਤ ਵਿਸਥਾਰ ਵਾਲੀ ਹੈ, ਮੈਂ ਕਿਥੋਂ ਤਕ ਉਸਦਾ ਕਥਨ ਕਰਾਂ ? ॥੭੬॥

ਦੋਹਰਾ–੧. ਮਾਨਵ ਕੀ ਗਣਤੀ ਕਹਾਂ, ਦੇਵਨ ਮੈ ਪ੍ਰਧਾਨ ॥
੨. ਤਜਾਗੇ ਧਰਮ ਖਿਨੇਕ ਮੈ, ਰੰਚ ਲਗਾਵੋਂ ਬਾਨ ॥੭੭॥

੧. ਮਨੁਖਾਂ ਦੀ ਗਿਣਤੀ ਕੀ ਕਰਨੀ ਹੈ ? ਜਿਹੜੇ ਦੇਵਤਿਆਂ ਵਿਚੋਂ ਵੀ ਮੁਖੀ-ਦੇਵਤੇ ਹਨ। ਜੇ ਮੈਂ ਉਹਨਾਂ ਨੂੰ ਭੀ ਰਤਾ ਜਿੰਨਾ ਤੀਰ ਲਗਾ ਦੇਵਾਂ,ਤਾਂ ਉਹ ਭੀ ਇਕ ਛਿਨ ਵਿਚ ਧਰਮ ਦਾ ਤਿਆਗ ਕਰ ਦੇਂਦੇ ਹਨ।੭੭

ਸਵੈਯਾ ॥

੧. ਗੌਤਮ ਨਾਰਿ ਸੁ ਜਾਰ ਸੁਰੇਸਰ ਜਾਇ ਭਯੋ ਸਰ ਮੋਹਿ ਚਲਾਯੋ ॥
੨. ਵੇਦ ਪਢੇ ਚਤੁਰਾਨਨ ਜੋ ਰਤਿ ਕੇ ਹਿਤ ਸੋ ਦੁਹਿਤਾ ਪ੍ਰਤਿ ਧਾਯੋ ॥
੩. ਇੰਦ ਭਜੀ ਗੁਰ ਕੀ ਅਬਲਾ ਬੁਧ ਸੌਂ ਸੁਤ ਤਾਹਿੰ ਕੇ ਬੀਚ ਉਪਾਯੋ ॥
੪. ਕੌਨ ਅਪੰਬ ਨ ਪਾਉਂ ਧਰੇ ਜਗ ਮੋ ਸਰ ਜਾਹਿੰ ਕੇ ਚੀਤ ਭ੍ਰਮਾਯੋ ॥੭੮॥

ਸੁਰੇਸਰ–ਇੰਦ੍ਰ। ਚਤੁਰਾਨਨ–ਬ੍ਰਹਮਾਂ। ਦੁਹਿਤਾ ਧੀ, ਪੁਤਰੀ। ਇੰਦ੍ਰ–ਚੰਦਰਮਾ।

੧. ਹੇ ਰਤੀ ! ਜਦੋਂ ਮੈਂ ਤੀਰ ਚਲਾਇਆ, ਉਸੇ ਵੇਲੇ ਹੀ ਦੇਵਤਿਆਂ ਦਾ ਰਾਜਾ ਇੰਦਰ ਗੌਤਮ ਮੁਨ ਦੀ ਇਸਤਰੀ–ਅਹਿਲਯਾ ਦਾ ਯਾਰ ਬਣ ਗਿਆ।

ਪ੍ਰਸ਼ਨ–ਗੌਤਮ ਦੀ ਇਸਤਰੀ ਨਾਲ ਇੰਦਰ ਨੇ ਕਿਵੇਂ ਯਾਰੀ ਲਾਈ ਸੀ ?

ਉਤਰ–ਅਸਾਂ ਇਕ ਦੂਜਾ ਪੁਸਤਕ ਲਿਖਿਆ ਹੈ, ਜਿਸਦਾ ਨਾਮ 'ਗੁਰਸਾਖੀ ਪ੍ਰਮਾਣ' ਹੈ, ਉਸ ਵਿਚ 'ਗੌਤਮ ਤਪ' ਅਹਿਲਿਆ ਇਸਤ੍ਰੀ ਤਿਸ ਦੇਖ ਇੰਦ੍ਰ ਲੁਭਾਣਾ, ਸਹਸ ਸਰੀਰ ਚਿਹਨ ਭਗ ਹੂਏ ਤਾਂ ਮਨਿ ਪਛੋਤਾਣਾ' ਤੁਕਾਂ ਦੇ ਪ੍ਰਮਾਣ ਵਿਚ ਇਹ ਸਾਰੀ ਕਥਾ ਵਿਸਥਾਰ ਨਾਲ ਲਿਖੀ ਹੈ, ਉਥੇ ਵੇਖੋ।

੨. ਵੇਦਾਂ ਨੂੰ ਪੜਣ ਵਾਲਾ ਜੋ ਬ੍ਰਹਮਾ ਹੈ, ਉਹ ਭੀ ਇਸਤ੍ਰੀ-ਸੰਗ ਕਰਨ ਦੀ ਇੱਛਾ ਨਾਲ ਆਪਣੀ ਲੜਕੀ ਮਗਰ ਦੌੜਿਆ ਸੀ।

ਪ੍ਰਸ਼ਨ–ਬ੍ਰਹਮਾ ਦੀ ਲੜਕੀ ਦਾ ਕੀ ਨਾਮ ਸੀ ਅਤੇ ਉਹ ਉਸ ਦੇ ਮਗਰ ਕਿਵੇਂ ਦੌੜਿਆ ਸੀ ? ਉਹ ਸਾਰਾ ਪ੍ਰਸੰਗ ਖੋਲ੍ਹ ਕੇ ਸੁਣਾਓ।

ਉਤਰ–ਅਸਾਂ ਇਕ ਹੋਰ ਪੁਸਤਕ ਲਿਖਿਆ ਹੈ, ਜਿਸ ਦਾ ਨਾਮ 'ਗਿਆਨ ਰਤਨ ਮਾਲਾ ਸਟੀਕ' ਹੈ, ਉਸ ਵਿਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਬੜੇ ਹੀ ਵਿਸਥਾਰ ਯੁਕਤ ਠੇਠ ਪੰਜਾਬੀ ਬੋਲੀ ਵਿਚ ਪੂਰਾ ਪੂਰਾ ਟੀਕਾ ਹੈ। ਭਾਈ ਸਾਹਿਬ ਜੀ ਨੇ ਬਾਰ੍ਹਵੀਂ ਵਾਰ ਵਿਚ ਲਿਖਿਆ ਹੈ–

"ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ ॥
ਲੋਕਾਂ ਨੋ ਸਮਝਾਇੰਦਾ ਵੇਖਿ ਸੁਰਸਤੀ ਰੂਪ ਲੁਭਾਣਾ ॥"

ਇਹਨਾਂ ਤੁਕਾਂ ਦਾ ਅਰਥ ਕਰਦਿਆਂ ਹੋਇਆਂ ਅਸਾਂ ਉਹ ਸਾਰਾ ਪ੍ਰਸੰਗ ਵਿਸਥਾਰ ਪੂਰਬਕ ਲਿਖਿਆ ਹੈ, ਉਥੇ ਪੜ੍ਹੋ।

੩. ਚੰਦ੍ਰਮਾ ਨੇ ਆਪਣੇ ਗੁਰੂ (ਬ੍ਰਹਸਪਤਿ) ਦੀ ਇਸਤਰੀ ਨਾਲ ਭੋਗ ਕੀਤਾ ਸੀ ਅਤੇ 'ਬੁਧ' ਨਾਮ ਵਾਲਾ ਪੁਤਰ ਉਸ ਵਿਚੋਂ ਪੈਦਾ ਕੀਤਾ ਸੀ।

ਪ੍ਰਸ਼ਨ–ਚੰਦਰਮਾ ਨੇ ਗੁਰ ਪਤਨੀ ਨਾਲ ਭੋਗ ਕਿਵੇਂ ਕੀਤਾ ? ਅਤੇ ਉਸ ਤੋਂ ਬੁਧ ਨੂੰ ਪੈਦਾ ਕਰਕੇ ਉਸ ਨੂੰ ਘਰ ਵਿਚੋਂ ਕਿਵੇਂ ਕਢ ਦਿਤਾ ? ਸਾਰਾ ਪ੍ਰਸੰਗ ਕਿਵੇਂ ਹੈ ?

ਉਤਰ–ਅਸਾਂ 'ਦਸਮ ਗੁਰੂ ਗ੍ਰੰਥ ਸਾਹਿਬ ਸਟੀਕ' ਛਾਪਿਆ ਹੈ, ਉਸ ਦੇ ਦੂਜੇ ਭਾਗ ਵਿਚ ਚਵੀ

Sri Satguru Jagjit Singh Ji Elibrary NamdhariElibrary@gmail.com

ਅਵਤਾਰਾਂ ਦੀ ਕਥਾ ਦਾ ਵਰਣਨ ਹੈ, ਉਸ ਵਿਚ ਚੰਦ੍ਰਮਾ ਅਵਤਾਰ ਦੇ ਵਰਨਣ ਵਿਚ ਇਹ ਸਾਰੀ ਕਥਾ ਵਿਸਥਾਰ ਨਾਲ ਲਿਖੀ ਹੈ ਅਤੇ ਪੁਰਾਣਾਂ ਵਿਚੋਂ ਇਹੋ ਕਥਾ ਸ੍ਰੀ ਮਦ ਭਾਗਵਤ ਸਕੰਧ ਨੌਵੇਂ ਦੇ ਅਧਿਆਏ ੧੪ਵੇਂ ਵਿਚ ਵਰਨਣ ਹੈ। ਉਸ ਦਸਮ ਗੁਰੂ ਗਰੰਥ ਸਾਹਿਬ ਸਟੀਕ ਦਾ ਦੂਜਾ ਭਾਗ ਸਾਥੋਂ ਹੀ ਮੰਗਵਾ ਕੇ ਪੜੋ।

੪. ਹੇ ਰਤੀ ! ਅਜਿਹਾ ਕਿਹੜਾ ਪੁਰਸ਼ ਹੈ, ਜਿਸਦੇ ਚਿਤ ਨੂੰ ਮੇਰੇ ਤੀਰ ਨੇ ਭਰਮਾ ਦਿਤਾ ਹੈ ਅਤੇ ਫੇਰ ਉਸ ਨੇ ਖੋਟੇ ਰਾਹ (ਕੁਮਾਰਗ) ਉਤੇ ਪੈਰ ਨਹੀਂ ਧਰਿਆ ? ਅਰਥਾਤ ਜਿਸ ਦੇ ਮਨ ਨੂੰ ਮੇਰੇ ਤੀਰ ਨੇ ਭਰਮਾ ਦਿਤਾ ਹੈ, ਉਹ ਜ਼ਰੂਰ ਹੀ ਕੁਮਾਰਗ ਵਿਚ ਪਰਵਿਰਤ ਹੋ ਗਿਆ ਹੈ ॥੭੮॥

ਪ੍ਰਸ਼ਨ-ਸੁਆਮੀ ਜੀ ! ਤੁਹਾਡੇ ਤੀਰ ਕਿੰਨੇ ਹਨ ? ਅਤੇ ਉਹਨਾਂ ਦੇ ਨਾਮ ਕੀ ਹਨ ?

ਉਤਰ-ਹੇ ਰਤੀ ! ਮੇਰੇ ਪੰਜ ਤੀਰ ਹਨ ਅਤੇ ਉਹਨਾਂ ਦੇ ਨਾਮ ਮੋਹਨ, ਤਾਪਨ ਵਸੀਕਰਣ, ਉਨਮਾਦਨ ਤੇ ਉਚਾਟਨ।

ਪ੍ਰਸ਼ਨ-ਇਹਨਾਂ ਪੰਜਾਂ ਦੇ ਸਰੂਪਾਂ ਦਾ ਵਰਨਣ ਕਰੋ।

ਉਤਰ-ਪੁਰਸ਼ ਦੇ ਚਿੱਤ ਨੂੰ ਮੋਹ ਲੈਣਾ 'ਮੋਹਨ ਤੀਰ' ਹੈ। ਇਸਤਰੀ ਦੇ ਵਿਯੋਗ ਵਿਚ ਜੋ ਪੁਰਸ਼ ਦਾ ਚਿੱਤ ਤਪਦਾ ਰਹਿਣਾ ਹੈ,ਇਹੋ ਹੀ 'ਤਾਪਨ ਤੀਰ' ਹੈ। ਜੋ ਸੁੰਦਰ ਇਸਤ੍ਰੀ ਦੇ ਰੂਪ ਨੂੰ ਵੇਖਕੇ ਪੁਰਸ਼ ਦਾ ਉਸਦੇ ਵੱਸ ਹੋ ਜਾਣਾ ਹੈ, ਇਹੋ 'ਵਸੀਕਰਣ ਤੀਰ' ਹੈ ਜੋ ਆਪਣੀ ਮਹਿਬੂਬਾ ਤੋਂ ਵਿਛੜ ਕੇ ਬੇਸੁਧ ਜਿਹਾ ਹੋ ਕੇ ਪਾਗਲ ਜਿਹਾ ਹੋ ਜਾਣਾ ਹੈ, ਇਹੋ 'ਉਨਮਾਦਨ ਤੀਰ' ਹੈ। ਜੋ ਪੁਰਸ਼ ਦਾ ਇਸਤ੍ਰੀ ਤੋਂ ਵਿਛੜਕੇ ਉਦਾਸ ਜਿਹਾ ਹੋ ਕੇ ਰਹਿਣਾ ਹੈ, ਇਹੋ ਹੀ 'ਉਚਾਟਨ ਤੀਰ' ਹੈ। ਇਹਨਾਂ ਪੰਜਾਂ ਵਿਚੋਂ ਜਿਹੜਾ ਭੀ ਤੀਰ ਮੈਂ ਮਾਰ ਦੇਵਾਂ ਉਹ ਭੀ ਖਾਲੀ ਨਹੀਂ ਜਾਂਦਾ, ਜਿਸ ਨੂੰ ਮੇਰਾ ਤੀਰ ਵਜ ਜਾਵੇ, ਉਹ ਕਿਸੇ ਤਰਾਂ ਭੀ ਧਰਮ ਉਤੇ ਸਥਿਰ ਨਹੀਂ ਰਹਿ ਸਕਦਾ।

**ਦੋਹਰਾ-੧. ਯਾ ਬਿਧਿ ਕੇ ਅਬਲਾ ਹਨੇ ਤਪੀ ਬਡੇ ਬਲਵਾਨ ॥**
**੨. ਗੁਲਾਬ ਸਿੰਘ ਵੈਰਾਗ ਕੋ ਕਰੇ ਮੂੜ ਅਭਿਮਾਨ ॥੭੯॥**

੧. ਵਡੇ ਵਡੇ ਤਪੀਸਵਰ ਤੇ ਵਡੇ ਬਲ ਵਾਲੇ ਪੁਰਸ਼ਾਂ ਨੂੰ ਇਸ ਤਰੀਕੇ ਨਾਲ ਇਸਤ੍ਰੀਆਂ ਨੇ ਨਾਸ ਕਰ ਦਿਤਾ ਹੈ। ੨. ਪੰਡਤ ਗੁਲਾਬ ਸਿੰਘ ਜੀ ਕਹਿੰਦੇ ਹਨ, ਇਹ ਕੁਝ ਵੇਖ-ਸੁਣ ਕੇ ਭੀ ਕੋਈ ਵੈਰਾਗ ਦਾ ਅਭਿਮਾਨ ਕਰੇ, ਤਾਂ ਉਸ ਨੂੰ ਮੂਰਖ ਹੀ ਸਮਝਣਾ ਚਾਹੀਦਾ ਹੈ। ੭੯॥

॥ ਰਤੀਉ ਬਾਚ ॥ **ਸਵੈਯਾ ॥**

**੧. ਸੁਤ ਆਰਯ ਯਦਪਿ ਤੂੰ ਭੁਜ ਮੈ ਜਗ ਜੀਤਨ ਕੋ ਬਲ ਆਪ ਧਰੈਂ ॥**
**੨. ਜਗ ਹੋਹਿ ਸਹਾਇਕ ਜਾਂਹਿ ਬਲੀ ਪੁਨ ਤਾਂ ਅਰਿ ਤੇ ਬਲਵੰਤ ਡਰੈਂ ॥**
**੩. ਸੁਨਿਯੇ ਯਮ ਆਦਿਕ ਆਠ ਵਜੀਰ ਬਿਬੇਕ ਸਹਾਇਕ ਬੇਦ ਰਰੈਂ ॥**
**੪. ਵਹਿ ਜੰਗ ਉਪਾਇ ਕਰੇ ਸੁਨਿਯੇ ਇਹ ਤੇ ਉਰ ਮੈ ਹਮ ਨੀਤ ਡਰੈਂ ॥੮੦॥**

੧. ਰਤੀ ਨੇ ਕਿਹਾ-ਹੇ ਸਰੇਸ਼ਟ ਦੇ ਪੁਤਰ ! ਭਾਵੇਂ ਤੂੰ ਆਪਣੀਆਂ ਬਾਹਾਂ ਵਿਚ ਸਾਰੇ ਜਗਤ ਨੂੰ ਜਿੱਤ ਲੈਣ ਦਾ ਬਲ ਧਾਰਦਾ ਹੈਂ। ੨. ਤਦ ਭੀ ਜਿਸ ਜਗਤ ਵਿਚ ਮਦਦਗਾਰ ਹੋਵਣ ਤੇ ਫੇਰ ਬਲੀ ਹੋਵਣ, ਉਸ ਵੈਰੀ ਤੋਂ ਵਡੇ ਵਡੇ ਬਲ ਵਾਲੇ ਭੀ ਡਰਦੇ ਹਨ। ੩. ਸੁਣੀਦਾ ਹੈ, ਯਮ ਆਦਿਕ ਅੱਠ ਵਜ਼ੀਰ ਵਿਵੇਕ ਦੇ ਸਹਾਇਕ ਹਨ, ਇਹ ਗੱਲ ਵੇਦ ਕਥਨ ਕਰਦਾ ਹੈ। ੪. ਫਿਰ ਉਹ ਜੰਗ ਦਾ ਉਪਾਉ ਕਰਦੇ ਸੁਣੇ ਜਾਂਦੇ ਹਨ, ਇਸ ਕਰਕੇ ਅਸੀਂ ਚਿਤ ਵਿਚ ਸਦਾ ਹੀ ਡਰਦੇ ਹਾਂ ॥੮੦॥

Sri Satguru Jagjit Singh Ji Elibrary	NamdhariElibrary@gmail.com

॥ ਕਾਮ ਉਵਾਚ ॥ ਸਵੈਯਾ ॥

੧. ਭਾਮਿਨਿ ਰਾਇ ਵਿਵੇਕਹਿ ਕੇ ਯਮ ਆਦਿਕ ਆਠ ਅਮਾਤ ਸੁਨਾਏ ॥
੨. ਤੇ ਰਣ ਰੰਗ ਮਹੀ ਪਹਿਲੇ ਹਮ ਨੇ ਸਭ ਠੌਰਨ ਠੌਰ ਦਬਾਏ ॥
੩. ਕੌਣ ਅਹੇ ਜਗ ਭੀਤਰ ਸੋ ਹਮ ਜੀਵਤ ਤਾਹਿੰ ਕੋ ਨਾਮ ਅਲਾਏ ॥
੪. ਵਾਮ ਉਰੂ ਤਜ ਚਿੰਤ ਸਦਾ ਤੁਮ ਕਿਉਂ ਮਨ ਮੈ ਅਰਿ ਤੇ ਡਰ ਪਾਏ ॥੯੧॥

ਭ ਮਿਨਿ—ਹੇ ਇਸਤ੍ਰੀਏ। ਅਮਾਤ—ਵਜ਼ੀਰ। ਰਣ ਰੰਗ ਮਹੀ—(ਰਣ-ਮਹੀ ਰੰਗ) ਰਣ ਭੂਮੀ ਨਾਲ ਪ੍ਰੇਮ।

੧. ਹੇ ਭਾਮਨੀ ! ਵਿਵਕ ਰਾਜੇ ਦੇ ਯਮ ਆਦਿਕ ਅੱਠ ਵਜ਼ੀਰ ਜੋ ਤੂੰ ਮੈਨੂੰ ਸੁਣਾਏ ਹਨ। ੨. ਉਹਨਾਂ ਦਾ ਜੁਧ ਭੂਮੀ ਨਾਲ ਪਰੇਮ ਭੀ ਸੀ, ਪਰ ਉਨ੍ਹਾਂ ਸਭਨਾਂ ਨੂੰ ਅਸਾਂ ਨੇ ਜੰਗ ਸ਼ੁਰੂ ਹੋਣ ਤੋਂ ਪਹਿਲੇ ਹੀ ਥਾਂ ਪਰ ਥਾਂ ਤੇ ਦਬਾ ਦਿਤਾ ਹੈ। ੩. ਜਗਤ ਵਿਚ ਅਜਿਹਾ ਕੌਣ ਹੈ ਜੋ ਸਾਡੇ ਜਿਉਂਦਿਆਂ ਹੋਇਆਂ ਉਹਨਾਂ ਦਾ ਨਾਮ ਲਵੇਗਾ। ੪. ਹੇ ਵਾਮ ਉਰੂ ! ਤੂੰ ਮਨ ਵਿਚੋਂ ਚਿੰਤਾ ਛਡ ਦੇਹ, ਤੂੰ ਸਦਾ ਹੀ ਮਨ ਵਿਚ ਦੁਸ਼ਮਨ ਪਾਸੋਂ ਕਿਉਂ ਡਰਦੀ ਰਹਿੰਦੀ ਹੈਂ ? ॥੯੧॥

ਦੋਹਰਾ—੧. ਕੋਪ ਆਗਾਰੀ ਰਹੇ ਜੋ ਕੌਨ ਅਹਿੰਸਾ ਨਾਰਿ ॥
੨. ਬ੍ਰਹਮਚਰਜ ਕੋ ਮੈਂ ਸੁਨੋ, ਖਿਣ ਮਹਿੰ ਡਾਰੋਂ ਮਾਰ ॥੯੨॥
੩. ਲੋਭ ਜਬੈ ਕਰ ਮੈ ਧਰੇ, ਚੰਦ੍ਰਹਾਸ ਬਲ ਧਾਰ ॥
੪. ਸਤਯ ਅਸਤੇਯ ਅਪਰਿਗ੍ਰਹ, ਭਾਮਿਨਿ ਮੂਏ ਨਿਹਾਰ ॥੯੩॥

ਕੋਪ—ਕ੍ਰੋਧ ਅਗਾਰੀ—ਅਗੇ। ਅਹਿੰਸਾ—ਹਿੰਸਾ ਦਾ ਨਾ ਹੋਣਾ ਅਤੇ 'ਪ੍ਰਾਣ ਵਿਯੋਗਾਨੁਕੂਲ ਵਯਾਪਾਰ' ਦਾ ਨਾਮ ਹੀ ਹਿੰਸਾ ਹੈ। ਬ੍ਰਹਮਚਰਜ—ਅੱਠ ਤਰਾਂ ਦੇ ਮੈਥਨ ਦੇ ਤਿਆਗ ਦਾ ਨਾਮ ਬ੍ਰਹਮਚਰਜ ਹੈ। ਲੋਭ—ਪਰਾਏ ਧਨ ਨੂੰ ਛਲ ਵਲ ਕਰਕੇ ਪ੍ਰਾਪਤ ਕਰ ਲੈਣ ਦਾ ਨਾਮ ਲੋਭ ਹੈ। ਚਦ੍ਰਹਾਸ—ਤਲਵਾਰ। ਸਤਯ—ਯਥਾਰਥ ਕਥਨ ਦਾ ਨਾਮ ਸਤਯ ਹੈ। ਅਸਤੇਯ—ਚੋਰੀ ਨਾ ਕਰਨ ਦਾ ਨਾਮ ਹੈ। ਅਪਰਿਗ੍ਰਹ—ਖੋਟੇ ਪ੍ਰਤਿਗ੍ਰਹ ਦਾਂ ਨਾਂ ਸੰਗ੍ਰਹ ਤੋਂ ਰਹਿਤ ਹੋਣਾ।

ਕਾਮ ਨੇ ਫੇਰ ਕਿਹਾ—ਹੇ ਰਤੀ ! ੧. ਕ੍ਰੋਧ ਦੇ ਅਗੇ 'ਅਹਿੰਸਾ' ਨਾਰਿ ਕਦੇ ਭੀ ਖੜੀ ਨਹੀਂ ਰਹਿ ਸਕੇਗੀ ਅਤੇ ੨. ਬ੍ਰਹਮਚਰਜ ਨੂੰ ਇਕ ਖਿਨ ਵਿਚ ਮੈਂ ਮਾਰ ਸੁਟਾਂਗਾ ॥੯੧॥ ੩. ਲੋਭ ਜਿਸ ਵੇਲੇ ਬਲ ਧਾਰ ਕੇ ਹੱਥ ਵਿਚ ਤਲਵਾਰ ਫੜ ਲਵੇਗਾ। ਹੇ ਇਸਤਰੀਏ ! ਸੱਚ ਅਸੱਤਯ ਤੇ ਅਪਰਿ ਗ੍ਰਹ (ਇਹਨਾਂ ਤਿੰਨਾਂ ਨੂੰ ਉਸੇ ਵੇਲੇ) ਮੋਏ ਹੋਏ ਵੇਖ ਲਵੀਂ। ਇਸ ਦਾ ਭਾਵ ਇਹ ਹੈ ਕਿ ਲੋਭੀ ਪੁਰਸ਼ ਸੱਚ ਨਹੀਂ ਬੋਲਦਾ, ਚੋਰੀ ਤੋਂ ਨਹੀਂ ਡਰਦਾ ਤੇ ਨਾ ਸੰਗ੍ਰਹਿ ਤੋਂ ਰਹਿਤ ਹੁੰਦਾ ਹੈ ।੯੩।

ਸਵੈਯਾ—ਯਮ ਨੇਮ ਸੁ ਆਸਨ ਪ੍ਰਾਣਯਮੰ ਪ੍ਰਤਿਯਹਾਰ ਬਲੀ ਜਗ ਧਯਾਨ ਅਲਾਏ॥
੨. ਧਾਰਣਾ ਔਰ ਸਮਾਧਿ ਸੁਨੋ ਚਿਤ ਹੋਇ ਇਕਾਗ੍ਰ ਤੌ ਉਪਜਾਏ ॥
੩. ਚਿਤ ਭੀਤਰ ਰੰਚ ਵਿਕਾਰ ਕਰੋਂ ਇਨ ਕੋ ਜੜ ਮੂਲ ਸੁ ਦੇਹੁ ਉਠਾਏ ॥
੪. ਇਨ ਜੀਤਨ ਹੇਤੁ ਰਚੀ ਅਬਲਾ ਯਮ ਨੇਮ ਤਬੈ ਹਮਰੇ ਵੱਸ ਆਏ ॥੯੪॥

੧-੨. ਯਮ, ਨੇਮ ਆਸਨ, ਪ੍ਰਾਣਾਯਾਮ, ਪ੍ਰਤਯਾਹਾਰ, ਧਯਾਨ, ਧਾਰਨਾ ਤੇ ਸਮਾਧੀ ਏਹਾ ਜੋ ਜਗਤ ਵਿਚ ਬਲੀ ਕਹੇ ਜਾਂਦੇ ਹਨ, ਹੇ ਰਤੀ ! ਸੁਣੋ, ਜੇ ਚਿਤ ਇਕਾਗਰ ਹੋਵੇ, ਤਾਂ ਹੀ ਇਹ ਪੈਦਾ ਹੁੰਦੇ ਹਨ। ੩. ਚਿਤ ਵਿਚ ਜੇਕਰ ਮੈਂ ਰਤਾ ਜਿੰਨਾ ਵੀ ਵਿਕਾਰ ਕਰ ਦੇਵਾਂ, ਤਦ ਉਥੋਂ ਇਹਨਾਂ ਦੀ ਜੜ੍ਹ ਨੂੰ ਮੁਢੋਂ ਹੀ ਚੁਕ ਦੇਵਾਂਗਾ। ੪. ਇਹਨਾਂ ਨੂੰ ਜਿਤਣ ਵਾਸਤੇ ਹੀ ਇਸਤਰੀ ਬਣਾਈ ਹੈ, ਤਦੇ ਹੀ ਤਾਂ ਯਮ ਨੇਮ (ਆਦਿਕ ਸਾਰੇ) ਸਾਡੇ ਵੱਸ ਵਿਚ ਆ ਗਏ ਹਨ ।੯੪॥

**ਸਵੈਯਾ—੧. ਦੂਰ ਵਿਲੋਕਨ ਨਾਰਿਨਿ ਕੋ ਅਰੁ ਤਾਂਹਿ ਸੰਭਾਖਨ ਦੂਰ ਰਹੇ॥**
**੨. ਹਾਸ ਵਿਲਾਸ ਸੁ ਕੇਲ ਅਲਿੰਗਨ ਨਾਂਹਿ ਇਕੰਤ ਸੁ ਬਾਤ ਕਹੇ॥**
**੩. ਜਨ ਸੰਯਮ ਵੰਤ ਕਹਾਵਤ ਜੋ ਤਜਿ ਸੌਧ ਤਪੋਬਨ ਜਾਇ ਬਹੇ॥**
**੪. ਚਿੱਤ ਮਾਂਹਿ ਚਿਤਾਰਤ ਜੋ ਯੁਵਤੀ ਖਿਨ ਮੇ ਮਨ ਤਾਂਹਿ ਬਿਕਾਰ ਗਹੇ।੯੫**

ਵਿਲੋਕਨ=ਵੇਖਣ। ਸੰਭਾਖਨ-ਗੱਲ ਬਾਤ ਕਰਨੀ। ਵਿਲਾਸ=ਖੇਡਣਾ। ਕੇਲ—ਕ੍ਰੀੜਾ।
ਅਲਿੰਗਨ=ਪਿਆਰ ਕਰਨਾ। ਸੌਧ—ਘਰ। ਚਿਤਾਰਤ—ਯਾਦ ਕਰਦੇ।

੧. ਇਸਤਰੀਆਂ ਨੂੰ ਵੇਖਣਾ ਦੂਰ ਰਿਹਾ ਅਤੇ ਉਹਨਾਂ ਨਾਲ ਗੱਲਾਂ ਬਾਤਾਂ ਦਾ ਕਰਨਾ ਭੀ ਦੂਰ ਰਿਹਾ। ੨. ਉਹਨਾਂ ਨਾਲ ਹੱਸਣਾ ਖੇਡਣਾ ਭੀ ਦੂਰ ਰਿਹਾ ਤੇ ਕ੍ਰੀੜਾ ਤੇ ਪਿਆਰ ਕਰਨਾ ਭੀ ਦੂਰ ਰਿਹਾ ਅਤੇ ਨਾ ਹੀ ਏਕਾਂਤ ਜਗ੍ਹਾ ਤੇ ਉਹਨਾਂ ਨਾਲ ਗੱਲ ਕਹੀ-ਸੁਣੀ ਜਾਵੇ। ੩. ਜਿਹੜੇ ਪੁਰਸ਼ ਸੰਜਮ ਵਾਲੇ ('ਇੰਦਰੇ ਜਿੱਤ) ਕਹਾਉਂਦੇ ਹਨ ਅਤੇ ਘਰ ਨੂੰ ਛਡ ਕੇ ਤਪੋ ਬਨ ਵਿਚ ਜਾ ਬੈਠੇ ਹਨ। ੪. ਜੇ ਉਹ ਚਿੱਤ ਵਿਚ ਇਸਤਰੀ ਨੂੰ ਯਾਦ ਕਰਦੇ ਹਨ, ਤਾਂ ਉਹਨਾਂ ਦਾ ਮਨ ਇਕ ਖਿਨ ਵਿਚ ਹੀ ਵਿਕਾਰ ਗ੍ਰਹਿਣ ਕਰ ਲੈਂਦਾ ਹੈ ॥੯੫॥

**ਸਵੈਯਾ ॥**

**੧. ਮੋਹ ਅਮਾਤ ਸੁ ਮਾਤਸਰੰ ਮਦ ਦੰਭ ਤਥਾ ਪੁਨਿ ਲੋਭ ਅਲਾਏ॥**
**੨. ਫੇਰ ਯਮਾਦਿ ਬਜੀਰ ਲਏ ਬਹਿ ਕਾਨ ਇਕੰਤ ਸੁ ਬਾਤ ਦ੍ਰਿੜਾਏ॥**
**੩. ਮੋਹ ਮਹੀਪ ਅਧਰਮ ਬਜੀਰ ਯਮਾਦਿਕ ਗੋਪ ਲਗੇ ਤਿਨ ਪਾਏ॥**
**੪. ਜੋ ਯਮ ਨੇਮ ਕਰੇ ਜਗ ਮੇ ਹਰਿ ਕੇ ਹਿਤ ਨਾਹਿ ਸੁ ਲੋਕ ਦਿਖਾਏ॥੯੬॥**

ਅਮਾਤ—ਵਜ਼ੀਰ। ਮਾਤਸਰੰ=ਈਰਖਾ। ਮਹੀਪ—ਰਾਜ। ਗੋਪ=ਲੁਕ-ਛਿਪ ਕੇ।

੧. ਹੇ ਰਤੀ ! ਮੋਹ ਰਾਜੇ ਦੇ ਵਜ਼ੀਰ ਜੋ ਮਤਸਰ, ਮਦ, ਦੰਭ ਅਤੇ ਲੋਭ ਕਹੇ ਜਾਂਦੇ ਹਨ। ੨. ਉਹਨਾਂ ਨੇ ਯਮ ਆਦਿਕ (ਵਿਵੇਕ ਦੇ ਵਜ਼ੀਰ) ਪਾੜ ਲਏ ਹਨ ਅਤੇ ਇਕਾਂਤ ਵਿਚ ਬਹਿ ਕੇ ਉਹਨਾਂ ਦੇ ਕੰਨ ਵਿਚ ਕੋਈ ਗੱਲ ਕਹਿ ਕੇ ਨਿਸਚੇ ਕਰਾ ਦਿਤੀ ਹੈ। ੩. ਇਸ ਲਈ ਰਾਜੇ ਮੋਹ ਦਾ ਜੋ ਵੱਡਾ ਵਜ਼ੀਰ ਅਧਰਮ (ਹੈ, ਇਹ) ਯਮ-ਨੇਮ ਆਦਿਕ ਲੁਕ ਛਿਪ ਕੇ ਉਸਦੀ ਚਰਨੀ ਲੱਗਦੇ ਹਨ। ਤਾਂਤੇ ਇਹ ਗੱਲ ਸੱਤ ਜਾਨਣੀ ਚਾਹੀਦੀ ਹੈ ਕਿ-੪. ਜੋ ਭੀ ਜਗਤ ਵਿਚ ਯਮ ਨੇਮ ਕਰਦੇ ਹਨ, ਉਹ ਹਰੀ ਵਾਸਤੇ ਨਹੀਂ ਕਰਦੇ, ਕੇਵਲ ਲੋਕ-ਵਿਖਾਵਾ ਕਰਦੇ ਹਨ ॥੯੬। ।। ਰਤਿ ਉਵਾਚ ॥

**ਦੋਹਰਾ—੧. ਸ਼ਮ ਦਮ ਔਰ ਵਿਵੇਕ ਲੌ, ਕਾਮ ਕ੍ਰੋਧ ਮਦ ਮਾਨ ॥**
**੨. ਮੈ ਸੁਨਿਯੋ ਨਿਜ ਕਾਨ ਮੈਂ, ਏਕੋ ਜਨਮ ਸਥਾਨ ॥੯੭॥**

Sri Satguru Jagjit Singh Ji Elibrary NamdhariElibrary@gmail.com

੧. ਰਤੀ ਨੇ ਪੁਛਿਆ–ਸਵਾਮੀ ਜੀ ! ਸ਼ਮ, ਦਮ ਤੇ ਵਿਵੇਕ ਆਦਿਕ ਦੈਵੀ ਸੰਪਦਾ ਦੇ ਗੁਣ ਅਤੇ ਕਾਮ ਕਰੋਧ, ਮਦ ਤੇ ਮਾਨ ਆਦਿਕ ਆਸੁਰੀ ਸੰਪਦਾ ਦੇ ਗੁਣ ਜਿੰਨੇ ਹਨ। ੨. ਮੈਂ ਆਪਣੇ ਕੰਨੀਂ ਸੁਣਿਆ ਹੈ, ਕਿ ਇਹਨਾਂ ਸਭਨਾਂ ਦਾ ਜਨਮ ਸਥਾਨ ਇਕੋ ਹੈ ? (ਇਹ ਗੱਲ ਕਿਥੋਂ ਤਕ ਸੱਚ ਹੈ ?) ॥੮੭॥

॥ ਕਾਮ ਉਵਾਚ ॥ **ਸਵੈਯਾ ॥**

**੧. ਉਤਪਤਿ ਕੋ ਥਾਨ ਸੁ ਏਕ ਅਹੈ, ਮਨ ਸੋ ਜਗ ਭੀਤਰ ਤਾਤ ਅਲਾਯਾ ॥**
**੨. ਹਮ ਹੈਂ ਪੁਨ ਭ੍ਰਾਤ ਵਿਮਾਤ ਸੁਨੋ, ਵਹੁ ਗੋਪ ਪ੍ਰਕਾਰ ਬਨੇ ਅਬ ਗਾਯਾ ॥**
**੩. ਸੁਨ ਪੂਰਵ ਈਸੁਰ ਸੰਗ ਕੀਯੋ, ਨਿਜ ਨਾਰਿ ਬਖਾਨਤ ਤਾਂਹਿ ਸੁ ਮਾਯਾ ॥**
**੪. ਜਿਨ ਤੇ ਉਤਪਤਿ ਭਈ ਹਮਰੀ ਮਨ ਨਾਮ ਵਹੀ ਸੁਤ ਤਾਂਹਿ ਉਪਾਯਾ ॥੮੮**

ਤਾਤ–ਪਿਤਾ। ਅਲਾਯਾ–ਕਿਹਾ ਜਾਂਦਾ। ਵਿਮਾਤ=ਮਤਰੇਈ ਮਾਂ। ਗੋਪ ਪ੍ਰਕਾਰ–ਲੁਕਵੀਂ ਗੱਲ। ਪੂਰਵ–ਪਹਿਲੇ ਪਹਿਲ। ਸੰਗ–ਕਲਪਿਤ ਤਦਾਤਮ ਸਬੰਧ। ਤਾਂਹਿ–ਉਸ ਨੇ।

੧. ਹੇ 'ਰਤੀ' ਇਹ ਸੱਚ, ਜੋ ਅਸਾਂ ਸਾਰਿਆਂ ਦੀ ਉਤਪਤੀ ਦਾ ਥਾਂ ਇਕੋ ਹੈ, ਅਤੇ ਇਕੋ 'ਮਨ' ਹੀ ਅਸਾਂ ਸਾਰਿਆਂ ਦਾ ਪਿਤਾ ਜਗਤ ਵਿਚ ਕਿਹਾ ਜਾਂਦਾ ਹੈ। ੨. ਪਰ ਅਸੀਂ ਮਤਰੇਈ ਮਾਂ ਦੇ ਪੁਤ-ਭਰਾ ਹਾਂ, ਇਹ ਗੱਲ ਗੁਪਤ ਰਹਿਣ ਵਾਲੀ ਸੀ, ਪਰ ਤੂੰ ਪੁਛ ਲਈ ਹੈ, ਇਸ ਲਈ ਹੁਣ ਕਹਿਣੀ ਬਣਦੀ ਹੈ। ੩. ਸੁਣ, ਪਹਿਲੇ ਪਹਿਲ ਈਸ਼ਵਰ ਨੇ ਆਪਣੀ ਇਸਤ੍ਰੀ–ਜਿਸਦਾ ਨਾਮ ਮਾਯਾ ਕਿਹਾ ਜਾਂਦਾ ਹੈ–ਉਸ ਨਾਲ ਕਲਪਿਤ ਤਦਾਪਮ ਸਬੰਧ ਕੀਤਾ ਸੀ। ੪. ਜਿਸ ਤੋਂ ਸਾਡੀ ਸਾਰਿਆਂ ਦੀ ਉਤਪਤੀ ਹੈ, ਓਹੀ 'ਮਨ' ਨਾਮ ਦਾ ਪੁਤਰ ਉਸ ਮਾਯਾ ਤੋਂ ਈਸ਼ਵਰ ਨੇ ਪੈਦਾ ਕੀਤਾ ਸੀ ॥੮੮॥

**ਸਵੈਯਾ ॥**

**੧. ਮਨ ਤੀਨਹੁ ਲੋਕ ਸੁ ਆਪ ਰਚੇ ਪੁਨ ਤਾਂਹਿ ਵਿਖੇ ਕੁਲ ਦੋਇ ਉਪਾਈ ॥**
**੨. ਮਨ ਏਕ ਪ੍ਰਵ੍ਰਿਤਿ ਕਹੇ ਪਤਿਨੀ ਸੁ ਨਿਵ੍ਰਿਤਿ ਤਥਾ ਜਗ ਦੂਸਰਿ ਗਾਈ ॥**
**੩. ਮੋਹ ਪ੍ਰਧਾਨ ਪ੍ਰਵ੍ਰਿਤਿ ਰਚੀ ਕੁਲ ਤੀਨਹੁ ਲੋਕਨ ਮਾਂਹਿ ਫੈਲਾਈ ॥**
**੪.ਸੁ ਵਿਵੇਕ ਪ੍ਰਧਾਨ ਨਿਵ੍ਰਿਤਿ ਜਨੀ ਕੁਲ ਸੋ ਵਿਰਲੀ ਜਗ ਮਾਂਹਿ ਚਲਾਈ॥੮੯**

੧. ਉਸ ਮਨ ਨੇ ਤਿੰਨੇ ਲੋਕ ਆਪ ਰਚੇ ਹਨ ਕਿਉਂਕਿ ਇਹ ਸਾਰੀ ਰਚਨਾ ਮਨੋ ਮਈ ਹੈ ਅਤੇ ਫੇਰ ਉਸ ਵਿਚ ਦੋ ਕੁਲਾਂ ਪੈਦਾ ਕੀਤੀਆਂ ਹਨ। ੨. ਮਨ ਦੀ ਇਕ ਇਸਤ੍ਰੀ ਦਾ ਨਾਮ ਪਰਵਿਰਤੀ ਕਹੀਦਾ ਹੈ ਅਤੇ ਜਗਤ ਵਿਚ ਉਸ ਦੀ ਦੂਜੀ ਇਸਤ੍ਰੀ ਨਿਰਵਿਰਤੀ ਕਹੀ ਜਾਂਦੀ ਹੈ। ੩. ਮੋਹ ਜਿਨ੍ਹਾਂ ਵਿਚ ਪ੍ਰਧਾਨ ਹੈ, ਉਹ ਕੁਲ ਪਰਵਿਰਤੀ ਨੇ ਪੈਦਾ ਕੀਤੀ ਹੈ, ਜੋ ਤਿੰਨਾਂ ਲੋਕਾਂ ਵਿਚ ਫੈਲੀ ਹੋਈ ਹੈ। ੪. ਵਿਵੇਕ ਜਿਨ੍ਹਾਂ ਵਿਚ ਪ੍ਰਧਾਨ ਵੱਡਾ ਹੈ ਉਹ ਕੁਲ ਨਿਰਵਿਰਤੀ ਨੇ ਪੈਦਾ ਕੀਤੀ ਹੈ, ਪਰ ਉਹ ਕੁਲ ਜਗਤ ਵਿਚ ਬਹੁਤ ਵਿਰਲੀ ਤੁਰੀ ਹੈ, ਅਰਥਾਤ ਵਿਵੇਕ ਆਦਿਕ ਦੈਵੀ ਸੰਪਦਾ ਦੇ ਗੁਣ ਬਹੁਤ ਥੋੜੇ ਅਤੇ ਉਹ ਭੀ ਕਿਤੇ ਕਿਤੇ ਹਨ, ਪਰ ਮੋਹ ਆਦਿਕ ਆਸੁਰੀ ਸੰਪਦਾ ਦੇ ਗੁਣ ਬਹੁਤ ਹਨ ਅਤੇ ਤਿੰਨਾਂ ਲੋਕਾਂ ਵਿਚ ਵੀ ਫੈਲੇ ਹੋਏ ਹਨ ॥੮੯॥

Sri Satguru Jagjit Singh Ji Elibrary NamdhariElibrary@gmail.com

॥ ਰਤਿ ਉਵਾਚ ॥

**ਸਵੈਯਾ ॥**

**੧. ਸੁਤ ਆਰਯ ਜੋ ਇਹ ਭਾਂਤਿ ਅਹੇ ਜਗ ਭੀਤਰ ਏਕ ਸੁ ਤਾਤ ਤੁਮਾਰਾ ॥**
**੨. ਕਿਹ ਕਾਰਣ ਬੈਰ ਭਯੋ ਤੁਮਰੋ ਧੁਜਮੀਨ ਕਰੋ ਮਮ ਏਹੁ ਉਚਾਰਾ ॥**
**੩. ਤਿਹ ਭ੍ਰਾਤਨ ਮੇ ਇਹ ਭਾਂਤਿ ਸੁ ਵੈਰ ਨ ਮੋਹਿ ਸੁਨਯੋ ਯਹ ਕਾਨ ਮਝਾਰਾ ॥**
**੪. ਕਵਿ ਸਿੰਘ ਗੁਲਾਬ ਕਹੇ ਰਤਿ ਨਾਹ ਸੁਨੋ ਰਤਿ ਵੈਰ ਕੋ ਕਾਰਣ ਭਾਰਾ।੯੦**

ਧੁਜ ਮੀਨ—ਕਾਮ ਦੇ ਝੰਡੇ ਉਤੇ ਮੱਛੀ ਦਾ ਨਿਸ਼ਾਨ ਹੈ, ਇਸ ਲਈ ਕਾਮਦੇਵ ਦਾ ਇਹ ਨਾਮ ਹੋ ਗਿਆ ਹੈ। ਰਤਿ ਨਾਹ=ਰਤੀ ਦਾ ਸੁਾਮੀ, ਕਾਮਦੇਵ।

੧. ਰਤੀ ਨੇ ਕਿਹਾ-ਹੇ ਸੁਾਮੀ ਜੀ ! ਜੇ ਇਸ ਤਰ੍ਹਾਂ ਹੈ ਕਿ ਤੁਸਾਂ ਸਭਨਾਂ ਦਾ ਜਗਤ ਵਿਚ ਇਕੋ ਹੀ ਪਿਤਾ ਹੈ। ੨. ਤਾਂ ਕਿਸ ਕਾਰਣ ਕਰਕੇ ਤੁਹਾਡਾ ਆਪੋ ਵਿਚ ਵੈਰ ਹੋ ਗਿਆ ਹੈ ? ਹੇ ਧੁਜ ਮੀਨ ! ਮੈਨੂੰ ਇਹ ਭੇਦ ਕਹਿ ਸੁਣਾਉ। ਕਿਉਂਕਿ- ੩. ਭਰਾਵਾਂ ਦੇ ਵਿਚ ਇਸ ਤਰ੍ਹਾਂ ਦਾ ਵੈਰ ਹੋਣਾ, ਇਹ ਮੈਂ ਆਪਣੇ ਕੰਨਾਂ ਵਿਚ ਵੈਰ ਕਿਤੇ ਭੀ ਸੁਣਿਆ ਨਹੀਂ ਹੈ। ੪. ਕਵਿ ਗੁਲਾਬ ਸਿੰਘ ਜੀ ਕਹਿੰਦੇ ਹਨ ਰਤੀ ਦੀ ਇਹ ਗੱਲ ਸੁਣਕੇ ਕਾਮਦੇਵ ਨੇ ਕਿਹਾ-ਹੇ ਰਤੀ ! ਸੁਣੋ, ਸਾਡੇ ਵੈਰ ਦਾ ਕਾਰਣ ਬਹੁਤ ਵੱਡਾ ਹੈ।।੯੦।।

॥ ਕਾਮ ਉਵਾਚ ॥

**ਸਵੈਯਾ ॥**

**੧. ਜੋ ਇਕ ਆਮਿਖ ਤੇ ਨਿਪਜੇ ਤਿਨ ਵੈਰ ਪ੍ਰਸਿੱਧ ਕਰਯੋ ਜਗ ਮਾਂਹੀ॥**
**੨. ਭੂਮਿ ਨਮਿੱਤ ਲਰੇ ਕੁਰੁ ਪਾਂਡਵ ਭੂਪ ਖਪੇ ਜਿਨ ਕੇ ਰਣ ਮਾਂਹੀ ॥**
**੩. ਭਾਰਤ ਖੰਡ ਕੀ ਨੂਤਨ ਨਾਰਿ ਭਈ ਵਿਧਵਾ ਜਿਨ ਸੰਗਰ ਮਾਂਹੀ॥**
**੪. ਹੋਵਤ ਹੀ ਏਹ ਬਾਤ ਆਈ ਕਛੁ ਨਾਹਿੰ ਭਈ ਸੁ ਨਈ ਭਵ ਮਾਂਹੀ ॥੯੧॥**

ਆਮਿਖ—ਮਾਸ, ਭਾਵ ਉਦਰ, ਮਾਂ ਦੇ ਪੇਟ। ਕੁਰੂ-ਕੌਰਵ। ਨੂਤਨ=ਚੜ੍ਹਦੀ ਜੁਆਨੀ ਵਾਲੀਆਂ। ਸੰਗਰ=ਲੜਾਈ। ਵਿਧਵਾ—ਰੰਡੀਆਂ। ਨਈ—ਨਵੀਂ। ਭਵ—ਸੰਸਾਰ।

੧. ਕਾਮ ਦੇਵ ਨੇ ਕਿਹਾ-ਹੇ ਰਤੀ ਧਿਆਨ ਦੇ ਕੇ ਸੁਣ ਜਿਹੜੇ ਪੁਰਸ਼ ਇਕ ਮਾਂ ਦੇ ਪੇਟ ਤੋਂ ਪੈਦਾ ਹੋਏ ਸਨ, ਉਹਨਾਂ ਨੇ ਆਪੋ ਵਿਚ ਵੈਰ ਕੀਤਾ ਸੀ, ਇਹ ਵਾਰਤਾ ਜਗਤ ਵਿਚ ਪ੍ਰਸਿਧ ਹੈ। ੨. ਵੇਖ ! ਧਰਤੀ ਦਾ ਰਾਜ ਲੈਣ ਵਾਸਤੇ ਕੌਰਵ ਤੇ ਪਾਂਡਵ ਆਪੋ ਵਿਚ ਲੜੇ ਸਨ, ਜਿਨ੍ਹਾਂ ਦੇ ਜੰਗ ਵਿਚ ਅਨੇਕਾਂ ਹੀ ਰਾਜੇ ਖਪ ਗਏ ਸਨ। ੩. ਭਾਰਤ ਖੰਡ ਦੀਆਂ ਨਵਜੋਬਨ ਇਸਤ੍ਰੀਆਂ ਰੰਡੀਆਂ ਹੋ ਗਈਆਂ ਸਨ, ਜਿਨ੍ਹਾਂ ਦੇ ਪਤੀ ਉਸ ਲੜਾਈ ਵਿਚ ਅਨੇਕਾਂ ਹੀ ਮਾਰੇ ਗਏ ਸਨ। ੪. ਇਹ ਗੱਲ ਮੁਢ ਤੋਂ ਹੀ ਹੁੰਦੀ ਆਈ ਹੈ, ਸੰਸਾਰ ਵਿਚ ਹੁਣ ਕੋਈ ਨਵੀਂ ਨਹੀਂ ਹੋਈ ॥੯੧॥

**ਸਵੈਯਾ ॥**

**੧. ਹਮਾਰੇ ਮਨ ਤਾਤ ਸੁ ਪੂਰਬ ਏ ਰਤਿ ਤੀਨਹੁ ਲੋਕ ਸੁ ਆਪ ਬਨਾਏ ॥**
**੨. ਹਮ ਹੈਂ ਅਤਿ ਬੱਲਭ ਤਾਤਹਿ ਕੇ ਇਹ ਤੇ ਹਮ ਤੀਨਹੁ ਲੋਕ ਦਬਾਏ ॥**

Sri Satguru Jagjit Singh Ji Elibrary NamdhariElibrary@gmail.com

**੩. ਸਮ ਔ ਦਮ ਬਿਬੇਕ ਪਿਤਾ ਬਲ ਹੀਨ ਪਿਖੇ ਬਨਬਾਸ ਪਠਾਏ ॥**
**੪. ਅਬ ਤੇ ਅਘਵੰਤ ਉਪਾਉ ਕਰੈ ਪਿਤ ਭ੍ਰਾਤਨ ਮੂਲ ਸੁ ਦੇਹਿੰ ਉਠਾਏ ॥੯੨॥**

ਬੱਲਭ–ਪਿਆਰੇ। ਤਾਤਹਿ–ਪਿਤਾ। ਅਘਵਤ=ਪਾਪੀ।

੧. ਕਾਮਦੇਵ ਨੇ ਕਿਹਾ–ਹੇ ਰਤੀ! ਸਾਡੇ ਵੈਰ ਦਾ ਕਾਰਣ ਸੁਣ, ਸਾਡੇ ਪਿਤਾ ਮਨ ਨੇ ਪਹਿਲੇ ਪਹਿਲ ਇਹ ਤਿੰਨੇ ਲੋਕ ਆਪ ਹੀ ਬਣਾਏ ਸਨ। ੨. ਅਸੀਂ ਸਾਰੇ ਜਣੇ ਪਿਤਾ ਦੇ ਬਹੁਤ ਪਿਆਰੇ ਪੁਤਰ ਹਾਂ, ਇਸ ਕਰਕੇ ਅਸਾਂ ਨੇ ਤਿੰਨੇ ਲੋਕ ਦਬਾ ਲਏ ਹਨ ਅਰਥਾਤ ਤਿੰਨੇ ਲੋਕ ਆਪਣੇ ਅਧੀਨ ਕਰ ਲਏ ਹੋਏ ਹਨ। ੩. ਸਮ, ਦਮ, ਨੇਮ ਅਤੇ ਬਿਬੇਕ ਆਦਿਕਾਂ ਨੂੰ ਪਿਤਾ ਜੀ ਨੇ ਬਲ ਤੋਂ ਹੀਨ ਕਮਜ਼ੋਰ ਵੇਖਿਆ, ਅਤੇ ਵਿਚਾਰ ਕੀਤੀ, ਜੋ ਘਰ ਦਾ ਕੰਮ ਕੋਈ ਭੀ ਨਹੀਂ ਸਵਾਰ ਸਕਣਗੇ, ਇਸ ਲਈ ਉਨ੍ਹਾਂ ਨੂੰ ਬਨਬਾਸ ਦੇ ਕੇ ਬਨ ਵਿਚ ਭੇਜ ਦਿਤਾ ਸੀ। ੪. ਇਸ ਕਾਰਨ ਕਰਕੇ ਵੈਰ ਪੈ ਗਿਆ ਹੈ ਅਤੇ ਉਹ ਪਾਪੀ ਹੁਣ ਇਸ ਤਰ੍ਹਾਂ ਦੇ ਉਪਾਉ ਕਰ ਰਹੇ ਹਨ, ਕਿ ਪਿਤਾ ਤੇ ਭਰਾਵਾਂ ਦਾ ਮੁਢ ਹੀ ਪੁਟ ਦੇਈਏ। ਅਰਥਾਤ ਆਸੁਰੀ ਗੁਣਾਂ ਦਾ ਮੂਲ ਕਾਰਨ ਅਗਿਆਨ ਹੈ, ਅਗਿਆਨ ਦੀ ਨਿਵਿਰਤੀ ਦਾ ਸਾਧਨ ਜੋ ਗਿਆਨ ਹੈ, ਉਸ ਨੂੰ ਸੰਪਾਦਕ ਕਰ ਰਹੇ ਹਨ।੯੨।

॥ ਰਤਿ ਉਵਾਚ ॥

**ਸਵੈਯਾ ॥**

**੧. ਸੁਤ ਆਰਯ ਕਿਉਂ ਪੁਨਿ ਪਾਪ ਇਸੇ ਮਤਿ ਹੀਨ ਕਰੇਂ ਵਹੁ ਸੰਗ ਤੁਮਾਰੇ ॥**
**੨. ਉਰ ਦ੍ਵੈਖ ਵਧਯੋ ਤਿਨ ਕੇ ਅਤਿ ਹੀ ਇਹ ਭਾਂਤਿ ਚਹੇਂ ਜਗ ਪਾਪ ਕਰਾਰੇ ॥**
**੩. ਅਥਵਾ ਇਹ ਕੌਨ ਉਪਾਉ ਸੁਣੋ ਧੁਜਮੀਨ ਤੁਮ ਮਨ ਮਾਂਹਿ ਵਿਚਾਰੇ ॥**
**੪. ਇਹ ਭਾਂਤ ਸੁਨੇ ਰਤਿ ਵਾਕ ਜਬੈ ਤਬ ਬੋਲ ਉਠੇ ਰਤਿ ਪ੍ਰਾਣ ਪਿਆਰੇ॥੯੩॥**

ਦਵੈਖ=ਵੈਰ ਭਾਵ। ਕਰਾਰੇ–ਭਿਆਨਕ, ਵਡੇ ਭਾਰੀ। ਧੁਜਮੀਨ–ਕਾਮਦੇਵ।

੧. ਰਤੀ ਨੇ ਕਿਹਾ–ਹੇ ਸਰੇਸ਼ਟ ਦੇ ਪੁਤਰ ਸੁਾਮੀ ਜੀ! ਉਹ ਬੁਧੀ ਤੋਂ ਹੀਣੇ ਵਿਵੇਕ ਆਦਿਕ ਤੁਹਾਡੇ ਨਾਲ ਵਿਰੋਧ ਪਾ ਕੇ ਇਸ ਤਰ੍ਹਾਂ ਦਾ ਪਾਪ ਕਰਨਾ ਕਿਉਂ ਚਾਹੁੰਦੇ ਹਨ ? ੨. ਉਨ੍ਹਾਂ ਦੇ ਹਿਰਦੇ ਵਿਚ ਵੈਰ ਭਾਵ ਬਹੁਤ ਹੀ ਵਧ ਗਿਆ ਮਲੂਮ ਹੁੰਦਾ ਹੈ ਉਸੇ ਕਰਕੇ ਜਗਤ ਵਿਚ ਮਹਾਂ ਪਾਪ ਕਰਨਾ ਚਾਹੁੰਦੇ ਹਨ, ਕਿਉਂਕਿ ਪਿਤਾ ਭਰਾਵਾਂ ਦਾ ਮਾਰ ਦੇਣਾ, ਮਾਨੋ ਆਪਣੀ ਕੁਲ ਦਾ ਹੀ ਨਾਸ ਕਰਨਾ ਚਾਹੁੰਦੇ ਹਨ, ਇਹ ਪਾਪ ਬਹੁਤ ਭਾਰੀ ਪਾਪ ਹੈ। ੩. ਹੇ ਧੁਜਮੀਨ! ਮੇਰੀ ਬੇਨਤੀ ਧਿਆਨ ਦੇ ਕੇ ਸੁਣੋ, ਇਸ ਕੰਮ ਤੋਂ ਬਚਨ ਦਾ ਕਿਹੜਾ ਉਪਾਉ ਹੈ। ਅਤੇ ਤੁਸਾਂ ਆਪਣੇ ਮਨ ਵਿਚ ਕੀ ਵਿਚਾਰਿਆ ਹੈ ? ੪. ਜਦੋਂ ਰਤੀ ਦੇ ਬਚਨ ਇਸ ਤਰ੍ਹਾਂ ਦੇ ਸੁਨੇ, ਤਦ ਉਸੇ ਵੇਲੇ ਹੀ ਰਤੀ ਦੇ ਪ੍ਰਾਣਾਂ ਦੇ ਪਿਆਰੇ ਕਾਮਦੇਵ ਜੀ ਕਹਿਣ ਲਗੇ ॥੯੩॥

॥ ਕਾਮ ਉਵਾਚ ॥

**ਦੋਹਰਾ–੧. ਭਾਮਿਨਿ ਗੂਢ ਸੁ ਬੀਜ ਇਕ, ਹੈ ਪੁਨ ਕਹਯੋ ਨ ਜਾਇ ॥**
**੨. ਆਰਯ ਸੁਤ ਕਿਉਂ ਨ ਕਹੋਂ, ਮੋਕੋ ਤੂੰ ਪ੍ਰਗਟਾਇ ॥੯੪॥**

੧. ਕਾਮ ਨੇ ਕਿਹਾ–ਹੇ ਇਸਤ੍ਰੀ! ਇਸ ਵਿਚ ਇਕ ਗੁਪਤ ਕਾਰਨ ਹੈ, ਪਰ ਉਹ ਕਿਹਾ ਨਹੀਂ ਜਾ ਸਕਦਾ।

॥ ਰਤੀ ਉਵਾਚ ॥

੨. ਰਤੀ ਨੇ ਕਿਹਾ–ਹੇ ਸੁਾਮੀ! ਉਹ ਕਾਰਣ ਤੂੰ ਮੈਨੂੰ ਪ੍ਰਗਟ ਕਰਕੇ ਕਿਉਂ ਨਹੀਂ ਦਸਦਾ ? ॥੯੪॥

Sri Satguru Jagjit Singh Ji Elibrary NamdhariElibrary@gmail.com

॥ ਕਾਮ ਉਵਾਚ ॥

**ਦੋਹਰਾ–੧. ਰਤਿ ਤੂੰ ਨਾਰਿ ਸੁਭਾਵ ਤੇ, ਭੀਰੂ ਅਤਿ ਡਰਪਾਇ ॥**
**੨. ਵੈ ਪਾਪੀ ਦਾਰੁਣ ਕਰਮ, ਤੋ ਪੈ ਕਹਯੋ ਨ ਜਾਇ ॥੯੫॥**

ਭੀਰੂ–ਕਾਇਰ, ਡਰਪੋਕ। ਦਾਰੁਣ–ਭਿਆਨਕ।

੧. ਕਾਮ ਨੇ ਕਿਹਾ–ਹੇ ਰਤੀ ! ਤੂੰ ਇਸਤ੍ਰੀ-ਸੁਭਾਵ ਕਰਕੇ ਹੀ ਡਰਪੋਕ ਹੈਂ, ਕਿਉਂਕਿ ਇਸਤਰੀਆਂ ਸੁਭਾਵਕ ਹੀ ਡਰਪੋਕ ਹੁੰਦੀਆਂ ਹਨ, ਤੂੰ ਉਸ ਗੱਲ ਨੂੰ ਸੁਣਕੇ ਬਹੁਤ ਡਰ ਜਾਏਂਗੀ। ੨. ਇਸ ਕਾਰਨ ਕਰਕੇ ਉਹਨਾਂ ਪਾਪੀ ਪੁਰਸ਼ਾਂ ਦਾ ਭਿਆਨਕ ਕਰਮ, ਤੇਰੇ ਕੋਲ ਦਸਿਆ ਨਹੀਂ ਜਾ ਸਕਦਾ ॥੯੫॥

॥ ਰਤੀ ਉਵਾਚ ॥

**ਦੋਹਰਾ–੧. ਆਰਯ ਸੁਤ ਸੋ ਕੌਨ ਵਹੁ, ਕੈਸੇ ਕਰਮ ਕਮਾਇ ॥**
**੨. ਬਿਨ ਭਾਖੇ ਥਲ ਮੀਨ ਸਮ, ਮੇਰੋ ਚਿਤ ਤੜਫਾਇ ॥੯੬॥**

੧. ਰਤੀ ਨੇ ਕਿਹਾ–ਹੇ ਸਵਾਮੀ ਜੀ ! ਉਹ ਕੌਣ ਹਨ ? ਅਤੇ ਉਹ ਕਿਸ ਤਰਾਂ ਦਾ ਕਰਮ ਕਰਨਗੇ ? ੨. ਇਹ ਸਾਰੀ ਗੱਲ ਚੰਗੀ ਤਰਾਂ ਖੋਲ੍ਹ ਕੇ ਦਸੇ ਤੋਂ ਬਿਨਾਂ ਮੇਰਾ ਚਿੱਤ ਰੇਤ (ਵਿਚ ਤੜਫਦੀ) ਮੱਛੀ ਵਾਂਗੂ ਤੜਫਦਾ ਰਹੇਗਾ ॥੯੬॥

॥ ਕਾਮ ਉਵਾਚ ॥

**ਸਵੈਯਾ ॥**

**੧. ਭਾਮਿਨਿ ਨਾਂਹਿ ਡਰੋ ਉਰ ਮੇ ਹਤ ਆਸ ਬਿਬੇਕ ਸੁ ਆਸ ਠਰਾਈ ॥**
**੨. ਯਾ ਕੁਲ ਮੇ ਨਿਸ ਕਾਲ ਸਮਾ ਵਿਦਯਾ ਜਿਹ ਨਾਮ ਸੁ ਰਾਖਸੀ ਕਾਈ ॥**
**੩. ਲੇਵਹਿਗੀ ਅਵਤਾਰ ਸਹੀ ਉਰ ਭੀਤਰ ਨਾਂਹਿ ਦਯਾ ਕਛੁ ਰਾਈ ॥**
**੪. ਹੋਵਤ ਸਤਯ ਭਵਿਖਯ ਕਥਾ ਜਨਕੀ ਸ੍ਰੁਤਿ ਯਾ ਜਗ ਏਹੁ ਅਲਾਈ॥੯੭॥**

ਹਤ–ਨਾਸ-ਹੋਵੇ। ਨਿਸ ਕਾਲ ਸਮਾ–ਕਾਲ ਰਾਤ੍ਰਿ ਦੇ ਸਮਾਨ। ਭਵਿਖ–ਅਗੇ ਨੂੰ।
ਜਨਕੀ–ਜੋਤਸ਼ੀ ਸ੍ਰੁਤਿ–ਵੇਦਾਂ ਦੀ।

੧. ਕਾਮ ਨੇ ਕਿਹਾ, ਹੇ ਇਸਤ੍ਰੀਏ ! ਤੂੰ ਚਿਤ ਵਿਚ ਨਾ ਡਰ, ਨਾਸ ਹੋ ਜਾਵੇ ਉਹ ਆਸਾ, ਜੋ ਆਸਾ ਵਿਵੇਕ ਨੇ ਧਾਰੀ ਹੋਈ ਹੈ। ੨. ਉਸ ਦੀ ਇੱਛਾ ਹੈ ਕਿ ਇਸ ਸਾਡੀ ਕੁਲ ਵਿਚ ਕਾਲ ਰਾਤ੍ਰੀ ਦੇ ਸਾਮਾਨ ਕੋਈ ਰਾਖਸ਼ਨੀ, ਜਿਸ ਦਾ ਨਾਮ 'ਬ੍ਰਹਮ-ਵਿਦਯਾ' ਹੈ। ੩. ਜ਼ਰੂਰ ਹੀ ਅਵਤਾਰ ਲਵੇਗੀ, ਅਤੇ ਉਸ ਦੇ ਹਿਰਦੇ ਵਿਚ ਕੁਝ ਰਾਈ ਜਿੰਨੀ ਭੀ ਦਯਾ ਨਹੀਂ ਹੋਵੇਗੀ। ੪. ਅਗੇ ਨੂੰ ਇਹ ਵਾਰਤਾ ਸੱਚ ਹੋਵੇਗੀ, ਜੋਤਸ਼ੀਆਂ ਤੇ ਵੇਦਾਂ ਦੀ ਕਹੀ ਹੋਈ ਇਹ ਗੱਲ ਜਗਤ ਕਹਿ ਰਿਹਾ ਹੈ ॥੯੭॥

॥ ਰਤੀ ਉਵਾਚ ॥

**ਦੋਹਰਾ–੧. ਹਾ ਧਿਕ ਹਮਰੇ ਕੁਲ ਬਿਖੇ ਪਿਸਤਾਸੀ ਸੁ ਮਹਾਨ ॥**
**੨. ਉਪਜੇਗੀ ਉਰ ਕੰਪ ਹੈ, ਚਲ ਦਲ ਪਤ੍ਰ ਸਮਾਨ ॥੯੮॥**

ਧਿਕ–ਧ੍ਰਿਕਾਰ ਹੈ। ਪਿਸਤਾਸੀ–[ਪਿਸਤ੍ਰ+ਅਸੀਂ] ਮਾਸ ਖਾਣ ਵਾਲੀ ਰਾਖਸ਼ਨੀ।
ਉਰ–ਕਲੇਜਾ। ਚਲ ਦਲ-ਪਿਪਲ ਦਾ ਬ੍ਰਿਛ। ਚਲ ਦਲ ਪਤ੍ਰ–ਪਿਪਲ ਦੀ ਚੋਟੀ ਦਾ ਪੱਤਾ।

੧. ਹਾਇ ! ਧ੍ਰਿਕਾਰ ਹੈ ! ਉਹ ਵੱਡੀ ਰਾਖਸ਼ਨੀ ਸਾਡੀ ਕੁਲ ਵਿਚ, ੨. ਪੈਦਾ ਹੋਵੇਗੀ, (ਇਹ ਗੱਲ

Sri Satguru Jagjit Singh Ji Elibrary NamdhariElibrary@gmail.com

ਸੁਣ ਕੇ ਹੀ ਮੇਰਾ ਕਲੇਜਾ, ਪਿਪਲ ਦੀ ਚੋਟੀ ਦੇ ਪਤੇ ਵਾਂਗੂ ਕੰਬਣ ਲਗ ਪਿਆ ਹੈ ॥੯੮॥

ਕਾਮ ਉਵਾਚ ॥

**ਦੋਹਰਾ—੧. ਭਾਮਿਨਿ ਕਿਉਂ ਉਰ ਕੰਪ ਹੈਂ, ਲੋਕ ਕਹੈਂ ਇਹ ਬਾਤ ॥**

**੨. ਜਨਮੁ ਰਾਖਸੀ ਹੋਇਗੋ ਨਿਸਚੈ ਨਹਿੰ ਬਖ੍ਯਾਤ ॥੯੯॥**

੧. ਕਾਮ ਨੇ ਕਿਹਾ—ਹੇ ਇਸਤ੍ਰੀ ! ਤੇਰਾ ਕਲੇਜਾ ਕਿਉਂ ਕੰਬਣ ਲੱਗ ਪਿਆ ਹੈ ? ਇਹ ਗੱਲ ਲੋਕੀਂ ਕਹਿੰਦੇ ਹਨ। (ਕਿ) ੨. 'ਰਾਖਸ਼ਨੀ' ਦਾ ਜਨਮ ਹੋਵੇਗਾ', ਪਰ ਇਹ ਕੋਈ ਨਿਸਚੇ ਕਰਕੇ ਪ੍ਰਗਟ ਨਹੀਂ ਹੈ, ਅਰਥਾਤ ਇਸ ਗੱਲ ਤੇ ਯਕੀਨ ਨਹੀਂ ਬੱਝ ਸਕਦਾ ॥੯੯॥

ਰਤੀ ਉਵਾਚ ॥

**ਦੋਹਰਾ—੧. ਨਾਥ ਬਖਾਨੋ ਏਹੁ ਤੁਮ, ਜੋ ਉਪਜੈ ਪੁਨ ਸੋਇ ॥**

**੨. ਯਾ ਜਗ ਮੈ ਅਵਤਾਰ ਲੈ, ਕਾਮ ਕਰੇਗੀ ਕੋਇ ॥੧੦੦॥**

੧. ਰਤੀ ਨੇ ਕਿਹਾ—ਸਵਾਮੀ ਜੀ ! ਤੁਸੀਂ ਮੈਨੂੰ ਇਹ ਦਸੋ, ਜੋ ਰਾਖਸ਼ਨੀ ਪੈਦਾ ਹੋਵੇਗੀ, ਫੇਰ ਉਹ।

੨. ਇਸ ਜਗਤ ਵਿਚ ਅਵਤਾਰ ਲੈ ਕੇ, ਕਿਹੜੇ ਕੰਮ ਕਰੇਗੀ ? ॥੧੦੦॥

॥ ਕਾਮ ਉਵਾਚ ॥

**ਸਵੈਯਾ ॥**

**੧. ਭਾਮਿਨਿ ਯੌਂ ਸੁਨਿਯੇ ਜਗ ਮੈ ਇਹ ਵਾਕ ਅਹੈ ਬਿਧਿ ਬ੍ਰਹਮ ਅਲਾਯਾ ॥**

**੨. ਪੁੰਸ ਅਸੰਗ ਕਹੈਂ ਜਿਹ ਕੋ ਤਿਹ ਨਾਰਿ ਅਹੈ ਜਗ ਭੀਤਰਿ ਮਾਯਾ ॥**

**੩. ਨਾਹਿੰ ਛੁਹੈ ਤਿਹ ਸੰਗ ਕਬੀ ਮਨ ਬੱਲਭ ਤਾਂਹਿ ਬਿਖੇ ਸੁਤ ਜਾਯਾ ॥**

**੪. ਤਾਂ ਉਪਰੰਤ ਸੁਨੋ ਗਜ ਗਾਮਨਿ ਨਾਥ ਇਹੈ ਪੁਨ ਲੋਕ ਉਪਾਯਾ ॥੧੦੧॥**

ਬਿਧਿ—ਬ੍ਰਹਮਾ ਨੇ। ਬ੍ਰਹਮ—ਵੇਦ। ਪੁੰਸ—ਪੁਰਖ। ਬੱਲਭ—ਪਿਆਰਾ। ਉਪਰੰਤ=ਮਗਰੋਂ। ਗਜ ਗਾਮਨਿ=ਹਾਥੀ ਵਰਗੀ ਤੋਰ ਵਾਲੀਏ।

੧. ਕਾਮ ਨੇ ਕਿਹਾ—ਹੇ ਭਾਮਨੀ ! ਜਗਤ ਵਿਚ ਇਸ ਤਰਾਂ ਸੁਣੀਦਾ ਹੈ ਕਿ ਬ੍ਰਹਮਾ ਨੇ ਵੇਦ ਵਿਚ ਕਿਹਾ ਹੋਇਆ ਹੈ। ੨. ਜਿਸ ਨੂੰ ਅਸੰਗ ਪੁਰਖ ਕਹੀਦਾ ਹੈ, ਜਗਤ ਵਿਚ ਉਸ ਦੀ ਇਸਤਰੀ ਮਾਯਾ ਕਹੀ ਜਾਂਦੀ ਹੈ। ੩. ਪੁਰਖ ਉਸ ਦੇ ਨਾਲ ਕਦੇ ਭੀ ਸੰਗ ਨਹੀਂ ਕਰਦਾ, (ਪਰ) ਕਲਪਤਿ ਸਬੰਧ ਕਰਕੇ ਉਸ ਵਿਚੋਂ 'ਮਨ' (ਨਾਮ ਵਾਲਾ) ਪਿਆਰਾ ਪੁਤਰ ਪੈਦਾ ਕੀਤਾ ਹੈ। ੪. ਹੇ ਹਾਥੀ ਵਾਂਗੂ ਮਸਤ ਤੋਰ ਵਾਲੀਏ। ਉਸ ਦੇ ਮਗਰੋਂ ਸਾਡੇ ਸਵਾਮੀ 'ਮਨ' ਨੇ ਫੇਰ ਇਹਨਾਂ ਤਿੰਨਾਂ ਲੋਕਾਂ ਨੂੰ ਆਪੇ ਹੀ ਪੈਦਾ ਕਰ ਲਿਆ ਹੈ।੧੦੧।

**ਦੋਹਰਾ—੧. ਕੰਨਯਾ ਤਾਂਤੇ ਹੋਇਗੀ, ਵਿਦਯਾ ਨਾਮ ਕਹਾਇ ॥**

**੨. ਤਾਤ ਮਾਤ ਪੁਨ ਭ੍ਰਾਤ ਕੁਲ, ਲਏ ਸਕਲ ਵਹੁ ਖਾਇ ॥੧੦੨॥**

੧. ਕਾਮ ਨੇ ਕਿਹਾ—ਹੇ ਰਤੀ ! ਉਸ (ਮਨ) ਤੋਂ ਇਕ ਕੰਨਿਆਂ ਹੋਵੇਗੀ, ਜੋ ਬ੍ਰਹਮ ਵਿਦਿਆ ਨਾਮ ਕਹਾਏਗੀ। ੨. ਉਹ ਆਪਣੇ ਪਿਉ ਮਨ ਨੂੰ, ਮਾਤਾ 'ਪਰਵਿਰਤੀ' ਨੂੰ ਅਤੇ ਮੋਹ ਆਦਿਕ ਭਰਾਵਾਂ ਸਮੇਤ ਸਾਰੀ ਕੁਲ ਨੂੰ ਖਾ ਲਵੇਗੀ ॥੧੦੨॥

Sri Satguru Jagjit Singh Ji Elibrary NamdhariElibrary@gmail.com

॥ ਕਵਿ ਉਵਾਚ ॥

**ਦੋਹਰਾ–੧. ਤ੍ਰਾਸ ਕੰਪ ਰਤਿ ਕੋ ਭਯੋ, ਬੋਲੀ ਅਤਿ ਭਯ ਆਹਿ ॥**
**੨. ਭਰਤਾ ਕੇ ਗਲ ਸੋਂ ਮਿਲੀ, ਆਰਯ ਸੁਤ ਪਰ ਪਾਹਿ ॥੧੦੩॥**

ਪਰ–ਵਿਸ਼ੇਸ਼ ਕਰ ਕੇ। ਪਹਿ–ਰਖਿਆ ਕਰਨੀ।

੧. ਗ੍ਰੰਥ ਕਰਤਾ ਜੀ ਕਹਿੰਦੇ ਹਨ–ਇਹ ਗੱਲ ਸੁਣਦਿਆਂ ਹੀ ਰਤੀ ਨੂੰ ਡਰ ਨਾਲ ਕਾਂਬਾ ਛਿੜ ਪਿਆ ਅਤੇ ਬਹੁਤ ਭੈ-ਵਾਨ ਹੋ ਕੇ ਪਤੀ ਦੇ ਗਲ ਨਾਲ ਲਿਪਟ ਕੇ ਕਹਿਣ ਲਗੀ, ਹੇ ਸਰੇਸ਼ਟ ਦੇ ਪੁਤਰ! ਉਸ ਰਾਖਸ਼ਨੀ ਤੋਂ ਖਾਸ ਕਰਕੇ ਮੇਰੀ ਰਖਯਾ ਕਰਨੀ, (ਕਿਤੇ ਮੈਨੂੰ ਨਾ ਖਾ ਜਾਵੇ)।੧੦੩॥

**ਸਵੈਯਾ ॥**

**੧. ਰਤਿ ਸੰਗਮ ਕੋ ਸੁਖ ਆਹਿ ਜੋਈ ਮੁਖ ਸ੍ਵਾ ਗਤਿ ਪੁਨ ਕਾਮ ਦਿਖਾਏ ॥**
**੨. ਤਨ ਮਾਂਹਿ ਮਨੋਜ ਰੁਮੰਚ ਭਏ ਯੁਗ ਤਾਰਕ ਨੈਨਨ ਕੇ ਤਰ ਲਾਏ ॥**
**੩. ਘਨ ਪੀਨ ਪਯੋਧਰ ਨਾਰਿ ਮਿਲੇ ਸ਼ਿਵ ਕੇ ਰਿਪ ਤੇ ਮਨ ਮੇ ਹਰਖਾਏ ॥**
**੪. ਮਣਿ ਗੁੰਜਤ ਕੰਕਣ ਹਾਥ ਵਿਖੇ ਰਤਿ ਕੰਠ ਭੁਜਾ ਮਨ ਮੈਂ ਬਿਗਸਾਏ।੧੦੪।**

ਸੰਗਮ–ਮਿਲਾਪ, ਸਮਾਗਮ। ਸ੍ਵਾ–ਆਪਣੇ। ਗਤਿ ਕੇ–ਪ੍ਰਾਪਤ ਕਰ ਕੇ। ਮਨੋਜ=ਕਾਮਦੇਵ।
ਯੁਗ–ਦੋਵੇਂ। ਤਾਰਕ–ਅੱਖਾਂ ਦੀਆਂ ਪੁਤਲੀਆਂ। ਤਰ–ਟੱਕ। ਘਨ–ਭਾਰੇ ਤੇ ਮੋਟੇ।
ਪੀਨ–ਕਰੜੇ। ਪਯੋਧਰ–ਕੁਚ, ਥਨ। ਸ਼ਿਵ ਕੇ ਰਿਪ- ਕ ਮ ਦੇਵ।

੧. ਰਤੀ ਦੇ ਮਿਲਾਪ ਦਾ ਜਿਤਨਾ ਸੁਖ ਹੈ, ਉਸ ਨੂੰ ਪ੍ਰਾਪਤ ਕਰ ਕੇ, ਕਾਮਦੇਵ ਆਪਣੇ ਮੂੰਹ ਨਾਲ ਪ੍ਰਗਟ ਕਰਕੇ ਵਿਖਾਂਦਾ ਹੈ। ੨. ਕਾਮਦੇਵ ਦੇ ਸਰੀਰ ਦੇ ਰੋਮ ਕੰਡਿਆਂ ਵਾਂਗੂ ਖੜੇ ਹੋ ਗਏ ਹਨ ਅਤੇ ਅੱਖਾਂ ਦੀਆਂ ਦੋਹਾਂ ਪੁਤਲੀਆਂ ਨੇ ਰਤੀ ਦੇ ਮੂੰਹ ਵਲ ਇਕ-ਟੱਕ ਲਾਕੇ ਵੇਖਣਾ ਸ਼ੁਰੂ ਕੀਤਾ ਹੋਇਆ ਹੈ। ੩. ਭਾਰੇ ਤੇ ਕਰੜੇ ਥਨਾਂ ਵਾਲੀ ਇਸਤ੍ਰੀ ਮਿਲ ਜਾਵੇ, ਤਾਂ ਕਾਮਦੇਵ ਮਨ ਵਿਚ ਪ੍ਰਸੰਨ ਹੁੰਦਾ ਹੈ। ੪. ਮਣੀਆਂ ਦੇ ਜੜਾਊ ਕੜੇ ਹੱਥ ਵਿਚ ਪਏ ਹੋਏ ਹਨ, ਜੋ ਬਾਂਹ ਦੇ ਹਿਲਣ ਨਾਲ ਗੁੰਜਾਰ ਕਰਦੇ ਹਨ ਅਤੇ ਇਸ ਤਰਾਂ ਦੀ ਬਾਂਹ ਰਤੀ ਦੇ ਗਲ ਵਿਚ ਪਾ ਕੇ (ਕਾਮਦੇਵ) ਮਨ ਵਿਚ ਪ੍ਰਸੰਨ ਹੋ ਰਿਹਾ ਹੈ ॥੧੦੪॥

॥ ਕਾਮ ਉਵਾਚ ॥ **ਸਵੈਯਾ ॥**

**੧. ਤਵ ਸੰਗਮ ਮੋਦ ਜਨੇ ਮਨ ਮੈਂ, ਅਰੁ ਮੋਹ ਮਹਾਂ ਉਰ ਮੇ ਉਪਜਾਏ ॥**
**੨. ਇਮ ਭਾਖ ਮਨੋਜ ਪ੍ਰਮੋਦ ਬਢੇ ਰਤਿ ਕੋ ਦ੍ਰਿਢ ਕੰਠ ਸੁ ਫੇਰ ਲਗਾਏ ॥**
**੩. ਹਮ ਜੀਵਤ ਕੌਨ ਬਲੀ ਜਗ ਮੇ ਪੁਨ ਆਤਮ ਵਿਦਯਾ ਜੋ ਉਪਜਾਏ ॥**
**੪. ਜਗ ਕੌਨ ਵਿਵੇਕ ਕੋ ਨਾਉ ਲਏ ਰਤਿ ਭੀਰੁ ਕਹੋ ਤੁਮ ਕਿਉਂ ਡਰਪਾਏ।੧੦੫**

ਮੋਦ=ਅਨੰਦ, ਖੁਸ਼ੀ। ਜਨੇ–ਪੈਦਾ ਕਰਦਾ ਹੈ। ਦ੍ਰਿਢ–ਘੁਟ ਕੇ। ਭੀਰੁ–ਡਰਪੋਕ।

੧. ਕਾਮ ਨੇ ਕਿਹਾ–ਹੇ ਰਤੀ! ਤੇਰਾ ਮਿਲਾਪ ਮਨ ਵਿਚ ਖੁਸ਼ੀ ਪੈਦਾ ਕਰਦਾ ਹੈ, ਅਤੇ ਹਿਰਦੇ ਵਿਚ ਮਹਾਂ-ਮੋਹ ਨੂੰ ਭੀ ਪੈਦਾ ਕਰ ਦੇਂਦਾ ਹੈ। ੨. ਇਸ ਤਰ੍ਹਾਂ ਕਹਿੰਦਿਆਂ ਕਾਮਦੇਵ ਦੇ ਮਨ ਵਿਚ ਬੜੀ ਖੁਸ਼ੀ ਵਧ ਗਈ ਅਤੇ ਉਸਨੇ ਰਤੀ ਨੂੰ ਫੇਰ ਘੁਟ ਕੇ ਛਾਤੀ ਨਾਲ ਲਾ ਲਿਆ, (ਅਤੇ ਮੂੰਹੋਂ ਕਹਿਣ ਲਗਾ) – ੩. ਸਾਡੇ

ਜਿਊਂਦਿਆਂ ਜਗਤ ਵਿਚ ਕਿਹੜਾ ਬਲੀ ਹੈ, ਜੋ ਆਤਮ ਵਿਦਯਾ ਨੂੰ ਪੈਦਾ ਕਰੇਗਾ ? ਅਤੇ ੪. ਜਗਤ ਵਿਚ ਵਿਵੇਕ ਦਾ ਨਾਮ ਕੌਣ ਲਵੇਗਾ ? ਹੇ ਡਰਪੋਕ ਰਤੀ ! ਦਸ, ਤੂੰ ਕਿਉਂ ਡਰ ਮੰਨ ਰਹੀ ਹੈਂ ? ॥੧੦੫॥

॥ ਰਤੀ ਉਵਾਚ ॥

**ਦੋਹਰਾ—੧. ਵਿਦਜਾ ਕੰਨਜਾ ਰਾਖਸੀ, ਤਾ ਉਤਪਤੀ ਜੋਇ ॥**

**੨. ਤੁਮਰੇ ਵੈਰੀ ਜਗਤ ਮੈਂ, ਕਿਹ ਬਿਧਿ ਚਾਹੈ ਸੋਇ ॥੧੦੬॥**

੧. ਰਤੀ ਨੇ ਪੁਛਿਆ—ਹੇ ਸਵਾਮੀ ! ਜੋ 'ਵਿਦਯਾ' ਨਾਮ ਵਾਲੀ ਰਾਖਸ਼ਨੀ ਕੰਨਯਾ ਹੈ, ਜਗਤ ਵਿਚ ਜੋ ਤੁਹਾਡੇ ਵੈਰੀ (ਵੈਰਾਗ, ਵਿਵੇਕ ਆਦਿਕ ਹਨ)ਉਸਦੀ ਉਤਪਤੀ ਨੂੰ ਉਹ ਕਿਸ ਤਰਾਂ ਨਾਲ ਚਾਹੁੰਦੇ ਹਨ ? ਅਰਥਾਤ ਉਸ ਨੂੰ ਕਿਸ ਤਰ੍ਹਾਂ ਪੈਦਾ ਕੀਤਾ ਚਾਹੁੰਦੇ ਹਨ ? ॥੧੦੬॥

॥ ਕਾਮ ਉਵਾਚ ॥

**ਸਵੈਯਾ ॥**

**੧. ਸਾ ਦੁਹਿਤਾ ਸ਼੍ਰੁਤਿ ਨਾਰਿ ਵਿਖੇ ਖਲ ਰਾਇ ਬਿਬੇਕ ਪ੍ਰਿਯੇ ਉਪਜਾਏ ॥**
**੨. ਸੰਗ ਪ੍ਰਬੋਧ ਸ਼ਸ਼ੀ ਪੁਨ ਭ੍ਰਾਤ ਸੁ ਹੰਸਗਤੇ ਤਿਹ ਮਾਹਿ ਉਪਾਏ ॥**
**੩. ਤਾਂ ਉਤਪਤਿ ਵਿਖੇ ਪਤਿਨੀ ਸੁ ਸਮਾਦਕ ਆਪ ਸਹਾਇਕ ਆਏ ॥**
**੪. ਤੇ ਉਪਵਾਸ ਕਰੇਂ ਤਪ ਸਾਧਿਤ ਉਦਮ ਤੀਰਥ ਦੇਵ ਮਨਾਏ ॥ ੧੦੭ ॥**

ਦੁਹਿਤਾ—ਲੜਕੀ, ਧੀ। ਸ਼੍ਰੁਤਿ—ਉਪਨਿਸ਼ਦ। ਖਲ—ਮੂਰਖ। ਸਸੀ—ਚੰਦ੍ਰਮਾ। ਹੰਸਗਤੀ—ਹੇ ਹੰਸ ਵਰਗੀ ਤੋਰ ਵਾਲੀਏ ! ਉਪਵਾਸ—ਵਰਤ, ਬ੍ਰਤ। ਸਾਧਿਤ—ਕਰਦੇ ਹਨ।

੧. ਕਾਮ ਨੇ ਕਿਹਾ ਹੇ ਪਿਆਰੀ ! ਮੂਰਖ ਵਿਵੇਕ ਰਾਜਾ ਉਸ ਲੜਕੀ ਨੂੰ ਉਪਨਿਸ਼ਦ (ਦੇਵੀ ਨਾਮ ਵਾਲੀ ਆਪਣੀ) ਇਸਤ੍ਰੀ ਤੋਂ ਪੈਦਾ ਕਰੇਗਾ। ੨. ਹੇ ਹੰਸ ਵਰਗੀ ਤੋਰ ਵਾਲੀਏ ! ਅਤੇ ਉਸ ਦੇ ਨਾਲ 'ਪ੍ਰਬੋਧ ਚੰਦ' (ਨਾਮ ਵਾਲਾ ਉਸ ਦਾ) ਭਰਾ ਭੀ ਉਸ ਵਿਚੋਂ ਪੈਦਾ ਕਰੇਗਾ। ੩. ਹੇ ਪਤਨੀ ! ਉਹਨਾਂ ਦੀ ਉਤਪਤੀ ਕਰਾਉਣ ਵਿਚ ਸਮ-ਦਮ ਆਦਿਕ ਸਾਰੇ ਹੀ ਸਹਾਇਕ ਹੋ ਕੇ ਆਏ ਹੋਏ ਹਨ। ੪, ਉਹ ਵਰਤ ਰਖਦੇ ਹਨ, ਤਪ ਕਰਦੇ ਹਨ,ਉਦਮ ਕਰਕੇ ਤੀਰਥ ਸ਼ਨਾਨ ਕਰਦੇ ਹਨ ਅਤੇ ਦੇਵਤਿਆਂ ਨੂੰ ਮਨਾਉਂਦੇ ਤੇ ਪੂਜਦੇ ਹਨ।੧੦੭

॥ ਰਤਿ ਉਵਾਚ ॥

**ਦੋਹਰਾ—੧. ਆਤਮ ਨਾਸਕ ਵਿਦਜਾ, ਤਾ ਉਤਪਤੀ ਜੋਇ ॥**

**੨. ਕਾਹਿ ਸਰਾਹੈਂ ਦੁਸ਼ਟ ਮਤਿ, ਸ਼ੰਕਾ ਪਾਪ ਨਾ ਹੋਇ ॥੧੦੮॥**

ਸ਼ੰਕਾ—ਡਰ।

੧. ਰਤੀ ਨੇ ਕਿਹਾ—ਹੇ ਸਵਾਮੀ ! ਆਪਣੀ ਕੁਲ ਦਾ ਨਾਸ ਕਰਨ ਵਾਲੀ ਜੋ ਵਿਦਯਾ ਹੈ, ਉਸ ਦੀ ਉਤਪਤੀ ਨੂੰ, ੨. ਦੁਸ਼ਟ ਬੁਧੀ ਵਾਲੇ ਵਿਵੇਕ ਆਦਿਕ ਕਿਉਂ ਸਲਾਹੁੰਦੇ ਹਨ ? ਕੀ ਉਹਨਾਂ ਨੂੰ ਕੁਲ ਦੇ ਨਾਸ ਰੂਪ ਪਾਪ ਦਾ ਡਰ ਨਹੀਂ ਹੁੰਦਾ ? ॥੧੦੮॥ ॥ ਕਾਮ ਉਵਾਚ ॥

**ਸਵੈਯਾ ॥**

**੧. ਰਤਿ ਜੋ ਕੁਲ ਨਾਸ ਪ੍ਰਵ੍ਰਿਤਿ ਭਏ, ਵਹੁ ਪਾਪ ਕਰੇਂ ਨਹਿੰ ਪਾਪ ਡਰਾਏ ॥**

Sri Satguru Jagjit Singh Ji Elibrary NamdhariElibrary@gmail.com

**੨. ਮੁਖ ਨੀਤ ਮਲੀਨ ਰਹੇ ਤਿਨ ਕੋਂ, ਉਪਜੇ ਨਿਜ ਤਾਤ ਸੁ ਆਤਮ ਘਾਏ ॥**
**੩. ਬਲਿ ਪਾਵਕ ਧੂਮ ਸੁ ਮੇਘ ਭਯੋ ਫਿਰ ਧੂਮ ਧੁੰਜ ਹਨ ਆਪ ਖਪਾਏ ॥**
**੪.ਕੁਲ ਕੰਟਕ ਆਹਿ ਵਿਵੇਕ ਸੁਨੇ ਨਿਤ ਪਾਪ ਕਰੇ ਨਹਿੰ ਰੰਚ ਲਜਾਏ ॥੧੦੯॥**

ਆਤਮ ਘਾਏ—ਆਤਮ ਘਾਤੀ। ੨. ਆਪਣੇ ਆਪ ਨੂੰ ਨਾਸ ਕਰ ਲੈਂਦੇ ਹਨ। ਬਲਿ—ਬਲੀ, ਆਹੂਤੀ। ਪਾਵਕ—ਅੱਗ। ਮੇਘ—ਬੱਦਲ। ਧੂਮ-ਧੁਜੰ—ਅੱਗ, ਧੂੰਆਂ ਜਿਸ ਦੀ ਨਿਸ਼ਾਨੀ ਹੈ। ਹਨ—ਨਾਸ ਕਰਕੇ।

੧. ਕਾਮ ਨੇ ਕਿਹਾ–ਹੇ ਰਤੀ! ਜਿਹੜੇ ਆਪਣੀ ਕੁਲ ਦਾ ਨਾਸ ਕਰਨ ਵਿਚ ਪ੍ਰਵਿਰਤਿ ਹੋਏ ਹੋਏ ਹਨ, ਉਹ ਪਾਪ ਕਰਦੇ ਹਨ ਅਤੇ ਪਾਪ ਤੋਂ ਡਰਦੇ ਨਹੀਂ ਹਨ। ੨. ਉਹਨਾਂ ਦਾ ਮੂੰਹ ਸਦਾ ਹੀ ਮਲੀਨ (ਭਰਿਸ਼ਟਿਆ) ਰਹਿੰਦਾ ਹੈ, ਕਿਉਂਕਿ ਉਹ ਆਤਮਘਾਤੀ ਜਿਸ ਤੋਂ ਪੈਦਾ ਹੋਏ ਹਨ, ਉਸ ਆਪਣੇ ਪਿਤਾ ਨੂੰ ਮਾਰ ਕੇ ਆਪਣੇ ਆਪ ਦਾ ਭੀ ਨਾਸ ਕਰ ਲੈਂਦੇ ਹਨ। ੩. ਅਹੂਤੀ ਦੇ ਪੈਣ ਕਰਕੇ ਅੱਗ ਤੋਂ ਧੂੰਆਂ (ਪੈਦਾ ਹੋ ਕੇ) ਬੱਦਲ ਰੂਪ ਹੋ ਜਾਂਦਾ ਹੈ, ਫਿਰ ਉਸ ਤੋਂ ਮੀਂਹ ਵੱਸ ਕੇ ਅਗ ਨੂੰ ਨਾਸ ਕਰਕੇ (ਪਾਣੀ) ਆਪ ਭੀ ਖਪਤ ਹੋ ਜਾਂਦਾ ਹੈ। ੪. ਸੁਣ ਹੇ ਰਤੀ! ਸਾਡੀ ਕੁਲ ਵਿਚ ਰਾਜਾ ਵਿਵੇਕ (ਇਸੇ ਤਰਾਂ ਦਾ) ਦੁਖਦਾਈ-ਕੰਡਾ ਪੈਦਾ ਹੋਇਆ ਹੈ, ਜੋ ਸਦਾ ਪਾਪ ਕਰਦਾ ਹੈ ਅਤੇ ਕਰਨ ਤੋਂ ਰਤੀ ਭਰ ਭੀ ਲੱਜਾ ਨਹੀਂ ਕਰਦਾ।੧੦੯।

## ॥ ਅਥ ਨੇਪਥੇ ਕਲਕਲਾ ॥

(ਜਦ ਕਾਮ ਨੇ ਇਹ ਕਿਹਾ ਕਿ ਸਾਡੀ ਕੁਲ ਵਿਚ ਕੰਡਾ ਰੂਪ ਬਿਬੇਕ ਪੈਦਾ ਹੋਇਆ ਹੈ, ਤਾਂ ਬਿਬੇਕ ਤੇ ਮਤੀ ਦਾ ਸਵਾਂਗ ਬਣ ਕੇ ਜੋ ਪੁਰਸ਼ ਪੜਦੇ ਅੰਦਰ ਬੈਠਾ ਹੋਇਆ ਸੀ, ਉਪਰਲਾ ਕਥਨ ਸੁਣ ਕੇ, ਬਿਬੇਕ ਰੂਪ ਧਾਰੀ ਪੁਰਸ਼ ਪੜਦੇ ਦੇ ਅੰਦਰੋਂ ਹੀ ਰੋਲਾ ਪਾਉਣ ਲਗ ਪਿਆ)–

॥ ਬਿਬੇਕ ਉਵਾਚ ॥

## ਸਵੈਯਾ ॥

**੧. ਆਹਿ ਦੁਰਾਤਮ ਕਾਮ ਕਲੰਕ ਸੁ ਤੂੰ ਧਰਮਾਤਮ ਆਪ ਅਲਾਏ ॥**
**੨. ਤੇ ਅਘਵੰਤ ਸੁ ਪਾਪ ਕਰੇ ਇਮ ਭਾਖ ਅਘੀ ਹਮ ਕੋ ਠਹਰਾਏ ॥**
**੩. ਨਾਹਿ ਲਯੋ ਮਨ ਤਾਤ ਮਤੋ ਜਿਮ ਮੂਢ ਮਨੋਜ ਸੁਨੋ ਚਿਤ ਲਾਏ ॥**
**੪. ਤਾਤ ਭਯੋ ਸੁਤ ਮੋਹ ਅਧੀਨ ਸੁ ਮਾਰਗ ਵੇਦ ਕੋ ਦੂਰ ਭੁਲਾਏ ॥੧੧੦॥**

ਦੁਰਾਤਮ—ਦੁਸ਼ਟ ਆਤਮਾ, ਬੁਰੇ ਸੁਭਾਵ ਵਾਲਾ। ਅਘੀ—ਪਾਪੀ।

੧. ਵਿਵੇਕ ਨੇ ਉਚੀ ਅਵਾਜ਼ ਨਾਲ ਕਿਹਾ–ਹੇ ਕਲੰਕ ਰੂਪ ਕਾਮ। ਤੂੰ ਬਹੁਤ ਬੁਰੇ ਸੁਭਾਵ ਵਾਲਾ ਹੈਂ ਅਤੇ ਆਪਣੇ ਆਪ ਨੂੰ ਧਰਮਾਤਮਾ ਕਹਿੰਦਾ ਹੈਂ, ਫੇਰ ਤੂੰ ਕਹਿ ਰਿਹਾ ਹੈਂ, ਕਿ – ੨. ਉਹ (ਵਿਵੇਕਾਦਿਕ) ਪਾਪ ਕਰਨ ਵਾਲੇ ਹਨ, ਉਹ ਦਿਨੇ ਰਾਤ ਪਾਪ ਯਾਦ ਕਰਦੇ ਹਨ, ਇਸ ਤਰ੍ਹਾਂ ਕਹਿ ਕੇ ਤੂੰ ਸਾਨੂੰ ਪਾਪੀ ਠਹਿਰਾ ਰਿਹਾ ਹੈਂ। ੩. ਹੇ ਮੂਰਖ ਕਾਮਦੇਵ! ਜਿਸ ਕਰਕੇ ਅਸਾਂ ਆਪਣੇ ਪਿਤਾ 'ਮਨ' ਦੀ ਮਤ ਨਹੀਂ ਲਈ ਹੈ, ਉਹ ਸਾਰੀ ਗੱਲ ਚਿੱਤ ਲਾ ਕੇ ਸੁਣ। ੪. ਸਾਡਾ ਪਿਤਾ ਮਨ (ਆਪਣੇ) ਪੁਤ੍ਰ 'ਮੋਹ' ਦੇ ਵਸ ਹੋ ਗਿਆ ਹੈ ਅਤੇ ਉਸ ਨੇ ਵੇਦ ਮਾਰਗ ਨੂੰ ਦੂਰ ਛਡ ਦਿਤਾ ਹੈ (ਅਰਥਾਤ ਮਨ ਮੋਹ ਦੇ ਵਸ ਹੋ ਕੇ, ਪੁਠੇ ਰਾਹ ਤੁਰ ਪਿਆ ਹੈ, ਇਸ ਕਰਕੇ ਅਸਾਂ ਉਸਦਾ ਤਿਆਗ ਕਰ ਦਿਤਾ ਹੈ, ਕਿਉਂਕਿ)।੧੧੦।

Sri Satguru Jagjit Singh Ji Elibrary NamdhariElibrary@gmail.com

ਸਵੈਯਾ ॥

੧. ਕਾਰਯ ਔਰ ਅਕਾਰਯ ਕੋ ਗੁਰ ਜੋ ਨ ਪਿਖੇ ਉਰ ਮੈ ਗਰਬਾਏ ॥
੨. ਵੇਦ ਵਿਰੁਧ ਸੁ ਪੰਥ ਵਿਖੇ ਮਨ ਕੇ ਮਦ ਕੈ ਜਬ ਪਾਉਂ ਟਿਕਾਏ ॥
੩. ਤਾਂਹਿ ਤਿਆਗ ਸੁ ਬੇਦ ਕਹੇ ਮਨੁ ਸਿਮ੍ਰਿਤਿ ਮੈ ਪੁਨ ਏਹੁ ਬਤਾਏ ॥
੪. ਬੀਚ ਪੁਰਾਨਨ ਬਿਆਸ ਕਹੇ ਰਿਖ ਪੂਰਬਲੇ ਪੁਨ ਏਹੁ ਅਲਾਏ ॥੧੧੧॥

ਗੁਰ—ਬਜ਼ੁਰਗ, ਕੁਲ ਦਾ ਵਡੇਰਾ ਪੁਰਖ। ਕਾਰਜ—ਕਰਨ ਯੋਗ ਕੰਮ। ਅਕਾਰਜ—ਨਾ ਕਰਨ ਯੋਗ ਕੰਮ।

੧. ਜਿਹੜਾ ਬਜ਼ੁਰਗ ਪੁਰਖ ਕਾਰਯ ਤੇ ਅਕਾਰਯ ਨੂੰ ਨਹੀਂ ਵੇਖਦਾ ਅਤੇ ਹਿਰਦੇ ਵਿਚ ਹੰਕਾਰ ਕਰਦਾ ਹੈ। ੨. ਮਨ ਦੇ ਹੰਕਾਰ ਕਰਕੇ ਜਦ ਉਹ ਵੇਦ ਦੇ ਦਸੇ ਹੋਏ ਰਾਹ ਤੋਂ ਉਲਟ ਰਸਤੇ ਵਿਚ ਪੈਰ ਧਰ ਦੇਂਦਾ ਹੈ, ਅਰਥਾਤ ਵੇਦ ਦੀ ਮਰਯਾਦਾ ਤੋਂ ਉਲਟ ਤੁਰਨ ਲਗ ਪੈਂਦਾ ਹੈ। ੩. ਤਦ ਉਸ ਦਾ ਤਿਆਗ ਕਰ ਦੇਣਾ ਯੋਗ ਹੈ, ਇਸ ਤਰਾਂ ਵੇਦ ਦਾ ਕਥਨ ਹੈ, ਮਨੂ ਸਿਮ੍ਰਤੀ ਵਿਚ ਭੀ ਏਹੋ ਦਸਿਆ ਹੈ। ੪. ਪੁਰਾਣਾਂ ਵਿਚ ਬਿਆਸ ਨੇ ਕਿਹਾ ਹੈ ਅਤੇ ਪਿਛੇ ਹੋ ਚੁਕੇ ਸਾਰੇ ਰਿਖੀਆਂ ਨੇ ਸਿਮ੍ਰਤੀਆਂ ਵਿਚ ਇਹੋ ਆਖਿਆ ਹੈ।੧੧੧।

ਦੋਹਰਾ—੧. ਪਿਤਾ ਗੁਰੂ ਮਤਿ ਤਯਾਗ ਕਰ, ਵਡਭਾਗੀ ਪ੍ਰਹਲਾਦ ॥
੨. ਮੁਕਤਿ ਪਾਇ ਬੰਧਨ ਤਜੇ, ਹਰਿ ਕੇ ਸੇਵ ਸੁ ਪਾਦ ॥੧੧੨॥

੧. ਵੇਖੋ! ਵਡੇ ਭਾਗਾਂ ਵਾਲੇ ਪ੍ਰਹਲਾਦ ਭਗਤ ਨੇ ਪਿਤਾ ਅਤੇ ਗੁਰੂ ਦੀ ਸਿਖਯਾ ਦਾ ਤਿਆਗ ਕਰਕੇ, ੨. ਹਰੀ ਦੇ ਚਰਨਾਂ ਦਾ ਸੇਵਨ ਕੀਤਾ ਸੀ, ਜਿਸ ਕਰਕੇ ਬੰਧਨ ਟੁਟ ਗਏ, ਤੇ ਉਸ ਨੇ ਮੁਕਤੀ ਨੂੰ ਪਾ ਕੇ ਅਟੱਲ ਅਸਥਾਨ ਨੂੰ ਪਾਇਆ ਸੀ।੧੧੨।

ਕਬਿੱਤ—੧. ਤਾਤ ਜੋ ਹਮਾਰੋ ਸੁ ਹੰਕਾਰ ਕੇ ਅਧੀਨ ਭਯੋ,
ਕਾਰਯ ਅਕਾਰਯ ਨ ਰੰਚਕ ਬਿਚਾਰਿਓ ॥
੨. ਜਗਤ ਕੋ ਪਤਿ ਜੋ ਪ੍ਰਮਾਤਮ ਸੁ ਤਾਤ ਨਿਜ,
ਤਾਂਹਿ ਕੋ ਸੁ ਬਾਂਧ ਜਗ ਸ੍ਰਿੰਖਲ ਮੈ ਡਾਰਿਓ ॥
੩. ਮੋਹ ਮਦ ਮਾਨ ਨਿਸ ਦਿਨ ਸਨਮਾਨ ਕਰਿ,
ਛੋਡਨੋ ਸੁ ਦੂਰ ਬੰਧ ਦ੍ਰਿੜ੍ਹ ਬਿਸਥਾਰਿਓ ॥
੪. ਐਸੋ ਮਨ ਤਾਤ ਜੋਈ ਹਤਏ ਨਾ ਦੋਸ਼ ਕੋਈ,
ਕੀਓ ਹਮ ਤਯਾਗ ਨਹਿ ਤਾਂਹਿ ਮਤੋ ਧਾਰਿਓ।੧੧੩।

ਸ੍ਰਿੰਖਲ=ਫਾਹੀਆਂ। ਹਤਏ=ਮਾਰ ਦੇਣਾ। ਰੰਚਕ=ਰਤਾ ਜਿੰਨਾ ਭੀ।

੧. ਜੋ ਸਾਡਾ ਪਿਤਾ 'ਮਨ' ਹੈ, ਉਹ ਆਪਣੇ ਪੁਤਰ 'ਹੰਕਾਰ' ਦੇ ਵੱਸ ਹੋ ਗਿਆ ਹੈ, ਇਸ ਕਰਕੇ ਉਸਨੇ ਕਾਰਜ ਤੇ ਅਕਾਰਜ ਨੂੰ ਰਤਾ ਜਿੰਨਾ ਭੀ ਵਿਚਾਰਿਆ ਨਹੀਂ ਹੈ।

੨. ਜੋ ਜਗਤ ਦਾ ਸਵਾਮੀ, ਉਸ ਦਾ ਆਪਣਾ ਪਿਤਾ 'ਪ੍ਰਮਾਤਮ ਦੇਵ' ਹੈ, ਉਸ ਨੂੰ ਉਸ (ਮਨ) ਨੇ ਬੰਨ੍ਹ

ਕੇ ਜਗਤ ਦੀਆਂ ਫਾਹੀਆਂ ਵਿਚ ਸੁਟ ਦਿਤਾ ਹੈ, ਇਸ ਕਥਨ ਦਾ ਭਾਵ ਇਹ ਹੈ ਜਿਵੇਂ ਮਹਾਕਾਲ਼ ਦੇ ਵਿਚ ਘੜੇ ਦੀ ਉਪਾਧੀ ਦੇ ਸੰਬੰਧ ਕਰਕੇ, ਉਸ ਦਾ 'ਘਟਾਕਾਸ' ਇਕ ਵਖਰਾ ਨਾਮ ਪੈ ਜਾਂਦਾ ਹੈ, ਅਰਥਾਤ ਘੜੇ ਦੀ ਉਪਾਧੀ ਕਰਕੇ ਉਸ ਮਹਾਕਾਸ ਦਾ ਨਾਮ ਇਕ ਛੋਟਾ ਨਾਮ ਪੈ ਜਾਂਦਾ ਹੈ, ਇਸੇ ਤਰਾਂ ਹੀ ਜੋ ਪ੍ਰਮਾਤਮ ਦੇਵ ਸਤ-ਚਿੱਤ ਅਨੰਦ ਰੂਪ ਹੈ, ਉਹ ਮਨ ਦੇ ਸਬੰਧ ਨੂੰ ਪਾ ਕੇ ਜੀਵ-ਰੂਪ ਹੋ ਗਿਆ ਹੈ।

੩. (ਸਾਡਾ ਪਿਤਾ ਮਨ) ਰਾਤ ਦਿਨ ਮੋਹ, ਮਦ ਤੇ ਮਾਨ ਆਦਿਕਾਂ ਦਾ ਸਨਮਾਨ ਕਰਦਾ ਹੈ, ਇਹਨਾਂ ਦਾ ਤਿਆਗ ਕਰਨਾ ਚਾਹੀਦਾ ਸੀ, ਉਹਨਾਂ ਦਾ ਸਾਥ ਛੱਡ ਦੇਣਾ ਤਾਂ ਦੂਰ ਰਿਹਾ ਸਗੋਂ ਪੱਕਾ ਸਾਥ ਕਰਕੇ ਉਹਨਾਂ ਦਾ ਬਹੁਤ ਵਾਧਾ ਕੀਤਾ ਹੈ।

੪. ਇਸ ਤਰਾਂ ਦਾ ਜਿਹੜਾ ਸਾਡਾ ਪਿਤਾ 'ਮਨ' ਹੈ, ਉਸਨੂੰ ਮਾਰ ਦੇਣ ਦਾ ਕੋਈ ਪਾਪ ਨਹੀਂ ਹੈ, ਅਸਾਂ ਉਸਨੂੰ ਮਾਰਿਆ ਨਹੀਂ, ਕੇਵਲ ਤਿਆਗ ਕਰ ਦਿਤਾ ਹੈ ਅਤੇ ਉਸਦੀ ਸਿਖਿਆ ਨੂੰ ਗ੍ਰਹਿਣ ਨਹੀਂ ਕੀਤਾ।੧੧੩

**ਸਵੈਯਾ ॥**

**੧. ਇਹ ਔਸਰ ਕਾਮ ਵਿਲੋਕਨ ਕੇ ਰਤਿ ਕੇ ਪ੍ਰਤਿ ਏਹੁ ਸੁ ਵਾਕ ਅਲਾਯੋ ॥**
**੨. ਹਮਰੇ ਕੁਲ ਮੇ ਸੁ ਪ੍ਰਧਾਨ ਬਡੋ ਮਤਿ ਸੰਗ ਮਿਲਯੋ ਸੁ ਵਿਵੇਕਹਿ ਆਯੋ ॥**
**੩. ਗਜ ਗਾਮਨਿ ਆਵਤ ਹੈ ਇਤ ਓਰ ਚਲੇ ਮ੍ਰਿਗ ਕੇ ਪਤਿ ਜਿਉਂ ਹੁਲਸਾਯੋ ॥**
**੪. ਸ਼ਿਵ ਜਿਉਂ ਤੁਹਨਾਚਲ ਕੀ ਤਨਯਾ, ਮਤਿ ਸੰਗ ਮਿਲੇ ਇਹ ਭਾਂਤ ਸੁਹਾਯੋ।੧੧੪**

ਔਸਰ—ਸਮਾਂ। ਬਿਲੋਕਨ=ਵੇਖ। ਪ੍ਰਧਾਨ—ਮੁਖੀ, ਸਭ ਤੋਂ ਵਡਾ। ਗਜ ਗਾਮਨਿ—ਹੇ ਹਾਥੀ ਸਮਾਨ ਤੁਰਨ ਵਾਲੀਏ। ਮ੍ਰਿਗ ਕੇ ਪਤਿ—ਸ਼ੇਰ। ਹੁਲਸਾਯੋ—ਮਸਤ। ਤੁਹਨਾਚਲ=ਹਿਮਾਲਯ ਪਹਾੜ। ਤਨਿਯਾ—ਪੁਤ੍ਰੀ, ਭਾਵ ਪਾਰਬਤੀ।

੧. ਇਸ ਸਮੇਂ ਨੂੰ ਵੇਖ ਕਰਕੇ ਕਾਮ ਨੇ ਆਪਣੀ ਇਸਤ੍ਰੀ ਰਤੀ ਦੇ ਤਾਈਂ ਇਹ ਗੱਲ ਕਹੀ। ਕਿ- ੨. ਸਾਡੀ ਕੁਲ ਵਿਚ ਜੋ ਸਭ ਤੋਂ ਵਡਾ ਹੈ ਉਹ ਬਿਬੇਕ ਰਾਜਾ ਆਪਣੀ ਇਸਤ੍ਰੀ 'ਮਤੀ' ਦੇ ਨਾਲ ਮਿਲ ਕੇ ਆ ਰਿਹਾ ਹੈ। ੩. ਹੇ ਹਾਥੀ ਵਰਗੀ ਤੋਰ ਵਾਲੀਏ! ਉਹ ਇਧਰ ਹੀ ਆ ਰਿਹਾ ਹੈ ਅਤੇ ਸ਼ੇਰ ਵਾਂਗੂ ਮਸਤ ਚਾਲ ਚਲ ਰਿਹਾ ਹੈ। ੪. ਜਿਵੇਂ ਹਿਮਾਚਲ-ਪੁਤ੍ਰੀ-ਪਾਰਬਤੀ ਨਾਲ ਸ਼ਿਵਜੀ ਸੋਭਦਾ ਹੈ, ਇਸੇ ਤਰਾਂ ਵਿਵੇਕ ਰਾਜਾ 'ਮਤੀ' ਨਾਲ ਮਿਲ ਕੇ ਸੋਭਾ ਪਾ ਰਿਹਾ ਹੈ।੧੧੪।

**ਦੋਹਰਾ—੧. ਰਾਗਾਦਿਕ ਜਿਨ ਬਸ ਕੀਏ, ਕੀਰਤਿ ਵੰਤ ਉਦਾਰ ॥**
**੨. ਉਰ ਅਤਿ ਕੋਪਯੋ ਮਾਨ ਧਨ, ਮਨੋ ਨਿਰਾਦਰ ਧਾਰ ॥੧੧੫॥**

੧. ਹੇ ਰਤੀ! ਜਿਸ ਵਿਵੇਕ ਨੇ ਰਾਜ ਦਵੇਖ ਨੂੰ ਵਸ ਕਰ ਲਿਆ ਹੈ, ਜੋ ਜਸ ਵਾਲਾ ਤੇ ਦਾਨੀ ਹੈ
੨. 'ਮਾਨ-ਸਤਿਕਾਰ' ਹੀ ਜਿਸ ਦਾ ਧਨ ਹੈ, ਉਹ ਵਿਵੇਕ ਰਾਜਾ ਮੇਰੇ ਕਹੇ ਹੋਏ ਨਿਦਾਰਦੀ ਦੇ ਬਚਨਾਂ ਨੂੰ ਮਨ ਵਿਚ ਧਾਰਨ ਕਰਨ ਕਰ ਕੇ ਹਿਰਦੇ ਵਿਚ ਬੜਾ ਕਰੋਧਵਾਨ ਹੋਇਆ ਹੈ।੧੧੫।

**ਸਵੈਯਾ ॥**

**੧. ਤਨ ਦੂਬਰ ਏਹੁ ਬਿਬੇਕ ਪਿਖੋ ਰਤਿ ਚਿਤ ਕਠੋਰ ਮਹਾ ਦੁਖਦਾਈ ॥**
**੨. ਕਲਖੀ ਮਤਿ ਮਾਹਿ ਸੁ ਯੌਂ ਲਸਕੇ ਤੁਹਿਨਾਚਲ ਜਿਉਂ ਸਸਿ ਦੇਤ ਦਿਖਾਈ॥**
**੩. ਇਹ ਕਾਰਣ ਤੇ ਹਮ ਯੋਗਯ ਨਹੀਂ ਇਹ ਠੌਰ ਨਿਵਾਸ ਚਲੇਂ ਸੁ ਪਲਾਈ ॥**

Sri Satguru Jagjit Singh Ji Elibrary NamdhariElibrary@gmail.com

**੪. ਰਤਿ ਸੰਗ ਮਨੋਜ ਸੁ ਭਾਗ ਗਏ ਮਤਿ ਸੰਗ ਵਿਵੇਕ ਬਰੇ ਤਿਹ ਆਈ ॥੧੧੬**

ਦੂਬਰ–ਪਤਲਾ, ਲਿੱਸਾ। ਕਲਖੀ–ਕਾਲੀ। ਤੁਹਿਨਾਚਲ–ਬਰਫ ਦੇ ਪਹਾੜ। (੨) ਧੁੰਦ, ਕੁਹੀੜ। ਸਸਿ–ਚੰਦ੍ਰਮਾ। ਪਲਾਈ–ਭਜਨਾ, ਭੱਜ। ਮਨੋਜ–ਕਾਮਦੇਵ।

੧. ਹੇ ਰਤੀ ! ਔਹ ਜਿਹੜਾ ਦੁਬਲੇ ਸਰੀਰ ਵਾਲਾ ਦਿਸਦਾ ਹੈ, ਇਹ ਬਿਬੇਕ ਹੈ, ਜੋ ਚਿੱਤ ਦਾ ਕਠੋਰ ਤੇ ਬੜਾ ਦੁਖ ਦੇਣ ਵਾਲਾ ਹੈ। ੨. ਇਸ ਦੀ ਕਾਲੀ ਮਤਿ ਇਸ ਦੇ ਹਿਰਦੇ ਵਿਚੋਂ ਇਸ ਤਰ੍ਹਾਂ ਚਮਕਦੀ ਹੈ, ਜਿਵੇਂ ਬਰਫ ਦੇ ਪਹਾੜ ਵਿਚ ਚੰਦ੍ਰਮਾ ਦਾ ਪਰਛਾਵਾਂ ਸਾਫ ਦਿਸਦਾ ਹੈ । ੩. ਇਸ ਕਾਰਨ ਕਰਕੇ ਸਾਨੂੰ ਇਸ ਜਗ੍ਹਾ ਤੇ ਬੈਠੇ ਨਹੀਂ ਰਹਿਣਾ ਚਾਹੀਦਾ ਚਲੋ, ਭੱਜ ਚਲੀਏ । ੪. ਇਹ ਕਹਿੰਦਿਆਂ ਹੀ ਰਤੀ ਨੂੰ ਨਾਲ ਲੈ ਕੇ ਕਾਮਦੇਵ ਭਜ ਗਿਆ ਅਤੇ ਮਤੀ ਨੂੰ ਨਾਲ ਲੈ ਕੇ ਵਿਵੇਕ ਰਾਜਾ ਉਸ ਅਖਾੜੇ ਵਿਚ ਆਣ ਵੜਿਆ ॥੧੧੬॥

॥ ਬਿਬੇਕ ਭੂਪਤਿ ਉਵਾਚ ॥

**ਦੋਹਰਾ–੧. ਸੁਨੇ ਪਜਾਰੀ ਕਾਨ ਤਵ, ਕਾਮ ਬਡੇ ਮਦ ਬੈਨ ॥**
**੨. ਹਮੈ ਬਖਾਨੈ ਪਾਪ ਕ੍ਰਿਤ ਦੁਸ਼ਟਾਤਮ ਯਮ ਮੈਨ ॥੧੧੭॥**

੧. ਰਾਜਾ ਬਿਬੇਕ ਕਹਿਣ ਲਗਾ–ਹੇ ਪਿਆਰੀ ! ਤੂੰ ਆਪਣੇ ਕੰਨੀਂ ਵਡੇ ਮਦ ਭਰੇ ਕਾਮ ਦੇ ਬਚਨ ਸੁਣ ਲਏ ਹਨ। ੨. ਇਹ ਦੁਸ਼ਟਾਤਮਾ ਕਾਮਦੇਵ ਸਾਨੂੰ ਪਾਪ ਕਰਨ ਵਾਲੇ ਕਹਿ ਰਿਹਾ ਹੈ, ਅਰਥਾਤ ਕਾਮਦੇਵ ਪਾਪੀ ਤਾਂ ਆਪ ਹੈ, ਪਰ ਕਹਿ ਰਿਹਾ ਹੈ ਕਿ ਵਿਵੇਕ ਪਾਪੀ ਹੈ ॥੧੧੭॥

॥ ਮਤਿ ਉਵਾਚ ॥

**ਦੋਹਰਾ–੧. ਆਰਯ ਸੁਤ ਨਿਜ ਦੋਖਕੋ, ਜਾਨਤ ਨਾਂਹਿ ਸੁ ਕੋਇ ॥**
**੨. ਦੋਖ ਬਖਾਨੈਂ ਔਰ ਕੇ ਮੂਢ ਜਗਤ ਕੇ ਲੋਇ ॥੧੧੮॥**

੧. ਮਤੀ ਨੇ ਕਿਹਾ–ਹੇ ਸਵਾਮੀ ਜੀ ! ਜਗਤ ਦੇ ਮੂਰਖ ਲੋਕ ਆਪਣੇ ਦੋਖਾਂ ਨੂੰ ਕੋਈ ਭੀ ਨਹੀਂ ਜਾਣਦੇ ਅਤੇ ਹੋਰਨਾਂ ਦੇ ਦੋਖਾਂ ਦਾ ਵਰਣਨ ਕਰਦੇ ਹਨ ॥੧੧੮॥

॥ ਰਾਜੋ ਵਾਚ ॥

**ਸਵੈਯਾ ॥**

**੧. ਚਿਤ ਆਨੰਦ ਨੀਤ ਨਿਰੰਜਨ ਜੋ ਜਗ ਨਾਯਕ ਜਾਹਿੰ ਸੁ ਆਗਮ ਗਾਏ ॥**
**੨. ਮਦ ਕਾਮ ਹੰਕਾਰ ਪਰਾਯਣ ਨੇ ਤਿਨ ਕੋ ਜਗ ਭੀਤਰ ਬੰਧਨ ਪਾਏ ॥**
**੩. ਅਤਿ ਦੀਨ ਦਸ਼ਾ ਤਿਨ ਕੀ ਸੁ ਕਰੀ, ਪੁਨ ਸੁਕ੍ਰਿਤ ਵੰਤ ਸੁ ਆਪ ਕਹਾਏ ॥**
**੪. ਹਮ ਤਾਹਿੰ ਛੁਡਾਵਨ ਹੇਤ ਲਗੇ ਅਘਵੰਤ ਅਹੇ ਖਲ ਮੋਹਿ ਅਲਾਏ॥੧੧੯॥**

ਆਗਮ–ਵੇਦ-ਸ਼ਾਸਤ੍ਰ। ਪਰਾਯਨ–ਆਸਰੇ। ਖਲ–ਮੂਰਖ।

ਵਿਵੇਕ ਰਾਜੇ ਨੇ ਕਿਹਾ–੧. ਜੋ ਪ੍ਰਮਾਤਮ ਦੇਵ ਸਤ-ਚਿੱਤ ਤੇ ਅਨੰਦ ਰੂਪ ਮਾਯਾ ਤੋਂ ਰਹਿਤ ਜਗਤ ਦਾ ਸਵਾਮੀ ਹੈ, ਜਿਸ ਦੇ ਜਸ ਨੂੰ ਵੇਦ-ਪੁਰਾਣ ਗਾਉਂਦੇ ਹਨ । ੨. ਮਦ, ਕਾਮ ਤੇ ਹੰਕਾਰ ਦੇ ਆਸਰੇ ਹੋ ਚੁਕੇ ਮਨ ਨੇ ਉਸ ਨੂੰ ਜਗਤ ਦੇ ਬੰਧਨ ਵਿਚ ਪਾ ਦਿਤਾ ਹੈ । ੩. ਵਡੀ ਦੀਨ ਦਸ਼ਾ ਉਸ ਦੀ ਕਰ ਦਿਤੀ ਹੈ, ਫੇਰ ਭੀ ਇਹ ਕਾਮਾਦਿਕ ਆਪ ਨੂੰ ਪੁੰਨ ਆਤਮਾ ਕਹਾਉਂਦੇ ਹਨ । ੪. ਅਸੀਂ ਉਸ ਨੂੰ ਜਗਤ ਦੇ ਬੰਧਨਾਂ

Sri Satguru Jagjit Singh Ji Elibrary NamdhariElibrary@gmail.com

ਵਿਚੋਂ ਛੁਡਾਵਨ ਦੇ ਸਾਧਨਾਂ ਵਿਚ ਲਗੇ ਹੋਏ ਹਾਂ, (ਵੇਖੋ ਕੇਡੀ) ਹੈਰਾਨੀ ਦੀ ਗੱਲ ਹੈ, ਕਾਮਾਦਿਕ ਮੂਰਖ ਮੈਨੂੰ ਪਾਪੀ ਕਹਿੰਦੇ ਹਨ ।੧੧੯।

॥ ਮਤਿ ਉਵਾਚ ॥

**ਸਵੈਯਾ ॥**

**੧. ਸੁਤ ਆਰਯ ਜੋ ਪਰਮਾਤਮ ਹੈ, ਸਹਜਾ ਨੰਦ ਸੁੰਦਰ ਵੇਦ ਉਚਾਰੇ ॥**
**੨. ਵਹੁ ਨਿਤਯ ਪ੍ਰਕਾਸ਼ ਮਹਾਂ ਰਵਿ ਸੌਂ, ਸੁ ਤ੍ਰੈ ਭੌਨਨ ਮਾਹਿ ਸੁ ਜਾਹਿੰ ਪਸਾਰੇ ॥**
**੩. ਇਹ ਭਾਂਤਿ ਸੁਨੇ ਪਰਮੇਸੁਰ ਮੈਂ ਕਿਹ ਭਾਂਤਿ ਇਨੈ ਤਿਨ ਬੰਧਨ ਡਾਰੇ ॥**
**੪. ਦੁਖ ਸਿੰਧ ਪਰਾਤਮ ਡਾਰਿ ਦਯੋ ਕਿਮ ਤਾਂਹਿੰ ਤਜੇ ਗੁਣ ਆਪ ਉਦਾਰੇ।੧੨੦**

੧. ਮਤੀ ਨੇ ਕਿਹਾ-ਹੇ ਸਵਾਮੀ ਜੀ ! ਜਿਸ ਸੁੰਦਰ ਪ੍ਰਮਾਤਮਾ ਨੂੰ ਸਹਜੇ ਹੀ ਅਨੰਦ ਰੂਪ ਵੇਦ ਕਥਨ ਕਰਦਾ ਹੈ । ੨. ਉਹ ਪ੍ਰਚੰਡ ਸੂਰਜ ਵਾਂਗੂੰ ਨਿਤਯ ਪ੍ਰਕਾਸ਼ ਰੂਪ ਹੈ, ਜਿਸ ਦਾ ਤਿੰਨਾਂ ਲੋਕਾਂ ਵਿਚ ਪਸਾਰਾ ਹੈ । ੩. ਮੈਂ ਤਾਂ ਪ੍ਰਮੇਸ਼ਰ ਨੂੰ ਇਸ ਤਰਾਂ ਦਾ ਸੁਣਿਆ ਹੈ, ਕਿਸ ਤਰਾਂ ਨਾਲ ਇਨ੍ਹਾਂ ਨੇ ਉਸ ਨੂੰ ਬੰਧਨ ਪਾ ਦਿਤੇ ਹਨ ? ਅਤੇ ੪. ਦੁਖਾਂ ਦੇ ਸਮੁੰਦਰ ਵਿਚ ਪ੍ਰਮਾਤਮਾ ਨੂੰ ਸੁਟ ਦਿਤਾ ਹੈ, ਉਸ ਨੇ ਆਪਣੇ ਉਦਾਰ ਗੁਣ ਕਿਸ ਤਰਾਂ ਤਿਆਗ ਦਿਤੇ ਸਨ ? ।੧੨੦।

॥ ਰਾਜੋ ਉਵਾਚ ॥

**ਸਵੈਯਾ ॥**

**੧. ਅਤਿ ਧੈਰਯ ਵੰਤ ਉਦਾਰ ਬਡੋ ਉਰ ਸਤਯ ਸਦਾ ਗੁਣ ਸਿੰਧ ਸੁ ਗਾਯੋ ॥**
**੨. ਸੁੱਛ ਸਦਾ ਉਰ ਨੀਤ ਬਸੇ ਸੁ ਮਹਾ ਲਛਮੀ ਸਿਰ ਛਤ੍ਰ ਝੁਲਾਯੋ ॥**
**੩. ਮਤਿ ਧੈਰਯ ਸ਼ੀਲ ਤਜੇ ਖਿਣ ਮੇ ਸੁਨਿ ਭਾਮਿਨਿ ਨਾਰਿਨ ਜਾਹਿੰ ਭ੍ਰਮਾਯੋ ॥**
**੪. ਅਬ ਔਰ ਕੀ ਬਾਤ ਕਹਾ ਕਹੀਏ ਨਿਜ ਨਾਰਿ ਪਰਾਤਮ ਆਪ ਭੁਲਾਯੋ।੧੨੧**

੧. ਰਾਜੇ ਨੇ ਉਤਰ ਦਿਤਾ-ਹੇ ਮਤੀ ! ਜੋ ਪੁਰਸ਼ ਵਡੇ ਧੀਰਜ ਵਾਲੇ, ਵਡੇ ਉਦਾਰ (ਜਿਨ੍ਹਾਂ ਦੇ) ਹਿਰਦੇ ਵਿਚ ਸਦਾ ਸੱਚ ਵੱਸਦਾ ਸੀ ਅਤੇ ਜੋ ਗੁਣਾਂ ਦੇ ਸਮੁੰਦਰ ਕਹੇ ਜਾਂਦੇ ਸਨ । ੨. ਨਿਰਮਲਤਾ ਸਦਾ ਹੀ ਜਿਨ੍ਹਾਂ ਦੇ ਹਿਰਦੇ ਵਿਚ ਵਸਦੀ ਸੀ ਅਤੇ ਮਹਾਂ ਲਛਮੀ (ਜਿਨ੍ਹਾਂ ਦੇ) ਸਿਰ ਉਤੇ ਛੱਤਰ ਝੁਲਾਉਂਦੀ ਸੀ, ਇਸ ਤਰਾਂ ਦੇ ਜਿਹੜੇ ਮਹਾਂ ਪ੍ਰਤਾਪੀ ਚਕ੍ਰਵਰਤੀ ਮਹਾਰਾਜੇ ਸਨ ੩. ਹੇ ਪਿਆਰੀ ਪਤਨੀ ! ਸੁਣੋ, ਜਿਨ੍ਹਾਂ ਨੂੰ ਇਸਤ੍ਰੀਆਂ ਨੇ ਭਰਮਾ ਲਿਆ ਹੈ, ਉਹਨਾਂ ਰਾਜੇ ਮਹਾਰਾਜਿਆਂ ਨੇ ਇਕ ਖਿਨ ਵਿਚ ਸੁਭਮਤਿ, ਧੀਰਜ ਤੇ ਸ਼ੀਲ ਨੂੰ ਤਿਆਗ ਦਿਤਾ ਹੈ । ੪. ਹੁਣ ਹੋਰਨਾਂ ਦੀ ਗੱਲ ਕੀ ਕਹਿਣੀ ਹੈ, ਆਪਣੀ ਇਸਤ੍ਰੀ-ਮਾਯਾ ਦੇ ਮਗਰ ਲਗ ਕੇ ਪ੍ਰਮਾਤਮ (ਦੇਵ ਨੇ ਭੀ ਆਪਣ ) ਆਪ ਭੁਲਾ ਦਿਤਾ ਹੈ ।੧੨੧।

॥ ਮਤਿ ਉਵਾਚ ॥

**ਸਵੈਯਾ ॥**

**੧. ਸੁਤ ਆਰਯ ਜੋ ਤਮ ਹੋਇ ਬਡੋ, ਰਵਿ ਕੋ ਨਹਿੰ ਛਾਦ ਸਕੇ ਪੁਨ ਸੋਈ ॥**
**੨. ਤਿਮ ਆਤਮ ਨਿਤ ਪ੍ਰਕਾਸ਼ ਮਹਾਂ ਜਿਨਕੋ ਸਮ ਦੂਸਰ ਔਰ ਨ ਕੋਈ ॥**

**੩. ਸੁਖ ਸਾਗਰ ਨੀਤ ਉਜਾਗਰ ਹੈ ਅਗਯਾਨ ਕਹੋ ਕਿਹ ਭਾਂਤਿ ਸੁ ਹੋਈ॥**
**੪. ਅਬ ਦੂਰ ਕਰੋ ਕਰੁਣਾ ਕਰਕੈ ਇਹ ਸ਼ੰਕ ਬਡੀਉ ਰੇ ਅੰਤਰ ਪੇਈ ॥੧੨੨॥**

੧. ਮਤੀ ਨੇ ਕਿਹਾ–ਹੇ ਸ੍ਰੀ ਮਾਨ ਸਵਾਮੀ ਜੀ ! ਜੇਕਰ ਵਡਾ ਭਾਰਾ ਸੰਘਣਾ ਹਨੇਰਾ ਹੋਵੇ, ਤਾਂ ਫੇਰ ਉਹ ਸੂਰਜ ਨੂੰ ਤਾਂ ਨਹੀਂ ਢਕ ਸਕਦਾ। ੨. ਇਸੇ ਤਰ੍ਹਾਂ ਹੀ ਆਤਮਾ ਨਿਤ ਹੀ ਮਹਾਂ ਪ੍ਰਕਾਸ਼ ਹੈ,ਜਿਸ ਦੇ ਸਮਾਨ ਹੋਰ ਕੋਈ ਦੂਜਾ ਨਹੀਂ ਹੈ। ੩. ਜੋ ਸੁਖਾਂ ਦਾ ਸਮੁੰਦਰ ਤੇ ਨਿਤ ਹੀ ਪ੍ਰਗਟ ਰੂਪ ਹੈ, ਦਸੋ ਉਸ ਨੂੰ ਅਗਿਆਨ ਕਿਸ ਤਰ੍ਹਾਂ ਨਾਲ ਹੋਇਆ ? ਅਰਥਾਤ ਨਿਤ ਰੂਪ ਪ੍ਰਮਾਤਮ ਦੇਵ ਨੂੰ ਅਨਿਤ ਰੂਪ ਮਾਯਾ ਅਛਾਦਨ ਕਿਵੇਂ ਕਰ ਸਕਦੀ ਹੈ ? ਅਤੇ ਪ੍ਰਕਾਸ਼ ਰੂਪ ਪ੍ਰਮਾਤਮਾ ਵਿਚ ਅੰਧਕਾਰ ਰੂਪ ਮਾਯਾ ਕਿਸ ਤਰ੍ਹਾਂ ਨਿਵਾਸ ਕਰ ਸਕਦੀ ਹੈ ?) ੪. ਇਹ ਵਡੀ ਭਾਰੀ ਸ਼ੰਕਾ ਮੇਰੇ ਹਿਰਦੇ ਅੰਦਰ ਵਸ ਗਈ ਹੈ, ਕਿਰਪਾ ਕਰਕੇ ਹੁਣ ਇਸ ਸ਼ੰਕੇ ਨੂੰ ਦੂਰ ਕਰੋ। ੧੨੨।

ਰਾਜੋ ਵਾਚ। ਅਨੰਗ ਸ਼ੇਖਰ ਛੰਦ

**੧. ਬਿਨਾ ਵਿਚਾਰ ਸਿੱਧ ਏ ਪ੍ਰਸਿੱਧ ਵਾਰਯੋਖਿਤਾ,**
**ਸਮਾਨ ਨਾਮ ਮਾਯਾ ਵਿਲਾਸਿਨੀ ਬਖਾਨੀਏ॥**
**੨. ਮਣੀ ਸਫਾਟਕੰ ਯਥਾ ਤਥਾ ਸੁ ਦੇਵ ਊਜਲੰ,**
**ਮ੍ਰਿਖਾ ਸੁ ਹਾਵ-ਭਾਵ ਕੇ ਪ੍ਰਵੰਚਨਾ ਸੁ ਠਾਨੀਏ॥**
**੩. ਤਾਂਹਿ ਕੇ ਸੁ ਸੰਗ ਤੇ ਅਸੰਗਤਾ ਜੋ ਦੇਵ ਕੀ,**
**ਸੁਰੂਪ ਸਿੱਧ ਨਿਤ ਹੈ ਮਨਾਕਿ ਨਾਹਿੰ ਹਾਨੀਏ॥**
**੪. ਤਥਾਪਿ ਗਾਢ ਸੰਗ ਕੇ ਪ੍ਰਸੰਗ ਵਿਕ੍ਰਿਯਾ ਭਈ,**
**ਛੁਟੀ ਸੁ ਧੀਰਤਾ ਤਬੈ ਅਧੀਰਤਾ ਸੁ ਜਾਨੀਏ॥੧੨੩॥**

ਵਾਰਯੋਖਿਤਾ=ਵੇਸਵਾ, ਗਨਿਕਾ। ਵਿਲਾਸਨੀ=ਕ੍ਰੀੜਾ ਆਦਿਕ ਕੌਤਕ ਕਰਨ ਵਾਲੀ। ਮਣੀ ਸਫਾਟਕੰ=ਬਿਲਕੁਲ ਚਿੱਟਾ ਬਲੌਰ, ਜੋ ਕੋਲ ਪਈ ਚੀਜ਼ ਦਾ ਰੰਗ ਧਾਰ ਲੈਂਦਾ ਹੈ। ਮ੍ਰਿਖਾ= ਮਿਥਯਾ। ਪ੍ਰਵੰਚਨਾ=ਠਗਣਾ, ਠਗ ਲੈਣਾ। ਅਸੰਗਤਾ=ਅਸੰਗ ਪਣਾ। ਮਨਾਕਿ=ਰਤਾ ਜਿੰਨਾ। ਤਥਾਪਿ=ਤਦ ਭੀ। ਗਾਢ=ਗੂੜ੍ਹੇ। ਵਿਕ੍ਰਿਯਾ=ਉਲਟ ਪੁਲਟ।

੧. ਵਿਵੇਕ ਰਾਜੇ ਨੇ ਕਿਹਾ–ਹੇ ਮਤੀ ! ਇਹ ਮਾਯਾ ਵਿਚਾਰ ਤੋਂ ਬਿਨਾਂ ਸਿਧ ਹੈ, ਜੇ ਵਿਚਾਰ ਕਰਕੇ ਵੇਖੀਏ ਤਾਂ ਵਾਸਤਵ ਵਿਚ ਕੋਈ ਵਸਤੂ ਨਹੀਂ ਹੈ, ਕਿਉਂਕਿ ਨਾ ਇਹ ਸਾਇਆ ਸੱਤ ਰੂਪ ਹੈ,ਨਾ ਅਸੱਤ ਰੂਪ ਹੈ ਅਤੇ ਨਾ ਹੀ ਸੱਤ-ਅਸੱਤ ਦੋਵੇਂ ਰੂਪ ਹੈ। ਸੱਤ ਚੀਜ਼ ਉਹ ਹੁੰਦੀ ਹੈ ਜੋ ਕਦੇ ਨਾਸ ਨਾ ਹੋਵੇ, ਪਰ ਸਰੂਪ ਗਿਆਨ ਪ੍ਰਾਪਤੀ ਦੇ ਮਗਰੋਂ ਮਾਇਆ ਨਜ਼ਰ ਆਉਂਦੀ ਹੈ, ਇਸ ਕਾਰਨ ਕਰਕੇ ਮਾਇਆ ਸੱਤ ਰੂਪ ਨਹੀਂ ਹੈ।

ਅਸੱਤ ਵਸਤੂ ਉਹ ਹੁੰਦੀ ਹੈ, ਜੋ ਤਿੰਨਾਂ ਕਾਲਾਂ ਵਿਚ ਬਿਲਕੁਲ ਹੀ ਨਾ ਹੋਵੇ,ਪਰ ਮਾਇਆ ਤੇ ਮਾਇਆ ਦਾ ਕਾਰਜ ਰੂਪ ਪ੍ਰਪੰਚ,ਅਗਿਆਨ ਕਾਲ ਵਿਚ ਪ੍ਰਤੀਤ ਹੁੰਦਾ ਹੈ,ਇਸ ਕਾਰਨ ਕਰਕੇ ਮਾਇਆ ਅਸੱਤ ਭੀ ਨਹੀਂ ਹੈ। ਸੱਤ ਅਤੇ ਅਸੱਤ ਦੋਵੇਂ ਆਪਸ ਵਿਚ ਵਿਰੋਧੀ ਹੋਣ ਕਰਕੇ–ਹਨੇਰੇ ਤੇ ਚਾਨਣ ਵਾਂਗੂ–ਇਹ ਮਾਇਆ ਸੱਤ-ਅਸੱਤ ਦੋਵੇਂ ਰੂਪ ਭੀ ਨਹੀਂ ਹੈ। ਇਹ ਮਾਇਆ ਸੱਤ-ਅਸੱਤ ਤੋਂ ਵਿਲਖਣ ਅਨਰਵਚਨੀ ਸਿਧ ਹੋਈ। ਅਨਰਵਚਨੀ ਨੂੰ ਮਿਥਿਆ ਤੇ ਤੁਛ ਭੀ ਆਖਦੇ ਹਨ, ਇਸ ਲਈ ਇਹ ਮਾਇਆ ਵਿਚਾਰ ਤੋਂ ਬਿਨਾਂ ਨਜ਼ਰ ਆਉਂਦੀ ਹੈ, ਪਰ ਵਿਚਾਰ ਕੀਤਾ ਜਾਏ ਤਾਂ ਫੇਰ ਨਜ਼ਰ ਨਹੀਂ ਆਉਂਦੀ। ਜਿਸ ਤਰ੍ਹਾਂ ਕੇਲੇ ਦਾ ਥੰਮ ਵੇਖਣ ਨੂੰ ਤਾਂ ਸੁੰਦਰ ਮਲੂਮ ਹੁੰਦਾ ਹੈ, ਪਰ ਫੋਲਣ ਨਾਲ ਕੁਝ ਭੀ ਸਾਰ ਨਹੀਂ ਨਿਕਲਦਾ, ਇਸੇ ਤਰ੍ਹਾਂ ਹੀ ਇਹ ਮਾਇਆ

Sri Satguru Jagjit Singh Ji Elibrary NamdhariElibrary@gmail.com

ਵਿਚਾਰ ਤੋਂ ਬਿਨਾਂ ਤਾਂ ਵਚਿਤ੍ਰ ਤੋਂ ਵਚਿਤ੍ਰ ਨਜ਼ਰ ਆਉਂਦੀ ਹੈ, ਪਰ ਵਿਚਾਰ ਕਰਨ ਨਾਲ ਮਾਇਆ ਦਾ ਸਰੂਪ ਕੁਝ ਭੀ ਸਿਧ ਨਹੀਂ ਹੁੰਦਾ,ਜਿਵੇਂ ਇਕ ਮਸ਼ਹੂਰ ਕੰਜਰੀ ਅਨੇਕ ਤਰ੍ਹਾਂ ਦੇ ਹਾਵ ਭਾਵ ਤੇ ਵਿਲਾਸ ਕਰਦੀ ਹੈ, ਤਿਸ ਦੇ ਸਮਾਨ ਹੀ ਮਾਯਾ ਨਾਮ ਵਾਲੀ ਵਿਲਾਸਨੀ ਕਹੀ ਜਾਂਦੀ ਹੈ। ੨. ਸਫਟਕ ਮਣੀ ਜਿਸ ਤਰ੍ਹਾਂ (ਮਹਾਂ ਉੱਜਲ ਹੁੰਦੀ ਹੈ) ਉਸੇ ਤਰ੍ਹਾਂ ਹੀ ਪਰਮਾਤਮ ਦੇਵ ਉਜਲ ਹੈ, ਉਸ ਮਿਥਿਆ ਰੂਪ ਮਾਇਆ ਨੇ ਹਾਵ ਭਾਵ ਕਰ ਉਸ ਨੂੰ ਠਗਨਾ ਕਰ ਲਿਆ ਹੈ (ਅਰਥਾਤ ਮਿਥਿਆ ਮਾਇਆ ਨੇ ਮਿਥਿਆ ਹੀ ਹਾਵ ਭਾਵ ਕਰਕੇ ਪ੍ਰਮਾਤਮ ਦੇਵ ਨੂੰ ਠਗ ਲਿਆ ਹੈ)।

ਪ੍ਰਸ਼ਨ-ਪ੍ਰਮਾਤਮ ਦੇਵ ਨਾਲ ਜਦ ਮਾਇਆ ਨੇ ਠਗੀ ਕੀਤੀ, ਤਦ ਪ੍ਰਮਾਤਮ ਦੇਵ ਦਾ 'ਅਸੰਗਤਾ' ਆਦਿਕ ਧਰਮ ਤਾਂ ਉਸ ਵਿਚ ਨਾ ਰਿਹਾ ?

ਉੱਤਰ-੩. ਉਸ ਮਾਇਆ ਦੇ ਸੰਗ ਕਰਕੇ, ਪ੍ਰਮਾਤਮ ਦੇਵ ਦਾ ਜੋ 'ਅਸੰਗਪਣਾ' ਸਰੂਪ ਕਰਕੇ ਨਿਤ ਸਿਧ ਹੈ, ਉਹ ਰਤਾ ਜਿੰਨਾ ਭੀ ਨਾਸ ਨਹੀਂ ਹੋਇਆ, (ਕਿਉਂਕਿ ਮਾਇਆ ਅਤੇ ਚੇਤਨ ਦਾ ਜੇਕਰ ਅਸੀਂ ਵਾਸਤਵ ਸਬੰਧ ਮੰਨੀਏ, ਤਦ ਤਾਂ ਸੰਗ ਦੋਸ਼ ਕਰਕੇ 'ਅਸੰਗਪਣਾ' ਦੂਰ ਹੋ ਜਾਏ, ਪਰ ਅਸੀਂ ਤਾਂ ਮਾਇਆ ਤੇ ਚੇਤਨ ਦਾ ਕਲਪਿਤ ਸਬੰਧ ਮੰਨਦੇ ਹਾਂ। ਇਸ ਕਲਪਿਤ ਸਬੰਧ ਕਰਕੇ ਨਾ ਸੰਗ ਦੋਸ਼ ਹੁੰਦਾ ਹੈ ਅਤੇ ਨਾ ਹੀ 'ਅਸੰਗਪਣਾ' ਨਾਸ ਹੁੰਦਾ ਹੈ। ਪਰ-

੪. ਤਦ ਭੀ ਝੂਠੇ ਸਬੰਧ ਕਰਕੇ ਕਥਾ ਉਲਟ ਪੁਲਟ ਹੋ ਗਈ ਹੈ, (ਅਰਥਾਤ ਪ੍ਰਮਾਤਮ ਦੇਵ ਦੀ) ਧੀਰਜਤਾ ਛੁਟ ਗਈ ਹੈ ਅਤੇ ਤਦ ਤੋਂ ਹੀ ਅਧੀਰਜਤਾ (ਦੇ ਵੱਸ ਹੋ ਕੇ ਆਪਣੇ ਆਪ ਨੂੰ) ਸੁਖੀ ਦੁਖੀ ਜਾਣਨ ਲਗ ਪਿਆ ਹੈ।੧੨੩।

ਮਤਿ ਉਵਾਚ ॥

**ਦੋਹਰਾ-ਕਾਰਣ ਕੌਣ ਸੁ ਭਾਖੀਏ, ਜਾਕਰ ਕਰੇ ਵਿਕਾਰ ॥**
**ਪੁਰਖ ਪੁਰਾਤਨ ਸੋ ਬਧੂ, ਜਾਕੇ ਚਰਿਤ ਅਪਾਰ ॥ ੧੨੪ ॥**

ਮਤੀ ਨੇ ਕਿਹਾ-ਸਵਾਮੀ ਜੀ ! ਉਹ (ਮਾਇਆ ਰੂਪ) ਇਸਤ੍ਰੀ, ਜਿਸ ਦੇ ਅਪਾਰ ਕੌਤਕ ਹਨ, ਜਿਸ ਕਰਕੇ ਸਨਾਤਨ ਪੁਰਖ ਵਿਚ ਵਿਕਾਰ (ਪੈਦਾ) ਕਰ ਦੇਂਦੀ ਹੈ, ਉਹ ਕੌਣ ਕਾਰਨ ਹੈ ? (ਕਿਰਪਾ ਕਰਕੇ) ਉਹ ਕਾਰਨ ਮੈਨੂੰ ਕਹਿ ਸੁਣਾਓ ਅਰਥਾਤ ਅਨੇਕ ਤਰ੍ਹਾਂ ਦੇ ਕੌਤਕ ਕਰਨ ਵਾਲੀ ਮਾਇਆ, ਜਿਸ ਕਰਕੇ ਸਨਾਤਨ ਪੁਰਖ ਵਿਚ ਵਿਕਾਰ ਕਰ ਦੇਂਦੀ ਹੈ, ਉਹ ਕੀ ਕਾਰਨ ਹੈ ? ਉਹ ਕਾਰਨ ਮੈਨੂੰ ਦਸ ਦਿਓ)।੧੨੪।

ਰਾਜੋ ਉਵਾਚ ॥

**ਦੋਹਰਾ-੧. ਮਾਯਾ ਕਾਰਣ ਕਾਜ ਕੋ, ਚਾਹਿਤ ਨਾਹਿ ਸੁ ਹੋਇ ॥**
**੨. ਨਾਰੀ ਜਾਨ ਪਿਸ਼ਾਚਨੀ, ਯਹੀ ਸੁਭਾਵ ਸੁ ਹੋਇ ॥੧੨੫॥**

ਵਿਵੇਕ ਰਾਜੇ ਨੇ ਉੱਤਰ ਦਿਤਾ-ਹੇ ਮਤੀ ! ੧. ਮਾਇਆ (ਕਿਸੇ ਕਾਰਨ ਨੂੰ ਜਾਂ ਕਾਰਜ ਨੂੰ ਕੋਈ ਨਹੀਂ ਚਾਹੁੰਦੀ, ੨. ਜਿਵੇਂ ਪਿਸ਼ਾਚਨੀ (ਕਾਰਨ ਕਾਰਜ ਤੋਂ ਬਿਨਾਂ ਹੀ ਪੁਰਖਾਂ ਨੂੰ ਦੁਖ ਦੇਣ ਲਗ ਪੈਂਦੀ ਹੈ) ਇਹੋ ਸੁਭਾਵ ਨਾਰੀਆਂ ਦਾ ਹੁੰਦਾ ਹੈ, (ਇਸੇ ਸੁਭਾਵ ਦੇ ਵਸ ਹੋ ਕੇ ਮਾਇਆ ਨਾਮ ਵਾਲੀ ਇਸਤ੍ਰੀ ਨੇ ਸਨਾਤਨ ਪੁਰਖ ਵਿਚ ਵਿਕਾਰ ਕਰ ਦਿਤਾ ਹੈ)।੧੨੫।

**ਸਵੈਯਾ ॥**

**੧. ਮੋਹਤ ਹੈ ਕਬਹੂੰ ਅਬਲਾ, ਮਦ ਸੋਂ ਸੁ ਬਿਡੰਬਨ ਫੇਰ ਕਰੇ ॥**
**੨. ਕਬਹੂੰ ਪੁਨਿ ਤਾੜਤ ਹੈ ਅਬਲਾ, ਕਬਹੂੰ ਹਸ ਕੇ ਪੁਨਿ ਅੰਕ ਭਰੇ ॥**

Sri Satguru Jagjit Singh Ji Elibrary NamdhariElibrary@gmail.com

**੩. ਸੁ ਵਿਖਾਦ ਕਰੇ ਕਬਹੂੰ ਅਬਲਾ, ਅਤਿ ਦੀਨ ਮਨੋ ਰਿਦ ਮਾਹਿ ਬਰੇ॥**
**੪. ਦ੍ਰਿਗ ਵਾਮ ਕਟਾਖਨ ਕੇ ਅਬਲਾ, ਕਹੁ ਕੌਨਹਿ ਕੋ ਨਹਿ ਚੀਤ ਹਰੇ॥੧੨੬॥**

ਬਿਡੰਬਨ=ਠਗ ਲੈਣਾ, ਠਗੀ । ਤਾੜਤ=ਤਾੜਨਾ ਕਰਨੀ। ਅੰਕ ਭਰੇ=ਗਲ ਲਾਉਣਾ।
ਵਿਖਾਦ=ਝਗੜਾ ਲੜਾਈ। ਵਾਮ ਕਟਾਖਨ=ਟੇਢੀ ਨਿਗਾਹ। ਅਬਲਾ=ਇਸਤ੍ਰੀ।

੧. ਹੇ ਮਤੀ! ਇਸਤ੍ਰੀ ਤਾਂ ਪਤੀ ਨੂੰ ਮੋਹ ਲੈਂਦੀ ਹੈ, ਅਤੇ ਕਦੇ ਫੇਰ ਹੰਕਾਰ ਕਰ ਕੇ ਉਸ ਨਾਲ ਠਗੀ ਕਰਨ ਲਗ ਜਾਂਦੀ ਹੈ। ੨. ਇਸਤ੍ਰੀ (ਪਤੀ ਨੂੰ) ਤਾੜਨਾ ਕਰਨ ਲਗ ਜਾਂਦੀ ਹੈ ਅਤੇ ਕਦੇ ਹਸ ਕੇ (ਪਤੀ ਨੂੰ) ਗਲ ਲਾ ਲੈਂਦੀ ਹੈ। ੩. ਇਸਤ੍ਰੀ ਕਦੇ ਪਤੀ ਨਾਲ ਲੜਾਈ ਝਗੜਾ ਕਰਨ ਲਗ ਜਾਂਦੀ ਹੈ ਅਤੇ ਕਦੇ ਵਡੀ ਦੀਨ ਹੋ ਕੇ ਉਸ ਦੇ ਮਨ-ਚਿਤ ਵਿਚ ਵੜ ਜਾਂਦੀ ਹੈ। ੪. ਦਸੋ, ਅਖ ਦੀ ਟੇਢੀ ਨਿਗਾਹ ਕਰਕੇ ਇਸਤ੍ਰੀ ਵੇਖ ਕੇ, ਕਿਸ ਦੇ ਚਿਤ ਨੂੰ ਮੋਹ ਨਹੀਂ ਲੈਂਦੀ? (ਅਰਥਾਤ ਇਸਤ੍ਰੀ ਜਿਸ ਵੱਲ ਭੀ ਤਿਰਛੀ ਨਿਗਾਹ ਕਰਕੇ ਵੇਖ ਲਵੇ, ਉਸ ਦੇ ਚਿਤ ਨੂੰ ਚੁਰਾ ਲੈਂਦੀ ਹੈ)।੧੨੬।

**ਦੋਹਰਾ—੧. ਹੈ ਕਛੁ ਕਾਰਣ ਕੌਨ ਪਤਿ, ਕਹੌਂ ਸੁਨੋ ਅਬ ਸੋਇ॥**
**੨. ਦੁਰਾਚਾਰ ਇਨ ਚਿਤਵਿਯੋ, ਕਰੇ ਵਿਚਾਰ ਸੁ ਕੋਇ॥੧੨੭॥**

ਦੁਰਾਚਾਰ=ਬੁਰਾ ਕਰਤਬ।

ਬਿਬੇਕ ਨੇ ਕਿਹਾ—ਹੇ ਮਤੀ! ਪ੍ਰਮਾਤਮ ਦੇਵ ਦੇ ਸੁਧ ਰੂਪ ਵਿਚ ਜੋ ਮਾਇਆ ਵਿਕਾਰ ਕਰਦੀ ਹੈ, ਇਸ ਵਿਚ ਭੀ ੧. ਕੁਝ ਕਾਰਨ ਹੈ? (ਅਗੋਂ ਮਤੀ ਨੇ ਪੁਛਿਆ)—ਸਵਾਮੀ ਜੀ! ਉਹ ਕਿਹੜਾ (ਕਾਰਨ ਹੈ? ਬਿਬੇਕ ਨੇ ਉੱਤਰ ਦਿਤਾ—ਹੇ ਮਤੀ! ਧਿਆਨ ਦੇ ਕੇ ਸੁਣੋ, ਹੁਣ ਮੈਂ ਓਹੀ ਕਹਿੰਦਾ ਹਾਂ। ੨. ਇਸ (ਮਾਇਆ ਨੇ) ਕੋਈ ਬੁਰਾ ਕਰਮ (ਭੀ ਮਨ ਵਿਚ) ਚਿਤਵਿਆ ਹੋਇਆ ਹੈ,ਅਤੇ ਉਹ ਕਿਸੇ ਵਿਚਾਰ(ਨੂੰ ਭੀ ਮਨ ਵਿਚ) ਕਰ ਰਹੀ ਹੈ।੧੨੭।

ਮਤੀ ਨੇ ਪੁਛਿਆ—ਸਵਾਮੀ ਜੀ! ਮਾਇਆ ਕੀ ਵਿਚਾਰ ਕਰ ਰਹੀ ਹੈ? ਅਤੇ ਉਸ ਨੇ ਬੁਰਾ ਕਰਮ ਕੀ ਚਿਤਵਿਆ ਹੈ? ਬਿਬੇਕ ਨੇ ਉੱਤਰ ਦਿਤਾ—

ਮਾਇਆ ਉਵਾਚ॥

**ਸਵੈਯਾ॥**

**੧. ਅਬ ਜੋਬਨ ਮੋਹਿ ਬਿਲਾਇ ਗਯੋ, ਪੁਨਿ ਦੇਵ ਪੁਰਾਤਨ ਹੈ ਜਰ ਠਾਯੋ॥**
**੨. ਅਬ ਮੋਹਿ ਬਿਖੈ ਰਸ ਆਇ ਕਹਾਂ ਰਸ ਵੈਮੁਖ ਜੋਬਨ ਮੈ ਨਾ ਰਸਾਯੋ॥**
**੩. ਅਬ ਔਰ ਉਪਾਉ ਬਨੇ ਨ ਕਛੂ ਮਨ ਪੂਤ ਬਨੈ ਅਬ ਰਾਜ ਦਿਵਾਯੋ॥**
**੪. ਇਹ ਮਾਤ ਮਤੇ ਸੁ ਵਿਚਾਰ ਮਨੇ ਮਨ ਪੂਤ ਤਬੈ ਨਿਜ ਤਾਤ ਮਿਲਾਯੋ॥੧੨੮॥**

੧. ਮਾਇਆ ਆਪਣੇ ਮਨ ਵਿਚ ਕਹਿੰਦੀ ਹੈ—ਹੁਣ ਮੇਰੀ ਜਵਾਨੀ ਚਲੀ ਗਈ ਹੈ (ਅਰਥਾਤ ਹੁਣ ਮੈਂ ਬੁਢੀ ਹੋ ਗਈ ਹਾਂ) ਅਤੇ ਸਨਾਤਨ ਪੁਰਖ (ਪ੍ਰਮਾਤਮ) ਦੇਵ ਭੀ ਬੁਢਾ ਹੋ ਗਿਆ ਹੈ।

ਪ੍ਰਸ਼ਨ—ਮਾਇਆ ਦੀ ਜੁਆਨੀ ਤੇ ਬਿਧ ਅਵਸਥਾ ਕਿਹੜੀ ਹੈ?

ਉੱਤਰ—ਅਗਿਆਨ ਕਾਲ ਵਿਚ ਜੋ ਮਾਇਆ ਤੇ ਮਾਇਆ ਦਾ ਕਾਰਜ ਰੂਪ ਪ੍ਰਪੰਚ ਕਰਕੇ ਸੱਤ ਜਾਣਨਾ ਹੈ, ਏਹੋ ਮਾਇਆ ਦੀ ਜੋਬਨ ਅਵਸਥਾ ਹੈ, ਕਿਉਂਕਿ ਅਗਿਆਨੀ ਪੁਰਸ਼ਾਂ ਨੂੰ ਪ੍ਰਪੰਚ ਸੱਤ ਰੂਪ ਪ੍ਰਤੀਤ ਹੁੰਦਾ ਹੈ। ਜਗਿਆਸੂ ਪੁਰਸ਼ਾਂ ਨੂੰ ਜਗਤ ਅਨਿਰਵਚਨੀ ਪ੍ਰਤੀਤ ਹੁੰਦਾ ਹੈ ਅਤੇ ਤਤਵੇਤਾ ਪੁਰਸ਼ਾਂ ਨੂੰ ਸਹੇ ਦੇ ਸਿਰ ਸਿੰਗ ਵਾਂਗੂ

Sri Satguru Jagjit Singh Ji Elibrary NamdhariElibrary@gmail.com

ਕਹਿਣ ਮਾਤਰ ਪ੍ਰਤੀਤ ਹੁੰਦਾ ਹੈ, ਵਾਸਤਵ ਵਿਚ ਹੈ ਨਹੀਂ ਅਤੇ ਜੋ ਮਾਇਆ ਦੇ ਅਸਲ-ਅਸਤ, ਜੜ ਤੇ ਦੁਖ ਰੂਪ ਨੂੰ ਜਾਣ ਲੈਣਾ ਹੈ, ਇਹੋ ਮਾਇਆ ਦੀ ਬਿਰਧ ਅਵਸਥਾ ਹੈ।

ਪ੍ਰਸ਼ਨ-ਪਰਮਾਤਮ ਦੇਵ ਦੀ ਬਿਰਧ ਉਮਰਾ ਕੀ ਹੈ ?

ਉੱਤਰ-ਅਗਿਆਨ ਕਾਲ ਵਿਚ ਇਹ ਪੁਰਸ਼ ਅੰਨਮਯ ਕੋਸ਼ ਨੂੰ ਹੀ ਆਤਮਾ ਰੂਪ ਜਾਣਦੇ ਹਨ, ਇਹੋ ਜਾਣਦੇ ਹਨ, ਇਹੋ ਪਰਮਾਤਮ ਦੇਵ ਦੀ ਜੁਆਨੀ ਹੈ। ਜੋ ਪੰਜਾਂ ਕੋਸ਼ਾਂ ਤੋਂ ਭਿੰਨ, ਸਰਬ ਦਾ ਪਰੇਰਕ ਤੇ ਸਾਖੀ ਆਪਣਾ ਆਤਮ ਸਰੂਪ ਜਾਣ ਲੈਣਾ ਹੈ ਕਿ ਮੈਂ ਅਜੇ ਹਾਂ, ਅਕੇਹ ਹਾਂ, ਨਿਰੀਹ ਹਾਂ, ਕੂਟਸਥ ਹਾਂ, ਸ੍ਵਯੰ ਪ੍ਰਕਾਸ਼ ਰੂਪ ਹਾਂ, ਸਭ ਦਾ ਅਧਿਸ਼ਠਾਨ ਹਾਂ ਅਤੇ ਇਹ ਸਾਰਾ ਪ੍ਰਪੰਚ ਮੇਰੇ ਵਿਚ 'ਅਸਯਸ੍' ਹੈ। ਜੋ ਇਸਤਰ੍ਹਾਂ ਦਾ ਨਿਸਚੇ ਕਰ ਲੈਣਾ ਹੈ, ਇਹੋ ਪ੍ਰਮਾਤਮ ਦੇਵ ਦੀ ਬਿਰਧ ਅਵਸਥਾ ਹੈ।

ਮਾਇਆ ਚਿਤ ਵਿਚ ਸੋਚ ਕਰਦੀ ਹੈ ਕਿ ੨. ਹੁਣ ਮੇਰੇ ਵਿਚ ਰਸ ਕਿਥੇ ਹੈ ? ਕਿਉਂਕਿ ਹੁਣ ਤਾਂ ਬੁਢੀ ਹੋ ਗਈ ਹਾਂ, ਪਰ ਜੁਆਨੀ ਦੀ ਅਵਸਥਾ ਵੇਲੇ ਭੀ ਇਸ ਰਸ ਤੋਂ ਬੇਮੁਖ ਰਹੀ ਹਾਂ। ਉਸ ਸਮੇਂ ਜਦ ਮੇਰੇ ਵਿਚ ਰਸ ਨਹੀਂ ਆਇਆ, ਤਦ ਹੁਣ ਕਦ ਆ ਸਕਦਾ ਹੈ ? (ਇਸ ਦਾ ਭਾਵ ਇਹ ਹੈ ਕਿ ਭਾਵੇਂ ਅਗਿਆਨ ਕਾਲ ਵਿਚ ਜੀਵ ਮੈਨੂੰ ਸਤ ਰੂਪ ਜਾਣਦੇ ਸਨ, ਪਰ ਉਸ ਸਮੇਂ ਵਿਚ ਭੀ ਵਾਸਤਵ ਰੂਪ ਕਰਕੇ ਤਾਂ ਮੈਂ ਸਤ ਰੂਪ ਨਹੀਂ ਸਾਂ, ਸਗੋਂ ਅਸਤ ਰੂਪ ਹੀ ਸਾਂ, ਹੁਣ ਤਾਂ ਜੀਵਾਂ ਨੂੰ ਵਿਚਾਰ ਪ੍ਰਾਪਤ ਹੋ ਗਈ ਹੈ, ਹੁਣ ਇਹਨਾਂ ਮੈਨੂੰ ਸਤ ਰੂਪ ਕਿਵੇਂ ਜਾਣਨਾ ਹੈ ? ਸਗੋਂ ਅਸੱਤ, ਜੜ੍ਹ ਤੇ ਦੁਖ ਰੂਪ ਹੀ ਨਿਸਚੇ ਕਰ ਲੈਣਾ ਹੈ।

੩. ਹੁਣ ਹੋਰ ਤਾਂ ਕੁਝ ਉਪਾਓ ਨਹੀਂ ਬਣ ਸਕਦਾ, ਇਹ ਗੱਲ ਬਣ ਸਕਦੀ ਹੈ, ਕਿ ਆਪਣੇ ਪੁਤਰ 'ਮਨ' ਨੂੰ ਹੁਣ ਰਾਜ ਦਿਵਾ ਦਿਤਾ ਜਾਵੇ।

੪. ਮਾਤਾ ਨੇ ਮਨ ਵਿਚ ਇਹ ਸਲਾਹ ਵਿਚਾਰ ਕਰਕੇ ਉਸੇ ਵੇਲੇ (ਹੀ ਮਾਇਆ ਨੇ) 'ਮਨ' ਪੁਤਰ ਨੂੰ ਆਪਣੇ ਪਿਤਾ (ਪਰਮਾਤਮ ਦੇਵ) ਦੇ ਨਾਲ ਮਿਲਾ ਦਿਤਾ (ਇਹੋ ਬੁਰਾ ਕਰਮ ਮਨ ਵਿਚ ਚਿਤਵਿਆ ਸੀ ਅਤੇ ਇਹੋ ਹੀ ਕਾਰਨ ਹੈ) ॥ ੧੨੮ ॥

## ਸਵੈਯਾ ॥

**੧. ਨਵ ਦੁਆਰਨ ਕੇ ਪੁਰ ਤਾਹਿ ਰਚੇ ਮਨ ਆਪ ਸੁਨੋ ਤਿਨ ਬੀਚ ਬਸਾਏ ॥**
**੨. ਇਕ ਰੂਪ ਹੁਤੇ ਪ੍ਰਮਾਤਮ ਜੋ ਬਹੁ ਭਾਂਤਿਨ ਕੇ ਪੁਰ ਮਾਂਹਿ ਫਸਾਏ ॥**
**੩. ਸੁ ਕਰੇ ਮਨ ਕਾਰਜ ਆਪ ਜਿਤੇ ਪਰਮਾਤਮ ਕੇ ਪੁਨ ਮਾਂਹਿ ਠਰਾਏ ॥**
**੪. ਸੁ ਜਪਾ ਕੁਸਮੰ ਮਣਿਮਾਹਿ ਯਥਾ ਹਨ ਸ੍ਵੇਤਗੁਣੰ ਗੁਣ ਲਾਲ ਦਿਖਾਏ॥੧੨੯॥**

ਨਵ ਦਵਾਰਨ ਕੇ ਪੁਰ=ਨੌਂ ਦਰਵਾਜਿਆਂ ਵਾਲੇ ਸ਼ਹਿਰ ਭਾਵ ਦੇਹਾਂ (ਸਰੀਰ)। ਜਪਾ ਕੁਸਮੰ= ਲਾਲ ਰੰਗ ਦਾ ਇਕ ਤਰ੍ਹਾਂ ਦਾ ਵਡਾ ਫੁਲ। ਮਣਿ=ਸਫਟਕ ਮਣੀ। ਹਨ ਸਵੇਤ ਗੁਣੰ=ਚਿਟੇ ਗੁਣ ਨੂੰ ਨਾਸ ਕਰਕੇ।

ਹੇ ਮਤੀ ! ਸੁਣੋ-੧. ਨੌਂ ਦਰਵਾਜਿਆਂ ਵਾਲੇ ਸ਼ਹਿਰ ਉਸ ਨੇ ਰਚ ਲਏ ਅਤੇ ਮਨ ਫੇਰ ਆਪ ਉਹਨਾਂ ਵਿਚ ਵਸਣ ਲਗ ਪਿਆ। ਪਰਮਾਤਮ ਦੇਵ ਦਾ ਜੋ ਇਕ ਰੂਪ ਹੈਗਾ ਸੀ, ਉਸ ਨੂੰ ਬਹੁਤ ਤਰ੍ਹਾਂ ਦੇ ਸ਼ਹਿਰਾਂ ਵਿਚ ਫਸਾ ਦਿਤਾ। ੩. ਉਹ ਮਨ ਕੰਮ ਤਾਂ ਸਾਰੇ ਆਪ ਕਰਦਾ ਹੈ ਪਰ ਪਰਮਾਤਮ ਦੇਵ ਦੇ ਵਿਚ ਠਹਿਰਾਉਂਦਾ ਹੈ। ੪. ਜਪਾ ਨਾਮ ਦਾ ਫੁਲ ਸਵਟਕ ਮਣੀ ਦੇ ਕੋਲ ਪਿਆ ਹੋਵੇ, (ਤਾਂ ਮਣੀ ਦੇ) ਚਿਟੇ ਗੁਣ ਨੂੰ ਨਾਸ ਕਰਕੇ ਆਪਣਾ ਲਾਲ ਗੁਣ ਵਿਖਾਉਂਦਾ ਹੈ, ਇਸੇ ਤਰ੍ਹਾਂ ਹੀ ਪ੍ਰਮਾਤਮ ਦੇਵ ਦੇ ਜੋ ਸਤ ਚਿਤ ਤੇ ਅਨੰਦ ਰੂਪ ਵਿਸ਼ੇਸ਼ਣ ਸਨ, ਮਨ ਦੀ ਸੰਗਤ ਕਰਕੇ ਓਹ ਵਿਸ਼ੇਸ਼ਣ ਤਾਂ ਦੂਰ ਹੋ ਗਏ ਹਨ ਅਤੇ ਇਛਾ, ਪ੍ਰਯਤਨ, ਰਾਗ,ਦਵੇਖ,ਸੁਖ ਦੁਖ ਹਰਖ ਸੋਗ, ਜੰਮਣਾ ਮਰਨਾ ਆਦਿਕ ਜੋ ਮਨ ਦੇ ਧਰਮ ਸਨ, ਉਹ ਪ੍ਰਮਾਤਮ ਦੇਵ ਵਿਚ ਦਿਸਣ ਲਗ ਪਏ ਹਨ

Sri Satguru Jagjit Singh Ji Elibrary NamdhariElibrary@gmail.com

ਅਰਥਾਤ ਮਨ ਦੀ ਸੰਗਤ ਕਰਕੇ ਪ੍ਰਮਾਤਮ ਦੇਵ ਆਪ ਨੂੰ ਜੀਵ ਰੂਪ ਸਮਝਣ ਲਗ ਪਿਆ ਹੈ।੧੨੯।

ਮਤਿ ਉਵਾਚ ॥

**ਦੋਹਰਾ—੧. ਆਰਯ ਸੁਤ ਯਾ ਲੋਕ ਮੈ, ਜੈਸੀ ਮਾਤ ਪ੍ਰਬੀਨ ॥**
**੨. ਤਾਂਕੋ ਸੁਤ ਤੈਸੋ ਭਯੋ, ਕਹੋ ਦੇਵ ਕਤ ਕੀਨ ॥੧੩੦॥**

੧. ਮਤੀ ਨੇ ਕਿਹਾ-ਹੇ ਸਰੇਸ਼ਟ ਕੁਲ ਦੇ ਪੁਤ੍ਰ! ਇਸ ਜਗਤ ਵਿਚ ਜਿਸ ਤਰ੍ਹਾਂ ਦੀ ਮਾਤਾ ਚਤਰ ਹੈ, (ਅਜਿਹਾ ਚਲਾਕ ਹੋਰ ਕੋਈ ਨਹੀਂ)। ੨. ਅਗੇ ਉਸ ਦਾ ਪੁਤ੍ਰ (ਮਨ) ਭੀ ਉਸ ਤਰ੍ਹਾਂ ਦਾ ਛਲੀਆ ਹੋਇਆ ਹੈ,ਦਸੋ,ਇਹਨਾਂ ਦੋਹਾਂ (ਮਾਂ ਪੁਤਰ ਦੇ ਵੱਸ ਹੋ ਕੇ) ਪ੍ਰਮਾਤਮ ਦੇਵ ਨੇ ਫੇਰ ਕੀ ਕੁਝ ਕੀਤਾ ਹੈ ? ।੧੩੦।

ਰਾਜੋ ਵਾਚ ॥

**ਸਵੈਯਾ ॥**

**੧. ਤਬ ਚੀਤ ਕੋ ਪੂਤ ਹੰਕਾਰ ਬਡੋ, ਨਪਿਤਾ ਪਰਮਾਤਮ ਕੋ ਜਗ ਗਾਯੋ ॥**
**੨. ਅਤਿ ਤੋਤਲ ਬੈਨ ਗਯੋ ਢਿਗ ਜੋ, ਹਸਕੇ ਪਰਮਾਤਮ ਕੰਠ ਲਗਾਯੋ ॥**
**੩. ਤਬ ਭੂਲ ਪਰਮਾਤਮ ਆਪ ਗਯੋ, ਭਵ ਮੋਹਿ ਭਯੋ ਇਮ ਆਪ ਅਲਾਯੋ ॥**
**੪. ਯਹਿ ਤਾਤ ਇਹੈ ਮਮ ਮਿਤ੍ਰ ਅਹੈ ਇਹ ਖੇਤ ਇਹੈ ਸੁ ਕਲਿਤ੍ਰ ਉਪਾਯੋ।੧੩੧।**

ਨਪਿਤਾ=ਪੋਤਾ। ਤੋਤਲੇ=ਮਿਠੇ। ਅਲਾਯੋ=ਕਹਿਣ ਲੱਗਾ। ਕਲਿਤ੍ਰ=ਇਸਤ੍ਰੀ।

੧. ਵਿਵੇਕ ਨੇ ਕਿਹਾ-ਹੇ ਮਤੀ! (ਜਦ ਪ੍ਰਮਾਤਮ ਦੇਵ ਦੇਹਾਂ ਰੂਪ ਸ਼ਹਿਰਾਂ ਵਿਚ ਫਸ ਗਿਆ) ਤਦ ਮਨ ਦਾ ਵੱਡਾ ਪੁਤਰ ਜੋ ਹੰਕਾਰ ਹੈ, ਜੋ ਜਗਤ ਵਿਚ ਪ੍ਰਮਾਤਮ ਦੇਵ ਦਾ ਪੋਤਰਾ ਕਿਹਾ ਜਾਂਦਾ ਹੈ। ੨. ਵਡੇ ਤੋਤਲੇ ਬਚਨ ਬੋਲਦਾ ਬੋਲਦਾ ਕੋਲ ਚਲਾ ਗਿਆ ਤਾਂ ਪ੍ਰਮਾਤਮ (ਦੇਵ ਨੇ ਉਸ ਨੂੰ) ਹੱਸ ਕੇ ਗਲ ਨਾਲ ਲਾ ਲਿਆ। ੩. ਪ੍ਰਮਾਤਮਦੇਵ ਉਸੇ ਵੇਲੇ ਹੀ ਆਪ ਨੂੰ ਭੁਲ ਗਿਆ ਅਤੇ ਸੰਸਾਰ ਦਾ ਮੋਹ ਹੋ ਗਿਆ, ਇਸ ਕਰਕੇ ਇਉਂ ਕਹਿਣ ਲੱਗ ਪਿਆ। ੪. ਮੇਰਾ ਪੁਤਰ ਹੈ, ਇਹ ਮੇਰਾ ਖੇਤ ਹੈ, ਅਤੇ ਇਹ ਮੇਰੀ ਇਸਤ੍ਰੀ ਹੈ।੧੩੧।

**ਸਵੈਯਾ ॥**

**੧. ਇਹ ਪੁਤ੍ਰ ਸੁ ਮਿਤ੍ਰ ਅਰਾਤਿ ਬਡੋ, ਪੁਨ ਯਾ ਵਸੁਧਾ ਬਲ ਆਹਿ ਹਮਾਰੇ ॥**
**੨. ਗਜ ਅਸ੍ਵ ਪਸ਼ੂ ਯਹ ਕੋਸ਼ ਅਹੇ, ਪੁਨ ਏਹੁ ਸੁਹ੍ਰਿਦ ਸੁ ਬੰਧੁ ਪਿਆਰੇ ॥**
**੩. ਚਿਤ ਕੋ ਫੁਰਨੋ ਜਿਹ ਭਾਂਤ ਭਯੋ ਤਿਨ ਦੇਵ ਪਰਮਾਤਮ ਆਪਨ ਧਾਰੇ ॥**
**੪. ਅਗਜਾਨ ਮਈ ਬਹੁ ਨੀਂਦ ਭਈ ਸੁਪਨਾ ਬਹੁ ਭਾਂਤਿਨ ਭਾਂਤਿ ਨਿਹਾਰੇ।੧੩੨।**

ਅਰਾਤਿ=ਵੱਡਾ ਦੁਸ਼ਮਨ। ਵਸੁਧਾ=ਧਰਤੀ। ਬਲ=ਸੈਨਾ, ਫੌਜ। ਗਜ=ਹਾਥੀ। ਅਸ੍ਵ= ਘੋੜਾ। ਕੋਸ਼=ਖਜ਼ਾਨਾ। ਸੁਹ੍ਰਿਦ=ਸਕੇ ਸਾਕ। ਮਈ ਰੂਪ।

੧. ਇਹ (ਮੇਰਾ) ਪੁਤਰ ਹੈ, ਇਹ ਮਿਤ੍ਰ ਹੈ, (ਇਹ ਮੇਰਾ) ਬਹੁਤ ਵੱਡਾ ਦੁਸ਼ਮਣ ਹੈ ਅਤੇ ਮੇਰੀ ਇਹ ਜ਼ਮੀਨ ਹੈ, ਇਹ ਫੌਜ ਹੈ। ੨. ਇਹ ਹਾਥੀ ਹੈ, ਇਹ ਘੋੜਾ ਹੈ, ਇਹ ਪਸ਼ੂ (ਮੇਰੇ ਹਨ, ਇਹ) (ਮੇਰਾ) ਹੈ, ਅਤੇ ਇਹ ਮੇਰੇ ਸਕੇ ਸਾਕ ਹਨ ਤੇ ਇਹ ਪਿਆਰੇ ਸਬੰਧੀ ਹਨ, ਗੱਲ ਕੀ ? । ੩. ਚਿੱਤ ਨੂੰ ਜਿਸ ਤਰ੍ਹਾਂ ਦਾ ਫੁਰਨਾ ਹੋਇਆ, ਪ੍ਰਮਾਤਮ ਦੇਵ ਨੇ ਉਸੇ ਤਰ੍ਹਾਂ (ਦੀ ਮਨੌਤ) ਆਪਣੇ ਵਿਚ ਧਾਰ ਲਈ। ੪. ਪ੍ਰਮਾਤਮ ਦੇਵ ਨੂੰ ਅਗਯਾਨ ਰੂਪ ਬਹੁਤ ਗੂੜ੍ਹੀ ਨੀਂਦ ਆ ਗਈ ਹੈ ਜਿਸ ਕਰਕੇ ਜਗਤ ਦੀ ਅਨੇਕ ਤਰ੍ਹਾਂ ਦੀ ਮਨੌਤ ਰੂਪ ਰੰਗ

Sri Satguru Jagjit Singh Ji Elibrary NamdhariElibrary@gmail.com

ਰੰਗਾਂ ਦੇ ਸੁਪਨੇ ਵੇਖਣ ਲਗ ਪਿਆ ਹੈ ।੧੩੨।

ਮਤਿ ਉਵਾਚ ॥

**ਦੋਹਰਾ—੧. ਆਰਯ ਸੁਤ ਪਰਮੇਸਵਰੇ, ਦੀਰਘ ਨੀਂਦ ਵਿਕਾਰ ॥**
**੨. ਬੋਧ ਜਨਮ ਕਿਹ ਭਾਂਤਿ ਪੁਨ, ਹੋਵੈ ਮੋਹਿ ਉਚਾਰ ॥੧੩੩॥**

ਮਤੀ ਨੇ ਕਿਹਾ—ਹੇ ਸ੍ਵਾਮੀ ! ਜੋ ਪ੍ਰਮਾਤਮ (ਦੇਵ ਇਸ ਤਰ੍ਹਾਂ ਨਾਲ ਅਗਿਆਨ ਰੂਪ) ਗੂੜ੍ਹੀ ਨੀਂਦ ਵਿਚ ਵਿਚ ਸੁਤਾ ਪਿਆ ਅਨੇਕ ਤਰ੍ਹਾਂ ਦੇ ਵਿਕਾਰ (ਧਾਰਨ ਰੂਪ ਸੁਪਨੇ ਵੇਖ ਰਿਹਾ ਹੈ)। ੨. ਤਦ ਗਿਆਨ ਦਾ ਜਨਮ ਕਿਸ ਤਰ੍ਹਾਂ ਨਾਲ ਹੋਵੇਗਾ ? (ਜਿਵੇਂ ਸੁਪਨੇ ਦੇ ਸ਼ੇਰ ਨਾਲ ਡਰਿਆ ਪੁਰਸ਼ ਜਾਗਰਤ ਅਵਸਥਾ ਪ੍ਰਾਪਤ ਕੀਤੇ ਤੋਂ ਬਿਨਾਂ ਉਸ ਡਰ ਤੋਂ ਰਹਿਤ ਨਹੀਂ ਹੋ ਸਕਦਾ, ਇਸ ਤਰ੍ਹਾਂ 'ਗਿਆਨ ਉਦੇ' ਹੋਏ ਤੋਂ ਬਿਨਾਂ ਅਗਿਆਨ ਰੂਪ ਨੀਂਦ ਤੇ ਅਨੇਕ ਤਰ੍ਹਾਂ ਦੀ ਮਨੌਤ ਰੂਪ ਸੁਪਨੇ ਦੂਰ ਨਹੀਂ ਹੋ ਸਕਣੇ। ਜਦ ਪ੍ਰਮਾਤਮ ਦੇਵ ਅਗਿਆਨ ਕਰਕੇ ਐਸਾ ਗਾਫਲ ਹੋ ਰਿਹਾ ਹੈ, ਤਾਂ 'ਗਿਆਨ' ਦਾ ਜਨਮ ਕਿਸ ਤਰ੍ਹਾਂ ਹੋਵੇਗਾ, ਇਹ ਮੈਨੂੰ ਦਸੋ ? ।੧੩੩।

ਕਵਿ ਉਵਾਚ ।

**ਦੋਹਰਾ—੧. ਸੁਨਤ ਵਿਵੇਕ ਮਹੀਪ ਕੋ, ਲਾਜ ਭਈ ਉਰ ਭਾਰ ॥**
**੨. ਕੀਨ ਅਧੋ ਮੁਖ ਤਾਂ ਸਮੇ, ਧਰਣੀ ਓਰ ਨਿਹਾਰ ॥੧੩੪॥**

ਮਹੀਪ=ਰਾਜ। ਉਰ=ਹਿਰਦੇ। ਅਧੋਮੁਖ=ਨੀਵਾਂ ਮੂੰਹ। ਓਰ=ਵੱਲ। ਨਿਹਾਰ=ਵੇਖਣਾ।

੧. ਗ੍ਰੰਥ ਕਰਤਾ ਜੀ ਕਹਿੰਦੇ ਹਨ (ਮਤੀ ਦੀ ਇਹ ਗੱਲ) ਸੁਣਦਿਆਂ ਹੀ ਰਾਜੇ ਵਿਵੇਕ ਨੂੰ ਹਿਰਦੇ ਵਿਚ ਬੜੀ ਭਾਰੀ ਲੱਜਾ ਹੋ ਗਈ। ੨. ਉਸੇ ਵੇਲੇ ਮੂੰਹ ਨੀਵਾਂ ਕਰਕੇ ਧਰਤੀ ਵਲ ਵੇਖਣ ਲਗ ਪਿਆ ।੧੩੪।

ਮਤਿ ਉਵਾਚ ।

**ਦੋਹਰਾ—੧. ਆਰਯ ਸੁਤ ਕਿਹ ਹੇਤ ਤੇ, ਗੁਰ ਤਰ ਲੱਜਾ ਤੋਹਿ ॥**
**੨. ਨਮ੍ਰ ਸੁ ਕੰਧਰ ਤੇ ਭਈ, ਭਾਖੋ ਕਾਰਣ ਮੋਹਿ ॥੧੩੫॥**

ਗੁਰ ਤਰ=ਵਡੀ ਭਾਰੀ। ਨਮ੍ਰ=ਨੀਵੀਂ। ਕੰਧਰ=ਧੌਣ। ਤੇ=ਤੇਰੀ।

੧. ਹੇ ਆਰਯ ਪੁਤ੍ਰ ! ਜਿਸ ਕਾਰਣ ਕਰਕੇ ਤੈਨੂੰ ਬੜੀ ਭਾਰੀ ਲਜਾ ਹੋਈ। ੨. ਤੇਰੀ ਧੌਣ ਨੀਵੀਂ ਹੋ ਗਈ ਹੈ, ਮੈਨੂੰ (ਇਸ ਦਾ) ਕਾਰਣ ਦਸੋ ।੧੩੫।

ਰਾਜੋ ਉਵਾਚ ॥

**ਦੋਹਰਾ—ਨਾਰਿਨ ਕੋ ਬਹੁ ਈਰਖਾ, ਹੋਵਤ ਜਗਤ ਮਝਾਰ ॥**
**ਸਾਪਰਾਧ ਜਨ ਆਪ ਪਿਖ, ਕਹੌਂ ਨ ਤੋਹਿ ਉਚਾਰ ॥੧੩੬॥**

ਬਿਬੇਕ ਰਾਜੇ ਨੇ ਕਿਹਾ—(ਹੇ ਰਤੀ ! ਇਸ) ਜਗਤ ਵਿਚ ਇਸਤ੍ਰੀਆਂ ਨੂੰ ਬਹੁਤ ਈਰਖਾ ਹੁੰਦੀ ਹੈ। ਫਿਰ ਥੋੜਾ ਜਿਹਾ ਆਪਣਾ ਅਪਰਾਧ (ਭੀ ਮੈਨੂੰ) ਦਿਸਦਾ ਹੈ, (ਇਸ ਕਰਕੇ ਉਹ ਕਾਰਣ) ਤੈਨੂੰ ਦੱਸ ਨਹੀਂ ਸਕਦਾ, (ਜਿਸ ਕਰਕੇ ਮੈਂ ਸ਼ਰਮਸਾਰ ਹੋਇਆ ਹਾਂ) ।੧੩੬।

ਮਤਿ ਉਵਾਚ ॥

**ਦੋਹਰਾ—ਰਸ ਪ੍ਰਵ੍ਰਿਤਿ ਕੇ ਧਰਮ ਹਿਤ, ਕਰੇ ਕਛੂ ਪਤਿ ਪ੍ਰਾਣ ॥**
**ਵਹੁ ਔਰੇ ਜਗ ਯੋਖਿਤਾ, ਕਰੇ ਕਾਜ ਤਿਹ ਹਾਨ ॥੧੩੭॥**

ਮਤੀ ਨੇ ਕਿਹਾ–ਹੇ ਪ੍ਰਾਣ ਪਤੀ ! (ਵਿਸ਼ੇ) ਰਸ ਵਿਚ ਪ੍ਰਵਿਰਤ (ਹੋ ਕੇ, ਜਾਂ ਕਿਸੇ) ਧਰਮ ਦੇ ਵਾਸਤੇ, ਜੇਕਰ ਪਤੀ ਕੁਝ ਕੰਮ ਕਰੇ, (ਤਾਂ) ਜਗਤ ਵਿਚ ਉਹ ਹੋਰ ਹੀ ਇਸਤ੍ਰੀਆਂ ਹਨ, (ਜਿਹੜੀਆਂ) ਉਸ ਦੇ ਕੰਮ ਦਾ ਨਾਸ ਕਰਦੀਆਂ ਹਨ, (ਅਰਥਾਤ ਵਿਭਚਾਰਨ ਇਸਤ੍ਰੀਆਂ ਪਤੀ ਦੇ ਕੰਮ ਦਾ ਨਾਸ ਕਰਦੀਆਂ ਹਨ, ਪਤੀਬ੍ਰਤਾ ਤਾਂ ਪਤੀ ਦੇ ਕੰਮ ਸਵਾਰਨ ਵਿਚ ਸਹਾਇਕ ਹੁੰਦੀਆਂ ਹਨ) ।੧੩੭।

ਰਾਜੇ ਵਾਚ ॥

**ਦੋਹਰਾ--ਮਤਿ ਪਿਆਰੀ ਇਕ ਔਰ ਹੈ ਮਾਨਨਿ ਮੇਰੀ ਨਾਰਿ ॥**
**ਉਪਨਿਸ਼ਦ ਸੁ ਨਾਮ ਬਖਾਨੀਏ, ਸੁੰਦਰ ਰੂਪ ਅਪਾਰ ॥੧੩੮॥**

ਮਾਨਨਿ=ਇਸਤ੍ਰੀਆਂ ਨੂੰ ਜੋ ਈਰਖਾ ਕਰਨ ਤੇ ਕ੍ਰੋਧ ਹੁੰਦਾ ਹੈ, ਉਸ ਦਾ ਨਾਮ 'ਮਾਨ' ਹੈ, ਉਸ ਮਾਨ ਵਾਲੀ ਇਸਤ੍ਰੀ ਦਾ ਨਾਮ ਮਾਨਨਿ ਹੈ ।

ਬਿਬੇਕ ਰਾਜੇ ਨੇ ਕਿਹਾ–ਹੇ ਪਿਆਰੀ ਮਤੀ ! ਮੇਰੀ ਇਕ ਹੋਰ ਨ ਮਾਨਨਿ ਇਸਤ੍ਰੀ ਹੈ, ਉਸ ਦਾ ਨਾਮ ਉਪਨਿਸ਼ਦ ਕਹੀਦਾ ਹੈ (ਅਤੇ ਉਹ) ਅਪਾਰ ਰੂਪ ਵਾਲੀ ਹੈ ।੧੩੮।

**ਚੌਪਈ--ਬਹੁ ਦਿਨ ਬਿਛਰੀ ਹੈ ਪਜਾਰੀ ॥ ਮੋਹਿ ਅਸੂਯਾ ਦੁੱਖ ਉਰ ਭਾਰੀ ॥**
**ਸ਼ਮ ਦਮ ਜੋ ਅਨੁਕੂਲਹਿ ਹੋਈ ॥ ਤੌ ਉਪਨਿਸ਼ਦ ਸੰਗ ਮਮ ਹੋਈ॥੧੩੯॥**

ਅਸੂਯਾ=ਈਰਖਾ । ਅਨੁਕੂਲਹਿ=ਅਨੁਸਾਰੀ, ਅਧੀਨ ।

ਪਿਆਰੀ (ਉਪਨਿਸ਼ਦ, ਮੇਰੇ ਨਾਲੋਂ) ਬਹੁਤੇ ਦਿਨਾਂ ਦੀ ਵਿਛੜੀ ਹੋਈ ਹੈ। ਤੇਰੀ ਈਰਖਾ ਦਾ ਦੁਖ ਮੇਰੇ ਹਿਰਦੇ ਵਿਚ ਬਹੁਤ (ਹੋ ਰਿਹਾ ਹੈ) ਸ਼ਮ ਤੇ ਦਮ ਜੇ ਅਧੀਨ ਹੋ ਜਾਣ, ਤਦ ਉਪਨਿਸ਼ਦ ਦੇਵੀ ਨਾਲ ਮੇਰਾ ਮੇਲ ਹੋ ਜਾਵੇਗਾ ।੧੩੯।

**ਚੌਪਈ--ਹੇ ਮਤਿ ਤੂੰ ਜਗ ਬਿਖੇ ਨਿਵਾਰੇਂ ॥ ਏਕ ਮਹੂਰਤ ਮੋਨ ਸੁ ਧਾਰੇਂ ॥**
**ਜਾਗਤ ਸੁਪਨ ਸੁਖੋਪਤ ਬਿਲਾਈ ॥ ਮੈਂ ਪ੍ਰਬੋਧ ਸੁਤ ਲੇਹੁ ਉਪਾਈ ॥੧੪੦॥**

ਹੇ ਮਤੀ ! ਜੇ ਤੂੰ ਜਗਤ ਦੇ ਵਿਸ਼ੇ ਛੱਡ ਦੇਵੇਂ ਅਤੇ ਇਕ ਮਹੂਰਤ ਭਰ ਮੋਨ ਧਾਰ ਰਹੇਂ । (ਤਦ) ਜਾਗਰਤ ਸੁਪਨ ਤੇ ਸਖੋਪਤੀ (ਤਿੰਨੇ ਅਵਸਥਾ ਦੂਰ ਹੋਣ, ਫਿਰ) ਮੈਂ 'ਪ੍ਰਬੋਧ' (ਆਤਮ ਗਿਆਨ) (ਨਾਮ ਵਾਲਾ) ਪੁਤ੍ਰ ਪੈਦਾ ਕਰ ਲਵਾਂਗਾ ।੧੪੦।

**ਦੋਹਰਾ–ਉਪਜਤ ਹੀ ਪ੍ਰਬੋਧ ਸੁਤ, ਕਰੇ ਬੰਧ ਸਭ ਹਾਨ ॥**
**ਬੰਧਨ ਮੁਕਤਿ ਬਿਰਾਜਹੀਂ, ਪਰਮਾਤਮ ਭਗਵਾਨ ॥੧੪੧॥**

ਪ੍ਰਬੋਧ ਪੁਤਰ ਦੇ ਪੈਦਾ ਹੁੰਦਿਆਂ ਹੀ ਪ੍ਰਮਾਤਮ ਦੇਵ ਦੇ ਸਾਰੇ (ਕਲਪਤਿ) ਬੰਧਨ (ਉਹ) ਨਾਸ ਕਰ ਦੇਵੇਗਾ। (ਤਦ) ਪ੍ਰਮਾਤਮ (ਦੇਵ) ਭਗਵਾਨ [ਸਾਰੇ ਕਲਪਤਿ] ਬੰਧਨਾ ਤੋਂ ਰਹਿਤ ਹੋ ਕੇ ਬਿਰਾਜਮਾਨ ਹੋਵੇਗਾ ।੧੪੧।

ਮਤਿ ਉਵਾਚ ॥

**ਸਵੈਯਾ ॥**

**੧. ਸੁਤ ਆਰਜ ਜੋ ਪ੍ਰਭੁ ਕੋ ਦ੍ਰਿੜ ਬੰਧਨ ਹੈਂ ਦ੍ਰਿੜ ਗੁੰਥਿ ਮਹਾਂ ਦੁਖ ਦਾਈ ॥**
**੨. ਤਾ ਅਬਲਾ ਤਵ ਸੰਗਮ ਤੇ ਸੁਤ ਬੋਧ ਭਯੋ ਵਹੁ ਬੰਧ ਮਿਟਾਈ ॥**
**੩. ਪਤਿ ਨੀਤ ਭਜੇ ਤਿਨ ਸੰਗਮ ਕੋ ਅਬ ਬੇਗ ਮਿਲੋ ਕਿਮ ਬੇਰ ਲਗਾਈ ॥**

Sri Satguru Jagjit Singh Ji Elibrary NamdhariElibrary@gmail.com

**੪. ਸੁਤ ਆਰਯ ਨੀਤਰਮੋ ਤਿਨ ਸੋ ਮਮ ਚੀਤ ਪ੍ਰਸੰਨ ਭਯੋ ਹੁਲਸਾਈ ॥੧੪੨॥**

ਦ੍ਰਿਢ=ਪਕੇ। ਗ੍ਰੰਥਿ=ਗੁੰਥੀ, ਜੜ-ਚੇਤਨ ਦੀ ਗੰਢ। ਬੇਗ=ਛੇਤੀ। ਰਮੋ=ਵਿਚਰੋ, ਭੋਗ ਕਰੋ। ਹੁਲਸਾਈ=ਮਸਤ ਹੋ ਗਿਆ।

ਮਤੀ ਨੇ ਕਿਹਾ–੧. ਹੇ ਸਰੇਸ਼ਟ ਦੇ ਪੁਤਰ! ਜੋ ਪ੍ਰਭੂ ਨੂੰ ਪਕੇ ਬੰਧਨ ਪੈ ਗਏ ਹਨ ਅਤੇ ਜੜ੍ਹ-ਚੇਤਨ ਰੂਪ ਪੱਕੀ ਗੰਢ ਬੜਾ ਦੁਖ ਦੇਣ ਵਾਲੀ ਹੈ। ੨. ਤੁਹਾਡੇ ਸਬੰਧ ਕਰਕੇ ਉਸ ਇਸਤ੍ਰੀ ਤੋਂ ਗਿਆਨ-ਪੁਤਰ ਜੋ ਜਾਵੇ, ਜੋ ਉਨ੍ਹਾਂ ਬੰਧਨਾਂ ਨੂੰ ਦੂਰ ਕਰ ਸਕਦਾ ਹੈ। (ਜੇ ਇਹ ਗੱਲ ਸੱਚ ਹੈ, ਤਦ) ੩. ਸੁਆਮੀ ਜੀ! ਸਦਾ ਹੀ ਉਸ ਨਾਲ ਸੰਗਮ ਕਰੋ ਅਤੇ ਹੁਣੇ ਹੀ ਛੇਤੀ ਜਾ ਕੇ ਉਸ ਨੂੰ ਮਿਲੋ, ਦੇਰ ਕਿਉਂ ਲਾਈ ਹੈ? ੪. ਹੇ ਆਰਯ ਪੁਤਰ! ਸਦਾ ਹੀ ਉਸ ਨਾਲ ਭੋਗ-ਬਿਲਾਸ ਕਰੋ, ਮੈਂ ਉਸ ਨਾਲ ਈਰਖਾ ਤੇ ਡਾਹ ਨਹੀਂ ਕਰਾਂਗੀ, ਸਗੋਂ ਤੁਹਾਡਾ-ਉਸ ਦਾ ਸਬੰਧ ਵੇਖ ਕੇ) ਮੇਰਾ ਚਿਤ ਪ੍ਰਸੰਨ ਹੋਵੇਗਾ ਅਤੇ ਮੈਨੂੰ ਖੁਸ਼ੀ ਹੋਵੇਗੀ।੧੪੨।

ਰਾਜੋ ਵਾਚ ॥

**ਸਵੈਯਾ ॥**

**੧. ਭਾਮਿਨਿ ਜੋ ਯਹ ਬਾਤ ਭਈ ਤਬ ਸਿੱਧ ਮਨੋਰਥ ਆਜ ਹਮਾਰੇ ॥**
**੨. ਹੈ ਜਗ ਆਦਿ ਸੁ ਏਕ ਵਿਭੂ ਪਰਮਾਤਮ ਜਾ ਸ੍ਰੁਤਿ ਪੁੰਜ ਉਚਾਰੇ ॥**
**੩. ਤਾਹਿ ਕਰੇ ਬਹੁ ਖੰਡ ਜਿਨੈ ਪੁਰ ਦੇਹਨ ਮੈ ਬਹੁ ਬੰਧਨ ਡਾਰੇ ॥**
**੪. ਚਿਦ ਈਸ਼ ਦਯੋ ਮ੍ਰਿਤੂ ਕੋ ਪਦ ਹਾ ਅਬ ਤੇਈ ਬਨੇ ਜਗ ਭੀਤਰ ਮਾਰੇ।੧੪੩।**

ਮਨੋਰਥ=ਮਨ ਦੀ ਇੱਛਾ। ਵਿਭੂ=ਵਿਆਪਕ। ਸ੍ਰੁਤਿ ਵੇਦ, ਉਪਨਿਸ਼ਦਾਂ। ਖੰਡ=ਟੁਕੜੇ। ਚਿਦ=ਸਤ ਚਿਤ ਅਨੰਦ ਰੂਪ। ਮ੍ਰਿਤੁ=ਮਰਨ-ਜੰਮਣ। ਹਾ=ਵੱਡਾ ਦੁਖ।

ਵਿਵੇਕ ਰਾਜੇ ਨੇ ਕਿਹਾ–੧. ਹੇ ਇਸਤ੍ਰੀਏ! ਜੇ ਇਹ ਗੱਲ (ਤੈਨੂੰ ਮਨਜ਼ੂਰ) ਹੋ ਗਈ ਹੈ, ਤਦ ਅੱਜ ਮੇਰੇ ਸਾਰੇ ਹੀ ਸੰਕਲਪ ਪੂਰੇ ਹੋ ਜਾਣਗੇ। ੨. ਜੋ ਸਾਰੇ ਜਗਤ ਦਾ ਮੁਢ ਤੇ ਇਕੋ ਵਿਆਪਕ ਪ੍ਰਮਾਤਮਾ ਹੈ, ਜਿਸ ਦੇ ਇਸ ਸਰੂਪ ਨੂੰ ਸਾਰੇ ਵੇਦ ਕਥਨ ਕਰ ਰਹੇ ਹਨ। ੩. ਉਸ ਦੇ ਜਿਨ੍ਹਾਂ ਨੇ ਬਹੁਤੇ ਟੁਕੜੇ ਕਰ ਦਿਤੇ ਹਨ। ੪. ਚੇਤਨ ਈਸ਼ਵਰ ਨੂੰ (ਜਿਸ ਮਨ ਆਦਿਕ ਨੇ) ਮਰਨ-(ਜੰਮਣ) ਦੀ ਪਦਵੀ ਦੇ ਦਿਤੀ ਹੈ। ਹਾਇ ਉਨ੍ਹਾਂ ਨੂੰ ਹੁਣ ਜਗਤ ਵਿਚੋਂ ਮਾਰ ਦੇਣਾ ਹੀ ਬਣਦਾ ਹੈ।੧੪੩।

**ਕਬਿੱਤ–੧. ਬ੍ਰਹਮ ਕੇ ਜੋ ਭੇਦਕ ਹੈਂ ਖੇਦਕ ਅਨੇਕ ਬਿਧਿ,**
**ਪ੍ਰਾਨ ਅੰਤ ਪ੍ਰਾਸਚਿਤ ਤਾਂਹਿ ਕਰਵਾਈਏ ॥**
**੨. ਵਿਦਿਆ ਸਵਰੂਪ ਪ੍ਰਾਸਚਿਤ ਜੋ ਅਨੂਪ ਹੋਇ,**
**ਜੀਵ ਬ੍ਰਹਮ ਏਕਤਾ ਸੁ ਤਬੀ ਮੋਖ ਗਾਈਏ ॥**
**੩. ਕਾਰਯ ਕੇ ਸਿੱਧ ਹਿਤ ਸ਼ਾਂਤਿ ਔ ਦਮਾਦਿ ਜੇਈ,**
**ਤਾਂਹਿ ਤਾਂਹਿ ਤੀਰਥ ਮੈ ਬੇਗ ਸੁ ਬਠਾਈਏ ॥**
**੪. ਐਸੇ ਮਤਿ ਮਾਨ ਮਤਿ ਪਤਿ ਤੋ ਬਖਾਨ ਕਰਿ,**
**ਗਏ ਭੌਨ ਓਰ ਪਿਖ ਜਾਹਿ ਸੁਖ ਪਾਈਏ ॥੧੪੪॥**

ਭੇਦਕ=ਟੁਕੜੇ ਕਰਨ ਵਾਲੇ। ਖੇਦਕ=ਦੁਖ ਦਾਤੇ। ਪ੍ਰਾਸਚਿਤ=ਪਾਪਾਂ ਦੀ ਨਵਿਰਤੀ ਵਾਸਤੇ ਕੀਤਾ ਗਿਆ ਕਰਮ। ਮਤਿ ਮਾਨ=ਬੁਧੀਵਾਨ। ਮਤਿ ਪਤਿ=ਬੁਧੀ ਦੇ ਸਵਾਮੀ ਵਿਵੇਕ।

੧. ਜਿਨ੍ਹਾਂ ਨੇ ਸਰੀਰ ਦੀ ਉਪਾਧੀ ਭੇਦ ਕਰਕੇ, ਬ੍ਰਹਮ ਦਾ ਭੇਦ ਅਨੇਕ ਤਰ੍ਹਾਂ ਦਾ ਕਲਪਿਤ ਰੂਪ ਪ੍ਰਗਟ ਕੀਤਾ ਹੈ, ਉਹ ਅਨੇਕ ਤਰ੍ਹਾਂ ਦਾ ਦੁਖ ਦੇਣ ਵਾਲੇ ਹਨ, ਉਹਨਾਂ ਦੇ ਪ੍ਰਾਣਾਂ ਦਾ ਅੰਤ ਕਰ ਦੇਣਾ ਹੀ ਉਹਨਾਂ ਦੇ ਕੀਤੇ ਪਾਪ ਦਾ ਪ੍ਰਾਸਚਿਤ ਕਰਾਉਣਾ ਚਾਹੀਦਾ ਹੈ ਅਰਥਾਤ ਜੋ ਉਹਨਾਂ ਨੇ ਬ੍ਰਹਮ ਦੇ ਸਰੂਪ ਨੂੰ ਖੰਡ ਖੰਡ ਕਰ ਦਿਤਾ ਹੈ,ਇਸ ਪਾਪ ਦਾ ਪ੍ਰਾਸਚਿਤ ਇਹ ਕਰਾਉਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਮਾਰਕੇ ਨਾਸ ਕਰ ਦਿਤਾ ਜਾਵੇ।

੨. ਜੋ ਬ੍ਰਹਮ ਵਿਦਿਆ ਦੇ ਸਰੂਪ ਦਾ ਜਾਣ ਲੈਣਾ ਹੈ ਇਹ ਮਹਾਂ ਸੁੰਦਰ ਪ੍ਰਾਸਚਿਤ ਹੋਵੇਗਾ ਕਿਉਂਕਿ ਜਦ ਉਸ ਬ੍ਰਹਮ ਨਾਲ ਜੀਵ ਦੀ ਏਕਤਾ ਹੋ ਜਾਵੇਗੀ ਤਦੋਂ ਹੀ ਮੁਕਤਿ (ਪ੍ਰਾਪਤ ਹੋ ਜਾਣੀ) ਕਹੀ ਜਾਵੇਗੀ।

੩. ਇਸ ਕਾਰਜ ਦੇ ਸਿਧ ਕਰਨ ਵਾਸਤੇ ਸ਼ਾਂਤੀ ਅਤੇ ਜਿਹੜੇ (ਸਮ) ਦਮ ਆਦਿਕ ਹਨ, ਉਹਨਾਂ ਤੀਰਥਾਂ ਵਿਚ ਉਹਨਾਂ ਨੂੰ ਛੇਤੀ ਭੇਜ ਦੇਣਾ ਚਾਹੀਦਾ ਹੈ (ਜਿਥੇ ਜਿਥੇ ਜਿਸ ਜਿਸ ਸਾਧਨ ਦਾ ਹੋਣਾ ਜ਼ਰੂਰੀ ਚਾਹੀਦਾ ਹੈ)।

੪. ਬੁਧਿਵਾਨ ਵਿਵੇਕ ਇਸ ਤਰ੍ਹਾਂ ਦਾ ਕਥਨ (ਅਤੇ ਇਸ ਦੇ ਮੁਤਾਬਿਕ ਹੀ ਕਰਤੱਬ) ਕਰਕੇ ਘਰ ਵਲ ਚਲੇ ਗਏ, ਜਿਨ੍ਹਾਂ ਨੂੰ ਵੇਖ ਕੇ ਸੁਖ ਪਾਈਦਾ ਹੈ।੧੪੪।

## ਸਵੈਯਾ ॥

**੧. ਮਤਿ ਸੰਗ ਵਿਵੇਕ ਵਿਚਾਰ ਕੀਯੋ ਜਗ ਭੀਤਰ ਜੋ ਜਨ ਕੋ ਸੁਖਦਾਈ॥**
**੨. ਜਿਹ ਸੋਂ ਸਭ ਜੀਵ ਕੀ ਬੰਧ ਮਿਟੇ ਪਰਮਾਤਮ ਸੰਗ ਸੁ ਬੇਗ ਮਿਲਾਈ॥**
**੩. ਤਪਸਾ ਤਟ ਤੀਰਥ ਜੋਗ ਭਜੇ ਉਪਜੇ ਸੁਤ ਬੋਧ ਬਡੋ ਜਸ ਦਾਈ॥**
**੪. ਕਵਿ ਸਿੰਘ ਗੁਲਾਬ ਸੁ ਏਹੁ ਕਥਾ ਪ੍ਰਥਮੇ ਯਹ ਅੰਕ ਨਿਰੰਤਰ ਗਾਈ।੧੪੫।**

੧. ਬੁਧੀ ਦੇ ਨਾਲ ਵਿਵੇਕ ਨੇ ਉਹ ਵਿਚਾਰ ਕੀਤਾ ਹੈ, ਜੋ ਜਗਤ ਵਿਚ ਜੀਵਾਂ ਨੂੰ ਸੁਖ ਦੇਣ ਵਾਲਾ ਹੈ। ੨. ਜਿਸ ਕਰਕੇ ਸਾਰੇ ਜੀਵਾਂ ਦੇ ਬੰਧਨ ਮਿਟ ਜਾਣਗੇ ਅਤੇ ਉਹਨਾਂ ਦਾ ਪ੍ਰਮਾਤਮਾ ਨਾਲ ਛੇਤੀ ਹੀ ਮੇਲ ਹੋ ਜਾਵੇਗਾ। ੩. ਤੀਰਥਾਂ ਦੇ ਕੰਢਿਆਂ ਉਤੇ ਜਾ ਕੇ (ਸ਼ਾਂਤੀ ਤੇ ਸਮ ਦਮ ਆਦਿਕ ਵਿਵੇਕ ਦਾ ਹੁਕਮ ਮੰਨ ਕੇ)ਤਪ ਤੇ ਜੋਗ ਕਰਦੇ ਹਨ, (ਜਿਸ ਕਰਕੇ) ਵਡਾ ਜਸ ਦੇਣ ਵਾਲਾ 'ਪ੍ਰਬੋਧ' ਪੁਤਰ ਪੈਦਾ ਹੋ ਜਾਵੇ। ੪. ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਨੇ ਇਸ ਪਹਿਲੇ ਅਧਿਆਇ ਵਿਚ ਏਨੀ ਕਥਾ ਇਕ-ਸਾਰ ਕਹਿ ਸੁਣਾਈ ਹੈ।੧੪੫।

**ਦੋਹਰਾ—ਗੁਲਾਬ ਸਿੰਘ ਮਤਿ ਪਤਿ ਮਤੋ ਜਾਨਿ ਮੋਹ ਭੂਪਾਲ॥**
**ਦੰਭ ਕਲਾਦਿਕ ਪਠੈਗੋ, ਤੀਰਥ ਹਨਨ ਬਿਸਾਲ॥੧੪੬॥**

ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਮੋਹ ਰਾਜਾ ਵਿਵੇਕ (ਰਾਜੇ ਦੀ) ਸਲਾਹ ਨੂੰ ਜਾਣ ਕਰਕੇ, ਵਡੇ ਵਡੇ ਤੀਰਥਾਂ ਨੂੰ ਨਸ਼ਟ-ਭ੍ਰਸ਼ਟ ਕਰਨ ਵਾਸਤੇ, ਦੰਭ ਤੇ ਕਲਜੁਗ ਆਦਿਕਾਂ ਨੂੰ ਉਨ੍ਹਾਂ ਉਨ੍ਹਾਂ ਤੀਰਥਾਂ ਉਤੇ ਭੇਜ ਦੇਵੇਗਾ (ਅਗਲੇ ਦੂਜੇ ਅਧਿਆਇ ਵਿਚ ਇਸ ਕਥਾ ਦਾ ਵਰਣਨ ਕੀਤਾ ਜਾਏਗਾ)।੧੪੬।

ਇਤਿ ਸ੍ਰੀ ਮਾਨ ਮਾਨ ਸਿੰਘ ਚਰਣ ਸਿਖਤ ਗੁਲਾਬ ਸਿੰਘ ਵਿਰਚਤੇ
ਪ੍ਰਬੋਧ ਚੰਦਰੋਦਯ ਨਾਟਕੇ ਪ੍ਰਿਥਮੋ ਅੰਕ ਸਮਾਪਤ:॥ ੧ ॥

ਦੋਹਰਾ—ਕਾਮ ਬਬੇਕ ਸੰਬਾਦ ਪੁਨ ਪ੍ਰਿਥਮ ਸੁ ਅੰਕ ਮਝਾਰ॥
ਜਲ-ਨਿਕੇਤ-ਹਰਿ ਅਨੁਜ ਭ੍ਰਿਤ, ਕੀਨੋ ਤਿਲਕ ਸੁਧਾਰ॥ ੧ ॥

Sri Satguru Jagjit Singh Ji Elibrary NamdhariElibrary@gmail.com

੧ ੴ ਸਤਿਗੁਰ ਪ੍ਰਸਾਦਿ ॥

----

# ਅਬ ਦੁਤੀਯਾ ਅੰਕ ਅਰੰਭ

ਦੋਹਰਾ-ਗੁਰ ਅੰਗਦ ਪਦ ਕੋਕਨਟ, ਨਯਾਇ ਧਯਾਇ ਅਘ ਜਾਇ ॥
ਦੁਤੀਯਾ ਅੰਕ ਟੀਕਾ ਲਿਖੇ, ਜਲ-ਨਿਕੇਤ ਹਰਿ ਭਾਇ ॥ ੧ ॥

----

**ਦੋਹਰਾ-੧. ਅਸੁਰ ਬਿਦਾਰੇ ਜਾਹਿ ਜਗ, ਦੇਵਨ ਕੀਯੋ ਉਧਾਰ ॥**
**੨. ਤਾਂ ਰਘੁਨਾਥ ਕੇ ਵਿਮਲ ਪਦ, ਬੰਦੋ ਬਾਰੰ ਬਾਰ ॥ ੧ ॥**

੧. ਜਿਸ ਨੇ ਜਗਤ ਵਿਚੋਂ ਦੈਂਤਾਂ ਦਾ ਨਾਸ ਕਰਕੇ ਦੇਵਤਿਆਂ ਦੀ ਸਹਾਇਤਾ ਕੀਤੀ ਹੈ। ੨. ਉਸ ਸ੍ਰੀ ਰਾਮ ਜੀ ਦੇ ਨਿਰਮਲ ਚਰਨਾਂ (ਉਤੇ ਮੈਂ) ਮੁੜ ਮੁੜ ਕੇ ਬੰਦਨਾ ਕਰਦਾ ਹਾਂ ॥ ੧ ॥

**ਸਵੈਯਾ ॥**

**੧. ਤਬ ਦੰਭ ਕੋ ਸ੍ਵਾਂਗ ਬਨਯੋ ਅਤਿ ਸੁੰਦਰ ਜਾਹਿੰ ਪਿਖੇ ਜਗ ਸੀਸ ਨਿਵਾਏ ॥**
**੨. ਕਰ ਸੈਨਨ ਹੀ ਸਮਝਾਵਤ ਹੈ ਸਭ ਪੇਖਤ ਰਾਜ ਸਭਾ ਮਹਿ ਆਏ ॥**
**੩. ਮੁਖ ਏਹੁ ਕਹੀ ਮਹਾਂ ਮੋਹ ਬਲੀ ਸਿਰ ਹਾਥ ਧਰੇ ਜਗ ਮਾਹਿ ਪਠਾਏ ॥**
**੪. ਸੁਤ ਦੰਭ ਅਮਾਤਨ ਸੰਗ ਵਿਚਾਰ ਵਿਵੇਕ ਕੀਓ ਵਹੁ ਹੋਨ ਨਾ ਪਾਏ ॥ ੨ ॥**

ਦੰਭ=ਜੋ ਆਪਣੇ ਆਪ ਨੂੰ ਮਹਾਤਮਾ ਸਿਧ ਕਰਨ ਵਾਸਤੇ, ਲੋਕਾਂ ਕੋਲ ਆਪ ਨੂੰ ਅਤਿਅੰਤ ਹੀ ਧਰਮਾਤਮਪੁਣੇ ਵਾਲਾ ਪ੍ਰਸਿਧ ਕਰਨਾ ਹੈ,ਉਸ ਅਵਸਥਾ ਦਾ ਨਾਮ 'ਦੰਭ' ਹੈ। ਸੈਨਨ=ਸੈਨਤਾਂ। ਮਹਾਂ ਮੋਹ=ਵਿਸ਼ਿਆਂ ਵਿਚ ਜੋ ਅਤਿਅੰਤ ਆਸਕਤਿ ਦਾ ਹੇਤੂ ਜੋ ਅਹੰ-ਮਮ ਅਭਿਮਾਨ ਹੈ, ਉਸ ਦਾ ਨਾਮ 'ਮਹਾਂ ਮੋਹ' ਹੈ। ਅਮਾਤਨ=ਵਜ਼ੀਰਾਂ।

ਪਹਿਲੀਆਂ ਦੋਹਾਂ ਤੁਕਾਂ ਦਾ ਅਨੇ ਅਰਥ ਹੈ-

(ਜਦ ਮਤੀ ਵਿਵੇਕ ਸਭਾ ਵਿਚੋਂ ਚਲੇ ਗਏ) ੧. ਤਦ ਜੋ ਵਡਾ ਸੁੰਦਰ ਦੰਭ ਦਾ ਸਾਂਗ ਬਣਿਆ ਹੋਯਾ ਸੀ ਸਾਰਿਆਂ ਦੇ ਵੇਖਦਿਆਂ (ਹੀ ਉਹ) ਰਾਜੇ (ਕੀਰਤ ਵਰਮਾ) ਦੀ ਸਭਾ ਵਿਚ ਆ ਗਿਆ। ਜਿਸ ਨੂੰ ਵੇਖਦਿਆਂ ਜਗਤ ਦੇ ਲੋਕ ਮਥੇ ਟੇਕਣ ਲਗ ਪਏ ਅਤੇ ਉਹ ਸਭ ਨੂੰ ਹਥ ਦੀ ਸੈਨਤ ਨਾਲ ਸਮਝਾਉਂਦਾ ਹੈ, (ਫਿਰ ਸਭਾ ਵਿਚ ਜਾਂਦਿਆਂ ਉਸ ਨੇ) ਮੂੰਹੋਂ ਇਹ ਗੱਲ ਕਹੀ,'ਮਹਾਂ ਮੋਹ' ਬਲੀ (ਨੇ ਮੇਰੇ) ਸਿਰ ਤੇ ਹਥ ਧਰ ਕੇ ਮੈਨੂੰ ਜਗਤ ਵਿਚ ਭੇਜਿਆ ਹੈ ਅਤੇ ਮੈਨੂੰ ਕਿਹਾ ਹੈ-ਹੇ ਪੁਤਰ ਦੰਭ ! ਆਪਣੇ ਵਜ਼ੀਰਾਂ ਨਾਲ (ਜਿਹੜੀ)ਵਿਚਾਰ ਵਿਵੇਕ ਨੇ ਕੀਤੀ ਹੈ, (ਤੂੰ ਜਾ ਕੇ ਅਜਿਹਾ ਯਤਨ ਕਰ, ਜੋ ਉਸ ਦੀ ਵਿਚਾਰ ਪੂਰੀ) ਨਾ ਹੋ ਸਕੇ ॥ ੨ ॥

ਨੋਟ-ਜਦ ਮੈਨੂੰ ਮਹਾਂ ਮੋਹ ਰਾਜੇ ਨੇ ਇਹ ਆਗਿਆ ਦਿਤੀ, ਤਦ ਮੈਂ ਇਹ ਅਰਜ਼ ਕੀਤੀ ਕਿ ਵਿਵੇਕ ਨੇ ਵਿਚਾਰ ਕੀਤੀ ਹੈ। ਉਹਨਾਂ ਨੇ ਉੱਤਰ ਦਿਤਾ ਹੈ-

Sri Satguru Jagjit Singh Ji Elibrary NamdhariElibrary@gmail.com

ਮਹਾਂ ਮੋਹ ਉਵਾਚ ॥

**ਸਵੈਯਾ ॥**

**੧. ਏਹ ਬਿਬੇਕ ਵਿਚਾਰ ਕੀਓ ਸੁ ਪ੍ਰਬੋਧ ਬਲੀ ਸੁਤ ਲੇਹੁ ਉਪਾਏ॥**
**੨. ਤਾਂਹਿ ਨਮਿਤ ਸੁ ਤੀਰਥ ਮੈ ਸਮ ਔ ਦਮ ਆਪਿ ਵਿਵੇਕ ਪਠਾਏ॥**
**੩. ਹੈ ਹਮਰੇ ਕੁਲ ਨਾਸ ਨਮਿਤ ਇਹੈ ਜਗ ਮਾਂਹਿ ਬਿਰੰਚ ਬਨਾਏ॥**
**੪. ਤੁਮ ਹੋਇ ਸੁਚੇਤ ਉਪਾਇ ਕਰੋ, ਜਿਹ ਤੇ ਇਹ ਨਾਸ ਨਮਿਤ ਮਿਟਾਏ॥੩॥**

(ਮਹਾਂ ਮੋਹ ਨੇ ਉੱਤਰ ਦਿਤਾ–ਹੇ ਦੰਭ !) ਵਿਵੇਕ ਨੇ ਵਜ਼ੀਰਾਂ ਨਾਲ ਇਹ ਵਿਚਾਰ ਕੀਤੀ ਹੈ ਕਿ 'ਪ੍ਰਬੋਧ' (ਨਾਮ ਵਾਲੇ) ਬਲੀ ਪੁਤਰ ਨੂੰ ਪੈਦਾ ਕਰ ਲਵਾਂ। ੨. ਉਸ ਦੇ ਵਾਸਤੇ ਉਤਮ ਤੀਰਥਾਂ ਵਿਚ ਸਮ ਅਤੇ ਦਮ ਆਦਿਕਾਂ ਨੂੰ ਵਿਵੇਕ ਨੇ ਭੇਜਿਆ ਹੈ। ੩. ਸਾਡੀ ਕੁਲ ਦੇ ਨਾਸ ਦਾ ਨਮਿਤ (ਬਹਾਨਾ) ਬ੍ਰਹਮਾ ਨੇ ਜਗਤ ਵਿਚ ਇਹ 'ਪ੍ਰਬੋਧ' ਹੀ ਬਣਾਇਆ ਹੈ। ੪. ਤੂੰ ਖਬਰਦਾਰ ਹੋ ਕੇ ਯਤਨ ਕਰ, ਜਿਸ ਕਰਕੇ ਸਾਡੀ ਕੁਲ ਦੇ ਨਾਸ ਕਰਨ ਦਾ ਬਹਾਨਾ ਹੀ ਮਿਟ ਜਾਵੇ (ਅਰਥਾਤ 'ਹੀਲੇ ਰਿਜ਼ਕ ਤੇ ਬਹਾਨੇ ਮੌਤ' ਹੁੰਦੀ ਹੈ। ਪ੍ਰਬੋਧ ਦਾ ਪੈਦਾ ਹੋਣਾ ਹੀ ਸਾਡੇ ਨਾਸ ਹੋਣ ਦਾ ਬਹਾਨਾ ਹੈ। ਜੇ ਬਹਾਨਾ ਹੀ ਨਾ ਬਣੇ ਤਾਂ ਸਾਡੀ ਮੌਤ ਨਹੀਂ ਹੋਵ ਗੀ, ਇਸ ਲਈ ਤੂੰ ਪ੍ਰਬੋਧ ਨੂੰ ਪੈਦਾ ਨਾ ਹੋਣ ਦੇਵੀਂ) ॥ ੩ ॥

**ਸਵੈਯਾ ॥**

**੧. ਤਿਨ ਤੀਰਥ ਮਾਂਹਿ ਬਨਾਰਸ ਜੋ, ਵਹੁ ਮੋਖ ਨਮਿਤ ਬਿਰੰਚਿ ਬਨਾਈ॥**
**੨. ਸ਼ਿਵ ਕੀ ਨਗਰੀ ਸੁਤ ਦੰਭ ਵਰੋ, ਸੋ ਕਰੋ ਤੁਮ ਜਾਇ ਕੈ ਇਹੁ ਉਪਾਈ॥**
**੩. ਚਹੁ ਆਸ਼੍ਰਮ ਕੀ ਕਲਿਆਣ ਮਿਟੇ, ਜਿਹ ਤੇ ਨਹਿੰ ਮੋਖ ਸੁ ਹੋਵਨ ਪਾਈ॥**
**੪. ਵਸ ਮੋਹਿ ਬਨਾਰਸ ਏਹੁ ਕਹੀ,ਸਭ ਸੁਵਾਮਿ ਕਹਿਯੋ ਸੁ ਕਰਿਓ ਮਮਆਈ॥੪॥**

ਬਨਾਰਸ=ਕਾਸ਼ੀ। ਬਿਰੰਚਿ=ਬ੍ਰਹਮਾ ਨੇ। ਸ਼ਿਵ ਕੀ ਨਗਰੀ=ਕਾਸ਼ੀ। ਕਲਿਆਣ=ਮੁਕਤੀ।
ਚਹੁ ਆਸ਼੍ਰਮ=ਚਾਰ ਆਸ਼ਰਮ—ਬ੍ਰਹਮਚਰਜ, ਗ੍ਰਹਸਤ, ਬਾਨ ਪ੍ਰਸਤ ਤੇ ਸੰਨਿਆਸ।

੧. ਉਨ੍ਹਾਂ (ਸਾਰੇ) ਤੀਰਥਾਂ ਵਿਚੋਂ ਜੋ ਕਾਸ਼ੀ ਹੈ, ਉਹ ਮੁਕਤੀ ਵਾਸਤੇ ਹੀ ਬ੍ਰਹਮਾ ਨੇ ਬਣਾਈ। ੨. ਹੇ ਪੁਤਰ ਦੰਭ! (ਤੂੰ ਉਸੇ) ਕਾਸ਼ੀ ਵਿਚ ਜਾ ਕੇ ਵਾਸ ਕਰ ਅਤੇ ਓਥੇ ਜਾ ਕੇ ਤੂੰ ਇਹ ਉਪਾਓ ਕਰ। ੩. ਜਿਸ ਕਰਕੇ ਚੌਹਾਂ ਆਸ਼ਰਮਾਂ ਦੀ ਕਲਿਆਣ (ਹੋਣੀ) ਮਿਟ ਜਾਵੇ ਅਤੇ ਹੋਰ ਕਿਸੇ ਦੀ ਭੀ ਮੁਕਤੀ ਹੋਣੀ ਨਾ ਪਾਵੇ। ੪. ਮੈਨੂੰ ਇਹੋ ਗੱਲ ਕਹੀ ਸੀ ਕਿ ਕਾਸ਼ੀ ਵਿਚ ਵਸ, (ਜੋ ਕੁਝ ਮੈਨੂੰ) ਸਵਾਮੀ ਨੇ ਕਿਹਾ ਸੀ, ਉਹ ਸਭ ਕੁਝ ਮੈਂ ਇਥੇ ਆ ਕੇ ਕਰ ਦਿਤਾ ਹੈ ॥ ੪ ॥

ਦੰਭ ਦੀ ਇਹ ਗੱਲ ਸੁਣ ਕੇ ਕਿਸੇ ਨੇ ਪੁਛਿਆ–ਤੂੰ ਇਥੇ ਆ ਕੇ ਕੀ ਕੀਤਾ ਹੈ ?)

ਦੰਭ ਉਵਾਚ ॥

**ਦੋਹਰਾ–੧. ਜਹਾਂ ਨਿਵਾਸ ਸੁ ਮੈਂ ਕਰੌਂ, ਸੁਨੋ ਤਿਨ੍ਹੋਂ ਕੀ ਗਾਥ॥**
**੨. ਮਨਮਥ ਕੇ ਉਤਸਵ ਭਜੇਂ, ਲੋਕ ਨਿਵਾਵੇਂ ਮਾਥ॥ ੫॥**

ਮਨਮਥ=ਕਾਮਦੇਵ।

ਦੰਭ ਨੇ ਉਤਰ ਦਿਤਾ–੧. ਜਿਨ੍ਹਾਂ ਦੇ (ਹਿਰਦੇ ਵਿਚ) ਮੈਂ ਨਿਵਾਸ ਕਰਦਾ ਹਾਂ, ਉਨ੍ਹਾਂ ਦੀ ਕਥਾ ਸੁਣੋ।

੨. (ਉਹ ਪੁਰਸ਼ ਰਾਤ ਦੇ ਸਮੇਂ ਕੰਜਰੀ ਜਾਂ ਪਰ ਇਸਤ੍ਰੀ ਨਾਲ) ਕਾਮ ਦੇ ਕਲੋਲ ਕਰਦੇ ਹਨ (ਅਤੇ ਦਿਨੇ ਉਠਕੇ ਅਜਿਹੇ ਮਹਾਤਮਾ ਬਣ ਬੈਠਦੇ ਹਨ, ਕਿ ਸਾਰੇ) ਲੋਕ (ਸ਼ਰਧਾ ਭਗਤੀ ਨਾਲ) ਮਥਾ ਟੇਕਦੇ ਹਨ ।੫।

**ਕਬਿੱਤ-੧. ਵਾਰ ਵਧੂ ਭੌਨ ਨਿਸ ਬਾਸ ਮਦ ਪਾਨ ਹਾਸ,**
**ਕਾਮ ਕੇ ਕਲੋਲਨਿ ਮੈਂ ਜਾਮਨੀ ਬਿਤਾਇ ਹੈਂ ॥**
**੨. ਚਾਂਦਨੀ ਸੁ ਰਾਤ ਮਨਮਥ ਕੇ ਹੁਲਾਸ ਭਏ,**
**ਨਾਰਿਨ ਕੇ ਸੰਗ ਸੁ ਅਨੰਗ ਸੁਖ ਪਾਇ ਹੈਂ ॥**
**੩. ਨ੍ਹਾਇ ਪ੍ਰਾਤਾਕਾਲ ਮਲੇ ਅੱਛਤ ਲਗਾਏ ਭਾਲ,**
**ਧੂਰਤ ਸੁ ਬਡੇ ਸਭ ਲੋਗਨ ਰਿਝਾਇ ਹੈਂ ॥**
**੪. ਦੀਖਤ ਸਰਬਗਯ ਪੁਨ ਤਾਪਸੀ ਬ੍ਰਹਮਗਯ ਯਹ,**
**ਹਵਯ ਬਾਹ ਹੋਮ ਹਮ ਕਦੀ ਨ ਚੁਕਾਇ ਹੈਂ ॥੬॥**

ਵਾਰ ਵਧੂ=ਵੇਸਵਾ । ਮਦ ਪਾਨ=ਸ਼ਰਾਬ ਪੀਣੀ । ਜਾਮਿਨੀ=ਰਾਤ । ਮਨਮਥ=ਕਾਮ । ਅਨੰਗ=ਕਾਮ । ਮਲੇ=ਰਗੜ ਕੇ । ਅਛਤ=ਚੋਲ । ਭਾਲ=ਮੱਥਾ । ਧੂਰਤ=ਠਗ (ਜਾਂ) ਮਹਾਂ ਪਾਪੀ । ਦੀਖਤ=ਦਿਸਦੇ ਹਨ, (੨) ਸਿਖਿਆ ਦਾਤੇ । ਬ੍ਰਹਮਗਯ=ਬ੍ਰਹਮ ਗਯਾਤੇ । ਹਵਯ=ਹਵਨ ਸਾਮਗਰੀ । ਵਾਹ=ਵੈਨ੍ਹਿ, ਅਗਨੀ ।

੧. ਰਾਤ ਦੇ ਸਮੇਂ ਕੰਜਰੀ ਦੇ ਘਰ ਵਿਚ ਰਹਿ ਕੇ, ਸ਼ਰਾਬ ਪੀ ਕੇ (ਤੇ ਕੰਜਰੀ) ਨਾਲ ਹਾਸ-ਬਿਲਾਸ ਕਰਦਾ ਹੋਇਆ ਕਾਮ ਦੇ ਕਲੋਲਾਂ ਵਿਚ ਹੀ ਸਾਰੀ ਰਾਤ ਬਿਤਾਉਂਦਾ ਹੈ । ੨. ਚਾਂਦਨੀ ਰਾਤ ਵਿਚ ਕਾਮ ਦਾ ਬੇਗ ਹੁੰਦਿਆਂ (ਹੀ ਪਰ) ਇਸਤ੍ਰੀਆਂ ਨਾਲ ਮਿਲ ਕੇ ਕਾਮ ਭੋਗ ਦੇ ਸੁਖਾਂ ਨੂੰ ਪਾਂਦਾ ਹੈ । ੩. ਪ੍ਰਾਤਾਕਾਲ ਅਰਥਾਤ ਸਵੇਰ ਹੁੰਦਿਆਂ ਹੀ ਸਭ ਤੋਂ ਪਹਿਲੇ ਨ੍ਹਾ ਲੈਂਦਾ ਹੈ (ਅਤੇ ਫੇਰ ਚੰਦਨ) ਰਗੜ ਕੇ ਮਥੇ ਉਤੇ ਲਗਾ ਕੇ (ਉਤੇ) ਚਾਵਲ ਲਾ ਬੈਠਦਾ ਹੈ, ਇਸ ਤਰ੍ਹਾਂ ਨਾਲ ਉਹ ਵਡਾ ਠਗ ਸਾਰੇ ਲੋਕਾਂ ਨੂੰ ਖੁਸ਼ ਕਰ ਲੈਂਦਾ ਹੈ । ੪. ਇਹੋ ਦਿਸਦਾ ਹੈ (ਕਿ ਇਹੋ ਹੀ) ਸਿਖਿਆ ਦਾਤਾ ਹੈ, ਸਾਰੇ ਸਮਿਆਂ ਦੇ ਸਾਰੇ ਹਾਲਾਂ ਨੂੰ ਜਾਨਣ ਵਾਲਾ ਹੈ, ਵਡਾ ਤਪਸੀ ਤੇ ਬ੍ਰਹਮ ਗਿਆਨੀ ਹੈ ਅਤੇ ਮੂੰਹੋਂ ਕਹਿੰਦਾ ਹੈ, ਜੋ ਹਵਨ ਸਾਮਗ੍ਰੀ ਤੇ ਅਗਨਿ [ਸਾਡੇ ਕੋਲ ਹਰ ਵੇਲੇ ਮੌਜੂਦ ਰਹਿੰਦੀ ਹੈ, ਹਰ ਵੇਲੇ] ਹੋਮ ਹੁੰਦਾ ਰਹਿੰਦਾ ਹੈ, ਜਦ ਤੋਂ ਸੁਰਤ ਸੰਭਾਲੀ ਹੈ, ਅਜ ਤਕ ਅਸਾਂ ਕਦੇ ਹੋਮ ਚੁਕਾਈ ਨਹੀਂ ਕੀਤੀ, [ਹਰ ਰੋਜ਼ ਬਿਲਾ-ਨਾਗਾ ਹੋਮ ਹੁੰਦਾ ਰਹਿੰਦਾ ਹੈ] ॥ ੬ ॥

**ਦੋਹਰਾ-੧. ਯੌਂ ਦਿਨ ਮੈਂ ਵੰਚਤ ਜਗਤ, ਨਿਸ ਮੈਂ ਰਸਕ ਰਸਾਲ ॥**
**੨. ਮਹਾਂ ਮੋਹ ਭੂਪਾਲ ਕੋ, ਮੈਂ ਕ੍ਰਿਤ ਕੀਨ ਬਿਸਾਲ ॥ ੭ ॥**

ਵੰਚਤ=ਠਗਦਾ ਹੈ । ਰਸਾਲ=ਰਸਾਂ ਦਾ ਘਰ, ਪੂਰਾ ਰਸੀਆ । ਭੂਪਾਲ=ਰਾਜਾ । ਕ੍ਰਿਤ=ਕਾਰਜ ।

੧. ਦਿਨ ਵਿਚ ਇਸ ਤਰ੍ਹਾਂ ਦਾ ਮਹਾਤਮਾ ਰੂਪ ਬਣ ਕੇ ਜਗਤ ਨੂੰ ਠਗਦਾ ਹੈ ਅਤੇ ਰਾਤ ਵਿਚ ਪੂਰਾ ਰਸੀਆ ਹੋ ਕੇ ਵਿਸ਼ੇ ਰਸਾਂ ਨੂੰ ਭੋਗਦਾ ਹੈ । ੨. ਮਹਾਂ ਮੋਹ ਰਾਜੇ ਦਾ ਮੈਂ (ਇਹ) ਬੜਾ ਭਾਰਾ ਕੰਮ ਕੀਤਾ ਹੈ, [ਕਿਉਂਕਿ ਇਸ ਤਰ੍ਹਾਂ ਦੇ ਧੂਰਤ ਮਹਾਤਮਾ ਪਾਸੋਂ ਸਮ-ਦਮ ਹੋ ਨਹੀਂ ਸਕਣਾ, ਜਦ ਅੰਤਹਕਰਣ ਸੁਧ ਹੀ ਨਾ ਹੋਇਆ ਤਾਂ ਗਿਆਨ ਕਿਥੋਂ ਪੈਦਾ ਹੋਣਾ ਹੈ ? ਗਿਆਨ ਦਾ ਨਾ ਹੋਣਾ ਹੀ ਮਹਾਂ ਮੋਹ ਦਾ ਕੰਮ ਹੈ, ਜੋ ਮੈਂ ਪੂਰਾ ਪੂਰਾ ਕਰ ਦਿਤਾ ਹੈ, ਇਸ ਕਰਕੇ ਹੁਣ ਸਾਨੂੰ ਵਿਵੇਕ ਆਦਿਕਾਂ ਦਾ ਕੋਈ ਡਰ ਨਹੀਂ ਹੈ] ॥ ੭ ॥

Sri Satguru Jagjit Singh Ji Elibrary NamdhariElibrary@gmail.com

ਕਵਿ ਉਵਾਚ ॥

ਦੋਹਰਾ—ਧਾਮ ਬਨਾਰਸ ਗੰਗ ਤਟ, ਬੈਠੇ ਦੰਭ ਉਦਾਰ ॥
ਕੋ ਇਕ ਆਵਤ ਦੇਖਿ ਕਰ, ਬੋਲੇ ਬਚਨ ਵਿਚਾਰ ॥ ੮ ॥

ਗ੍ਰੰਥ ਕਰਤਾ ਜੀ ਕਹਿੰਦੇ ਹਨ—'ਕਾਂਸ਼ੀ ਧਾਮ' ਵਿਚ ਗੰਗਾ ਦੇ ਕੰਢੇ (ਉਤੇ) ਵਡੇ ਭਾਰੇ ਦੰਭ (ਜੀ ਜਾ) ਬੈਠੇ। ਕਿਸੇ ਇਕ [ਆਦਮੀ] ਨੂੰ ਆਉਂਦਿਆਂ ਵੇਖ ਕਰਕੇ ਵਿਚਾਰ ਦੇ ਬਚਨ ਕਹਿਣ ਲਗੇ ॥ ੮ ॥

ਦੰਭ ਉਵਾਚ ॥

ਸਵੈਯਾ-੧. ਕੌਨ ਉਲੰਘ ਭਗੀਰਥਿ ਕੋ ਇਤ ਆਵਤ ਹੈ ਸਰਿਤਾ ਤਟ ਮਾਂਹੀ ॥
੨. ਜ੍ਵਾਲ ਮਨੋ ਅਭਿਮਾਨਹ ਕੀ ਜਨ ਤੀਨਹੁੰ ਲੋਕ ਗ੍ਰਸੇ ਮੁਖ ਮਾਂਹੀ ॥
੩. ਵਾਕ ਕਹੇ ਇਹ ਭਾਂਤਿ ਮਨੋ ਸੁ ਦਬਾਵਤ ਹੈ ਸਭ ਕੋ ਜਗ ਮਾਂਹੀ ॥
੪. ਬੁਧਿ ਬਡੀ ਦਮ ਕੇ ਉਰ ਮੈ ਸਭ ਕੋ ਉਪਹਾਸ ਕਰੇ ਮਨ ਮਾਂਹੀ ॥ ੯ ॥

ਭਗੀਰਥਿ=ਗੰਗਾ। ਸਰਿਤਾ=ਨਦੀ। ਤਟ=ਕੰਢਾ। ਉਪਹਾਸ=ਹਾਸੀ, ਠੱਠਾ, ਮਖੌਲ।

੧. ਗੰਗਾ ਨਦੀ ਤੋਂ ਟੱਪ ਕੇ, ਨਦੀ ਦੇ ਕੰਢੇ ਕੰਢੇ ਇਧਰ ਨੂੰ ਕੌਣ ਆ ਰਿਹਾ ਹੈ ? ੨. ਮਲੂਮ ਹੁੰਦਾ ਹੈ, [ਜੋ ਇਹ] ਅੱਗ ਦੀ ਲਾਟ ਹੈ, ਜਿਸ ਨੇ ਤਿੰਨੇ ਲੋਕ ਮੂੰਹ ਵਿਚ ਨਿਗਲੇ ਹੋਏ ਹਨ। ੩. ਮੂੰਹੋਂ ਇਸ ਤਰ੍ਹਾਂ ਦੇ ਬਚਨ ਕਹਿ ਰਿਹਾ ਹੈ, ਜੋ ਸਾਰੇ ਜਗਤ ਉਤੇ ਦਬਾਓ ਪਾ ਰਿਹਾ ਹੈ। ੪. ਇਸ ਦੇ ਹਿਰਦੇ ਵਿਚ ਬੜੀ ਤੀਖਨ ਬੁਧੀ ਚਮਕ ਰਹੀ ਹੈ, ਇਸ ਲਈ ਇਹ ਮਨ ਵਿਚ ਸਭ ਨੂੰ ਮਖੌਲ ਕਰ ਰਿਹਾ ਹੈ ॥ ੯ ॥

ਕਬਿੱਤ—੧. ਰਾਢਾ ਜੋ ਪ੍ਰਸਿੱਧ ਦੇਸ ਦੱਖਣ ਕਲੇਸ਼ ਹਰ,
ਤਿਨ ਹੀ ਤੇ ਆਯੋ ਯਹ ਐਸੋ ਮਨ ਆਇ ਹੈ ॥
੨. ਆਰਯ ਅਹੰਕਾਰ ਸੁ ਹਮਾਰੋ ਤਹਾਂ ਨੀਤ ਬਸੇ,
ਸਮਾਚਾਰ ਲੇਹੁੰ ਕਛੁ ਮੋਹਿ ਕੋ ਸੁਨਾਇ ਹੈ ॥
੩. ਐਸੇ ਮਨ ਦੰਭ ਸੁ ਵਿਚਾਰ ਨੀਕੇ ਕਰੇ ਤਬ,
ਆਯੋ ਸੁ ਹੰਕਾਰ ਚਾਲ ਹੰਸ ਸੀ ਸੁਹਾਇ ਹੈ ॥
੪. ਅਹੋ ਬਹੁ ਮੂਰਖ ਜਗਤ ਯਹ ਛਾਯੋ ਸਭ,
ਐਸੋ ਸੁ ਹੰਕਾਰ ਮੁਖ ਬੈਨਨ ਅਲਾਇ ਹੈ ॥ ੧੦ ॥

ਦੰਭ ਆਪਣੇ ਆਪ ਵਿਚ ਕਹਿਣ ਲਗਾ-੧. ਦੱਖਣ ਦੇਸ ਵਿਚ ਜੋ 'ਰਾਢਾ' [ਨਾਮ ਦਾ] ਮਸ਼ਹੂਰ ਸ਼ਹਿਰ ਹੈ, ਦੁਖਾਂ ਦੇ ਦੂਰ ਕਰਨ ਵਾਲਾ ਹੈ, [ਮੇਰੇ] ਮਨ ਵਿਚ ਇਹ ਆਉਂਦਾ ਹੈ, ਕਿ ਇਹ [ਆਦਮੀ] ਉਥੋਂ ਹੀ ਆਇਆ ਹੈ, [ਇਸ ਕਥਨ ਦਾ ਭਾਵ ਇਹ ਹੈ ਕਿ ਸਥੂਲ ਦੇਹ ਦੱਖਣ ਦੇਸ ਹੈ ਅਤੇ ਅੰਤਹਕਰਣ ਰਾਢਾ ਸ਼ਹਿਰ ਹੈ]। ੨. 'ਅਹੰਕਾਰ' [ਨਾਮ ਵਾਲਾ] ਸਾਡਾ ਜੋ ਬਜ਼ੁਰਗ ਹੈ, ਉਹ ਭੀ ਤਾਂ ਸਦਾ ਉਥੇ ਹੀ ਵੱਸਦਾ ਹੈ, ਉਸ ਦੀ ਕੁਝ ਖਬਰ ਸਾਰ [ਇਸ ਪਾਸੋਂ ਪੁਛ] ਲਵਾਂ, ਇਹ ਜ਼ਰੂਰ ਹੀ ਮੈਨੂੰ ਉਸ ਦਾ ਹਾਲ ਸੁਣਾਵੇਗਾ। ੩. ਦੰਭ (ਆਪਣੇ) ਮਨ ਵਿਚ ਜਦ ਇਸ ਤਰ੍ਹਾਂ ਦੀ ਵਿਚਾਰ ਕਰ ਰਿਹਾ ਸੀ, ਤਦ ਨੂੰ ਹੰਕਾਰ ਉਸ ਦੇ ਕੋਲ

Sri Satguru Jagjit Singh Ji Elibrary NamdhariElibrary@gmail.com

ਆ ਗਿਆ, (ਜਿਸ ਦੀ) ਤੋਰ ਹੰਸ ਵਰਗੀ ਸੋਹਣੀ ਸੀ। ੪. ਉਹ ਹੰਕਾਰ (ਆਉਂਦਿਆਂ ਹੀ) ਮੂੰਹੋਂ ਇਸ ਤਰ੍ਹਾਂ ਦੇ ਬਚਨ ਕਹਿਣ ਲਗ ਪਿਆ-ਕਿ ਬੜੀ ਹੀ ਹੈਰਾਨੀ ਹੈ, ਜੋ 'ਇਹ ਸਾਰਾ ਹੀ ਜਗਤ ਮੂਰਖਾਂ ਨਾਲ ਭਰਿਆ ਹੋਇਆ ਹੈ' ॥ ੧੦ ॥

**ਕਬਿੱਤ-੧. ਭਟ ਪਾਦ ਕੋ ਨਾਂ ਜਾਨਤ ਅਜਾਨ ਲੋਗ,**
**ਨਾਹਿਨ ਪ੍ਰਭਾਕਰ ਕੋ ਮਰਮ ਪਛਾਨਈ॥**
**੨. ਤੌਤਾਂਤਿਕ ਗੰਭੀਰ ਮਤ ਧੀਰ ਨਹੀਂ ਪਾਰ ਲਹੈਂ,**
**ਸਾਲਕ ਕੋ ਤਤ ਗਯਾਨ ਕੋਊ ਨਹੀਂ ਜਾਨਈ॥**
**੩. ਬੇਦ ਬਯਾਸ ਵਾਕ ਪਤਿ ਕਪਲ ਕਣਾਂਦ ਮੱਤ,**
**ਔਰ ਜੋ ਮਹੋਦਧਿ ਕੋ ਮਤ ਕਵਿ ਭਾਨਈ॥**
**੪. ਬ੍ਰਤੀ ਨ ਨਿਹਾਰੇ ਪੁਨ ਬ੍ਰਹਮ ਕੋ ਬਿਚਾਰ ਕਹਾਂ,**
**ਨਾਮ ਨਰ ਪਸ਼ੂ ਸਭ ਐਸੇ ਹਮ ਜਾਨਈ॥ ੧੧ ॥**

੧. ਭਟਪਾਦ (ਮੁਨੀ ਦੇ) ਮੱਤ ਨੂੰ (ਇਹ) ਬੇਸਮਝ ਲੋਕ ਨਹੀਂ ਜਾਣਦੇ ਅਤੇ ਨਾ ਹੀ ਪ੍ਰਭਾਕਰ ਮੁਨੀ ਦੇ ਮੱਤ ਭੇਦ ਨੂੰ ਪਛਾਣਦੇ ਹਨ।

ਪ੍ਰਸ਼ਨ-ਭਟਪਾਤ ਦਾ ਮੱਤ ਕੈਸਾ ਹੈ ?

ਉੱਤਰ-ਮੀਮਾਂਸਕ ਭਟਪਾਦ ਛੇ ਪ੍ਰਮਾਣ ਮੰਨਦਾ ਹੈ,ਉਹਨਾਂ ਦੇ ਨਾ-ਪ੍ਰਤੱਖਯ ਪ੍ਰਮਾਣ, ਸ਼ਬਦ ਪ੍ਰਮਾਣ, ਅਨੁਮਾਨ ਪ੍ਰਮਾਣ, ਉਪਮਾਨ ਪ੍ਰਮਾਣ, ਅਰਥਾਪਤੀ ਪ੍ਰਮਾਣ ਅਤੇ ਅਨੁਪਲਭਧੀ ਪ੍ਰਮਾਣ ਹਨ, ਪ੍ਰਮਾਣੂਆਂ ਨੂੰ ਸੰਸਾਰ ਦਾ ਉਪਾਦਾਨ ਕਾਰਣ ਅਤੇ ਅਦ੍ਰਿਸ਼ਟਾ ਨੂੰ ਨਮਿੱਤ ਕਾਰਣ ਮੰਨਦਾ ਹੈ, ਆਤਮਾਂ ਨੂੰ ਜੜ੍ਹ ਚੇਤਨ ਮੰਨਦਾ ਹੈ ਜਿਵੇਂ ਟਿਟਾਣੇ ਦਾ ਅਧਾ ਸਰੀਰ ਚਮਕਦਾਰ ਹੁੰਦਾ ਹੈ, ਇਸੇ ਤਰ੍ਹਾਂ ਆਤਮਾ ਜੜ੍ਹ ਤੇ ਚੇਤਨ ਦੋਵੇਂ ਰੂਪ ਹੈ। ਕਰਮਾਂ ਕਰਕੇ ਮੋਖ ਹੁੰਦੀ ਹੈ।

ਪ੍ਰਸ਼ਨ-ਪ੍ਰਭਾਕਰ ਮੁਨੀ ਦਾ ਮੱਤ ਕੈਸਾ ਹੈ ?

ਉੱਤਰ-ਪੂਰਬ ਮੀਮਾਸਾ ਦਾ ਇਕ ਦੇਸੀ ਪ੍ਰਭਾਕਰ ਮੁਨੀ ਪ੍ਰਪੰਚ ਦਾ ਉਪਾਦਾਨ ਕਰਨ ਪ੍ਰਮਾਣੂਆਂ ਨੂੰ ਮੰਨਦਾ ਹੈ ਅਤੇ ਨਮਿਤ ਕਾਰਣ ਅਦ੍ਰਿਸ਼ਟਾ ਨੂੰ ਮੰਨਦਾ ਹੈ, ਆਤਮਾ ਸਰੀਰ ਆਦਿਕਾਂ ਤੋਂ ਵਖਰਾ ਗਿਆਨ ਗੁਣ ਵਸਿਸਟ ਹੋਇਆ ਚੇਤਨ ਮੰਨਦਾ ਹੈ। ਮੁਕਤੀ ਇਹ ਭੀ ਕਰਮਾਂ ਤੋਂ ਮੰਨਦਾ ਹੈ।

੨. ਤੌਤਾਤ੍ਰਿਕ ਦਾ ਮੱਤ ਸਮੁੰਦਰ ਵਾਂਗੂ ਗੰਭੀਰ ਹੈ, ਧੀਰਜ (ਵਾਨ ਹੋ ਕੇ ਉਸ ਦਾ) ਅੰਤ ਭੀ ਨਹੀਂ ਜਾਣਿਆਂ ਹੈ ਅਤੇ ਸਾਲਿਕ ਮੁਨੀ ਦੇ 'ਤਤ ਗਿਆਨ' ਨੂੰ ਭੀ ਕੋਊ ਨਹੀਂ ਜਾਣਦਾ।

ਪ੍ਰਸ਼ਨ-ਤੌਤਾਤ੍ਰਿਕ ਦਾ ਮੱਤ ਕੈਸਾ ਹੈ ?

ਉੱਤਰ-ਤੌਤਾਤ੍ਰਿਕ ਦਾ ਨਾਮ 'ਕੋਮਾਰਿਲ' ਭੀ ਕਿਹਾ ਹੈ, ਇਹ ਵਾਸਦੇਵ ਨੂੰ ਜਗਤ ਦਾ ਅਭਿੰਨ ਨਮਿੱਤ ਉਪਾਦਾਨ ਕਾਰਨ ਮੰਨਦਾ ਹੈ, ਵਾਸਦੇਵ ਨੂੰ ਹੀ ਸਾਰੇ ਜਗਤ ਦਾ ਪ੍ਰੇਰਕ ਮੰਨਦਾ ਹੈ, ਉਸ ਵਾਸਦੇਵ ਦਾ ਸਰੂਪ ਮਾਇਆ ਤੋਂ ਰਹਿਤ ਚੇਤਨ ਸਰੂਪ ਤੇ ਚਤਰ ਮੂਰਤੀ ਹੈ।ਵਾਸਦੇਵ,ਸੰਕ ਰਖਣ ਪ੍ਰਦੁਮਨ ਤੇ ਅਨੁਰੁਧ ਇਹ ਚਤਰ ਮੂਰਤੀ ਵਾਸਦੇਵ ਦੀਆਂ ਹਨ, ਪਰ ਇਸ ਵਿਚ ਇਤਨਾ ਭੇਦ ਹੈ ਕਿ ਵਾਸਦੇਵ ਤੋਂ ਸੰਕਰਖਣ ਨਾਮ ਵਾਲੇ ਜੀਵ ਦੀ ਉਤਪਤੀ,ਸੰਕਰਖਣ ਨਾਮਾ ਜੀਵ ਤੋਂ ਮਨ ਰੂਪੀ ਪ੍ਰਦੁਮਨ ਦੀ ਉਤਪਤੀ,ਮਨ ਰੂਪੀ ਪ੍ਰਦੁਮਨ ਤੋਂ ਹੰਕਾਰ ਰੂਪ ਅਨੁਰੁਧ ਦੀ ਉਤਪਤੀ ਮੰਨਦੇ ਹਨ। ਆਤਮਾ ਨੂੰ ਉਸ ਦੀ ਅੰਸ਼ ਤੇ ਗਿਆਨ ਨੂੰ ਗੁਣ ਮੰਨਦੇ ਹਨ ਅਤੇ ਪ੍ਰਮਾਣ ਇਹ ਭੀ ਛੇ ਮੰਨਦੇ ਹਨ,ਮੁਕਤੀ ਕਰਮਾਂ ਕਰਕੇ ਮੰਨੀ ਹੈ,ਅਥਵਾ (੨) 'ਤੌਤਾਤ੍ਰਿਕ'ਨਾਮ ਸਰੋਤਾਂਤ ਕਵਿ ਬਿਭਾਸ

ਦਾ ਹੈ, ਜੋ ਜੋ ਬੁਧ ਦਾ ਸਿਖ ਹੈ, ਉਸ ਦਾ ਮੱਤ ਇਸ ਤਰ੍ਹਾਂ ਦਾ ਹੈ–ਇਸ ਮੱਤ ਵਿਚ ਸ੍ਰਿਸ਼ਟੀਆਂ ਦੋ ਹਨ, ਇਕ ਬਾਹਯ ਸ੍ਰਿਸ਼ਟੀ, ਦੂਜੀ ਅੰਤਰ ਸ੍ਰਿਸ਼ਟੀ ਬਾਹਯ ਸ੍ਰਿਸ਼ਟੀ ਦਾ ਕਾਰਣ ਪ੍ਰਮਾਣੂ ਮੰਨੇ ਹਨ ਅਤੇ ਅੰਤ੍ਰ ਸ੍ਰਿਸ਼ਟੀ ਦਾ ਕਾਰਣ ਪੰਜ ਸਕੰਧ ਮੰਨੇ ਹਨ, ਉਹਨਾਂ ਪੰਜਾਂ ਸਕੰਦਾਂ ਦੇ ਨਾਮ- ਰੂਪ ਵਿਗਿਆਨ, ਸੰਗਯਾ, ਸੰਸਕਾਰ ਤੇ ਵੇਦਨ ਹਨ, ਪ੍ਰਮਾਨ ਦੋ ਮੰਨੇ ਹਨ, ਬੁਧੀ ਨੂੰ ਹੀ ਆਤਮਾ ਮੰਨਿਆ ਹੈ, ਬੁਧੀ ਦੀ ਜੋ ਇਸਥਿਤੀ ਹੈ, ਉਸੇ ਨੂੰ ਮੋਖ ਮੰਨਿਆ ਹੈ।

ਪ੍ਰਸ਼ਨ–ਸਾਲਕ ਦੇ ਮਤ ਦਾ ਤੱਤ ਗਿਆਨ ਕੀ ਹੈ ?

ਉਤਰ–ਸਾਲ ਦਾ ਅਰਥ ਜੈਨੀ ਹੈ ਅਤੇ ਜੈਨੀਆਂ ਦੇ ਮੱਤ ਵਿਚ ਸੱਤ ਪਦਾਰਥ ਮੰਨੇ ਹਨ,ਜਿਨ੍ਹਾਂ ਦੇ ਨਾਮ–ਜੀਵ, ਅਜੀਵ, ਆਸ੍ਰਵ, ਨਿਰਜਰ, ਬੰਧ, ਮੋਖ ਤੇ ਸੰਬਰ ਹਨ। ਪਰ ਕਿਸੇ ਕਿਸੇ ਅਚਾਰਜ ਨੇ ਪੰਜ ਪਦਾਰਥ–ਜੀਵ, ਪ੍ਰਦਗਲ, ਧਰਮ, ਅਧਰਮ ਤੇ ਅਕਾਸ ਮੰਨੇ ਹਨ, ਇਨ੍ਹਾਂ ਤੱਤਾਂ ਦੇ ਗਿਆਨ ਨੂੰ ਕੋਈ ਨਹੀਂ ਜਾਣਦਾ। ਆਤਮਾ ਅਵਰਣ ਤੋਂ ਰਹਿਤ, ਇਕ ਰਸ ਚੇਤਨ ਰੂਪ ਹੈ ਅਤੇ ਅਨੰਦ ਦੀ ਔਧੀ ਹੈ, ਉਪਮਾਨ ਉਪਮੇਯ ਤੋਂ ਰਹਿਤ ਹੈ, ਇਸ ਤਰ੍ਹਾਂ ਦੇ ਅਨੂਪਮ ਆਤਮਾ ਦੇ ਗਿਆਨ ਨੂੰ ਮੂਰਖ ਲੋਗ ਨਹੀਂ ਜਾਣਦੇ।

ਪ੍ਰਸ਼ਨ—ਵੇਦ ਵਯਾਸ ਦਾ ਮੱਤ ਕੀ ਹੈ ?

ਉਤਰ–ਵੇਦ ਵਯਾਸ ਇਕ ਗਿਆਨ ਮੰਨਦਾ ਹੈ, ਅਭਿੰਨ ਨਮਿਤ ਉਪਾਦਾਨ ਕਾਰਨ ਜਗਤ ਦਾ ਈਸ਼ਵਰ ਨੂੰ ਮੰਨਦਾ ਹੈ, ਜੀਵ ਇਕ ਮੰਨਦਾ ਹੈ ਅਤੇ ਪ੍ਰਮਾਣ ਛੇ ਮੰਨਦਾ ਹੈ।

ਪ੍ਰਸ਼ਨ -ਵਾਕ ਪਤੀ ਦਾ ਕੀ ਮਤ ਹੈ ?

ਉਤਰ-ਵਾਕ ਪਤੀ ਦਾ ਨਾਮ ਬ੍ਰਹਸਪਤੀ ਦਾ ਹੈ, ਉਹ ਨਾਨਾ ਗਿਆਨ ਮੰਨਦਾ ਹੈ, ਜੀਵ ਨਾਨਾ ਤੇ ਈਸ਼ਵਰ ਭੀ ਨਾਨਾ ਮੰਨਦਾ ਹੈ, ਪ੍ਰਮਾਨ ਛੇ ਮੰਨਦਾ ਹੈ।

ਪ੍ਰਸ਼ਨ–ਕਪਲ ਕੌਣ ਹੋਇਆ ਅਤੇ ਉਸ ਦਾ ਮੱਤ ਕੀ ਹੈ ?

ਉਤਰ--ਕਪਲ ਮੁਨੀ ਜੀ ਸਾਂਖ ਸ਼ਾਸਤ੍ਰ ਦਾ ਕਰਤਾ ਹੋਏ ਹਨ, ਉਨ੍ਹਾਂ ਦਾ ਸਿਧਾਂਤ ਹੈ, ਗੁਣਾਂ ਦੀ ਸਾਮ ਅਵਸਥਾ ਨੂੰ ਪ੍ਰਧਾਨ ਮੰਨਦਾ ਹੈ, ਜਦ ਗੁਣਾਂ ਦੀ ਬਿਖਮਤਾ ਹੁੰਦੀ ਹੈ, ਤਦ ਪ੍ਰਧਾਨ ਜਗਤ ਨੂੰ ਰਚਦੀ ਹੈ, ਪ੍ਰਧਾਨ ਤੋਂ ਮਹਿਤਤ; ਤਿਸ ਮਹਿਤਤ ਤੋਂ ਤ੍ਰਿਸ਼ਾ ਹੰਕਾਰ।

**ਕਬਿੱਤ–੧. ਇਹ ਜੋ ਪੇਖਯੇ ਮਹਾਨ ਮਾਨ ਬੋਝ ਭਰੇ ਅਤਿ,**
**ਮਹਾਂ ਪਸ਼ੁ ਬੁਧਿ ਕਛੂ ਅਰਥ ਕੀ ਨਾਇ ਹੈ॥**
**੨. ਕਟਿ ਮੇ ਪੀਤਾਂਬਰ ਅਡੰਬਰ ਤੋ ਖੂਬ ਕਰੇਂ,**
**ਸਾਮ ਵੇਦ ਧੁਨਿ ਪੁਨ ਊਂਚੇ ਸੁਰ ਗਾਇ ਹੈ॥**
**੩. ਪੂਛੀਏ ਜੁ ਬਾਤ ਤੁ ਰਿਸਾਤ ਮਨ ਕ੍ਰੋਧ ਭਏ,**
**ਫੇਰ ਫੇਰ ਮੂਢ ਵੇਦ ਪਾਠਨ ਸੁਨਾਇ ਹੈ॥**
**੪. ਬੇਮੁਖ ਆਚਾਰ ਸ਼੍ਰੁਤਿ ਚਾਰ ਕੋ ਵਿਚਾਰ ਕਹਾਂ,**
**ਜੀਵਕਾ ਕੇ ਹੇਤ ਮੂਢ ਬੇਦਨ ਬਹਾਇ ਹੈ॥ ੧੨॥**

ਗੰਗਾ ਦੇ ਕੰਢੇ ਉਤੇ ਬੈਠੇ ਹੋਏ, ਪੰਡਿਤਾਂ ਨੂੰ ਕਥਾ ਕਰਦਿਆਂ ਵੇਖਕੇ, ਹੰਕਾਰ ਨੇ ਉਹਨਾਂ ਵੱਲ ਇਸ਼ਾਰਾ ਕਰਕੇ ਕਿਹਾ--੧. ਇਹ ਜਿਹੜੇ ਪੰਡਿਤ ਲੋਕ ਵੇਖੀਦੇ ਹਨ, ਵਡੇ ਹੰਕਾਰ ਰੂਪ ਬੋਝ ਦੇ ਭਰੇ ਹੋਏ ਹਨ ਅਤੇ ਵਡੇ ਪਸ਼ੂ ਬੁਧੀ ਹਨ,(ਜਿਨ੍ਹਾਂ ਨੂੰ) ਅਰਥਾਂ ਦੀ ਕੁਝ ਸੂਝ ਨਹੀਂ ਹੈ। ੨. ਇਨ੍ਹਾਂ ਨੇ ਪੀਲੇ ਦਾ ਰੰਗ ਦਾ ਕਪੜਾ (ਧੋਤੀ) ਲੱਕ ਬੱਧਾ ਹੋਇਆ ਹੈ, ਮੱਥੇ ਉਤੇ ਟਿਕੇ ਵਗੈਰਾ ਲਾ ਕੇ ਖੂਬ ਅਡੰਬਰ ਬਣਾਇਆ ਹੋਇਆ ਹੈ, ਸ਼ਾਮ ਵੇਦ

Sri Satguru Jagjit Singh Ji Elibrary NamdhariElibrary@gmail.com

(ਦੀਆਂ ਰਿਚਾਂ ਨੂੰ) ਉਚੀ ਅਵਾਜ਼ ਨਾਲ ਸੁਰ ਵਿਚ ਗਾਉਂਦੇ ਹਨ। ੩. ਜੇ ਕੋਈ ਵਿਚਾਰ ਦੀ ਗੱਲ ਪੁਛੀਏ, ਤਾਂ ਕ੍ਰੋਧਵਾਨ ਹੋ ਕੇ ਮਨ ਵਿਚ ਗੁਸੇ ਹੋ ਜਾਂਦੇ ਹਨ, (ਵਿਚਾਰ ਦੀ ਗੱਲ ਕਰਦੇ ਨਹੀਂ ਅਤੇ) ਮੁੜ ਮੁੜ ਕੇ ਵੇਦ ਦੇ ਪਾਠ ਸੁਣਾਈ ਜਾਂਦੇ ਹਨ। ੪. ਸਭ ਕਰਮਾਂ ਤੋਂ ਬੇਮੁਖ ਹਨ, ਚਹੁੰ ਵੇਦਾਂ ਦਾ ਵਿਚਾਰ (ਇਹਨਾਂ ਵਿਚ) ਕਿਥੇ ਹੈ? (ਇਹ ਅਜਿਹੇ ਮੂਰਖ ਹਨ, ਜੋ) ਉਪਜੀਵਕਾ ਦੇ ਵਾਸਤੇ ਵੇਦਾਂ ਨੂੰ ਰੋੜ੍ਹੀ ਜਾਂਦੇ ਹਨ ॥ ੧੨ ॥

**ਕਬਿੱਤ–੧. ਔਰ ਠੌਰ ਗਯੋ ਪੁਨ ਕੌਤਕ ਸੁਨਯੋ ਪਿਖ,**
**ਬੋਲਿਓ ਹੰਕਾਰ ਸੁ ਗੁਲਾਬ ਪਹਿਚਾਨੀਏ ॥**
**੨. ਨਾਮ ਤੇ ਸੰਨਯਾਸ ਮਾਂਗ ਭਿਖ੍ਯਾ ਬਿਲਾਸ ਕਰੇਂ,**
**ਯਹੀ ਜਤੀ ਨਾਮ ਲੋਕ ਮਾਂਹਿ ਤੇ ਬਖਾਨੀਏ ॥**
**੩. ਮੂੰਡ ਤੇ ਮੁੰਢਾਇ ਨਾਮ ਪੰਡਿਤ ਕਹਾਇ ਕਛੂ,**
**ਗ੍ਯਾਨ ਹੂੰ ਨ ਪਾਏ ਕਰ ਵੇਦ ਭਾਸ਼੍ਯ ਠਾਨੀਏ ॥**
**੪. ਕੀਨੇ ਹੈਂ ਵ੍ਯਾਕੁਲ ਵੇਦਾਂਤ ਕੇ ਪ੍ਰਕਰਣ ਸਭ,**
**ਆਵਤ੍ਹ ਹੈ ,ਹਾਸ ਮੁਹਿ ਯਾਹਿ ਸੁਨ ਬਾਨੀਏ ॥ ੧੩ ॥**

੧. ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ–(ਉਥੋਂ ਚਲਕੇ) ਹੰਕਾਰ ਇਕ ਹੋਰ ਜਗ੍ਹਾ ਤੇ ਚਲਾ ਗਿਆ (ਜਿਥੇ ਸੰਨਿਆਸੀਆਂ ਦੀ ਜਮਾਤ ਬੈਠੀ ਹੋਈ ਸੀ) ਉਥੋਂ ਦੇ ਨਵੇਂ ਕੌਤਕਾਂ ਨੂੰ ਵੇਖਕੇ ਹੰਕਾਰ ਕਹਿਣ ਲੱਗਾ–

੨. ਇਹ ਲੋਕ ਨਾਮ ਦੇ ਤਾਂ ਸੰਨਿਆਸੀ ਹਨ, ਦਿਨ ਵੇਲੇ ਭਿਖਿਆ ਮੰਗਦੇ ਹਨ, ਅਤੇ ਰਾਤ ਸਮੇਂ ਪਰ ਇਸਤ੍ਰੀਆਂ ਨਾਲ ਭੋਗ ਬਿਲਾਸ ਕਰਦੇ ਹਨ, ਜਗਤ ਵਿਚ ਇਹਨਾਂ ਦਾ ਹੀ ਨਾਮ 'ਜਤੀ' ਕਿਹਾ ਜਾਂਦਾ ਹੈ।

੩. ਸਿਰ (ਮੂੰਹ ਇਨ੍ਹਾਂ ਨੇ) ਮੁਨਾਇਆ ਹੋਇਆ ਹੈ, ਆਪਣਾ ਨਾਮ ਪੰਡਿਤ ਕਹਾਉਂਦੇ ਹਨ, ਪਰ ਗਿਆਨ ਰਤਾ ਜਿੰਨਾ ਭੀ ਨਹੀਂ ਪਾਇਆ, ਹੱਥ ਵਿਚ ਵੇਦ-ਭਾਸ਼੍ਯ ਫੜੀ ਰਖਦੇ ਹਨ।

੪. ਇਨ੍ਹਾਂ ਨੇ ਵੇਦਾਂਤ ਦੇ ਸਾਰੇ ਪ੍ਰਕਰਣ ਵਿਆਕੁਲ ਕਰ ਦਿਤੇ ਹਨ, ਇਨ੍ਹਾਂ ਦੀ ਗੱਲ ਸੁਣਕੇ ਤਾਂ ਮੈਨੂੰ ਬੜਾ ਹੀ ਹਾਸਾ ਆਉਂਦਾ ਹੈ ॥ ੧੩ ॥

ਪ੍ਰਸ਼ਨ–ਵੇਦਾਂਤ ਦੇ ਪ੍ਰਕਰਣ ਵਿਆਕੁਲ ਕਿਵੇਂ ਕਰ ਦਿਤੇ ਹਨ ? ਉਤਰ–

**ਕਬਿੱਤ–੧. ਪ੍ਰਤੱਖ ਤੇ ਵਿਰੁਧ ਅਰਥ ਭਾਖਤ ਵਿਦਾਂਤਿ ਸਭ,**
**ਏਕ ਹੀ ਅਖੰਡ ਬ੍ਰਹਮ ਦੂਸਰੋ ਨ ਗਾਯੋ ਹੈ ॥**
**੨. ਐਸੇ ਜੁ ਬਿਦਾਂਤ ਸ਼ਾਸ਼ਤ੍ਰ ਮਾਨਤ ਪ੍ਰਮਾਣ ਮੂਢ,**
**ਬਉਧਨ ਕੇ ਗ੍ਰੰਥਨ ਮੈ ਪਰਾਧ ਕੌਣ ਆਯੋ ਹੈ ॥**
**੩. ਸੇਵਰਾ ਸੰਨਯਾਸ ਬਉਧ ਗ੍ਰੰਥ ਔ ਵਿਦਾਂਤ ਏਕ,**
**ਭਿੰਨ ਭਿੰਨ ਨਾਮ ਏਕ ਛਲ ਕੇ ਚਲਾਯੋ ਹੈ ॥**

**੪. ਇਨਹੂੰ ਕੇ ਸੰਗ ਪੁਨ ਬੋਲੇ ਮਹਾਂ ਪਾਪ ਚਢੇ,**
**ਐਸੋ ਮੁਖ ਭਾਖ ਪਾਉਂ ਆਗੇ ਸੁ ਉਠਾਯੋ ਹੈ ॥ ੧੪ ॥**

ਪ੍ਰਤਖ=ਜ਼ਾਹਰਾ ਦਿਸ ਰਹੇ। ਅਖੰਡ=ਨਾਸ ਨਾ ਹੋਣ ਵਾਲਾ।

੧. ਜ਼ਾਹਰਾ ਦਿਸ ਰਹੇ ਜਗਤ ਨਾਲੋਂ ਉਲਟਾ ਹੀ ਅਰਥ ਸਾਰੇ ਵੇਦਾਂਤੀ ਕਹਿੰਦੇ ਹਨ, ਇਕੋ ਬ੍ਰਹਮ ਹੀ ਅਖੰਡ ਹੈ, ਹੋਰ ਦੂਜਾ ਪਦਾਰਥ (ਉਸ ਜਿਹਾ ਨਹੀਂ, ਇਹ ਉਨ੍ਹਾਂ ਦਾ) ਕਹਿਣਾ ਹੀ ਪ੍ਰਤਖ ਤੋਂ ਉਲਟ ਹੈ, ਕਿਉਂਕਿ ਜੋ ਜਗਤ ਜ਼ਾਹਰਾ ਦਿਸ ਰਿਹਾ ਹੈ, ਉਸ ਨੂੰ ਤਾਂ ਕਹਿੰਦੇ ਹਨ, ਜੋ ਤਿੰਨੇ ਕਾਲ ਹੋਇਆ ਹੀ ਨਹੀਂ ਅਤੇ ਜੋ ਨਜ਼ਰ ਨਹੀਂ ਆਉਂਦਾ, ਉਸ ਨੂੰ 'ਸਤਯ ਵਸਤੂ' ਕਹਿੰਦੇ ਹਨ। ੨. ਇਸ ਤਰ੍ਹਾਂ ਨਾਲ ਜੋ ਪ੍ਰਤਖ ਤੋਂ ਉਲਟ ਕਥਨ ਕਰਨ ਵਾਲਾ ਵੇਦਾਂਤ ਸ਼ਾਸਤਰ ਹੈ, ਜੋ ਪੁਰਸ਼ ਉਸ ਨੂੰ ਪ੍ਰਮਾਣ ਮੰਨਦੇ ਹਨ, ਉਹ ਮੂਰਖ ਹਨ, ਕਿਉਂਕਿ ਜਿਨ੍ਹਾਂ ਨੇ ਪ੍ਰਤਖ ਤੋਂ ਉਲਟ ਕਹਿਣ ਵਾਲੇ ਨੂੰ ਪ੍ਰਮਾਣੀਕ ਮੰਨਿਆ ਹੈ, ਉਹ ਬੁਧਿ ਤੋਂ ਹੀਣੇ ਹਨ,ਭਲਾ ਇਹ ਤਾਂ ਦਸੋ ਕਿ ਬੋਧੀਆਂ ਦੇ ਗ੍ਰੰਥਾਂ ਵਿਚ ਕਿਹੜਾ ਮਹਾਂ ਪਾਪ ਆਇਆ ਹੈ ? ਉਸ ਨੂੰ ਪ੍ਰਮਾਣ ਕਿਉਂ ਨਹੀਂ ਮੰਨਦੇ ? ੩. ਸਰੇਵੜੇ (ਜੈਨੀ), ਸੰਨਿਆਸ, ਬੋਧ ਤੇ ਵੇਦਾਂਤ ਆਦਿਕ ਜੋ ਭੀ ਗ੍ਰੰਥ (ਹਨ, ਇਹ ਸਾਰੇ) ਇਕੋ ਹਨ, ਮੂਰਖਾਂ ਨੇ ਇਕ ਛਲ ਕਰਕੇ ਇਨ੍ਹਾਂ ਦੇ ਨਾਮ ਵਖ ਵਖ ਤੌਰ ਦਿਤੇ ਹਨ। ੪. ਮੈਂ ਤਾਂ ਇਹ ਸਮਝਦਾ ਹਾਂ ਕਿ ਇਨ੍ਹਾਂ ਨਾਲ ਗੱਲ ਕੀਤਿਆਂ ਭੀ ਮਹਾਂ ਪਾਪ ਲਗਦਾ ਹੈ, ਇਸ ਤਰ੍ਹਾਂ ਮੂੰਹੋਂ ਕਹਿ ਕੇ ਹੰਕਾਰ ਅਗੇ ਨੂੰ ਤੁਰਦਾ ਹੋਇਆ (ਅਤੇ ਅਗੇ ਸ਼ਿਵ ਉਪਾਸ਼ਕਾਂ ਕੋਲ ਚਲਾ ਗਿਆ) ॥ ੧੪ ॥

**ਕਬਿੱਤ—੧. ਏਹੀ ਸ਼ੈਵ ਪਾਸ਼ੁਪਤਿ ਆਗਮ ਸੁ ਸ਼ੈਵ ਰਤਿ,**
**ਰਾਸਭ ਸਮਾਨ ਤਨ ਭਸਮ ਲਗਾਇ ਹੈ ॥**
**੨. ਪਸੂ ਹੈ ਅਦੰਡ ਲੋਕ ਮਾਹਿ ਸੁ ਪਖੰਡ ਕਰੈਂ,**
**ਇਨ ਸੋ ਪ੍ਰਭਾਖ ਨਰ ਨਰਕ ਸੁ ਜਾਇ ਹੈ ॥**
**੩. ਸ਼ੈਵ ਪਾਸ਼ੁਪਤਿ ਕੇ ਨਿਹਾਰੇ ਹੋਇ ਪਾਪ ਅਤਿ,**
**ਪੇਖੀਏ ਸੁ ਨਾਂਹਿ ਇਨ ਐਸ ਬੁਧ ਗਾਇ ਹੈ ॥**
**੪. ਗੁਲਾਬ ਸਿੰਘ ਦੇਖਕੇ ਹੰਕਾਰ ਕੀ ਬਿਸਾਲ ਛਬਿ,**
**ਲੋਗਨ ਕੇ ਪੁੰਜ ਪੁਨ ਆਗੇ ਹੀ ਪਲਾਇ ਹੈ ॥ ੧੫ ॥**

ਪਾਸਪਤਿ=ਸ਼ਿਵਜੀ ਦਾ ਨਾਮ 'ਪਸ਼ੂਪਤੀ' ਹੈ ਅਤੇ ਸ਼ਿਵ ਉਪਾਸ਼ਕਾਂ ਦਾ ਨਾਮ 'ਪਾਸਪਤੀ' ਅਤੇ ਸ਼ੈਵ ਭੀ ਹੈ। ਅਗਮ=ਸ਼ਾਸਤਰ। ਰਾਸਭ=ਗਧਾ, ਖੋਤਾ। ਅਦੰਡ=ਬੇਮੁਹਾਰੇ, ਅਮੋੜ। ਬੁਧ=ਸਿਆਣੇ।

੧. ਇਹੋ (ਸ਼ਿਵ ਉਪਾਸ਼ਕ) ਸ਼ੈਵ ਜਾਂ ਪਾਸਪਤੀ ਹਨ, (ਇਨ੍ਹਾਂ ਦੀ) ਸ਼ੈਵ-ਸ਼ਾਸਤਰ ਨਾਲ ਪ੍ਰੀਤੀ ਹੈ ਅਤੇ ਖੋਤੇ ਵਾਂਗੂ ਸਰੀਰ ਉਤੇ ਸਵਾਹ ਲਾ ਕੇ ਖੁਸ਼ ਹੁੰਦੇ ਹਨ। ੨. ਇਹ ਲੋਕ ਬੇ-ਮੁਹਾਰੇ ਪਸ਼ੂ ਹਨ ਅਤੇ ਜਗਤ ਵਿਚ ਪਖੰਡ ਕਰਦੇ ਹਨ, ਇਨ੍ਹਾਂ ਨਾਲ ਗਲ ਬਾਤ ਕਰਨ ਵਾਲਾ ਪੁਰਸ਼ ਨਰਕ ਵਿਚ ਜਾਂਦਾ ਹੈ। ੩. ਇਨ੍ਹਾਂ ਸ਼ੈਵ ਜਾਂ ਪਾਸਪਤੀ (ਲੋਕਾਂ ਦੇ) ਵੇਖਣ ਨਾਲ ਹੀ ਮਹਾਂ ਪਾਪ ਲਗਦਾ ਹੈ, ਇਸ ਲਈ ਸਿਆਣੇ ਲੋਕ ਕਹਿੰਦੇ ਹਨ ਕਿ ਇਨ੍ਹਾਂ ਨੂੰ ਵੇਖਣਾ ਹੀ ਨਹੀਂ ਚਾਹੀਦਾ। ੪. ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ, ਇਸ ਤਰ੍ਹਾਂ ਨਾਲ ਹੰਕਾਰ ਦੀ ਭਾਰੀ ਛਬ ਨੂੰ ਵੇਖ ਕਰਕੇ ਲੋਕਾਂ ਦੇ ਝੁੰਡਾਂ ਦੇ ਝੁੰਡ ਉਸ ਦੇ ਅਗੇ ਹੀ ਅਗੇ ਤੁਰੇ ਜਾਂਦੇ ਹਨ। ੧੫।

Sri Satguru Jagjit Singh Ji Elibrary NamdhariElibrary@gmail.com

ਕਬਿੱਤ—੧. ਔਰ ਠੌਰ ਗਯੋ ਪੁਨ ਪੇਖ ਮੁਸਕਾਨੋ ਅਤਿ,
ਅਹੋ ਬਕ ਧਯਾਨ ਪਟ ਉਜਲ ਸੁਹਾਇ ਹੈ॥
੨. ਗੰਗ ਨੀਰ ਧਾਰ ਤਟ ਸੀਤਲ ਸਿਲਾ ਸਵਾਰ,
ਪ੍ਰੋਖ ਪ੍ਰੋਖ ਆਪ ਕੁਸ ਆਸਨ ਵਿਛਾਇ ਹੈ॥
੩. ਲਏ ਅਖਮਾਲ ਮੁਖ ਮੰਤ੍ਰ ਤੇ ਬਿਸਾਲ ਜਪੇ,
ਅੰਗੁਲ ਕੇ ਮਾਂਹਿ ਕੁਸ ਮੁੰਦਰੇ ਸੁ ਬਨਾਇ ਹੈ॥
੪. ਏਹੀ ਦੰਭ ਵੰਤ ਧਨਵੰਤਨ ਕੇ ਵਿਤ ਹਰੇ,
ਬੀਜ ਮੰਤ੍ਰ ਨਯਾਸ ਕਰ ਅੰਗਲੀ ਹਲਾਇ ਹੈ॥ ੧੬॥

ਬਕ=ਬਗਲਾ। ਪਰੋਖ=ਧੋ ਕੇ ਛਿਣਕਨਾ। ਕੁਸ=ਦਭ ਘਾਹ। ਅਖ=ਰੁਦਰਾਖ। ਵਿਤ=ਧਨ। ਹਰੇ=ਠਗਦੇ ਹਨ। ਬੀਜ ਮੰਤਰ=ਕਿਸੇ ਦੇਵਤੇ ਨੂੰ ਸਿਧ ਕਰਨ ਦੇ ਖਿਆਲ ਨਾਲ ਨਿਸਚਿਤ ਕੀਤਾ ਹੋਇਆ ਮੂਲ ਮੰਤਰ। ਨਯਾਸ=ਪੂਜਾ ਦੀ ਤਾਂਤ੍ਰਿਕ ਮਰਯਾਦਾ ਅਨੁਸਾਰ ਦੇਵਤਿਆਂ ਦੇ ਵਖੋ ਵਖਰੇ ਅੰਗਾਂ ਦਾ ਧਿਆਨ ਕਰਦਿਆਂ ਹੋਇਆਂ ਮੰਤਰ ਪੜ੍ਹ ਕੇ ਉਨ੍ਹਾਂ ਉਤੇ ਖਾਸ ਵਰਣਾਂ ਦੀ ਸਥਾਪਨਾ।

੧. ਹੰਕਾਰ ਉਥੋਂ ਤੁਰ ਕੇ ਇਕ ਹੋਰ ਜਗ੍ਹਾ ਤੇ ਚਲਾ ਗਿਆ,(ਜਿਥੇ ਬ੍ਰਾਹਮਣ ਲੋਕ ਬੈਠੇ ਹੋਏ ਪਾਠ ਪੂਜਾ ਕਰ ਰਹੇ ਸਨ, ਉਨ੍ਹਾਂ ਨੂੰ) ਵੇਖ ਕੇ ਬੜਾ ਖਿੜ ਖਿੜਾ ਕੇ ਹਸ ਪਿਆ ਤੇ ਕਹਿਣ ਲਗਾ-ਆਹ! ਬਗਲੇ ਵਰਗਾ ਧਿਆਨ (ਤੇ ਬਗਲੇ ਦੇ ਚਿਟੇ ਖੰਭਾਂ ਵਰਗੇ ਹੀ ਇਨ੍ਹਾਂ ਦੇ) ਚਿਟੇ ਕਪੜੇ ਸੋਭਾ ਪਾ ਰਹੇ ਹਨ। ੨. ਗੰਗਾ ਜਲ ਦੇ ਪ੍ਰਵਾਹ ਦੇ ਕੰਢੇ ਉਪਰਲੀਆਂ ਠੰਢੀਆਂ ਸਿਲਾਂ ਨੂੰ ਚੰਗੀ ਤਰ੍ਹਾਂ ਸਵਾਰ ਕੇ, ਆਪਣੇ (ਹਥਾਂ ਨਾਲ) ਦਭ-ਘਾਹ ਨੂੰ ਜੋੜ ਜੋੜ ਕੇ ਦਭ ਦਾ ਆਸਨ ਵਿਛਾਇਆ ਹੋਇਆ ਹੈ। ੩. ਰੁਦਰਾਖ ਦੀ ਮਾਲਾ ਹਥ ਵਿਚ ਲੈ ਕੇ ਮੂੰਹ ਨਾਲ ਮੰਤਰ ਬਹੁਤਾ ਜਪਦੇ ਹਨ ਅਤੇ ਹਥ ਦੀਆਂ ਉਂਗਲਾਂ ਵਿਚ ਦਭ ਦੇ ਛਲੇ ਬਣਾ ਕੇ ਪਾਏ ਹੋਏ ਹਨ। ੪. ਇਹੋ ਪਖੰਡ ਕਰਨ ਵਾਲੇ ਧਨਵਾਨਾਂ ਦੇ ਧਨ ਨੂੰ ਠਗਦੇ ਹਨ, ਜੋ ਬੀਜ ਮੰਤਰ (ਦਾ ਉਚਾਰਨ ਕਰਕੇ ਅੰਗ) ਨਯਾਸ ਕਰਦੇ ਤੇ ਉਂਗਲੀ ਹਿਲਾਉਂਦੇ ਹਨ॥ ੧੬॥

ਸਵੈਯਾ॥

੧. ਹੰਕਾਰ ਤਬੈ ਪੁਨ ਪਾਂਉ ਉਠਾਇ ਚਲਯੋ ਮੁਸਕਾਇ ਪਿਖੇ ਜਨ ਆਨਾ॥
੨. ਹੈ ਕਰ ਮਾਂਹਿ ਤ੍ਰਿਦੰਡ ਧਰੇ ਮੁਖ ਛੂਤ ਬਕੈ ਸੁ ਲਏ ਅਭਿਮਾਨਾ॥
੩. ਦ੍ਵੈਤ ਸੁ ਨਾਹਿ ਗਹੈ ਉਰ ਮੈ ਪੁਨ ਨਾਹਿ ਅਦ੍ਵੈਤ ਕੋ ਰੰਚ ਪਛਾਨਾ॥
੪. ਪੰਥ ਉਭੈ ਇਹ ਭ੍ਰਸਟ ਭਏ ਭਨਿ ਆਸ੍ਰਮ ਔਰ ਪਿਖੇ ਮੁਸ਼ਕਾਨਾ॥ ੧੭॥

ਤ੍ਰਿਦੰਡ=ਵਾਂਸ ਦੀਆਂ ਪੋਰੀਆਂ ਵਾਲਾ ਡੰਡਾ ਜਿਸ ਦੀ ਸ਼ਕਲ ਟੇਢੀ ਹੁੰਦੀ ਹੈ. (੨) ਮਨ, ਬਾਣੀ ਤੇ ਸਰੀਰ ਉਤੇ ਦੰਡ (ਭਾਵ ਤਿੰਨਾਂ ਨੂੰ ਵਸ ਵਿਚ) ਰਖਣ ਦਾ ਨਾਮ ਭੀ 'ਤ੍ਰਿਦੰਡ' ਹੈ, (੩) ਗਲ ਵਿਚ ਜੰਞੂ,ਸਿਰ ਤੇ ਬੋਦੀ ਤੇ ਮਥੇ ਉਤੇ ਟਿੱਕਾ ਧਾਰਨ ਕਰਨ ਦਾ ਨਾਮ ਭੀ 'ਤ੍ਰਿਦੰਡ' ਹੈ। ਦਵੈਤ=ਭੇਦ ਭਗਤੀ। ਅਦਵੈਤ=ਅਭੇਦ ਭਗਤੀ। ਉਭੈ=ਦੋਵੇਂ। ਮੁਸ਼ਕਾਨਾ=ਹਸ ਪਿਆ।

Sri Satguru Jagjit Singh Ji Elibrary　　　　NamdhariElibrary@gmail.com

(ਜਦ ਹੰਕਾਰ ਨੇ ਬ੍ਰਾਹਮਣਾਂ ਨੂੰ ਇਸ ਤਰ੍ਹਾਂ ਕਹਿ ਲਿਆ) ੧. ਤਦ ਉਥੋਂ ਫੇਰ ਅਗਾਂਹ ਨੂੰ ਤੁਰ ਪਿਆ ਅਤੇ ਅਗੋਂ ਇਕ ਆਉਂਦੇ ਹੋਏ ਪੁਰਖ ਨੂੰ ਵੇਖ ਕੇ ਹਸਣ ਲਗ ਪਿਆ। ੨. ਉਸ ਨੂੰ ਵੇਖ ਕੇ ਹੰਕਾਰ ਕਹਿਣ ਲਗਾ, ਇਸ ਨੇ ਹਥ ਵਿਚ ਤ੍ਰਿਦੰਡ ਧਾਰਿਆ ਹੋਇਆ ਹੈ, ਮੂੰਹੋਂ ਛੂਤ ਬਕਦਾ ਹੈ (ਅਰਥਾਤ ਕਹਿ ਰਿਹਾ ਹੈ- ਪਰੇ ਹਟੋ, ਮੇਰੇ ਨਾਲ ਛੋਹ ਕੇ ਮੈਨੂੰ ਭਰਿਸ਼ਟ ਨਾ ਕਰੋ, ਪਰੇ ਹਟ ਜਾਓ, ਮਾਨੋ ਇਹ) ਅਭਿਮਾਨ ਦਾ ਲਦਿਆ ਹੋਇਆ (ਖੋਤਾ ਆ ਰਿਹਾ ਹੈ)। ੩. ਨਾ ਇਸ ਨੇ ਹਿਰਦੇ ਵਿਚ ਭੇਦ ਭਗਤੀ ਨੂੰ ਧਾਰਿਆ ਹੈ ਅਤੇ ਨਾ ਹੀ ਅਭੇਦ ਭਗਤੀ ਨੂੰ ਰਤਾ ਜਿੰਨਾ ਪਛਾਣਿਆ ਹੈ। ੪. ਇਹਨਾਂ ਦੋਹਾਂ ਰਾਹਾਂ ਤੋਂ ਭਰਿਸ਼ਟ ਹੋ ਗਿਆ ਹੈ। ਇਹ ਕਹਿ ਕੇ ਉਥੋਂ ਅਗੇ ਤੁਰ ਗਿਆ ਅਤੇ ਇਕ ਹੋਰ ਆਸ਼ਰਮ ਵੇਖ ਕੇ ਹੱਸਣ ਲਗ ਪਿਆ ॥ ੧੭ ॥

**ਸਵੈਯਾ॥**

**੧. ਕਿਨ ਕੋ ਯਹਿ ਆਸ਼੍ਰਮ ਪਾਵਨ ਹੈ ਢਿਗ ਦ੍ਵਾਰਨ ਊਪਰ ਵੰਸ ਗਡਾਏ॥**
**੨. ਸੁ ਮਨੋ ਤਿਨ ਊਪਰ ਨਾਚਤ ਹੈ ਸਿਤ ਅੰਬਰ ਪੁੰਜ ਹਜ਼ਾਰ ਤਨਾਏ॥**
**੩. ਇਤ ਹੈ ਕ੍ਰਿਸ਼ਨਾਜਿਨ ਯੂਪ ਸ਼ਿਲਾ ਇਤ ਤੇ ਚਮਸਾ ਬਹੁ ਭਾਂਤਿ ਸੁਹਾਏ॥**
**੪. ਇਤ ਮੂਸਲ ਔਰ ਸੁ ਊਖਲ ਹੈ ਇਤ ਕੇਸਰ ਕੁੰਭ ਸੁ ਚੀਤ ਬਨਾਏ॥੧੮॥**

ਸਿਤ ਅੰਬਰ=ਚਿਟੇ ਕਪੜੇ। ਕ੍ਰਿਸ਼ਨਾਜਿਨ=ਕਾਲੇ ਹਰਨ ਦੀ ਖਲੜੀ ਜੋ ਆਸਨ ਵਾਂਗੂ ਵਰਤੀ ਜਾਂਦੀ ਹੈ। ਯੂਪ=ਥੰਮ। ਚਮਸਾ=ਲਕੜ ਦਾ ਚਿਮਚਾ, ਸਰੇਵਾ। ਮੁਸਲ=ਮੋਹਲਾ।

੧, ਹੰਕਾਰ ਲੋਕਾਂ ਤੋਂ ਪੁਛਣ ਲਗਾ-ਇਹ ਪਵਿਤਰ ਆਸ਼ਰਮ ਕਿਸ ਦਾ ਹੈ ? ਅਤੇ ਦਰਵਾਜ਼ਿਆਂ ਦੇ ਕੋਲ (ਥੜਿਆਂ) ਉਤੇ ਵਾਂਸ ਕਿਉਂ ਗਡਾਏ (ਹੋਏ ਹਨ ? ਮੈਨੂੰ ਤਾਂ ਇਉਂ ਮਲੂਮ ਹੁੰਦਾ ਹੈ ਕਿ) ੨. ਮਾਨੋ ਉਹ ਆਪ ਇਨ੍ਹਾਂ (ਵਾਂਸਾਂ) ਉਤੇ ਚੜ੍ਹ ਕੇ ਨਚਦਾ ਹੈ, (ਇਸ ਦੇ ਕਹਿਣ ਦਾ ਭਾਵ ਇਹ ਹੈ ਕਿ ਹੰਗਾਰ ਨੇ ਉਸ ਆਸ਼ਰਮ ਦੇ ਅਧਿਸ਼ਠਾਤਾ ਨੂੰ ਬਾਂਦਰ ਸੂਚਨ ਕਰ ਦਿਤਾ ਹੈ,ਫੇਰ) ਚਿਟੇ ਕਪੜਿਆਂ ਦੇ ਹਜ਼ਾਰਾਂ ਹੀ ਝੁੰਡ ਤਨਾਏ ਹੋਏ ਹਨ। ੩. ਇਧਰ ਕਾਲੇ ਹਰਨ ਦੀ ਮ੍ਰਿਗਛਾਲਾ ਥੰਮ ਤੇ ਸਿਲਾ ਪਈ ਹੋਈ ਹੈ ਅਤੇ ਉਧਰ ਬਹੁਤ ਤਰ੍ਹਾਂ ਦੇ ਸਰੇਵੇ ਸੋਭਾ ਪਾ ਰਹੇ ਹਨ। ੪. ਇਕ ਪਾਸੇ ਮੋਹਲਾ ਤੇ ਉਖਲ (ਵਟਾ ਤੇ ਚੱਟੂ) ਪਿਆ ਹੋਇਆ ਹੈ ਅਤੇ ਦੂਜੇ ਪਾਸੇ ਕੇਸਰ ਨਾਲ ਚਿਤਾਰੇ ਹੋਏ ਘੜੇ ਬਣਾ ਸੁਆਰ ਕੇ ਰਖੇ ਹੋਏ ਹਨ ॥ ੧੮ ॥

**ਸਵੈਯਾ॥**

**੧. ਘ੍ਰਿਤ ਹੋਮ ਸੁਗੰਧ ਸੁ ਧੂਮ ਬਡੋ ਤਿਨ ਸ਼ਯਾਮ ਸਭੋ ਨਭ ਮੰਡਲ ਕੀਨੋ॥**
**੨. ਯਹਿ ਗੰਗ ਸਮੀਪ ਸੁ ਆਸ਼੍ਰਮ ਹੈ ਪਿਖ ਮੋਹਿ ਸਭੇ ਸ਼੍ਰਮ ਹੋਵਤ ਖੀਨੋ॥**
**੩. ਗ੍ਰਿਹਿ ਮਧਯ ਬਡੋ ਧਰਮਾਤਮ ਕੋ ਤਿਨ ਕੋ ਯਹ ਆਸ਼੍ਰਮ ਆਹਿ ਨਵੀਨੋ॥**
**੪. ਸੁ ਭਲੋ ਇਹ ਆਸ਼੍ਰਮ ਪਾਵਨ ਹੈ ਦਿਨ ਦੋਇ ਸੁ ਤੀਨ ਨਿਵਾਸ ਸੁਖੀਨੋ।੧੯।**

੧. ਘਿਉ ਤੇ ਸੁਗੰਧੀ (ਵਾਲੇ ਪਦਾਰਥਾਂ ਦਾ ਇਥੇ) ਹੋਮ ਹੁੰਦਾ ਹੈ ਉਸ ਤੋਂ ਬਹੁਤ ਧੂੰਆਂ (ਉਠਦਾ ਹੈ) ਉਸ ਧੂੰਏਂ ਨੇ ਸਾਰੇ ਅਕਾਸ਼ ਨੂੰ ਕਾਲਾ ਕਰ ਦਿਤਾ ਹੈ। ੨. ਗੰਗਾ ਦੇ ਕੋਲ ਹੀ ਇਹ ਸੁੰਦਰ ਆਸ਼ਰਮ ਹੈ, (ਜਿਸ ਨੂੰ) ਵੇਖਦਿਆਂ ਹੀ ਮੇਰਾ ਸਾਰਾ ਥਕੇਵਾਂ ਨਸ਼ਟ ਹੋ ਗਿਆ ਹੈ। ੩. ਗ੍ਰਿਹਸਥ ਵਿਚ ਹੀ ਕੋਈ ਵਡਾ ਧਰਮਾਤਮਾ ਹੈ, ਉਸ ਦਾ ਹੀ ਨਵਾਂ ਆਸ਼ਰਮ ਮਲੂਮ ਹੁੰਦਾ ਹੈ। ੪. ਇਹ ਆਸ਼ਰਮ ਬੜਾ ਚੰਗਾ ਤੇ ਪਵਿਤਰ ਹੈ, ਇਥੇ ਦੋ ਤਿੰਨ ਦਿਨ ਨਿਵਾਸ ਕਰਕੇ ਸੁਖ (ਨੂੰ ਪ੍ਰਾਪਤ ਕਰਾਂ ਅਰਥਾਤ ਹੰਕਾਰ ਨੇ ਵਿਚਾਰ ਕੀਤਾ-ਇਕ ਤਾਂ ਇਥੇ ਹਰ ਵੇਲੇ ਹੋਮ ਹੁੰਦਾ ਰਹਿੰਦਾ ਹੈ, ਇਸ ਲਈ ਵਾਯੂ ਮੰਡਲ ਸਵਛ ਹੈ, ਦੂਜਾ ਗੰਗਾ ਭੀ ਨੇੜੇ ਹੈ, ਰਮਣੀਕ ਨਜ਼ਾਰਾ ਹੈ

Sri Satguru Jagjit Singh Ji Elibrary NamdhariElibrary@gmail.com

ਜਿਸਨੂੰ ਵੇਖਦੇ ਹੀ ਮਨ ਮੋਹਿਆ ਗਿਆ ਹੈ,ਤੀਜੇ ਇਹ ਕਿਸੇ ਧਰਮਾਤਮਾ ਗ੍ਰਿਹਸਥੀ ਦਾ ਘਰ ਮਲੂਮ ਹੁੰਦਾ ਹੈ ਇਥੇ ਅਤਿਥੂ ਦਾ ਸਤਿਕਾਰ ਭੀ ਪੂਰਾ ਪੂਰਾ ਹੋਣ ਦੀ ਸੰਭਾਵਨਾ ਹੈ, ਚੌਥਾ ਜਗ੍ਹਾ ਬੜੀ ਸਾਫ ਸੁਥਰੀ ਤੇ ਰਮਣੀਕ ਹੈ, ਇਨ੍ਹਾਂ ਕਾਰਨਾਂ ਕਰਕੇ ਮੈਂ ਦੋ ਤਿੰਨ ਦਿਨ ਇਥੇ ਠਹਿਰ ਜਾਵਾਂ, ਤਦ ਮੈਨੂੰ ਸੁਖ ਹੀ ਮਿਲੇਗਾ) ॥ ੧੯ ॥

**ਦੋਹਰਾ–੧. ਐਸੇ ਧਾਰ ਹੰਕਾਰ ਉਰ, ਬਰਜੋ ਚਹੇ ਤਿਂਹ ਮਾਂਹਿ ॥**

**੨. ਪੁਰਖ ਨਿਹਾਰਿਓ ਏਕ ਤਿਨ, ਰੂਪ ਸੁਨੀਜੇ ਤਾਂਹਿ ॥ ੨੦ ॥**

੧. ਮਨ ਵਿਚ ਇਸ ਤਰ੍ਹਾਂ ਦੀ ਇਛਾ ਧਾਰ ਕੇ ਹੰਕਾਰ ਉਸ (ਆਸ਼ਰਮ) ਵਿਚ ਵੜਿਆ ਹੀ ਚਾਹੁੰਦਾ ਸੀ। ੨. ਜਾਂ ਉਸ ਨੇ ਇਕ ਆਦਮੀ (ਨੂੰ ਆਸ਼ਰਮ ਦੇ ਅੰਦਰ ਬੈਠਾ) ਵੇਖ ਲਿਆ, ਉਸ ਪੁਰਖ ਦੇ (ਰੂਪ ਦਾ ਮੈਂ ਵਰਣਨ ਕਰਦਾ ਹਾਂ, ਤੁਸੀਂ ਸਾਰੇ ਧਿਆਨ ਦੇ ਕੇ) ਸੁਣੋ ॥ ੨੦ ॥

**ਸਵੈਯਾ ॥**

**੧. ਮ੍ਰਿਦ ਲਾਂਛਤ ਤਾਂ ਤਨ ਸੁੰਦਰ ਹੈ ਪੁਨ ਭਾਲ ਬਿਖੇ ਘਸ ਚੰਦਨ ਲਾਏ ॥**
**੨. ਭੁਜ ਔ ਉਦਰੇ ਉਰ ਕੰਠ ਉਰੂ ਪੁਨ ਓਠਨ ਚੰਦਨ ਟੀਕ ਬਨਾਏ ॥**
**੩. ਦ੍ਰਿਗ ਜਾਨੁ ਕਪੋਲ ਸੁ ਪੀਠ ਵਿਖੇ ਚਿਬੁਕੇ ਬਹੁ ਚੰਦਨ ਟੀਕ ਸੁਹਾਏ ॥**
**੪. ਕੁਸ ਚੂੜ ਕਟੇ ਕਰ ਕਾਨਨ ਮੇ ਸੁ ਮਨੋ ਯਹਿ ਦੰਭ ਇਸੋ ਚਮਕਾਏ ॥ ੨੧ ॥**

ਮ੍ਰਿਦ=ਕੋਮਲ । ਲਾਂਛਤ=ਚਿਤ੍ਰਕਾਰੀ ਕੀਤਾ ਹੋਇਆ । ਭਾਲ=ਮਥਾ । ਭੁਜ=ਬਾਂਹ। ਉਦਰੇ=ਢਿਡ ਵਿਚ । ਕੰਠ=ਗਰਦਨ । ਉਰੂ=ਛਾਤੀ । ਓਠਨ=ਹੋਠਾਂ, ਬੁਲ੍ਹਾਂ। ਦ੍ਰਿਗ= ਅਖਾਂ। ਜਾਨੁ=ਗੋਡੇ। ਕਪੋਲ=ਗੱਲ੍ਹਾਂ। ਚਿਬਕੇ=ਠੋਡੀ। ਚੂੜ=ਬੋਦੀ।

੧. ਉਸ ਦਾ ਸੁੰਦਰ ਤੇ ਕੋਮਲ ਸਰੀਰ ਚਿਤ੍ਰਕਾਰੀ ਕੀਤਾ ਹੋਇਆ ਹੈ ਅਤੇ ਚੰਦਨ ਘਸਾ ਕੇ ਮਥੇ ਉਤੇ ਲਾਇਆ ਹੋਇਆ ਹੈ। ੨. ਬਾਹਾਂ, ਢਿਡ, ਛਾਤੀ, ਗਿਚੀ, ਪਟ ਤੇ ਹੋਠਾਂ ਉਤੇ ਚੰਦਨ ਦੇ ਟਿਕੇ ਲਾਏ ਹੋਏ ਹਨ। ੩. ਅਖਾਂ, ਗੋਡੇ, ਗੱਲ੍ਹਾਂ, ਪਿਠ ਤੇ ਠੋਡੀ ਉਤੇ ਭੀ ਚੰਦਨ ਦੇ ਬਹੁਤ ਟਿਕੇ ਸੋਭਾ ਪਾ ਰਹੇ ਹਨ। ੪. ਬੋਦੀ, ਹਥ, ਲੱਕ ਤੇ ਕੰਨਾਂ ਵਿਚ ਦਭ ਦੇ ਕੜੇ (ਸੋਭਦੇ ਸਨ, ਇਹ ਮਲੂਮ ਹੁੰਦਾ ਹੈ ਕਿ) ਮਾਨੋ ਏਹੋ ਦੰਭ ਹੈ, ਜੋ ਇਸ ਤਰ੍ਹਾਂ ਆਪਣੇ ਰੂਪ ਨੂੰ ਚਮਕਾ ਰਿਹਾ ਹੈ ॥ ੨੧ ॥

ਨੋਟ–ਵੈਸ਼ਨਵਾਂ ਦੇ ਬਾਰਾਂ ਤਿਲਕ ਹੁੰਦੇ ਹਨ, ਜਿਨ੍ਹਾਂ ਦੇ ਸਥਾਨਾਂ ਦਾ ਇਥੇ ਵਰਣਨ ਕੀਤਾ ਹੈ, ਪਰ 'ਗਿਆਨ ਰਤਨ ਮਾਲਾ' (ਵਾਰਾਂ ਭਾਈ ਗੁਰਦਾਸ ਸਟੀਕ) ਲੜੀ ਸਤਵੀਂ ਦੇ ਬਾਰ੍ਹਵੇਂ ਮਣਕੇ ਦੀ 'ਦ੍ਵਾਦਸ ਤਿਲਕ ਮਿਟਾਇਕੇ...' ਤੁਕ ਦੀ ਵਿਆਖਿਆ ਵਿਚ ਪੂਰਾ ਪੂਰਾ ਵਰਣਨ ਕੀਤਾ ਹੈ,ਉਥੇ ਵੇਖਣ ਦੀ ਕ੍ਰਿਪਾ ਕਰੋ।

**ਸਵੈਯਾ ॥**

**੧. ਸੁ ਭਲੇ ਅਬ ਯਾਹਿ ਸਮੀਪ ਚਲੋਂ ਇਮ ਧਾਰ ਚਲੇ ਮਨ ਸੁਖ ਘਨੇਰੇ ॥**
**੨. ਢਿਗ ਜਾਇ ਉਠਾਇ ਭਲੇ ਕਰ ਕੋ, ਮੁਖ ਏਹੁ ਕਹੀ ਕਲਯਾਣ ਸੁ ਤੇਰੇ ॥**
**੩. ਪੁਨ ਦੰਭ ਹੁੰਕਾਰ ਕੀਉ ਮੁਖ ਤੇ ਇਮ ਵਾਰਤ ਹੈ ਨਹਿ ਆਉ ਸੁ ਨੇਰੇ ॥**
**੪. ਇਤਨੇ ਮਹਿ ਆਇ ਗਯੋ ਬਟੁ ਬਾਲਕ ਬਾਮਨ ਵਾਕ ਸੁਣੋ ਤੁਮ ਮੇਰੇ ॥੨੨॥**

ਹੁੰਕਾਰ=ਹੂੰ ਹੂੰ ਕਰਨਾ। ਵਾਰਤ=ਵਰਜਦਾ, ਮਨ੍ਹਾ ਕਰਦਾ । ਬਟੁ ਬਾਲਕ=ਬ੍ਰਹਮਚਾਰੀ ਲੜਕਾ, ਵਿਦਿਆਰਥੀ ਮੁੰਡਾ।

Sri Satguru Jagjit Singh Ji Elibrary NamdhariElibrary@gmail.com

੧. ਇਸ ਤਰ੍ਹਾਂ ਨਾਲ ਬਹੁਤੇ ਸੁਖ ਦੀ ਇਛਾ ਧਾਰ ਕੇ ਤੁਰੇ ਜਾਂਦੇ (ਹੰਕਾਰ ਨੇ) ਮਨ ਵਿਚ ਕਿਹਾ– ਚੰਗਾ ! ਹੁਣ ਇਸ ਕੋਲ ਚਲਾਂ। ੨. ਕੋਲ ਜਾ ਕੇ ਤੇ ਹੱਥ ਨੂੰ ਖੜਾ ਕਰਕੇ (ਹੰਕਾਰ ਨੇ ਮੂੰਹੋਂ) ਇਹ ਗੱਲ ਸੁਣ ਕੇ ਅਗੋਂ ਫੇਰ ੩. ਦੰਭ ਨੇ ਮੂੰਹ ਤੋਂ ਹੂੰ ਹੂੰ ਦੀ (ਆਵਾਜ਼) ਕੀਤੀ, (ਜਿਸ ਤੋਂ) ਇਸ ਤਰ੍ਹਾਂ ਮਲੂਮ ਹੁੰਦਾ ਸੀ, ਕਿ ਮਨ੍ਹਾਂ ਕਰਦਾ ਹੈ, (ਜੋ ਮੇਰੇ) ਨੇੜੇ ਨਾ ਆਓ। ੪. ਏਨੇ ਚਿਰ ਵਿਚ (ਦੰਭ ਦਾ) ਵਿਦਿਆਰਥੀ ਮੁੰਡਾ ਆ ਗਿਆ। (ਅਤੇ ਉਸ ਨੇ ਹੰਕਾਰ ਨੂੰ ਕਿਹਾ) ਬ੍ਰਾਹਮਣ ! ਤੂੰ ਮੇਰੇ ਬਚਨ ਧਿਆਨ ਦੇ ਕੇ ਸੁਣ ॥ ੨੨ ॥

**ਸਵੈਯਾ ॥**

**੧. ਦੂਰਹਿ ਠਾਢ ਰਹੋ ਦਿਜ ਜੂ, ਇਹ ਆਸ੍ਰਮ ਕੀ ਗਤਿ ਤੋਹਿ ਨ ਜਾਨੀ ॥**
**੨. ਪਾਦ ਪਖਾਲਨ ਆਪ ਕਰੋ, ਕਰ ਭੀਤਰ ਊਜਲ ਲੇਹੁ ਸੁ ਪਾਨੀ ॥**
**੩. ਤੋ ਇਹ ਆਸ੍ਰਮ ਪਾਉ ਧਰੋ, ਇਮ ਕੋ ਨ ਬਰੇ ਬਟੁ ਏਹੁ ਬਖਾਨੀ ॥**
**੪. ਕ੍ਰੋਧ ਭਯੋ ਸੁ ਹੰਕਾਰ ਬਡੋ, ਇਹਭਾਂਤਿ ਸੁਣੀ ਬਟੁਕੀ ਜਬ ਕੀ ਜਬਬਾਨੀ॥੨੩॥**

ਗਤਿ=ਮਰਯਾਦਾ। ਪਖਾਲਨ=ਧੋਣਾ। ਊਜਲ=ਸਾਫ-ਸੁਥਰਾ ਭਾਵ ਸੁਚਾ।

੧. ਉਸ ਵਿਦਿਆਰਥੀ ਮੁੰਡੇ ਨੇ ਹੰਕਾਰ ਨੂੰ ਕਿਹਾ–ਹੇ ਬ੍ਰਾਹਮਣ ਦੇਵਤਾ ਜੀ ! ਦੂਰ ਹੀ ਖੜੇ ਰਹੋ, ਕਿਉਂਕਿ ਇਸ ਆਸ਼ਰਮ ਦੀ ਮਰਯਾਦਾ ਤੁਸਾਂ ਨਹੀਂ ਜਾਣੀ। ੨. ਪਹਿਲੇ ਹੱਥ ਵਿਚ ਸੁਚਾ ਪਾਣੀ ਲਵੋ ਅਤੇ ਆਪਣੇ ਪੈਰਾਂ ਨੂੰ ਧੋ ਕੇ (ਸ਼ੁਧ ਪਵਿਤ੍ਰ) ਕਰ ਲਵੋ। ੩. ਤਦ ਇਸ ਆਸ਼ਰਮ ਅੰਦਰ ਪੈਰ ਪਾਓ, ਇਸ ਤਰ੍ਹਾਂ (ਬਾਹਰੋਂ ਤੁਰੇ ਆਉਂਦਿਆਂ ਇਸ ਆਸ਼ਰਮ ਵਿਚ) ਕੋਈ ਨਹੀਂ ਅੰਦਰ ਆ ਸਕਦਾ, ਵਿਦਿਆਰਥੀ (ਮੁੰਡੇ ਨੇ) ਇਹ ਗੱਲ ਕਹੀ। ੪. ਜਦ ਵਿਦਿਆਰਥੀ ਪਾਸੋਂ ਇਸ ਤਰ੍ਹਾਂ ਬਾਣੀ ਸੁਣੀ ਤਾਂ ਹੰਕਾਰ ਨੂੰ ਬੜਾ ਭਾਰਾ ਕ੍ਰੋਧ ਹੋ ਗਿਆ (ਅਤੇ ਕਹਿਣ ਲਗਾ) ॥ ੨੩ ॥

ਹੰਕਾਰ ਉਵਾਚ ॥

**ਸਵੈਯਾ ॥**

**੧. ਹਾ ਬਿਧ ਕੌਨ ਕੁਦੇਸ ਅਏ ਜਿਹ ਦੇਸਨ ਯਾ ਬਿਧਿ ਲੋਕ ਬਸੇ ਹੈ ॥**
**੨. ਕੋਵਿਦ ਲੋਕ ਪ੍ਰਸਿਧ ਬਡੋ ਹਮ ਸੇ ਜਿਨ ਦੇਸਨ ਆਥਿਤ ਐਹੈ ॥**
**੩. ਆਸਨ ਪਾਦ ਜਲੰ ਅਰਘਾ ਤਿਨਕੇ ਹਿਤ ਨ ਗਿਰਹੀ ਪੁਨ ਲੈ ਹੈ ॥**
**੪. ਨਾਹਿ ਛੁਹੇ ਜਲ ਮੰਡਲ ਕੋ ਹਮ ਔਰ ਸੁਦੇਸਹਿ ਜਾਹਿ ਬਸੈ ਹੈ ॥੨੪॥**

੧. ਹੰਕਾਰ ਨੇ ਕਿਹਾ–ਹੇ ਬਿਧਾਤਾ ! ਮੈਂ ਕਿਹੜੇ ਬੁਰੇ ਦੇਸ ਵਿਚ ਆ ਗਿਆ ਹਾਂ ? ਜਿਸ ਵਿਚ ਇਸ ਤਰ੍ਹਾਂ (ਦੇ ਪਾਪੀ) ਲੋਕ ਵੱਸਦੇ ਹਨ। ੨. ਮੇਰੇ ਵਰਗੇ ਜਗਤ ਪ੍ਰਸਿਧ ਵਡੇ ਭਾਰੇ ਪੰਡਿਤ ਜਿਸ ਦੇਸ ਵਿਚ ਅਤਿੱਥੁ ਆਉਂਦੇ ਹਨ। ੩. ਗ੍ਰਹਸਥੀ ਲੋਕ ਉਨ੍ਹਾਂ ਦੇ (ਬੈਠਣ) ਵਾਸਤੇ ਆਸਣ ਅਤੇ ਪੈਰ ਧੋਣ ਵਾਸਤੇ ਜਲ ਦਾ ਅਰਘਾ ਨਹੀਂ ਲੈਂਦੇ, (ਇਸ ਕਹਿਣ ਦਾ ਭਾਵ ਇਹ ਹੈ ਕਿ ਇਸ ਦੇਸ ਦੇ ਗ੍ਰਹਸਥੀ ਬੜੇ ਅਭਿਮਾਨੀ ਤੇ ਸ਼ਾਸਤ੍ਰ ਮਰਯਾਦਾ ਤੋਂ ਉਲਟ ਚਲਣ ਵਾਲੇ ਹਨ, ਕਿਉਂਕਿ ਸ਼ਾਸਤਰ ਵਿਚ ਲਿਖਿਆ ਹੈ ਕਿ ਭੋਜਨ ਦੇ ਵੇਲੇ ਗ੍ਰਹਸਥੀ ਦੇ ਘਰ ਵਿਚ ਚੰਡਾਲ ਭੀ ਆ ਜਾਵੇ ਤਾਂ ਉਸਨੂੰ ਵਿਸ਼ਨੂੰ ਰੂਪ ਸਮਝ ਕੇ, ਉਸਦੀ ਤਨ ਮਨ ਕਰਕੇ ਸੇਵਾ ਸਤਿਕਾਰ ਕਰੇ, ਪਰ ਇਹ ਐਸੇ ਅਭਿਮਾਨੀ ਹਨ, ਜੋ ਮੇਰੇ ਵਰਗੇ ਜਗਤ ਪ੍ਰਸਿਧ ਮਹਾਂ ਵਿਦਵਾਨ ਪੰਡਿਤ ਦੇ ਆਇਆਂ ਭੀ ਆਦਰ ਸਤਿਕਾਰ ਨਹੀਂ ਕਰਦੇ। ਇਸ ਲਈ–੪. ਅਸੀਂ ਭੀ ਇਨ੍ਹਾਂ ਜਲ ਦੇ ਕਮੰਡਲ ਨੂੰ ਨਹੀਂ

Sri Satguru Jagjit Singh Ji Elibrary NamdhariElibrary@gmail.com

ਛੱਡਦੇ ਅਤੇ ਅਗੇ ਕਿਸੇ ਹੋਰ ਚੰਗੇ ਦੇਸ਼ ਵਿਚ ਜਾ ਕੇ ਨਿਵਾਸ ਕਰਾਂਗੇ ਇਨ੍ਹਾਂ ਅਭਿਮਾਨੀ ਪੁਰਸ਼ਾਂ ਦੇ ਕੋਲ ਰਹਿਣ ਦੀ ਸਾਨੂੰ ਕੋਈ ਲੋੜ ਨਹੀਂ ਹੈ) ॥ ੨੪ ॥

ਕਵਿ ਉਵਾਚ ॥

**ਦੋਹਰਾ—੧. ਕਰ ਕੀ ਸੈਨੀ ਦੰਭ ਕਰ, ਕੀਨੋ ਤਾ ਅਸ੍ਵਾਸ ॥**
**੨. ਇਹ ਜਨਾਵਤ ਥਿਰ ਰਹੋ, ਕਾਹੇ ਭਏ ਉਦਾਸ ॥ ੨੫ ॥**

ਸੈਨੀ=ਇਸ਼ਾਰਾ। ਅਸ੍ਵਾਸ=ਸਤਿਕਾਰ।

ਗ੍ਰੰਥ ਕਰਤਾ ਜੀ ਕਹਿੰਦੇ ਹਨ-(ਜਦ ਹੰਕਾਰ ਕ੍ਰੋਧ ਕਰਕੇ ਉਥੋਂ ਤੁਰਨ ਲਗਾ, ਤਦ)-੧. ਦੰਭ ਨੇ ਹੱਥ ਦਾ ਇਸ਼ਾਰਾ ਕਰਕੇ, ਉਸ ਦਾ ਆਦਰ ਸਤਿਕਾਰ ਕੀਤਾ ਅਤੇ ੨. ਇਹ ਜਣਾ ਦਿਤਾ, ਖੜਾ ਰਹੋ, ਉਦਾਸ ਕਿਉਂ ਹੋ ਗਿਆ ਹੈਂ ? ॥ ੨੫ ॥

**ਸਵੈਯਾ ॥**

**੧. ਤਬ ਬੋਲ ਬਟੂ ਮੁਖ ਏਹੁ ਕਹੀ, ਗੁਰ ਯਾ ਬਿਧ ਤੇ ਦਿਜ ਕੌਨ ਬਖਾਨਾ ॥**
**੨. ਭਯੋ ਤਵ ਆਗਮ ਦੂਰਹਿ ਤੇ, ਹਮ ਨਾਂ ਕੁਲ ਸ਼ੀਲ ਸੁ ਤੋਹਿ ਪਛਾਨਾ ॥**
**੩. ਸੁਨਕੈ ਇਹ ਬਾਤ ਹੰਕਾਰ ਬਲੀ, ਮੁਖ ਭਾਖਤ ਹੈ ਉਰ ਮੈ ਖੁਨਸਾਨਾ ॥**
**੪. ਹਮਰੇ ਕੁਲ ਸ਼ੀਲ ਪਰੀਖਨ ਕੋ,ਅਬ ਲਾਇਕ ਮੂਢ ਸੁ ਤੋਹਿ ਪ੍ਰਮਾਨਾ॥੨੬॥**

ਆਗਮ=ਆਉਣਾ। ਸੀਲ=ਸੁਭਾਵ। ਖੁਨਸਾਨਾ=ਕ੍ਰੋਧ ਕੀਤਾ। ਪਰੀਖਨ=ਪਰਖਨ ਵਾਸਤੇ।

੧. ਉਸ ਵੇਲੇ ਦੰਭ ਦੇ ਸੇਵਕ ਵਿਦਿਆਰਥੀ ਨੇ ਮੂੰਹੋਂ ਇਹ ਗੱਲ ਕਹੀ-ਹੇ ਬ੍ਰਹਮਣ ਦੇਵਤਾ! ਮੇਰੇ ਗੁਰੂ ਨੇ ਇਸ਼ਾਰੇ ਨਾਲ ਤੈਨੂੰ ਇਹ ਗੱਲ ਕਹੀ ਹੈ। ੨. ਦੂਰ ਦੇਸ ਤੋਂ ਤੇਰਾ ਆਉਣਾ ਹੋਇਆ ਹੈ, ਅਸਾਂ ਤੇਰੀ ਕੁਲ ਤੇ ਤੇਰੇ ਸੁਭਾਵ ਨੂੰ ਪਛਾਣਿਆ ਨਹੀਂ ਹੈ ਸਾਨੂੰ ਕੀ ਪਤਾ ਜੋ ਤੇਰੀ ਕੁਲ ਨੀਚ ਹੋਵੇ। ੩. ਹੰਕਾਰ ਬਲੀ ਨੇ (ਵਿਦਿਆਰਥੀ ਦੀ) ਇਹ ਗੱਲ ਸੁਣ ਕੇ ਹਿਰਦੇ ਵਿਚ ਕ੍ਰੋਧ ਕੀਤਾ ਤੇ ਮੂੰਹੋਂ ਇਹ ਆਖਿਆ। ੪. ਮੂਰਖਾ ਸਾਡੀ ਕੁਲ ਤੇ ਸੁਭਾਵ ਦੇ ਪਰਖਣ ਵਾਸਤੇ [ਇਕ] ਹੁਣ ਤੂੰਹੀ ਲਾਇਕ ਜਾਣਿਆ ਗਿਆ ਹੈਂ ? ਧਿਆਨ ਦੇ ਕੇ ਸੁਣ, ਮੈਂ ਤੈਨੂੰ ਆਪਣੀ ਕੁਲ ਦਾ ਪਤਾ ਦਸਦਾ ਹਾਂ ॥ ੨੬ ॥

**ਦੋਹਰਾ—੧. ਸੁਣ ਮੂਰਖ ਅਬ ਤੈਂ ਕਹੋ, ਗੌੜ ਪ੍ਰਸਿੱਧ ਸੁ ਦੇਸ ॥**
**੨. ਰਾਢਾ ਪੁਰੀ ਪ੍ਰਸਿੱਧ ਹੈ, ਪੇਖਤ ਹਰੇ ਕਲੇਸ ॥ ੨੭ ॥**

੧. ਹੇ ਮੂਰਖ! ਸੁਣ, ਮੈਂ ਤੈਨੂੰ [ਆਪਣੇ ਦੇਸ ਕੁਲ ਦਾ ਪਤਾ] ਦਸਦਾ ਹਾਂ, 'ਗੌੜ' [ਨਾਮ ਵਾਲਾ ਇਕ] ਵਡਾ ਪ੍ਰਸਿਧ ਦੇਸ ਹੈ। ੨. 'ਰਾਢਾ- ਪੁਰੀ' [ਉਸ ਦੇਸ ਵਿਚ ਬੜੀ] ਮਸ਼ਹੂਰ ਹੈ, ਜਿਸ ਨੂੰ ਵੇਖਦਿਆਂ ਹੀ ਦੁਖ ਦੂਰ ਹੋ ਜਾਂਦੇ ਹਨ ॥ ੨੭ ॥

**ਕਬਿੱਤ—੧. ਭੂਰ ਸ੍ਰੇਸ਼ਟ ਨਾਮ ਤਾਹਿ ਮੈ ਪ੍ਰਸਿਧ ਧਾਮ ਤਾਂਹਿ,**
**ਪਿਤ ਤਾਤ ਮਮ ਲੋਕ ਮੈ ਬਖਾਨੇ ਹੈ ॥**
**੨. ਤਾਂਹਿ ਕੇ ਸਪੂਤ ਹੈ ਸੁ ਪੂਤ ਔ ਕੁਲੀਨ ਬਡੇ,**
**ਦੇਸਨ ਪ੍ਰਸਿਧ ਲੋਕ ਲੋਕ ਮਾਹਿ ਜਾਨੇ ਹੈ ॥**

Sri Satguru Jagjit Singh Ji Elibrary NamdhariElibrary@gmail.com

**੩. ਤਿਨ ਮੈ ਵਿਵੇਕ ਵਿਨਯ ਧੀਰਜ ਅਚਾਰ ਸ਼ੀਲ,**
**ਪ੍ਰਗਟ ਉਦਾਰ ਮਮ ਕੋਵਿਤ ਪ੍ਰਭਾਨੇ ਹੈ॥**
**੪. ਸੋਈ ਹਮ ਆਏ ਬਿਧਿ ਲੋਕ ਕਿਧੋ ਨਏ ਭਏ,**
**ਭਯੋ ਸੁ ਅਚੰਭ ਜਨ ਮੋਹਿ ਨ ਪਛਾਨੇ ਹੈ॥ ੨੮॥**

੧. ਉਸ (ਰਾਢਾ ਪੁਰੀ) ਵਿਚ 'ਭੂਰ ਸਰੇਸ਼ਟ' ਨਾਮ ਵਾਲਾ ਇਕ ਬੜਾ ਪ੍ਰਸਿਧ ਟਿਕਾਨਾ (ਮਹੱਲਾ) ਹੈ, ਉਸ ਦਾ ਸੁਾਮੀ ਮੇਰਾ ਪਿਤਾ ਹੈ, ਇਹ ਗੱਲ ਲੋਕਾਂ ਵਿਚ ਕਹੀ ਜਾਂਦੀ ਹੈ। (ਇਸ ਕਥਨ ਦਾ ਭਾਵ ਇਹ ਹੈ ਕਿ ਸਥੂਲ ਸਰੀਰ 'ਗੌੜ' ਦੇਸ ਹੈ, ਅੰਤਹਕਰਣ ਰਾਢਾਪੁਰੀ' ਹੈ,ਅੰਤਹਕਰਣ ਦੀ ਰਜੋ ਗੁਣੀ ਬ੍ਰਿਤੀ ਭੂਰ ਸ੍ਰੇਸ਼ਟ ਨਾਮ ਦਾ ਮਹੱਲਾ ਹੈ ਅਤੇ ਉਸਦਾ ਸੁਾਮੀ ਸੰਕਲਪ ਵਿਕਲਪ ਰੂਪ ਬਿਰਤੀ ਹੈ, ਉਸੇ ਦਾ ਨਾਮ ਮਨ ਹੈ,ਅਗੋ ਮਨ ਦਾ ਪੁਤ੍ਰ ਹੀ ਹੰਕਾਰ ਹੈ) ਉਸ ਦੇ ਹੋਰ ਸਾਰੇ ਜੋ ਪੁਤਰ ਹਨ, ਉਹ ਸਾਰੇ ਹੀ ਸਪੁਤ੍ਰ ਅਤੇ ਵਡੇ ਕੁਲੀਨ ਹਨ, ਸਾਰੇ ਦੇਸ਼ਾਂ ਵਿਚ ਪ੍ਰਸਿਧ ਤੇ ਲੋਕ ਲੋਕ ਵਿਚ ਮਸ਼ਹੂਰ ਹਨ। ੩. ਉਨ੍ਹਾਂ ਸਾਰਿਆਂ ਵਿਚੋਂ ਵਿਚਾਰਵਾਨ, ਨਿਮਰਤਾ ਵਾਲਾ, ਧੀਰਜ ਵਾਲਾ, ਸੁਭ ਕਰਮ ਕਰਨ ਵਾਲਾ ਤੇ ਧਰਮੀ ਉਦਾਰ ਅਤੇ ਵਿਦਵਾਨ ਤੇ ਪ੍ਰਗਟ (ਪੁਰਸ਼) ਮੈਂ ਹੀ ਸਭਨਾਂ ਵਿਚ ਰੋਸ਼ਨ ਹਾਂ। ੪. ਉਹੀ ਮੈਂ ਆਪ (ਇਥੇ) ਆਇਆ ਹਾਂ, ਹੇ ਰਬਾ! ਹੇ ਰੱਬਾ! ਇਹ ਲੋਕ ਕੋਈ ਨਵੇਂ ਪੈਦਾ ਹੋਏ ਹਨ, (ਕਿਉਂਕਿ ਮੈਨੂੰ ਇਨ੍ਹਾਂ ਦੀ ਗੱਲ ਸੁਣ ਕੇ ਅਚੰਭਾ ਹੋ ਰਿਹਾ ਹੈ, ਕਿ ਇਹ ਕਿਹੜੇ ਬੰਦੇ ਹਨ, ਜੋ ਮੈਨੂੰ ਪਛਾਣਦੇ ਨਹੀਂ ਹਨ॥ ੨੮॥

**ਦੋਹਰਾ—੧. ਸੁਨਤ ਬਾਤ ਪੁਨ ਦੰਭ ਯਹ, ਬਟੁ ਕੀ ਓਰ ਨਿਹਾਰ॥**
**੨. ਸੈਨਨ ਹੀ ਸਮਝਾਇਓ, ਦੇਹੁ ਪਾਦ ਹਿਤ ਵਾਰ॥ ੨੯॥**

੧. (ਹੰਕਾਰ ਦੀ) ਇਹ ਗੱਲ ਸੁਣਦਿਆਂ ਹੀ ਦੰਭ ਨੇ ਆਪਣੇ ਸੇਵਕ ਵਲ ਵੇਖਿਆ। ੨. ਅਤੇ, ਅੱਖ ਦੇ ਇਸ਼ਾਰੇ ਨਾਲ ਹੀ ਸਮਝਾ ਦਿਤਾ, (ਕਿ ਇਸ ਨੂੰ) ਪੈਰ ਧੋਣ ਵਾਸਤੇ ਪਾਣੀ ਦੇ ਦੇਹੁ, (ਤਾਂ ਕਿ ਇਹ ਪੈਰ ਧੋ ਲਵੇ)॥ ੨੯॥

**ਸਵੈਯਾ॥**

**੧. ਤ੍ਰਾਮ ਘਟੀ ਬਟੁ ਲੇ ਕਰ ਮੈ ਪੁਨ ਉੱਜਲ ਵਾਰਿ ਸੁ ਪੂਰ ਲਿਆਯੋ॥**
**੨. ਤ੍ਰਾਮ ਘਟੀ ਕਰ ਲੇ ਭਗਵੰਤ ਕਰੋ ਖਯਾਲਨ ਏਹੁ ਅਲਾਯੋ॥**
**੩. ਹੰਕਾਰ ਕਹਯੋ ਹਮ ਏਵ ਕਰੋਂ ਜਗ ਕਾਹੂੰ ਕੋ ਨਾਹਿ ਬਨੇ ਸੁ ਦੁਖਾਯੋ॥**
**੪. ਧੋਇ ਕਿ ਪਾਉਂ ਸੁ ਆਸ਼੍ਰਮ ਮੈ ਬਰਨੇ ਹਿਤ ਤਾਂਹਿ ਸੁ ਪਾਉਂ ਉਠਾਯੋ॥੩੦॥**

੧. ਗੁਰੂ ਦਾ ਇਸ਼ਾਰਾ ਸਮਝ ਕੇ, ਵਿਦਿਆਰਥੀ ਨੇ ਤਾਂਬੇ ਦੀ ਘੜੀ ਹੱਥ ਵਿਚ ਲੈ ਲਈ ਅਤੇ ਨਿਰਮਲ ਪਾਣੀ ਨਾਲ ਉਸ ਨੂੰ ਭਰ ਕੇ ਲੈ ਆਇਆ। ੨. ਅਤੇ ਇਸ ਤਰ੍ਹਾਂ ਕਹਿਣ ਲਗਾ—ਹੇ ਭਗਵਾਨ! ਇਹ ਤਾਂਬੇ ਦੀ ਘੜੀ ਹੱਥ ਵਿਚ ਲੈਕੇ, ਆਪਣੇ ਪੈਰ ਧੋ ਲਵੋ। ੩. ਅਗੋਂ ਹੰਕਾਰ ਨੇ ਕਿਹਾ—ਚੰਗਾ ਭਾਈ! ਅਸੀਂ ਇਸੇ ਤਰ੍ਹਾਂ ਕਰ ਲੈਂਦੇ ਹਨ (ਕਿਉਂਕਿ) ਜਗਤ ਵਿਚ ਕਿਸੇ ਨੂੰ ਦੁਖਾਣਾ ਚੰਗਾ ਨਹੀਂ ਹੈ। ੪, ਪੈਰਾਂ ਨੂੰ ਧੋ ਕੇ ਉਸ ਆਸ਼ਰਮ ਵਿਚ ਵੜਨ ਦੇ ਵਾਸਤੇ ਜਦ ਹੰਕਾਰ ਨੇ ਪੈਰ ਚੁਕਿਆ॥ ੩੦॥

Sri Satguru Jagjit Singh Ji Elibrary NamdhariElibrary@gmail.com

**ਸਵੈਯਾ॥**

**੧. ਦੰਭ ਤਬੈ ਪੁਨ ਦੰਤ ਚਬਾਇ ਚਢਾਇ ਭੌਹੈ ਮੁਖ ਏਹੁ ਅਲਾਏ॥**
**੨. ਦੂਰਹਿ ਪਾਉ ਗਢਾਇ ਰਹੋ ਦਿਜ ਮੂਢ ਕਹਾਂ ਢਿਗ ਆਵਤ ਧਾਏ॥**
**੩. ਤੋ ਤਨੁ ਸ੍ਵੇਦ ਕਿ ਬਿੰਦੁ ਸੁਨੋ ਪਸਰੇ ਇਤ ਤੇ ਉਤ ਵਾਯੂ ਚਲਾਏ॥**
**੪. ਬ੍ਰਹਮੰਨ ਅਪੂਰਬ ਏਹੁ ਪਿਖੋ ਸੁ ਹੰਕਾਰ ਕਹਯੋ ਸਨ ਮੈ ਖੁਨਸਾਏ॥ ੩੧॥**

੧. ਤਦ ਦੰਭ ਨੇ ਫੇਰ ਦੰਦਾਂ ਨਾਲ (ਹੇਠਾਂ ਨੂੰ) ਚਬ ਕੇ, ਭੌਹਾਂ ਨੂੰ ਚੜ੍ਹਾ ਕੇ ਮੂੰਹੋਂ ਇਹ ਆਖਿਆ। ੨. ਓ ਮੂਰਖ ਬ੍ਰਾਹਮਣਾ! ਪਰੇ ਹੀ ਪੈਰ ਗੱਡ ਕੇ ਖੜਾ ਰਹੋ, (ਮੂੰਹ ਚੁਕੀ ਮੇਰੇ ਵਲ ਇਧਰ ਕਿਧਰ ਭੱਜਾ ਆਉਂਦਾ ਹੈਂ? ੩. ਮੈਨੂੰ ਨਹੀਂ ਦਿਸਦਾ ਜੋ ਤੇਰੇ ਮਨ ਤੋਂ ਪਸੀਨੇ ਦੀਆਂ ਬੂੰਦਾਂ ਹਵਾ ਦੇ ਲਗਣ ਨਾਲ ਇਧਰ ਉਧਰ ਖਿੰਡਦੀਆਂ ਪਈਆਂ ਹਨ, (ਉਹਨਾਂ ਬੂੰਦਾਂ ਨਾਲ ਸਾਰੇ ਆਸ਼ਰਮ ਨੂੰ ਤੂੰ ਗੰਦਾ ਕਰ ਛੋਵੇਂਗਾ, ਇਸ ਲਈ ਉਥੇ ਹੀ ਖੜਾ ਰਹੁ। ੪. (ਦੰਭ ਦੀ ਇਹ ਗੱਲ ਸੁਣ ਕੇ) ਹੰਕਾਰ ਨੇ ਮਨ ਵਿਚ ਕ੍ਰੋਧਵਾਨ ਹੋ ਕੇ ਕਿਹਾ- ਇਹ ਬ੍ਰਾਹਮਣ ਤਾਂ ਅਸਚਰਜ (ਕਿਸਮ ਦਾ) ਵੇਖਿਆ ਹੈ, ਅਗੇ ਤਾਂ ਮੈਂ ਅਜਿਹਾ ਕੋਈ ਨਹੀਂ ਵੇਖਿਆ)॥੩੧॥

**ਦੋਹਰਾ-੧. ਬਹੁਰ ਬਟੂ ਮੁਖ ਬੋਲਿਓ ਬ੍ਰਹਮਨ ਇਸੋਈ ਹੋਹਿ॥**
**੨. ਉਤਮ ਦਿਜ ਯਾ ਲੋਕ ਮੈ ਕਬਿ ਕਬਿ ਪੇਖੇ ਤੋਹਿ॥ ੩੨॥**

ਹੰਕਾਰ ਦਾ ਕਥਨ ਸੁਣ ਕੇ, ੧. ਬ੍ਰਹਮਚਾਰੀ ਫੇਰ ਮੂੰਹੋਂ ਕਹਿਣ ਲੱਗਾ-ਬ੍ਰਾਹਮਣ ਤਾਂ ਇਸ ਤਰ੍ਹਾਂ ਦੇ ਹੀ ਹੁੰਦੇ ਹਨ। ੨. ਇਸ ਜਗਤ ਵਿਚ ਤੂੰ (ਕਿਸ ਤਰ੍ਹਾਂ ਦੇ) ਉਤਮ ਬ੍ਰਾਹਮਣ ਕਦੋਂ ਵੇਖੇ ਹਨ? ਇਸ ਤਰ੍ਹਾਂ ਦੇ ਬ੍ਰਹਮਵੇਤਾ ਬ੍ਰਾਹਮਣ ਜਗਤ ਵਿਚ ਬਹੁਤੇ ਨਹੀਂ ਹਨ, ਬਹੁਤ ਹੀ ਥੋੜ੍ਹੇ ਹਨ॥ ੩੨॥

**ਸਵੈਯਾ॥**

**੧. ਭਵ ਭਾਰਤ ਖੰਡ ਮਹੀਪ ਜਿਤੇ ਪਦ ਪੰਕਜ ਨਾਹਿ ਛੁਹੈ ਡਰ ਪਾਏ॥**
**੨. ਪਦ ਕੰਜ ਸਿੰਘਾਸਨ ਭੂਤਲ ਕੇ ਢਿਗ ਆਨ ਸਭੈ ਨਿਜ ਮੌਲ ਝੁਕਾਏ॥**
**੩. ਮੁਕਟਾ ਮਣਿ ਕੀ ਸੁ ਮਰੀਚਿਨ ਕੈ ਪਦ ਵਾਰਜ ਆਰਤੀ ਦੀਪ ਜਗਾਏ॥**
**੪. ਇਨਕੇ ਢਿਗ ਜਾਇ ਨਿਸ਼ੰਕ ਸੁਨੋ ਮਤਿ ਭੂਲ ਗਈ ਦ੍ਵਿਜ ਤੂੰ ਖੁਨਸਾਏ॥੩੩॥**

ਮਹੀਪ=ਰਾਜੇ। ਪਦ ਪੰਕਜ=ਚਰਨ ਕਮਲ। ਪਦ ਕੰਜ ਸਿੰਘਾਸਨ=ਚਰਨ ਕਮਲਾਂ ਦੇ ਬਿਰਾਜਮਾਨ ਹੋਣ ਦੀ ਥਾਂ-ਖੜਾਵਾਂ। ਭੂਤਲ=ਧਰਤੀ। ਮੌਲ=ਸਿਰ। ਮਰੀਚਿਨ=ਕਿਰਨਾਂ। ਵਾਰਜ=ਕਮਲ। ਖੁਨਸਾਏ=ਕਰੋਧ ਕਰਦਾ ਹੈਂ।

ਬ੍ਰਹਮਚਾਰੀ ਨੇ ਫੇਰ ਕਿਹਾ-੧. ਇਸ ਸੰਸਾਰ ਵਿਚਲੇ ਭਾਰਤ-ਖੰਡ ਦੇ ਜਿੰਨੇ ਭੀ ਰਾਜੇ ਹਨ, (ਸਾਰੇ ਹੀ ਇਹਨਾਂ ਦੇ ਚਰਨ ਕਮਲਾਂ ਨੂੰ ਛੋਹ ਨਹੀਂ ਸਕਦੇ, ਡਰ ਮੰਨਦੇ ਹਨ। ੨. ਜਿਥੇ ਇਹਨਾਂ ਦੀਆਂ ਖੜਾਵਾਂ ਹੁੰਦੀਆਂ ਹਨ, ਓਥੇ ਕੋਲ ਆ ਕੇ ਸਾਰੇ ਹੀ ਰਾਜੇ ਧਰਤੀ ਉਤੇ ਆਪਣਾ ਸਿਰ ਝੁਕਾਉਂਦੇ ਹਨ। ੩. ਉਹਨਾਂ ਦੇ ਸਿਰ ਉਤੇ ਜੋ ਮੁਕਟ ਪਏ ਹੋਏ ਹਨ, ਉਹ ਮਾਨੋ ਥਾਲ ਹਨ ਅਤੇ ਮੁਕਟਾਂ ਵਿਚ ਜੋ ਮਣੀਆਂ ਜੜੀਆਂ ਹਨ, ਉਹ ਮਾਨੋ ਦੀਵੇ ਜਗ ਰਹੇ ਹਨ, ਜਦ ਰਾਜੇ ਸਿਰ ਝੁਕਾਉਂਦੇ ਹਨ, ਤਾਂ ਉਹਨਾਂ ਵਿਚੋਂ ਜੋ ਕਿਰਣਾਂ ਨਿਕਲਦੀਆਂ ਹਨ, (ਉਹ ਮਾਨੋਂ ਇਹਨਾਂ ਦੇ) ਚਰਨ ਕਮਲਾਂ ਦੀ ਆਰਤੀ ਕਰ ਰਹੇ ਪ੍ਰਤੀਤ ਹੁੰਦੇ ਹਨ। ੪. ਤੂੰ ਇਸ ਤਰ੍ਹਾਂ

ਦੇ ਮਹਾਂ ਪ੍ਰਤਾਪੀ ਮਹਾਂ ਪੁਰਖਾਂ ਦੇ ਕੋਲ ਨਿਸੰਗ ਹੋ ਕੇ ਜਾਂਦਾ ਹੈਂ, ਮੂਰਖ ਪੰਡਿਤਾ ! ਤੇਰੀ ਮਤ ਮਾਰੀ ਗਈ ਹੈ? (ਜਦ ਤੈਨੂੰ ਮਨ੍ਹਾ ਕੀਤਾ ਹੈ, ਤਾਂ) ਤੂੰ ਅਗੋਂ ਕਰੋਧ ਕਰਦਾ ਹੈਂ, ਇਥੋਂ ਸਾਬਤ ਹੁੰਦਾ ਹੈ ਜੋ ਤੇਰੀ ਅਕਲ ਟਿਕਾਣੇ ਨਹੀਂ ਹੈ, (ਤਦੇ ਹੀ) ਤੂੰ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਹੈਂ ॥ ੩੩ ॥

**ਦੋਹਰਾ—੧. ਸੁਨਿ ਹੰਕਾਰ ਸੁ ਮਨ ਵਿਖੇ ਕੀਨੋ ਇਹੈ ਵਿਚਾਰ ॥**

**੨. ਮਨੋ ਸੁ ਯਾਹੀ ਦੇਸ ਮੈ ਦੰਭ ਲਯੋ ਅਵਤਾਰ ॥ ੩੪ ॥**

੧. ਬ੍ਰਹਮਚਾਰੀ ਦੀ ਗੱਲ ਸੁਣ ਕੇ ਹੰਕਾਰ ਨੇ ਮਨ ਵਿਚ ਇਹ ਵਿਚਾਰ ਕੀਤਾ। ੨. ਮਲੂਮ ਹੁੰਦਾ ਹੈ ਕਿ ਮਾਨੋਂ ਇਸੇ ਹੀ ਦੇਸ ਵਿਚ ਦੰਭ ਨੇ ਅਵਤਾਰ ਲਿਆ ਹੈ (ਅਰਥਾਤ ਇਸ ਦੀਆਂ ਗਲਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਏਹੋ ਹੀ ਦੰਭ ਹੈ) ॥ ੩੪ ॥

**ਦੋਹਰਾ—੧. ਭਵਤੁ ਤਥਾ ਇਹ ਆਸਨੇ, ਮੈਂ ਅਬ ਕਰੋਂ ਨਿਵਾਸ ॥**

**੨. ਉਰੂ ਨਿਵਾਏ ਤਾਹਿੰ ਨੇ, ਆਸਨ ਬੈਠਨ ਆਸ ॥ ੩੫ ॥**

੧. (ਹੰਕਾਰ ਨੇ ਫੇਰ ਬ੍ਰਹਮਚਾਰੀ ਨੂੰ ਕਿਹਾ—ਜੈਸਾ ਤੂੰ ਕਿਹਾ ਹੈ) ਐਸਾ ਹੀ ਹੋਵੇਗਾ, ਹਛਾ ! ਮੈਂ ਹੁਣ ਇਸ ਆਸਨ ਉਤੇ ਨਿਵਾਸ ਕਰਦਾ ਹਾਂ। ੨. ਇਹ ਕਹਿ ਕੇ ਉਸ ਨੇ ਆਸਨ ਉਤੇ ਬੈਠਣ ਦੀ ਆਸ ਕਰਕੇ ਗੋਡੇ ਨਿਵਾਏ ॥ ੩੫ ॥

**ਦੋਹਰਾ—੧. ਮੈਵੰ ਮੈਵੰ ਬੋਲ ਬਟੁ, ਊਚੇ ਕੀਨ ਪ੍ਰਕਾਸ਼ ॥**

**੨. ਅਰਾਧ ਪਾਦ ਆਸਨ ਅਹੈ, ਔਰ ਨ ਕਰੇ ਨਿਵਾਸ ॥ ੩੬ ॥**

ਮੈਵੰ=(ਮ+ਏਵੰ) ਐਸਾ ਨਾ ਕਰ। ਅਰਾਧ ਪਾਦ=ਗੁਰੂ ਜੀ।

੧. ਉਸੇ ਵੇਲੇ ਹੀ ਬ੍ਰਹਮਚਾਰੀ ਨੇ ਉਚੀ ਅਵਾਜ ਨਾਲ ਅਜਿਹਾ ਨਾ ਕਰ, ਐਸਾ ਨਾ ਕਰ (ਅਰਥਾਤ ਸੇਵਕ ਨੇ) ਜ਼ਾਹਰ ਕੀਤਾ ਜੋ ਇਥੇ ਨਾ ਬੈਠ। ੨. ਕਿਉਂਕਿ ਗੁਰੂ ਜੀ ਦੇ ਬੈਠਣ ਵਾਲਾ ਇਹ ਆਸਣ ਹੈ, ਇਸ ਉਤੇ ਹੋਰ ਕੋਈ ਨਿਵਾਸ ਨਹੀਂ ਕਰ ਸਕਦਾ ॥ ੩੬ ॥

**ਸਵੈਯਾ ॥**

**੧. ਤਬ ਬੋਲ ਹੰਕਾਰ ਸੁ ਏਹ ਕਹੀ ਮਨ ਭੀਤਰ ਕ੍ਰੋਧ ਭਯੋ ਅਤਿ ਗਾਢਾ ॥**

**੨. ਦਖਣ ਦੇਸ ਪ੍ਰਸਿਧ ਬਡੋ ਤਿਨ ਭੀਤਰ ਸ਼ੁਧ ਪੁਰੀ ਇਕ ਰਾਢਾ ॥**

**੩. ਸੁਨ ਹੇ ਤਿਨ ਮਾਂਹਿ ਪ੍ਰਸਿਧ ਬਧਯੋ ਗੁਰ ਕੇ ਕੁਲ ਵਾਸ ਕੀਉ[ਅਤਿ ਪਾਢਾ ॥**

**੪. ਹਮ ਜੋ ਨਹਿ ਆਸਨ ਲਾਇਕ ਹੈ ਕਹੁ ਤੇ ਗੁਰ ਕੌਨ ਬ੍ਰਹਮੰਡ ਤੇ ਕਾਢਾ॥੩੭॥**

(ਜਦ ਬ੍ਰਹਮਚਾਰੀ ਨੇ ਇਹ ਕਿਹਾ—ਜੋ ਤੂੰ ਇਥੇ ਬੈਠਣ ਦੇ ਯੋਗ ਨਹੀਂ ਹੈ) ੧. ਤਦ ਹੰਕਾਰ ਦੇ ਮਨ ਵਿਚ ਬੜਾ ਭਾਰੀ ਕ੍ਰੋਧ ਹੋ ਗਿਆ ਅਤੇ ਮੂੰਹ ਤੋਂ ਇਸ ਤਰ੍ਹਾਂ ਕਹਿਣ ਲਗਾ। ੨. ਸੁਣ, ਓ ਬ੍ਰਹਮਚਾਰੀ ! ਦਖਣ ਦੇਸ ਇਕ ਬੜਾ ਮਸ਼ਹੂਰ ਹੈ ਅਤੇ ਉਸ ਵਿਚ 'ਰਾਢਾ ਪੁਰੀ' ਬੜੀ ਪਵਿਤਰ ਤੇ ਮਹਾਂ ਸੁੰਦਰ ਹੈ। ੩.ਸੁਣ,ਓਇ ! ਉਸ ਦੇ ਵਿਚ ਰਹਿਣ ਵਾਲਾ ਮੈਂ ਬੜਾ ਪ੍ਰਸਿਧ ਪੁਰਖ ਹਾਂ ਤੇ ਮੇਰਾ ਪਰਵਾਰ ਭੀ ਬੜਾ ਵਧਿਆ ਹੋਇਆ ਹੈ ਅਤੇ ਗੁਰੂ ਦੇ ਘਰ ਵਿਚ ਰਹਿ ਕੇ ਮੈਂ ਪੜ੍ਹਿਆ ਭੀ ਬਹੁਤ ਹਾਂ। ੪. ਏਨਾ ਕੁਝ ਹੁੰਦਿਆਂ ਭੀ ਜੇ ਮੈਂ ਇਸ ਆਸਨ ਉਤੇ ਬੈਠਣ ਦੇ ਲਾਇਕ ਨਹੀਂ ਹਾਂ ਤਾਂ ਤੂੰ ਹੀ ਦਸ, ਤੂੰ ਆਪਣੇ ਗੁਰੂ ਨੂੰ ਕਿਹੜੇ ਬ੍ਰਹਮੰਡ ਵਿਚੋਂ ਕਢਿਆ ਹੈ ? ਕਿਉਂਕਿ ਇਸ ਬ੍ਰਹਮੰਡ ਦੇ ਜਿੰਨੇ ਭੀ ਬ੍ਰਾਹਮਣ ਹਨ, ਓਹਨਾਂ ਸਾਰਿਆਂ ਨਾਲੋਂ ਮੈਂ ਸ਼ਰੋਮਣੀ ਹਾਂ। ਜੇ ਮੈਂ ਬੈਠਣ

Sri Satguru Jagjit Singh Ji Elibrary NamdhariElibrary@gmail.com

ਦੇ ਯੋਗ ਨਹੀਂ, ਤਦ ਤੇਰਾ ਗੁਰੂ ਇਸ ਉਤੇ ਬੈਠਣ ਦੇ ਯੋਗ ਕਿਵੇਂ ਹੋ ਗਿਆ ?) ॥ ੩੭ ॥

**ਸਵੈਯਾ ॥**

**੧. ਸੁਨ ਮੂਰਖ ਕਾਨ ਭਲੇ ਧਰੀਓ ਇਕ ਔਰ ਪ੍ਰਸਿਧ ਕਹੌਂ ਤਵ ਬਾਤਾ ॥**
**੨. ਦ੍ਵਿਜ ਕੋਵਿਦ ਲੋਕ ਪ੍ਰਸਿਧ ਬਵੇ, ਸੁ ਬਰੀ ਤਿਨ ਕੀ ਦੁਹਿਤਾ ਬਖਯਾਤਾ ॥**
**੩. ਕੁਲ ਉੱਜਲ ਜਾਨਿ ਮਰਾਲਨ ਕੀ ਤਿਨ ਕੇ ਸਮ ਨਾਂਹਿ ਅਹੈ ਮਮ ਮਾਤਾ ॥**
**੪. ਤਿਸਤੇ ਹਮ ਲੋਕਨ ਮਾਂਹਿ ਬਡੇ, ਹਮਰੇ ਸਮ ਨਾਂਹਿ ਅਹੇ ਮਮ ਤਾਤਾ ॥੩੮॥**

੧. ਹੰਕਾਰ ਕਹਿਣ ਲਗਾ-ਹੇ ਮੂਰਖ ਬ੍ਰਹਮਚਾਰੀ ! ਤੂੰ ਮੇਰੀ ਕੁਲ ਦੀ ਉਤਮਤਾ ਸੁਣ-ਤੈਨੂੰ ਉਹ ਗੱਲ ਕਹਿੰਦਾ ਹਾਂ ਜੋ ਬੜੀ ਪ੍ਰਸਿਧ ਹੈ। ੨. ਉਹ ਪੰਡਿਤ ਜੋ ਬੜਾ ਹੀ ਵਿਦਵਾਨ ਤੇ ਲੋਕ ਪ੍ਰਸਿਧ ਹੈ, ਉਸਦੀ ਲੜਕੀ ਮੈਂ ਵਿਆਹੀ ਹੈ, (ਇਹ ਗੱਲ ਭੀ) ਪ੍ਰਗਟ ਹੈ। ੩. ਕਿ ਉਸ ਦੀ ਕੁਲ ਹੰਸਾਂ ਵਾਂਗੂ ਉੱਜਲ ਹੈ, (ਫੇਰ ਮੇਰੀ ਇਸਤਰੀ ਇਸ ਤਰ੍ਹਾਂ ਦੀ ਸੁੰਦਰ ਤੇ ਸਤਵੰਤੀ ਹੈ ਕਿ) ਉਸ ਦੇ ਸਮਾਨ ਮੇਰੀ ਮਾਤਾ ਭੀ ਨਹੀਂ ਹੈ। ੪. ਇਸ ਕਰਕੇ ਮੈਂ ਸਾਰੇ ਲੋਕਾਂ ਵਿਚ ਪ੍ਰਧਾਨ ਪੁਰਖ ਹਾਂ, ਮੇਰੇ ਸਮਾਨ ਤਾਂ ਮੇਰਾ ਪਿਤਾ ਭੀ ਨਹੀਂ ਹੈ ॥ ੩੮ ॥

**ਸਵੈਯਾ ॥**

**੧. ਮਮ ਸਾਲਕ ਮਿਤ੍ਰ ਸੁ ਮਾਤੁਲ ਕੀ ਦੁਹਿਤਾ ਇਕ ਔਰ ਭਲੀ ਜਗ ਗਾਈ ॥**
**੨. ਤਿਨ ਕੇ ਵਿਭਚਾਰ ਕੀ ਝੂਠ ਕਥਾ ਸਠ ਲੋਕਨ ਨੇ ਜਗ ਮਾਂਹਿ ਅਲਾਈ ॥**
**੩. ਤਿਨ ਕੇ ਨਿਜ ਮਾਹਿ ਸਬੰਧ ਪਿਖੇ ਮਤਿ ਤਾਹਿ ਸਮੇ ਅਤਿ ਮੇ ਖੁਨਸਾਈ ॥**
**੪. ਨਿਜ ਨਾਰਿ ਮਨੋਗ ਤਜੀ ਖਿਨ ਮੈ ਸੁਨਮੂੜ ਬਟੂ ਘਰ ਨਾਹਿ ਟਿਕਾਈ॥੩੯॥**

ਸਾਲਕ=ਸਾਲਾ, ਇਸਤਰੀ ਦਾ ਭਰਾ। ਮਾਤੁਲ=ਮਾਮਾ, ਮਾਂ ਦਾ ਭਰਾ। ਦੁਹਿਤਾ=ਲੜਕੀ। ਸਟ=ਮੂਰਖ। ਅਲਾਈ=ਕਹਿ ਸੁਣਾਈ। ਖੁਨਸਾਈ=ਕ੍ਰੋਧਵਾਨ ਹੋਈ। ਮਨੋਗ=ਮਨਮੋਹਣੀ।
ਨੋਟ-ਹੰਕਾਰ ਆਪਣਾ ਭਲਮਨਸਊ ਪੁਣਾ ਪ੍ਰਗਟ ਕਰਨ ਵਾਸਤੇ ਇਕ ਵਾਰਤਾ ਸੁਣਾਂਦਾ ਹੈ-

੧. ਹੇ ਮੂਰਖ ਬਟੂ ! ਸੁਣੋ, ਮੇਰੇ ਸਾਲੇ ਦਾ ਇਕ ਮਿਤਰ (ਸੀ, ਅਗੋ ਉਸ ਮਿਤਰ ਦਾ ਜੋ) ਮਾਮਾ ਸੀ; ਉਸ ਦੀ ਇਕ ਹੋਰ ਲੜਕੀ* (ਸੀ, ਜੋ) ਜਗਤ ਵਿਚ ਬੜੀ ਚੰਗੀ ਕਹੀ ਜਾਂਦੀ ਸੀ। ੨. ਉਸ ਲੜਕੀ ਦੇ ਵਿਭਚਾਰ ਦੀ (ਝੂਠੀ) ਵਾਰਤਾ ਮੂਰਖ ਲੋਕਾਂ ਨੇ ਜਗਤ ਵਿਚ ਕਹਿਣੀ ਸ਼ੁਰੂ ਕਰ ਦਿਤੀ। ੩. ਉਸ ਦੇ ਸਬੰਧ ਨੂੰ ਮੈਂ ਆਪਣੇ ਵਿਚ ਵੇਖਿਆ ਤਾਂ ਉਸੇ ਵੇਲੇ ਹੀ ਮੇਰੀ ਬੁਧੀ ਵਿਚ ਬੜਾ ਕਰੋਧ ਆ ਗਿਆ। ੪. ਮੈਂ ਆਪਣੀ ਮਨਮੋਹਣੀ ਸੁੰਦਰ ਇਸਤਰੀ ਉਸੇ ਖਿਨ ਵਿਚ ਹੀ ਛਡ ਦਿਤੀ ਅਤੇ ਘਰ ਵਿਚੋਂ ਕਢ ਦਿਤੀ (ਅਰਥਾਤ ਇਕ ਛਿਨ ਭਰ ਵੀ ਘਰ ਵਿਚ ਨਾ ਰਹਿਣ ਦਿਤੀ, ਮੈਂ ਇਸ ਤਰ੍ਹਾਂ ਦਾ ਭਲਾ ਮਾਣਸ ਤੇ ਨੇਕ ਮਰਦ ਹਾਂ, ਬੁਰਿਆਂ ਨਾਲ ਸਬੰਧ ਨਹੀਂ ਰਖਣਾ ਚਾਹੁੰਦਾ) ॥ ੩੯ ॥

**ਸਵੈਯਾ ॥**

**੧. ਸੁਨਿ ਕੇ ਏਹ ਬਾਤ ਸੁ ਦੰਭ ਬਲੀ ਮਨ ਭੀਤਰ ਸੋ ਅਤਿਸੇ ਖੁਨਸਾਨੇ ॥**

---

*ਜੋ ਲੜਕੀ ਮਾਂ ਦੇ ਵਿਆਹ ਸਮੇਂ ਗਰਭ ਵਿਚ ਹੋਵੇ ਜਾਂ ਗੋਦੀ ਵਿਚ ਹੋਵੇ, ਵਡੀ ਹੋ ਕੇ ਉਹ ਲੜਕੀ 'ਹੋਰ ਲੜਕੀ' ਜਾਂ 'ਔਰ ਦੁਹਿਤਾ' ਨਾਮ ਨਾਲ ਕਹੀ ਜਾਂਦੀ ਹੈ।

Sri Satguru Jagjit Singh Ji Elibrary　　　　NamdhariElibrary@gmail.com

੨. ਦ੍ਵਿਜ ਤੂੰ ਨਿਜ ਉੱਜਲਤਾ ਅਪਨੀ ਜਗ ਭੀਤਰ ਯਾ ਬਿਧਿ ਮੋਹਿ ਬਖਾਨੇ ॥
੩. ਸੁਨਿ ਮੋਹਿ ਮਹਾਤਮ ਲੋਕਨ ਮੇ ਦ੍ਵਿਜ ਰਾਇ ਸੁ ਤੋਹਿ ਨ ਰੰਚ ਪਛਾਨੇ ॥
੪. ਕਛੁ ਆਹਿ ਅਪੂਰਵ ਉੱਜਲਤਾ ਮਮ ਭੀਤਰ ਸੋ ਚਤੁਰਾਨਨ ਜਾਨੇ ॥੪੦॥

੧. ਹੰਕਾਰ ਦੀ ਇਹ ਗੱਲ ਸੁਣ ਕਰਕੇ ਬਲਵਾਨ ਦੰਭ ਨੇ ਆਪਣੇ ਮਨ ਵਿਚ ਬੜਾ ਭਾਰਾ ਗੁਸਾ ਕਰ ਲਿਆ ਅਤੇ ਕਹਿਣ ਲਗਾ- ੨. ਹੇ ਬ੍ਰਾਹਮਣ ! ਤੂੰ ਆਪਣੀ ਉਤਮਤਾ ਨੂੰ ਜਿਸ ਤਰ੍ਹਾਂ ਦੀ ਜਗਤ ਵਿਚ ਮੈਨੂੰ ਕਹਿ ਸੁਣਾਈ ਹੈ (ਐਸੀ ਹੀ ਹੋਵੇਗੀ)। ੩. ਪਰ ਹੇ ਦ੍ਵਿਜਰਾਜ ! ਸਾਰੇ ਸੰਸਾਰ ਵਿਚ ਜੋ ਮੇਰਾ ਪ੍ਰਤਾਪ ਹੈ ਉਸ ਨੂੰ ਤੂੰ ਰਤਾ ਜਿੰਨਾ ਵੀ ਨਹੀਂ ਜਾਣ ਸਕਦਾ। (ਜੋ) ਉਤਮਤਾ ਮੇਰੇ ਵਿਚ ਹੈ, ਉਹ ਬੜੀ ਅਲੌਕਿਕ ਹੈ, ਉਸ ਨੂੰ ਬ੍ਰਹਮਾ ਹੀ ਜਾਣ ਸਕਿਆ ਹੈ ॥ ੪੦ ॥ ਦੰਭ ਉਵਾਚ ॥

ਸਵੈਯਾ ॥

੧. ਹਮ ਏਕ ਸਮੇ ਬਿਧ ਲੋਕ ਗਏ ਮੁਨਿ ਮੋ ਪਿਖ ਆਸਨ ਤੇ ਸੁ ਉਠਾਏ ॥
੨. ਇਹ ਠੌਰ ਬਸੋ ਮੁਨਿ ਬਿੰਦ ਕਹੈਂ ਵਹੁ ਆਸਨ ਨਾ ਹਮਰੇ ਮਨ ਭਾਏ ॥
੩. ਬਿਧਿ ਆਪ ਸੁਗੰਧ ਕਰੀ ਮੁਖ ਤੇ ਪੁਨ ਗੋਬਰ ਸੋਂ ਨਿਜ ਜਾਨੁ ਲਿਪਾਏ ॥
੪. ਕਰ ਜੋਰ ਭਲੀ ਬਿਧਿ ਆਦਰ ਕੈ ਤਿਨ ਊਪਰ ਮੋਹਿ ਬਿਰੰਚਿ ਬੈਠਾਏ॥੪੧॥

ਦੰਭ ਕਹਿਣ ਲਗਾ–ਹੇ ਦ੍ਵਿਜਰਾਜ ! ਮੈਂ ਤੈਨੂੰ ਆਪਣੀ ਉਚਤਾ ਸੁਣਾਉਂਦਾ ਹਾਂ,ਤੂੰ ਧਿਆਨ ਦੇਕੇ ਸੁਣ– ੧. ਮੈਂ ਇਕ ਸਮੇਂ ਬ੍ਰਹਮ ਲੋਕ ਵਿਚ ਗਿਆ ਸਾਂ, ਮੈਨੂੰ ਵੇਖਦੇ ਹੀ ਉਥੇ ਰਹਿਣ ਵਾਲੇ ਸਾਰੇ ਮੁਨੀ (ਆਪੋ) ਆਪਣੇ ਆਸਨਾਂ ਤੋਂ ਉਠ ਕੇ ਮੇਰਾ ਸਤਕਾਰ ਕਰਨ ਲਈ ਅਗੋਂ ਦੀ ਆਏ ਸਨ। ੨. ਸਾਰੇ ਹੀ ਮੁਨੀ ਜਨ ਕਹਿੰਦੇ ਸਨ (ਕਿ ਤੁਸੀਂ) ਇਸੇ ਜਗ੍ਹਾ ਨਿਵਾਸ ਕਰੋ, ਪਰ ਉਹ ਸਥਾਨ ਮੇਰੇ ਮਨ ਨੂੰ ਚੰਗਾ ਨਹੀਂ ਸੀ ਲਗਾ। ੩. ਫਿਰ ਬ੍ਰਹਮਾ ਨੇ ਗੋਹੇ (ਅਤੇ ਪਾਣੀ) ਨਾਲ ਆਪਣੇ ਗੋਡੇ ਨੂੰ ਲਿੰਬ ਪੋਚ ਕੇ, ਆਪਣੇ ਮੂੰਹ ਨਾਲ ਮੈਨੂੰ ਸੌਂਹ ਪਾ ਦਿਤੀ। ੪. ਹਥ ਜੋੜ ਕੇ ਅਤੇ ਚੰਗੀ ਤਰ੍ਹਾਂ ਆਦਰ ਸਤਿਕਾਰ ਕਰਕੇ ਬ੍ਰਹਮਾ ਨੇ ਉਸ (ਪੋਚਾ ਪਾਏ ਹੋਏ ਗੋਡੇ) ਉਤੇ ਮੈਨੂੰ ਬਿਠਾਇਆ ਸੀ (ਹੁਣ ਤੂੰ ਆਪ ਵਿਚਾਰ ਲੈ, ਜੋ ਮੇਰੀ ਉੱਚਤਾ ਕਿੰਨੀ ਕੁ ਹੈ ਅਤੇ ਬ੍ਰਹਮਾ ਮੇਰਾ ਕੇਡਾ ਸਤਿਕਾਰ ਕਰਦਾ ਹੈ ?) ॥ ੪੧ ॥

ਦੋਹਰਾ–੧. ਬਹੁਰ ਹੰਕਾਰ ਸੁ ਬੋਲਿਓ ਦੰਭਕ ਬ੍ਰਹਮ ਜਾਨ ॥
੨. ਕਹਿ ਬਿਰੰਚ ਪੁਨ ਨਰ ਕਹਾਂ ਕੀਨੋ ਝੂਠ ਬਖਾਨ ॥ ੪੨ ॥
੧. ਅਥਵਾ ਏਹ ਦ੍ਵਿਜ ਦੰਭ ਹੈ ਤਾਹੀ ਕੀਨ ਉਚਾਰ ॥
੨. ਐਸੇ ਮਨੇ ਵਿਚਾਰ ਕਰਿ ਭਯੋ ਕ੍ਰੋਧ ਹੰਕਾਰ ॥ ੪੩ ॥

੧. ਉਸ ਦੀ ਗੱਲ ਸੁਣ ਕੇ ਹੰਕਾਰ ਫੇਰ ਕਹਿਣ ਲਗਾ–ਇਹ ਬ੍ਰਾਹਮਣ (ਤਾਂ) ਦੰਭੀ ਮਲੂਮ ਹੁੰਦਾ ਹੈ। ੨. ਕਿਥੇ ਬ੍ਰਹਮ (ਲੋਕ) ਅਤੇ ਕਿਥੇ ਮਨੁਖ ? (ਬ੍ਰਹਮ ਲੋਕ ਵਿਚ ਤਾਂ ਮਨੁਖ ਜਾ ਹੀ ਨਹੀਂ ਸਕਦਾ, ਇਹ ਸਭ ਇਸ ਨੇ) ਝੂਠ ਹੀ ਕਥਨ ਕੀਤਾ ਹੈ ॥ ੪੨ ॥

੧. ਅਥਵਾ ਇਹ ਪੰਡਿਤ ਹੀ ਦੰਭ ਹੈ, ਤਦੇ ਹੀ (ਇਸ ਨੇ ਐਸਾ) ਕਥਨ ਕੀਤਾ ਹੈ। ੨. ਇਸ ਤਰ੍ਹਾਂ ਦੀ ਵਿਚਾਰ ਕਰਕੇ ਹੰਕਾਰ ਦੇ ਮਨ ਵਿਚ ਕ੍ਰੋਧ ਪੈਦਾ ਹੋ ਗਿਆ (ਅਤੇ ਉਹ ਕਹਿਣ ਲਗਾ) ॥ ੪੩ ॥

Sri Satguru Jagjit Singh Ji Elibrary NamdhariElibrary@gmail.com

## ਸਵੈਯਾ ॥

੧. ਕੌਨ ਸੁਰੇਸ਼ੁਰ ਕੋ ਵਿਧਿ ਹੈ ਰਿਖਿ ਕੌਨ ਸੁਨੋ ਕਿਹ ਤੇ ਉਪਜਾਏ ॥
੨. ਮੇ ਤਪ ਕੇ ਫਲ ਜਾਨਤ ਨਾ ਸੁਨ ਬਾਮਨ ਤੂੰ ਮਨ ਮੇ ਗਰਬਾਏ ॥
੩. ਕੋਟਿ ਸੁਰੇਸ਼ੁਰ ਬਿਰੰਚਿ ਮੁਨੀ ਪਦ ਪੰਕਜ ਮੋਹਿ ਪਰੇ ਡਰ ਪਾਏ ॥
੪. ਰਿਖਿ ਕੀ ਉਤਪਤਿ ਕੀ ਭੂਮਿਕਹੀ ਸੁ ਪੁਰਾਨਨ ਮਾਂਹਿ ਸੁਨੋ ਮਨ ਲਾਏ॥੪੪॥

ਸੁਰੇਸ਼ੁਰ=ਸੁਰ+ਏਸ਼ੁਰ) ਇੰਦਰ ਰਾਜਾ। ਵਿਧਿ=ਬ੍ਰਹਮਾ। ਬਿਰੰਚਿ=ਬ੍ਰਹਮਾ।

੧. ਹੰਕਾਰ ਨੇ ਕਿਹਾ-ਸੁਣੋ, ਰਾਜਾ ਇੰਦਰ ਕੌਣ ਹੈ ? ਬ੍ਰਹਮਾ ਕੌਣ ਹੈ ? ਅਤੇ ਰਿਖੀ ਕੌਣ (ਵਿਚਾਰੇ ਹਨ ? ਅਤੇ) ਉਹ ਕਿਥੋਂ ਪੈਦਾ ਹੋਏ ਹਨ ? ੨. ਹੇ ਬ੍ਰਾਹਮਣ ! ਸੁਣ,ਤੂੰ ਮੇਰੇ ਤਪ ਦੇ ਪ੍ਰਤਾਪ ਨੂੰ ਨਹੀਂ ਜਾਣਦਾ ਅਤੇ ਐਵੇਂ ਹੀ ਮਨ ਵਿਚ ਹੰਕਾਰ ਕਰਦਾ ਹੈਂ। ਕਰੋੜਾਂ ਹੀ ਇੰਦਰ, ਬ੍ਰਹਮਾ ਤੇ ਮੁਨੀ ਜਨ ਮੇਰੇ ਚਰਨਾਂ ਕਮਲਾਂ ਉਤੇ ਡਿਗਦੇ ਹੋਏ ਡਰ ਮੰਨਦੇ ਹਨ। ੪. ਜੋ ਰਿਖੀਆਂ ਦੇ ਪੈਦਾ ਹੋਣ ਦੀ ਜਗ੍ਹਾ ਪੁਰਾਣਾਂ ਵਿਚ ਕਹੀ ਹੈ, ਉਹ ਤੂੰ ਮਨ ਲਾ ਕੇ ਸੁਣ ॥ ੪ ॥

## ਸਵੈਯਾ ॥

੧. ਰਿਖ ਸ੍ਰਿੰਗ ਮ੍ਰਿਗੀ ਕੁਸ ਕੌਸਿਕ ਔ ਗਜਿਨੀ ਹਸਤਾਮਲ ਜੂ ਉਪਜਾਏ ॥
੨. ਵਾਰਵਧੂ ਸੁ ਵਸ਼ਿਸ਼ਟ ਜਏ ਦੁਹਿਤਾ ਪੁਨ ਝੀਵਰ ਬ੍ਯਾਸ ਉਪਾਏ ॥
੩. ਸਸਿ ਨਾਰਿ ਵਿਖੇ ਰਿਖ ਗੋਤਮ ਜੁ ਪੁਨ ਮਾਂਡਵ ਮੈਂਡਕੀ ਤੇ ਨਿਕਸਾਏ ॥
੪. ਤਨਯਾ ਸੁ ਚੰਡਾਲ ਪਰਾਸਰ ਜੁ ਰਿਖਿ ਔਰ ਮਤੰਗ ਮਤੰਗਨਿ ਜਾਏ ॥੪੫॥

ਮ੍ਰਿਗੀ=ਹਰਨੀ। ਕੌਸਿਕ=ਵਿਸਵਾਮਿਤ੍ਰ। ਗਜਿਨੀ=ਹਥਨੀ। ਸਸਿ ਨਾਰਿ=ਸਹੇ ਦੀ ਇਸਤਰੀ ਸਸੀ, ਖਰਗੋਸ਼ਨੀ। ਮੈਂਡਕੀ=ਡਡੀ। ਤਨਯਾ=ਲੜਕੀ। ਮਤੰਗਨਿ=ਹਥਨੀ।

੧. ਹੇ ਬ੍ਰਾਹਮਣ ! ਪੁਰਾਣਾਂ ਵਿਚ ਲਿਖਿਆ ਹੈ–ਸ੍ਰਿੰਗੀ ਰਿਖਿ ਹਰਨੀ ਤੋਂ, ਵਿਸਵਾਮਿਤ੍ਰ ਕੁਸਾਂ ਤੋਂ ਅਤੇ ਹਸਤਾਮਲ (ਮੁਨੀ ਜੀ) ਹਥਨੀ ਤੋਂ ਪੈਦਾ ਹੋਏ ਸਨ। ੨. ਵੇਸਵਾ ਤੋਂ ਵਸ਼ਿਸ਼ਟ ਜੰਮੇ ਸਨ ਅਤੇ ਝੀਵਰ ਦੀ ਲੜਕੀ ਤੋਂ ਬਿਆਸ ਜੀ ਪੈਦਾ ਹੋਏ ਸਨ। ੩. ਖਰਗੋਸ਼ਨੀ ਵਿਚੋਂ ਗੋਤਮ ਰਿਖੀ ਜੀ ਅਤੇ ਡਡੀ ਦੇ ਉਦਰ ਤੋਂ ਮਾਂਡਵ ਰਿਖੀ ਜੀ ਨਿਕਲੇ ਸਨ। ੪. ਪਰਾਸਰ ਰਿਖੀ ਜੀ ਚੰਡਾਲ ਦੀ ਪੁਤਰੀ ਤੋਂ ਅਤੇ ਮਤੰਗ ਮੁਨੀ ਜੀ ਭੀ ਹਥਨੀ ਤੋਂ ਪੈਦਾ ਹੋਏ ਸਨ ॥ ੪੫ ॥

## ਸਵੈਯਾ ॥

੧. ਤਬ ਦੰਭ ਬਿਲੋਕ ਅਨੰਦ ਭਯੋ ਯਹਿ ਆਰਯ ਮੋਹਿ ਪਿਤਾਮਹ ਆਏ ॥
੨. ਨਾਮ ਹੰਕਾਰ ਕਹੇ ਜਿਨ ਕੋ ਇਨ ਪੇਖਨ ਤੇ ਮਨ ਮੈਂ ਬਿਗਸਾਏ ॥
੩. ਆਰਯ ਲੋਭ ਕੋ ਮੈਂ ਸੁਤ ਹੌਂ ਮਮ ਦੰਭ ਕਹੇ ਤਵ ਲਾਗਤ ਪਾਏ ॥
੪. ਹੰਕਾਰ ਧਰਿਓ ਸਿਰ ਹਾਥ ਤਬੈ ਸੁਤ ਦੀਰਘ ਆਯੁ ਬਡੇ ਸੁਖ ਪਾਏ ॥੪੬॥

ਜਦ ਹੰਕਾਰ ਨੇ ਉਪਰੋਕਤ ਵਚਨ ਕਹੇ। ੧, ਤਦ ਦੰਭ ਨੇ ਵੇਖਿਆ ਇਹ ਭਲੇ ਪੁਰਸ਼ ਤਾਂ ਮੇਰੇ ਹੀ

ਦਾਦਾ ਸਾਹਿਬ ਆ ਗਏ ਹਨ, ਇਸ ਲਈ ਉਹ ਮਨ ਵਿਚ ਬੜਾ ਅਨੰਦ ਹੋਇਆ, ਅਤੇ ਮਨ ਵਿਚ ਕਹਿਣ ਲਗਾ। ੨. ਜਿਨ੍ਹਾਂ ਦਾ ਨਾਮ 'ਹੰਕਾਰ' ਕਿਹਾ ਜਾਂਦਾ ਹੈ, (ਇਹ ਓਹੀ ਹਨ) ਇਹਨਾਂ ਦੇ ਵੇਖਣਸਾਰ ਹੀ ਮੇਰੇ ਮਨ ਵਿਚ ਖੁਸ਼ੀ ਚੜ੍ਹ ਗਈ ਹੈ। ੩. ਫਿਰ ਕਹਿਣ ਲੱਗਾ–ਹੇ ਸ੍ਰੇਸ਼ਟ ਪੁਰਸ਼! ਮੈਂ ਲੋਭ ਦਾ ਪੁਤਰ ਹਾਂ, ਮੈਨੂੰ (ਲੋਕੀ) ਦੰਭ (ਨਾਮ ਨਾਲ) ਬੁਲਾਉਂਦੇ ਹਨ, ਤੁਹਾਡੀ ਚਰਨੀ ਲੱਗਦਾ ਭਾਵ ਮੱਥਾ ਟੇਕਦਾ ਹਾਂ। ੪. ਉਸੇ ਵੇਲੇ ਹੀ ਹੰਕਾਰ ਨੇ (ਦੰਭ ਦੇ) ਸਿਰ ਤੇ ਹੱਥ ਧਰਕੇ ਭਾਵ ਪਿਆਰ ਦੇ ਕੇ ਕਿਹਾ–ਹੇ ਪੁਤਰ! ਚਿਰੰਜੀਵ ਹੋਵੇਂ ਅਤੇ ਵਡਾ ਸੁਖ ਪਾਵੇਂ ॥ ੪੬ ॥

**ਸਵੈਯਾ॥**

**੧. ਦ੍ਵਾਪੁਰ ਅੰਤ ਸੁ ਮੋਹਿ ਪਿਖੇ ਤਬ ਬਾਲ ਹੁਤੇ ਤੁਮ ਅੰਗ ਮਲਾਨੇ॥**
**੨. ਕਾਲ ਬਤੀਤ ਭਯੋ ਬਹੁਤੋ ਸੁਤ ਯਾ ਜਗ ਮੈ ਹਮ ਹੈ ਸੁ ਬੁਢਾਨੇ॥**
**੩. ਨੈਨਨ ਮੰਦ ਸੁ ਡੀਠ ਭਈ ਇਹਿ ਕਾਰਣ ਤੇ ਸੁਤ ਨਾਹਿਂ ਪਛਾਨੇ॥**
**੪. ਆਜ ਅਨੰਦ ਭਯੋ ਪਿਖ ਤੇ ਸਭ ਅੰਗਨ ਮੇ ਤੁਮ ਹੋ ਚਿਲਕਾਨੇ॥ ੪੭॥**

ਹੰਕਾਰ ਨੇ ਕਿਹਾ–੧. ਹੇ ਪੁਤਰ ਦੰਭ! ਦੁਆਪੁਰ ਦੇ ਅੰਤ ਵਿਚ ਮੈਂ ਤੈਨੂੰ ਵੇਖਿਆ ਸੀ, ਉਸ ਵੇਲੇ ਤੂੰ ਅਜੇ ਬੱਚਾ ਸੀ, ਤੇਰੇ ਸਾਰੇ ਅੰਗ ਕੋਮਲ ਸਨ। ੨. ਬਹੁਤ ਸਮਾਂ ਗੁਜ਼ਰ ਚੁਕਾ ਹੈ ਅਤੇ ਹੇ ਪੁਤਰ! ਇਸ ਜਗਤ ਵਿਚ (ਰਹਿੰਦਿਆਂ ਹੁਣ) ਅਸੀਂ ਭੀ ਬੁਢੇ ਹੋ ਗਏ ਹਾਂ। ੩. ਅੱਖਾਂ ਦੀ ਨਜ਼ਰ ਕਮਜ਼ੋਰ ਹੋ ਗਈ ਹੈ, ਇਸ ਕਾਰਨ ਕਰਕੇ ਪੁਤਰ! ਤੈਨੂੰ ਪਛਾਣ ਨਹੀਂ ਸਕਿਆ। ੪. ਅੱਜ ਤੈਨੂੰ ਵੇਖਕੇ ਮੈਂ ਬੜਾ ਖੁਸ਼ ਹੋਇਆਂ ਹਾਂ, ਇਸ ਵੇਲੇ ਸੁਖ ਨਾਲ ਤੂੰ ਸਾਰੇ ਅੰਗਾਂ ਵਿਚ ਚਮਕਿਆ ਹੋਇਆ ਹੈ, ਅਰਥਾਤ ਤੂੰ ਹਰ ਤਰ੍ਹਾਂ ਕਰਕੇ ਜੁਆਨ ਹੈਂ ॥੭॥

**ਸਵੈਯਾ॥**

**੧. ਤਵ ਆਹਿ ਕੁਮਾਰ ਸੁ ਝੂਠ ਬਡੋ, ਕਹੁ ਆਨੰਦ ਸੋਂ ਜਗ ਭੀਤਰ ਸੋਈ॥**
**੨. ਤਬ ਦੰਭ ਕਹਿਓ ਇਹ ਠੌਰ ਬਸੈ, ਬਿਨ ਤਾਹਿਂ ਨਾ ਮੇ ਜਗ ਜੀਵਨ ਹੋਈ॥**
**੩. ਤਵ ਮਾਤ ਪਿਤਾ ਤ੍ਰਿਸਨਾ ਪੁਨ ਲੋਭ ਕਹੋ ਸੁਖ ਸੋਂ ਜਗ ਭੀਤਰ ਦੋਈ॥**
**੪. ਪੁਨ ਦੰਭ ਕਹਿਓ ਮਹਾਂਮੋਹ ਕੀ ਆਇਸ,ਪਾਇ ਬਸੈ ਇਹ ਠੌਰ ਸੁ ਓਈ॥੪੮।**

੧. ਹੰਕਾਰ ਨੇ ਫੇਰ ਪੁਛਿਆ–ਹੇ ਦੰਭ! ਤੇਰਾ ਵੱਡਾ ਪੁਤਰ ਝੂਠ ਹੁੰਦਾ ਸੀ, ਦਸ ਉਹ, ਜਗਤ ਵਿਚ ਅਨੰਦ-ਪ੍ਰਸੰਨ ਹੈ ? ੨. ਤਦ ਦੰਭ ਨੇ ਉਤਰ ਦਿਤਾ–ਉਹ ਭੀ ਇਸੇ ਥਾਂ ਵੱਸਦਾ ਹੈ, ਕਿਉਂਕਿ ਉਸ ਤੋਂ ਬਿਨਾਂ ਤਾਂ ਮੇਰਾ ਜਿਊਨਾਂ ਹੀ ਜਗਤ ਵਿਚ ਨਹੀਂ ਹੋ ਸਕਦਾ। ੩. ਹੰਕਾਰ ਨੇ ਫੇਰ ਪੁਛਿਆ–ਤੇਰੇ ਮਾਤਾ–ਪਿਤਾ, ਲੋਭ ਅਤੇ ਤ੍ਰਿਸ਼ਨਾ ਦੱਸ, ਉਹ ਦੋਵੇਂ ਭੀ ਜਗਤ ਵਿਚ ਸੁਖੀ ਵੱਸਦੇ ਹਨ ? ੪. ਦੰਭ ਨੇ ਫੇਰ ਕਿਹਾ–ਉਹ ਦੋਵੇਂ ਭੀ ਮਹਾਂ ਮੋਹ ਦੀ ਆਗਿਆ ਨੂੰ ਪਾਕੇ ਇਸੇ ਜਗ੍ਹਾ ਤੇ ਵੱਸ ਰਹੇ ਹਨ ॥ ੪੮ ॥

**ਸਵੈਯਾ॥**

**੧. ਆਪ ਕਹੋ ਕਿਹ ਕਾਰਣ ਤੇ ਇਹ ਠੌਰ ਪ੍ਰਸਾਦਿ ਕੀਓ ਤੁਮ ਆਏ॥**
**੨. ਹੰਕਾਰ ਕਹਿਓ ਸੁਤ ਮੋਹ ਮਹੀਪ ਕੋ ਗੋਪ ਸੰਦੇਸ਼ ਸੁ ਹੈਂ ਹਮ ਲਿਆਏ॥**
**੩. ਚਾਹਿਤ ਤਾਂਹਿ ਬਿਬੇਕ ਹਤੇ ਨਿਜ ਕਾਨ ਸੁਨੇ ਸਭ ਲੋਕ ਅਲਾਏ॥**

**੪. ਤਾਂ ਬਿਰਤੰਤ ਸੁਨਾਵਨ ਕੇ ਹਿਤ ਆਵਨ ਮੋਹਿ ਭਯੋ ਸਮਝਾਏ ॥ ੪੯ ॥**

ਪ੍ਰਸਾਦਿ=ਕ੍ਰਿਪਾ। ਮਹੀਪ=ਰਾਜਾ। ਗੋਪ=ਗੁਪਤ। ਅਲਾਏ=ਕਹਿੰਦੇ ਹਨ।

੧. ਦੰਭ ਨੇ ਕਿਹਾ-ਦਾਦਾ ਜੀ (ਆਪ ਦਸੋ, ਤੁਸਾਂ ਕਿਸ ਕਾਰਣ ਕਰਕੇ, ਇਸ ਜਗ੍ਹਾ ਤੇ ਆਉਣ ਦੀ ਕ੍ਰਿਪਾ ਕੀਤੀ ਹੈ ? ੨. ਹੰਕਾਰ ਨੇ ਕਿਹਾ-ਹੇ ਪੁਤਰ ਦੰਭ ! ਮੋਹ ਰਾਜਾ ਦਾ ਇਕ ਗੁਪਤ ਸੁਨੇਹਾ ਲੈ ਕੇ ਮੈਂ ਆਇਆ ਹਾਂ। ੩. ਉਸਨੂੰ ਬਿਬੇਕ ਮਾਰਨਾ ਚਾਹੁੰਦਾ ਹੈ, (ਇਹ ਗੱਲ) ਮੈਂ ਆਪਣੇ ਕੰਨੀਂ ਸੁਣੀ ਹੈ ਅਤੇ ਸਾਰੇ ਲੋਕ ਕਹਿੰਦੇ ਹਨ। ੪. ਉਨ੍ਹਾਂ ਨੂੰ ਸਾਰਾ ਬ੍ਰਿਤਾਂਤ ਸੁਨਾਵਨ ਦੇ ਵਾਸਤੇ ਹੀ ਮੇਰਾ ਆਉਣਾ ਹੋਇਆ ਹੈ; ਸਮਝ ਲਿਆ ॥ ੪੯ ॥

**ਸਵੈਯਾ ॥**

**੧. ਤਬ ਦੰਭ ਕਹਯੋ ਸੁਖ ਸੰਗ ਅਏ, ਤਵ ਪੇਖਨ ਤੇ ਮਮ ਦੇਹ ਸਿਰਾਨੀ ॥**
**੨. ਮੋਹ ਮਹੀਪ ਸੁ ਆਇ ਇਹਾਂ ਸੁਰ ਲੋਕਹਿ ਤੇ ਜਨ ਏਹੁ ਬਖਾਨੀ ॥**
**੩. ਮੋਹ ਮਹੀਪ ਸ਼ਿਰੋਮਣਿ ਜੂ ਸ਼ਿਵਕੀ ਨਗਰੀ ਸੁ ਠਈ ਰਜਧਾਨੀ ॥**
**੪. ਸਭ ਲੋਕ ਕਹੈਂ ਮੁਖ ਪੰਕਜ ਮੇ ਮਮ ਆਪ ਸੁਨੀ ਏਹ ਬਾਤ ਸੁ ਕਾਨੀ ॥੫੦॥**

੧. ਜਦ ਹੰਕਾਰ ਗੱਲ ਸੁਣਾ ਚੁਕਾ, ਤਦ ਦੰਭ ਨੇ ਕਿਹਾ-ਆਪ ਸੁਖ ਨਾਲ ਆਏ ਹੋ, ਤੁਹਾਡਾ ਦਰਸ਼ਨ ਕਰਦਿਆਂ ਹੀ ਮੇਰੀ ਆਤਮਾ ਸ਼ਾਂਤ ਹੋ ਗਈ ਹੈ। (ਮੈਂ ਭੀ ਆਪ ਨੂੰ ਇਕ ਖਬਰ ਸੁਣਾਉਂਦਾ ਹਾਂ) ਲੋਕੀਂ ਇਹ ਕਹਿੰਦੇ ਹਨ, ਕਿ ਮੋਹ ਰਾਜਾ ਸੁਰਗ ਲੋਕ ਤੋਂ ਇਥੇ ਆ ਰਹੇ ਹਨ। ੩. ਜੋ ਸਾਰੇ ਰਾਜਿਆਂ ਦੇ ਸ਼ਿਰੋਮਣੀ ਰਾਜੇ ਮੋਹ ਰਾਜਾ ਜੀ ਹਨ,ਉਨ੍ਹਾਂ ਨੇ (ਇਸ) 'ਸ਼ਿਵ ਨਗਰੀ'(ਕਾਂਸ਼ੀ) ਨੂੰ ਆਪਣੀ ਰਾਜਧਾਨੀ ਬਣਾਇਆ ਹੈ। ੪.ਸਾਰੇ ਲੋਕ ਆਪਣੇ ਕਮਲ ਵਰਗੇ ਮੂੰਹ ਤੋਂ ਕਹਿ ਰਹੇ ਹਨ ਅਤੇ ਮੈਂ ਇਹ ਗੱਲ ਆਪਣੇ ਕੰਨੀਂ ਸੁਣੀ ਹੈ ॥੫੦॥

**ਸਵੈਯਾ ॥**

**੧. ਹੰਕਾਰ ਕਹਯੋ ਇਹ ਕਾਰਣ ਤੇ ਵਹੁ ਲੋਕਪਤੀ ਏਹ ਠੌਰ ਬਸਾਏ ॥**
**੨. ਦੰਭ ਕਹਯੋ ਇਹਿ ਕਾਰਣ ਹੈ ਸੁ ਵਿਵੇਕ ਕਹੂੰ ਜਗ ਹੋਨ ਨ ਪਾਏ ॥**
**੩. ਬੋਧ ਉਦੇ ਇਹ ਭੂਮਿ ਬਨਾਰਸ ਵੇਦ ਪੁਰਾਣ ਇਹੈ ਮੁਖ ਗਾਏ ॥**
**੪. ਕੁਲ ਨਾਸਕ ਬੋਧ ਨਿਵਾਰਣ ਕੋ ਇਹ ਠੌਰ ਨਿਵਾਸ ਸੁ ਮੋਹ ਠਹਰਾਏ॥੫੧॥**

੧. ਹੰਕਾਰ ਨੇ ਪੁਛਿਆ-ਹੇ ਪੁਤ੍ਰ ਦੰਭ ! ਉਹ ਜਗਤ-ਪਤੀ ਮਹਾਂ-ਮੋਹ ਰਾਜਾ ਕਿਸ ਕਾਰਣ ਕਰਕੇ ਇਸ ਜਗ੍ਹਾ ਵਿਚ ਆਕੇ ਵੱਸਨ ਲਗੇ ਹਨ ? ੨. ਦੰਭ ਨੇ ਕਿਹਾ-ਏਹੀ ਕਾਰਨ ਹੈ, ਕਿ ਵਿਵੇਕ ਜਗਤ ਵਿਚ ਕਿਤੇ ਭੀ ਹੋਣਾ ਨਾ ਪਾਵੇ। ੩. ਵੇਦ ਤੇ ਪੁਰਾਣ ਮੂੰਹੋਂ ਇਹ ਕਹਿ ਰਹੇ ਹਨ,ਇਸ ਕਾਂਸ਼ੀ ਦੀ ਧਰਤੀ ਵਿਚ ਹੀ 'ਗਿਆਨ' ਉਦੇ ਹੋਵੇਗਾ। ੪. ਕੁਲ ਦਾ ਨਾਸ ਕਰਨ ਵਾਲਾ ਜੋ ਬੋਧ ਹੈ, ਉਸਦੀ ਨਵਿਰਤੀ ਦੇ ਵਾਸਤੇ ਹੀ ਮੋਹ ਰਾਜਾ ਨੇ ਇਸ ਜਗ੍ਹਾ ਤੇ ਨਿਵਾਸ ਕਰਨਾ ਸਥਿਰ ਕੀਤਾ ਹੈ ॥ ੫੧ ॥

ਪ੍ਰਸ਼ਨ-ਵੇਦ ਤੇ ਪੁਰਾਣ ਦਾ ਕਥਨ ਕੀ ਹੈ ?

ਉਤਰ-ਅਥਰਵਣ ਵੇਦ ਦੀ ਸ਼ੁਤੀ ਹੈ ਕਿ-

ਸ੍ਰੀ ਰਾਮ ਚੰਦ੍ਰ ਜੀ ਕਹਿੰਦੇ ਹੇ ਸ਼ਿਵ ! ਜਿਸ ਕਿਸੇ ਮਰਣਾਊ ਪੁਰਖ ਦੇ ਸਜੇ ਕੰਨ ਵਿਚ ਤੁਸੀਂ ਉਸ (ਤਾਰਕ) ਮੰਤਰ ਦਾ ਉਪਦੇਸ਼ ਕਰੋਗੇ, ਉਹ ਪੁਰਖ ਤਾਰਕ ਮੰਤਰ ਉਪਦੇਸ ਤੋਂ ਪੈਦਾ ਹੋਏ ਗਿਆਨ ਦਵਾਰਾ

Sri Satguru Jagjit Singh Ji Elibrary　　　　NamdhariElibrary@gmail.com

ਮੁਕਤ ਹੋਵੇਗਾ ॥ ੧ ॥ 'ਬ੍ਰਹਮਾ ਤਮੇਕਯ ਲਖਣ' ਜੀਵ-ਬ੍ਰਹਮ ਦੀ ਏਕਤਾ ਰੂਪ ਜੋ ਗਿਆਨ ਹੈ, ਉਹ ਪੁਰਖ ਨੂੰ ਭਲੀ ਪ੍ਰਕਾਰ ਕਾਂਸ਼ੀ ਦੇ ਸੇਵਨ ਕਰਕੇ ਹੁੰਦਾ ਹੈ ॥ ੨ ॥

### ਸਵੈਯਾ ॥

**੧. ਹੰਕਾਰ ਡਰੇ ਸੁਨਿ ਬਾਤ ਇਹੈ, ਸ਼ਿਵ ਕੇ ਪੁਰਿ ਬੋਧ ਸੁ ਕੌਨ ਮਿਟਾਏ ॥**
**੨. ਤਿਨ ਠੌਰ ਬਸੈਂ ਸਭ ਜੀਵ ਜਿਤੇ ਸੁਖ ਸੋਂ ਸ਼ਿਵ ਤਾਂਹਿ ਕੇ ਬੰਧ ਛੁਡਾਏ ॥**
**੩. ਅੰਤ ਸਮੈਂ ਕਰੁਨਾ ਕਰਕੇ ਸਭ ਕਾਨਨ ਤਾਰਕ ਮੰਤ੍ਰ ਸੁਨਾਏ ॥**
**੪. ਸਭ ਪਾਪ ਮਿਟੇ ਸ਼ਿਵ ਪੇਖਨ ਤੇ, ਖਿਨ ਭੀਤਰ ਜੀਵਨ ਬੋਧ ਉਪਾਏ ॥੫੨॥**

੧. 'ਕਾਸੀ ਵਿਚ ਗਿਆਨ ਨਾ ਹੋਵੇ' ਇਹ ਗੱਲ ਸੁਣ ਕੇ ਹੰਕਾਰ ਡਰ ਗਿਆ (ਅਤੇ ਕਹਿਣ ਲਗਾ) ਸਿਵਜੀ ਦੀ ਪੁਰੀ (ਕਾਸ਼ੀ) ਵਿਚੋਂ ਗਿਆਨ ਦੇ ਹੋਣ ਨੂੰ ਕੌਣ ਮਿਟਾ ਸਕਦਾ ਹੈ ? ੨. ਉਸ (ਕਾਸ਼ੀ) ਸਥਾਨ ਵਿਚ ਜਿਹੜੇ ਜੀਵ ਵੱਸਦੇ ਹਨ ਅਤੇ ਸ਼ਿਵਜੀ ਉਨ੍ਹਾਂ ਸਭਨਾਂ ਦੇ ਬੰਧਨ ਕੱਟ ਦੇਂਦਾ ਹੈ। ੩. ਅੰਤ ਦੇ ਵੇਲੇ ਕਿਰਪਾ ਕਰਕੇ (ਸ਼ਿਵ ਜੀ) ਸਭਨਾਂ ਦੇ ਕੰਨਾਂ ਵਿਚ ਤਾਰਕ ਮੰਤ੍ਰ ਸੁਣਾਉਂਦਾ ਹੈ। ੪.ਸ਼ਿਵਜੀ ਦੇ ਦਰਸ਼ਨ ਨਾਲ ਹੀ ਸਾਰੇ ਪਾਪ ਮਿਟ ਜਾਂਦੇ ਹਨ ਅਤੇ ਖਿਨ ਵਿਚ ਹੀ ਪੁਰਸ਼ ਨੂੰ ਗਿਆਨ ਪ੍ਰਗਟ ਹੋ ਜਾਂਦਾ ਹੈ ॥ ੫੨ ॥

ਪ੍ਰਸ਼ਨ–ਤਾਰਕ ਮੰਤ੍ਰ ਕਿਸ ਨੂੰ ਕਹਿੰਦੇ ਹਨ ?

ਉੱਤਰ–ਸੰਸਾਰ ਦੇ ਭੈ ਭੀਤ ਪੁਰਖ ਨੂੰ ਜੋ ਤਾਰ (ਮੁਕਤ ਕਰ) ਦੇਵੇ, ਉਸ ਦਾ ਨਾਮ ਹੈ–'ਤਾਰਕ ਮੰਤ੍ਰ'।

ਪ੍ਰਸ਼ਨ—ਇਸ ਵਿਚ ਕੀ ਪ੍ਰਮਾਣ ਹੈ, ਜੋ ਅੰਤ ਸਮੇਂ ਸ਼ਿਵਜੀ ਮੰਤ੍ਰ ਸੁਣਾਉਂਦਾ ਹੈ ?

ਉੱਤਰ– (ਸਫਾ ੨੪ ਦਾ ਨੋਟ)

ਅਰਥ–ਦੇਹ ਦੇ ਅੰਤ ਸਮੇਂ ਵਿਚ ਮਹਾਂਦੇਵ ਦੀ ਤਾਰਕ ਮੰਤ੍ਰ ਦਾ ਉਪਦੇਸ਼ ਕਰਦੇ ਹਨ, ਅਤੇ ਮਹਾਂਦੇਵ ਜੀ ਕਹਿੰਦੇ ਹਨ-ਹੇ ਪ੍ਰਾਣੀ ! ਮਣਿ ਕਰਣਿਕਾ ਦੇ ਅੰਦਰ ਅਧੇ ਜਲ ਨਿਵਾਸ ਕਰਨ ਵਾਲੇ ਅਰਥਾਤ ਅਧੇ ਸਰੀਰ ਨੂੰ ਪਾਣੀ ਵਿਚ ਰਖਣ ਵਾਲੇ ਅਤੇ ਮਰਨ ਦੀ ਇਛਾ ਵਾਲੇ ! ਤੈਨੂੰ ਮੈਂ ਬ੍ਰਹਮ ਸੰਗਯਕ ਤਾਰਕ ਮੰਤ੍ਰ ਦਾ ਉਪਦੇਸ਼ ਕਰਦਾ ਹਾਂ। ਇਸ ਕਥਨ ਤੋਂ ਇਹ ਸਿਧ ਹੋਇਆ ਕਿ ਕਾਸ਼ੀ ਵਿਚ ਮਰਨ ਵਾਲੇ ਹਰੇਕ ਜੀਵ-ਜੰਤ੍ਰ ਨੂੰ ਸਹਜੇ ਹੀ ਪ੍ਰਾਪਤ ਹੋ ਜਾਂਦੀ ਹੈ, ਹੰਕਾਰ ਦੰਭ ਤਾਈਂ ਇਹ ਗੱਲ ਕਹੀ ਹੈ।

### ਸਵੈਯਾ ॥

**੧. ਤਬ ਦੰਭ ਕਹਯੋ ਇਹ ਬਾਤ ਸਹੀ, ਪਰ ਹੋਵਤ ਨਾਂ ਸਭ ਜੀਵ ਮਝਾਰਾ ॥**
**੨. ਤਿਨ ਕੋ ਨਹਿ ਬੋਧ ਕਦਾਚਿਤ ਹ੍ਵੈ, ਜਿਨ ਕੇ ਉਰ ਕਾਮ ਸੁ ਕ੍ਰੋਧ ਵਿਕਾਰਾ ॥**
**੩. ਜਿਨ ਕੇ ਕਰ ਪਾਦ ਮਨੋ ਬਸ ਹੈਂ, ਤਪ ਕੀਰਤਿ ਸੋਂ ਜਗ ਹੈ ਉਜਿਆਰਾ ॥**
**੪. ਵਹੁ ਤੀਰਥ ਕੋ ਫਲ ਪਾਵਤ ਹੈ, ਏਹ ਭਾਰਤ ਔਰ ਪੁਰਾਨ ਉਚਾਰਾ ॥੫੩॥**

੧. ਉਸ ਵੇਲੇ ਦੰਭ ਨੇ ਉਤਰ ਦਿਤਾ...(ਬੇਸ਼ਕ) ਇਹ ਗੱਲ ਸੱਚੀ ਹੈ, ਪਰ ਸਾਰੇ ਜੀਵਾਂ ਵਿਚ ਐਸਾ ਹੁੰਦਾ ਨਹੀਂ ਹੈ। ੨. ਕਿਉਂਕਿ ਜਿਨ੍ਹਾਂ ਦੇ ਹਿਰਦੇ ਵਿਚ ਕਾਮ ਤੇ ਕ੍ਰੋਧ ਨੇ ਵਿਕਾਰ (ਪੈਦਾ ਕਰ ਦਿਤੇ ਹਨ)ਉਨ੍ਹਾਂ ਨੂੰ ਗਿਆਨ ਕਦੇ ਭੀ ਨਹੀਂ ਹੋਵੇਗਾ। ੩. ਹੱਥ, ਪੈਰ ਤੇ ਮਨ ਜਿਨ੍ਹਾਂ ਦੇ ਵਸ ਵਿਚ ਹੈ ਅਤੇ ਤਪ ਦੀ ਕੀਰਤੀ ਨਾਲ ਜੋ ਜਗਤ ਵਿਚ ਉਜਾਗਰ ਹੈ। ੪. ਓਹੀ ਪੁਰਸ਼ ਤੀਰਥ ਦੇ ਫਲ ਪਾਉਂਦਾ ਹੈ, (ਮਹਾਂ) ਭਾਰਤ ਤੇ ਪੁਰਾਣਾਂ ਨੇ ਇਸ ਤਰ੍ਹਾਂ ਕਥਨ ਕੀਤਾ ਹੈ ॥ ੫੩ ॥

ਪ੍ਰਸ਼ਨ–ਮਹਾਂ ਭਾਰਤ ਤੇ ਪੁਰਾਣਾਂ ਦਾ ਕਥਨ ਕਿਵੇਂ ਹੈ ?
ਉਤਰ– (ਸਫਾ ੨੭ ਦਾ ਨੋਟ ੨)

**ਦੋਹਰਾ–੧. ਵੇਤ੍ਰਪਾਨਿ ਆਏ ਤਬੈ, ਕੰਚੁਕ ਪਾਗ ਅਨੂਪ ॥**
**੨. ਨਾਗਰ ਜਨ ਆਯੋ ਸੁਨੋ, ਮਹਾਂ ਮੋਹ ਜਗ ਭੂਪ ॥ ੫੪ ॥**

ਵੇਤ੍ਰਪਾਨਿ=ਚੋਬਦਾਰ। ਕੰਚੁਕ=ਚੋਗਾ। ਨਾਗਰ=ਚਤਰ। (੨) ਸ਼ਹਿਰ ਦੇ।

੧. ਜਦ ਦੰਭ ਤੇ ਹੰਕਾਰ ਇਸ ਤਰ੍ਹਾਂ ਗੱਲਾਂ ਕਰ ਰਹੇ ਸਨ, ਉਸੇ ਵੇਲੇ ਹੀ ਚੋਬਦਾਰ ਆ ਗਿਆ, (ਜਿਸ ਦਾ) ਚੋਗਾ ਤੇ ਪੱਗ ਬਹੁਤ ਹੀ ਸੁੰਦਰ ਸੀ। ੨. ਉਸ ਨੇ ਆਉਂਦਿਆਂ ਹੀ ਕਹਿਣਾ ਸ਼ੁਰੂ ਕੀਤਾ–ਹੇ ਨਗਰ ਦੇ ਲੋਕੋ ! ਸੁਣੋ, ਮਹਾਂ ਮੋਹ ਮਹਾਰਾਜ ਜੀ ਆ ਰਹੇ ਹਨ ॥ ੫੪ ॥

**ਸਵੈਯਾ ॥**

**੧. ਚੰਦਨ ਕੇ ਛਿਟਕਾਵ ਕਰੋ, ਮਣਿ ਫਾਟਕ ਹੇਮ ਸੁ ਬੇਦ ਬਨਾਵੋ ॥**
**੨. ਜਲਯੰਤ੍ਰ ਸਭੈ ਗ੍ਰਹ ਖੋਲ ਦਿਜੇ, ਤਿਨ ਭੀਤਰ ਕੁੰਕਮ ਗੰਧ ਮਿਲਾਵੋ ॥**
**੩. ਸਭ ਦ੍ਵਾਰਨ ਬੰਦਨ ਵਾਰ ਕਰੋ, ਗਜ ਮੋਤਿਨ ਹਾਰ ਲੜੀ ਲਟਕਾਵੋ ॥**
**੪. ਸਕ੍ਰ ਸਰਾਸਨ ਚਿਤ੍ਰ ਧੁਜਾ ਸਭ, ਸੌਧਨ ਕੇ ਸਿਰ ਮਾਹਿ ਝੁਲਾਵੋ ॥ ੫੫ ॥**

ਮਣਿ ਫਾਟਕ=ਸਫਟਕ ਮਣੀ, ਬਿਲੌਰੀ। ਹੇਮ=ਸੋਨਾ। ਬੇਦ=ਥੜੇ। ਜਲਯੰਤ੍ਰ=ਫੁਹਾਰੇ। ਕੁੰਕਮ=ਕੇਸਰ। ਬੰਦਨਵਾਰ=ਮਕੜੀ ਤਾਣ ਦਿਓ। ਸਕ੍ਰ ਸਰਾਸਨ ਇੰਦ੍ਰ। ਧਨੁਖ ਵਰਗੀ ਰੰਗ ਬਰੰਗੀ। ਸੌਧਨ=ਘਰਾਂ।

੧. ਚੋਬਦਾਰ ਨੇ ਕਿਹਾ–ਹੇ ਨਗਰ ਵਾਸੀਓ ! ਆਪਣੇ ਘਰਾਂ ਅਗੇ ਚੰਦਨ ਦਾ ਛਿਣਕਾਉ ਕਰੋ ਅਤੇ ਸਫਟਕ ਮਣੀਆਂ ਤੇ ਸੋਨੇ ਦੇ ਥੜੇ ਬਣਾ ਦਿਓ। ੨. ਸਾਰੇ ਘਰਾਂ ਦੇ ਅਗੇ ਫੁਹਾਰੇ ਖੋਲ੍ਹ ਦਿਓ ਅਤੇ (ਉਨ੍ਹਾਂ ਵਿਚ ਉਡਨ ਵਾਲੇ ਪਾਣੀ ਵਿਚ) ਕੇਸਰ ਤੇ ਸੁਗੰਧੀ ਮਿਲਾ ਦਿਓ। ੩. ਸਾਰੇ ਬੂਹਿਆਂ ਉਤੇ ਮਕੜੀ ਤਾਣ ਦਿਓ ਅਤੇ ਹਾਥੀ ਦੇ ਮੋਤੀਆਂ ਦੀਆਂ ਲੜੀਆਂ ਲਟਕਾ ਦਿਓ। ੪. ਅਕਾਸ਼ੀ ਪੀਂਘ ਵਰਗੇ ਰੰਗ-ਬਰੰਗੇ ਝੰਡੇ ਸਾਰੇ ਮਕਾਨਾਂ ਦੇ ਸਿਰਾਂ ਉਤੇ ਝੁਲਾ ਦੇਵੋ ॥ ੫੫ ॥

**ਕਬਿੱਤ–੧. ਫੇਰ ਦੰਭ ਕਹਯੋ ਮਹਾਰਾਜ ਹੈ ਸਮੀਪ ਆਏ,**
**ਚਲੀਏ ਅਗਾਰੀ ਸਨਮਾਨ ਅਤਿ ਕੀਜੀਏ ॥**
**੨. ਕਹਯੋ ਹੈ ਹੰਕਾਰ ਤੁਮ ਭਲੋ ਹੀ ਉਚਾਰ ਕੀਓ,**
**ਹੂਜੀਏ ਤਿਆਰ ਸੁ ਉਪਾਯਨ ਕੋ ਦੀਜੀਏ ॥**
**੩. ਜਾਇ ਕੈ ਉਪਾਇਨ ਸੁ ਪਾਇਨ ਕੇ ਮਾਹਿ ਧਰੀ,**
**ਜੋਰ ਕਰ ਕਹਯੋ ਯੌਂ ਬਨਾਰਸ ਪਖੀਜੀਏ ॥**
**੪. ਆਏ ਮਹਾ ਮੋਹ ਭੂਪ ਪੁਰੀ ਮੈ ਪ੍ਰਵੇਸ ਕੀਓ,**
**ਵਿਵਿਧ ਵਿਭੂਤਿ ਪ੍ਰਵਾਰ ਸੋ ਸੁਹੀਜੀਏ ॥ ੫੬ ॥**

Sri Satguru Jagjit Singh Ji Elibrary NamdhariElibrary@gmail.com

੧. ਫੇਰ ਦੰਭ (ਨੇ ਹੰਕਾਰ ਨੂੰ) ਕਿਹਾ–ਮਹਾਰਾਜ ਮਹਾਂ ਮੋਹ ਜੀ ਨੇੜੇ ਆ ਗਏ ਹਨ, ਦਾਦਾ ਜੀ ! ਅਗੋਂ ਦੀ ਚਲਕੇ ਉਨ੍ਹਾਂ ਦਾ ਆਦਰ ਸਤਕਾਰ ਕਰਨਾ ਚਾਹੀਦਾ ਹੈ। ੨. ਹੰਕਾਰ ਨੇ ਕਿਹਾ–ਹੇ ਪੁਤਰ ਦੰਭ ! ਤੂੰ ਬੜੀ ਚੰਗੀ ਗੱਲ ਕਹੀ ਹੈ,ਚਲੋ ਤਿਆਰ ਹੋਵੋ ਤੇ ਭੇਟਾ ਦੇਣੀ ਚਾਹੀਦਾ ਹੈ। ੩. ਇਹ ਕਹਿਕੇ ਦੋਵੇਂ ਤੁਰ ਪਏ ਤੇ ਕੋਲ ਜਾ ਕੇ ਮਹਾਂ ਮੋਹ ਰਾਜੇ ਦੇ ਚਰਨਾਂ ਵਿਚ ਭੇਟਾ ਰਖ ਦਿਤੀ, ਮਹਾਂ ਮੋਹ ਨੇ ਉਨ੍ਹਾਂ ਦੀਆਂ ਨਜ਼ਰਾਂ ਲੈ ਲਈਆਂ ਤਾਂ ਦੰਭ ਨੇ ਹਥ ਜੋੜ ਕੇ ਕਿਹਾ–ਮਹਾਰਾਜ ! ਇਹ ਕਾਂਸ਼ੀ ਪੁਰੀ ਹੈ, ਇਸਨੂੰ ਵੇਖਣਾ ਕਰੋ। ੪. ਮਹਾਂ ਮੋਹ ਮਹਾਰਾਜ ਜੀ ਨੇ ਆ ਕਾਂਸ਼ੀ ਵਿਚ ਪ੍ਰਵੇਸ਼ ਕੀਤਾ ਜੋ ਅਨੇਕ ਤਰ੍ਹਾਂ ਦੀ ਵਿਭੂਤੀ ਤੇ ਪ੍ਰਵਾਰ ਨਾਲ ਸੋਭਾ ਪਾ ਰਹੇ ਹਨ ॥੫੬॥

**ਕਬਿੱਤ–੧. ਮਹਾਂ ਮੋਹ ਭੂਪ ਸੋ ਅਨੂਪ ਪਿਖ ਹਸੇ ਅਤਿ,**
**ਅਹੋ ਜੜ ਬੁਧਿ ਸਭ ਲੋਕ ਬਉਰਾਨੇ ਹੈਂ ॥**
**੨. ਲੋਕ ਪ੍ਰਲੋਕ ਮਾਂਹਿ ਭੋਗਤਾ ਅਨੂਪ ਸੁਖ,**
**ਦੇਹ ਤੇ ਵਿਭਿੰਨ ਮੂਢ ਆਤਮਾ ਬਖਾਨੇ ਹੈਂ ॥**
**੩. ਅਕਾਸ ਤਰੁ ਫੂਲਨ ਬਿਸਾਲ ਫਲ ਆਸ ਕਰੇ**
**ਕਹੋ ਨਭ ਫਲ ਹੂੰ ਕੇ ਸ੍ਵਾਦ ਕਿਨ ਜਾਨੇ ਹੈਂ ॥**
**੪. ਭਏ ਖੋਟੇ ਪੰਡਿਤ ਪਖੰਡ ਸੁ ਚਲਾਏ ਜਗ,**
**ਬੋਲ ਸੁ ਕਪੋਲ ਲੋਗ ਸਗਲੇ ਠਗਾਨੇ ਹੈਂ ॥ ੫੭ ॥**

੧. ਉਹ ਮਹਾਂ ਸੁੰਦਰ ਮਹਾਂ ਮੋਹ ਰਾਜਾ (ਕਾਂਸ਼ੀ ਦੇ ਪੰਡਿਤਾਂ ਵਲ) ਵੇਖ ਕੇ ਖਿੜ ਖਿੜਾ ਕੇ ਹਸ ਪਿਆ ਅਤੇ ਕਹਿਣ ਲਗਾ ਬੜੀ ਹੈਰਾਨੀ ਹੈ, ਕਿ ਇਹ ਪਥਰ (ਜੇਹੀ) ਬੁਧੀ ਵਾਲੇ ਸਾਰੇ ਲੋਕ ਪਾਗਲ ਹੋ ਰਹੇ ਹਨ। ੨. ਕਿਉਂਕਿ (ਜੋ) ਲੋਕ ਪ੍ਰਲੋਕ ਵਿਚਲੇ ਮਹਾਂ ਸੁੰਦਰ ਸੁਖ ਭੋਗਾਂ ਨੂੰ ਭੋਗਦੀ ਹੈ, ਦੇਹ ਤੋਂ ਵਖਰੀ (ਹੀ ਕੋਈ) ਆਤਮਾ ਕਹਿੰਦੇ ਹਨ, ਇਨ੍ਹਾਂ ਮੂਰਖਾਂ (ਤੋਂ ਪੁਛਣਾ ਚਾਹੀਦਾ ਹੈ, ਜੇ ਦੇਹ ਆਤਮਾ ਨਹੀਂ ਹੈ ਤਾਂ ਇਸ ਨੂੰ ਸੁਖਾਂ ਦਾ ਅਨੁਭਵ ਹੀ ਕਿਵੇਂ ਹੁੰਦਾ ਹੈ ? ਅਤੇ ਉਹ ਜਿਹੜਾ ਤੁਸੀਂ ਇਸ ਤੋਂ ਵਖਰਾ ਕੋਈ ਆਤਮਾ ਕਹਿੰਦੇ ਹੋ,ਉਹ ਕਦੇ ਕਿਸੇ ਨੇ ਵੇਖਿਆ ਭੀ ਹੈ ? ਜੇ ਉਸ ਆਤਮਾ ਨੂੰ ਕਿਸੇ ਨੇ ਵੇਖਿਆ ਹੀ ਨਹੀਂ ਹੈ ਤਦ ਤਾਂ ਜਿਵੇਂ ਕੋਈ ਆਖੇ ੩. ਕਿ ਅਕਾਸ਼ ਵਿਚ ਬ੍ਰਿਛ (ਹੈ, ਜੋ) ਬਹੁਤ ਫੁਲਾਂ ਫਲਾਂ (ਵਾਲਾ ਹੈ ਅਤੇ ਕੋਈ ਉਸ ਅਕਾਸ਼ ਵਿਚਲੇ ਬ੍ਰਿਛ ਦੇ ਫਲਾਂ ਦੀ ਆਸ ਕਰੇ (ਤਾਂ ਉਸ ਨੂੰ ਮੂਰਖ ਸਮਝਣਾ ਚਾਹੀਦਾ ਹੈ, ਕਿਉਂਕਿ) ਦਸੋ,(ਅਜ ਤਕ)ਅਕਾਸ਼ ਦੇ ਬ੍ਰਿਛ ਦੇ ਫਲਾਂ ਦੇ ਸਵਾਦ ਨੂੰ ਕਿਸੇ ਨੇ ਜਾਣਿਆ ਹੈ ? ੪. ਇਹ ਪੰਡਿਤ ਮਨ ਦੇ ਖੋਟੇ ਹਨ, ਉਨ੍ਹਾਂ ਨੇ ਜਗਤ ਵਿਚ ਪਖੰਡ ਤੋਰ ਦਿਤੇ ਹਨ, ਝੂਠ ਬੋਲ ਬੋਲ ਕੇ ਸਾਰੇ ਲੋਕਾਂ ਨੂੰ ਠਗ ਲਿਆ ਹੈ ॥ ੫੭ ॥

**ਕਬਿੱਤ–੧. ਜੋਈ ਜੱਗ ਨਾਂਹਿ ਤਾਂਹਿ ਵਸਤੁ ਕੇ ਸੁਆਹਿ ਕਹੋਂ,**
**ਭਯੇ ਹੈਂ ਵਚਾਲੇ ਵਾਕ ਮਿਥ੍ਯਾ ਵੇਦ ਮਨਾਈ ॥**
**੨. ਚਾਰ ਵਾਕਨ ਕੇ ਵਾਕ ਸੱਤ ਤਾਂਹਿ ਕੋ ਅਸੱਤ ਕਹੋਂ,**
**ਭਏ ਮੂਢ ਲੋਕ ਤਾਂਹਿ ਨਿੰਦਾ ਕੋ ਬਖਾਨਈ ॥**
**੩. ਅਹੋ ਤਤ੍ਵ ਸਾਰ ਕੋ ਬਿਚਾਰ ਤੁਮ ਆਪ ਕਰੋ,**
**ਕਾਟੇ ਤਨ ਸੀਸ ਦ੍ਰਿਗ ਵਾਹੀ ਓਰ ਠਾਨਈ ॥**

Sri Satguru Jagjit Singh Ji Elibrary NamdhariElibrary@gmail.com

**੪. ਤਨ ਤੇ ਨਿਆਰੇ ਜੋ ਪਧਾਰੇ ਜੀਵ ਪਿਖੇ ਕੋਈ,**
**ਤਬੀ ਤਨੁ ਭਿੰਨ ਯਹ ਆਤਮ ਸੁ ਜਾਨਈ ॥ ੫੮ ॥**

ਵਚਾਲ=ਗਲਾਧੜੀ, ਬਹੁਤੀਆਂ ਗਲਾਂ ਕਰਨ ਵਾਲਾ। ਮ੍ਰਿਖਾ=ਝੂਠੇ।

ਮਹਾਂ ਮੋਹ ਕਹਿਣ ਲਗਾ-ਇਨ੍ਹਾਂ ਪੰਡਿਤਾਂ ਦੀ ਮੂਰਖਤਾ ਦੀ ਗੱਲ ਸੁਣੋ !

ਨੋਟ--ਪਹਿਲੀ ਤੁਕ ਦਾ ਅਨ੍ਹੈ ਇਉਂ ਕਰੋ-'ਜੋਈ ਜਗ ਆਹਿ ਤਾਹਿ ਵਸਤੁ ਕੋ ਸੁ ਨਾਹਿ ਕਹੈ'।

੧. ਜੋ ਜਗਤ ਸੱਤ ਭਾਸ ਰਿਹਾ ਹੈ, ਉਸ ਨੂੰ ਤਿੰਨ ਕਾਲ ਹੋਇਆ ਹੀ ਨਹੀਂ ਕਹਿੰਦੇ ਹਨ,ਇਹ ਪੰਡਿਤ ਲੋਕ ਇਸਤਰ੍ਹਾਂ ਦੇ ਚਲਾਕ-ਗਲਾਧੜੀ ਹਨ,(ਅਤੇ ਉਨ੍ਹਾਂ ਦੇ) ਝੂਠੇ ਬਚਨਾਂ ਨੂੰ (ਲੋਕ) 'ਵੇਦ' ਕਰਕੇ ਮੰਨਦੇ ਹਨ ੨. ਚਾਰਵਾਕ (ਦਾ ਕਥਨ ਹੈ, ਕਿ 'ਦੇਹ ਹੀ ਆਤਮਾ ਹੈ, ਦੇਹ ਤੋਂ ਭਿੰਨ ਹੋਰ ਕੋਈ ਆਤਮਾ ਨਹੀਂ ਹੈ' ਇਹ) ਵਾਕ ਸੱਤ ਹੈ, ਉਸ ਨੂੰ ਅਸੱਤ ਕਹਿੰਦੇ ਹਨ, (ਇਹ ਲੋਕ ਅਜਿਹੇ ਮੂਰਖ ਹੋ ਗਏ ਹਨ ਕਿ ਉਸ (ਚਾਰ ਵਾਕ) ਦੀ ਨਿੰਦਾ ਕਰਦੇ ਹਨ ਅਰਥਾਤ ਪੰਡਿਤ ਲੋਕ ਕਹਿੰਦੇ ਹਨ ਕਿ ਚਾਰ ਵਾਕ ਨਾਸਤਕ ਹੈ ਉਸਦਾ ਕਥਨ ਪ੍ਰਮਾਣ ਯੋਗ ਨਹੀਂ ਹੈ, ਇਹੋ ਹੀ ਨਿੰਦਾ ਕਰਨੀ ਹੈ। ੩. ਹੇ ਜਗਤ ਦੇ ਲੋਕੋ ! 'ਤਤ੍ਵ ਸਾਰ' ਦਾ ਵਿਚਾਰ ਤੁਸੀਂ ਆਪੇ ਕਰੋ,(ਮੈਂ ਇਕ ਜੁਗਤੀ ਦਸਦਾ ਹਾਂ.ਉਹ ਇਹ ਕਿ ਕਿਸੇ ਦੀ ਦੇਹ ਨਾਲੋਂ) ਸਿਰ ਕਟ ਦਿਓ (ਅਤੇ ਸਿਰ ਕਟਣ ਵੇਲੇ) ਅਖਾਂ ਉਸੇ ਵਲ ਲਾਈ ਰਖੋ ਤੇ ਚੰਗੀ ਤਰ੍ਹਾਂ ਵੇਖੋ। ੪. ਜੇ (ਕੋਈ ਦੇਹ ਤੋਂ ਵਖਰਾ ਆਤਮਾ) ਉਸ ਵਢੇ ਹੋਏ ਧੜ ਵਿਚੋਂ ਨਿਕਲ ਕੇ ਜਾਂਦਾ ਵੇਖ ਲਵੋ, ਤਦ ਬੇਸ਼ਕ (ਇਸ) ਦੇਹ ਤੋਂ ਵਖਰਾ ਕੋਈ ਆਤਮਾ ਜਾਣ ਲਵੋ (ਅਤੇ ਜਦ ਦੇਹ ਵਿਚੋਂ ਨਿਕਲ ਕੇ ਕੋਈ ਜਾਂਦਾ ਦਿਸੇ ਹੀ ਨਾ,ਤਾਂ ਫੇਰ ਦੇਹ ਤੋਂ ਭਿੰਨ ਆਤਮਾ ਕਿਵੇਂ ਹੋਇਆ? ਤਾਂਤੇ ਚਾਰ ਵਾਕ ਦਾ ਕਥਨ ਹੀ ਸੱਤ ਹੈ ਕਿ ਇਹ ਦੇਹ ਹੀ ਆਤਮਾ ਹੈ, ਦੇਹ ਤੋਂ ਭਿੰਨ ਕੋਈ ਆਤਮਾ ਨਹੀਂ ਹੈ, ਜਿਵੇਂ ਬਰਫ ਤੋਂ ਭਿੰਨ 'ਠੰਢਕ' ਨਹੀਂ ਹੈ,ਦੁਧ ਤੋਂ ਵਖਰੀ ਸਫੇਦੀ ਨਹੀਂ ਹੈ, ਤੇਲ ਤੋਂ ਵਖਰੀ ਚਿਕਨਤਾ ਨਹੀਂ ਹੈ, ਇਸ ਤਰ੍ਹਾਂ ਦੇਹ ਤੋਂ ਵਖਰਾ ਆਤਮਾ ਨਹੀਂ ਹੈ, ਦੇਹ ਤੋਂ ਭਿੰਨ ਆਤਮਾ ਮੰਨਣ ਵਾਲੇ ਵਡੇ ਭਾਰੇ ਠਗ ਹਨ ਅਤੇ ਉਨ੍ਹਾਂ ਨੇ ਚਲਾਕੀ ਕਰਕੇ ਜਗਤ ਦੇ ਮੂਰਖ ਪੁਰਸ਼ਾਂ ਨੂੰ ਠਗ ਲਿਆ ਹੈ) ॥ ੫੮ ॥

**ਕਬਿੱਤ-੧. ਲੋਗਨ ਕੋ ਬੰਚ ਪੁਨ ਬੰਚਯੋ ਨਿਜ ਆਤਮ ਕੋ,**
**ਸੀਸ ਜਲ ਨ੍ਹਾਇ ਵ੍ਰਤ ਆਤਮ ਤਪਾਇ ਹੈ ॥**
**੨. ਨਾਕ ਮੁਖ ਪਾਦ ਪਾਨ ਦੇਹ ਹੈ ਸਮਾਨ ਸਭ,**
**ਮਨ ਮੈ ਨ ਆਇ ਕ੍ਰਮ ਵਰਣ ਕੋ ਬਤਾਇ ਹੈ ॥**
**੩. ਆਪਨੀ ਪਰਾਈ ਨਾਰਿ ਸੰਪਦਾ ਬਤਾਈ ਸ਼੍ਰੁਤਿ,**
**ਨਾਹਿ ਹਮ ਜਾਨੇ ਸਠ ਭੇਦ ਕੋ ਅਲਾਇ ਹੈ ॥**
**੪. ਨਾਰਿ ਧਨ ਭੋਗ ਪੁਨ ਪਾਪ ਕੋ ਵਿਭਾਗ ਯਹ,**
**ਆਪਨੋ ਪਰਾਯੋ ਬਲ ਹੀਨ ਮੁਖ ਗਾਇ ਹੈ ॥ ੫੯ ॥**

ਵੰਚਿਓ=ਠਗ ਲਿਆ। ਨਿਜ ਆਤਮ=ਆਪਣੇ ਆਪ। ਪਾਦ=ਪੈਰ। ਪਾਨ=ਹਥ। ਸ਼੍ਰੁਤਿ=ਵੇਦ।

੧. ਇਨ੍ਹਾਂ ਪੰਡਿਤਾਂ ਨੇ ਲੋਕਾਂ ਨੂੰ ਠਗਿਆ ਅਤੇ ਆਪਣੇ ਆਪ ਨੂੰ ਭੀ ਠਗ ਲਿਆ ਹੈ, ਕਿਉਂਕਿ ਇਹ ਸਵੇਰੇ ਉਠ ਕੇ ਠੰਢੇ ਪਾਣੀ ਨਾਲ ਨ੍ਹਾਉਂਦੇ ਹਨ ਅਤੇ ਬਰਤ (ਆਦਿਕ ਰਖ ਕੇ) ਆਪਣੀ ਦੇਹ ਨੂੰ ਦੁਖੀ ਕਰਦੇ ਹਨ। ੨. ਨਕ, ਮੂੰਹ, ਪੈਰ, ਹਥ ਤੇ ਦੇਹ ਸਭ ਦੀ ਇਕੋ ਜੇਹੀ ਹੈ ਫਿਰ ਸਾਡੇ ਮਨ ਵਿਚ (ਸਮਝ) ਨਹੀਂ

ਆਉਂਦੀ ਕਿ ਇਹ ਪੰਡਿਤ ਲੋਕ ਵਰਣ-ਆਸ਼ਰਮ ਦੇ ਸਿਲਸਲੇ ਨੂੰ (ਕਿਵੇਂ) ਦਸ ਰਹੇ ਹਨ? (ਅਰਥਾਤ ਜਦ ਸਾਰੇ ਸਰੀਰ ਅਤੇ ਸਾਰਿਆਂ ਸਰੀਰਾਂ ਦੇ ਅੰਗ-ਪ੍ਰਤਿਅੰਗ ਇਕੋ ਜਿਹੇ ਹਨ ਤਾਂ ਇਨ੍ਹਾਂ ਵਿਚੋਂ ਬ੍ਰਾਹਮਣ ਤੇ ਸ਼ੂਦਰ ਦਾ ਸਿਲਸਿਲਾ ਤੇ ਊਚ ਨੀਚ ਦਾ ਫਰਕ ਕਿਵੇਂ ਪੈ ਸਕਦਾ ਹੈ ? ਹਾਂ, ਜੇਕਰ ਕਿਸੇ ਦੇ ਸਰੀਰ ਜਾਂ ਅੰਗਾਂ ਦਾ ਫਰਕ ਹੋਵੇ ਤਦ ਤਾਂ ਭੇਦ ਮਲੂਮ ਹੋ ਸਕਦਾ ਹੈ ਅਤੇ ਮੰਨਿਆ ਭੀ ਜਾ ਸਕਦਾ ਹੈ) । ੩. ਆਪਣੀ ਇਸਤਰੀ ਤੇ ਪਰਾਈ ਇਸਤਰੀ ਆਪਣੀ ਸੰਪਦਾ (ਜੋ ਕਿ) ਵੇਦ ਕਹਿੰਦਾ ਹੈ (ਕਿ ਆਪਣੀ ਇਸਤ੍ਰੀ ਦਾ ਸਬੰਧ ਪਾਪ ਜਨਕ ਹੈ, ਇਹ ਭੀ) ਅਸੀਂ ਨਹੀਂ ਜਾਣ ਸਕਦੇ, ਮੂਰਖ ਪੰਡਿਤ ਹੀ ਇਸ ਭੇਦ ਨੂੰ ਕਹਿ ਰਹੇ ਹਨ (ਪਰ ਸਾਨੂੰ ਤਾਂ ਭਿੰਨ ਭੇਦ ਨਜ਼ਰ ਹੀ ਨਹੀਂ ਆਉਂਦਾ, ਕਿਉਂਕਿ ਜੇ ਆਪਣੀ ਇਸਤਰੀ ਦੇ ਅੰਗ ਸੰਗ ਤੇ ਪਰਾਈ ਇਸਤਰੀ ਦਾ ਰੰਗ-ਢੰਗ ਵਖੋ ਵਖ ਹੋਵੇ ਤਦ ਤਾਂ ਫਰਕ ਮੰਨਿਆ ਭੀ ਜਾ ਸਕਦਾ ਹੈ, ਪਰ ਇਨ੍ਹਾਂ ਮੂਰਖਾਂ ਨੇ ਇਸ ਤਰ੍ਹਾਂ ਦੀਆਂ ਝੂਠੀਆਂ ਗੱਲਾਂ ਨਾਲ ਹੀ ਲੋਕਾਂ ਨੂੰ ਠਗਿਆ ਅਤੇ ਆਪਣੇ ਆਪ ਨੂੰ ਭੀ ਠਗ ਲਿਆ ਹੈ,ਕਿਉਂਕਿ ਇਹ ਕਹਿੰਦੇ ਹਨ ਕਿ । ੪. ਆਪਣੀ ਇਸਤਰੀ ਅਤੇ ਧਨ ਦਾ ਭੋਗਣਾ ਪਾਪ ਪੈਦਾ ਕਰਦਾ ਹੈ, ਜਿਸ ਤੋਂ ਸਵਰਗ ਦਾ ਸੁਖ ਪ੍ਰਾਪਤ ਹੁੰਦਾ ਹੈ ਅਤੇ) ਪਰਾਈ ਇਸਤਰੀ ਅਤੇ ਧਨ ਦਾ ਭੋਗਣਾ ਪਾਪ ਪੈਦਾ ਕਰਦਾ ਹੈ, ਜਿਸ ਤੋਂ ਨਰਕ ਦਾ ਦੁਖ ਮਿਲਦਾ ਹੈ । ਅਸੀਂ ਤਾਂ ਇਹ ਜਾਣਦੇ ਹਾਂ ਕਿ ਇਹ ਆਪਣੇ ਪਰਾਏ ਦੀ ਵੰਡ ਅਤੇ ਉਨ੍ਹਾਂ ਦੇ ਭੋਗਨ ਤੋਂ ਪੁੰਨ ਪਾਪ ਦਾ ਮਿਲਣਾ ਬਲ ਤੋਂ ਹੀਣੇ (ਬੰਦੇ ਹੀ) ਮੂੰਹ ਤੋਂ ਕਹਿੰਦੇ ਹਨ ਅਸਲ ਗਲ ਇਹ ਹੈ ਕਿ ਸਾਰੀਆਂ ਇਸਤ੍ਰੀਆਂ ਤੇ ਸਾਰਾ ਧਨ ਇਕ ਸਾਰ ਹੈ । ਜੋ ਬਲਵਾਨ ਪੁਰਸ਼ ਹੈ, ਉਸ ਦਾ ਸਭ ਕੁਝ ਹੀ ਆਪਣਾ ਹੈ ਅਤੇ ਬਲ ਤੋਂ ਹੀਣੇ ਦਾ ਕੋਈ ਭੀ ਆਪਣਾ ਨਹੀਂ ਹੈ ॥ ੫੯ ॥

**ਕਬਿੱਤ—੧. ਆਤਮਾ ਸਰੀਰ ਯਹਿ ਧੀਰ ਚਾਰ ਵਾਕ ਕਹੈ,**
**ਆਗਮ ਪ੍ਰਮਾਣ ਏਕ ਤਾਂਹਿ ਕੋ ਸੁ ਲੇਖੀਏ ॥**
**੨. ਭੂਮਿ ਜਲ ਤੇਜ ਵਾਇ ਤਤ ਸੁ ਬਤਾਇ ਦਏ,**
**ਜਾਹਿ ਮੇ ਪ੍ਰਮਾਣ ਸੋ ਪ੍ਰਤੱਖ ਏਕ ਪੇਖੀਏ ॥**
**੩. ਨਾਰਿਨ ਕੋ ਭੋਗ ਔ ਦ੍ਰਬ ਕੇ ਸੰਜੋਗ ਜੋਈ,**
**ਯਹੀ ਪੁਰਖਾਰਥ ਨ ਔਰ ਕਛ ਦੇਖੀਏ ॥**
**੪. ਚੇਤਨ ਸੁ ਭੂਤ ਹੋਈ ਨਾਂਹਿ ਪਰਲੋਕ ਕੋਈ,**
**ਮੋਖ ਬਿਨੁ ਮ੍ਰਿਤ ਔਰ ਦੂਸਰੋ ਨ ਵੇਖੀਏ ॥ ੬੦ ॥**

੧. ਸਰੀਰ ਹੀ 'ਆਤਮਾ' ਹੈ, ਚਤਰ ਚਾਰ ਵਾਕ ਇਹ ਗਲ ਕਹਿੰਦਾ (ਹੈ, ਇਸ ਲਈ) ਇਕ ਉਸ ਦਾ ਸ਼ਾਸਤਰ ਹੀ ਪ੍ਰਮਾਣੀਕ ਜਾਣਨਾ ਚਾਹੀਦਾ ਹੈ। ੨. ਧਰਤੀ, ਜਲ, ਅਗ ਤੇ ਹਵਾ ਇਹ ਚਾਰ ਤੱਤ (ਹੀ ਉਸ ਨੇ) ਦਸ ਦਿਤੇ ਹਨ ਅਤੇ ਜਿਸ (ਚਾਰ ਵਾਕ ਸ਼ਾਸਤਰ) ਵਿਚ ਇਕੋ 'ਪ੍ਰਤੱਖ ਪ੍ਰਮਾਣ' ਮੰਨਿਆ ਗਿਆ ਹੈ। ੩. ਇਸਤਰੀਆਂ ਦਾ ਭੋਗਣਾ ਅਤੇ ਜੋ ਧਨ ਇਕੱਠਾ ਕਰਨਾ ਹੈ, ਇਹੋ ਉਸ ਨੇ ਪਰਮ-ਪੁਰਖਾਰਥ (ਦਸਿਆ ਹੈ, ਇਸ ਤੋਂ ਬਿਨਾਂ) ਹੋਰ ਕੁਝ (ਵੀ ਪੁਰਖਾਰਥ) ਨਹੀਂ ਦਿਸਦਾ। ੪. ਉਹ ਚਾਰੇ ਤੱਤ (ਇਕਠੇ ਹੋ ਕੇ ਹੀ) ਚੇਤਨ ਹੋ ਜਾਂਦੇ ਹਨ, ਇਸ ਲਈ ਉਨ੍ਹਾਂ ਤੱਤਾਂ ਤੋਂ ਭਿੰਨ ਹੋਰ ਕੋਈ ਚੇਤਨ ਤੇ ਪਰਲੋਕ ਨਹੀਂ ਹੈ (ਅਰਥਾਤ ਜਿਵੇਂ ਪਾਨ, ਸੁਪਾਰੀ, ਕੱਥਾ ਤੇ ਚੂਨਾ ਚਾਰੇ ਮਿਲਾਕੇ ਚਬਾਏ ਜਾਂਦੇ ਹਨ ਤਾਂ ਲਾਲ ਰੰਗ ਦੀ ਉਤਪਤੀ ਹੋ ਜਾਂਦੀ ਹੈ, (ਜਾਂ) ਜਿਵੇਂ ਹਰੇ, ਨੀਲੇ ਤੇ ਚਿਟੇ ਰੰਗ ਦੇ ਮਿਲਾਪ ਤੋਂ ਸਬਜ਼ ਰੰਗ ਪੈਦਾ ਹੋ ਜਾਂਦਾ ਹੈ) ਇਸ ਤਰ੍ਹਾਂ ਧਰਤੀ, ਜਲ, ਤੇਜ ਅਤੇ ਵਾਯੂ, ਇਨ੍ਹਾਂ ਚੌਹਾਂ ਤਤਾਂ ਦੇ ਮੇਲ ਤੋਂ ਚੇਤਨ ਸ਼ਕਤੀ ਆਪਣੇ ਆਪ ਪੈਦਾ ਹੋ ਜਾਂਦੀ ਹੈ, ਇਨ੍ਹਾਂ ਤੋਂ ਭਿੰਨ ਹੋਰ ਕੋਈ ਚੇਤਨ ਸ਼ਕਤੀ ਨਹੀਂ ਹੈ ਅਤੇ ਅਕਾਸ਼ ਪ੍ਰਤੱਖ ਪ੍ਰਮਾਣ ਦਾ ਵਿਸ਼ਾ ਨਹੀਂ ਹੈ,ਇਸ ਕਰਕੇ ਉਨ੍ਹਾਂ

Sri Satguru Jagjit Singh Ji Elibrary NamdhariElibrary@gmail.com

ਨੇ ਅਕਾਸ ਤਤ ਮੰਨਿਆ ਹੀ ਨਹੀਂ ਹੈ, ਕਿਉਂਕਿ ਚਾਰ ਵਾਕ ਸ਼ਾਸਤਰ ਵਿਚ ਅਨੁਮਾਨ, ਸ਼ਬਦ, ਉਨਮਾਨ, ਅਰਥਾਪਤੀ ਤੇ ਅਨੁਲਬਧੀ, ਇਹ ਪੰਜੇ ਪਰਮਾਣ ਮੰਨੇ ਹੀ ਨਹੀਂ ਗਏ, ਕੇਵਲ ਇਕੋ ਪ੍ਰਤਖ ਪ੍ਰਮਾਣ ਮੰਨਿਆ ਹੈ, ਨਾ ਆਤਮਾ ਪ੍ਰਤਖ ਪ੍ਰਮਾਣ ਦਾ ਵਿਸ਼ਾ ਹੈ ਅਤੇ ਨਾ ਹੀ ਅਕਾਸ਼, ਇਸ ਕਰਕੇ ਉਹ ਅਕਾਸ ਤੱਤ ਨੂੰ ਭੀ ਨਹੀਂ ਮੰਨਦਾ ਅਤੇ ਸਰੀਰ ਤੋਂ ਵਖਰਾ ਹੋਰ ਕੋਈ ਆਤਮਾ ਤੇ ਮੌਤ ਤੋਂ ਵਖਰੀ ਹੋਰ ਕੋਈ ਮੁਕਤੀ ਨਹੀਂ ਮੰਨਦਾ। ਸਿਧਾਂਤ ਇਹ ਕਿ ਸਰੀਰ ਆਤਮਾ ਹੈ, ਇਸਤ੍ਰੀਆਂ ਦੇ ਭੋਗ ਤੇ ਧਨ ਦਾ ਇਕਠਾ ਕਰਨਾ ਪਰਮ ਪੁਰਖਾਰਥ ਹੈ ਅਤੇ 'ਮਰ ਜਾਣਾ' ਹੀ ਮੁਕਤੀ ਹੈ, ਯਥਾ–

"ਅਰਥ ਕਾਮੋ ਪਰਮ ਪੁਰਸ਼ਾਰਥੋ ਨ ਧਰਮੋ ਨਾਮਿ ਮੋਖ:" ॥ ੬੦ ॥

**ਕਬਿੱਤ–੧. ਯਹੀ ਮਨ ਧਾਰ ਮੁਖ ਬੁਧ ਨੇ ਉਚਾਰ ਕੀਓ,**
**ਉੱਤਮ ਸਿਧਾਂਤ ਚਾਰ ਵਾਕ ਕੋ ਪਢਾਯੋ ਹੈ॥**
**੨. ਚਾਰ ਵਾਕ ਸਿਖਨ ਪ੍ਰਸਿਖਨ ਪਢਾਏ ਸਭ,**
**ਯਹੀ ਸੁ ਸਿਧਾਂਤ ਲੋਕ ਭੀਤਰ ਚਲਾਯੋ ਹੈ॥**
**੩. ਐਸੇ ਸੁਨ ਚਾਰ ਵਾਕ ਚਾਰ ਵਾਕ ਸਿਖ ਲੀਏ,**
**ਪੇਖਤ ਸਮਾਜ ਰਾਜ ਸਭਾ ਮਾਂਹਿ ਆਯੋ ਹੈ॥**
**੪. ਸਿਖਯ ਕੋ ਬੁਲਾਇ ਸੁ ਬੁਝਾਇ ਬਾਤ ਏਹੁ ਕਹੀ,**
**ਦੰਡ ਨੀਤ ਵਿਦਯਾ ਨ ਔਰ ਕਛੁ ਗਾਯੋ ਹੈ॥ ੬੧॥**

ਚਾਰ ਵਾਕ=ਇਕ ਮਤ ਦਾ ਨਾਮ ਹੈ। (੨) ਵਾਕ ਦਾ ਚਤਰ=ਬੋਲਣ ਵਿਚ ਚਤਰ। ਨੀਤ ਵਿਦਯਾ=ਰਾਜ ਨੀਤ ਵਿਦਯਾ।

ਮੋਹ ਰਾਜਾ ਕਹਿਣ ਲਗਾ–੧. ਮਨ ਵਿਚ ਇਹੋ (ਗੱਲ) ਧਾਰ ਕੇ ਬੁਧ (ਭਗਵਾਨ) ਨੇ ਮੂੰਹ ਤੋਂ ਉਚਾਰਨ ਕੀਤੀ ਅਤੇ ਸਰਬ ਸ਼ਿਰੋਮਣੀ ਉਤਮ ਸਿਧਾਂਤ (ਬੁਧ ਭਗਵਾਨ ਨੇ) ਚਾਰ ਵਾਕ ਨੂੰ ਪੜ੍ਹਾ ਦਿਤਾ। ੨. ਅਗੇ ਉਸ ਚਾਰ ਵਾਕੀਏ ਨੇ ਆਪਣੇ ਚੇਲਿਆਂ ਨੂੰ (ਅਤੇ ਅਗੇ) ਚੇਲਿਆਂ ਨੇ ਆਪਣੇ ਚੇਲਿਆਂ ਨੂੰ ਪੜ੍ਹਾ ਦਿਤਾ, ਇਸ ਤਰ੍ਹਾਂ ਇਹ ਉਤਮ ਸਿਧਾਂਤ ਸਾਰੇ ਲੋਕਾਂ (ਵਿਚ ਉਨ੍ਹਾਂ ਨੇ) ਤੋਰ ਦਿਤਾ ਹੈ। ੩. ਮੋਹ ਰਾਜਾ ਦੇ ਮੂੰਹੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਚਾਰ ਵਾਕ (ਮਤ ਆਪਣੇ) ਚਲਾਕ ਚੇਲਿਆਂ ਨੂੰ ਨਾਲ ਲੈ ਕੇ ਸਾਰੇ ਸਮਾਜ ਦੇ ਵੇਖਦਿਆਂ ਹੀ ਰਾਜ ਸਭਾ (ਅਖਾੜੇ) ਵਿਚ ਆ ਗਿਆ। ੪. ਉਸ ਨੇ ਆਪਣੇ ਚੇਲੇ ਨੂੰ ਬੁਲਾ ਕੇ ਅਤੇ ਸਮਝਾ ਕੇ ਇਹ ਗੱਲ ਆਖੀ (ਕਿ) 'ਰਾਜ ਨੀਤ ਵਿਦਯਾ' ਹੀ ਦੰਡ ਹੈ ਇਸ ਤੋਂ ਬਿਨਾਂ ਹੋਰ ਕੁਝ (ਭੀ ਦੰਡ) ਨਹੀਂ ਕਿਹਾ ਜਾ ਸਕਦਾ (ਅਰਥਾਤ ਚਾਰ ਵਾਕ ਨੇ ਕਿਹਾ–ਹੇ ਸਿਖੋ! ਜੋ ਜਗਤ ਵਿਚ ਰਾਜੇ ਦਾ ਦੰਡ ਭਰਨਾ ਹੈ,ਇਹੋ ਹੀ ਦੰਡ ਸਭ ਦੇ ਸਿਰ ਉਤੇ ਹੈ, ਇਸ ਤੋਂ ਬਿਨਾਂ ਹੋਰ ਕੋਈ ਪ੍ਰਲੋਕ ਦਾ ਦੰਡ ਨਹੀਂ ਹੈ)॥ ੬੧॥

ਸਿਖਯੋ ਉਵਾਚ॥

**ਦੋਹਰਾ–੧. ਵੇਦ ਤ੍ਰਈ ਗੁਰ ਈਸ਼ ਕ੍ਰਿਤ, ਵਿਦਯਾ ਕਹੈਂ ਉਦਾਰ॥**
**੨. ਵੇਦਨ ਸੌਂ ਕਹਯੋ ਜਜਨ, ਪਾਵੈ ਸਵਰਗ ਅਪਾਰ॥ ੬੨॥**

ਜਜਨ=ਦੇਵਤਿਆਂ ਦੀ ਪੂਜਾ।

ਨੋਟ–ਚਾਰ ਵਾਕ ਦਾ ਉਪਰਲਾ ਕਥਨ ਸੁਣ ਕੇ ਉਸ ਦੇ ਚੇਲੇ ਨੇ ਪੁਛਿਆ–

੧. ਹੇ ਗੁਰੂ! (ਤੁਸਾਂ ਕਿਹਾ ਹੈ ਕਿ ਰਾਜ ਨੀਤੀ ਹੀ ਦੰਡ ਹੈ, ਇਸ ਤੋਂ ਬਿਨਾਂ ਪ੍ਰਲੋਕ ਦਾ ਕੋਈ ਦੰਡ

Sri Satguru Jagjit Singh Ji Elibrary NamdhariElibrary@gmail.com

ਨਹੀਂ ਹੈ, (ਪਰ) ਉਦਾਰ ਪੁਰਸ਼ ਕਹਿੰਦੇ ਹਨ, (ਕਿ ਜੋ) ਤਿੰਨ ਵੇਦ ਈਸ਼ਵਰ ਦੇ ਬਣਾਏ ਹੋਏ ਹਨ, ਓਹੀ ਵਿਦਿਆ ਹੈ। ੨. ਕਿਉਂਕਿ ਉਨ੍ਹਾਂ ਵੇਦਾਂ ਦੇ ਮੰਤ੍ਰਾਂ ਨਾਲ ਜਿਸ ਨੇ ਦੇਵਤਿਆਂ ਦਾ ਪੂਜਨ ਕੀਤਾ ਹੈ (ਉਹ) ਸਵਰਗ (ਵਿਚ ਜਾ ਕੇ) ਅਪਾਰ ਸੁਖ ਪਾਵੇਗਾ (ਉਨ੍ਹਾਂ ਦਾ ਇਹ ਕਥਨ ਕਿਥੋਂ ਤਕ ਸੱਤ ਹੈ) ? ॥ ੬੨ ॥

ਚਾਰਵਾਕ ਉਵਾਚ ॥

**ਸਵੈਯਾ॥**

**੧. ਧੂਰਤ ਕੋ ਪਰਲਾਪ ਸੁਨੋ ਯਹ ਵੇਦ ਤ੍ਰਈ ਜਗ ਮਾਂਹਿ ਬਖਾਨੀ॥**
**੨. ਯਾਚਕ ਯੱਗ ਸੁ ਦ੍ਰਵ੍ਯ ਵਿਨਾਸ਼ਕ ਏ ਸੁਰਲੋਕ ਜਿ ਜਾਵਤ ਪ੍ਰਾਨੀ॥**
**੩. ਤੌ ਵਹੁ ਦਾਹ ਦਹੇ ਦ੍ਰੁਮ ਜੇ ਫਲ ਭੂਰ ਲਹੈਂ ਵਹੁ ਰੀਤਿ ਸਮਾਨੀ॥**
**੪. ਹੈ ਨ ਕਛੂ ਸੁ ਕਪੋਲ ਕਹੀ ਧਨ ਵੰਚਨ ਕੇ ਹਿਤ ਏਹੁ ਕਹਾਨੀ॥ ੬੩॥**

ਧੂਰਤ=ਠੱਗ। ਪਰਲਾਪ=ਬਕਵਾਸ। ਦਾਹ ਦਹੇ=ਅੱਗ ਨਾਲ ਸੜਿਆ। ਦ੍ਰੁਮ=ਬ੍ਰਿਛ। ਯਾਚਕ=ਯੱਗ ਕਰਾਉਣ ਵਾਲਾ, ਰਿਤ੍ਵਜ। ਕਪੋਲ=ਮਨ ਦੇ ਢਕੋਂਸਲੇ ਝੂਠੀਆਂ ਗੱਲਾਂ।

੧. ਚਾਰ ਵਾਕ ਨੇ ਕਿਹਾ–ਹੇ ਸਿਖ! ਸੁਣੋ, ਇਹ ਠੱਗ ਲੋਕਾਂ ਦਾ ਬਕੜਵਾਦ ਕੀਤਾ ਹੋਇਆ ਹੈ, ਇਸਨੂੰ ਜਗਤ ਵਿਚ ਤਿੰਨ ਵੇਦ ਕਿਹਾ ਜਾਂਦਾ ਹੈ। ਜੋ ਲੋਕ ਕਹਿੰਦੇ ਹਨ, ਕਿ ਯੱਗ ਕਰਨ ਨਾਲ ਸੁਰਗ ਸੁਖ ਮਿਲਦਾ ਹੈ ਉਨ੍ਹਾਂ ਤੋਂ ਪੁਛੋ, ਕਿ–੨. ਰਿਤ੍ਵਜਾਂ ਪਾਸੋਂ ਜੋ ਯਗ ਕਰਵਾ ਕੇ ਧਨ ਦਾ ਨਾਸ ਕਰਨਾ ਹੈ, (ਅਤੇ ਇਸ ਤਰ੍ਹਾਂ) ਧਨ ਨਾਸ ਕਰਨ ਨਾਲ ਜੇਕਰ ਜੀਵ ਸੁਵਰਗ ਲੋਕ ਵਿਚ ਚਲਾ ਜਾਂਦਾ ਹੈ। ਤਦ ਤਾਂ ਜਿਹੜਾ ਬ੍ਰਿਛ ਅੱਗ ਨਾਲ ਸੜ ਚੁਕਾ ਹੈ,ਉਹ ਮਰਯਾਦਾ ਵਾਂਗੂੰ (ਤਾਂ ਸੜ ਚੁਕੇ ਬ੍ਰਿਛ ਨੂੰ) ਫਲ ਬਹੁਤਾ ਲਗਣਾ ਚਾਹੀਦਾ ਹੈ,(ਪਰ ਲਗਦਾ ਨਹੀਂ ਹੈ, ਫਲ ਲਗਣਾ ਤਾਂ ਕਿਤੇ ਰਿਹਾ, ਉਸ ਦੀ ਥਾਂ ਭੀ ਦੂਰ ਹੋ ਜਾਂਦੀ ਹੈ, ਅਰਥਾਤ ਯੱਗਾਂ ਵਿਚ ਸੜ ਚੁਕਾ ਧਨ ਭੀ ਉਸ ਤਰ੍ਹਾਂ ਹੀ ਹੈ, ਜਿਵੇਂ ਅੱਗ ਨਾਲ ਬ੍ਰਿਛ ਸੜ ਚੁਕਾ ਹੈ, ਜੇ ਯਗਾਂ ਵਿਚ ਨਸ਼ਟ ਹੋ ਚੁਕਾ ਧਨ ਸੁਵਰਗ ਸੁਖ ਦੇਂਦਾ ਹੈ, ਤਦ ਅੱਗ ਨਾਲ ਸੜ ਚੁਕੇ ਬ੍ਰਿਛ ਨੂੰ ਭੀ ਫਲ ਬਹੁਤੇ ਲਗਣੇ ਚਾਹੀਦੇ ਹਨ, ਫਲ ਨਾ ਲਗਦੇ ਵੇਖ ਕੇ ਹੀ ਅਨੁਮਾਨ ਕੀਤਾ ਜਾ ਸਕਦਾ ਹੈ, ਕਿ ਜਿਵੇਂ ਅੱਗ ਦਾ ਸੜਿਆ ਬ੍ਰਿਛ ਫਲ ਜਾਂ ਫੁਲ ਕੁਝ ਭੀ ਨਹੀਂ ਦੇਂਦਾ, ਇਵੇਂ ਹੀ ਯੱਗਾਂ ਵਿਚ ਨਸ਼ਟ ਹੋ ਚੁਕਾ ਧਨ ਸੁਵਰਗ ਵਿਚ ਨਹੀਂ ਪੁਜ ਸਕਦਾ)। ੪. ਵੇਦਾਂ ਵਿਚ ਅਸਲੀਅਤ ਕੁਝ ਭੀ ਨਹੀਂ ਹੈ, ਸਭ ਮਨ ਘੜਤ ਢਕੋਂਸਲੇ ਹਨ, (ਠੱਗ ਲੋਕਾਂ ਨੇ) ਧਨ ਨੂੰ ਠੱਗਣ ਵਾਸਤੇ ਏਹ (ਇਕ ਤਰ੍ਹਾਂ ਦੀ) ਕਹਾਣੀ ਜੋੜੀ ਹੈ॥ ੬੨॥

ਪ੍ਰਸ਼ਨ–ਜੋ ਸਰਾਧ ਕਰਨ ਨਾਲ ਪਿਤਰ ਤ੍ਰਿਪਤ ਹੋ ਜਾਂਦੇ ਹਨ, ਇਹੋ ਹੀ ਸੁਵਰਗ ਸੁਖ ਦਾ ਪ੍ਰਾਪਤ ਹੋਣਾ ਸਿਧ ਹੁੰਦਾ ਹੈ, ਫੇਰ ਆਪ ਕਿਵੇਂ ਕਹਿੰਦੇ ਹੋ, ਕਿ ਸੁਵਰਗ ਸੁਖ ਪ੍ਰਾਪਤ ਨਹੀਂ ਹੁੰਦਾ? ਉਤਰ–

**ਸਵੈਯਾ॥**

**੧. ਕ੍ਰਿਤ ਸ਼੍ਰਾਧ ਇਹਾਂ ਮ੍ਰਿਤ ਜੀਵਨ ਕੇ, ਪੁਨ ਜੋ ਪਰਲੋਕ ਵਿਖੇ ਤ੍ਰਿਪਤਾਏ॥**
**੨. ਜਲ ਗੰਗ ਦਏ ਤਬ ਹੀ ਜਗ ਮੇ, ਕੁਰੂ ਜਾਂਗਲ ਖੇਤਨ ਕੇ ਬਿਗਸਾਏ॥**
**੩. ਮ੍ਰਿਤ ਦੀਪ ਸਿਖਾ ਬਹੁ ਤੇਲ ਦਏ, ਬਿਨ ਪਾਵਕ ਸੋ ਗ੍ਰਿਹ ਮੇ ਨਿਕਸਾਏ॥**
**੪. ਕ੍ਰਿਤ ਬਿਯੋਤਨ ਕੇ ਜਗ ਲੋਗ ਠਗੇ, ਮੁਖ ਏਹੁ ਕਹੇ ਬਿਧਿ ਬੇਦ ਬਤਾਏ॥੬੪॥**

ਮ੍ਰਿਤੁ ਦੀਪ=ਬੁਝਿਆ ਹੋਇਆ ਦੀਵਾ। ਸਿਖਾ=ਬਤ੍ਤੀ। ਬਿਯੋਤਨ=ਢੰਗ।

Sri Satguru Jagjit Singh Ji Elibrary NamdhariElibrary@gmail.com

੧. ਹੇ ਸਿੱਖ ! ਜੋ ਸਰਾਧ ਇਥੇ ਕੀਤਾ ਗਿਆ ਹੈ, (ਜੇਕਰ ਉਹ ਸਰਾਧ) ਮਰ ਚੁਕੇ ਜੀਵਾਂ ਨੂੰ ਪਰਲੋਕ ਵਿਚ ਜਾ ਕੇ ਰਜਾ ਸਕਦਾ ਹੈ। ੨. ਤਦ (ਅਸੀਂ ਹੁਣੇ) ਹੀ ਗੰਗਾ (ਉਤੇ ਜਾ ਕੇ ਸਰਧਾ ਸਮੇਤ ਮਨ ਵਿਚ ਇਹ ਵਾਸ਼ਨਾ ਕਿ-'ਜੰਗਲ ਦੇ ਸੁਕੇ ਹੋਏ ਖੇਤ ਹਰੇ ਹੋ ਜਾਣ ਅਤੇ ਇਹ ਸਾਡਾ ਦਿਤਾ ਜਲ ਉਨ੍ਹਾਂ ਖੇਤਾਂ ਨੂੰ ਪੁਜ ਜਾਵੇ, ਆਦਿਕ'–ਰਖ ਕੇ ਗੰਗਾ ਜਲ ਦੇਂਦੇ ਹਾਂ, ਉਸ ਗੰਗਾ ਜਲ ਨਾਲ ਕੁਰੂ-ਜੰਗਲ ਦੇ ਖੇਤ ਹਰੇ-ਭਰੇ ਹੋ ਜਾਣੇ ਚਾਹੀਦੇ ਹਨ, (ਪਰ) ਜਗਤ ਵਿਚ ਅਜਿਹਾ ਹੁੰਦਾ ਕਦੇ ਕਿਸੇ ਡਿੱਠਾ ਸੁਣਿਆ ਨਹੀਂ ਹੈ ਜਦ ਕਿ ਜਗਤ ਵਿਚ ਗੰਗਾ ਦੇ ਕੰਢੇ ਉਤੇ ਗੰਗਾ ਜਲ ਦਿਤਾ ਹੋਇਆ,ਇਸੇ ਹੀ ਲੋਕ ਵਿਚ ਜੰਗਲ ਦੇ ਖੇਤਾਂ ਨੂੰ ਹਰਾ-ਭਰਾ ਨਹੀਂ ਕਰ ਸਕਦਾ ਤਦ ਇਸ ਲੋਕ ਵਿਚ ਸਰਾਧ ਰਾਹੀਂ ਦਿਤਾ ਅੰਨ, ਪਰਲੋਕ ਵਿਚ ਪੁਜ ਚੁਕੇ ਪੁਰਸ ਨੂੰ ਕਿਵੇਂ ਰਜਾ ਸਕਦਾ ਹੈ ? ਇਕ ਗੱਲ ਹੋਰ ਸੁਣੋ–੩. ਬੁਝੇ ਹੋਏ ਦੀਵੇ ਵਿਚ ਵੱਟੀ ਰਖ ਕੇ ਬਹੁਤ ਸਾਰਾ ਤੇਲ ਪਾ ਦੇਈਏ ਅਤੇ ਉਸ ਨੂੰ ਅੱਗ ਲਾ ਕੇ ਜਗਾਈਏ ਨਾ, ਤਦ ਅੱਗ ਲਾਏ ਤੋਂ ਬਿਨਾਂ ਹੀ ਉਹ ਘਰ ਵਿਚੋਂ (ਹਨੇਰਾ ਬਾਹਰ) ਕੱਢ ਦੇਵੇ, (ਪਰ ਅੱਗ ਲਗੇ ਤੋਂ ਬੁਝੇ ਹੋਏ ਦੀਵੇ ਦੀ ਬੱਤੀ ਤੇਲ ਨੂੰ ਗ੍ਰਹਣ ਨਹੀਂ ਕਰਦੀ ਤੇ ਨਾ ਹੀ ਚਾਨਣ ਹੁੰਦਾ ਹੈ, ਇਵੇਂ ਹੀ ਚੇਤਨਤਾ ਤੋਂ ਹੀਣੇ, ਮਰ ਚੁਕੇ ਪ੍ਰਾਣੀ ਇਸੇ ਤਰ੍ਹਾਂ ਭੀ ਕੁਝ ਪ੍ਰਾਪਤ ਨਹੀਂ ਕਰ ਸਕਦੇ ਤੇ ਨਾ ਹੀ ਸਰਾਧਾਂ ਦਾ ਅੰਨ ਉਨ੍ਹਾਂ ਨੂੰ ਪੁਜ ਸਕਦਾ ਹੈ ਤੇ ਨਾ ਹੀ ਉਹ ਤ੍ਰਿਪਤ ਹੋ ਸਕਦੇ ਹਨ। ੪. ਇਸ ਤਰ੍ਹਾਂ ਦੇ ਢੰਗ ਕਰਕੇ (ਬ੍ਰਾਹਮਣ) ਲੋਕ ਜਗਤ ਦੇ ਜੀਵਾਂ ਨੂੰ ਠੱਗ ਰਹੇ ਹਨ ਅਤੇ ਮੂੰਹੋਂ ਕਹਿੰਦੇ ਹਨ–'ਬ੍ਰਹਮਾ ਨੇ ਵੇਦ ਵਿਚ ਇਸ ਤਰ੍ਹਾਂ ਦਸਿਆ ਹੈ' ॥੬੪॥　　　ਸਿਖ ਉਵਾਚ ॥

**ਸਵੈਯਾ ॥**

**੧. ਗੁਰ ਖਾਨ ਸੁ ਪਾਨਹਿ ਪ੍ਰਾਣ ਪ੍ਰਿਯਾ, ਸੁਖ ਸੋ ਪਰਮਾਰਥ ਆਪ ਅਲਾਏ ॥**
**੨. ਇਹ ਤੌ ਤੀਰਥਕਾਰ ਜਿਤੇ, ਕਿਹ ਕਾਰਣ ਭੋਗਨ ਤੇ ਡਰਪਾਏ ॥**
**੩. ਜਗ ਸੁਖ ਤਜੇ ਬਨ ਜਾਇ ਬਸੇ, ਤਪ ਦੀਰਘ ਸੋ ਨਿਜ ਦੇਹ ਤਪਾਏ ॥**
**੪. ਜਗ ਭੋਗਨ ਤਯਾਗ ਸੁ ਯੋਗ ਭਜੇ,ਸੁਖ ਹੇਤ ਇਹੈ ਵਿਧਿ ਆਗਮ ਗਾਏ॥੬੫॥**

ਤੀਰਥ=ਸ਼ਾਸਤ੍ਰ। ਤੀਰਥਕਾਰ=ਸ਼ਾਸਤ੍ਰ ਕਰਤਾ, ਵਿਆਸ, ਵਸ਼ਿਸ਼ਟ ਆਦਿਕ।

ਚਾਰ ਵਾਕ ਦਾ ਚੇਲਾ ਕਹਿਣ ਲਗਾ–੧. ਹੇ ਗੁਰੋ ! (ਜੋ) ਖਾਣਾ ਪੀਣਾ ਤੇ ਪ੍ਰਾਣਾਂ ਤੋਂ ਪਿਆਰੀ ਇਸਤ੍ਰੀ (ਦਾ ਭੋਗਣਾ ਹੈ) ਆਪ ਨੇ ਇਸ ਨੂੰ ਪ੍ਰਮਾਰਥ ਸੁਖ ਜਾਂ ਪਰਮ ਪੁਰਖਾਰਥ ਕਿਹਾ ਹੈ। ੨. ਤਦ ਫਿਰ ਇਹ ਦਸੋ ਕਿ ਜਿੰਨੇ ਭੀ ਸ਼ਾਸਤ੍ਰ ਕਰਤਾ ਹੋਏ (ਹਨ, ਉਨ੍ਹਾਂ ਸਭਨਾਂ ਨੇ ਇਨ੍ਹਾਂ ਪਦਾਰਥਾਂ ਦਾ ਤਿਆਗ ਕਥਨ ਕੀਤਾ ਹੈ) ਉਹ ਇਨ੍ਹਾਂ ਭੋਗਾਂ ਤੋਂ ਕਿਸ ਕਾਰਣ ਡਰ ਮੰਨਦੇ ਸਨ ? ੩. ਜਗਤ ਦੇ ਸੁਖਾਂ ਨੂੰ ਛਡ ਕੇ (ਉਹ) ਬਨ ਵਿਚ ਜਾ ਵਸੇ ਸਨ ਅਤੇ ਮਹਾਨ ਤਪ ਦੇ ਨਾਲ ਆਪਣੀ ਦੇਹ ਨੂੰ ਕਿਉਂ ਦੁਖੀ ਕਰਦੇ ਸਨ ? ੪. ਜਗਤ ਦੇ ਭੋਗਾਂ ਨੂੰ ਤਿਆਗ, ਉਹ ਯੋਗਾਭਿਆਸ ਕਰਦੇ ਸਨ, (ਕਿਉਂਕਿ) ਸੁਖ ਦਾ ਕਾਰਣ ਇਹੋ ਹੀ ਬ੍ਰਹਮਾ ਨੇ ਵੇਦਾਂ ਵਿਚ ਕਿਹਾ ਹੈ, (ਫਿਰ ਆਪ ਉਨ੍ਹਾਂ ਤੋਂ ਉਲਟ ਕਿਵੇਂ ਕਹਿ ਰਹੇ ਹੋ, ਇਸ ਵਿਚ ਪ੍ਰਮਾਣ ਹੀ ਕੀ ਹੈ ? ਜਿਸ ਤੋਂ ਆਪ ਦਾ ਕਥਨ ਸੱਤ ਪ੍ਰਤੀਤ ਹੋਵੇ) ॥ ੬੫ ॥

ਚਾਰਵਾਕ ਉਵਾਚ ॥

**ਸੋਰਠਾ–੧. ਧੂਰਤ ਕੀਨ ਪ੍ਰਲਾਪ, ਆਗਮ ਨਾਮ ਸੁ ਤਾ ਧਰੇ ॥**
**੨. ਆਸਾ ਮੋਦਕ ਥਾਪ, ਮੂਰਖ ਤ੍ਰਿਪਤ ਸੁ ਹੋਵਈ ॥ ੬੬ ॥**

ਧੂਰਤ=ਠੱਗ ਲੋਗ। ਪ੍ਰਲਾਪ=ਬਕੜਵਾਦ। ਆਗਮ=ਵੇਦ। ਮੋਦਕ=ਲੱਡੂ।

Sri Satguru Jagjit Singh Ji Elibrary　　　NamdhariElibrary@gmail.com

ਚਾਰਵਾਕ ਨੇ ਉਤਰ ਦਿਤਾ–ਹੇ ਸਿਖ ! ੧. ਠੱਗ ਲੋਕਾਂ (ਨੇ ਜੋ) ਬਕੜਵਵਾਦ ਕੀਤਾ ਹੈ, ਉਸਦਾ ਨਾਮ ਵੇਦ ਸ਼ਾਸਤ੍ਰ ਰਖ ਦਿਤਾ ਹੈ। ੨. ਮੂਰਖ ਲੋਕ ਮਨ ਦੀ ਇਛਾ ਦੇ ਲਡੂ ਬਣਾ ਕੇ, ਉਨ੍ਹਾਂ ਨਾਲ ਰਜ ਰਹੇ ਹਨ (ਅਰਥਾਤ ਜਿਵੇਂ ਸ਼ੇਖਚਿਲੀ ਨੇ ਫੁਰਨੇ ਨਾਲ ਸਾਰਾ ਪਰਵਾਰ ਬਣਾ ਲਿਆ ਸੀ, ਇਵੇਂ ਹੀ ਇਹ ਆਤਮ-ਸੁਖ ਦਾ ਫੁਰਨਾ ਕਰਕੇ ਸੰਸਾਰਕ ਸੁਖਾਂ ਦਾ ਤਿਆਗ ਕਰਕੇ ਸਰੀਰਕ ਦੁਖ ਭੋਗ ਰਹੇ ਹਨ, ਭਲਾ ਕਦੇ ਕੋਈ ਫੁਰਨੇ ਮਾਤ੍ਰ ਦਾ ਅੰਨ ਖਾ ਕੇ ਰਜਿਆ ਹੈ ? ਜਿਵੇਂ ਫੁਰਨੇ ਮਾਤ੍ਰ ਦਾ ਅੰਨ ਭੁਖ ਨਹੀਂ ਮਿਟਾ ਸਕਦਾ,ਉਹ ਕੇਵਲ ਫੁਰਨਾ ਹੀ ਫੁਰਨਾ ਤੇ ਮਨੋਰਾਜ ਹੈ, ਇਵੇਂ ਹੀ ਇਨ੍ਹਾਂ ਠੱਗ ਲੋਕਾਂ ਦੀ 'ਆਤਮਾ' ਕੇਵਲ ਕਥਨ ਹੀ ਕਥਨ ਹੈ, ਵਾਸਤਵ ਵਿਚ ਦੇਹ ਹੀ ਆਤਮਾ ਹੈ, ਇਸ ਤੋਂ ਭਿੰਨ ਆਤਮਾ ਕੋਈ ਨਹੀਂ ਹੈ, ਜਦ ਆਤਮਾ ਹੀ ਨਹੀਂ ਹੈ, ਤਾਂ ਉਸਦੀ ਪ੍ਰਾਪਤੀ ਰੂਪ 'ਆਤਮ ਸੁਖ' ਭੀ ਸਸੇ ਦੇ ਸਿੰਙ ਹਨ ॥ ੬੬ ॥

## ਸਵੈਯਾ ॥

**੧. ਦ੍ਰਿਗ ਦੀਰਘ ਅੰਜਨ ਸਿਆਮ ਖਿਰੇ ਜਨ ਨੀਲ ਸਰੋਰੁਹ ਹੈ ਬਿਗਸਾਏ ॥**
**੨. ਨਵ ਨਾਗਰੀਆਂ ਨਵ ਨਾਗ ਕਲਾ ਅਲਕੈਂ ਅਲਿ ਸੀ ਸੁ ਕਪੋਲ ਸੁਹਾਏ॥**
**੩. ਕਹਿ ਤਾਹਿੰ ਅਲਿੰਗਨ ਸੇਜਨ ਪੈ ਕਹਿੰ ਪਾਵਕ ਪੰਚ ਸੁ ਦੇਹ ਤਪਾਏ ॥**
**੪. ਕਹਿ ਬਿੰਜਨ ਭੀਖ ਅਹਾਰ ਕਹਾਂ ਉਪਵਾਸਨ ਕੇ ਸਠ ਦੇਹ ਸੁਕਾਏ ॥ ੬੭ ॥**

ਦ੍ਰਿਗ ਦੀਰਘ=ਮੋਟੀਆਂ ਤੇ ਚੌੜੀਆਂ ਅਖਾਂ । ਅੰਜਨ=ਸੁਰਮਾ । ਸਰੋਰੁਹ=ਕੌਲ ਫੁਲ। ਨਵ=ਚੜ੍ਹਦੀ ਜੁਆਨੀ । ਨਾਗਰੀਆਂ=ਇਸਤ੍ਰੀਆਂ । ਨਾਗ ਕਲਾ=ਨਾਗ ਪੁਤਰੀਆਂ। ਅਲਕੈਂ=ਜ਼ੁਲਫਾਂ । ਅਲਿ=ਭੌਰਾ । ਸੀ=ਜਿਹੀਆਂ । ਕਪੋਲ=ਗਲ੍ਹਾਂ । ਅਲਿੰਗ=ਭੋਗ, ਮਿਲਾਪ ਸੁਖ। ਪੈ=ਉਪਰ । ਪਾਵਕ ਪੰਚ=ਪੰਚ ਅਗਨੀ, ਪੰਜ ਧੂਣੀਆਂ । ਬਿੰਜਨ=ਅਨੇਕ ਤਰ੍ਹਾਂ ਦੇ ਸੁਆਦਿਸ਼ਟ ਖਾਣੇ, ਭੋਜਨ।

(ਚਾਰ ਵਾਕ ਕਹਿਣ ਲਗਾ–ਹੇ ਸਿਖ ! ਤੂੰਹੀ ਆਪਣੇ ਮਨ ਵਿਚ ਵਿਚਾਰ ਕਰਕੇ ਨਿਰਣਾ ਕਰਕੇ ਵੇਖ, ਕਿ) ੧. ਮੋਟੀਆਂ ਅਖਾਂ (ਜੋ) ਸੁਰਮੇ ਨਾਲ ਕਾਲੀਆਂ ਹਨ, ਉਹ ਇਸ ਤਰ੍ਹਾਂ ਮਲੂਮ ਹੋ ਰਹੀਆਂ ਹਨ, ਮਾਨੋ ਨੀਲੇ ਰੰਗ ਦੇ ਪ੍ਰਫੁਲਤ ਕੌਲ ਫੁਲ ਖਿੜੇ ਹੋਏ ਹਨ। ੨. ਚੜ੍ਹਦੀ ਜੁਆਨੀ ਵਾਲੀਆਂ ਉਹ ਇਸਤ੍ਰੀਆਂ (ਜਿਨ੍ਹਾਂ ਦਾ ਬਦਨ) ਨਵੇਂ (ਜੰਮੇ) ਨਾਗ ਬਚਿਆਂ (ਵਾਂਗੂ ਚਮਕੀਲੇ ਤੇ ਕੋਮਲ ਹਨ ਅਤੇ ਜਿਨ੍ਹਾਂ ਦੀਆਂ) ਜ਼ੁਲਫਾਂ ਭੌਰਿਆਂ (ਵਾਂਗੂ ਕਾਲੀਆਂ ਗਲ੍ਹਾਂ ਉਤੇ ਸੋਭਾ ਪਾ ਰਹੀਆਂ ਹਨ। ੩. ਉਨ੍ਹਾਂ ਇਸਤ੍ਰੀਆਂ ਨਾਲ ਸੇਜਾਂ ਉਤੇ ਭੋਗ-ਬਿਲਾਸ ਕਰਨ ਦਾ ਸੁਖ ਕਿਥੇ ਅਤੇ ਪੰਜ ਅਗਨੀਆਂ ਨਾਲ ਸਰੀਰ ਨੂੰ ਸਾੜਨ ਦਾ ਦੁਖ ਕਿਥੇ ? ੪. ਕਿਥੇ ਛਤੀ ਤਰ੍ਹਾਂ ਦੇ ਸਵਾਦੀ ਭੋਜਨਾਂ ਦਾ ਖਾਣਾ ਅਤੇ ਕਿਥੇ ਮੰਗੇ ਹੋਏ (ਟੁਕੜਿਆਂ ਨਾਲ ਢਿੱਡ ਨੂੰ ਝੁਲਕਾ ਦੇਣਾ ਅਤੇ ਕਿਥੇ ਅਤਰ ਫੁਲੇਲ ਆਦਿਕ ਸੁਗੰਧਿਤ ਤੇਲ ਲਾ ਕੇ ਤੇ ਰੇਸ਼ਮੀ ਪੁਸ਼ਾਕੇ ਪਾਕੇ ਦੇਹ ਦਾ ਸ਼ਿੰਗਾਰਨਾ ਕਿਥੇ ਤੇ) ਵਰਤ (ਆਦਰ ਰਖ ਕੇ) ਦੇਹ ਨੂੰ ਸੁਕਾਉਣਾ ਕਿਥੇ ? ਇਨ੍ਹਾਂ ਦੁਖਾਂ-ਸੁਖਾਂ ਦੀ ਸਮਾਨਤਾ ਕਿਵੇਂ ਹੋ ਸਕਦੀ ਹੈ, ਪਰ ਐਸੇ ਮੂਰਖ (ਹਨ, ਜੋ ਇਨ੍ਹਾਂ ਸੁਖਾਂ ਦਾ ਤਿਆਗ ਕਰਕੇ, ਅਨੇਕ ਤਰ੍ਹਾਂ ਦੇ ਦੁਖਾਂ ਨੂੰ ਜਾਣ-ਬੁਝ ਕੇ ਭੋਗ ਰਹੇ ਹਨ, ਇਸ ਲਈ ਇਹ) ਮਹਾਂ ਮੂਰਖ ਹਨ ॥ ੬੭ ॥

ਸਿਖ ਉਵਾਚ ॥

**ਚੌਪਈ–੧. ਹੇ ਗੁਰ ਗ੍ਰੰਥਕਾਰ ਹੈਂ ਜੇਤੇ ॥ ਐਸੇ ਬਚਨ ਬਖਾਨੇ ਤੇਤੇ ॥**
**੨. ਦੁਖ ਵਿਮਿਸ੍ਰਿਤ ਹੈ ਸੁਖ ਸੰਸਾਰਾ ॥ ਤਾਂਤੇ ਤਾਕੋ ਕਰੇ ਪ੍ਰਹਾਰਾ ॥੬੮॥**

੧. ਸਿਖ ਨੇ ਕਿਹਾ-ਹੇ ਗੁਰੋ ! ਜਿੰਨੇ ਭੀ ਸ਼ਾਸਤ੍ਰਕਾਰ ਹਨ, ਉਹ ਸਾਰੇ ਹੀ ਇਸ ਤਰ੍ਹਾਂ ਦੇ ਬਚਨ ਕਹਿੰਦੇ ਹਨ। ੨. ਕਿ ਦੁਖ ਦੇ ਨਾਲ ਮਿਲੇ ਹੋਏ ਸੰਸਾਰਕ ਸੁਖ ਹਨ, ਇਸ ਲਈ ਉਨ੍ਹਾਂ ਦਾ ਨਾਸ ਕਰ ਦੇਣਾ ਚਾਹੀਦਾ ਹੈ ॥ ੬੮ ॥

ਕਵਿ ਉਵਾਚ ॥

**ਦੋਹਰਾ-ਸੁਨਤ ਸਿਖ ਕੀ ਬਾਤ ਕੋ, ਹਸੇ ਸੁ ਬਾਲਕ ਜਾਨ ॥**
**ਚਾਰਵਾਕ ਪੁਨ ਯੁਕਤਿਸੋਂ, ਆਗੇ ਕਰੇ ਬਖਾਨ ॥ ੬੯ ॥**

(ਗ੍ਰੰਥ ਕਰਤਾ ਜੀ ਕਹਿੰਦੇ ਹਨ, ਜਦ ਸੇਵਕ ਨੇ ਉਪਰਲੀ ਗੱਲ ਕਹੀ, ਤਾਂ)-ਸਿਖ ਦੀ ਗੱਲ ਨੂੰ ਸੁਣਦਿਆਂ ਹੀ, ਚਾਰ ਵਾਕ ਉਸ ਨੂੰ ਬੱਚਾ ਸਮਝ ਕੇ ਖਿੜ ਖਿੜਾ ਕੇ ਹੱਸ ਪਿਆ । ਫੇਰ ਉਸ ਨੂੰ ਸਮਝਾਉਣ ਵਾਸਤੇ ਇਕ ਤਰ੍ਹਾਂ ਦੀ ਦਲੀਲ (ਦੇ ਕੇ, ਉਸ ਤਾਈਂ) ਕਹਿਣ ਲਗਾ,) ਜੋ ਕਿ ਅਸੀਂ ਅਗੇ ਕਥਨ ਕਰਦੇ ਹਨ ॥ ੬੯ ॥

ਚਾਰਵਾਕ ਉਵਾਚ ॥

**ਸਵੈਯਾ ॥**

**੧. ਦੁਖ ਸੰਗ ਮਿਲੇ ਜਗ ਕੇ ਸੁਖ ਜੋ ਵਹਿ ਦੂਰ ਤਜੇ ਇਹ ਭਾਂਤ ਬਖਾਨੇ ॥**
**੨. ਤੇ ਨਿਰਬੁੱਧਿ ਮਹਾਂ ਪਸੁ ਹੈਂ ਹਮ ਜੀਵਨ ਕੇ ਪਰਤਾਰਕ ਜਾਨੇ ॥**
**੩. ਸਿਤ ਤੰਡਲ ਜੋ ਤੁਖ ਸੰਗ ਮਿਲੇ ਤਿਹ ਨਾਂਹਿ ਤਜੇ ਜਨ ਜੋ ਸੁਰ ਗਜਾਨੇ ॥**
**੪. ਇਹ ਭਾਂਤ ਲੁਕਾਇਤ ਵਾਕ ਸੁਨੇ ਮਹਾਂ ਮੋਹ ਬਲੀ ਮਨ ਮੇ ਬਿਗਸਾਨੇ ।੭੦।**

ਪਰ ਤਾਰਕ=ਠਗਣ ਵਾਲੇ । ਸਿਤ=ਚਿਟੇ । ਤੰਡਲ=ਚਾਵਲ ।

(ਚਾਰਵਾਕ ਕਹਿਣ ਲਗਾ-੧. ਹੇ ਸਿਖ !) "ਦੁਖ ਦੇ ਨਾਲ ਮਿਲੇ ਹੋਏ ਜਗਤ ਦੇ ਸੁਖ ਹਨ, ਉਹਨਾਂ ਦਾ ਤਿਆਗ ਕਰ ਦੇਣਾ ਚਾਹੀਦਾ ਹੈ, ਜੋ ਪੁਰਸ਼ ਇਸ ਤਰ੍ਹਾਂ ਦਾ ਕਥਨ ਕਰਦੇ ਹਨ । ੨. ਉਹ ਪੁਰਸ਼ ਬੁਧੀ ਤੋਂ ਹੀਣੇ ਅਤੇ ਮਹਾਂ ਪਸ਼ੂ ਹਨ, ਅਸੀਂ ਉਨ੍ਹਾਂ ਨੂੰ ਜੀਵਾਂ ਦੇ ਠੱਗਣ ਵਾਲੇ ਜਾਣਦੇ ਹਾਂ । ੩. ਵੇਖੋ ! ਚਿਟੇ ਚਾਵਲ ਤੋਹਾਂ ਦੇ ਨਾਲ ਮਿਲੇ ਹੋਏ ਹਨ, ਪਰ ਜੇਹੜੇ ਪੁਰਸ਼ ਸਮਝਦਾਰ ਸਿਆਣੇ ਹਨ, (ਤੋਹਾਂ ਦਾ ਦੁਖ ਵੇਖਕੇ, ਉਨ੍ਹਾਂ ਚੌਲਾਂ ਦਾ) ਤਿਆਗ ਨਹੀਂ ਕਰਦੇ (ਤਾਂ ਦੁਖਾਂ ਨਾਲ ਮਿਲੇ ਹੋਏ, ਸੰਸਾਰਕ ਸੁਖ ਕਿਉਂ ਛੱਡ ਦੇਣੇ ਚਾਹੀਦੇ ਹਨ ?) ੪. ਜਦ 'ਲੁਕਾਇਤ' (ਚਾਰ ਵਾਕ) ਦੇ (ਮੂੰਹੋਂ) ਇਸ ਤਰ੍ਹਾਂ ਦੇ ਬਚਨ ਸੁਣੇ, ਤਦ ਮਹਾ ਮੋਹ ਬਲੀ ਜੀ ਮਨ ਵਿਚ ਬੜੇ ਪ੍ਰਸੰਨ ਹੋਏ ॥ ੭੦ ॥

ਮਹਾਂ ਮੋਹ ਉਵਾਚ ਸੁਪਤਨੀ ਪ੍ਰਤਿ ॥

**ਸਵੈਯਾ ॥**

**੧. ਮਾਨਿਨ ਕਾਨਨ ਮਾਂਹਿ ਸੁਨੇ ਏਹ ਵਾਕ ਪ੍ਰਮਾਣ ਮਹਾਂ ਸੁਖਦਾਈ ॥**
**੨. ਮਾਂਹਿ ਨਿਦਾਘ ਮਨੋ ਬਰਘਾਤਿਮ ਕਾਨਨ ਕੇ ਸੁਖ ਸੀਤਲਤਾਈ ॥**
**੩. ਸਾਨੰਦ ਤਾਂਹਿ ਵਿਲੋਕਨ ਕੈ ਨ੍ਰਿਪ ਮੋਹ ਬਲੀ ਇਹ ਬਾਤ ਅਲਾਈ ॥**
**੪. ਆਂਹਿ ਲੁਕਾਇਤ ਸੱਜਨ ਮੇ ਇਨ ਵਾਕਨ ਕੇ ਉਰ ਮੇ ਹਰਖਾਈ ॥ ੭੧ ॥**

Sri Satguru Jagjit Singh Ji Elibrary NamdhariElibrary@gmail.com

ਮਾਨਿਨ=ਮਾਨ ਦੇਣ ਯੋਗ ਇਸਤਰੀ । ਕਾਨਨ=ਕੰਨਾਂ । ਨਿਦਾਘ=ਜੇਠ ਹਾੜ ਦੀ ਧੁਪ । ਸਾਨੰਦ=ਅਨੰਦ ਸਹਿਤ, ਖੁਸ਼ੀ ਨਾਲ । ਵਿਲੋਕਨ ਕੈ=ਵੇਖ ਕਰਕੇ । ਲੁਕਾਇਤ=ਚਾਰ ਵਾਕ । ਚਾਰ ਵਾਕ=ਪ੍ਰਿਥਵੀ, ਜਲ. ਤੇਜ ਤੇ ਵਾਯੂ, ਇਨ੍ਹਾਂ ਚੌਹਾਂ ਨੂੰ ਮੰਨਣ ਵਾਲਾ ਹੋਣ ਕਰਕੇ ਲੁਕਾ-ਇਤ ਦਾ ਨਾਮ ਚਾਰ ਵਾਕ ਹੈ ਅਤੇ ਅਕਾਸ਼ ਦਾ ਪ੍ਰਤਖ ਨਹੀਂ ਹੈ, ਇਸ ਲਈ ਇਹ ਉਸ ਨੂੰ ਮੰਨਦਾ ਹੀ ਨਹੀਂ ਹੈ । ਸ੍ਵਪਤਨੀ=ਆਪਣੀ ਇਸਤ੍ਰੀ,ਵਿਸ਼ੇ ਵਿਸ਼ੇਣ ਬੁਧੀ,ਮਹਾਂ ਮੋਹ ਦੀ ਇਸਤ੍ਰੀ ਕਹੀ ਜਾਂਦੀ ਹੈ ।

ਮਹਾਂ ਮੋਹ ਆਪਣੀ ਇਸਤਰੀ ਨੂੰ ਸੰਬੋਧਨ ਕਰਕੇ ਕਹਿਣ ਲਗਾ–੧. ਹੇ ਮਾਨ ਯੋਗ ਇਸਤ੍ਰੀਏ ! (ਤੂੰ ਚਾਰ ਵਾਕ ਦੇ ਬਚਨ) ਕੰਨਾਂ ਵਿਚ ਸੁਣੇ ਹਨ, ਇਹ ਪ੍ਰਮਾਣ ਰੂਪ ਬਚਨ ਬੜੇ ਸੁਖ ਦੇਣ ਵਾਲੇ ਹਨ । ੨. ਜਿਵੇਂ ਜੇਠ ਹਾੜ ਦੀ ਧੁਪ ਵਿਚ ਮੀਂਹ ਪੈ ਜਾਵੇ ਤਾਂ ਸੁਖ ਅਤੇ ਠੰਢ ਹੋ ਜਾਂਦੀ ਹੈ, ਤਿਵੇਂ ਹੀ ਮਾਨੋ ਇਸ ਦੇ ਬਚਨ ਕੰਨਾਂ ਨੂੰ ਸੁਖ ਅਤੇ ਸੀਤਲਦਾਈ ਦੇਣ ਵਾਲੇ ਹਨ । ੩. ਖੁਸ਼ੀ ਨਾਲ ਉਸ ਦੇ ਵਲ ਵੇਖ ਕਰਕੇ ਰਾਜੇ ਮਹਾਂ ਮੋਹ ਬਲਵ੍ਵਾਨ ਨੇ ਇਹ ਗੱਲ ਕਹੀ । ੪. ਕਿ ਲੁਕਾਇਤ ਮੇਰਾ ਸਜਣ ਹੈ, ਇਸ ਦੇ ਬਚਨਾਂ ਕਰਕੇ ਮੇਰੇ ਮਨ ਨੂੰ ਖੁਸ਼ੀ ਹੋਈ ਹੈ ॥ ੭੧ ॥

**ਦੋਹਰਾ–ਤਿਹ ਔਸਰ ਆਯੋ ਤਬੈ, ਚਾਰ ਵਾਕ ਪਰਧਾਨ ॥**
**ਪੇਖ ਸਮੀਪ ਸੁ ਜਾਇ ਕੈ, ਕੀਨੋ ਏਹੁ ਬਖਾਨ ॥ ੭੨ ॥**

(ਜਦ ਮਹਾਂ ਮੋਹ ਰਾਜਾ ਇਸ ਤਰ੍ਹਾਂ ਕਹਿ ਰਿਹਾ ਸੀ) ਤਦ ਉਸੇ ਵੇਲੇ ਹੀ ਚਾਰ ਵਾਕ ਮਤੇ ਦਾ ਸ੍ਵਾਂਗ ਧਾਰ ਪੁਰਖ ਉਥੇ ਆ ਗਿਆ ਅਤੇ ਉਸ ਦੇ ਕੋਲ ਜਾ ਕੇ ਇਹ ਬਚਨ ਕਹਿਣ ਲਗਾ ॥ ੭੨ ॥

ਚਾਰ ਵਾਕ ਉਵਾਚ ॥

**ਚੌਪਈ ॥**

**੧. ਜੈ ਜੈ ਮਹਾਰਾਜ ਜਗ ਕਾਰਣ ॥ ਤੁਮ ਤ੍ਰਿਭਵਨ ਕੇ ਹੋ ਪ੍ਰਤਿਪਾਰਣ ॥**
**੨. ਚਾਰ ਵਾਰ ਪਦ ਕਰੋ ਪ੍ਰਨਾਮਾ ॥ ਸੇਵਕ ਸਦਾ ਪਛਾਨੋ ਨਾਮਾ ॥ ੭੩ ॥**

ਜੈ ਜੈ=ਨਮਸਕਾਰ ਸੂਚਕ ਸ਼ਬਦ । ਨਾਮਾ=(ਨ+ਆਮਾ) ਆਮ ਨਹੀਂ, ਖਾਸ ।

ਚਾਰ ਵਾਕ ਮਹਾ ਮੋਹ ਰਾਜੇ ਦੇ ਕੋਲ ਜਾ ਕੇ ਕਹਿਣ ਲਗਾ–੧. ਹੇ ਮਹਾਰਾਜ ! ਆਪ ਦੀ ਜੈ ਹੋਵੇ, ਜੈ ਹੋਵੇ, (ਆਪ ਹੀ) ਸਾਰੇ ਜਗਤ ਦਾ ਕਾਰਨ ਹੋ ਅਤੇ ਆਪ ਹੀ ਤਿੰਨ ਲੋਕਾਂ ਦੀ ਪ੍ਰਤਿਪਾਲਾ ਕਰਨ ਵਾਲੇ ਹੋ । (ਇਸ ਕਥਨ ਦਾ ਭਾਵ ਇਹ ਹੈ ਕਿ ਮੋਹ ਦੇ ਵਸ ਹੋਣ ਕਰਕੇ ਜੀਵ ਅਨੇਕ ਤਰ੍ਹਾਂ ਦੀਆਂ ਵਾਸ਼ਨਾ ਕਰਦਾ ਹੈ ਅਤੇ ਉਨ੍ਹਾਂ ਵਾਸ਼ਨਾਂ ਦੇ ਕਰਦੇ ਕਰਦੇ ਹੀ ਜਦ ਅੰਤ ਸਮਾਂ ਆ ਜਾਂਦਾ ਹੈ, ਤਾਂ ਫੇਰ ਵਾਸ਼ਨਾ ਦੇ ਕਰਨ ਕਰਕੇ ਹੀ ਦੂਜਾ ਜਨਮ ਪਾ ਲੈਂਦਾ ਹੈ, ਜੈਸਾ ਕਿ–

'ਅੰਤ ਕਾਲ ਜੋ ਲਛਮੀ ਸਿਮਰੈ ਐਸੀ ਚਿੰਤਾ ਮੈ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥'

ਆਦਿਕ ਮਹਾਂਵਾਕ ਹੈ । ਜਨਮ ਲੈਣ ਦੇ ਮਗਰੋਂ ਪਰਵਾਰ ਨਾਲ ਮੋਹ ਪੈ ਜਾਂਦਾ ਹੈ, 'ਮਾਇਆ ਮੋਹ ਮਨ ਆਗਲੜਾ ਪ੍ਰਾਣੀ' ਮਨ ਵਿਚ ਮੋਹ ਦਾ ਵਾਸਾ ਤਾਂ ਜਨਮ ਤੋਂ ਪਹਿਲਾਂ ਦਾ ਹੀ ਹੁੰਦਾ ਹੈ, ਫੇਰ ਉਸ ਮੋਹ ਦੇ ਵਸ ਹੋ ਕੇ ਹੀ ਪਰਵਾਰ ਦੀ ਪਾਲਣਾ ਕਰਦਾ ਹੈ । ੨. ਮੈਂ ਚਾਰਵਾਕ ਆਪ ਜੀ ਦੇ ਚਰਨਾਂ ਉਤੇ ਪ੍ਰਣਾਮ ਕਰਦਾ ਹਾਂ; (ਆਪ ਮੈਨੂੰ) ਸਦਾ ਹੀ ਆਪਣਾ ਖਾਸ ਸੇਵਕ ਪਛਾਣ ਲਓ (ਇਹ ਕਹਿ ਕੇ ਚਾਰ ਵਾਕ ਨੇ ਮਹਾਂ ਮੋਹ ਦੇ ਚਰਨਾਂ ਤੇ ਨਮਸਕਾਰ ਕੀਤੀ) ॥ ੭੩ ॥

Sri Satguru Jagjit Singh Ji Elibrary NamdhariElibrary@gmail.com

ਮਹਾਂ ਮੋਹ ਉਵਾਚ ॥

**ਚੌਪਈ ॥**

**੧. ਚਾਰ ਵਾਕ ਸੁਖ ਸੋਂ ਤੁਮ ਆਏ ॥ ਬਹੁਤ ਕਾਲ ਤੇ ਦਰਸ਼ਨ ਪਾਏ ॥**
**੨. ਸਤਿਜੁਗ ਤ੍ਰੇਤਾ ਭਏ ਬਤੀਤ ॥ ਤੁਮਰੀ ਸਾਰ ਨ ਪਾਈ ਮੀਤ ॥੭੪॥**
**੩. ਦ੍ਵਾਪੁਰ ਅੰਤ ਭਈ ਕੁਛ ਸਾਰੇ ॥ ਕੀਟਭ ਦੇਸ ਬਸਤ ਹੈਂ ਪਯਾਰੇ ॥**
**੪. ਬੈਠੋ ਇਹਾਂ ਸਮੀਪ ਹਮਾਰੇ ॥ ਸਮਾਚਾਰ ਕਛੁ ਕਰੋ ਉਚਾਰੇ ॥੭੫॥**

੧. ਮਹਾਂ ਮੋਹ ਕਹਿਣ ਲਗਾ–ਹੇ ਚਾਰ ਵਾਕ ! ਤੂੰ ਸੁਖ ਨਾਲ ਤਾਂ ਆਇਆ ਹੈਂ ? ਬਹੁਤ ਚਿਰ ਮਗਰੋਂ ਤੇਰੇ ਦਰਸ਼ਨ ਹੋਏ ਹਨ । ੨. ਸਤਿਜੁਗ ਤੇ ਤ੍ਰੇਤਾ ਗੁਜ਼ਰ ਗਿਆ ਹੈ, (ਪਰ) ਹੇ ਮਿਤਰ ! ਤੇਰੀ ਖਬਰ ਕਿਤੇ ਭੀ ਨਹੀਂ ਮਿਲੀ ॥ ੭੪ ॥

੩. ਦੁਆਪਰ ਦੇ ਅੰਤ ਵਿਚ ਕੁਝਕੁ ਖਬਰ ਲਗੀ ਸੀ,(ਕਿ ਮੇਰਾ) ਪਿਆਰਾ ਮਿਤਰ 'ਕੀਟਭ ਦੇਸ' ਵਿਚ ਵਸਦਾ ਹੈ (ਇਸ ਕਥਨ ਦਾ ਭਾਵ ਇਹ ਹੈ ਕਿ ਦੁਆਪੁਰ ਦੇ ਅੰਤ ਵਿਚ ਕੀਟਭ ਦੇਸ ਵਿਚ ਹੀ ਚਾਰ ਵਾਕ ਮਤ ਪੈਦਾ ਹੋਇਆ ਸੀ) । ੪. ਆਓ, ਇਥੇ ਮੇਰੇ ਕੋਲ ਆ ਕੇ ਬੈਠੋ ਅਤੇ ਕੁਝ ਸਮਾਚਾਰ ਕਹਿ ਸੁਣਾਓ ॥ ੭੫ ॥

ਚਾਰ ਵਾਕ ਉਵਾਚ ॥

**ਚੌਪਈ ॥**

**੧. ਸਮਾਚਾਰ ਸਭ ਸੁਨੀਏ ਦੇਵ ॥ ਪ੍ਰਭੁ ਕੋ ਨਿਖਲ ਬਤਾਵੋਂ ਭੇਵ ॥**
**੨. ਪਸ਼ਚਿਮ ਦੇਸ ਬਸੇ ਸੁਖ ਧਾਮ ॥ ਸਾਸ਼ਟਾਂਗ ਕਲਿ ਕੀਨ ਪ੍ਰਨਾਮ ॥੭੬॥**

ਨਿਖਲ=ਸਾਰਾ । ਸਾਸ਼ਟਾਂਗ=ਅਠਾਂ ਅੰਗਾਂ (ਦੋ ਪੈਰ, ਦੋ ਗੋਡੇ, ਦੋ ਹਥ, ਛਾਤੀ ਤੇ ਸਿਰ) ਨਾਲ ਭਾਵ ਇਸ ਤਰ੍ਹਾਂ ਲੰਮਾ ਪੈ ਕੇ ਜਿਸ ਵਿਚ ਇਹ ਅਠੇ ਅੰਗ ਧਰਤੀ ਨਾਲ ਲਗੇ ਹੋਏ ਹੋਣ, ਇਸ ਦਾ ਨਾਮ ਹੀ 'ਦੰਡਵਤ' ਜਾਂ 'ਡੰਡੌਤ' ਹੈ ।

ਚਾਰ ਵਾਕ ਕਹਿਣ ਲਗਾ–੧. ਹੇ ਦੇਵ ! ਸਾਰਾ ਸਮਾਚਾਰ ਸੁਣੋਂ । ਹੇ ਪ੍ਰਭੂ ! (ਮੈਂ ਆਪ ਨੂੰ) ਸਾਰਾ ਭੇਦ ਦਸਦਾ ਹਾਂ । ੨. ਸੁਖਾਂ ਦਾ ਘਰ 'ਕਲਿਜੁਗ' ਪਛਮ ਦੇਸ (ਲਹਿੰਦੇ) ਵਿਚ ਵਸਦਾ ਹੈ, ਉਸ ਨੇ (ਆਪ ਨੂੰ) ਦੰਡਵਤ ਪ੍ਰਨਾਮ ਕੀਤੀ ਹੈ ॥ ੭੬ ॥

ਮਹਾਂ ਮੋਹ ਉਵਾਚ ॥

**ਚੌਪਈ ॥**

**੧. ਚਾਰ ਵਾਕ ਮਮ ਕਰੋ ਬਖਾਨਾ ॥ ਸਭ ਬਿਧਿ ਹੈ ਕਲਿ ਕੋ ਕਲਯਾਨਾ ॥**
**੨. ਮਮ ਪ੍ਰਤਾਪ ਮੈ ਅਤਿ ਅਨੁਰਾਗੀ॥ਕਲਿਜੁਗ ਹੈ ਜਗ ਮੈਂ ਬਡਭਾਗੀ ॥੭੭॥**

ਮਹਾਂ ਮੋਹ ਰਾਜਾ ਕਹਿਣ ਲਗਾ–੧. ਹੇ ਚਾਰ ਵਾਕ ! ਮੈਨੂੰ ਦਸ, ਕਲਿਜੁਗ ਸਭ ਤਰ੍ਹਾਂ ਨਾਲ ਅਨੰਦ ਪ੍ਰਸੰਨ ਹੈ ? ੨. ਮੇਰਾ ਪ੍ਰਤਾਪ (ਵਧਾਉਣ) ਵਿਚ ਉਹ ਬੜਾ ਹੀ ਪਰੇਮ ਰਖਦਾ ਹੈ, (ਇਸ ਲਈ) ਕਲਿਜੁਗ (ਸਾਰੇ ਹੀ) ਜਗਤ ਵਿਚ ਵਡੇ ਭਾਗਾਂ ਵਾਲਾ ਹੈ (ਉਸ ਦੇ ਸਮਾਨ ਸਾਰੇ ਸੰਸਾਰ ਵਿਚ ਕੋਈ ਨਹੀਂ ਹੈ) ॥੭੭॥

Sri Satguru Jagjit Singh Ji Elibrary NamdhariElibrary@gmail.com

ਚਾਰ ਵਾਕ ਉਵਾਚ ॥

## ਚੌਪਈ ॥

**੧. ਤਵ ਪ੍ਰਤਾਪ ਸਭ ਬਿਧਿ ਕਲ੍ਯਾਨੁ ॥ ਤੇਜਵੰਤ ਜੈਸੇ ਭਗਵਾਨੁ ॥**
**੨. ਕੀਨੇ ਕਾਜ ਕਰਨ ਨਹਿ ਰਹੇ ॥ ਤਵ ਪਦ ਮੂਲ ਦਰਸ ਕੋ ਚਹੇ ॥੭੮॥**
**੩. ਤੁਮਰੇ ਵਾਕ ਸੁ ਸਿਰ ਪਰ ਧਾਰੇ ॥ ਦੁਸ਼ਟਨ ਕੇ ਤਿਨ ਮੂਲ ਉਖਾਰੇ ॥**
**੪. ਤੁਮ ਪ੍ਰਸਾਦਿ ਮੁਦਿਤ ਅਤਿ ਭਯੋ ॥ ਦਰਸਨ ਸੁੰਦਰ ਅਤਿ ਹਰਖਯੋ ॥੭੯॥**

ਚਾਰ ਵਾਕ ਕਹਿਣ ਲਗਾ-੧. ਤੁਹਾਡੀ ਕ੍ਰਿਪਾ ਨਾਲ (ਕਲਿਜੁਗ) ਸਭ ਤਰ੍ਹਾਂ ਨਾਲ ਸੁਖ ਅਨੰਦ ਹੈ (ਅਤੇ ਉਹ ਇਸ ਤਰ੍ਹਾਂ ਦੇ) ਤੇਜ ਵਾਲਾ ਹੈ, ਜਿਸ ਤਰ੍ਹਾਂ ਸੰਸਾਰ ਵਿਚ ਭਾਨੁ=(ਸੂਰਜ)। ੨. ਉਸ ਨੇ ਸਾਰੇ ਕੰਮ ਪੂਰੇ ਕਰ ਦਿਤੇ ਹਨ। (ਹੁਣ ਉਸ ਦੇ) ਕਰਨ (ਯੋਗ ਬਾਕੀ) ਕੋਈ ਕੰਮ ਭੀ ਨਹੀਂ ਰਹਿੰਦਾ, (ਇਸ ਵੇਲੇ ਉਹ ਕੇਵਲ ਆਪ ਦੇ ਚਰਨ ਕਮਲਾਂ ਦੇ) ਦਰਸ਼ਨ ਨੂੰ ਚਾਹੁੰਦਾ ਹੈ ॥ ੭੮ ॥

੩. ਉਸ ਨੇ ਤੁਹਾਡੇ ਬਚਨ ਸਿਰ ਉਤੇ ਧਾਰੇ ਹੋਏ ਹਨ ਅਤੇ (ਵੈਰਾਗ ਵਿਵੇਕ ਆਦਿਕ) ਦੁਸ਼ਟਾਂ ਦੀਆਂ ਉਸ ਨੇ ਜੜ੍ਹਾਂ ਕਟ ਦਿਤੀਆਂ ਹਨ। (ਇਸ ਕਥਨ ਦਾ ਭਾਵ ਇਹ ਹੈ ਕਿ) ੪. ਤੁਹਾਡੀ ਕ੍ਰਿਪਾ ਨਾਲ ਵਡਾ ਹੀ ਪ੍ਰਸੰਨ ਚਿਤ ਹੋਇਆ ਹੈ ਅਤੇ ਉਹ ਸੁੰਦਰ ਦਰਸ਼ਨ (ਵਾਲਾ ਕਲਿਜੁਗ) ਵਡਾ ਹੀ ਅਨੰਦ ਹੋ ਰਿਹਾ ਹੈ ॥੭੯॥

ਸ਼ੁਧ ਅੰਤਹਕਰਣ ਵਿਚ ਵੈਰਾਗ ਵਿਵੇਕ ਪੈਦਾ ਹੁੰਦੇ ਹਨ, ਇਸ ਲਈ ਸ਼ੁਧ ਅੰਤਹਕਰਣ ਵੈਰਾਗਾਦਿਕਾਂ ਦਾ ਮੂਲ ਹੈ, ਕਲਿਜੁਗ ਨੇ ਕਿਸੇ ਦਾ ਭੀ ਅੰਤਹਕਰਣ ਸ਼ੁਧ ਨਹੀਂ ਰਹਿਣ ਦਿਤਾ, ਏਹੀ ਮਾਨੋ ਵੈਰਾਗ ਵਿਵੇਕਾ-ਦਿਕਾਂ ਦੀ ਜੜ੍ਹ ਵਢ ਦਿਤੀ ਹੈ।

**ਦੋਹਰਾ—੧. ਧੰਨ ਕਲਿ ਤਵ ਦਾਸ ਹੈ, ਕਰੇ ਤੁਮਾਰੇ ਕਾਜ ॥**
**੨. ਤਵ ਪਦ ਪੰਕਜ ਬੰਦਨਾ, ਕਰੇ ਜਗਤ ਕੇ ਰਾਜ ॥ ੮੦ ॥**

੧. ਤੁਹਾਡਾ ਦਾਸ ਕਲਿਜੁਗ ਧੰਨ ਹੈ, (ਜੋ) ਤੁਹਾਡੇ ਕੰਮ ਕਰਦਾ ਹੈ। ੨. ਹੇ ਜਗਤ ਦੇ ਰਾਜੇ! (ਉਹ) ਆਪ ਦੇ ਚਰਨ ਕਮਲਾਂ ਉਤੇ ਬੰਦਨਾ ਕਰਦਾ ਸੀ ॥ ੮੦ ॥

ਮਹਾਂ ਮੋਹ ਉਵਾਚ ॥

**ਦੋਹਰਾ—੧. ਚਾਰ ਵਾਕ ਅਤਿ ਮਿਤ੍ਰ ਮਮ, ਮੋਕੋ ਕਰੋ ਉਚਾਰ ॥**
**੨. ਕੌਨ ਕੌਨ ਕਾਰਯ ਕਰੇ, ਕਲਿਜੁਗ ਜਗਤ ਮਝਾਰ ॥ ੮੧ ॥**

੧. ਹੇ ਮੇਰੇ ਪਰਮ ਮਿਤਰ ਚਾਰ ਵਾਕ! ਮੈਨੂੰ ਕਥਨ ਕਰਕੇ ਦਸ। ੨. ਕਿ ਕਲਿਜੁਗ ਨੇ ਜਗਤ ਵਿਚ ਕਿਹੜੇ ਕਿਹੜੇ ਕੰਮ ਕੀਤੇ ਹਨ ॥ ੮੧ ॥

ਚਾਰ ਵਾਕ ਉਵਾਚ ॥

## ਸਵੈਯਾ ॥

**੧. ਵੇਦਨ ਕੇ ਪਥ ਦੂਰ ਤਜੇ ਸੁ ਯਥੇਸ਼ਟ ਚੇਸ਼ਟ ਮੇ ਨਰ ਪਾਗੇ ॥**
**੨. ਆਜ ਵੈਰਾਗ ਕੀ ਕੌਨ ਕਥਾ ਤ੍ਰਿਨ ਲੋਸਟ ਕੰਚਨ ਮੇ ਜਨ ਲਾਗੇ ॥**
**੩. ਨਾ ਕਲਿ ਨਾ ਹਮ ਕਾਰਣ ਹੈਂ, ਪ੍ਰਭ ਕੇ ਪ੍ਰਤਾਪ ਭਏ ਵਡਭਾਗੇ ॥**

Sri Satguru Jagjit Singh Ji Elibrary NamdhariElibrary@gmail.com

**੪. ਜੋ ਧਨਵੰਤ ਮਹੰਤ ਮਹਾਜਨ ਤੇ ਰਤਿ ਨਾਹਿ ਕਿ ਪਾਉ ਪਰਾਗੇ ॥ ੯੨ ॥**

ਪਥ=ਪੰਥ ਰਸਤਾ, ਮਰਯਾਦਾ। ਯਥੇਸਟ=ਮਨ ਮਰਜ਼ੀ ਮੁਤਾਬਕ। ਚੇਸ਼ਟ=ਕਰਤਬ। ਪਾਗੇ=ਖਚਤ ਹੋ ਗਏ ਹਨ। ਮਹਾਜਨ=ਵਪਾਰੀ ਲੋਕ। ਰਤਿ ਨਾਹਿ=ਕਾਮਦੇਵ।

ਚਾਰ ਵਾਕ ਕਹਿਣ ਲਗਾ-੧. ਹੇ ਪ੍ਰਭੂ ! ਸੁਣੋ, ਕਲਿਜੁਗ ਦੀ ਪਰੇਰਨਾ ਕਰਕੇ ਸਾਰੇ ਪੁਰਸ਼ਾਂ ਨੇ ਵੇਦਾਂ ਦੀ ਮਰਯਾਦਾ ਦੂਰ ਛਡ ਦਿਤੀ ਹੈ ਅਤੇ ਮਨ ਮਰਜੀ ਦੇ ਕਰਤਬਾਂ ਵਿਚ ਸੁਰਤ ਜੁੜੀ ਹੋਈ ਹੈ। ੨.ਅਜ ਵੈਰਾਗ (ਦੇ ਪੈਦਾ ਹੋਣ) ਦੀ ਗੱਲ ਹੀ ਕਿਹੜੀ ਹੈ ? ਕਿਉਂਕਿ ਸਾਰੇ ਲੋਕ ਕੱਖਾਂ ਤੇ ਲੋਹੇ ਨੂੰ ਸੋਨਾ (ਜਾਣ ਕੇ ਉਨ੍ਹਾਂ ਵਿਚ) ਲਗ ਰਹੇ ਹਨ (ਅਰਥਾਤ ਜਦ ਕਖਾਂ ਤੇ ਲੋਹੇ ਨੂੰ ਸੋਨਾ ਜਾਣ ਕੇ ਉਨ੍ਹਾਂ ਦਾ ਲੋਭ ਕਰ ਰਹੇ ਹਨ ਤੇ ਜੇ ਸੋਨਾ ਹੋਵੇ ਤਦ ਉਸ ਦੀ ਪ੍ਰਾਪਤੀ ਵਾਸਤੇ ਖ਼ੂਨ ਕਰਨ ਨੂੰ ਭੀ ਤਿਆਰ ਹੋ ਜਾਣਗੇ)। ੩. ਇਸ ਕਾਰਜ ਨੂੰ ਕਰਨ ਵਾਲਾ ਨਾ ਕਲਿਜੁਗ ਤੇ ਨਾ ਹੀ ਮੈਂ ਕਾਰਨ ਹਾਂ ਸਗੋਂ ਹੇ ਪ੍ਰਭੂ ! ਆਪ ਦੇ ਪ੍ਰਤਾਪ (ਕਰਕੇ ਹੀ ਅਸੀਂ) ਵਡੇ ਭਾਗਾ ਵਾਲੇ ਹੋਏ ਹਾਂ। ੪. ਜੋ ਭੀ ਮਹੰਤ ਤੇ ਵਪਾਰੀ ਲੋਕ ਧਨ ਵਾਲੇ ਹਨ, ਉਹ ਸਾਰੇ ਹੀ ਕਾਮਦੇਵ ਦੇ ਚਰਨਾਂ ਦੀ ਪ੍ਰੀਤ ਨਾਲ ਜੁੜੇ ਹੋਏ ਹਨ (ਭਾਵ ਧਨੀ ਲੋਕ, ਕੀ ਡੇਰੇਦਾਰ ਸਾਧੂ ਤੇ ਗ੍ਰਿਹਸਥੀ ਸਾਰੇ ਹੀ ਕਾਮ-ਕਲੋਲਾਂ ਵਿਚ ਮਸਤ ਹੋ ਰਹੇ ਹਨ) ॥ ੯੨ ॥

## ਸਵੈਯਾ ॥

**੧. ਦਿਸਿ ਉਤਰ ਔ ਪੁਨ ਪਸ਼ਚਿਮ ਮੈ ਯਹ ਬੇਦ ਤ੍ਰਈ ਕਲਿ ਦੂਰ ਨਿਵਾਰੀ ॥**
**੨. ਦਿਸਿ ਦੱਖਣ ਪੂਰਬ ਵੇਦ ਤ੍ਰਈ ਤਨ ਪਾਲਨ ਕੇ ਹਿਤ ਹੈ ਦ੍ਵਿਜ ਧਾਰੀ ॥**
**੩. ਸਮ ਔ ਦਮ ਕੀ ਤਹ ਕੌਨ ਕਥਾ ਜਿਹ ਦੇਵ ਸਮਾਨ ਭਈ ਗ੍ਰਿਹ ਨਾਰੀ ॥**
**੪. ਅਬ ਕਾਜ ਸੰਪੂਰਣ ਸਿਧ ਭਏ ਸੁ ਵਿਵੇਕਹਿੰ ਕੀ ਜੜ ਮੂਲ ਉਖਾਰੀ ॥੯੩॥**

੧. ਉਤਰ ਅਤੇ ਪਛਮ ਦਿਸ਼ਾ ਵਿਚੋਂ ਤਾਂ ਕਲਿਜੁਗ ਨੇ ਇਹ ਤਿੰਨੇ ਵੇਦ ਕਢ ਦਿਤੇ ਹਨ, (ਕਿਉਂਕਿ ਇਨ੍ਹਾਂ ਦੋਹਾਂ ਦਿਸ਼ਾਂ ਵਿਚ ਹੀ ਪਹਿਲੇ ਵੇਦਾ ਦਾ ਪਠਨ-ਪਾਠਨ ਆਦਿਕ ਪ੍ਰਚਾਰ ਸੀ ਅਤੇ ਹੁਣ ਕੋਈ ਵੇਦਾਂ ਦਾ ਨਾਮ ਭੀ ਨਹੀਂ ਜਾਣਦਾ)। ੨. ਦਖਣ ਤੇ ਪਛਮ ਦਿਸ਼ਾ ਦੇ ਬ੍ਰਾਹਮਣ ਲੋਕਾਂ (ਨੇ ਕੇਵਲ ਪੇਟ ਦੇ) ਪਾਲਣ ਵਾਸਤੇ ਤਿੰਨਾਂ ਵੇਦਾਂ ਨੂੰ ਧਾਰਨ ਕੀਤਾ ਹੋਇਆ ਹੈ (ਅਰਥਾਤ ਦਖਣ-ਪਛਮ ਦੇ ਬ੍ਰਾਹਮਣ ਲੋਕ ਵੇਦ ਪੜ੍ਹਦੇ ਹਨ, ਉਹ ਪ੍ਰਮਾਤਮ ਦੇਵ ਦੀ ਪ੍ਰਾਪਤੀ ਵਾਸਤੇ ਨਹੀਂ ਪੜ੍ਹਦੇ,ਕੇਵਲ ਪੇਟ ਪਾਲਣ ਵਾਸਤੇ ਪੜ੍ਹਦੇ ਹਨ,ਇਸ ਲਈ ਉਨ੍ਹਾਂ ਦਾ ਭੀ ਕੋਈ ਡਰ ਨਹੀਂ ਹੈ)। ੩. ਉਥੇ ਸਮ ਤੇ ਦਮ ਦੀ ਗੱਲ ਹੀ ਕਹਿਣੀ ਹੈ, ਜਿਥੇ ਘਰ ਵਿਚ ਇਸਤ੍ਰੀ ਹੀ ਦੇਵਤੇ ਸਮਾਨ ਹੋ ਰਹੀ ਹੈ(ਅਰਥਾਤ ਜਿਸ ਘਰ ਵਿਚ ਇਸਤ੍ਰੀ ਹੀ ਪੂਜਾ ਦਾ ਸਥਾਨ ਹੋ ਰਹੀ ਅਤੇ ਮਰਦਇਸਤ੍ਰੀ ਦੇ ਸੇਵਕ ਹੋਕੇ ਇਸਤ੍ਰੀ ਦੀ ਆਗਿਆ ਵਿਚ ਤੁਰਨ ਵਾਲੇ ਹੋ ਰਹੇ ਹਨ, ਉਥੇ ਸਮ ਤੇ ਦਮ ਨੂੰ ਥਾਂ ਹੀ ਕਿਥੇ ਮਿਲਦੀ ਹੈ। ੪.ਹੁਣ ਸਾਡੇ ਸਾਰੇ ਕੰਮ ਸਿਧ ਹੋ ਗਏ ਹਨ, ਉਸ ਬਿਬੇਕ ਦੀ ਜੜ੍ਹ ਮੂਲੋਂ ਹੀ ਪੁਟੀ ਗਈ ਹੈ।੯੩॥

## ਚੌਪਈ ॥

**੧. ਅਗਨਿ ਹੋਤ੍ਰ ਪੁਨ ਬੇਦ ਬਿਸਾਲਾ ॥ ਔਰ ਤ੍ਰਿਦੰਡ ਭਸਮ ਪੁਨ ਭਾਲਾ ॥**
**੨. ਬਲਿ ਮਤਿ ਹੀਨ ਜੀਵਕਾ ਕਾਰਣ ॥ ਧਰੇ ਬ੍ਰਹਸਪਤਿ ਕਰੇ ਉਚਾਰਣ ।੯੪॥**

ਅਗਨਿ ਹੋਤ੍ਰ=ਹੋਮ ਕਰਨਾ। ਤ੍ਰਿਦੰਡ=ਤਿੰਨ ਪੋਰੀਆਂ ਦਾ ਡੰਡਾ। ਜੀਵਕਾ=ਪੇਟ ਪਾਲਣਾ।

੧. ਹੋਮ ਕਰਨਾ ਅਤੇ ਵੇਦਾਂ ਦਾ ਪੜ੍ਹਨਾ,ਤ੍ਰਿਦੰਡ ਦਾ ਧਾਰਨ ਕਰਨਾ ਤੇ ਮਥੇ ਉਤੇ ਭਸਮ ਦਾ ਲਾਉਣਾ। ੨. ਬਲ ਤੇ ਬੁਧੀ ਤੋਂ ਹੀਣੇ ਪੁਰਸ਼ ਪੇਟ ਪਾਲਣਾ ਦੇ ਵਾਸਤੇ (ਇਹ ਕਰਤਬ) ਧਾਰਨ ਕਰ ਰਹੇ ਹਨ, (ਪਰ

ਮੂੰਹੋਂ ਕਹਿੰਦੇ ਹਨ) 'ਬ੍ਰਹਸਪਤਿ' ਨੇ ਉਚਾਰਨ ਕੀਤਾ ਹੈ (ਇਸ ਲਈ ਇਹ ਕਰਮ ਅਸੀਂ ਕਰਦੇ ਹਾਂ)॥੮੪॥

**ਚੌਪਈ॥**

**੧. ਜੀਵਨ ਹਿਤ ਜਨ ਬੇਦ ਬਿਚਾਰੇ ॥ ਤਾਤੇ ਕਾਰਜ ਭਏ ਹਮਾਰੇ ॥**
**੨. ਕੁਰੁਖੇਤ੍ਰਾਦਿ ਤੀਰਥ ਕੇ ਮਾਹੀ ॥ ਪ੍ਰਬੋਧ ਉਦੇ ਸੁਪਨੇ ਹੂੰ ਨਾਹੀ ॥ ੮੫ ॥**

੧. (ਹੇ ਰਾਜਨ ! ਤੀਰਥ ਵਾਸੀ)ਲੋਕ ਉਪਜੀਵਕਾ ਦੇ ਵਾਸਤੇ ਵੇਦਾਂ ਦਾ ਵਿਚਾਰ ਕਰਦੇ ਹਨ,ਗਿਆਨ ਪ੍ਰਾਪਤੀ ਵਾਸਤੇ ਨਹੀਂ ਕਰਦੇ, ਇਸ ਵਾਸਤੇ ਸਾਰੇ ਕੰਮ ਪੂਰੇ ਹੋ ਗਏ ਹਨ। ੨. ਕੁਰੁਖੇਤ੍ਰ ਆਦਿਕ ਤੀਰਥਾਂ ਤੇ ਰਹਿਣ ਵਾਲਿਆਂ ਦੇ (ਹਿਰਦੇ) ਵਿਚ ਸੁਪਨੇ ਮਾਤ੍ਰ ਭੀ ਗਿਆਨ ਪੈਦਾ ਨਹੀਂ ਹੋਵੇਗਾ, (ਅਰਥਾਤ ਗਿਆਨ ਕੋਮਲ ਹਿਰਦੇ ਵਿਚ ਹੋਣਾ ਹੈ ਅਤੇ ਤੀਰਥ ਵਾਸੀ ਕਠੋਰ ਹਿਰਦੇ ਵਾਲੇ ਹੋ ਰਹੇ ਹਨ,ਉਨ੍ਹਾਂ ਨੂੰ ਗਿਆਨ ਪ੍ਰਾਪਤੀ ਦਾ ਸੁਪਨਾ ਭੀ ਨਹੀਂ ਆ ਸਕਦਾ, ਉਹ ਤਾਂ ਪੇਟ ਪਾਲਣਾ ਵਾਸਤੇ ਹੀ ਇਹ ਲੋਕ ਦਿਖਾਵੇ ਲਈ ਧਰਮ ਦੇ ਚਿੰਨ੍ਹ ਧਾਰ ਰਹੇ ਹਨ) ॥ ੮੫ ॥

ਮਹਾਂ ਮੋਹ ਉਵਾਚ ॥

**ਚੌਪਈ॥**

**੧. ਚਾਰਵਾਕ ਕਲਿ ਮਹਾ ਪ੍ਰਬੀਨਾ ॥ ਮਮ ਹਿਤ ਭੁਜ ਬਲ ਧਰੇ ਨਵੀਨਾ ॥**
**੨. ਤਾ ਭੁਜ ਦੰਡ ਕਾਜ ਮਮ ਸਰੇ ॥ ਤੀਰਥ ਬਡੇ ਬਿਅਰਥ ਤਿਨ ਕਰੇ ॥੮੬॥**
**੩. ਅਬ ਮੋਕੋ ਨਹਿ ਚਿੰਤਾ ਭਈ ॥ ਤੀਰਥ ਬੋਧ ਸ਼ੰਕ ਉਰ ਗਈ ॥**
**੪. ਗ੍ਰਹ ਮਹਿ ਨਾਰਿ ਸੁਤਨ ਕੇ ਸੰਗਾ ॥ ਕਹਾਂ ਹੋਇ ਤਹਿ ਬੋਧ ਪ੍ਰਸੰਗਾ ॥੮੭॥**

ਮਹਾਮੋਹ ਰਾਜਾ ਕਹਿਣ ਲਗਾ–੧. ਹੇ ਚਾਰਵਾਕ ! ਕਲਿਜੁਗ ਬੜਾ ਚਤਰ ਹੈ, ਅਤੇ ਉਹ ਮੇਰੇ (ਕੰਮ) ਵਾਸਤੇ ਆਪਣੀਆਂ ਬਾਹਾਂ ਵਿਚ ਨਵਾਂ ਹੀ ਬਲ ਧਾਰ ਰਿਹਾ ਹੈ। ੨. ਉਸ ਦੀਆਂ ਮਜ਼ਬੂਤ ਬਾਹਾਂ ਨਾਲ ਹੀ ਮੇਰੇ ਸਾਰੇ ਕੰਮ ਪੂਰੇ ਹੋਏ ਹਨ, ਉਸ ਨੇ ਵਡੇ ਵਡੇ (ਸਾਰੇ) ਤੀਰਥ ਨਿਸਫਲ ਕਰ ਦਿਤੇ ਹਨ ॥ ੮੬ ॥

੩. ਹੁਣ ਮੈਨੂੰ ਕੋਈ ਭੀ ਚਿੰਤਾ ਨਹੀਂ ਰਹੀ, 'ਤੀਰਥ ਵਾਸੀਆਂ ਦੇ ਹਿਰਦੇ ਵਿਚ ਗਿਆਨ ਹੋ ਜਾਵੇਗਾ' (ਇਹ) ਸ਼ੰਕਾ ਹੀ ਹਿਰਦੇ ਵਿਚੋਂ ਮਿਟ ਗਈ ਹੈ। ੪. (ਜੋ ਘਰ ਵਿਚ ਇਸਤ੍ਰੀ ਪੁਤਰਾਂ ਦੇ ਨਾਲ (ਮੋਹ ਪਾ ਰਿਹਾ ਹੈ), ਉਸਦੇ ਹਿਰਦੇ ਵਿਚ ਗਿਆਨ ਪ੍ਰਾਪਤੀ ਦਾ ਪ੍ਰਸੰਗ ਹੀ ਕਦ ਹੋ ਸਕਦਾ ਹੈ ? (ਅਥਵਾ ਜ਼ਬਾਨੀ) ਕਥਾ ਪ੍ਰਸੰਗਾਂ (ਦੇ ਕਹਿਣ ਨਾਲ) ਗਿਆਨ ਕਦ ਹੋ ਸਕਦਾ ਹੈ ? ਗ੍ਰਿਹਸਥੀ ਦੇ ਧੰਧਿਆਂ ਵਿਚ ਫਸ ਕੇ, ਕੇਵਲ ਜ਼ਬਾਨੀ ਗਿਆਨ ਦੀਆਂ ਗੱਲਾਂ-ਬਾਤਾਂ ਕਹਿਣ ਨਾਲ ਤਾਂ ਗਿਆਨ ਹੋ ਹੀ ਨਹੀਂ ਜਾਣਾ, ਇਸ ਲਈ ਗਿਆਨ ਦਾ ਸੰਸਾ ਹੀ ਮਿਟ ਗਿਆ ਹੈ) ॥ ੮੭ ॥

ਚਾਰਵਾਕ ਉਵਾਚ ॥

**ਦੋਹਰਾ–ਤਵ ਪਦ ਪੰਕਜ ਕੋ ਲਿਖੀ, ਕਲਿਜੁਗ ਪਾਤੀ ਆਪ ॥**
**ਯਾਕੋ ਆਪ ਬਚਾਈਐ, ਰਾਜਨ ਰਵਿ ਪ੍ਰਤਾਪ ॥ ੮੮ ॥**

ਚਾਰਵਾਕ ਕਹਿਣ ਲਗਾ–ਹੇ ਸੂਰਜ ਸਮਾਨ ਪ੍ਰਤਾਪ ਵਾਲੇ ਰਾਜਨ ! ਆਪ ਦੇ ਚਰਨ ਕਮਲਾਂ (ਵਿਚ ਇਹ) ਪਤ੍ਰਕਾ ਕਲਿਜੁਗ ਨੇ ਭੇਜੀ ਹੈ, ਜੋ ਉਸ ਨੇ ਆਪ ਲਿਖੀ ਸੀ, ਆਪ ਇਸਨੂੰ ਪੜ੍ਹ ਲਵੋ, (ਇਹ ਕਹਿ ਕੇ

ਚਾਰਵਾਕ ਨੇ ਲਿਫ਼ਾਫੇ ਵਿਚ ਚਿੱਠੀ ਮਹਾਂਮੋਹ ਰਾਜੇ ਦੇ ਅਗੇ ਰਖ ਦਿਤੀ ॥ ੮੮ ॥

**ਚੌਪਈ ॥**

**੧. ਯਾ ਬਿਧਿ ਸੁਨਿਓ ਭੂਪਤਿ ਜਬਹੀ ॥ ਪਾਤੀ ਲਗੇ ਬਚਾਵਨ ਤਬ ਹੀ ॥**
**੨. ਬਾਚਕ ਕਹੇ ਸੁਨੋ ਜਗ ਭੂਪਾ ॥ ਕਲਿਜੁਗ ਪਾਤੀ ਲਿਖੀ ਅਨੂਪਾ ॥੮੯॥**

ਬਾਚਕ=ਵਾਚਨ ਵਾਲਾ, ਚਿਠੀ ਪੜ੍ਹਨ ਵਾਲਾ। ਪਾਤੀ=ਪਤ੍ਰਕਾ, ਚਿਠੀ।

੧. ਜਦੋਂ ਮਹਾਂਮੋਹ ਰਾਜੇ ਨੇ ਇਹ ਸੁਣਿਆ, ਉਸੇ ਵੇਲੇ (ਹੀ ਮੁਨਸ਼ੀ ਨੂੰ ਕੋਲ ਸੱਦਕੇ, ਚਿੱਠੀ) ਪੜ੍ਹਾਉਣ ਲਗਾ। ੨. ਚਿੱਠੀ ਪੜ੍ਹਨ ਵਾਲਾ ਕਹਿਣ ਲਗਾ-ਹੇ ਜਗਤ ਸ਼ਰੋਮਣੀ ਰਾਜਨ ! ਸੁਣੋ, (ਇਹ) ਮਹਾਂ ਸੁੰਦਰ ਚਿੱਠੀ ਕਲਿਜੁਗ ਨੇ ਲਿਖੀ ਹੈ ॥ ੮੯ ॥

ਕਲਿਜੁਗ ਉਵਾਚ ॥

**ਦੋਹਰਾ-੧. ਤਵ ਬਸਿ ਕੀਨੋ ਨਿਖਲ ਜਗ, ਸੁਰ ਨਰ ਮੁਨੀ ਮਹਾਨ ॥**
**੨. ਕਲਿਜੁਗ ਪਦ ਬੰਦਨ ਕਰੇ, ਮਹਾਂ-ਮੋਹ ਭਗਵਾਨ ॥੯੦॥**

ਕਲਿਜੁਗ ਕਹਿੰਦਾ ਹੈ-੧. ਦੇਵਤੇ, ਮਨੁਖ ਤੇ ਮਹਾਂ ਮੁਨੀ (ਆਦਿਕ) ਸਾਰੇ ਜਗਤ (ਨੂੰ ਮੈਂ) ਆਪ ਦੇ ਵੱਸ ਕਰ ਦਿਤਾ ਹੈ। ੨. ਹੇ ਮਹਾਂਮੋਹ ਭਗਵਾਨ ! (ਮੈਂ) ਕਲਿਜੁਗ ਆਪ ਦੇ ਚਰਨਾਂ ਤੇ ਨਮਸਕਾਰ ਕਰਦਾ ਹਾਂ ॥ ੯੦ ॥

**ਦੋਹਰਾ-੧. ਸਮਾਚਾਰ ਸਭ ਦੇਸ ਕੋ, ਸੁਨੋ ਜਗਤ ਸਿਰਤਾਜ ॥**
**੨. ਤਵ ਪ੍ਰਤਾਪ ਤਵ ਦਾਸ ਜਗ, ਏਹੁ ਕਰੇ ਸਭ ਕਾਜ ॥ ੯੧ ॥**

੧. ਹੇ ਜਗਤ ਸ਼ਿਰੋਮਣੀ ! (ਹੋਰ) ਸਾਰੇ ਜਗਤ ਦੇ ਸਮਾਚਾਰ ਨੂੰ ਸੁਣੋ। ੨. ਤੁਹਾਡੀ ਕ੍ਰਿਪਾ ਨਾਲ ਹੀ ਤੁਹਾਡੇ ਦਾਸ (ਕਲਿਜੁਗ) ਨੇ ਜਗਤ ਵਿਚ ਇਹ ਸਾਰੇ ਕੰਮ ਕਰ ਦਿਤੇ ਹਨ ॥ ੯੧ ॥

**ਛਪੈ ਛੰਦ-੧. ਜਗ ਤਜੈਂ ਨ ਮਾਯਾ ਮੋਹ, ਨਾਮ ਅਤੀਤ ਕਹਾਵੈਂ ॥**
**੨. ਘਰ ਮੈ ਲੇਹਿੰ ਕੁਸੀਦ, ਭੀਖ ਪੁਨ ਮਾਂਗਨ ਜਾਵੈਂ ॥**
**੩. ਰੈਨ ਕਰੈਂ ਰਸ-ਭੋਗ, ਦਿਨੇ ਤਨ ਭਸਮ ਲਗਾਵੈਂ ॥**
**੪. ਆਪ ਕਰੈਂ ਸਭ ਪਾਪ, ਔਰ ਕੋ ਧਰਮ ਬਤਾਵੈਂ ॥**
**੫. ਇਹ ਭਾਂਤਿ ਅਤੀਤ ਸੁ ਮੈਂ ਕਰੇ, ਨਖ-ਸਿਖ ਲੌ ਅਭਿਮਾਨ ਅਤਿ॥**
**੬. ਉਰ ਨਿਸ ਬਾਸਰਦਮੜਾ ਚਹੈਂ,ਕਬਹੂੰ ਨ ਹੋਵੈ ਰਾਮਰਤਿ ॥੯੨॥**

ਕੁਸੀਦ=ਵਿਆਜ, ਸੂਦ। ਰਸ ਭੋਗ=ਕਾਮ ਕਲੋਲ, ਵਿਭਚਾਰ। ਨਖ ਸਿਖ=ਸਿਰ ਤੋਂ ਪੈਰ।

੧. ਜਗਤ ਤੇ ਮਾਇਆ ਦੇ ਮੋਹ ਨੂੰ ਛੱਡਦੇ ਨਹੀਂ ਹਨ, (ਪਰ ਆਪਣਾ) ਨਾਮ 'ਅਤੀਤ' ਕਹਾਉਂਦੇ ਹਨ (ਅਰਥਾਤ ਅਤੀਤ ਹੋ ਕੇ ਭੀ ਜਗਤ ਦੀ ਮਮਤਾ ਲਗੀ ਹੋਈ ਹੈ)। ੨. ਘਰ ਦੇ ਅੰਦਰ ਬੈਠਕੇ, ਲੋਕਾਂ ਪਾਸੋਂ ਵਿਆਜ ਲੈਂਦੇ ਹਨ ਅਤੇ (ਬਾਹਰ) ਭਿਖਿਆ ਮੰਗਣ ਜਾਂਦੇ ਹਨ, (ਅਰਥਾਤ ਸਾਧੂ ਹੋ ਕੇ ਆਟਾ ਮੰਗਦੇ ਫਿਰਦੇ ਹਨ ਅਤੇ ਉਸ ਆਟੇ ਨੂੰ ਵੇਚ ਕੇ, ਜੋ ਮਾਇਆ ਕੱਠੀ ਕਰਦੇ ਹਨ, ਉਹ ਫਿਰ ਲੋਕਾਂ ਨੂੰ ਵਿਆਜੀ

Sri Satguru Jagjit Singh Ji Elibrary		NamdhariElibrary@gmail.com

ਦੇਂਦੇ ਹਨ । ੩. ਰਾਤੀਂ (ਸ਼ਰਾਬੀ ਹੋ ਕੇ) ਰੰਡੀ ਬਾਜ਼ੀ ਕਰਦੇ ਹਨ ਅਤੇ ਦਿਨੇ ਸਰੀਰ ਉਤੇ ਸਵਾਹ ਮਲ ਕੇ ਬੈਠ ਜਾਂਦੇ ਹਨ । ੪. ਆਪ ਤਾਂ ਸਭ ਤਰ੍ਹਾਂ ਦੇ ਪਾਪ ਕਰਦੇ ਹਨ, (ਪਰ) ਹੋਰਨਾਂ ਨੂੰ ਧਰਮ ਦਾ ਉਪਦੇਸ਼ ਕਰਦੇ ਹਨ । ੫. ਸਿਰ ਤੋਂ ਪੈਰਾਂ ਤਕ ਅਭਿਮਾਨ ਦੇ ਲਦੇ ਹੋਏ ਹਨ,ਹੇ ਰਾਜਨ ! ਜੋ (ਜਗਤ ਤੋਂ) ਅਤੀਤ (ਵਿਰਕਤ) ਹੋ ਚੁਕੇ ਹਨ, ਮੈਂ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਕਰ ਦਿਤਾ ਹੈ । ੬. ਹਿਰਦੇ ਵਿਚ ਉਹ ਰਾਤ ਦਿਨ ਮਾਇਆ ਨੂੰ ਚਾਹੁੰਦੇ ਹਨ, ਰਾਮ ਦੀ ਪ੍ਰੀਤ (ਉਨ੍ਹਾਂ ਦੇ ਹਿਰਦੇ ਵਿਚ) ਪੈਦਾ ਨਹੀਂ ਹੁੰਦੀ ॥ ੯੨ ॥

**ਛਪੈ–੧. ਹਰਿ ਕੋ ਪੰਥ ਸੁ ਦੂਰ, ਪੰਥ ਬਹੁ ਆਪ ਚਲਾਵੈਂ ॥**
**੨. ਰਹੀ ਫਕੀਰੀ ਦੂਰ, ਮਾਂਗ ਪੁਰ ਪੇਟ ਅਘਾਵੈਂ ॥**
**੩. ਕਹਿ ਇਕੰਤ ਬਨਬਾਸ, ਸੰਗ ਬਹੁ ਦੁੰਦਭਿ ਵਾਵੈਂ ॥**
**੪. ਸਵੈਂ ਨਿਰੰਤਰਿ ਰਾਤਿ, ਦਿਨੇ ਪੁਨ ਧਯਾਨ ਲਗਾਵੈਂ ॥**
**੫. ਪੁਨ ਧਨ ਮਦ ਮਸੀ ਮਲਾਨ ਮੁਖ, ਭੂਪ ਸੌਂਧ ਪੁਰ ਪੌਲ ਪਰ ॥**
**੬. ਧਨ ਲਿਪਸਾ ਵਿਆਕੁਲ ਮਹਾਂ, ਸਰਮਾ ਪਤਿ ਸਮ ਰਹੈਂ ਪਰ॥੯੩॥**

ਦੁੰਦਭਿ=ਧੌਂਸੇ ਨਗਾਰੇ । ਨਿਰੰਤਰ=ਬੇਫਿਕਰ, ਨਿਸਚਿੰਤ ਹੋ ਕੇ । ਮਦ=ਹੰਕਾਰ । ਮਸੀ=ਸਯਾਹੀ । ਸੌਧ=ਘਰ । ਪੌਲ=ਸਦਰ ਫਾਟਕ, ਵਡਾ ਦਰਵਾਜ਼ਾ, ਬੂਹਾ । ਲਿਪਸਾ=ਇੱਛਾ । ਸਰਮਾ=ਕੁਤੀ । ਸਰਮਾ ਪਤਿ=ਕੁਤਾ ।

੧. ਹਰੀ ਨੂੰ (ਪ੍ਰਾਪਤ ਕਰਨ ਦਾ) ਰਾਹ ਤਾਂ ਇਨ੍ਹਾਂ ਤੋਂ ਛੁਟ ਗਿਆ ਹੈ ਅਤੇ ਆਪੋ ਆਪਣੇ ਬਹੁਤੇ ਰਸਤੇ (ਇਨ੍ਹਾਂ ਸਾਧੂਆਂ ਨੇ) ਤੋਰ ਲਏ ਹਨ । ੨. ਫਕੀਰੀ ਤਾਂ ਦੂਰ ਰਹਿ ਚੁਕੀ ਹੈ, ਇਹ ਤਾਂ ਕੇਵਲ ਸ਼ਹਿਰ ਵਿਚੋਂ ਮੰਗ ਕੇ ਖਾਣਾ ਤੇ ਖੋਤੇ ਵਾਂਗੂ ਪੇਟ ਭਰ ਲੈਣਾ (ਹੀ ਫਕੀਰੀ ਮੰਨ ਰਹੇ ਹਨ) । ੩. ਬਨ ਵਿਚ ਜਾ ਕੇ ਇਕਾਂਤ ਰਹਿਣਾ ਤਾਂ ਕਿਤੇ ਰਿਹਾ, ਇਹ ਤਾਂ ਸਗੋਂ ਆਪਣੇ) ਨਾਲ ਬਹੁਤ ਸਾਰੇ ਧੌਂਸੇ-ਨਗਾਰੇ ਵਜਵਾਂਦੇ ਹਨ । ੪. ਰਾਤੀਂ ਬੇ-ਫਿਕਰ ਹੋ ਕੇ ਸੁਤੇ ਰਹਿੰਦੇ ਹਨ ਅਤੇ ਦਿਨੇ ਸਮਾਧੀ ਲਾ ਬੈਠਦੇ ਹਨ । ੫. ਫਿਰ ਜਿਹੜੇ ਰਾਜੇ ਧਨ ਦੇ ਹੰਕਾਰ ਦੀ ਸ਼ਾਹੀ (ਨਾਲ ਆਪਣਾ) ਮੂੰਹ ਕਾਲਾ ਕਰ ਚੁਕੇ ਹਨ, (ਅਰਥਾਤ ਜਿਨ੍ਹਾਂ ਰਾਜਿਆਂ ਨੇ ਧਨ ਦੀ ਮਸਤੀ ਵਿਚ ਮਹਾਂ ਪਾਪ ਕਰਕੇ ਆਪਣੇ ਮੂੰਹ ਉਤੇ ਕਲੰਕ ਦੇ ਟਿਕੇ ਲਾਏ ਹੋਏ ਹਨ), ਉਨ੍ਹਾਂ ਦੇ ਬੂਹੇ ਉਤੇ । ੬. ਉਹ ਸਾਧੂ ਲੋਕ ਧਨ ਦੀ ਇੱਛਾ ਨਾਲ ਬੜੇ ਹੀ ਵਿਆਕੁਲ ਹੋਕੇ (ਇਸ ਤਰ੍ਹਾਂ ਸਿਰ ਸੁਟ ਕ) ਪਏ ਰਹਿੰਦੇ ਹਨ, ਜਿਵੇਂ (ਮੁਸ਼ਕੀ ਹੋਈ) ਕੁਤੀ [ਦੇ ਚੁਗਿਰਦੇ] ਕੁਤੇ [ਸਿਰ ਸੁਟਕੇ] ਪਏ ਰਹਿੰਦੇ ਹਨ ॥ ੯੩ ॥ [ਸਾਧੂ ਲੋਕਾਂ ਦੀ ਤਾਂ ਇਹ ਹਾਲਤ ਹੈ, ਅਤੇ]–

**ਛਪੈ ਛੰਦ–੧. ਨੀਤਿ ਨਿਪੁੰਨ ਨਹਿ ਭੂਪ, ਨਿਆਉ ਮਨ ਉਕਤਿ ਬਿਚਾਰੈਂ ॥**
**੨. ਨਿਜ ਪਰਜਾ ਪਰ ਦੰਡ, ਕਾਜ ਭਵ ਭੀਤਰ ਸਾਰੈਂ ॥**
**੩. ਰਾਜ ਧਰਮ ਕੀ ਸਿੰਮ੍ਰਿਤਿ, ਭੂਪ ਨਾ ਨੈਨ ਨਿਹਾਰੈਂ ॥**
**੪. ਪਾਨਾ ਸਕਤਿ ਨਿਰੰਤਰ, ਧਰਮ ਨ ਚੀਤ ਸੁ ਧਾਰੈਂ ॥**
**੫. ਜਗ ਪ੍ਰਾਵੜ ਵਾਕ ਪੁਰਾਣ ਬਿਨ, ਬੈਠ ਨਜ਼ਾਯ ਭੂਪਤਿ ਕਰੈਂ ॥**
**੬. ਰਾਜਾਧਿਰਾਜ ਮਹਾਂਮੋਹ ਪ੍ਰਭੂ, ਭੱਦ੍ਰ ਸਦਾ ਪੱਛਮ ਧਰੈਂ ॥੯੪॥**

ਪਾਨਾਸਕਤਿ-(ਪਾਨ+ਅਸਕਤਿ ਸ਼ਰਾਬ ਨਾਲ ਮਦਹੋਸ਼ । ਪ੍ਰਾਵੜ=ਵਕੀਲ। (੨) ਡੱਡੂ।
ਭੱਦ੍ਰ=ਕਲਿਆਣ, ਸੁਖ-ਆਨੰਦ ਦੀ ਇੱਛਾ। ਸਾਰੈ=ਪੂਰੇ ਕਰਦੇ।

ਮੇਰੀ ਕ੍ਰਿਪਾ ਨਾਲ ੧. ਰਾਜੇ ਲੋਕ ਨੀਤੀ ਵਿਚ ਚਤਰ ਨਹੀਂ ਹੁੰਦੇ ਅਤੇ (ਆਪਣੀ) ਮਨ ਮਰਜ਼ੀ ਦੇ ਮੁਤਾਬਕ ਹੀ ਇਨਸਾਫ ਕਰਦੇ ਹਨ। ੨. ਆਪਣੀ ਪਰਜਾ ਉਤੇ ਦੰਡ (ਲਾਕੇ, ਰੁਪੈ ਵਸੂਲ ਕਰਕੇ) ਜਗਤ ਵਿਚ ਆਪਣੇ ਘਰ ਦੇ ਕੰਮਾਂ ਨੂੰ ਪੂਰਾ ਕਰਦੇ ਹਨ। ੩. 'ਰਾਜ ਧਰਮ' (ਦਾ ਨਿਰਣਾ ਕਰਨ ਵਾਲੇ ਜੋ ਮਨੂ) ਸਿੰਮ੍ਰਤੀ (ਆਦਿਕ ਨੀਤੀ-ਗ੍ਰੰਥ ਹਨ), ਰਾਜੇ ਲੋਕ ਉਨ੍ਹਾਂ ਨੂੰ ਅੱਖਾਂ ਨਾਲ ਭੀ ਵੇਖਦੇ ਨਹੀਂ ਹਨ। ੪. ਹਰ ਵੇਲੇ ਸ਼ਰਾਬ ਦੇ ਨਾਲ ਮਦਹੋਸ਼ ਰਹਿੰਦੇ ਹਨ ਅਤੇ 'ਧਰਮ' ਨੂੰ ਚਿੱਤ ਵਿਚ ਭੀ ਧਾਰਨ ਨਹੀਂ ਕਰਦੇ। ੫.ਜਗਤ ਵਿਚ ਡੱਡੂਆਂ ਸਮਾਨ ਬੋਲਣ ਵਾਲੇ ਵਕੀਲਾਂ ਦੇ ਮਗਰ ਲੱਗਕੇ ਨਯਾਯ-ਤਖਤ ਉਤੇ ਬੈਠਕੇ ਰਾਜੇ ਲੋਕ ਪੁਰਾਣ (ਬਚਨਾਂ ਤੋਂ) ਹੀਣੇ ਹੋਕੇ ਇਨਸਾਫ ਕਰਦੇ ਹਨ (ਅਰਥਾਤ ਅਦਾਲਤ ਦੀ ਕੁਰਸੀ ਤੇ ਬੈਠਕੇ ਇਨਸਾਫ ਨਹੀਂ ਕਰਦੇ, ਸਗੋਂ ਡੱਡੂਆਂ ਵਾਂਗੂ ਗੁੜੈਂ ਗੁੜੈਂ ਕਰਨ ਵਾਲੇ ਵਕੀਲਾਂ ਦੀਆਂ ਲੱਛੇਦਾਰ ਗੱਲਾਂ ਸੁਣਕੇ, ਸਨਤਾਨ ਧਰਮ ਸ਼ਾਸਤ੍ਰ ਨੂੰ ਸੁਣੇ ਤੋਂ ਬਿਨਾਂ ਹੀ ਰਾਜੇ ਲੋਕ ਮੁਕੱਦਮਿਆਂ ਦੇ ਫੈਸਲੇ ਕਰ ਰਹੇ ਹਨ। ੬. ਹੇ ਰਾਜਿਆਂ ਦੇ ਮਹਾਰਾਜੇ ਮਹਾਂਮੋਹ ਪ੍ਰਭੂ ! ਪੱਛਮ ਦਿਸ਼ਾ ਵਿਚ ਸਦਾ ਹੀ ਆਪਣੀ ਕਲਿਆਣ ਸਮਝੋ, (ਅਰਥਾਤ ਪੱਛਮ ਦਿਸ਼ਾ ਵਲੋਂ ਆਪ ਸਦਾ ਹੀ ਬੇਫਿਕਰ ਰਹੋ, ਮੈਂ ਇਸ ਪਾਸੇ ਅਜਿਹਾ ਕਰ ਦਿਤਾ ਹੈ, ਕਿ ਕੋਈ ਭੀ ਗਿਆਨ ਪ੍ਰਾਪਤੀ ਦਾ ਯਤਨ ਨਹੀਂ ਕਰਦਾ ਅਤੇ ਨਾ ਹੀ ਪੱਛਮ ਦਿਸ਼ਾ ਵਾਲਿਆਂ ਨੂੰ ਗਿਆਨ ਹੋ ਸਕੇਗਾ) ॥ ੯੪ ॥

**ਛਪੈ ਛੰਦ—੧. ਭਯੋ ਉਪਦ੍ਰਵ ਏਕ ਸੁਨੋ ਨੀਕੇ ਮਨ ਲਾਈ॥**
**੨. ਬਹੁ ਨਾਮ ਨਰਾਇਣ ਮਾਂਹਿ,ਪ੍ਰਤੀਤ ਸੁ ਜਨ ਕੋ ਆਈ॥**
**੩. ਕਹੂੰ ਕਹੂੰ ਮਨ ਲਾਇ, ਮਹਾਜਨ ਪ੍ਰੇਮ ਲਗਾਈ॥**
**੪. ਪ੍ਰਾਤ ਭਜੈਂ ਹਰਿ ਨਾਮ ਨੈਨ ਤੇ ਨੀਂਦ ਮਿਟਾਈ॥**
**੫. ਯਹ ਹਰਿ ਭਗਤਿ ਸੁ ਬੀਜ ਪ੍ਰਭ,ਜਨ ਖੋਟੇ ਉਰ ਮੈਂ ਧਰੈਂ॥**
**੬. ਯਹਭੂਪ ਅਵਾਚ ਨ ਕਹਿ ਸਕੌਂ ਤਵਮੂਲਗੁਪਤ ਕ੍ਰਿਤਨਕਰੈਂ।੯੫।**

ਮਹਾਜਨ=ਦੁਕਾਨਦਾਰ। (੨) ਭਲੇ ਪੁਰਸ਼। ਅਵਾਚ=ਨਾ ਕਹਿਣ ਵਾਲੀ ਗੱਲ।

੧. ਹੇ ਰਾਜਨ ! (ਸੰਸਾਰ ਵਿਚ) ਇਕ 'ਉਪਦ੍ਰਵ' (ਉਨ ਖੜਾ) ਹੋਇਆ ਹੈ, ਆਪ ਮਨ ਲਾਕੇ ਧਿਆਨ ਦੇਕੇ ਮੇਰੀ ਗੱਲ ਸੁਣੋ। ੨. ਬਹੁਤੇ ਪੁਰਸ਼ਾਂ ਨੂੰ 'ਨਰਾਇਣ' ਨਾਮ ਵਿਚ ਪ੍ਰਤੀਤ ਹੋ ਆਈ ਹੈ, (ਅਰਥਾਤ ਬਹੁਤ ਸਾਰੇ ਪੁਰਸ਼ਾਂ ਦੇ ਮਨ ਵਿਚ ਇਹ ਨਿਸਚਾ ਹੋ ਗਿਆ ਹੈ, ਕਿ 'ਨਰਾਇਣ' ਨਾਮ ਦਾ ਸਿਮਰਨ ਕਰਨਾ ਹੀ ਸਾਡੀ ਮੁਕਤੀ ਦਾ ਸਾਧਨ ਹੈ, ਇਸ ਕਰਕੇ। ੩. ਕਿਤੇ ਕਿਤੇ ਕੋਈ ਭਲਾ ਪੁਰਸ਼ ਪ੍ਰੇਮ ਲਾਕੇ ਤੇ ਮਨ ਜੋੜਕੇ। ੪. ਅਤੇ ਅੱਖਾਂ ਤੋਂ ਨੀਂਦ ਮਿਟਾ ਕੇ, ਸਵੇਰੇ ਉਠਕੇ 'ਨਰਾਇਣ' ਨਾਮ ਜਪਨ ਲਗ ਜਾਂਦਾ ਹੈ। ੫. ਇਹ (ਨਰਾਇਣ ਨਾਮ ਦਾ ਸਿਮਰਨ) 'ਹਰਿ ਭਗਤੀ' ਦਾ ਬੀਜ ਹੈ, (ਪਰ) ਹੇ ਸੁਾਮੀ ! ਇਸ ਨੂੰ ਖੋਟੇ ਪੁਰਸ਼ਾਂ ਨੇ ਹੀ ਮਨ ਵਿਚ ਧਾਰਨ ਕੀਤਾ। ੬. ਹੇ ਰਾਜਨ ! ਇਹ ਗੱਲ ਕਹਿਣ ਵਾਲੀ ਨਹੀਂ ਹੈ, (ਇਸ ਲਈ) ਕਹਿ ਨਹੀਂ ਸਕਦਾ, ਪਰ ਕਹੇ ਬਿਨਾਂ ਰਹਿ ਭੀ ਨਹੀਂ ਸਕਦਾ, ਇਸ ਲਈ ਮੁਆਫੀ ਮੰਗਦਾ ਹੋਇਆ ਕਹਿੰਦਾ ਹਾਂ, ਕਿ ਇਹ 'ਨਾਰਾਇਣ' ਨਾਮ ਤੇਰੀ ਜੜ੍ਹ ਨੂੰ ਅੰਦਰਲੇ-ਖਾਨੇ ਕੁਤਰਦਾ (ਕੱਟਦਾ) ਜਾਂਦਾ ਹੈ ॥ ੯੫ ॥

Sri Satguru Jagjit Singh Ji Elibrary NamdhariElibrary@gmail.com

ਛਪੈ ਛੰਦ—੧. ਚਾਰ ਵਾਕ ਸਭ ਔਰ ਬਾਤ, ਪ੍ਰਭੁ ਮੁਖੇਂ ਬਖਾਨੇ ॥
੨. ਮਹਾਰਾਜ ਨਹਿ ਝੂਠ ਗਹੇ, ਉਰ ਸੱਤ ਪਛਾਨੇ ॥
੩. ਏਕ ਪਾਪਿਣੀ ਨਾਰਿ ਭਈ, ਬਹੁ ਮੰਤ੍ਰ ਸੁ ਜਾਨੇ ॥
੪. ਯਹ ਨਾਮ ਨਾਰਾਇਣ ਦੁਸ਼ਟ ਤਾਂਹਿ ਕੇ ਸੰਗ ਮਿਲਾਨੇ॥
੫. ਪ੍ਰਭ ਇਨ ਅਪਰਾਧਿਨਿ ਤੇ ਡਰਯੋ,ਮਹਾਂ ਯੋਗਨੀ ਪ੍ਰਬਲ ਅਤਿ॥
੬. ਜਗ ਚਾਰਵਾਕ ਕੇ ਬਚਨ ਸੁਨ,ਕਰੋ ਉਪਾਉ ਜੁ ਜਥਾ ਮਤਿ॥੯੬॥

੧. ਹੇ ਪ੍ਰਭੋ ! (ਏਨਾ ਕੁਝ ਤਾਂ ਮੈਂ ਲਿਖ ਦਿਤਾ ਹੈ, ਪਰ) ਹੋਰ ਸਾਰੀਆਂ ਗੱਲਾਂ ਚਾਰ ਵਾਕ (ਆਪ ਨੂੰ) ਜ਼ਬਾਨੀ ਦਸੇਗਾ। ੨. ਮਹਾਰਾਜ ! ਇਸ ਵਿਚ ਰਤਾ ਭੀ ਝੂਠ ਨਹੀਂ ਕਿਹਾ, ਹਿਰਦੇ ਵਿਚ ਸਚ ਜਾਣ ਲਵੋ। ੩. ਇਕ ਪਾਪਣੀ ਨਾਰੀ (ਹੋਰ ਭੀ ਪੈਦਾ) ਹੋ ਗਈ ਹੈ ਅਤੇ ਉਹ ਬਹੁਤ ਸਾਰੇ ਮੰਤਰ ਜਾਣਦੀ ਹੈ। ੪. ਇਹ ਦੁਸ਼ਟ 'ਨਾਰਾਇਣ ਨਾਮ' ਭੀ ਉਸ ਦੇ ਨਾਲ ਮਿਲ ਗਿਆ ਹੈ। ੫. ਹੇ ਪ੍ਰਭੂ ! ਇਨ੍ਹਾਂ ਮਹਾਂ ਪਾਪੀਆਂ ਤੋਂ ਡਰਦੇ ਰਹਿਣਾ, (ਕਿਉਂਕਿ ਉਹ) ਯੋਗਨੀ ਬੜੀ ਭਾਰੀ ਬਲਵਾਨ ਹੈ। ੬. ਚਾਰ ਵਾਕ ਦੇ ਬਚਨ ਸੁਣਕੇ ਆਪ ਜਗਤ (ਉਤੇ ਸਥਿਰ ਰਹਿਣ ਵਾਸਤੇ ਅਤੇ) ਉਨ੍ਹਾਂ ਦੇ ਨਾਸ ਕਰਨ ਵਾਸਤੇ ਯਥਾ-ਬੁਧਿ ਯਤਨ ਕਰੋ ॥ ੯੬ ॥

ਮਹਾਂ ਮੋਹ ਉਵਾਚ ॥

ਛਪੈ ਛੰਦ—੧. ਅਬ ਕਲਿ ਕੀ ਮਤਿ ਬੌਰਾਨੀ, ਯੌ ਹਮ ਜਾਨਿਓ ॥
੨. ਲਘੁ ਨਾਮ ਨਾਰਾਇਣ ਮਾਤ੍ਰ, ਜਿਮਿ ਡਰ ਮਾਨਿਓ ॥
੩. ਇਹ ਰਾਜਸੂਅ ਕੋ ਕਰਣੋ, ਯਾ ਜਗ ਭਾਨਿਓ ॥
੪. ਅਸ੍ਵਮੇਧ ਮੁਖ ਮੌਲ ਕਰਿਓ ਜਗ ਹਾਨਿਓ ॥
੫. ਇਹ ਬ੍ਰਹਮਹੱਤਯਾ ਮਾਤ ਬਧ,ਪਰ ਪਤਿਨੀ ਗੁਰ ਰਤਿ ॥
੬. ਅਬ ਕਰੇ ਨਿਡਰ ਜਗ ਮਾਹਿਜਨ,ਡਰ ਨਾਮ ਨਾਰਾਇਣ ਭਯੋ ਕਤਿ॥੯੭॥

ਮਾਤ੍ਰ=ਇਕ ਇਕਲੇ। ਮੁਖਮੌਲ=ਯਗ ਸਿਰਤਾਜ। ਗੁਰਦਾਰ=ਗੁਰੂ ਦੀ ਇਸਤ੍ਰੀ।

ਮਹਾ ਮੋਹ ਰਾਜਾ ਕਹਿਣ ਲਗਾ—ਹੇ ਮਿਤਰ ਚਾਰ ਵਾਕ ! ਸੁਣ, ੧. ਮੈਂ ਇਹ ਪੱਕ ਜਾਣ ਲਿਆ ਹੈ ਕਿ ਹੁਣ ਕਲਿਜੁਗ ਦੀ ਮੱਤ ਟਿਕਾਣੇ ਨਹੀਂ ਰਹੀ, ਬੌਰੀ ਹੋ ਗਈ ਹੈ। ੨. ਜਿਸ (ਕਰਕੇ ਕਲਿਜੁਗ) ਨੇ ਕੇਵਲ ਇਕੋ ਇਕ ਤੇ ਛੋਟੇ ਜਿਹੇ 'ਨਾਰਾਇਣ' ਨਾਮ ਦਾ ਡਰ ਮੰਨ ਲਿਆ ਹੈ। ੩. ਇਸ ਨੇ ਰਾਜਸੂਯ ਯੱਗ ਦਾ ਕਰਨਾ ਜਗ ਉਤੋਂ ਨਸ਼ਟ ਕਰ ਦਿਤਾ ਹੈ। ੪. ਯੱਗ ਸ਼ਿਰੋਮਣੀ ਅਸ੍ਵਮੇਧ (ਨੂੰ ਭੀ ਇਸ ਨੇ) ਜਗਤ ਵਿਚੋਂ ਨਾਸ ਕਰ ਦਿਤਾ ਹੈ। ੫. ਇਸ ਦੀ ਕ੍ਰਿਪਾ ਨਾਲ ਹੀ ਬ੍ਰਾਹਮਣ ਦਾ ਮਾਰਨਾ, ਮਾਂ ਪਿਉ ਦਾ ਮਾਰ ਦੇਣਾ, ਪਰ ਇਸਤ੍ਰੀ ਤੇ ਗੁਰ ਇਸਤ੍ਰੀ ਦਾ ਭੋਗਣਾ। ੬. ਇਸ ਤਰ੍ਹਾਂ ਦਾ ਕੰਮ ਕਰਾਉਣ ਵਾਲੇ ਕਲਿਜੁਗ ਨੂੰ 'ਨਾਰਾਇਣ' ਨਾਮ ਦਾ ਡਰ ਕਿਵੇਂ ਹੋ ਗਿਆ ? (ਇਹ ਗੱਲਾਂ ਵੇਖ ਸੁਣ ਕੇ ਮੈਂ ਸਮਝ ਰਿਹਾ ਹਾਂ ਜੋ ਕਲਿਜੁਗ ਦੀ ਬੁਧਿ ਟਿਕਾਣੇ ਨਹੀਂ ਰਹੀ, ਇਸ ਕਰਕੇ ਇਸ ਤਰ੍ਹਾਂ ਦੇ ਬਕੜਵਾਦ ਕਰ ਰਿਹਾ ਹੈ) ॥ ੯੭ ॥

ਨੋਟ—ਰਾਜੇ ਮਹਾਂ ਮੋਹ ਦੇ ਮੂੰਹੋਂ ਇਹ ਗੱਲਾਂ ਸੁਣ ਕੇ ਕੋਲ ਬੈਠਾ ਹੋਇਆ 'ਕੁਬੁਧਿ' ਨਾਮ ਦਾ ਵਜ਼ੀਰ ਕਹਿਣ ਲਗਾ—

Sri Satguru Jagjit Singh Ji Elibrary NamdhariElibrary@gmail.com

ਕੁਬੁਧਿ ਮੰਤ੍ਰੀ ਉਵਾਚ ॥

**ਛਪੈ ਛੰਦ-੧. ਨਾਮ ਨਾਰਾਇਣ ਮਹਾਂ ਦੁਸਟ ਭੂਪਤਿ ਜਗ ਗਾਯੋ ॥**
**੨. ਅਜਾਮਲ ਇਕ ਬਾਰ ਲਯੋ ਤਿਨ ਬੰਧ ਮਿਟਾਯੋ ॥**
**੩. ਗਨਿਕਾ ਤੇ ਪਦ ਦਾਸੀ ਤਾਂ ਮਨ ਤੇ ਮਤ ਲਾਯੋ ॥**
**੪. ਨਾਮ ਦੁਸ਼ਟ ਤਿਂਹ ਮਿਲਯੋ ਸੁ ਤਿਹ ਬੈਕੁੰਠ ਪਠਾਯੋ ॥**
**੫. ਸੁ ਗਜਪਤਿ ਬਜਾਕੁਲ ਬਾਰ ਇਕ ਨਾਮ ਨਾਰਾਇਣ ਲਯੋ ਜਬ॥**
**੬. ਰਾਜਾਧਿਰਾਜ ਮਹਾਮੋਹ ਪ੍ਰਭੁ ਤਾਂਹਿ ਛੁਡਾਯੋ ਬਿਸ਼ਨ ਤਬ ॥੯੮॥**

ਕੁਬੁਧਿ ਨਾਮ ਦਾ ਵਜ਼ੀਰ ਕਹਿਣ ਲਗਾ-ਹੇ ਮਹਾਰਾਜ ! ੧. 'ਨਾਰਾਇਣ' ਨਾਮ (ਬੜਾ ਭਾਰਾ) ਦੁਸ਼ਟ ਹੈ, ਸਾਰਾ ਜਗਤ ਇਹ ਗੱਲ ਕਹਿੰਦਾ ਹੈ । ੨. ਵੇਖੋ ਅਜਾਮਲ (ਪਾਪੀ ਨੇ) ਇਕੋ ਵੇਰੀ (ਨਾਰਾਇਣ ਨਾਮ) ਲਿਆ, ਉਸ ਦੇ ਬੰਧਨ ਇਸ ਨੇ ਦੂਰ ਕਰਵਾ ਦਿਤੇ ਸਨ। ੩. ਫੇਰ 'ਬਜ਼ਾਰੀ ਇਸਤ੍ਰੀ' ਵੇਸਵਾ, ਜੋ ਹਰ ਵੇਲੇ ਤੁਹਾਡੇ ਚਰਨਾਂ ਦੀ ਸੇਵਕ ਸੀ ਉਸ ਨੇ ਤਾਂ ਮਨ ਤੇ ਬੁਧਿ (ਨੂੰ ਤੋਤੇ ਦੇ ਪੜ੍ਹਾਉਣ ਵਿਚ) ਲਾਇਆ ਹੋਇਆ ਸੀ । ੪. ਪਰ ਇਹ ਦੁਸ਼ਟ ਨਾਮ ਉਸ ਨੂੰ ਮਿਲ ਗਿਆ ਅਤੇ ਉਸਨੂੰ ਬੈਕੁੰਠ ਵਿਚ ਪਹੁੰਚਾ ਦਿਤਾ । ੫. ਹਾਥੀਆਂ ਦੇ ਪਤੀ (ਨੂੰ ਤੰਦੂਏ ਨੇ ਫੜ ਲਿਆ ਤੇ ਖਿਚ ਕੇ ਪਾਣੀ ਵਿਚ ਡੋਬਣ ਲਗਾ) ਉਸ ਵੇਲੇ ਜਦ ਗਜਪਤਿ ਨੇ ਘਬਰਾ ਕੇ ਇਕੋ ਵੇਰੀ ਹੀ 'ਨਾਰਾਇਣ' ਨਾਮ ਲਿਆ । ਤਾਂ ੬. ਹੇ ਰਾਜਿਆਂ ਦੇ ਮਹਾਰਾਜੇ ਮਹਾਂ ਮੋਹ ਪ੍ਰਭੂ ਜੀ ! ਤਦ ਉਸੇ ਵੇਲੇ ਹੀ ਵਿਸ਼ਨੂੰ ਨੇ ਆ ਕੇ ਉਸ ਨੂੰ (ਤੰਦੂਏ ਦੇ ਜਾਲ ਤੋਂ) ਛੁਡਾ ਲਿਆ ਸੀ ॥ ੯੮ ॥

ਮਹਾਂ ਮੋਹ ਉਵਾਚ ॥

**ਛਪੈ ਛੰਦ-੧. ਨਾਮ ਕੁਬੁਧ ਸੁ ਤੇਰੋ ਬਡੋ ਸੁਬੁਧ ਪਛਾਨੇ ॥**
**੨. ਜਨਨੀ ਨਾਮ ਕੁਬੁਧ ਧਰਿਓ ਮ੍ਰਿਤ ਤੇ ਡਰ ਮਾਨੇ ॥**
**੩. ਤੈਂ ਯਹਿ ਨਿਖਲ ਸੁ ਵਚਨ ਮੋਹਿ ਪ੍ਰਤਿ ਸੱਤ ਬਖਾਨੇ ॥**
**੪. ਨਾਮ ਨਾਰਾਇਣ ਨੀਚ ਚਹੇ ਜਗ ਮੇਰੋ ਹਾਨੇ ॥**
**੫. ਅਬ ਤਾਂਹਿ ਬਿਨਾਸਨ ਹੇਤ ਕੁਛ ਹੋਇ ਉਪਾਇ ਸੁ ਪ੍ਰਗਟ ਕਰ॥**
**੬. ਕੁਤਸਤਿ ਵਿਪਾਰ ਪ੍ਰਭੁ ਨਿਖਲ ਜਨ ਪਠੇ ਭਜੇ ਕਹਿੰ ਨਾਮ ਹਰਿ॥੯੯॥**

ਕੁਤਸਤਿ ਵਿਪਾਰ=ਕਹਿਣੀ ਦੇ ਉਲਟ ਕਰਨੀ ਦਾ ਨਾਮ ਕਤਸਤ ਵਪਾਰ ਹੈ, ਜਿਵੇਂ ਮੂੰਹੋਂ ਤਾਂ ਸੌਦੇ ਦਾ ਭਾਉ ਪੂਰਾ ਦਸਣਾ ਪਰ ਤੋਲ ਵਿਚ ਘਟ ਦੇਣਾ, ਇਸ ਤਰ੍ਹਾਂ ਦੇ ਖੋਟ ਕਮਾਉਣ ਦਾ ਨਾਮ 'ਕੁਤਸਤ ਵਪਾਰ' ਹੈ।

ਮਹਾਂ ਮੋਹ ਰਾਜਾ ਕਹਿਣ ਲਗਾ-੧. ਤੇਰਾ ਨਾਮ ਤਾਂ ਕੁਬੁਧ ਹੈ, (ਪਰ) ਅਸਾਂ ਤੈਨੂੰ ਸੁਬੁਧ ਪਛਾਣ ਲਿਆ ਹੈ । ੨. ਇਥੋਂ ਮਲੂਮ ਹੁੰਦਾ ਹੈ ਕਿ ਤੇਰੀ ਮਾਂ ਨੇ ਮੌਤ ਤੋਂ ਡਰਦਿਆਂ ਹੋਇਆਂ ਤੇਰਾ ਨਾਮ 'ਕੁਬੁਧ' ਧਰ ਦਿਤਾ ਹੈ ਅਰਥਾਤ ਤੇਰੀ ਮਾਂ ਨੇ ਵਿਚਾਰ ਕੀਤਾ ਕਿ ਮੇਰਾ ਪੁਤਰ ਬੜੀ ਅਕਲ ਵਾਲਾ ਹੈ,ਜੇ ਇਸਦਾ ਨਾਮ 'ਸੁਬੁਧ' ਰਖ ਦਿਤਾ ਤਾਂ ਕਿਤੇ ਕਿਸੇ ਦੀ ਨਜ਼ਰ ਹੀ ਨਾ ਲਗ ਜਾਏ, ਇਸ ਕਰਕੇ ਉਸਨੇ ਤੇਰਾ ਨਾਮ 'ਕੁਬੁਧ' ਧਰ ਦਿਤਾ ਮਲੂਮ ਹੁੰਦਾ ਹੈ । ੩. ਕਿਉਂਕਿ ਤੂੰ ਇਹ ਸਾਰੀਆਂ ਗੱਲਾਂ ਮੇਰੇ ਕੋਲ ਸਚੀਆਂ ਕਹੀਆਂ ਹਨ । ੪. ਉਹ ਨੀਚ 'ਨਾਰਾਇਣ ਨਾਮ' ਜਗਤ ਵਿਚ ਮੇਰਾ ਨਾਸ ਚਾਹੁੰਦਾ ਹੈ । ੫. ਹੁਣ ਉਸ ਦੇ ਨਾਸ ਕਰਨ ਵਾਸਤੇ

ਜੋ ਕੁਝ ਭੀ ਯਤਨ ਹੋਵੇ, ਉਹ ਮੇਰੇ ਕੋਲ ਪ੍ਰਗਟ ਕਰ ਦੇਹੁ। ੬. ਅਗੋਂ ਕੁਬੁਧਿ ਮੰਤ੍ਰੀ ਨੇ ਕਿਹਾ—ਹੇ ਰਾਜਨ ! 'ਕੁਤਸਤ ਵਪਾਰ' ਨੂੰ ਸਾਰੇ ਜਗਤ ਵਿਚ ਭੇਜ ਦਿਓ, (ਜਦ ਸਾਰਿਆਂ ਦੇ ਹਿਰਦੇ ਵਿਚ ਕੁਤਸਤ ਵਪਾਰ ਨੇ ਵਾਸਾ ਕਰ ਲਿਆ ਤਦ) ਪੁਰਸ਼ 'ਹਰਿ ਨਾਮ' ਨੂੰ ਕਿਸ ਤਰ੍ਹਾਂ ਜਪਣਗੇ ? ਅਥਵਾ ਜੇ ਜਪਣਗੇ ਭੀ ਉਸਦਾ ਫਲ ਹੀ ਕੀ ਹੋਵੇਗਾ ? (ਕਿਉਂਕਿ ਸੁਧ ਹਿਰਦੇ ਨਾਲ ਜਪਿਆ ਹੋਇਆ ਨਾਮ ਹੀ ਮੁਕਤ ਦਾ ਹੇਤੂ ਹੈ। ਜਦ ਹਿਰਦਾ ਹੀ ਸੁਧ ਨਾ ਹੋਇਆ ਤਾਂ ਪਹਿਲੋਂ ਤਾਂ ਕਿਸੇ ਨੇ ਨਾਮ ਹੀ ਨਹੀਂ ਜਪਣਾ ਅਤੇ ਜੇ ਕੋਈ ਜਪੇਗਾ ਭੀ ਤਾਂ ਉਸ ਦਾ ਫਲ ਹੀ ਕੁਝ ਨਹੀਂ ਹੋਣਾ। ਵਜ਼ੀਰ ਦੀ ਇਹ ਸਿਖਿਆ ਸੁਣ ਕੇ ਮਹਾਂ ਮੋਹ ਰਾਜੇ ਨੇ ਉਸੇ ਵੇਲੇ ਹੀ ਸਾਰੇ ਸੰਸਾਰ ਵਿਚ ਕੁਤਸਤ ਵਪਾਰ ਨੂੰ ਭੇਜ ਦਿਤਾ) ॥ ੯੯ ॥

ਨੋਟ—ਜਦ ਲੋਕਾਂ ਦੇ ਹਿਰਦੇ ਵਿਚ 'ਕੁਤਸਤ ਵਪਾਰ' ਨੇ ਵਾਸਾ ਕਰ ਲਿਆ,ਤਦ ਜਗਤ ਦੀ ਜੋ ਹਾਲਤ ਹੋਈ ਉਹ ਦਸਦੇ ਹਨ—

**ਛਪੈ ਛੰਦ—੧. ਧਨੀ ਧਰਮ ਧਨ ਦਾਨ ਨ ਰੰਚਕ ਮਨ ਮੈ ਆਨੈ ॥**
**੨. ਨਿਰਧਨ ਭਜੈਂ ਨ ਨਾਮ ਦਾਨ ਹਿਤ ਉਦਮ ਠਾਨੈ ॥**
**੩. ਧਾਰ ਫਕੀਰੀ ਭੇਸ ਮੂਢ ਕਿਰਤਾਰਥ ਮਾਨੈ ॥**
**੪. ਬਿਨ ਸੰਤੋਖ ਸੁ ਸ੍ਵਾਨ ਬ੍ਰਿਤ ਆਪ ਉੱਤਮ ਕਰਿ ਜਾਨੈ ॥**
**੫. ਇਹ ਤਰਣ ਅਵਸਥਾ ਮਾਂਹਿ ਜਨ ਤਜੈ ਵਿਖੈ ਉਪਰਤ ਅਤਿ ॥**
**੬. ਪੁਨ ਉਭੈ ਭ੍ਰਿਸਟ ਜਰਠਾਪਨੈ ਧਨ ਸੁਤ ਦਾਰਾ ਬਿਖੈ ਰਤਿ॥੧੦੦॥**

ਕ੍ਰਿਤਾਰਥ=ਮੁਕਤ ਹੋ ਚੁਕਾ। ਬ੍ਰਿਤ=ਪੇਟ ਭਰਨਾ। ਤਰਨ ਅਵਸਥਾ=ਜੁਆਨੀ ਵੇਲੇ। ਉਪਰਤ ਰਤ=ਭੋਗਾਂ ਤੋਂ ਵੈਰਾਗ, ਵਿਰਕਤ। ਉਭੈ=ਦੋਹਾਂ। ਜਰਠਾਪਨੈ=ਬੁਢੇਪੇ ਵਿਚ।

੧. ਧਨੀ ਪੁਰਸ਼ ਧਰਮ (ਦੇ ਕੰਮਾਂ ਲਈ) ਧਨ ਦਾ ਦਾਨ ਰਤਾ ਜਿੰਨਾ ਭੀ ਨਹੀਂ ਕਰਦੇ ਅਤੇ ਮਨ ਵਿਚ (ਇਹ ਖਿਆਲ) ਲਿਆਉਂਦੇ ਹਨ ਕਿ ਸਾਨੂੰ ਕੰਮਾਂ ਤੋਂ ਵਿਹਲ ਮਿਲੇ ਤਾਂ ਭਜਨ ਕਰੀਏ। ਇਸੇ ਖਿਆਲ ਵਿਚ ਹੀ ਸਮਾਂ ਗੁਜ਼ਾਰ ਦੇਂਦੇ ਹਨ। ੨.ਧਨ ਤੋਂ ਹੀਣੇ ਗਰੀਬ ਲੋਕ ਨਾਮ ਨਹੀਂ ਜਪਦੇ ਅਤੇ ਦਾਨ ਕਰਨ ਦੀ (ਇਛਾ ਰਖ ਕੇ ਧਨ ਕਮਾਉਣ ਦੀ) ਕੋਸ਼ਿਸ਼ ਕਰਦੇ ਹਨ ਪਰ ਧਨ ਉਨ੍ਹਾਂ ਨੂੰ ਮਿਲਦਾ ਨਹੀਂ,ਇਸ ਤਰ੍ਹਾਂ ਉਹ ਭੀ ਮੁਕਤ ਵਲੋਂ ਵਾਂਜੇ ਰਹਿ ਜਾਂਦੇ ਹਨ। ੩. ਮੂਰਖ ਲੋਕ ਕੇਵਲ ਫਕੀਰੀ ਭੇਸ ਧਾਰਕੇ ਆਪਣੇ ਆਪ ਨੂੰ ਮੁਕਤ ਹੋ ਚੁਕਾ ਮੰਨਣ ਲਗ ਜਾਂਦੇ ਹਨ। ਪਰ ਅਸਲ ਵਿਚ ੪. ਸੰਤੋਖ ਤੋਂ ਹੀਣੇ ਹੋ ਕੇ ਕੁਤੇ (ਵਾਂਗੂ ਦਰ ਦਰ ਭਟਕਦੇ ਹਨ ਅਤੇ) ਆਪਣੇ ਆਪ ਨੂੰ ਉਤਮ ਜਾਣਦੇ ਹਨ। ੫. ਜੁਆਨੀ ਵੇਲੇ ਤਾਂ ਪੁਰਸ ਵਿਸ਼ੇ ਭੋਗਾਂ ਤੋਂ ਵੈਰਾਗ ਧਾਰ ਕੇ ਵਿਰਕਤ ਹੋ ਜਾਂਦੇ ਹਨ (ਅਰਥਾਤ ਵਿਸ਼ੇ ਸੁਖ ਨਹੀਂ ਲੈਂਦੇ)। ੬. ਪਰ ਫੇਰ ਬ੍ਰਿਧ ਉਮਰਾ ਵਿਚ ਇਸਤਰੀ, ਪੁਤਰ ਤੇ ਧਨ ਨਾਲ ਪਿਆਰ ਪਾ ਲੈਂਦੇ ਹਨ (ਇਸ ਤਰ੍ਹਾਂ ਕੁਤਸਤ ਵਪਾਰ ਦੀ ਪ੍ਰੇਰਨਾ ਨਾਲ) ਦੋਹਾਂ ਸੁਖਾਂ ਤੋਂ ਭ੍ਰਿਸ਼ਟ ਹੋ ਜਾਂਦੇ ਹਨ (ਅਰਥਾਤ ਜੁਆਨੀ ਵੇਲੇ ਵਿਸ਼ੇ ਸੁਖ ਭੋਗਣਾ ਚਾਹੀਦਾ ਸੀ, ਉਸ ਵੇਲੇ ਵੈਰਾਗ ਧਾਰ ਕੇ ਵਿਰਕਤ ਹੋ ਜਾਂਦੇ ਹਨ ਅਤੇ ਬਿਰਧ ਉਮਰਾ ਵੇਲੇ ਸੰਤੋਖ ਬਿਰਤੀ ਧਾਰਕੇ ਭਜਨਾਨੰਦ ਪ੍ਰਾਪਤ ਕਰਨਾ ਚਾਹੀਦਾ ਸੀ, ਉਸ ਵੇਲੇ ਇਸਤਰੀ ਪੁਤਰ ਨੂੰ ਪ੍ਰਾਪਤ ਕਰਕੇ ਧਨ ਕਮਾਉਣ ਵਿਚ ਲਗ ਜਾਂਦੇ ਹਨ, ਇਸ ਤਰ੍ਹਾਂ ਦੋਹਾਂ ਸੁਖਾਂ ਵਲੋਂ ਭ੍ਰਿਸ਼ਟ ਹੋ ਜਾਂਦੇ ਹਨ ਅਤੇ ਕੋਈ ਭੀ ਸੁਖ ਹਾਸਲ ਨਹੀਂ ਕਰ ਸਕਦੇ) ॥ ੧੦੦ ॥

ਕਵਿ ਉਵਾਚ ॥

**ਦੋਹਰਾ—੧. ਯਾ ਅਵਸਰ ਇਕ ਆਇਓ ਪਤ੍ਰ ਹਸਤ ਨਰ ਆਨ ॥**
**੨. ਮਹਾਂ ਮੋਹ ਭੂਪਾਲ ਕੇ, ਜੈ ਜੈ ਕੀਨ ਬਖਾਨ ॥ ੧੦੧ ॥**

ਗਰੰਥ ਕਰਤਾ ਜੀ ਕਹਿੰਦੇ ਹਨ ਕਿ ਜਦ ਰਾਜਾ ਤੇ ਵਜ਼ੀਰ ਇਸ ਤਰ੍ਹਾਂ ਦੀਆਂ ਗਲਾਂ ਕਰ ਰਹੇ ਸਨ ੧. ਉਸ ਵੇਲੇ ਇਕ ਹੋਰ ਪੁਰਸ਼ ਉਥੇ ਆ ਗਿਆ, ਜਿਸ ਦੇ ਹਥ ਵਿਚ ਇਕ ਚਿਠੀ ਫੜੀ ਹੋਈ ਸੀ। ੨. ਮਹਾਂ ਮੋਹ ਰਾਜੇ ਨੂੰ (ਆ ਕੇ ਉਸ ਨੇ) ਜੈ ਜੈ ਕਥਨ ਕੀਤਾ (ਅਰਥਾਤ ਚਿਠੀ ਲਿਆਉਣ ਵਾਲੇ ਨੇ ਮਹਾਂ ਮੋਹ ਰਾਜੇ ਦੇ ਸਾਹਮਣੇ ਖੜੇ ਹੋ ਕੇ ਕਿਹਾ-ਮਹਾਰਾਜ ! ਆਪ ਦੀ ਜੈ ਹੋਵੇ !) ॥ ੧੦੧ ॥

**ਦੋਹਰਾ-੧. ਉੱਤਰ ਦਿਸ਼ਾ ਤੇ ਆਇਓ, ਅਨਾਚਾਰ ਪ੍ਰਤਿਹਾਰ ॥**
**੨. ਯਹਿ ਪ੍ਰਭੁ ਪੱਤ੍ਰ ਪਠਾਇਓ, ਲੀਜੈ ਆਪ ਬਿਚਾਰ ॥ ੧੦੨ ॥**

੧. ਉਸ ਨੇ ਕਿਹਾ-ਹੇ ਪ੍ਰਭੋ ! (ਮੈਂ ਆਪ ਦੇ ਸੂਰਮੇ) 'ਅਨਾਚਾਰ' ਦਾ (ਪ੍ਰਤਿਹਾਰ) ਸੇਵਕ ਹਾਂ ਅਤੇ ਉਤਰ ਦਿਸ਼ਾ ਤੋਂ ਆਇਆ ਹਾਂ। (ਉਸ ਨੇ) ਇਹ ਚਿੱਠੀ (ਆਪ ਵਲ) ਭੇਜੀ ਹੈ, ੨. ਹੇ ਪ੍ਰਭੋ ! ਆਪ ਇਸ ਨੂੰ ਵਿਚਾਰ ਲਵੋ (ਇਹ ਕਹਿ ਕੇ ਸੇਵਕ ਨੇ ਇਕ ਬੰਦ ਲਫਾਫਾ ਰਾਜੇ ਦੇ ਅਗੇ ਰਖ ਦਿਤਾ) ॥ ੧੦੨ ॥

**ਦੋਹਰਾ-੧. ਸੁਨ ਕਰਿ ਪਤ੍ਰ ਸੁ ਪਢਨ ਹਿਤ, ਪ੍ਰੇਰਿਓ ਤਾਂਹਿ ਸੁ ਆਨ ॥**
**੨. ਵਹਿ ਪਾਤੀ ਪਠਨੇ ਲਗੋ, ਸੁਣੋ ਭੂਪ ਦੇ ਕਾਨ ॥ ੧੦੩ ॥**

੧. (ਦੂਤ ਦੀ ਇਹ ਗੱਲ) ਸੁਣ ਕੇ ਅਤੇ ਉਸ ਦੇ ਪਾਸੋਂ ਚਿਠੀ ਲੈ ਕੇ ਉਸ ਨੂੰ ਪੜ੍ਹਨ ਵਾਸਤੇ ਉਸ ਵੇਲੇ ਰਾਜੇ ਨੇ ਇਕ ਹੋਰ (ਆਦਮੀ ਨੂੰ) ਸਦ ਲਿਆ। ੨. ਉਹ ਆ ਕੇ ਚਿਠੀ ਪੜ੍ਹਨ ਲਗਾ (ਤਾਂ ਉਸ ਨੇ ਕਿਹਾ-ਹੇ) ਰਾਜਨ ! ਕੰਨ ਦੇ ਕੇ ਸੁਣੋ ॥ ੧੦੩ ॥

ਅਨਚਰ ਉਵਾਚ ॥

**ਛਪੈ ਛੰਦ-੧. ਉੱਤਰ ਕੇ ਸਭ ਲੋਕ ਕਰੇ ਮੈਂ ਸਿਲਾ ਪਰਾਇਣ ॥**
**੨. ਸਮਝੈ ਈਸ ਨ ਤਤ੍ਰ ਬਕੈਂ ਮੁਖ ਸੈਲ ਨਰਾਇਣ ॥**
**੩. ਨਾਰਿ ਧਰਮ ਤੇ ਹੀਣ ਭਈ ਬਹੁਤਾ ਗਿਰਿ ਡਾਇਣ ॥**
**੪. ਕਹਾਂ ਧਰਮ ਕੀ ਕਥਾ ਰਸੇ ਵਿਭਚਾਰ ਰਸਾਇਣ ॥**
**੫. ਪ੍ਰਭੁ ਇਤ ਉੱਤਰ ਦੇਸ ਤੋਂ ਅਨਾਚਾਰ ਬੰਦਨ ਕਰੈਂ ॥**
**੬. ਯਮ ਅਚੋਰਤਾ ਬਿਨਾ ਪ੍ਰਭੁ ਭੱਦ੍ਰ ਸਦਾ ਮਨ ਮੈਂ ਧਰੈਂ ॥੧੦੪॥**

ਸਿਲਾ=ਠਾਕਰ ਪੂਜਾ । ਪਰਾਇਣ=ਆਸਰੇ । ਸੈਲ=ਪਥਰ । ਗਿਰਿ=ਪਹਾੜਾਂ ਵਿਚ। ਰਸੇ=ਲਗੇ ਹੋਏ। ਰਸਾਇਣ=ਰਸਾਂ ਦਾ ਘਰ । ਅਨਾਚਾਰ=ਅਚਾਰ ਦੇ ਉਲਟ, ਸਭ ਕਰਮਾਂ ਦੇ ਉਲਟ ਅਵਸਥਾ । (੨) ਮਹਾਂ ਮੋਹ ਰਾਜੇ ਦਾ ਇਕ ਸੂਰਮਾ। ਯਮ=ਯੋਗਾਭਿਆਸ। ਅਚਰਤਾ=ਚੋਰੀ ਦਾ ਨਾ ਕਰਨਾ। ਭਦ੍ਰ=ਸੁਖ ਸਾਂਦ।

੧. ਅਨਾਚਾਰ ਕਹਿੰਦਾ ਹੈ-ਹੇ ਪ੍ਰਭੋ ! ਮੈਂ (ਇਸ) ਉੱਤਰ (ਦਿਸ਼ਾ) ਦੇ ਸਾਰੇ ਲੋਕ ਪਥਰ ਪੂਜਾ ਦੇ ਆਸਰੇ ਕਰ ਦਿਤੇ ਹਨ। ੨. ਇਹ ਈਸ਼ਵਰ [ਸਰੂਪ ਸਾਲਗਰਾਮ ਦੇ] ਵਾਸਤਵ ਸਿਧਾਂਤ ਨੂੰ ਸਮਝਦੇ ਹੀ ਨਹੀਂ ਹਨ ਅਤੇ ਪਥਰ ਨੂੰ ਹੀ ਨਾਰਾਇਣ ਕਹਿੰਦੇ ਹਨ। ੩.ਇਸਤ੍ਰੀਆਂ [ਪਤੀਬ੍ਰਤਾ] ਧਰਮ ਤੋਂ ਹੀਣੀਆਂ ਹੋਕੇ ਬਹੁਤ ਪਹਾੜਾਂ ਵਿਚ ਡੈਣਾਂ ਬਣੀਆਂ ਹੋਈਆਂ ਹਨ। ੪. [ਇਨ੍ਹਾਂ ਪਹਾੜੀ ਲੋਕਾਂ ਵਿਚ] ਧਰਮ ਦੀ ਕਥਾ [ਕਿਸੇ] ਕੀ ਸੁਨਾਉਣੀ ਹੈ ? ਕਿਉਂਕਿ ਇਹ ਤਾਂ ਵਿਭਚਾਰ ਨੂੰ ਰਸਾਂ ਦਾ ਘਰ ਸਮਝ ਕੇ ਉਸ ਦੇ ਵਿਚ ਹੀ ਗਰਕ ਹੋ ਰਹੇ ਹਨ। ੫. ਹੇ ਪ੍ਰਭੋ ! [ਮੈਂ ਆਪ ਦਾ ਸੇਵਕ] ਅਨਾਚਾਰ ਇਸ ਉੱਤਰ ਦਿਸ਼ਾ ਤੋਂ [ਆਪ ਨੂੰ] ਬੰਦਨਾ ਕਰਦਾ ਹਾਂ। ੬. ਹੇ ਸਵਾਮੀ ਜੀ ! ਯਮ ਤੇ ਅਚੋਰਤਾ ਤੋਂ ਬਿਨਾਂ [ਹੋਰ] ਸਦਾ ਹੀ ਆਪਣੇ ਮਨ ਵਿਚ ਸੁਖ-

Sri Satguru Jagjit Singh Ji Elibrary NamdhariElibrary@gmail.com

ਅਨੰਦ ਪ੍ਰਾਪਤ ਕਰੋ (ਅਰਥਾਤ ਯੋਗਾਭਿਆਸ ਨੂੰ ਜਿਹੜੇ ਆਦਮੀ ਕਰਦੇ ਹਨ, ਉਨ੍ਹਾਂ ਉਤੇ ਮੇਰਾ ਜ਼ੋਰ ਨਹੀਂ ਪਿਆ ਅਤੇ ਪਹਾੜੀ ਲੋਕ ਚੋਰੀ ਭੀ ਨਹੀਂ ਕਰਦੇ, ਇਸ ਲਈ ਇਹ ਦੋਵੇਂ ਸੂਰਮੇ ਉਤਰ ਦਿਸ਼ਾ ਵਿਚੋਂ ਦੂਰ ਹੋ ਜਾਣ, ਤਦ ਆਪ ਦਾ ਹੀ ਰਾਜ ਹੈ ਅਤੇ ਪਹਾੜੀ ਲੋਕ ਤੁਹਾਡੀ ਪਰਜਾ ਹਨ ॥ ੧੦੪ ॥

ਚਾਰਵਾਕ ਉਵਾਚ ॥

## ਚੌਪਈ ॥

**੧. ਔਰ ਸੁ ਏਕ ਬੇਨਤੀ ਅਹੈ ॥ ਚਾਰ ਵਾਕ ਸੰਕਤ ਨਹਿ ਚਹੈ ॥**

**੨. ਤੁਮ ਭਵ ਪਤਿ ਸਭ ਕੇ ਸਰਦਾਰਾ ॥ ਤੁਮਰੇ ਰਚੇ ਨਿਖਲ ਸੰਸਾਰਾ ॥੧੦੫॥**

ਚਾਰਵਾਕ ਕਹਿਣ ਲਗਾ–੧. ਹੇ ਮਹਾਰਾਜ ! ਇਕ ਹੋਰ ਭੀ ਬੇਨਤੀ ਹੈ, (ਮੈਂ) ਚਾਰਵਾਕ (ਉਸ ਗੱਲ ਨੂੰ) ਸੰਗਦਾ ਹੋਇਆ ਕਹਿ ਨਹੀਂ ਸਕਦਾ। ੨. ਕਿਉਂਕਿ ਤੁਸੀਂ ਸੰਸਾਰ ਦੇ ਮਾਲਕ ਤੇ ਸਭਨਾਂ ਦੇ ਸਰਦਾਰ ਹੋ ਅਤੇ ਸਾਰੇ ਸੰਸਾਰ ਤੁਹਾਡੇ ਹੀ ਬਣਾਏ ਹੋਏ ਹਨ, (ਇਸ ਲਈ ਤੁਹਾਡੇ ਸਾਹਮਣੇ ਬੋਲਦਿਆਂ ਸ਼ਰਮ ਆਉਂਦੀ ਹੈ। ਇਸ ਦਾ ਭਾਵ ਇਹ ਹੈ ਕਿ ਮੋਹ ਕਰਕੇ ਹੀ ਸਭ ਦੀ ਉਤਪਤੀ ਤੇ ਪਾਲਣਾ ਹੋ ਰਹੀ ਹੈ, ਇਸ ਕਰਕੇ ਚਾਰ-ਵਾਕ ਨੇ ਮੋਹ ਨੂੰ ਸਾਰੇ ਜਗਤ ਦਾ ਉਤਪਤੀ ਤੇ ਪਾਲਨਾ ਕਰਤਾ ਕਿਹਾ ਹੈ) ॥ ੧੦੫ ॥

ਮਹਾਂ ਮੋਹ ਉਵਾਚ ॥

## ਚੌਪਈ ॥

**੧. ਕੌਣ ਬੇਨਤੀ ਨਹਿ ਸੰਕਾਵੈ ॥ ਚਾਰਵਾਕ ਤੁਮ ਪ੍ਰਗਟ ਸੁਨਾਵੈ ॥**

**੨. ਤੁਮ ਮੇਰੇ ਅਤਿਸ਼ੈ ਹਿਤਕਾਰੀ ॥ ਤੁਮ ਕੋ ਕਹਾਂ ਭਯੋ ਡਰ ਭਾਰੀ ॥੧੦੬॥**

ਮਹਾਂਮੋਹ ਰਾਜਾ ਕਹਿਣ ਲਗਾ–੧. ਹੇ ਚਾਰਵਾਕ ! ਕਿਹੜੀ ਬੇਨਤੀ ਹੈ ? ਸੰਗ ਨਾ ਕਰ, ਪ੍ਰਗਟ ਕਰਕੇ ਕਹਿ ਦਿਓ। ੨. ਤੂੰ ਤਾਂ ਖਾਸ ਕਰਕੇ ਮੇਰਾ ਭਲਾ ਕਰਨ ਵਾਲਾ ਹੈਂ, ਤੈਨੂੰ ਇਸ ਤਰ੍ਹਾਂ ਤਾਂ ਮੇਰੇ ਪਾਸੋਂ ਡਰ ਕਿਉਂ ਹੋ ਗਿਆ ਹੈ ॥ ੧੦੬ ॥

ਚਾਰਵਾਕ ਉਵਾਚ ॥

## ਚੌਪਈ ॥

**੧. ਬਿਸ਼ਨੁ ਭਗਤਿ ਨਾਮ ਇ ਕਹੱਯੇ ॥ ਮਹਾਂ ਪ੍ਰਭਾਵ ਯੋਗਿਨੀ ਪੱਯੇ ॥**

**੨. ਕਲਿਜੁਗ ਵਿਰਲ ਪ੍ਰਚਾਰ ਸੁ ਕੀਨੀ॥ਤੱਦਪਿ ਹੈ ਬਲ ਬੁੱਧਿਪ੍ਰਬੀਨੀ॥੧੦੭॥**

ਚਾਰਵਾਕ ਕਹਿਣ ਲਗਾ–੧. ਮਹਾਰਾਜ ! 'ਵਿਸ਼ਨੁ ਭਗਤੀ' ਨਾਮ ਵਾਲੀ ਇਕ (ਇਸਤਰੀ) ਹੈ, ਉਹ ਵਡੇ ਪ੍ਰਭਾਵ ਵਾਲੀ ਯੋਗਿਨੀ ਸਮਝਣੀ ਚਾਹੀਦੀ ਹੈ। ੨. ਕਲਿਜੁਗ ਵਿਚ ਭਾਵੇਂ ਉਸ ਨੇ ਬਹੁਤ ਥੋੜਾ ਪ੍ਰਚਾਰ ਕੀਤਾ ਹੈ, ਤਦ ਭੀ (ਉਹ) ਬਲ ਤੇ ਬੁਧੀ ਵਿਚ ਬੜੀ ਹੀ ਪ੍ਰਬੀਨ (ਚਤਰ) ਹੈ ॥ ੧੦੭ ॥

## ਚੌਪਈ ॥

**੧. ਤਾਂ ਅਨੁਰਾਗ ਨਰ ਵੰਸ ਉਧਾਰੇ ॥ ਹਮ ਸੇ ਕੀਟ ਨਾ ਸਕੇ ਨਿਹਾਰੇ ॥**

**੨. ਦੇਵ ਸਦਾ ਰਹੀਓ ਸਾਵਧਾਨਾ ॥ ਵਿਸ਼ਨੁ ਭਗਤਿ ਹੱਯੇ ਬਲਵਾਨਾ॥੧੦੮॥**

ਤਾ=ਉਸਦੀ। ਅਨੁਰਾਗ=ਕ੍ਰਿਪਾ। ਉਧਾਰੇ=ਤਾਰ ਲੈਂਦਾ। ਕੀਟ=ਕੀੜੇ।

Sri Satguru Jagjit Singh Ji Elibrary NamdhariElibrary@gmail.com

੧. (ਉਸ ਵਿਸ਼ਨੂੰ ਭਗਤੀ) ਦੀ ਕ੍ਰਿਪਾ ਨਾਲ ਪੁਰਸ਼ ਆਪਣੀ ਸਾਰੀ ਕੁਲ ਨੂੰ ਤਾਰ ਲੈਂਦਾ ਹੈ ਅਤੇ ਮੇਰੇ ਵਰਗੇ ਕੀੜੇ (ਤਾਂ ਉਸ ਵੱਲ) ਵੇਖ ਭੀ ਨਹੀਂ ਸਕਦੇ, (ਅਰਥਾਤ ਵਿਸ਼ਨੂੰ ਭਗਤੀ ਕਰਨ ਵਾਲੇ ਪੁਰਸ਼ ਦੇ ਹਿਰਦੇ ਵਿਚ ਚਾਰਵਾਕ ਮੱਤ ਦਾ ਫੁਰਨਾ ਭੀ ਨਹੀਂ ਹੋ ਸਕਦਾ)। ੨. ਹੇ ਦੇਵ ! ਸਦਾ ਸਾਵਧਾਨ ਰਹਿਣਾ, ਕਿਉਂਕਿ ਵਿਸ਼ਨੂੰ ਭਗਤੀ (ਨਾਮ ਵਾਲੀ ਯੋਗਿਨੀ ਬੜੀ ਬਲਵਾਨ ਹੈ) ॥ ੧੦੮ ॥

**੧. ਏਕ ਬਾਰ ਜਹਿੰ ਪਾਂਵ ਟਿਕਾਵੈ ॥ ਮਰੇ ਨ ਮੂਲ ਨਾ ਬਹੁਰ ਪਲਾਵੈ ॥**
**੨. ਤਾਂਹਿ ਵਿਰਾਗ ਤਹਾਂ ਸੁ ਵਿਵੇਕਾ ॥ ਸਨੇ ਸਨੇ ਦ੍ਰਿੜ ਬਾਂਧੇ ਟੇਕਾ ॥ ੧੦੯ ॥**

੧. ਵਿਸ਼ਨੂੰ ਭਗਤੀ ਜਿਸ ਜਗ੍ਹਾ ਤੇ ਇਕ ਵੇਰੀ ਪੈਰ ਰਖ ਦੇਂਦੀ ਹੈ, (ਉਥੋਂ) ਫੇਰ ਇਹ ਨਾ ਕਿਤੇ ਜਾਂਦੀ ਹੈ, ਨਾ ਮਰਦੀ ਹੈ, ਅਤੇ ਨਾ ਹੀ ਨਸ਼ਟ ਹੋ ਸਕਦੀ ਹੈ। ੨. ਸਗੋਂ ਉਥੇ ਹੀ ਵੈਰਾਗ ਤੇ ਉਥੇ ਹੀ ਵਿਵੇਕ (ਆਦਿਕ ਸਾਡੇ ਵੈਰੀ) ਸਹਿਜੇ ਸਹਿਜੇ ਆਣਕੇ ਪਕੇ ਟਿਕਾਣੇ ਬਣਾ ਲੈਂਦੇ ਹਨ ॥ ੧੦੯ ॥

ਕਵਿ ਉਵਾਚ ॥

**ਚੌਪਈ ॥**

**੧. ਮਹਾਂ ਮੋਹ ਯਹ ਸੁਨਿਓ ਜਬਹੀ ॥ ਅਤਿ ਭੈ ਭਯੋ ਸੁ ਮਨਮੈ ਤਬਹੀ ॥**
**੨. ਮਨ ਹੀ ਮੈ ਯਹ ਗਣੀ ਸੁ ਹੋਈ ॥ ਮਹਾਂ ਪ੍ਰਭਾਵ ਯੋਗਿਨੀ ਸੋਈ ॥ ੧੧੦ ॥**

ਗਣੀ=ਗਿਣਤੀ, ਸੋਚ ਵਿਚਾਰ।

੧. ਜਦੋਂ ਮਹਾਂ ਮੋਹ ਰਾਜੇ ਨੇ ਇਹ ਸੁਣਿਆ, ਤਦੋਂ ਹੀ ਉਸ ਦੇ ਮਨ ਵਿਚ ਬੜਾ ਭਾਰਾ ਡਰ ਪੈਦਾ ਹੋ ਗਿਆ। ੨. ਉਸਦੇ ਮਨ ਵਿਚ ਇਹ ਚਿੰਤਾ ਪੈਦਾ ਹੋ ਗਈ, (ਕਿ) ਉਹ ਕਲਿ-ਯੋਗਨੀ ਵਡੇ ਤੇਜ-ਪ੍ਰਤਾਪ ਵਾਲੀ ਹੈ ॥ ੧੧੦ ॥

**ਦੋਹਰਾ—੧. ਸਦਾ ਦ੍ਵੇਖ ਹਮ ਸੋਂ ਕਰੇ, ਮਾਰੀ ਮਰੇ ਨ ਸੋਇ ॥**
**੨. ਸਨੇ ਸਨੇ ਹਮ ਕੋ ਹਨੇ, ਮਹਾਂ ਪਾਪਿਨੀ ਜੋਇ ॥੧੧੧॥**
**੩. ਮਹਾਂ ਮੋਹ ਯੋਂ ਮਨ ਡਰਿਓ, ਪ੍ਰਗਟ ਕਹੇ ਕਛੁ ਔਰ ॥**
**੪. ਗੁਲਾਬ ਸਿੰਘ ਯੋਂ ਹੀ ਭਨੇ, ਮਾਨਤ ਜੋ ਸਿਰਮੌਰ ॥੧੧੨॥**

੧. ਸਾਡੇ ਨਾਲ ਸਦਾ ਵਿਰੋਧ ਰਖਦੀ ਹੈ ਅਤੇ ਮਾਰਿਆਂ ਭੀ ਉਹ ਨਹੀਂ ਮਰਦੀ। ੨. ਸਗੋਂ, ਹੌਲੀ ਹੌਲੀ ਸਾਨੂੰ ਮਾਰ ਦੇਵੇਗੀ, (ਉਹ) ਮਹਾਂ ਪਾਪਿਨੀ ਇਸ ਤਰ੍ਹਾਂ ਦੀ ਦਿੱਸਦੀ ਹੈ ॥ ੧੧੧ ॥

੩. ਮਹਾਂਮੋਹ (ਰਾਜਾ)ਮਨ ਵਿਚ ਤਾਂ ਇਸ ਤਰ੍ਹਾਂ ਡਰ ਗਿਆ,(ਪਰ) ਜ਼ਾਹਰਾ ਕੁਝ ਹੋਰ ਕਹਿਣ ਲੱਗਾ। ੪. ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਜਿਹੜੇ ਭੀ ਕਿਸੇ ਦੇਸ ਜਾਂ ਕੌਮ ਦੇ ਸਿਰਤਾਜ ਮੰਨੇ ਜਾਂਦੇ ਹਨ, (ਉਹ) ਇਸੇ ਤਰ੍ਹਾਂ ਹੀ ਕਿਹਾ ਕਰਦੇ ਹਨ) ਅਰਥਾਤ ਵਡੇ ਲੋਕ ਮਨ ਦੇ ਡਰ ਨੂੰ ਜ਼ਾਹਰ ਨਹੀਂ ਕਰਦੇ, ਸਗੋਂ ਧੀਰਜ ਤੇ ਹੌਂਸਲੇ ਨੂੰ ਜ਼ਾਹਰ ਕਰਦੇ ਹਨ) ॥ ੧੧੨ ॥

ਮਹਾਂ ਮੋਹ ਉਵਾਚ ॥

**ਕਬਿੱਤ—੧. ਕਹਾਂ ਭਈ ਸ਼ੰਕ ਸੁ ਨਿਸ਼ੰਕ ਚਾਰਵਾਕ ਕਹੋ,**
**ਕਾਮ ਕ੍ਰੋਧ ਆਦਿ ਬੀਰ ਤਾਂਹਿ ਕੋ ਨਿਵਾਰ ਹੈਂ ॥**

Sri Satguru Jagjit Singh Ji Elibrary NamdhariElibrary@gmail.com

**੨. ਕਾਮ ਕੇ ਭਏ ਵਿਕਾਰ ਭਗਤਿ ਕੇ ਵਿਚਾਰ ਕਹਾਂ,**
**ਹੋਇਗੀ ਨਾ ਉਦੇ ਕਹੂੰ ਵੇਦ ਯੌਂ ਉਚਾਰ ਹੈਂ॥**
**੩. ਬੈਰੀ ਹੋਇ ਛੋਟੋ ਤੈ ਮੋਟੋ ਕਰ ਜਾਨੇ ਬੁਧਿ,**
**ਜਾਮਤ ਬੰਬੂਲ ਕੋ ਸੁ ਮੂਲ ਤੇ ਉਖਾਰ ਹੈਂ॥**
**੪. ਜੀਵਨ ਕੇ ਹੇਤ ਬਲ ਬੁੱਧਿ ਕੇ ਨਿਕੇਤ ਜੇਈ,**
**ਭੂਪਿਤ ਸੁਚੇਤ ਸੁ ਉਪਾਇ ਕੇ ਬਿਚਾਰ ਹੈਂ॥੧੧੩॥**

ਮਹਾਂਮੋਹ ਰਾਜਾ ਕਹਿਣ ਲਗਾ–੧. ਹੇ ਚਾਰਵਾਕ ! (ਤੈਨੂੰ) ਸ਼ੰਕਾ ਕੇਹੀ ਹੋਈ ਹੈ, ਉਹ ਨਿਸ਼ੰਗ ਹੀ ਕਹਿ ਦੇਹ, (ਅਤੇ ਵਿਸ਼ਨੂੰ ਭਗਤੀ ਦੀ ਚਿੰਤਾ ਨਾ ਕਰ, ਕਿਉਂਕਿ) ਕਾਮ ਤੇ ਕ੍ਰੋਧ ਆਦਿਕ ਸੂਰਮੇ ਉਸ ਨੂੰ ਨਾਸ ਕਰ ਦੇਣਗੇ। ੨. ਕਾਮ ਦੇ ਵਿਕਾਰ ਹਿਰਦੇ ਵਿਚ ਪੈਦਾ ਹੋ ਜਾਣ, ਤਾਂ ਭਗਤੀ ਦਾ ਵਿਚਾਰ ਹੀ ਕਿਥੇ ਹੋਣਾ ਹੈ? (ਕਾਮੀ ਪੁਰਸ਼ ਦੇ ਹਿਰਦੇ ਵਿਚ ਵਿਸ਼ਨੂੰ ਭਗਤੀ) ਕਦੇ ਭੀ ਪ੍ਰਗਟ ਨਹੀਂ ਹੋਵੇਗੀ, (ਇਹ ਗੱਲ ਮੈਂ ਨਹੀਂ ਕਹਿੰਦਾ, ਸਗੋਂ) ਵੇਦ-ਭਗਵਾਨ ਇਸ ਤਰ੍ਹਾਂ ਉਚਾਰਨ ਕਰਦਾ ਹੈ।

ਨੋਟ–ਮਹਾਂਮੋਹ ਰਾਜੇ ਦੀ ਇਹ ਗੱਲ ਸੁਣਕੇ, ਅਗੋਂ ਚਾਰਵਾਕ ਕਹਿਣ ਲਗਾ–ਹੇ ਰਾਜਨ ! ਆਪ ਨੇ ਸੱਚ ਕਿਹਾ ਹੈ, ਪਰ ਰਾਜਨੀਤੀ ਦਾ ਇਹ ਸਿਧਾਂਤ ਨਹੀਂ ਹੈ, ਰਾਜਨੀਤੀ ਦਾ ਹੁਕਮ ਹੈ–

੩. "ਵੈਰੀ ਭਾਵੇਂ ਛੋਟਾ ਹੋਵੇ, (ਪਰ) ਬੁਧਵਾਨ ਰਾਜਾ ਉਸ ਨੂੰ ਵੱਡਾ ਕਰਕੇ ਜਾਣੇ" (ਤਦੇ ਹੀ ਤਾਂ) ਬੁਧਵਾਨ (ਲੋਕ) ਜੰਮਦੇ ਕਿੱਕਰ ਨੂੰ ਮੁਢ ਤੋਂ ਪੁਟ ਦੇਂਦੇ ਹਨ। ੪. ਆਪਣੇ ਜੀਵਨ ਦੇ ਵਾਸਤੇ ਜਿਹੜੇ ਰਾਜੇ ਬਲ ਤੇ ਬੁਧੀ ਦਾ ਘਰ ਹਨ, (ਉਹ ਵੈਰੀ ਦੇ ਨਾਸ ਕਰਨ ਦਾ) ਉਪਾਉ ਵਿਚਾਰਦੇ ਰਹਿੰਦੇ ਹਨ।੧੧੩॥ (ਕਿਉਂਕਿ)–

ਨੀਤੀ ਬਚਨ॥

**ਦੋਹਰਾ–੧. ਲਘੁ ਅਰਿ ਅਵਸਰ ਪਾਇਕੇ, ਦੁੱਖਦਾਇਕ ਅਵਨੀਸ॥**
**੨. ਅਹਿ ਕੰਟਕ ਪਗ ਮੈ ਗਡੇ, ਪੀੜਾ ਦੇ ਨਖ ਸੀਸ॥੧੧੪॥**

ਅਵਨੀਸ=(ਅਵਨਿ+ਈਸ=ਧਰਤੀ ਪਤੀ) ਰਾਜਾ। ਲਘੁ=ਛੋਟਾ। ਅਵਸਰ=ਸਮਾਂ। ਅਹਿ ਕੰਟਕ=ਸੱਪ ਦਾ ਕੰਡਾ, ਸੱਪ ਦੀ ਹੱਡੀ ਜੋ ਕੰਡੇ ਵਾਂਗੂੰ ਹੁੰਦੀ ਹੈ, ਜੋ ਅਕਸਰ ਪੈਰ ਵਿਚ ਚੁਭਿਆ ਕਰਦੀ ਹੈ।

੧. ਹੇ ਰਾਜਨ ! ਰਾਜ ਨੀਤੀ ਦਾ ਕਥਨ ਹੈ, (ਕਿ) ਛੋਟਾ ਵੈਰੀ ਭੀ ਸਮਾਂ ਪਾ ਕੇ, ਵੱਡਾ ਦੁਖਦਾਈ ਹੋ ਜਾਂਦਾ ਹੈ। ੨. ਜਿਵੇਂ ਸੱਪ ਦਾ ਕੰਡਾ ਪੈਰ ਵਿਚ ਚੁਭ ਜਾਵੇ (ਤਾਂ ਉਹ ਪੈਰ ਦੇ) ਨੌਂਹ ਤੋਂ ਲੈ ਕੇ ਸਿਰ ਤਕ ਪੀੜ ਕਰਦਾ ਹੈ॥ ੧੧੪॥

(ਇਸ ਲਈ ਰਾਜਨ ! ਆਪ ਵਿਸ਼ਨੂੰ ਭਗਤੀ ਨੂੰ ਤੁਛ ਕਰਕੇ ਨਾ ਜਾਣੋਂ, ਉਸਦੇ ਨਾਸ ਕਰਨ ਦਾ ਉਪਾਉ ਕਰੋ, ਅਗੇ ਆਪ ਮਾਲਕ ਹੋ, ਸੇਵਕ ਨੇ ਤਾਂ ਜੈਸਾ ਯੋਗ ਜਾਣਿਆ ਹੈ, ਅਰਜ਼ ਕਰ ਦਿਤੀ ਹੈ, ਇਸਨੂੰ ਪ੍ਰਵਾਨ ਕਰੋ ਜਾਂ ਨਾ ਕਰੋ, ਇਹ ਆਪ ਦੀ ਮਰਜ਼ੀ ਹੈ)॥

ਕਵਿ ਉਵਾਚ॥

**੧. ਮਹਾਂਮੋਹ ਤਬ ਉਚ ਪੁਕਾਰਾ॥ ਹੈ ਰੇ ਕੋ ਮਮ ਭਵਨ ਦੁਆਰਾ॥**

Sri Satguru Jagjit Singh Ji Elibrary NamdhariElibrary@gmail.com

**੨. ਦ੍ਵਾਰਪਾਲ ਇਤਨੇ ਚਲ ਆਯਾ ॥ ਆਗਯਾ ਕਰੋ ਦੇਵ ਜਗ ਰਾਯਾ ॥੧੧੫॥**

ਜਦ ਚਾਰਵਾਕ ਦੇ ਨੀਤੀ ਭਰੇ ਬਚਨਾਂ ਨੂੰ ਸੁਣਿਆ ੧. ਉਸੇ ਵੇਲੇ ਹੀ ਮਹਾਂ-ਮੋਹ (ਰਾਜਾ) ਉੱਚੀ ਅਵਾਜ਼ ਨਾਲ ਕਹਿਣ ਲੱਗਾ-ਓਏ ! ਮੇਰੇ ਘਰ ਦੇ ਬੂਹੇ ਅਗੇ ਕੌਣ ਖੜਾ ਹੈ ? ੨. ਰਾਜੇ ਦੀ ਆਵਾਜ਼ ਨੂੰ ਸੁਣਕੇ ਦੁਆਰਪਾਲ ਉਸੇ ਵੇਲੇ (ਡਿਉਢੀ ਤੋਂ) ਚਲਦੇ ਰਾਜੇ ਦੇ ਕੋਲ ਆ ਗਿਆ (ਅਤੇ ਕਹਿਣ ਲੱਗਾ) ਹੇ ਦੇਵ ! ਹੇ ਜੱਗ ਪਾਲਕ ! ਹੁਕਮ ਕਰੋ, (ਸੇਵਕ ਨੂੰ ਕਿਸ ਲਈ ਬੁਲਾਇਆ ਹੈ ?) ॥ ੧੧੫ ॥

ਮਹਾਂ ਮੋਹ ਉਵਾਚ ॥

**ਚੌਪਈ ॥**

**੧. ਕਾਮ ਕ੍ਰੋਧ ਲੋਭ ਮਦ ਮਤਸਰ ॥ ਸੂਰ ਨਹੀ ਇਨਕੇ ਕੋ ਸਮਸਰ ॥**

**੨. ਤਿਨਕੋ ਆਇਸ ਯੌਂ ਮਮ ਦੀਜੋ॥ ਬਿਸ਼ਨੁ ਭਗਤਿ ਕੋ ਹਿੰਸਨ ਕੀਜੋ ॥੧੧੬॥**

ਰਾਜਾ ਮਹਾਂ ਮੋਹ ਕਹਿਣ ਲਗਾ-(ਹੇ ਦੁਆਰਪਾਲ ! ਜੋ ਮੇਰੇ ਬਹਾਦਰ ਸੈਨਾਪਤੀ) ੧. ਕਾਮ, ਕ੍ਰੋਧ, ਲੋਭ, ਹੰਕਾਰ ਤੇ ਈਰਖਾ (ਆਦਿਕ ਹਨ), ਜਿਨ੍ਹਾਂ ਦੇ ਬਰਾਬਰ ਦਾ ਜਗਤ ਵਿਚ ਹੋਰ ਕੋਈ ਸੂਰਮਾ ਨਹੀਂ ਹੈ । ੨. ਉਨ੍ਹਾਂ ਕੋਲ ਜਾਕੇ ਉਨ੍ਹਾਂ ਨੂੰ ਮੇਰੀ ਇਹ ਆਗਿਆ ਦੇ ਦੇਹੁ, ਕਿ 'ਵਿਸ਼ਨੂੰ ਭਗਤੀ' ਨੂੰ ਬੱਧ (ਕਤਲ) ਕਰ ਦਿਓ, (ਉਸਨੂੰ ਜੀਉਂਦਾ ਛਡੋ ਹੀ ਨਾ) ॥ ੧੧੬ ॥

**੧. ਦ੍ਵਾਰਪਾਲ ਤਬ ਸੀਸ ਨਿਵਾਏ ॥ ਜਿਉਂ ਪ੍ਰਭੁ ਕਹੋ ਕਰੈਂ ਤਿਮ ਜਾਏ ॥**

**੨. ਇਮ ਕਹਿ ਦ੍ਵਾਰਪਾਲ ਜਬ ਗਯੋ॥ ਪੱਤ੍ਰ ਹਸਤ ਨਰ ਆਵਤ ਭਯੋ ॥੧੧੭॥**

ਚੋਬਦਾਰ ਉਸੇ ਵੇਲੇ ਹੀ ਸਿਰ ਨਿਵਾ ਕੇ ਕਹਿਣ ਲੱਗਾ–ਹੇ ਪ੍ਰਭੋ ! (ਆਪ ਨੇ) ਜਿਵੇਂ ਕਿਹਾ ਹੈ, (ਮੈਂ) ਜਾਕੇ ਓਵੇਂ ਹੀ ਕਰਦਾ ਹਾਂ । ੨. ਇਸ ਤਰ੍ਹਾਂ ਕਹਿਕੇ ਜਦ ਚੋਬਦਾਰ ਚਲਾ ਗਿਆ (ਤਦ) ਹੱਥ ਵਿਚ ਚਿੱਠੀ ਲੈਕੇ ਇਕ ਹੋਰ ਆਦਮੀ (ਮਹਾਂਮੋਹ ਰਾਜੇ ਦੇ ਦਰਬਾਰ ਵਿਚ) ਆ ਗਿਆ ॥ ੧੧੭ ॥

ਪਤ੍ਰੀਹਾਰੋ ਵਾਚ ॥

**ਚੌਪਈ ॥**

**੧. ਉਤਕਲ ਦੇਸਹਿ ਤੇ ਹਮ ਆਏ ॥ ਪ੍ਰਭ ਪਦ ਪੰਕਜ ਪਾਸ ਪਠਾਏ ॥**

**੨. ਤਹਿੰ ਪੁਰਖੋਤਮ ਕੋ ਅਸਥਾਨ ॥ ਸਾਗਰ ਤਟ ਜਹਿੰ ਹੈ ਮਦ-ਮਾਨ ॥੧੧੮॥**

ਚਿੱਠੀ ਲਿਆਉਣ ਵਾਲਾ ਆਪਣੇ ਆਪ ਕਹਿਣੇ ਲੱਗਾ–ਮੈਂ ਉਤਕਲ (ਉੜੀਸਾ) ਦੇਸ ਤੋਂ ਆਇਆ ਹਾਂ, (ਮਹਾਂ ਮੋਹ) ਪ੍ਰਭੂ ਦੇ ਚਰਨ ਕਮਲਾਂ ਪਾਸ ਮੈਨੂੰ ਭੇਜਿਆ ਗਿਆ ਹੈ । ੨. (ਜਿਥੋਂ ਮੈਂ ਆਇਆ ਹਾਂ), ਉਥੇ ਭੀ ਪੁਰਖੋਤਮ ਪ੍ਰਭੂ-ਜਗੰਨਾਥ ਦਾ ਸਥਾਨ (ਮੰਦਰ) ਹੈ, ਸਮੁੰਦਰ ਦੇ ਕੰਢੇ ਉਤੇ, ਜਿਥੇ ਮਦ ਤੇ ਮਾਨ (ਨਾਮ ਵਾਲੇ ਮਹਾਂਮੋਹ ਦੇ ਸੈਨਾਪਤੀ ਵੱਸਦੇ ਹਨ) ॥ ੧੧੮ ॥

**੧. ਯਹੈ ਬਨਾਰਸ ਯਹ ਜਗਰਾਯਾ ॥ ਜਾਂਕੋ ਕੁਲ ਬਹੁ ਭਾਂਤਿ ਸੁਹਾਯਾ ॥**

**੨. ਕੀਨ ਪ੍ਰਵੇਸ ਨ ਲਾਇਸ ਬੇਰਾ ॥ ਦੂਰਹਿ ਤੇ ਤਿਨ ਭੂਪਤਿ ਹੇਰਾ ॥੧੧੯॥**

੧. ਇਹੋ ਕਾਸ਼ੀ (ਸ਼ਹਿਰ ਹੈ ਅਤੇ) ਇਹੋ ਜਗਤ ਦਾ ਰਾਜਾ (ਮਹਾਂਮੋਹ ਬੈਠਾ ਹੋਇਆ ਹੈ,) ਜਿਸ ਦੀ ਬਹੁਤ ਵਡੀ ਕੁਲ ਬਹੁਤ ਤਰ੍ਹਾਂ ਨਾਲ ਸੋਭਾ ਪਾ ਰਹੀ ਹੈ ।

੨. ਇਹ ਗੱਲ ਕਹਿਕੇ ਉਸ ਨੇ ਕਾਂਸ਼ੀ ਵਿਚ ਪ੍ਰਵੇਸ਼ ਕੀਤਾ ਅਤੇ ਡੇਰ ਨਾ ਲਾਈ, ਦੂਰ ਤੋਂ ਹੀ ਉਸ ਨੇ

(ਮਹਾਂਮੋਹ) ਰਾਜੇ ਨੂੰ ਵੇਖ ਲਿਆ ॥ ੧੧੯ ॥

**੧. ਯਹਿ ਭੂਪਤਿ ਕਛੁ ਮੰਤ੍ਰ ਬਿਚਾਰੇ ॥ ਚਾਰਵਾਕ ਸੋਂ ਬੈਠ ਕਿਨਾਰੇ ॥**
**੨. ਚਲੋਂ ਸਮੀਪ ਸੁ ਪੱਤ੍ਰ ਦਿਖਾਊਂ ॥ ਕਾਰਯ ਬੇਗ ਨ ਬੇਰ ਲਗਾਊਂ॥੧੨੦॥**

੧. ਤਾਂ ਫੇਰ ਕਹਿਣ ਲਗਾ ਇਹ ਰਾਜਾ ਚਾਰਵਾਕ ਨਾਲ ਇਕ ਲਾਂਭੇ ਬੈਠ ਕੇ ਕੁਝ ਗੁਪਤ ਗੱਲ ਦੀ ਵਿਚਾਰ ਕਰ ਰਿਹਾ ਹੈ। ੨. ਮੈਂ ਕੋਲ ਜਾਵਾਂ ਅਤੇ ਉਹਨਾਂ ਨੂੰ ਚਿੱਠੀ ਵਿਖਾ ਦੇਵਾਂ, ਕਿਉਂਕਿ ਕੰਮ ਛੇਤੀ ਕਰਨ ਵਾਲਾ ਹੈ, (ਇਸ ਲਈ ਮੈਂ) ਦੇਰ ਨਾ ਲਾਵਾਂ (ਤਾਂ ਇਹ ਚੰਗਾ ਹੈ)।

**੧. ਗਯੋ ਸਮੀਪ ਸੁ ਪੱਤ੍ਰ ਦਿਖਾਯੋ ॥ ਜੈ ਜੈ ਸ਼ਬਦ ਸੁ ਮੁਖੋਂ ਅਲਾਯੋ ॥**
**੨. ਮਦ ਮਾਨ ਪਦ ਚੰਦ ਚਕੋਰੇ ॥ ਪੱਤ੍ਰ ਲਿਖਯੋ ਪਢੀਯੇ ਪ੍ਰਭੁ ਮੋਰੇ ॥੧੨੧॥**

੧. ਇਹ ਗੱਲ ਕਹਿ ਕੇ ਚਿੱਠੀ ਲਿਆਉਣ ਵਾਲਾ ਰਾਜੇ ਦੇ ਕੋਲ ਚਲਾ ਗਿਆ ਤੇ ਉਨ੍ਹਾਂ ਨੂੰ ਚਿੱਠੀ ਵਿਖਾ ਕੇ, ਮੂੰਹੋਂ ਜੈ ਜੈ ਸ਼ਬਦ ਕਹਿਣ ਲਗਾ। ੨. (ਫੇਰ ਕਿਹਾ) ਹੇ ਪ੍ਰਭੂ ! ਆਪ ਦੇ ਚਰਨਾਂ (ਰੂਪ) ਚੰਦ੍ਰਮਾਂ ਦੇ ਚਕੋਰ (ਜੋ) ਮਦ ਤੇ ਮਾਨ (ਆਪ ਦੇ ਸੈਨਾਪਤੀ ਹਨ, ਉਨ੍ਹਾਂ ਨੇ ਇਹ) ਚਿਠੀ ਲਿਖੀ ਹੈ, ਹੇ ਮੇਰੇ ਪ੍ਰਭੂ ! ਆਪ ਇਸਨੂੰ ਪੜ੍ਹ ਲਵੋ ॥ ੧੨੧ ॥

**੧. ਸੁਨ ਕਰ ਮੋਹ ਭਯੋ ਨਿਜ ਲੀਨਾ ॥ ਹੈ ਕਛੁ ਦੁਹ ਕਰ ਭਯੋ ਮਲੀਨਾ ॥**
**੨. ਚਾਰਵਾਕ ਪ੍ਰਤਿ ਏਹੁ ਅਲਾਈ ॥ ਅਬ ਨਹਿ ਬਨੈ ਸੁ ਬੇਰ ਲਗਾਈ ॥੧੨੨॥**

੧. (ਚਿੱਠੀ ਲਿਆਉਣ ਵਾਲੇ ਦੀ ਗੱਲ) ਸੁਣ ਕੇ, ਰਾਜਾ ਮਹਾਂ ਮੋਹ ਆਪਣੇ ਆਪ ਵਿਚ ਲੀਨ ਹੋ ਗਿਆ ਅਰਥਾਤ ਡੂੰਘੀਆਂ ਸੋਚਾਂ ਵਿਚ ਪੈ ਗਿਆ ਅਤੇ ਸੋਚਣ ਲਗਾ, ਕਿ ਹੁਣ ਕੁਝ ਬੜਾ ਕਰੜਾ ਝਮੇਲਾ ਪੈ ਗਿਆ ਹੈ, ਇਹ ਸੋਚਦਿਆਂ ਹੀ ਉਸ ਦਾ ਚਿਹਰਾ ਮਲੀਨ ਹੋ ਗਿਆ (ਅਰਥਾਤ ਚਿਹਰੇ ਦੀ ਰੌਣਕ ਫਿੱਕੀ ਪੈ ਗਈ) ਥੋੜੇ ਚਿਰ ਮਗਰੋਂ ੨. (ਉਸਨੇ) ਚਾਰਵਾਕ ਨੂੰ ਇਹ ਗੱਲ ਕਹੀ, ਕਿ ਹੁਣ ਉਸ (ਕੰਮ ਨੂੰ ਪੂਰਾ ਕਰਨ ਵਿਚ) ਡੇਰ ਲਾਉਣੀ ਨਹੀਂ ਬਣ ਸਕਦੀ, (ਅਰਥਾਤ ਜਿੰਨੀ ਭੀ ਛੇਤੀ ਹੋ ਸਕੇ, ਓਨੀ ਛੇਤੀ ਹੀ ਵਿਸ਼ਨੂੰ ਭਗਤੀ ਨੂੰ ਜਾਨੋਂ ਮਾਰ ਸੁਟਣਾ ਚਾਹੀਦਾ ਹੈ) ॥ ੧੨੨ ॥

**੧. ਜਾਂਤੇ ਕਾਰਜ ਹੋਇ ਨ ਹਾਨੀ ॥ ਚਾਰਵਾਕ ਰਹੀਯੋ ਸਵਧਾਨੀ ॥**
**੨. ਚਾਰਵਾਕ ਮੁਖ ਤਥਾ ਅਲਾਈ ॥ ਗਯੋ ਬੇਗ ਭੂਪਤਿ ਸਿਰ ਨਾਈ ॥੧੨੩॥**

੧. ਜਿਸ ਕਰਕੇ ਕੰਮ ਦਾ ਨਾਸ ਨਾ ਹੋਵੇ। [ਹੇ ਚਾਰਵਾਕ ਉਹ ਯਤਨ ਕਰੀਂ ਅਤੇ] ਸਾਵਧਾਨ ਰਹੀਂ। ੨. ਚਾਰਵਾਕ ਨੇ ਰਾਜੇ ਦਾ ਇਹ ਹੁਕਮ ਸੁਣਿਆ ਤਾਂ ਮੁਖੋਂ ਕਿਹਾ [ਤਥਾ] ਬਹੁਤ ਹੱਛਾ, [ਅਤੇ ਫਿਰ ਮਹਾਂਮੋਹ] ਰਾਜੇ ਨੂੰ ਸਿਰ ਨਿਵਾਕੇ ਪ੍ਰਣਾਮ ਕਰਕੇ ਛੇਤੀ ਚਲਾ ਗਿਆ ॥ ੧੨੩ ॥

**ਦੋਹਰਾ—੧. ਮਹਾਂ ਮੋਹ ਤਬ ਪਤ੍ਰ ਕੋ ਬੈਠ ਪਢਾਵੈ ਆਪ ॥**
**੨. ਗੁਲਾਬ ਸਿੰਘ ਯਾ ਜਗਤ ਮੈ ਜਿਹ ਛਾਯੋ ਪਰਤਾਪ ॥੧੨੪॥**

੧. ਜਦ ਚਾਰਵਾਕ ਚਲਾ ਗਿਆ ਤਦ ਮਹਾਂ ਮੋਹ ਰਾਜਾ [ਮੁਨਸ਼ੀ ਨੂੰ ਕੋਲ] ਬਿਠਾਕੇ, [ਬਾਹਰ ਤੋਂ ਆਏ ਹੋਏ] ਪੱਤ੍ਰ ਨੂੰ ਆਪ ਪੜ੍ਹਾਉਣ ਲਗਾ। ੨. ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ [ਜੀ ਕਹਿੰਦੇ ਹਨ] ਇਸ ਸਾਰੇ ਜਗਤ ਵਿਚ ਜਿਸ ਦਾ ਪਰਤਾਪ ਫੈਲਿਆ ਹੋਇਆ ਹੈ, [ਇਸ ਤਰ੍ਹਾਂ ਦਾ ਮਹਾਂ ਮੋਹ ਰਾਜਾ ਹੈ] ॥ ੧੨੫ ॥

Sri Satguru Jagjit Singh Ji Elibrary NamdhariElibrary@gmail.com

ਮਦਮਾਨ ਉਵਾਚ ॥

ਛਪੈ ਛੰਦ-੧. ਸੁਸਤਿ ਬਨਾਰਸ ਧਾਮ ਬਿਖੈ ਪਦ ਕੰਜ ਸੁਹਾਏ ॥
੨. ਜੀਤ ਸਦਾ ਬ੍ਰਹਮੰਡ ਪਰੇ ਸੁਰ ਨਰ ਮੁਨਿ ਪਾਏ ॥
੩. ਸਦਾ ਧੀਨ ਧਨਵੰਤ ਦ੍ਵੈਖਿ ਗਨ ਬਨਹਿ ਪਠਾਏ ॥
੪. ਅਡਿੱਗ ਸਿੰਘਾਸਨ ਬੈਠ ਸੀਸ ਪਰ ਛਤ੍ਰ ਝੁਲਾਏ ॥
੫. ਰਾਜਾਧਿਰਾਜ ਮਹਾਂ ਮੋਹ ਪਦ ਮਦ ਮਾਨ ਬੰਦਨ ਕਰੈ ॥
੬. ਪ੍ਰਭ ਇਤ ਪੁਰਖੋਤਮ ਅਯਤਨ ਭੱਦ੍ਰ ਸਦਾ ਮਨ ਮੇਂ ਧਰੈ॥੧੨੫॥

ਸੁਸਤਿ=ਕਲਿਆਣ ਹੋਵੇ। (੨) ਕਲਿਆਣ ਸੂਚਕ ਪਦ, ਜੋ ਚਿਠੀ ਦੇ ਸ਼ੁਰੂ ਵਿਚ ਲਿਖਿਆ ਜਾਂਦਾ ਹੈ,ਜਿਸਦਾ ਭਾਵ ਕਢਿਆ ਜਾਂਦਾ ਹੈ, 'ਚਿੱਠੀ ਲਿਖਣ ਵਾਲਾ ਉਸਦਾ ਭਲਾ ਮੰਗਦਾ ਹੈ, ਜਿਸ ਵਲ ਚਿੱਠੀ ਲਿਖੀ ਗਈ ਹੈ।' ਪਦ ਕੰਜ=ਚਰਨ ਕਮਲ । ਦ੍ਵੈਖਿ=ਦ੍ਵੈਖੀ, ਵੈਰ ਕਰਨ ਵਾਲੇ। ਗਨ=ਸਾਰੇ। ਅਡਿੱਗ=ਅਚੱਲ। ਪੁਰਖੋਤਮ=ਜਗੰ-ਨਾਥ ਸ੍ਵਾਮੀ । ਅਯਤਨ=ਘਰ, ਮੰਦਰ, ਸਥਾਨ। ਭੱਦ੍ਰ=ਆਪਣੀ ਕਲਿਆਣ, ਕਾਰਜ ਸਿੱਧੀ।

੧. ਆਪ ਦੀ ਕਲਿਆਣ ਹੋਵੇ, (ਜਿਨ੍ਹਾਂ ਦੇ ਚਰਨ ਕਮਲ ਕਾਂਸ਼ੀ ਧਾਮ ਵਿਚ ਸੋਭਾ ਪਾ ਰਹੇ ਹਨ। ੨. ਸਾਰੇ ਬ੍ਰਹਮੰਡ ਨੂੰ ਆਪ ਨੇ ਜਿਤ ਲਿਆ ਹੈ, (ਇਸ ਲਈ) ਦੇਵਤੇ, ਮਨੁਖ ਤੇ ਮੁਨੀ ਜਨ ਸਦਾ (ਆਪ ਦੇ ਚਰਨੀਂ ਪੈਂਦੇ ਹਨ। ੩. ਧਨਵਾਨ ਪੁਰਸ਼ ਤਾਂ ਸਦਾ (ਆਪ ਦੇ) ਅਧੀਨ (ਰਹਿੰਦੇ ਹਨ ਅਤੇ ਆਪਣੇ) ਵੈਰੀਆਂ ਦੇ ਝੁੰਡ ਨੂੰ ਤੁਸਾਂ ਬਣ ਵਿਚ ਭੇਜ ਦਿਤਾ ਹੈ। ੪. ਅਚੱਲ ਸਿੰਘਾਸਨ ਉਤੇ ਬੈਠਕੇ (ਆਪ) ਸਿਰ ਉਤੇ ਛੱਤਰ ਫਿਰਾ ਰਹੇ ਹੋ। ੫. ਹੇ ਰਾਜਿਆਂ ਦੇ ਅਧਿਰਾਜ ਮਹਾਂਮੋਹ ਪ੍ਰਭੂ! ਮਦ ਤੇ ਮਾਨ! (ਆਪ ਦੇ)ਚਰਨਾਂ ਉਤੇ ਬੰਦਨਾਂ ਕਰਦੇ ਹਨ। ੬. ਹੇ ਪ੍ਰਭੂ! ਇਧਰ (ਇਕ ਜਗੰਨਾਥ ਸ੍ਵਾਮੀ ਦਾ ਮੰਦਰ ਹੈ, ਅਤੇ ਇਹ ਨਿਜਮ ਹੈ ਕਿ ਜਿਥੇ ਭੀ ਤੀਰਥ ਜਾਂ ਮੰਦਰ ਹੋਵੇ, ਉਥੇ ਕਿਤੇ ਨਾ ਕਿਤੇ ਹਰਿ ਭਗਤੀ ਜ਼ਰੂਰ ਹੁੰਦੀ ਹੈ, ਉਸ ਤੋਂ ਬਿਨਾਂ ਹੋਰ) ਸਦਾ ਹੀ ਆਪਣੇ ਮਨ ਵਿਚ ਆਪਣੀ ਕਲਿਆਣ ਸਮਝੋ, (ਅਰਥਾਤ ਆਪ ਜੀ ਦਾ ਕਾਰਜ ਸਫਲ ਹੋਣ ਵਿਚ ਕੇਵਲ ਪੁਰਖੋਤਮ ਪ੍ਰਭੂ ਦਾ ਮੰਦਰ ਹੀ ਕੁਝ ਵਿਘਨਕਾਰੀ ਹੈ, ਨਹੀਂ ਤਾਂ ਆਪਣਾ ਕਾਰਜ ਸਫਲ ਹੋਇਆ ਹੀ ਜਾਣੋ) ॥ ੧੨੫ ॥

ਛਪੈ ਛੰਦ-੧. ਔਰ ਬੇਨਤੀ ਨਾਥ ਸੁਣੋ, ਨੀਕੇ ਮਨ ਲਾਈ ॥
੨. ਸਰਧਾ ਮਾਤ ਸਮੇਤ ਸ਼ਾਂਤਿ ਦੂਤੀ ਸੁ ਬੁਲਾਈ ॥
੩. ਦਯੋ ਬਿਬੇਕ ਸੁ ਮਾਨ ਸ਼ੁਤਿ ਕੇ ਪਾਸ ਪਠਾਈ ॥
੪. ਜਿਉਂ ਤਿਉਂ ਕਰੇ ਸਬੰਧ ਮੋਹਿ ਸੰਗ ਦੇਹੁ ਮਿਲਾਈ ॥
੫. ਪ੍ਰਭੁਵਹਿਦਿਨੋਰਾਤ ਸੰਬੋਧਕਰਿ ਜਿੰਹਕਿੰਹ ਬਿਧਿਵਿਗ ਆਨ ਹੈ॥
੬. ਬਲ ਪੁਰਖੋਤਮ ਆਯਤਨ ਪਤ੍ਰ ਪਠੇ ਮਦ ਮਾਨ ਹੈ ॥੧੨੬॥

ਸਰਧਾ=ਵੇਦ ਦੇ ਵਚਨਾਂ ਤੇ ਗੁਰੂ ਦੇ ਵਚਨਾਂ ਉਤੇ ਜੋ ਬੁਧੀ ਦਾ ਨਿਸਚਾ ਹੋ ਜਾਣਾ

Sri Satguru Jagjit Singh Ji Elibrary NamdhariElibrary@gmail.com

ਹੈ, ਉਸ ਦਾ ਨਾਮ ਸਰਧਾ ਹੈ। ਸਰਧਾ ਪ੍ਰਤੁ ਸ਼ਾਂਤਿ=ਵੇਦ-ਗੁਰੂ ਦੇ ਬਚਨਾਂ ਉਤੇ ਸ਼ਰਧਾ ਹੋਣ ਦੇ ਮਗਰੋਂ ਜੀਵ ਦੀ ਭਟਕਣਾ ਮਿਟ ਕੇ ਸ਼ਾਂਤੀ ਹੁੰਦੀ ਹੈ, ਇਸ ਕਾਰਨ ਕਰਕੇ ਸ਼ਰਧਾ ਦੀ ਪੁਤਰੀ ਸ਼ਾਂਤਿ ਹੈ। ਸੰਬੋਧ=ਸਮਝਾਉਣਾ। ਸ੍ਰੁਤਿ=ਉਪਨਿਸ਼ਦ। ਬਲ=ਸਦਕੇ ਜਾਵਾਂ।

੧. ਹੇ ਪ੍ਰਭੂ! ਇਕ ਹੋਰ ਬੇਨਤੀ ਹੈ, ਮਨ ਲਾ ਕੇ ਸੁਣੋ। ੨. ਉਸੇ ਬਿਬੇਕ ਰਾਜੇ ਨੇ ਸ਼ਰਧਾ ਮਾਤਾ ਦੇ ਸਮੇਤ ਸ਼ਾਂਤਿ (ਨਾਮ ਵਾਲੀ) ਦੂਤੀ (ਆਪਣੇ ਕੋਲ) ਬੁਲਾ ਲਈ ਹੈ। ੩. ਬਿਬੇਕ ਰਾਜੇ ਨੇ ਉਨ੍ਹਾਂ (ਦਾ ਬੜਾ) ਆਦਰ ਮਾਨ ਕੀਤਾ ਹੈ ਅਤੇ ਉਪਨਿਸ਼ਦ ਦੇ ਕੋਲ ਭੇਜਿਆ ਹੈ। ੪.(ਬਿਬੇਕ ਨੇ ਉਨ੍ਹਾਂ ਦੋਹਾਂ ਨੂੰ ਇਹ ਕਿਹਾ ਹੈ-ਤੁਸੀਂ ਦੋਵੇਂ ਜਾਕੇ ਉਪਨਿਸ਼ਦ ਨੂੰ) ਸੰਬੋਧ ਕਰੋ ਅਤੇ ਜਿਵੇਂ ਕਿਵੇਂ (ਭੀ ਹੋ ਸਕੇ ਉਪਨਿਸ਼ਦ ਨੂੰ) ਮੇਰੇ ਨਾਲ ਮਿਲਾ ਦਿਓ। ੫.ਹੇ ਪ੍ਰਭੂ! ਉਹ(ਦੋਵੇਂ-ਸਰਧਾ ਤੇ ਸ਼ਾਂਤੀ ਹੀ)ਦਿਨੇ ਰਾਤੀਂ(ਉਪਨਿਸ਼ਦ ਨੂੰ) ਸਮਝਾਉਂਦੀਆਂ ਤੇ ਸਿਖਿਆ ਦੇਂਦੀਆਂ ਹਨ, ਜਿਸ ਕਿਸ ਤਰ੍ਹਾਂ ਭੀ ਹੋ ਸਕਿਆ, ਉਸੇ ਤਰ੍ਹਾਂ ਹੀ (ਉਪਨਿਸ਼ਦ ਨੂੰ ਬਿਬੇਕ ਰਾਜੇ ਦੇ ਕੋਲ ਲੈ ਆਉਣਗੀਆਂ। ੬. ਮੈਂ ਸਦਕੇ ਜਾਵਾਂ, (ਹੇ ਸਵਾਮੀ ਜੀ!) ਇਧਰ ਜਗੰਨਾਥ ਦੇ ਮੰਦਰ (ਵਿਚ ਇਹ ਕੁਝ ਹੋ ਰਿਹਾ ਹੈ, ਇਸ ਲਈ) ਮਦ-ਮਾਨ (ਨੇ ਆਪ ਦੇ ਚਰਨਾਂ ਵਿਚ) ਪਤਰ ਭੇਜ ਦਿਤਾ ਹੈ, (ਤਾਂਕਿ ਆਪ ਨੂੰ ਸਾਰਾ ਸਮਾਚਾਰ ਮਲੂਮ ਹੋ ਜਾਵੇ ਤੇ ਇਨ੍ਹਾਂ ਤੋਂ ਬਚਣ ਵਾਸਤੇ ਆਪ ਜੋ ਭੀ ਸਮਝੋ, ਉਹ ਯਤਨ ਛੇਤੀ ਹੀ ਕਰਨਾ ਚਾਹੀਦਾ ਹੈ, ਕਿਉਂਕਿ ਜੇਕਰ ਉਪਨਿਸ਼ਦ ਤੇ ਬਿਬੇਕ ਦੀ ਸੁਲ੍ਹਾ ਹੋ ਕੇ ਮੇਲ ਮਿਲਾਪ ਹੋ ਗਿਆ ਤਦ ਆਪ ਦਾ ਪਰਮ ਸ਼ਤਰੂ ਗਿਆਨ ਜ਼ਰੂਰ ਹੀ ਪੈਦਾ ਹੋ ਜਾਵੇਗਾ)॥ ੧੨੬॥

**ਛਪੈ ਛੰਦ-੧. ਔਰ ਕਹੋ ਵਿਰਤਾਂਤ ਨਾਥ ਨੀਕੇ ਮਨ ਧਾਰੋ॥**
**੨. ਕਾਮ ਸਹਿਤ ਜੋ ਧਰਮ ਕਹੂੰ ਕਹਿ ਹੋਤ ਨਿਆਰੋ॥**
**੩. ਵਿਰਾਗ ਵਿਵੇਕ ਸੁ ਗੂਢ ਮਨੋ ਕਛੁ ਮੰਤ੍ਰ ਦਿਢਾਯੋ॥**
**੪. ਕਹੂੰ ਕਹੂੰ ਹਰਿ ਹੇਤ ਹੋਤ ਹਮਹੂੰ ਲਖ ਪਾਯੋ॥**
**੫. ਯਾ ਮੈਂ ਪ੍ਰਮਾਣ ਪ੍ਰਭੁ ਆਪ ਤੁਮ ਜਾਨ ਭਲੇ ਮਨ ਮਹਿ ਧਰੋ॥**
**੬. ਪ੍ਰਭੁ ਜਿਹ ਬਿਧਿ ਮਿਟੈ ਅਰਾਤਿਗਨ ਸੋ ਉਪਾਇ ਸ਼ੀਘਰਕਰੋ॥੧੨੭॥**

ਕਾਮ=ਕਾਮਨਾ, ਇਛਾ। ਗੂਢ=ਗੁਪਤ, ਲਕਵਾ। ਪ੍ਰਮਾਣ=ਉਗਾਹ। ਅਰਾਤਿਗਨ=ਸ਼ਤਰੂ ਦਲ, ਸਾਰੇ ਵੈਰੀ।

੧. ਹੇ ਨਾਥ! ਇਕ ਹੋਰ ਸਮਾਚਾਰ ਹੈ [ਜੋ ਮੈਂ ਲਿਖਦਾ ਹਾਂ, ਆਪ ਉਸ ਨੂੰ] ਚੰਗੀ ਤਰ੍ਹਾਂ ਦਿਲ ਵਿਚ ਵਸਾ ਲਵੋ [ਅਰਥਾਤ ਮੇਰੀ ਗੱਲ ਉਤੇ ਪੂਰਾ ਪੂਰਾ ਯਕੀਨ ਕਰ ਲਵੋ। ੨. [ਇਧਰ ਸਾਡੇ ਦੇਸ਼ ਵਿਚ] ਕਿਤੇ ਕਿਤੇ 'ਸਕਾਮ ਧਰਮ' ਹੋਣ ਲਗ ਪਿਆ ਹੈ ਅਰਥਾਤ ਕੋਈ ਕੋਈ ਆਦਮੀ ਮਨ ਵਿਚ ਕਾਮਨਾ ਰਖ ਕੇ 'ਧਰਮ' ਕਮਾਉਣ ਲਗ ਪਿਆ ਹੈ। ੩.ਮਲੂਮ ਹੁੰਦਾ ਹੈ ਕਿ ਵਿਵੇਕ [ਰਾਜੇ ਨੇ] ਵੈਰਾਗ ਨੂੰ ਕਿਸੇ ਗੁਪਤ ਸਲਾਹ ਮਸ਼ਵਰੇ [ਨੂੰ ਪੂਰਾ ਕਰਨ ਵਾਸਤੇ ਇਸ ਦੇਸ ਵਿਚ] ਸਥਿਰ ਕਰ ਦਿਤਾ ਹੈ। ੪. ਕਿਉਂਕਿ ਸਾਰੇ ਦੇਸ਼ ਵਿਚ ਕਿਸੇ ਕਿਸੇ [ਜਗ੍ਹਾ ਉਤੇ] ਹਰੀ [ਪ੍ਰਾਪਤੀ ਦੇ] ਵਾਸਤੇ ਨਿਸ਼ਕਾਮ ਧਰਮ ਭੀ ਹੁੰਦਾ ਹੈ, [ਇਸ ਗੱਲ ਨੂੰ] ਮੈਂ ਆਪ ਚੰਗੀ ਤਰ੍ਹਾਂ ਜਾਣ ਲਿਆ ਅਤੇ ਅਖੀਂ ਵੇਖ ਲਿਆ ਹੈ। ੫. ਹੇ ਪ੍ਰਭੂ! ਮੇਰੀ ਇਸ ਗੱਲ ਦੇ ਸੱਚਾ ਹੋਣ ਵਿਚ ਤੁਸੀਂ ਆਪ ਹੀ ਗਵਾਹ ਹੋ [ਕਿਉਂਕਿ ਜਿਥੇ ਨਿਸ਼ਕਾਮ ਧਰਮ ਹੁੰਦਾ ਹੈ, ਉਥੇ ਤੁਹਾਡਾ ਵਾਸਾ ਘਟ ਹੋ ਜਾਂਦਾ ਹੈ [ਅਰਥਾਤ ਧਰਮ ਤੇ ਮੋਹ ਦੋਵੇਂ ਅੰਤਹਕਰਣ ਵਿਚ ਰਹਿੰਦੇ ਹਨ,ਇਸ ਲਈ ਧਰਮ ਦੀ ਨਿਸ਼ਕਾਮਤਾ ਨੂੰ ਚੰਗੀ ਤਰ੍ਹਾਂ ਜਾਣ ਸਕਦੇ ਹੋ, ਇਸੇ ਲਈ ਤੁਸੀਂ ਆਪ ਹੀ ਗਵਾਹ ਹੋ, ਇਸ ਗੱਲ ਨੂੰ] ਚੰਗੀ ਤਰ੍ਹਾਂ ਜਾਣ ਕੇ ਮਨ ਵਿਚ ਹੀ ਰਖੋ। ੬. ਅਤੇ ਹੇ ਪ੍ਰਭੂ! ਜਿਸ ਯੁਕਤੀ ਕਰਕੇ ਸਾਰੇ ਵੈਰੀ ਨਸ਼ਟ ਹੋ ਜਾਣ, ਉਸ ਉਪਾਉ ਨੂੰ ਛੇਤੀ ਕਰੋ [ਅਰਥਾਤ ਤੁਹਾਨੂੰ ਵੈਰੀਆਂ ਦਾ ਪਤਾ ਲਗ ਗਿਆ ਤਾਂ ਮੂੰਹੋਂ ਕੋਈ ਗਲ ਨਾ ਕਢੋ ਕਿ ਸਾਡੇ ਵੈਰੀ ਸਾਡੇ ਨਾਸ

Sri Satguru Jagjit Singh Ji Elibrary NamdhariElibrary@gmail.com

ਵਾਸਤੇ ਇਹ ਕੰਮ ਕਰ ਰਹੇ ਹਨ, ਇਸ ਤਰ੍ਹਾਂ ਦਾ ਰੌਲਾ ਪਾਉਣ ਨਾਲ ਵੈਰੀ ਲੋਕ ਹਰ ਤਰ੍ਹਾਂ ਨਾਲ ਸੁਚੇਤ ਹੋ ਜਾਣਗੇ, ਤੁਸੀਂ ਚੁਪ ਕੀਤੇ ਹੀ ਉਨ੍ਹਾਂ ਦੇ ਨਾਸ ਕਰਨ ਦਾ ਯਤਨ ਕਰੋ] ॥ ੧੨੭ ॥

ਮਹਾਂ ਮੋਹ ਉਵਾਚ ॥

**ਛਪੈ ਛੰਦ-੧. ਮਹਾਂ ਮੂਢ ਵਹੁ ਭਏ ਸ਼ਾਂਤਿ ਤੇ ਜਿਨ ਡਰ ਕੀਨੋ ॥**
**੨. ਕਹਾਂ ਹੋਇਗੀ ਸਾਂਤਿ ਭਯੋ ਜਗ ਕਾਰਯ ਲੀਨੋ ॥**
**੩. ਬ੍ਰਹਮਾ ਨਿਸ ਦਿਨ ਕਰੇ ਪੁਨਹ ਪੁਨ ਜਗਤ ਨਵੀਨੋ ॥**
**੪. ਦਖ ਮਖ ਬਿਨਾਸਕ ਸ਼ੰਭੁ ਰਹੇ ਗੌਰੀ ਸੁਖ ਭੀਨੋ ॥**
**੫. ਕਮਲਾ ਕਪੋਲ ਮਕਰੀ ਲਿਖਤ ਉਰ ਹਰਿ ਪਯੋ ਨਿਧਿ ਸੈਨ ਕਰ॥**
**੬. ਔਰ ਜਗਤ ਕੇ ਜੀਵ ਮੈਂ ਸ਼ਾਂਤਿ ਕਹਾਂ ਕਹਿ ਹੋਇ ਡਰ ॥੧੨੯॥**

ਦਖ=ਦਖਯ ਪ੍ਰਜਾ ਪਤੀ, ਸ਼ਿਵਜੀ ਦੇ ਸੌਹਰੇ ਦਾ ਨਾਮ ਹੈ । ਮੱਖ=ਜਗ । ਬਿਨਾਸਕ=ਨਾਸ ਕਰਨ ਵਾਲਾ । ਸ਼ੰਭੂ=ਸ਼ਿਵਜੀ । ਗੌਰੀ=ਪਾਰਬਤੀ । ਕਮਲਾ=ਲਛਮੀ । ਕਪੋਲ=ਗੱਲ੍ਹਾਂ । ਮਕਰੀ=ਮਛੀ । ਹਰਿ=ਸ਼ੇਸ਼ ਨਾਗ । [੨] ਵਿਸ਼ਨੂੰ । ਪਯੋਨਿਧਿ=ਖੀਰ ਸਮੁੰਦਰ ।

ਨੋਟ-ਉਪਰਲੀ ਚਿਠੀ ਨੂੰ ਸੁਣ ਕੇ ਮਹਾਂ ਮੋਹ ਰਾਜਾ ਕਹਿਣ ਲਗਾ-

੧. ਉਹ [ਮਦ ਤੇ ਮਾਨ] ਬੜੇ ਮੂਰਖ ਹੋ ਗਏ ਹਨ, ਜਿਨ੍ਹਾਂ ਸ਼ਾਂਤੀ ਤੋਂ ਡਰ ਮੰਨ ਲਿਆ ਹੈ [ਅਤੇ ਜ਼ਰਾ ਜਿੰਨੀ ਭੀ ਵਿਚਾਰ ਨਹੀਂ ਕੀਤੀ ਕਿ ਸਾਰਾ] ੨. ਜਗਤ ਆਪੋ ਆਪਣੇ ਕੰਮਾਂ ਵਿਚ ਖਚਤ ਹੋ ਰਿਹਾ ਹੈ [ਇਨ੍ਹਾਂ ਨੂੰ ਸ਼ਾਂਤੀ ਪ੍ਰਾਪਤੀ ਕਦੋਂ ਹੋਵੇਗੀ ? ੩. ਵੇਖੋ ਬ੍ਰਹਮਾ ਰਾਤ ਦਿਨ ਮੁੜ ਮੁੜ ਕੇ ਨਵਾਂ ਜਗਤ ਬਣਾਂਦਾ ਹੈ ਜੇ ਉਸ ਨੂੰ ਸ਼ਾਂਤੀ ਆ ਜਾਵੇ ਤਾਂ ਜਗਤ ਦਾ ਬਨਾਣਾ ਉਸ ਤੋਂ ਛੁਟ ਜਾਏਗਾ,ਸੋ ਅਜਿਹਾ ਕਦੇ ਹੋ ਹੀ ਨਹੀਂ ਸਕਦਾ ੪. ਦਖਯ ਪ੍ਰਜਾਪਤੀ ਦੇ ਜੱਗ ਦਾ ਨਾਸ ਕਰਨ ਵਾਲਾ ਸ਼ਿਵਜੀ ਪਾਰਬਤੀ ਦੇ ਸੁਖਾਂ ਵਿਚ ਭਿਜਾ ਰਹਿੰਦਾ ਹੈ ਦੂਜਾ ਉਹ ਜਗਤ ਦੀ ਲੈਯਤਾ ਕਰਦਾ ਹੈ, ਇਸ ਲਈ ਉਸ ਨੂੰ ਭੀ ਸ਼ਾਂਤੀ ਨਹੀਂ ਹੋ ਸਕਦੀ] । ੫. ਵਿਸ਼ਨੂੰ ਲਛਮੀ ਗੱਲ੍ਹਾਂ ਉਤੇ ਮੱਛੀ ਦੀ ਮੂਰਤ ਲਿਖਦਾ-ਰਹਿੰਦਾ ਹੈ ਅਤੇ ਸ਼ੇਸ਼ ਨਾਗ ਦੀ ਛਾਤੀ ਉਤੇ ਸੁਤਾ ਰਹਿੰਦਾ ਹੈ, [ਤੀਜਾ ਕੰਮ ਉਹ ਜਗਤ ਦੀ ਪਾਲਣਾ ਕਰਦਾ ਹੈ, ਜੇ ਉਸ ਨੂੰ ਸ਼ਾਂਤੀ ਆ ਜਾਵੇ ਤਾਂ ਇਹ ਤਿੰਨੇ ਕੰਮ ਉਸ ਤੋਂ ਛੁਟ ਜਾਣਗੇ । ਸੋ ਅਜਿਹਾ ਕਦੇ ਭੀ ਨਹੀਂ ਹੋ ਸਕਦਾ, ਜਦ ਸਾਰੇ ਜਗਤ ਦੇ ਮੁਢ ਰੂਪ ਤਿੰਨਾਂ ਦੇਵਤਿਆਂ ਨੂੰ ਹੀ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ ਤਾਂ] ੬. ਜਗਤ ਦੇ ਹੋਰਨਾਂ ਜੀਵਾਂ ਵਿਚ ਸ਼ਾਂਤੀ ਕਦੋਂ ਹੋਵੇਗੀ ? ਅਤੇ ਜਿਹੜੀ ਸ਼ਾਂਤੀ ਹੋ ਹੀ ਨਹੀਂ ਸਕਦੀ, ਉਸ ਦਾ ਡਰ ਹੀ ਕੀ ਹੈ ? [ਅਰਥਾਤ ਸੰਸਾਰ ਦੀ ਰਚਨਾ ਦੇ ਹੁੰਦਿਆਂ ਸ਼ਾਂਤੀ ਹੋ ਨਹੀਂ ਸਕਦੀ, ਜਦ ਸ਼ਾਂਤੀ ਹੀ ਨਾ ਹੋਈ ਤਾਂ ਉਸ ਨੇ ਵਿਚੋਲਾ ਬਣ ਕੇ ਉਪਨਿਸ਼ਦ-ਬਿਬੇਕ ਦਾ ਮੇਲ ਕੀ ਕਰਾਉਣਾ ਹੈ ? ਇਹ ਸਭ ਬੂਰ ਦੇ ਲਡੂਆਂ ਵਰਗੇ ਕੇਵਲ ਮਨੋਰਾਜ ਹਨ, ਇਨ੍ਹਾਂ ਮਨੋ ਰਾਜਾ ਤੋਂ ਡਰ ਮੰਨ ਲੈਣਾ ਮਹਾਂ ਮੂਰਖਾਂ ਦਾ ਕੰਮ ਹੈ, ਤਦੇ ਹੀ ਮਦ ਤੇ ਮਾਨ ਨੂੰ ਮਹਾਂ ਮੂਰਖ ਕਿਹਾ ਹੈ ॥ ੧੨੯ ॥

ਮਹਾਂ ਮੋਹ ਉਵਾਚ ਪੁਰਖੰ ਪ੍ਰਤੀ ॥

**ਸਵੈਯਾ ॥**

**੧. ਚਾਲਮ ਜਾਹੁ ਸ਼ਿਤਾਬ ਅਬੈ ਮਮ ਕਾਜ ਕੋ ਏਹੁ ਸੰਦੇਸਹਿ ਦੀਜੋ ॥**
**੨. ਧਰਮ ਬਿਨੀਤ ਭਯੋ ਹਮ ਸੋਂ ਇਨ ਕੋ ਖਿਨ ਨਾਂਹਿ ਬਿਸਾਹ ਸੁ ਕੀਜੋ ॥**
**੩. ਜਿਹ ਭਾਂਤਿ ਭਜੇ ਨ ਮਤੇ ਹਰਿ ਕੋ ਤਿਮ ਯਾਹਿ ਭਲੇ ਦ੍ਰਿਢ ਬੰਧ ਗਹੀਜੋ ॥**

Sri Satguru Jagjit Singh Ji Elibrary NamdhariElibrary@gmail.com

**੪. ਮੂਲ ਇਹੈ ਦ੍ਰਿਢ ਯਾਹਿ ਗਹੋ ਬਸ ਯਾਹਿ ਭਏ ਨ ਕਛੂ ਮਮ ਛੀਜੈ ॥੧੨੯॥**

ਨੋਟ–ਉਪਰਲੀ ਗੱਲ ਕਹਿ ਚੁਕਣ ਮਗਰੋਂ ਮਹਾਂ ਮੋਹ ਰਾਜਾ ਆਪਣੇ ਪਿਆਦੇ ਨੂੰ ਕਹਿਣ ਲਗਾ–

੧. ਹੇ ਜ਼ਾਲਮ ! ਤੂੰ ਹੁਣੇ ਹੀ ਭਜ ਕੇ ਜਾਹੁ ਅਤੇ 'ਕਾਮ' ਨੂੰ ਮੇਰਾ ਇਹ ਸੁਨੇਹਾ ਦੇ ਦੇਹੁ। ੨. ਉਸ ਨੂੰ ਆਖੀਂ ਧਰਮ ਸਾਡੇ ਵਲੋਂ 'ਬਦਨੀਯਤ' ਹੋ ਗਿਆ ਹੈ (ਅਰਥਾਤ ਇਸਨੇ ਸਾਡੇ ਨਾਲ ਇਕਰਾਰ ਕੀਤਾ ਸੀ ਕਿ ਮੈਂ 'ਨਿਸ਼ਕਾਮ' ਨਹੀਂ ਹੋਵਾਂਗਾ, ਸਦਾ ਹੀ ਕਾਮਨਾ ਸਹਿਤ ਰਹਾਂਗਾ, ਪਰ ਹੁਣ ਸਾਡੇ ਵੈਰੀਆਂ ਨਾਲ ਮਿਲ ਕੇ ਇਹ ਕਾਮਨਾ ਰਹਿਤ ਹੋ ਗਿਆ ਹੈ,ਇਸ ਲਈ) ਇਕ ਖਿਨ ਭਰ ਵੀ ਇਸ ਦਾ ਇਤਬਾਰ ਨਾ ਕਰਨਾ। ੩.ਜਿਸ ਤਰ੍ਹਾਂ ਨਾਲ ਜਗਤ ਹਰਿ ਪ੍ਰਾਪਤੀ ਦਾ ਮਤਾ–ਨਿਸ਼ਕਾਮ ਧਰਮ–ਨਾ ਕਰ ਸਕੇ, ਉਸ ਤਰ੍ਹਾਂ ਦੇ ਇਸ ਨੂੰ ਪਕੇ ਬੰਧਨ ਪਾ ਕੇ ਫੜ ਲਵੇਂ। ੪. ਕਿਉਂਕਿ ਸਾਡੇ ਨਾਸ ਦਾ ਕਾਰਨ ਇਕ ਏਹੋ ਹੈ। ਇਸ ਨੂੰ ਮਜ਼ਬੂਤ ਕਰਕੇ ਫੜ ਲਵੋ, ਬਸ ! ਅਜਿਹਾ ਹੋ ਜਾਣ ਨਾਲ ਫਿਰ ਸਾਡਾ ਕੁਝ ਭੀ ਨੁਕਸਾਨ ਨਹੀਂ ਹੋਵੇਗਾ ॥ ੧੨੯ ॥

**ਦੋਹਰਾ–੧. ਭੂਪ ਮੋਲਮਣਿ ਜੋ ਕਹੋ, ਦੇਵ ਕਰੌਂ ਵਹ ਜਾਇ ॥**
**੨. ਐਸੇ ਪੁਰਖ ਬਖਾਨ ਕੇ ਗਯੋ ਬੇਗ ਸਿਰਨਾਇ ॥੧੩੦॥**

੧. ਹੇ ਰਾਜਿਆਂ ਦੇ ਸਿਰਤਾਜ ! ਹੇ ਦੇਵ ! ਜੋ ਆਪ ਕਹਿੰਦੇ ਹੋ, ਮੈਂ ਓਹੀ ਜਾ ਕੇ ਕਰਦਾ ਹਾਂ। ੨. ਇਸ ਤਰ੍ਹਾਂ ਕਹਿ ਕੇ ਉਹ ਪੁਰਖ (ਰਾਜੇ ਮਹਾਂ ਮੋਹ ਨੂੰ) ਪ੍ਰਣਾਮ ਕਰਕੇ ਛੇਤੀ ਨਾਲ ਚਲਾ ਗਿਆ ॥੧੩੦॥

**ਚੌਪਈ ॥**

**੧. ਮਹਾਂ ਮੋਹ ਪੁਨ ਚਿੰਤਨ ਕਰੈ ॥ ਕੌਨ ਉਪਾਇ ਸਾਂਤਿ ਜਗ ਮਰੈ ॥**
**੨. ਅਥਵਾ ਔਰ ਉਪਾਇ ਨ ਕੱਯੋ ॥ ਅਸੰਤਨ ਸੰਗਤ ਬੋਲ ਸੰਗਯੋ ॥੧੩੧॥**

੧. ਉਸ ਆਦਮੀ ਦੇ ਚਲੇ ਜਾਣ ਮਗਰੋਂ ਮਹਾਂ ਮੋਹ (ਰਾਜਾ) ਫੇਰ ਸੋਚਾਂ ਕਰਨ ਲਗ ਪਿਆ (ਕਿ) ਕਿਹੜੇ ਯਤਨ ਕਰਨ ਨਾਲ ਜਗਤ ਵਿਚੋਂ ਸ਼ਾਂਤੀ ਮਰ ਜਾਵੇਗੀ ? ੨. ਜਾਂ ਹੋਰ ਕੋਈ ਉਪਾਉ ਨਾ ਕਰਾਂ ਅਤੇ ਕੁਸੰਗੀਆਂ ਦੀ ਸੰਗਤ ਨੂੰ ਸਦ ਭੇਜਾਂ ਕਿਉਂਕਿ ਕੁਸੰਗੀ ਪੁਰਸ਼ਾਂ ਦੇ ਸੰਗ ਕਰਕੇ ਜਗਤ ਦੇ ਜੀਵ ਖੇਡਾਂ,ਤਮਾਸ਼ਿਆਂ, ਲੜਾਈ ਝਗੜਿਆਂ ਦੇ ਝਮੇਲਿਆਂ ਵਿਚ ਲਗ ਜਾਣਗੇ, ਜਿਸ ਕਰਕੇ 'ਕਲਹ' ਵਧ ਜਾਏਗੀ, ਸ਼ਾਂਤੀ ਆਪੇ ਹੀ ਨਸ਼ਟ ਹੋ ਜਾਏਗੀ ॥ ੧੩੧ ॥

**੧. ਕ੍ਰੋਧ ਲੋਭ ਲੈ ਮਮ ਭਟ ਜੇਤੇ ॥ ਬੇਗ ਬੁਲੱਯੋ ਸਗਲੇ ਤੇਤੇ ॥**
**੨. ਜਿਮ ਪ੍ਰਭੁ ਕਹੋ ਬਨੇ ਤਿਮ ਕੱਯੋ ॥ ਐਸੇ ਭਾਖ ਪੁਰਖ ਇਕ ਗਯੋ ॥੧੩੨॥**

੧. ਕ੍ਰੋਧ ਤੇ ਲੋਭ ਆਦਿਕ ਜਿੰਨੇ ਭੀ ਮੇਰੇ ਸੂਰਮੇ ਹਨ, ਉਹ ਸਾਰੇ ਹੀ ਛੇਤੀ ਨਾਲ ਬੁਲਾ ਲਈਏ। ੨. (ਫੇਰ ਉਸ ਨੇ ਇਕ ਆਦਮੀ ਨੂੰ ਕਿਹਾ–ਮੇਰੇ ਸਾਰੇ ਸੂਰਮਿਆਂ ਨੂੰ ਸਦ ਲਿਆਓ ਤਾਂ ਸੇਵਕ ਨੇ ਕਿਹਾ) 'ਹੇ ਪ੍ਰਭੋ ! ਜਿਵੇਂ ਆਪ ਨੇ ਹੁਕਮ ਦਿਤਾ ਹੈ, ਮੈਂ ਤਿਵੇਂ ਹੀ ਕਰਦਾ ਹਾਂ।' ਇਹ ਕਹਿ ਕੇ (ਹੋਰ) ਇਕ ਆਦਮੀ (ਰੰਗ ਭੂਮੀ ਵਿਚੋਂ) ਚਲਾ ਗਿਆ ॥ ੧੩੨ ॥

**ਦੋਹਰਾ–੧. ਕ੍ਰੋਧ ਲੋਭ ਦੋਨੋ ਤਬੈ ਆਏ ਸਭਾ ਮਝਾਰ ॥**
**੨. ਗੁਲਾਬ ਸਿੰਘ ਨ੍ਰਿਪ ਬੰਦ ਪਗ ਲਾਗੇ ਕਰਨ ਉਚਾਰ ॥ ੧੩੩ ॥**

੧. ਕਰੋਧ ਅਤੇ ਲੋਭ (ਇਹ) ਦੋਵੇਂ (ਸੂਰਮੇ) ਉਸ ਵੇਲੇ ਰਾਜ ਸਭਾ ਵਿਚ ਆ ਗਏ। ੨. ਗਰੰਥ ਕਰਤਾ ਜੀ ਕਹਿੰਦੇ ਹਨ, ਉਹ ਦੋਵੇਂ ਮਹਾਂ ਮੋਹ ਰਾਜੇ ਦੇ ਚਰਨਾਂ ਉਤੇ ਪ੍ਰਣਾਮ ਕਰਕੇ (ਇਸ ਤਰ੍ਹਾਂ ਕਹਿਣ ਲਗੇ ॥ ੧੩੩ ॥

ਕ੍ਰੋਧ ਉਵਾਚ ॥

**ਸਵੈਯਾ ॥**

**੧. ਪ੍ਰਭ ਮੋਹਿ ਸੁਨੀ ਯਹਿ ਬਾਤ ਕਹੇ ਤੁਮਰੇ ਸੰਗ ਸਾਂਤਿ ਵਿਰੋਧ ਕਮਾਏ ॥**
**੨. ਸਰਧਾ ਹਰਿ ਕੀ ਪੁਨ ਭਗਤਿ ਤਥਾ ਤਿਨ ਕੀ ਯੇਹ ਦੋਨ ਭਈ ਸੁ ਸਹਾਏ ॥**
**੩. ਮਮ ਜੀਵਤ ਸ਼ਾਂਤਿ ਕੀ ਬਾਤ ਕਹਾਂ ਯਹ ਚਾਹਤ ਤੀਨਹਿ ਪ੍ਰਾਣ ਗਵਾਏ ॥**
**੪. ਭੁਜ ਕੋ ਬਲ ਨਾਥ ਕਹਾ ਕਹੀਏ ਕਛੁ ਭਾਖਤ ਹੇ ਸੁ ਸੁਨੋ ਮਨ ਲਾਏ॥੧੩੪॥**

ਕਰੋਧ ਕਹਿਣ ਲਗਾ–੧. ਹੇ ਸਵਾਮੀ ਜੀ! ਜਗਤ ਦੇ ਲੋਕ ਇਹ ਗੱਲ ਕਹਿੰਦੇ ਹਨ, ਜੋ ਮੈਂ ਸੁਣੀ ਹੈ ਕਿ ਸ਼ਾਂਤੀ ਤੁਹਾਡੇ ਨਾਲ ਵਿਰੋਧ ਕਰ ਰਹੀ ਹੈ। ੨. 'ਸਰਧਾ' ਅਤੇ 'ਵਿਸ਼ਨੂੰ ਭਗਤੀ' ਇਹ ਦੋਵੇਂ (ਤੁਹਾਡੇ ਨਾਲ ਵਿਰੋਧ ਕਮਾਉਣ ਵਿਚ) ਉਸ ਦੀਆਂ ਸਹਾਇਕ ਹੋਈਆਂ ਹਨ। ੩. ਮੇਰੇ ਜੀਉਂਦਿਆਂ ਸ਼ਾਂਤੀ ਦੀ ਗੱਲ ਹੀ ਕਿਥੇ ਹੋਣੀ ਹੈ? ਅਸਲ ਤਾਂ ਇਹ ਹੈ ਕਿ ਇਹ ਤਿੰਨੇ ਆਪਣੀ ਜ਼ਿੰਦਗੀ ਗਵਾਇਆ (ਅਰਥਾਤ ਮਰਨਾ) ਚਾਹੁੰਦੀਆਂ ਹਨ (ਇਸ ਲਈ ਇਨ੍ਹਾਂ ਨੇ ਤੁਹਾਡੇ ਨਾਲ ਮਥਾ ਲਾਇਆ ਹੈ)। ੪. ਹੇ ਸਵਾਮੀ! ਮੈਂ ਆਪਣਾ ਜ਼ੋਰ ਤੁਹਾਡੇ ਅਗੇ ਕੀ ਦਸਾਂ? ਕੁਝ ਥੋੜ੍ਹਾ ਜਿਹਾ ਕਹਿ ਸੁਣਾਉਂਦਾ ਹਾਂ, ਆਪ ਮਨ ਲਾ ਕੇ ਸੁਣੋ ॥ ੧੩੪ ॥

**ਸਵੈਯਾ ॥**

**੧. ਅੰਧ ਕਰੋ ਦ੍ਰਿਗ ਵੰਤਨ ਕੋ, ਸ਼੍ਰੁਤ ਵੰਤਨ ਕੇ ਬਧਰੇ ਕਰ ਡਾਰੋਂ ॥**
**੨. ਧ੍ਰਿਤ ਵੰਤਨ ਕੋ ਅਧੀਰ ਕਰੋ, ਪੁਨ ਚਾਤਰ ਕੀ ਮਤਿ ਦੂਰ ਨਿਵਾਰੋਂ ॥**
**੩. ਹਿਤ ਕਾਰਜ ਨਾਹਿ ਪਿਖੇ ਕਬਹੀਂ, ਜਿਨ ਕੇ ਉਰ ਭੀਤਰ ਮੈਂ ਪਗ ਧਾਰੋਂ ॥**
**੪. ਹਿਤਆਤਮ ਕੋ ਨ ਸੁਨੇ ਕਬਹੀਂ, ਪਢਿਓ ਜਿਤਨੋ ਖਿਨ ਮਾਂਹਿਬਿਸਾਰੋਂ।੧੩੫।**

ਦ੍ਰਿਗ=ਅਖਾਂ। ਵੰਤਨ=ਵਾਲਿਆਂ। ਬਧਰੇ=ਥੋਲਾ, ਸੁਣਨ ਸ਼ਕਤੀ ਤੋਂ ਹੀਨ। ਧ੍ਰਿਤ=ਧੀਰਜ।
ਹਿਤ=ਭਲਾ। ਆਤਮ=ਆਪਣਾ, ਆਪਣੇ ਭਲੇ।

੧. ਮੈਂ ਅੱਖਾਂ ਵਾਲਿਆਂ ਨੂੰ ਅੰਨ੍ਹਾ ਕਰ ਦੇਂਦਾ ਹਾਂ ਅਤੇ ਕੰਨਾਂ ਵਾਲਿਆਂ ਨੂੰ ਬੋਲਾ ਕਰ ਦੇਂਦਾ ਹਾਂ। ੨. ਧੀਰਜ ਵਾਲਿਆਂ ਨੂੰ ਧੀਰਜ ਤੋਂ ਹੀਣਾ ਕਰ ਦੇਂਦਾ ਹਾਂ ਅਤੇ ਚਤਰ ਪੁਰਸ਼ਾਂ ਦੀ ਮਤ ਮਾਰ ਦੇਂਦਾ ਹਾਂ। ੩. ਭਲੇ ਕੰਮ ਨੂੰ ਉਹ ਪੁਰਸ਼ ਕਦੇ ਭੀ ਨਹੀਂ ਵੇਖਦਾ, ਜਿਸ ਦੇ ਹਿਰਦੇ ਵਿਚ ਮੈਂ ਆਪਣਾ ਪੈਰ ਟਿਕਾ ਦੇਂਦਾ ਹਾਂ। ੪. ਆਪਣੇ ਭਲੇ ਦੀ ਗੱਲ ਨੂੰ ਉਹ ਕਦੇ ਭੀ ਨਹੀਂ ਸੁਣਦਾ ਅਤੇ ਜਿੰਨਾ ਭੀ ਪੜ੍ਹਿਆ ਹੁੰਦਾ ਹੈ, (ਉਹ ਮੈਂ ਸਾਰੇ ਦਾ ਸਾਰਾ ਉਸ ਨੂੰ) ਇਕ ਛਿਨ ਵਿਚ ਭੁਲਾ ਦੇਂਦਾ ਹਾਂ ॥ ੧੩੫ ॥

ਲੋਭ ਉਵਾਚ ॥

**ਸਵੈਯਾ ॥**

**੧. ਜਿਨ ਕੇ ਸਿਰ ਊਪਰ ਹਾਥ ਧਰੋਂ ਤਿਨ ਕੀ ਸੁ ਦਸ਼ਾ ਸੁਨ ਮੀਤ ਬਤਾਵੈ ॥**
**੨. ਸੁ ਮਨੋਰਥ ਕੀ ਸਰਿਤ ਪਰ ਕੂਲਹਿ ਨਾਹਿ ਕਦਾਚਿਤ ਤੇ ਨਰ ਪਾਵੈ ॥**
**੩. ਤਿਨ ਕੇ ਉਰ ਅੰਤਰ ਸਾਂਤਿ ਕਹਾਂ ਨਰ ਜੋ ਧਨ ਕੋ ਦਿਨ ਰੈਨ ਧਿਆਵੈ ॥**

Sri Satguru Jagjit Singh Ji Elibrary NamdhariElibrary@gmail.com

**੪. ਅਬ ਕ੍ਰੋਧ ਸਖੇ ਸੁਨੀਯੇ ਸੁ ਕਹੋਂ ਜਿਹ ਭਾਂਤਨ ਤੇ ਧਨ ਮੈਂ ਮਨ ਲਾਵੈ॥੧੩੬॥**

ਮਨੋਰਥ=ਫੁਰਨੇ। ਸਰਿਤਾ=ਨਦੀ। ਪਰ=ਪੈ ਜਾਣਾ, ਰੁੜ੍ਹਨਾ। ਕੂਲਹਿ=ਕੰਢੇ ਨੂੰ, ਕਿਨਾਰੇ ਨੂੰ। ਕਦਾਚਿਤ=ਕਦੇ ਭੀ।

ਲੋਭ ਕਹਿਣ ਲਗਾ—੧. ਹੇ ਮੇਰੇ ਮਿਤਰ ਕਰੋਧ ! ਸੁਣ, ਜਿਨ੍ਹਾਂ ਦੇ ਸਿਰ ਉਤੇ (ਮੈਂ) ਹਥ ਧਰਦਾ ਹਾਂ, ਉਨ੍ਹਾਂ ਦੀ ਹਾਲਤ ਜੋ ਹੁੰਦੀ ਹੈ, ਤੈਨੂੰ ਉਹ ਦਸਦਾ ਹਾਂ। ੨. ਉਹ ਪੁਰਸ਼ ਫੁਰਨਿਆਂ ਦੀ ਨਦੀ ਵਿਚ ਰੁੜ੍ਹ ਜਾਂਦਾ ਹੈ ਅਤੇ ਕਦੇ ਭੀ ਉਹ ਕੰਢੇ ਨੂੰ ਨਹੀਂ ਲਭ ਸਕਦਾ। ੩. ਉਨ੍ਹਾਂ ਦੇ ਹਿਰਦੇ ਵਿਚ ਸ਼ਾਂਤੀ ਕਦ ਆ ਸਕਦੀ ਹੈ, ਜਿਹੜੇ ਪੁਰਸ਼ ਦਿਨੇ ਰਾਤ ਧਨ ਨੂੰ ਸਿਮਰਦੇ ਹਨ। ੪. ਹੇ ਮੇਰੇ ਮਿਤਰ ਕਰੋਧ ! ਸੁਣ, ਹੁਣ ਮੈਂ ਤੈਨੂੰ ਉਹ ਦਸਦਾ ਹਾਂ, ਜਿਸ ਤਰ੍ਹਾਂ ਨਾਲ ਉਹ ਆਪਣੇ ਮਨ ਨੂੰ ਧਨ ਵਿਚ ਲਾਂਦਾ ਹੈ ॥ ੧੩੬ ॥

**ਸਵੈਯਾ ॥**

**੧. ਇਹ ਮੱਤ ਗਇੰਦ ਸੁ ਝੂਲਤ ਹੈਂ, ਮਮ ਏਹੁ ਤੁਰੰਗਮ ਭੌਨ ਸੁਹਾਏ॥**
**੨. ਲਿਖ ਪੱਤ੍ਰ ਸੁ ਭੂਪਤਿ ਮੋਹਿ ਦਯੋ, ਧਨ ਲਿਆਵਹੁ ਬੇਗ ਬੰਗਾਲਹਿ ਜਾਏ॥**
**੩. ਇਹ ਗਾਉਂ ਦਏ ਕਛੁ ਔਰ ਕਹੈ ਨਰ ਜੋ ਇਹ ਭਾਂਤਿ ਸੁ ਚੀਤ ਧਿਆਏ॥**
**੪. ਤਿਨਕੇ ਉਰਸ਼ਾਂਤਿ ਕੀ ਕੌਨ ਕਥਾ ਇਮ ਚਿੰਤਤ ਹੀ ਜਗਮਾਹਿ ਬੁਡਾਏ॥੧੩੭॥**

ਗਇੰਦ=ਹਾਥੀ। ਮਤ=ਮਸਤ। ਤੁਰੰਗਮ=ਘੋੜੇ। ਚਿੰਤਤ=ਸੋਚਾਂ ਕਰਦਿਆਂ।

੧. ਇਹ ਮਸਤ ਹਾਥੀ (ਜੋ ਮੇਰੇ ਬੂਹੇ ਉਤੇ) ਝੂਲਦੇ ਹਨ ਅਤੇ ਇਹ ਸੁੰਦਰ ਘੋੜੇ ਜੋ ਮੇਰੇ ਘਰ ਵਿਚ ਸੋਭਾ ਪਾ ਰਹੇ ਹਨ (ਇਨ੍ਹਾਂ ਵਰਗੇ ਹਾਥੀ ਤੇ ਘੋੜੇ ਹੋਰ ਕਿਸੇ ਦੇ ਕੋਲ ਨਹੀਂ ਹਨ)। ੨. ਰਾਜੇ ਦੇ ਦਿਲ ਵਿਚ ਮੇਰਾ ਬੜਾ ਸਤਕਾਰ ਹੈ, ਤਦੇ ਹੀ ਤਾਂ) ਰਾਜੇ ਨੇ ਪਰਵਾਨਾ ਲਿਖ ਕੇ ਮੈਨੂੰ ਦਿਤਾ ਹੈ, ਇਸ ਲਈ ਹੁਣ ਮੈਂ ਛੇਤੀ ਹੀ ਜਾ ਕੇ ਬੰਗਾਲ ਤੋਂ ਧਨ ਲੈ ਆਵਾਂ। ੩. 'ਇਹ ਪਿੰਡ (ਤਾਂ ਰਾਜੇ ਨੇ ਮੈਨੂੰ ਜਗੀਰ ਦੇ) ਦਿਤੇ ਹਨ ਅਤੇ ਕੁਝ ਹੋਰ ਦੇਣ ਵਾਸਤੇ ਭੀ ਆਖੇ ਹਨ' ਜਿਹੜੇ ਪੁਰਸ਼ ਚਿਤ ਵਿਚ ਇਸ ਤਰ੍ਹਾਂ ਦੀਆਂ ਸੋਚਾਂ ਕਰਦੇ ਹਨ। ੪. ਉਨ੍ਹਾਂ ਦੇ ਹਿਰਦੇ ਵਿਚ ਸ਼ਾਂਤੀ ਦੀ ਵਾਰਤਾ ਹੀ ਕਿਥੇ ਹੋਣੀ ਹੈ, ਉਹ ਤਾਂ ਜਗਤ ਦੀਆਂ ਇਸ ਤਰ੍ਹਾਂ ਦੀਆਂ ਸੋਚਾਂ ਵਿਚ ਹੀ ਡੁਬੇ ਰਹਿੰਦੇ ਹਨ ॥ ੧੩੭ ॥

ਕ੍ਰੋਧ ਉਵਾਚ ॥

**ਸਵੈਯਾ ॥**

**੧. ਮੋਹਿ ਪ੍ਰਭਾਵ ਸੁ ਮੀਤ ਸੁਣੋ, ਮਮ ਸੰਗਹਿ ਤੇ ਜਨ ਏਹੁ ਕਮਾਏ॥**
**੨. ਤੁਸ਼ਟਾ ਦ੍ਵਿਜ ਪੂਤ ਹਨੋ ਮਘਵਾ ਸਿਵ ਸੀਸ ਬਰੰਚ ਕੋ ਕਾਟ ਗਵਾਏ॥**
**੩. ਬਾਹੁਜ ਮਾਰ ਸੁ ਸ੍ਰੋਣਤ ਮੇਂ ਭ੍ਰਿਗ ਨੰਦਨ ਆਪ ਭਲੀ ਬਿਧਿ ਨ੍ਹਾਏ॥**
**੪. ਸੁ ਬਸ਼ਿਸ਼ਟ ਮੁਨੀਸ਼ੁਰ ਕੇ ਸੁਤ ਜੋ ਮੁਨਿ ਕੌਸਕ ਆਪ ਸੁ ਤਾਂਹਿ ਹਤਾਏ॥੧੩੮॥**

ਤੁਸ਼ਟਾ=ਇਕ ਬ੍ਰਾਹਮਣ ਦਾ ਨਾਮ ਹੈ। ਮਘਵਾ=ਇੰਦਰ। ਬਰੰਚ=ਬ੍ਰਹਮਾ। ਬਾਹੁਜ=ਖਤ੍ਰੀ। ਸਰੋਣਤ=ਲਹੂ। ਭ੍ਰਿਗ ਨੰਦਨ=ਪਰਸ ਰਾਮ। ਕੌਸਕ=ਵਿਸਵਾਮਿਤ੍ਰ।

ਕ੍ਰੋਧ ਕਹਿਣ ਲਗਾ—੧. ਹੇ ਮਿਤਰ ਲੋਭ ! (ਜੋ) ਮੇਰਾ ਪ੍ਰਤਾਪ ਹੈ, ਉਹ ਸੁਣ ਲੈ, ਮੇਰੀ ਸੰਗਤ ਕਰਨ ਨਾਲ ਪੁਰਖ ਇਹ ਕੰਮ ਕਰਦਾ ਹੈ। ੨. ਤੁਸ਼ਟਾ ਬ੍ਰਾਹਮਣ ਦੇ ਪੁਤ੍ਰ ਨੂੰ ਇੰਦਰ ਨੇ ਮਾਰ ਦਿਤਾ ਸੀ ਅਤੇ ਸ਼ਿਵਜੀ

Sri Satguru Jagjit Singh Ji Elibrary NamdhariElibrary@gmail.com

ਨੇ ਬ੍ਰਹਮਾ ਦਾ ਸਿਰ ਵਢ ਸੁਟਿਆ ਸੀ। ੩. ਖਤਰੀਆਂ ਨੂੰ ਮਾਰ ਕੇ,ਉਨ੍ਹਾਂ ਦੇ ਲਹੂ (ਦੇ ਭਰੇ ਹੋਏ) ਤਲਾਓ ਵਿਚ ਪਰਸ ਰਾਮ ਚੰਗੀ ਤਰ੍ਹਾਂ ਨਾਲ ਨ੍ਹਾਉਂਦਾ ਰਿਹਾ ਸੀ। ੪. ਮਹਾਂ ਮੁਨੀ ਵਸ਼ਿਸ਼ਟ ਜੀ ਦੇ ਜਿਹੜੇ ਸੌ ਪੁਤਰ ਸਨ, ਉਨ੍ਹਾਂ ਨੂੰ ਵਿਸ਼ਵਾਮਿਤ੍ਰ ਮੁਨੀ ਨੇ ਆਪਣੇ ਹਥੀਂ ਮਾਰ ਸੁਟਿਆ ਸੀ (ਇਹ ਸਭ ਮੇਰੀ ਹੀ ਸੰਗਤ ਕਰਕੇ ਹੋਇਆ ਸੀ। ਜਦ ਏਡੇ ਵਡੇ ਵਡੇ ਦੇਵਤਿਆਂ ਤੇ ਮਹਾਂ ਮੁਨੀਆਂ ਨੇ ਏਡੇ ਏਡੇ ਵਡੇ ਪਾਪ ਕੀਤੇ ਹਨ ਤਾਂ ਇਸ ਕਲਿਜੁਗ ਦੇ ਜੀਵਾਂ ਦੀ ਕੀ ਗੱਲ ਕਹਿਣੀ ਹੈ ? ਮੇਰੀ ਸੰਗਤ ਕਰਕੇ ਬੁਰੇ ਤੋਂ ਬੁਰਾ ਕਰਨ ਵਲੋਂ ਕੋਈ ਨਹੀਂ ਝਿਜਕਦਾ ਤਾਂ ਸ਼ਾਂਤੀ ਕਿਸ ਤਰ੍ਹਾਂ ਹੋ ਸਕੇਗੀ ?) ॥ ੧੩੮ ॥

ਪ੍ਰਸ਼ਨ ਇੰਦਰ ਨੇ ਤੁਸ਼ਟਾ ਦ੍ਵਿਜ ਦੇ ਪੁਤਰ ਦਾ ਸਿਰ ਕਿਵੇਂ ਕਟਿਆ ਸੀ ਅਤੇ ਜਿਸ ਦਾ ਸਿਰ ਕਟਿਆ ਗਿਆ ਸੀ, ਉਸ ਦਾ ਨਾਮ ਕੀ ਸੀ ?

ਉੱਤਰ-ਇਕ ਸਮੇਂ ਇੰਦਰ ਆਪਣੀ ਸਭਾ ਵਿਚ ਰਾਗ ਰੰਗ ਵੇਖ ਰਿਹਾ ਸੀ,ਉਧਰੋਂ ਬ੍ਰਹਸਪਤੀ ਜੀ ਆ ਗਏ।ਇੰਦਰ ਆਪਣੇ ਰਾਗ ਰੰਗ ਵਿਚ ਮਸਤ ਬੈਠਾ ਸੀ,ਉਸਨੂੰ ਗੁਰੂ ਦੇ ਆਉਣ ਵਲ ਧਿਆਨ ਹੀ ਨਾ ਆਇਆ ਤੇ ਨਾ ਹੀ ਉਸਨੇ ਕੋਈ ਆਦਰ ਸਤਿਕਾਰ ਕੀਤਾ। ਇੰਦਰ ਵਲੋਂ ਇਸ ਤਰ੍ਹਾਂ ਦੀ ਨਿਰਾਦਰੀ ਵੇਖਕੇ, ਦੇਵ ਗੁਰੂ ਬ੍ਰਹਸਪਤੀ ਜੀ ਪਿਛਾਂਹ ਮੁੜ ਕੇ ਬਨ ਵਿਚ ਚਲੇ ਗਏ ਅਤੇ ਆਪਣੇ ਆਸ਼ਰਮ ਵਿਚ ਇਸ ਕਰਕੇ ਨਾ ਗਏ ਕਿ ਮਤਾਂ ਇੰਦਰ ਕਿਧਰੇ ਹੁਣੇ ਹੀ ਮਨਾਉਣ ਵਾਸਤੇ ਨਾ ਆ ਜਾਵੇ, ਇਸ ਅਭਿਮਾਨੀ ਨੂੰ 'ਗੁਰ-ਨਿਰਾਦਰੀ' ਦਾ ਡੰਡ ਜ਼ਰੂਰ ਮਿਲਣਾ ਚਾਹੀਦਾ ਹੈ। 'ਬ੍ਰਹਸਪਤੀ ਨਰਾਜ਼ ਹੋਕੇ ਬਨ ਨੂੰ ਚਲਾ ਗਿਆ ਹੈ'ਇਸ ਗੱਲ ਦਾ ਪਤਾ ਸ਼ੁਕ੍ਰ ਨੂੰ ਮਿਲ ਗਿਆ ਤਾਂ ਉਸ ਨੇ ਦੈਂਤਾਂ ਨੂੰ ਕਿਹਾ-ਇੰਦਰ ਪਾਸੋਂ ਬਦਲਾ ਲੈਣ ਦਾ ਹੁਣ ਬਹੁਤ ਸੋਹਣਾ ਸਮਾਂ ਆਣ ਬਣਿਆ ਹੈ। ਗੁਰੂ ਦੀ ਪ੍ਰੇਰਨਾ ਹੋਣ ਕਰਕੇ ਦੈਂਤਾਂ ਨੇ ਦੇਵਤਿਆਂ ਉਤੇ ਚੜ੍ਹਾਈ ਕਰ ਦਿਤੀ ਅਤੇ ਥੋੜੇ ਹੀ ਸਮੇਂ ਵਿਚ ਦੇਵਤਿਆਂ ਨੂੰ ਮਾਰ ਕੁਟਕੇ ਛਿੰਨ ਭਿੰਨ ਕਰਕੇ ਸਵਰਗ ਚੋਂ ਬਾਹਰ ਕਢ ਦਿਤਾ। ਦੇਵਤਿਆਂ ਸਣੇ ਇੰਦਰ ਨੇ ਦੁਖੀ ਹੋਕੇ ਬ੍ਰਹਮਾ ਪਾਸ ਆ ਕੇ ਬੇਨਤੀ ਕੀਤੀ,ਤਾਂ ਬ੍ਰਹਮਾਂ ਨੇ ਕਿਹਾ-ਹੇ ਸੁਰੇਸ਼ ! ਤੂੰ ਬੜਾ ਉਗਰ ਪਾਪ ਕੀਤਾ ਹੈ, ਗੁਰੂ ਦਾ ਤ੍ਰਿਸਕਾਰ ਕਰਨ ਕਰਕੇ ਹੀ ਤੇਰੀ ਅਜਿਹੀ ਦੁਰਦਸ਼ਾ ਹੋਈ ਹੈ। ਹੁਣ ਤੂੰ ਤੁਸ਼ਟਾ ਬ੍ਰਾਹਮਣ ਦੇ ਪੁਤ੍ਰ 'ਵਿਸਸ਼੍ਰਵਾ' ਪਾਸੋਂ ਯਗ ਕਰਵਾ, ਤਦ ਤੂੰ ਸ਼ਤਰੂਆਂ ਨੂੰ ਜਿਤ ਸਕੇਂਗਾ। ਪਰ ਯਗ ਕਰਾਉਣ ਸਮੇਂ ਖਿਮਾ ਧਾਰੀ ਰਖੀਂ। ਜੇਕਰ ਕਿਸੇ ਦਾ ਕੋਈ ਅਪਰਾਧ ਭੀ ਵੇਖ ਲਵੇਂ ਤਾਂ ਭੀ ਖਿਮਾ ਧਾਰੀਂ।ਉਸ ਵਿਸਸ਼੍ਰਵਾ ਦੀ ਮਾਤਾ ਦੈਂਤ ਪੁਤਰੀ ਹੈ, ਉਸ ਦੇ ਮੋਹ ਕਰਕੇ ਵਿਸਸ਼੍ਰਵਾ ਜੇਕਰ ਦੈਂਤਾਂ ਦਾ ਕੁਝ ਪਖ ਭੀ ਕਰੇ ਤਾਂ ਭੀ ਤੂੰ ਖਿਮਾ ਧਾਰੀਂ, ਤਾਂਹੀ ਤੇਰਾ ਕਾਰਜ ਸਿਧ ਹੋਵੇਗਾ। ਬ੍ਰਹਮਾ ਪਾਸੋਂ ਇਸ ਤਰ੍ਹਾਂ ਦੀ ਸਿਖਿਆ ਸੁਣ ਕੇ ਇੰਦਰ ਨੇ ਤੁਸ਼ਟਾ ਬ੍ਰਾਹਮਣ ਦੇ ਪੁਤਰ ਕੋਲ ਆ ਕੇ ਪ੍ਰਾਰਥਨਾ ਕੀਤੀ ਅਤੇ ਉਸ ਨੂੰ ਪਰੋਹਤ ਬਣਾ ਕੇ ਯਗ ਕਰਨਾ ਸ਼ੁਰੂ ਕਰ ਦਿਤਾ। ਵਿਸਸ਼੍ਰਵਾ ਦੀ ਮਾਤਾ ਨੇ ਕਿਹਾ-ਆਪਣੇ ਮਾਮੇ ਦੈਂਤਾਂ ਦਾ ਭੀ ਕੁਝ ਧਿਆਨ ਰਖੀਂ। ਮਾਤਾ ਦੀ ਪ੍ਰੇਰਨਾ ਕਰਕੇ ਵਿਸਸ਼੍ਰਵਾ ਯਗ ਕਰਾਂਦਾ ਹੋਇਆ ਦੇਵਤਿਆਂ ਨੂੰ ਅਹੂਤੀ ਦੇਣ ਵੇਲੇ ਉਚੀ ਸੁਰ ਨਾਲ ਮੰਤਰ ਉਚਾਰਨ ਕਰਦਾ,ਪਰ ਨਾਲ ਹੀ ਧੀਮੀ ਅਵਾਜ਼ ਨਾਲ ਅਸੁਰਾਂ ਨੂੰ ਭੀ ਅਹੂਤੀ ਦੇਈ ਜਾਂਦਾ। ਇਸ ਗਲ ਦਾ ਇੰਦ੍ਰ ਨੂੰ ਭੀ ਪਤਾ ਲਗ ਗਿਆ। ਉਸਨੇ ਬ੍ਰਹਮਾ ਦੀ ਸਿਖਿਆ ਨੂੰ ਭੁਲਾ ਦਿਤਾ ਤੇ ਕ੍ਰੋਧ ਵਸ ਹੋਕੇ ਬਜਰ ਮਾਰਕੇ ਵਿਸਸ਼੍ਰਵਾ ਦੇ ਤਿੰਨੇ ਸਿਰ ਵਢ ਸੁਟੇ। (ਭਾਗਵਤ ਸਕੰਧ ੬, ਅਧ: ੭, ੮ ਤੇ ੯)

ਪ੍ਰਸ਼ਨ-ਸ਼ਿਵਜੀ ਨੇ ਬ੍ਰਹਮਾ ਦਾ ਸਿਰ ਕਿਵੇਂ ਕਟਿਆ ਸੀ ?

ਉੱਤਰ-ਬ੍ਰਹਮਾ ਆਪਣੀ ਪੁਤਰੀ ਸਰਸੁਤੀ ਦੇ ਰੂਪ ਨੂੰ ਵੇਖ ਕੇ ਮੋਹਤ ਹੋ ਗਿਆ ਅਤੇ ਉਸ ਦਾ ਰੂਪ ਵੇਖਣ ਵਾਸਤੇ ਬ੍ਰਹਮਾ ਨੇ ਚਾਰ ਸਿਰ ਬਣਾ ਲਏ ਤਾਂ ਉਹ ਲੜਕੀ ਆਪਣੇ ਆਪ ਨੂੰ ਲੁਕਾਉਣ ਵਾਸਤੇ ਅਕਾਸ਼ ਵਲ ਉਡ ਗਈ। ਬ੍ਰਹਮਾ ਨੇ ਪੰਜਵਾਂ ਸਿਰ ਅਕਾਸ਼ ਵਲ ਕਰ ਲਿਆ। ਉਸ ਦੀ ਅਜਿਹੀ ਅਨੀਤੀ ਵੇਖ ਕੇ ਸ਼ਿਵਜੀ ਨੇ ਕ੍ਰੋਧਵਾਨ ਹੋ ਕੇ ਬ੍ਰਹਮਾ ਦਾ ਪੰਜਵਾਂ ਸਿਰ ਕਟ ਦਿਤਾ।

**ਦੋਹਰਾ-੧. ਵਿਦਯਾ ਕੀਰਤਿ ਵੰਤ ਪੁਨ ਸਦਾਚਾਰ ਦਾਤਾਰ ॥**
**੨. ਮੈ ਪ੍ਰਤਾਪ ਨਰ ਭੂਖਨਾ ਖਿਨ ਮੈ ਭਜੇ ਵਿਕਾਰ ॥ ੧੩੯ ॥**

Sri Satguru Jagjit Singh Ji Elibrary NamdhariElibrary@gmail.com

ਜੋ ਪੁਰਸ਼ ਵਿਦਿਆ ਵਾਲਾ, ਕੀਰਤੀ ਵਾਲਾ, ਸਰੇਸ਼ਟ ਅਚਾਰ ਵਾਲਾ ਤੇ ਦਾਤਾ ਹੋਵੇ। ੨. ਅਤੇ ਪੁਰਸ਼ਾਂ ਵਿਚੋਂ ਭੂਖਨ ਰੂਪ (ਜਗਤ ਪ੍ਰਸਿਧ ਭੀ ਹੋਵੇ) ਮੇਰੇ ਪ੍ਰਤਾਪ ਕਰਕੇ ਉਹ ਭੀ ਇਕ ਖਿਨ ਵਿਚ ਹੀ ਵਿਕਾਰਾਂ ਵਿਚ ਲਗ ਜਾਵੇਗਾ, (ਹੋਰ ਮੈਂ ਆਪਣਾ ਬਲ ਤੁਹਾਨੂੰ ਕੀ ਦੱਸਾਂ ?)॥ ੧੩੯॥

ਲੋਭ ਉਵਾਚ॥

**ਚੌਪਈ॥**

**੧. ਤ੍ਰਿਸ਼ਨੇ ਆਉ ਬੇਗ ਇਤ ਓਰਾ॥ ਮੇਰੇ ਬੈਨ ਸੁਣੋ ਸ਼੍ਰੁਤ ਭੋਰਾ॥**

**੨. ਤ੍ਰਿਸ਼ਨਾ ਬੈਠ ਸਮੀਪ ਉਚਾਰੇ॥ ਆਗਜ਼ਾ ਕਰੋ ਸੁ ਪ੍ਰਾਨ ਪਿਆਰੇ॥੧੪੦॥**

ਕ੍ਰੋਧ ਦੀ ਗੱਲ ਸੁਣਕੇ, ਲੋਭ ਫੇਰ ਕਹਿਣ ਲੱਗਾ-੧. ਹੇ ਤ੍ਰਿਸ਼ਨਾ! ਤੂੰ ਛੇਤੀ ਨਾਲ ਇਧਰ (ਮੇਰੇ) ਵਲੇ ਆਉ ਅਤੇ ਕੰਨ ਦੇਕੇ ਰਤਾ ਜਿੰਨੇ ਮੇਰੇ ਬਚਨ ਸੁਣ ਲੈ। ੨. ਤ੍ਰਿਸ਼ਨਾ ਆ ਗਈ ਅਤੇ ਕੋਲ ਬਹਿਕੇ ਕਹਿਣ ਲੱਗੀ-ਹੇ ਮੇਰੇ ਪ੍ਰਾਨ ਪਿਆਰੇ ਪਤੀ ਜੀਉ! (ਜਿਸ ਲਈ ਸਦਿਆ ਹੈ, ਮੈਨੂੰ) ਉਹ ਹੁਕਮ ਕਰੋ॥੧੪੦॥

**੧. ਲੋਭ ਕਹੇ ਸੁਨ ਪ੍ਰਾਨ ਪਿਆਰੀ॥ ਖੇਤ੍ਰ ਗ੍ਰਾਮ ਪੁਨ ਨਗਰ ਉਦਾਰੀ॥**

**੨. ਪੁਰ ਅਰੁ ਦੀਪ ਭੂਮਿ ਕੇ ਚਹੇ॥ ਆਸ ਫਾਸ ਜਿਨ ਕੇ ਮਨ ਗਹੇ॥ ੧੪੧॥**

੧. ਲੋਭ ਕਹਿਣ ਲਗਾ-ਹੇ ਪ੍ਰਾਣਾਂ ਤੋਂ ਪਿਆਰੀ ਤ੍ਰਿਸ਼ਨਾ! ਮੇਰੀ ਆਗਯਾ ਸੁਣ, (ਜਿਸ ਕੋਲ ਇਕ) ਖੇਤ (ਹੈ, ਉਸ ਨੂੰ ਸਾਰੇ) ਪਿੰਡ ਦੀ ਜ਼ਿਮੀਂ (ਦੀ ਲਾਲਸਾ ਅਤੇ ਜਿਸ ਕੋਲ) ਗ੍ਰਾਮ (ਹੈ, ਉਸਨੂੰ) ਵਡੇ ਭਾਰੇ ਸ਼ਹਿਰ ਤੇ ਉਸ ਤੋਂ ਭੀ ਵਧੀਕ ਧਰਤੀ (ਦੀ ਇਛਾ ਲਗਾ ਦੇਹੁ)। ੨. ਸ਼ਹਿਰ ਦੀ ਧਰਤੀ ਵਾਲੇ ਨੂੰ ਟਾਪੂ ਦੀ ਧਰਤੀ ਦੀ ਚਾਹ ਲਗਾ ਦੇਹੁ, (ਕਿਉਂਕਿ ਇਸ ਤਰ੍ਹਾਂ ਦੀ) 'ਆਸ' ਦੀ ਫਾਹੀ ਜਿਨ੍ਹਾਂ ਦੇ ਮਨ ਨੂੰ ਗ੍ਰਸ ਲਏਗੀ, (ਉਨ੍ਹਾਂ ਨੂੰ ਸ਼ਾਂਤਿ ਹੀ ਕਦ ਆ ਸਕੇਗੀ)॥ ੧੪੧॥

**੧. ਤਿਨ ਪਰ ਕ੍ਰਿਪਾ ਸੁ ਐਸੀ ਕਰਿਯੋ॥ ਬ੍ਰਹਮੰਡ ਲਾਖ ਨਹ ਤਾਂ ਮਨਭਰਿਯੋ॥**

**੨. ਤ੍ਰਿਸ਼ਨੇ ਜਾ ਉਰ ਚਰਨ ਟਿਕੈਹੈ॥ ਸ਼ਾਂਤਿ ਕਹਾਂ ਤੇ ਨਰ ਪੈ ਹੈ॥ ੧੪੨॥**

੧. ਉਨ੍ਹਾਂ ਉਤੇ ਤੂੰ ਅਜਿਹੀ ਕ੍ਰਿਪਾ ਕਰ ਦੇਵੀਂ (ਕਿ) ਲੱਖਾਂ (ਰੁਪੈ ਕੋਲ ਹੁੰਦਿਆਂ ਤੇ ਲੱਖਾਂ) ਬ੍ਰਹਮੰਡਾਂ (ਦੇ ਮਾਲਕ ਹੁੰਦੇ ਹੋਇਆਂ ਭੀ) ਉਨ੍ਹਾਂ ਦਾ ਮਨ ਨਾ ਭਰਿਆ ਜਾਏ। ੨. ਹੇ ਤ੍ਰਿਸ਼ਨਾ! ਜਿਸ ਦੇ ਹਿਰਦੇ ਵਿਚ ਤੂੰ ਪੈਰ ਟਿਕਾ ਦੇਵੇਂਗੀ, ਉਹ ਪੁਰਸ਼ ਜਗਤ ਵਿਚ ਸ਼ਾਂਤਿ ਨੂੰ ਕਿਸ ਤਰ੍ਹਾਂ ਪਾਵੇਗਾ? ਅਰਥਾਤ ਤੇਰੀ ਸੰਗਤ ਕਰਨ ਵਾਲਾ ਕਦੇ ਭੀ ਸ਼ਾਂਤਿ ਨਹੀਂ ਪਾਵੇਗਾ॥ ੧੪੨॥

ਤ੍ਰਿਸ਼ਨਾ ਉਵਾਚ॥

**ਦੋਹਰਾ-੧. ਆਰਯ ਸੁਤ ਮੈਂ ਆਪ ਹੀ ਸਦਾ ਚਹੋਂ ਸਭ ਭੌਨ॥**

**੨. ਅਬ ਆਇਸ ਤੁਮਰੀ ਭਈ ਮਮ ਤ੍ਰਿਪਤਾਵੇ ਕੌਨ॥ ੧੪੩॥**

੧. ਤ੍ਰਿਸ਼ਨਾ ਕਹਿਣ ਲਗੀ-ਹੇ ਸਰੇਸ਼ਟ ਦੇ ਪੁਤਰ ਜੀ! ਮੈਂ ਤਾਂ ਆਪ ਹੀ ਸਾਰੇ ਲੋਕਾਂ (ਦੇ ਰਾਜ ਨੂੰ) ਚਾਹੁੰਦੀ ਹਾਂ। ੨. ਜਦ ਕਿ ਹੁਣ ਤੁਹਾਡੀ ਆਗਿਆ ਹੋ ਗਈ ਹੈ, ਤਾਂ ਫਿਰ ਹੁਣ ਮੈਨੂੰ ਕੌਣ ਰਜਾ ਸਕੇਗਾ॥ ੧੪੩॥

**ਦੋਹਰਾ-੧. ਬ੍ਰਹਮੰਡ ਕੋਟ ਕੋ ਪਾਇ ਨਰ ਮੇ ਉਰ ਸੰਗਤਿ ਹੋਇ॥**

**੨. ਮੇਰੋ ਉਦਰ ਨ ਪੂਰਈ, ਤਾਂ ਮਹਿ ਸ਼ਾਂਤਿ ਨ ਹੋਇ॥ ੧੪੪॥**

Sri Satguru Jagjit Singh Ji Elibrary NamdhariElibrary@gmail.com

੧. ਜੇ ਕੋਈ ਕਰੋੜਾਂ ਬ੍ਰਹਮੰਡਾਂ (ਦੇ ਰਾਜ) ਨੂੰ ਪਾ ਲਵੇ (ਅਤੇ ਉਸ ਦੇ) ਹਿਰਦੇ ਨਾਲ ਮੇਰੀ ਸੰਗਤ ਹੋ ਜਾਵੇ। ੨. ਤਾਂ ਉਹ ਮੇਰਾ ਪੇਟ ਨਹੀਂ ਭਰ ਸਕੇਗਾ, (ਇਸ ਲਈ) ਉਸ ਵਿਚ ਸ਼ਾਂਤਿ ਕਦੇ ਭੀ ਨਹੀਂ ਹੋਵੇਗੀ (ਇਸ ਲਈ ਆਪ ਸ਼ਾਂਤਿ ਵਲੋਂ ਸਦਾ ਹੀ ਬੇਫਿਕਰ ਰਹੋ) ॥ ੧੪੪ ॥

ਕ੍ਰੋਧ ਉਵਾਚ ॥

**ਚੌਪਈ ॥**

**੧. ਹਿੰਸੇ ਆਉ ਤੂੰ ਇਤ ਮਮ ਓਰਾ ॥ ਭਾਖਤ ਬੈਨ ਸੁਨੋ ਤੁਮ ਮੇਰਾ ॥**
**੨. ਇਤਨੇ ਮਹਿ ਹਿੰਸਾ ਢਿਗ ਆਈ॥ ਆਰਯ ਸੁਤ ਮਮ ਦੇਹੁ ਬਤਾਈ ॥੧੪੫॥**

੧. ਫੇਰ ਕ੍ਰੋਧ ਨੇ ਆਪਣੀ ਇਸਤ੍ਰੀ ਨੂੰ ਕਿਹਾ-ਹੇ ਹਿੰਸਾ ! ਤੂੰ ਇਧਰ ਮੇਰੇ ਵਲ ਆ, (ਜੋ ਮੈਂ) ਕਹਿੰਦਾ ਹਾਂ, ਤੂੰ ਮੇਰੇ ਬਚਨ (ਨੂੰ ਧਿਆਨ ਦੇ ਕੇ) ਸੁਣ! ੨. ਏਨੇ (ਚਿਰ) ਵਿਚ ਹਿੰਸਾ (ਕ੍ਰੋਧ ਦੇ) ਕੋਲ ਆ ਗਈ (ਅਤੇ ਕਹਿਣ ਲਗੀ)-"ਹੇ ਸਰੇਸ਼ਟ ਦੇ ਪੁਤ੍ਰ ! (ਜਿਸ ਕੰਮ ਵਾਸਤੇ ਮੈਨੂੰ ਸਦਿਆ ਹੈ, ਉਹ ਕੰਮ) ਮੈਨੂੰ ਦਸ ਦੇਹੁ" ॥ ੧੪੫ ॥

**ਚੌਪਈ ॥**

**੧. ਤੂੰ ਮਮ ਧਰਮ ਚਾਰਿਣੀ ਨਾਰ ॥ ਯਹ ਤਵ ਸੰਗਤ ਕੇ ਉਪਕਾਰ ॥**
**੨. ਮਾਤ ਪਿਤਾ ਦਿਕ ਬਧਹੇ ਜੋਈ ॥ ਕਰੈਂ ਸੁਖੇਨ ਡਰੇ ਨਹਿ ਕੋਈ ॥ ੧੪੬ ॥**

੧. ਹਿੰਸਾ ਦਾ ਕਹਿਣਾ ਸੁਣ ਕੇ ਕ੍ਰੋਧ ਕਹਿਣ ਲਗਾ-ਹੇ ਹਿੰਸਾ! ਤੂੰ ਮੇਰੀ ਇਸਤ੍ਰੀ ਧਰਮ ਵਿਚ ਚਲਣ ਵਾਲੀ (ਪਤਿਬ੍ਰਤਾ ਹੈਂ), ਤੇਰੀ ਸੰਗਤ ਦਾ ਇਹੋ ਉਪਕਾਰ ਮੈਂ ਚਾਹੁੰਦਾ ਹਾਂ। ੨. ਕਿ ਮਾਂ, ਪਿਉ ਤੇ ਗੁਰੂ ਆਦਿਕਾਂ ਦੇ ਮਾਰ ਦੇਣ ਦਾ ਜੋ ਪਾਪ ਹੈ, ਉਸਨੂੰ ਪੁਰਖ ਸਹਿਜੇ ਹੀ ਕਰ ਦੇਂਦਾ ਹੈ ਅਤੇ ਕੋਈ ਰਤਾ ਜਿੰਨਾ ਭੀ ਡਰਦਾ ਨਹੀਂ ਹੈ, (ਅਰਥਾਤ ਤੂੰ ਪੁਰਖਾਂ ਦੇ ਹਿਰਦੇ ਵਿਚ ਵਾਸਾ ਕਰਕੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਘੋਰ ਪਾਪ ਕਰਨ ਵਿਚ ਲਗਾ ਦੇਹ ਜਿਸ ਕਰਕੇ ਪਾਪ ਦਾ ਡਰ ਸਭਨਾਂ ਦੇ ਦਿਲ ਤੋਂ ਦੂਰ ਹੋ ਜਾਵੇ) ॥ ੧੪੬ ॥

**ਸਵੈਯਾ ॥**

**੧. ਕੌਨ ਪਿਸਾਚਿਨਿ ਮਾਤ ਅਹੇ ਪੁਨ ਕੌਨ ਸੁ ਮੱਕੜ ਭ੍ਰਾਤ ਹਮਾਰੇ ॥**
**੨. ਭ੍ਰਾਤ ਸਭੈ ਮਮ ਕੀਟ ਸਮੰ ਅਬ ਬਾਂਧਵ ਪੰਜ ਬਨੇ ਸਭ ਮਾਰੇ ॥**
**੩. ਜਾਤ ਜਏ ਖਲ ਹੈਂ ਸਭ ਹੀ ਇਮ ਬੋਲਤ ਹੈਂ ਜਨੁ ਕੀਸ ਪੁਕਾਰੇ ॥**
**੪. ਮੀਜ ਦੋਊ ਕਰ ਕ੍ਰੋਧ ਬਲੀ ਕਵਿ ਸਿੰਘ ਗੁਲਾਬ ਸੁ ਦੇਹੁ ਉਚਾਰੇ ॥੧੪੭॥**

੧. (ਕਰੋਧ ਕਹਿਣ ਲਗਾ-ਹੇ ਹਿੰਸੇ! ਮੇਰੀ ਸੰਗਤ ਦੇ ਪ੍ਰਤਾਪ ਕਰਕੇ ਪੁਰਖ ਅਗੇ ਇਸ ਤਰ੍ਹਾਂ ਕਹਿੰਦੇ ਹਨ, ਕਿ) ਕਿਹੜੀ ਚੁੜੇਲ ਮੇਰੀ ਮਾਂ ਹੈ ? ਅਤੇ ਕਿਹੜਾ ਭੜੂਵਾ ਮੇਰਾ ਪਿਓ ਹੈ ? ੨. ਮੇਰੇ ਸਾਰੇ ਹੀ ਭਰਾ ਕੀੜਿਆਂ ਵਰਗੇ ਹਨ, ਮੈਨੂੰ ਅਜਿਹਾ ਗੁਸਾ ਚੜ੍ਹਦਾ ਹੈ, ਉਨ੍ਹਾਂ ਸਾਰੇ ਭਰਾਵਾਂ ਨੂੰ ਹੁਣੇ ਮਾਰ ਸੁਟਾਂ ਤਾਂ ਚੰਗਾ ਹੈ। ੩. ਬਰਾਦਰੀ ਦੇ ਲੋਕ ਤਾਂ ਸਾਰੇ ਹੀ ਮੂਰਖ ਹਨ ਅਤੇ ਇਸ ਤਰ੍ਹਾਂ (ਕਚਰ ਕਚਰ) ਬੋਲਦੇ ਹਨ, ਮਾਨੋ ਬਾਂਦਰ ਬੋਲਦੇ ਹਨ। ੪. ਗ੍ਰੰਥ ਕਰਤਾ ਗੁਲਾਬ ਸਿੰਘ ਜੀ ਕਹਿੰਦੇ ਹਨ ਕਰੋਧ ਨੇ ਕਿਹਾ-ਉਹ ਪੁਰਖ ਆਪ ਨੂੰ ਬਲੀ (ਮੰਨਕੇ) ਹਥ ਦੀਆਂ ਦੋਵੇਂ ਮੁਠਾਂ ਮੀਟ ਕੇ ਕਰੋਧ ਨਾਲ ਇਸ ਤਰ੍ਹਾਂ ਕਹਿੰਦੇ ਹਨ ॥ ੧੪੭ ॥

Sri Satguru Jagjit Singh Ji Elibrary NamdhariElibrary@gmail.com

**ਨਰਾਜ ਛੰਦ—੧. ਸੁ ਗਰਭ ਲੌ ਇਨੈ ਕੁਲੰ ਸਮਸਤ ਆਜ ਮਾਰ ਹੌਂ ॥**
**੨. ਯੁਵਾ ਸੁ ਬਾਲ ਬ੍ਰਿਧ ਲੌ ਨ ਏਕ ਕੋ ਉਬਾਰ ਹੌਂ ॥**
**੩. ਸਮਸਤ ਭੂਮਿ ਕੇ ਬਿਖੈ ਨ ਯਾਹਿ ਕੇ ਠਰਾਇ ਹੈਂ ॥**
**੪. ਸੁ ਕ੍ਰੋਧ ਜ੍ਵਾਲ ਨੈਨ ਕੀ ਵਿਰਾਮ ਤੌਂ ਸੁ ਪਾਇ ਹੈਂ ॥੧੪੮॥**

ਸਮਸਤ=ਸਾਰੀ। ਯੁਵਾ=ਜੁਆਨ। ਬ੍ਰਿਧ=ਬੁਢਾ। ਜ੍ਵਾਲ=ਲਾਟ। ਵਿਰਾਮ=ਠੰਢਾ ਹੋਣਾ, ਬੁਝਣਾ।

੧. ਇਨ੍ਹਾ ਦੇ ਸਾਰੇ ਕੁਲ ਦੇ ਗਰਭ (ਵਿਚਲੇ ਬਚਿਆਂ) ਤਕ ਅਜੇ ਹੀ ਮਾਰ ਸੁਟਾਂਗਾ। ੨. ਬਾਲ, ਜੁਆਨ ਤੇ ਬੁਢੇ ਤਕ ਇਕ ਨੂੰ ਭੀ ਜੀਉਂਦਾ ਨਹੀਂ ਛਡਾਂਗਾ। ੩. ਸਾਰੀ ਧਰਤੀ ਵਿਚ ਇਨ੍ਹਾਂ ਦਾ (ਨਾਮ-ਨਿਸ਼ਾਨ ਭੀ) ਨਹੀਂ ਰਹਿਣ ਦੇਵਾਂਗਾ। ੪. ਤਦ ਹੀ ਮੇਰੇ ਨੈਣਾਂ ਦੀ ਕ੍ਰੋਧ ਅਗਨੀ ਸ਼ਾਂਤੀ ਨੂੰ ਪਾਵੇਗੀ (ਅਰਥਾਤ ਮੇਰਾ ਕਰੋਧ ਤਦੋਂ ਹੀ ਦੂਰ ਹੋਵੇਗਾ) ॥ ੧੪੮ ॥

ਕਵਿ ਉਵਾਚ ॥

**ਦੋਹਰਾ—੧. ਹਿੰਸਾ ਤ੍ਰਿਸ਼ਨਾ ਕ੍ਰੋਧ ਪੁਨ ਲੋਭ ਮਿਲੇ ਯਹ ਚਾਰ ॥**
**੨. ਜਾਇ ਸਮੀਪ ਸੁ ਮੋਹ ਕੇ ਜੈ ਜੈ ਕੀਨ ਉਚਾਰ ॥੧੪੯॥**

ਗ੍ਰੰਥ ਕਰਤਾ ਜੀ ਕਹਿੰਦੇ ਹਨ—

੧. ਹਿੰਸਾ ਤੇ ਕਰੋਧ ਅਤੇ ਤ੍ਰਿਸ਼ਨਾ ਤੇ ਲੋਭ, ਇਹ ਚਾਰੇ ਜਣੇ ਕਠੇ ਹੋ ਕੇ ਤੁਰੇ। ੨. ਮਹਾਂ ਮੋਹ ਰਾਜੇ ਦੇ ਕੋਲ ਜਾਕੇ ਕਿਹਾ—ਮਹਾਰਾਜ ਦੀ ਜੈ ਜੈਕਾਰ ਹੋਵੇ, (ਅਤੇ ਅਰਜ਼ ਕੀਤੀ, ਅਸੀਂ ਆਪ ਜੀ ਦੇ ਸਦੇ ਹੋਏ ਹਾਜ਼ਰ ਹੋ ਗਏ ਹਾਂ, ਹੁਕਮ ਕਰੋ) ॥ ੧੪੯ ॥

ਮਹਾਂ ਮੋਹ ਉਵਾਚ ॥

**ਦੋਹਰਾ—੧. ਸਰਧਾ ਪੁਤ੍ਰੀ ਸ਼ਾਂਤਿ ਹੈ, ਹਮ ਸੰਗ ਵੈਰ ਕਮਾਇ ॥**
**੨. ਤੁਮ ਤਿਹ ਲਿਆਵੋ ਬਾਂਧ ਕੇ ਆਇਸ ਮੋਰੀ ਪਾਇ ॥੧੫੦॥**

੧. ਮਹਾਂਮੋਹ ਰਾਜੇ ਨੇ ਕਿਹਾ—'ਸਰਧਾ' ਦੀ ਧੀ (ਜਿਸਦਾ ਨਾਮ) 'ਸ਼ਾਂਤੀ' ਹੈ, ਉਹ ਸਾਡੇ ਨਾਲ ਵੈਰ ਕਮਾਉਣ ਲੱਗੀ ਹੈ। ੨. ਮੇਰਾ ਹੁਕਮ ਮੰਨਕੇ, ਤੁਸੀਂ ਉਸਨੂੰ ਕੈਦ ਕਰਕੇ (ਮੇਰੇ ਕੋਲ) ਲੈ ਆਵੋ ॥ ੧੫੦ ॥

**ਦੋਹਰਾ—੧. ਸਰਧਾ ਪੁਤਰੀ ਬਾਂਧ ਹਿਤ ਗਏ ਮਨ ਨ੍ਰਿਪ ਬੈਨ ॥**
**੨. ਗੁਲਾਬ ਸਿੰਘ ਸਾਚੀ ਕਹੌਂ ਭਯੋ ਅਖਾੜੇ ਚੈਨ ॥੧੫੧॥**

੧. ਰਾਜੇ ਦਾ ਹੁਕਮ ਮੰਨਕੇ 'ਸਰਧਾ' ਦੀ ਧੀ—ਸ਼ਾਂਤੀ ਨੂੰ ਬੰਨ੍ਹ ਲਿਆਉਣ ਵਾਸਤੇ (ਚਾਰੇ ਜਣੇ ਚਲੇ) ਗਏ। ੨. ਗ੍ਰੰਥ ਕਰਤਾ ਜੀ ਕਹਿੰਦੇ ਹਨ ਮੈਂ ਸੱਚ ਕਹਿੰਦਾ ਹਾਂ, (ਉਨ੍ਹਾਂ ਦੇ ਚਲੇ ਜਾਣ ਕਰਕੇ) ਅਖਾੜੇ ਵਿਚ ਚੈਨ (ਸੁਖ-ਸ਼ਾਂਤਿ) ਹੋ ਗਿਆ ॥ ੧੫੧ ॥

ਇਸ ਕਥਨ ਦਾ ਭਾਵ ਇਹ ਹੈ ਕਿ ਜਿਸ ਪੁਰਸ਼ ਦੇ ਹਿਰਦੇ ਵਿਚੋਂ ਇਹ ਚਾਰੇ ਬਾਹਰ ਨਿਕਲ ਗਏ ਹਨ, ਉਸਦੇ ਅੰਤਹਕਰਣ ਵਿਚ ਆਤਮ ਅਨੰਦ ਪ੍ਰਾਪਤ ਹੋ ਗਿਆ ਹੈ, ਕਿਉਂਕਿ ਇਨ੍ਹਾਂ ਚੌਹਾਂ ਦੇ ਸਬੰਧ ਕਰਕੇ ਹੀ ਜੀਵ ਬਣਿਆ, ਜੇ ਇਨ੍ਹਾਂ ਦੀ ਸੰਗਤ ਦੂਰ ਹੋ ਜਾਵੇ ਤਾਂ 'ਰਾਮ ਦੀ ਅੰਸ' ਰੂਪ ਜੀਵ ਆਪਣੇ ਅੰਸੀ ਰੂਪ ਰਾਮ ਨਾਲ ਆਪਣਾ ਤਦਾਤਮ ਅਨੁਭਵ ਕਰਕੇ ਅਨੰਦ ਮਗਨ ਹੋ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

## ਚੌਪਈ ॥

**੧. ਮਹਾਂਮੋਹ ਪੁਨ ਕੀਨ ਉਚਾਰੀ ॥ ਸ਼ਰਧਾ ਪੁਤ੍ਰੀ ਸ਼ਾਂਤਿ ਬਿਚਾਰੀ ॥**
**੨. ਤਾਂ ਨਿਗ੍ਰਹ ਕੋ ਔਰ ਉਪਾਇ ॥ ਸੋ ਮੇਰੇ ਉਰ ਭਾਸਜੋ ਆਇ ॥ ੧੫੨ ॥**

ਨਿਗ੍ਰਹ=ਕਾਬੂ ਕਰਨਾ।

੧. ਮਹਾਂਮੋਹ ਨੇ ਫੇਰ ਕਿਹਾ–(ਕਿ ਜੋ) ਸਰਧਾ ਦੀ ਧੀ ਵਿਚਾਰੀ ਸਾਂਤੀ ਹੈ। ੨. ਉਸਦੇ ਕਾਬੂ ਕਰਨ ਦਾ ਇਕ ਹੋਰ ਯਤਨ (ਜੋ ਬੜੀ ਛੇਤੀ ਕਾਬੂ ਕਰ ਲੈਣ ਵਾਲਾ ਹੈ), ਉਹ ਮੇਰੇ ਹਿਰਦੇ ਵਿਚ ਪ੍ਰਗਟ ਹੋ ਆਇਆ ਹੈ ॥ ੧੫੨ ॥

## ਚੌਪਈ ॥

**੧. ਸ਼ਾਂਤਿ ਮਾਤ ਸਰਧਾ ਹੈ ਜੋਈ ॥ ਰਹੇ ਪ੍ਰਤੰਤ੍ਰ ਸਦਾ ਜਗ ਸੋਈ ॥**
**੨. ਉਪਨਿਖਦ ਬਿਖੈ ਸਰਧਾ ਹੈ ਜੇਤੀ ॥ ਪ੍ਰਿਥਮ ਹਟੱਯੇ ਸਗਲੀ ਤੇਤੀ ॥੧੫੩॥**

੧. ਸ਼ਾਂਤੀ ਦੀ ਮਾਂ ਜੋ ਸਰਧਾ ਹੈ, ਜਗਤ ਵਿਚ ਉਹ ਸਦਾ ਹੀ ਪਰਾਏ-ਅਧੀਨ ਰਹਿੰਦੀ ਹੈ। ੨. ਉਪਨਿਸ਼ਦ ਵਿਚ (ਲੋਕਾਂ ਦੀ) ਜਿੰਨੀ ਭੀ ਸਰਧਾ ਹੈ, ਪਹਿਲੋਂ ਉਹ ਸਾਰੀ ਦੀ ਸਾਰੀ ਦੂਰ ਕਰ ਦੇਣੀ ਚਾਹੀਦੀ ਹੈ ॥ ੧੫੩ ॥

## ਚੌਪਈ ॥

**੧. ਮਾਤ ਵਿਯੁਗਤ ਜਬੈ ਵਹੁ ਹੋਈ ॥ ਮਰੇ ਸ਼ਾਂਤਿ ਖਿਨ ਭੀਤਰ ਸੋਈ ॥**
**੨. ਸਰਧਾ ਬੇਗ ਹਟਾਵਨ ਕਾਜ ॥ ਮਿਥ੍ਯਾ ਦ੍ਰਿਸਟਿ ਬੁਲੱਯੇ ਆਜ ॥੧੫੪॥**

ਵਿਯੁਗਤ=ਵਿਛੋੜਾ।

੧. ਜਦੋਂ ਉਸ (ਸ਼ਾਂਤਿ) ਦਾ ਮਾਤਾ-ਸਰਧਾ ਨਾਲੋਂ ਵਿਛੋੜਾ ਹੋ ਜਾਵੇਗਾ, (ਤਾਂ) ਸ਼ਾਂਤੀ ਉਸੇ ਖਿਨ ਵਿਚ ਮਰ ਜਾਵੇਗੀ। ੨. ਸਰਧਾ ਨੂੰ ਉਪਨਿਸ਼ਦਾਂ ਵਲੋਂ ਛੇਤੀ ਹਟਾਉਣ ਦੇ ਵਾਸਤੇ, 'ਮਿਥ੍ਯਾ ਦ੍ਰਿਸ਼ਟੀ' ਨੂੰ ਅਜੇ ਹੀ ਸੱਦ ਲੈਣਾ ਚਾਹੀਦਾ ਹੈ ॥ ੧੫੪ ॥

## ਚੌਪਈ ॥

**੧. ਇਤ ਉਤ ਭੂਪਤਿ ਦ੍ਰਿਸ਼ਟਿ ਪਸਾਰੀ ॥ ਵਿਭ੍ਰਮਵਤੀ ਸੁ ਤਾਂਹਿ ਨਿਹਾਰੀ ॥**
**੨. ਵਿਭ੍ਰਮਵਤੀ ਪਿਆਰੀ ਜੱਯੇ॥ਮਿਥ੍ਯਾ ਦ੍ਰਿਸ਼ਟਿ ਸੁ ਬੋਲਲਿਅੱਯੇ ॥ ੧੫੫ ॥**

੧. ਮਹਾਂਮੋਹ ਰਾਜੇ ਨੇ ਇਧਰ ਉਧਰ ਨਜ਼ਰ ਦੁੜਾਈ, ਤਾਂ ਉਸ ਨੇ ਵਿਭ੍ਰਮਵਤੀ ਨੂੰ ਵੇਖਿਆ (ਅਤੇ ਆਪਣੇ ਕੋਲ ਸਦ ਕੇ ਕਿਹਾ। ੨. ਹੇ ਪਿਆਰੀ ਵਿਭ੍ਰਮਵਤੀ ! (ਛੇਤੀ) ਜਾਹੁ ਅਤੇ ਮਿਥਿਆ ਦ੍ਰਿਸ਼ਟੀ ਨੂੰ ਸੱਦ ਲਿਆਓ ॥ ੧੫੫ ॥

ਪ੍ਰਸ਼ਨ–ਵਿਭ੍ਰਮਵਤੀ ਦਾ ਰੂਪ ਕੀ ਹੈ ? ਉਤਰ–ਭ੍ਰਾਮਕ ਬੁਧਿ ਦਾ ਨਾਮ ਹੀ ਵਿਭ੍ਰਮਵਤੀ ਹੈ। ਪ੍ਰਸ਼ਨ–ਮਿਥਿਆ ਦ੍ਰਿਸ਼ਟੀ ਦਾ ਰੂਪ ਕੀ ਹੈ ? ਉਤਰ–ਜੋ ਆਦਿ ਤੇ ਅੰਤ ਵਿਚ ਸੱਤ ਨਾ ਹੋਵੇ ਅਤੇ ਵਿਚਾਲੇ ਸਮੇਂ ਵਿਚ 'ਸੱਤ' ਭਾਸੇ, ਉਸ ਦਾ ਨਾਮ 'ਮਿਥਿਆ' ਹੈ। ਜੈਸਾ ਕਿ 'ਧੂੰਏਂ ਦਾ ਪਹਾੜ' ਅਤੇ 'ਸੁਪਨ ਦੇ ਪਦਾਰਥ' ਹਨ। ਉਸ ਮਿਥਿਆ ਵਸਤੂ ਨੂੰ ਸੱਤ ਕਰਕੇ ਜਨਾਉਣ ਵਾਲੀ ਦ੍ਰਿਸ਼ਟੀ ਦਾ ਨਾਮ 'ਮਿਥਿਆ ਦ੍ਰਿਸ਼ਟੀ' ਹੈ। ਭ੍ਰਾਮਕ

Sri Satguru Jagjit Singh Ji Elibrary NamdhariElibrary@gmail.com

ਬੁਧੀ ਹੀ ਮਿਥਯਾ ਵਸਤੂ ਨੂੰ ਸੱਤ ਜਣਾਉਂਦੀ ਹੈ, ਇਸੇ ਕਰਕੇ ਹੀ 'ਵਿਭ੍ਰਮਵਤੀ ਨੂੰ ਮਿਥਯਾ ਦ੍ਰਿਸ਼ਟੀ ਦੀ ਦੂਤੀ' ਵਰਣਨ ਕੀਤਾ ਹੈ।

ਵਿਭ੍ਰਮਵਤੀ ਉਵਾਚ ॥

**ਚੌਪਈ॥**

**੧. ਦੇਵ ਕਰੀ ਜੋ ਆਇਸ ਮੋਕੋ ॥ ਮਿਥਯਾ ਦ੍ਰਿਸ਼ਟਿ ਮਿਲਾਵੌਂ ਤੋਕੋ ॥**

**੨. ਇਮ ਕਹਿ ਤਿਆਗ ਅਖਾੜੇ ਗਈ॥ਮਿਥਯਾ ਦ੍ਰਿਸ਼ਟ ਸਹਿਤ ਪੁਨਆਈ॥੧੫੬॥**

ਵਿਭ੍ਰਮਵਤੀ ਕਹਿਣ ਲਗੀ–੧. ਹੇ ਮਹਾਰਾਜ ! ਆਪ ਨੇ ਜੋ ਮੈਨੂੰ ਆਗਿਆ ਦਿਤੀ ਹੈ, ਮੈਂ ਓਹੀ ਕੰਮ ਕਰਦੀ ਹਾਂ ਅਤੇ ਹੁਣੇ ਹੀ ਮਿਥਯਾ ਦ੍ਰਿਸ਼ਟੀ (ਨੂੰ ਲਿਆ ਕੇ) ਤੁਹਾਨੂੰ ਮਿਲਾ ਦੇਂਦੀ ਹਾਂ। ੨. ਇਸ ਤਰ੍ਹਾਂ ਕਹਿ ਕੇ ਉਹ ਅਖਾੜੇ ਨੂੰ ਤਿਆਗ ਕੇ ਝਟ ਹੀ ਬਾਹਰ ਚਲੀ ਗਈ ਅਤੇ (ਫੇਰ) ਮਿਥਯਾ ਦ੍ਰਿਸ਼ਟੀ ਦੇ ਨਾਲ ਰਲ ਕੇ ਆ ਗਈ ॥ ੧੫੬ ॥

**॥ ਮਿਥਯਾ ਦ੍ਰਿਸ਼ਟੀ ਤੇ ਵਿਭ੍ਰਮਵਤੀ ਸੰਬਾਦ ॥**

ਮਿਥਯਾ ਦ੍ਰਿਸ਼ਟੀ ਉਵਾਚ ॥

**ਚੌਪਈ॥**

**੧. ਪੇਖੇ ਬਹੁ ਦਿਨ ਭਏ ਬਤੀਤ ॥ ਨਿਕਟ ਜਾਤ ਲਾਜਤ ਮਮ ਚੀਤ ॥**

**੨. ਮਹਾਰਾਜ ਉਪਲੰਭਨ ਕਰੇ ॥ ਤਾਂਤੇ ਚੀਤ ਸਖੀ ਮਮ ਡਰੇ ॥ ੧੫੭ ॥**

ਬਤੀਤ=ਬੀਤ ਜਾਣੇ, ਗੁਜ਼ਰਨੇ, ਲੰਘਣੇ। ਉਪਲੰਭਨ=ਉਲਾਂਭਾ ਦੇਣਗੇ, ਝੂਠਾ ਕਰਨਗੇ।

ਮਿਥਯਾ ਦ੍ਰਿਸ਼ਟੀ ਕਹਿਣ ਲਗੀ–੧, (ਸਵਾਮੀ ਜੀ ਦੇ) ਦਰਸ਼ਨ ਕੀਤਿਆਂ ਮੈਨੂੰ ਬਹੁਤ ਦਿਨ ਗੁਜ਼ਰ ਗਏ ਹਨ, (ਇਸ ਲਈ ਹੁਣ ਉਨ੍ਹਾਂ ਦੇ) ਕੋਲ ਜਾਂਦਿਆਂ ਮੇਰਾ ਮਨ ਸ਼ਰਮਿੰਦਾ ਹੁੰਦਾ ਹੈ। ੨. ਮਹਾਰਾਜ ਮੈਨੂੰ ਉਲਾਂਭੇ (ਦੇ ਕੇ ਸ਼ਰਮਿੰਦਾ) ਕਰਨਗੇ, ਹੇ ਸਖੀ (ਵਿਭ੍ਰਮਵਤੀ !) ਇਸ ਕਰਕੇ ਮੇਰਾ ਚਿਤ ਡਰਦਾ ਹੈ ॥੧੫੭॥

ਵਿਭ੍ਰਮਵਤੀ ਉਵਾਚ ॥

**ਚੌਪਈ॥**

**੧. ਸਖੀ ਤੋਹਿ ਮੁਖ ਕੰਜ ਨਿਹਾਰੇ ॥ ਤੌ ਭੂਪਤਿ ਨਿਜ ਆਪ ਸੰਭਾਰੇ ॥**

**੨. ਤੂੰ ਵਾਕੇ ਹੈਂ ਅਤਿਸ਼ੈ ਪਯਾਰੀ ॥ ਤਾਂਤੇ ਡਰੋ ਨ ਚੀਤ ਮਝਾਰੀ ॥੧੫੮॥**

ਵਿਭ੍ਰਮਵਤੀ ਕਹਿਣ ਲਗੀ–੧. ਹੇ ਸਖੀ ! ਜਦ ਤੇਰੇ ਕਮਲ ਵਰਗੇ ਮੁਖ ਨੂੰ ਵੇਖਣਗੇ, ਤਦ ਹੀ ਮਹਾਰਾਜ ਆਪਣੇ ਆਪ ਦੀ ਸੁਰਤ ਕਰਨਗੇ। ੨. ਤੂੰ ਉਨ੍ਹਾਂ ਨੂੰ ਬਹੁਤ ਹੀ ਪਿਆਰੀ ਹੈਂ, ਇਸ ਕਰਕੇ ਆਪਣੇ ਚਿਤ ਵਿਚ ਨਾ ਡਰ ॥ ੧੫੮ ॥

ਮਿਥਯਾ ਦ੍ਰਿਸ਼ਟੀ ਉਵਾਚ ॥

**ਚੌਪਈ॥**

**੧. ਸਖੀ ਅਲੀਕ ਸੁ ਭਾਗ ਹਮਾਰਾ ॥ ਕਾਹੇ ਕੋ ਤੈਂ ਬਹੁਤ ਉਚਾਰਾ ॥**

**੨. ਭੂਪਤਿ ਮੋ ਮੈਂ ਚੀਤ ਨ ਧਰਈ ॥ ਤੂੰ ਮਮ ਕਾਹਿ ਬਿਡੰਬਨ ਕਰਈ॥੧੫੯॥**

Sri Satguru Jagjit Singh Ji Elibrary NamdhariElibrary@gmail.com

ਅਲੀਕ=(ਅ=ਨ+ਲੀਕ=ਚੰਗੀ) ਨਹੀਂ ਚੰਗਾ, ਮੰਦਾ। ਬਿਡੰਬਨ=ਠਗੀ, ਧੋਖੇ ਦੀ ਗੱਲ।

ਮਿਥਯਾ ਦ੍ਰਿਸ਼ਟੀ ਕਹਿਣ ਲਗੀ–੧. ਹੇ ਸਖੀ! ਮੇਰੇ ਭਾਗ ਬਹੁਤ ਮੰਦੇ ਹਨ। ਤੂੰ ਮੇਰੀ ਵਡਿਆਈ ਕਿਸ ਵਾਸਤੇ ਕਹਿ ਰਹੀ ਹੈਂ ? ੨. ਮਹਾਰਾਜ ਨੇ ਮੈਨੂੰ ਚਿਤ ਵਿਚ ਰਖਣਾ ਹੀ ਨਹੀਂ ਹੈ, (ਅਰਥਾਤ ਮਹਾਂ ਮੋਹ ਰਾਜੇ ਦੇ ਚਿਤ ਵਿਚ ਮੇਰਾ ਪਿਆਰ ਨਹੀਂ ਹੈ) ਤੂੰ ਕਿਸ ਵਾਸਤੇ ਮੇਰੇ ਨਾਲ ਠਗੀ ਕਰਦੀ ਹੈਂ ? ਅਰਥਾਤ ਇਹ ਜੋ ਤੂੰ ਆਖਿਆ ਹੈ ਕਿ 'ਤੇਰਾ ਕਮਲ ਮੁਖ ਵੇਖ ਕੇ ਹੀ ਮਹਾਰਾਜ ਆਪਣੇ ਆਪ ਦੀ ਸੁਰਤ ਕਰੇਗਾ' ਇਹ ਧੋਖਾ ਦੇਣ ਵਾਸਤੇ ਹੀ ਤੂੰ ਇਹ ਗੱਲ ਆਖੀ ਹੈ, ਅਜਿਹਾ ਕਰਨਾ ਤੈਨੂੰ ਸੋਭਦਾ ਨਹੀਂ ਹੈ ॥ ੧੫੯ ॥

ਵਿਭ੍ਰਮਵਤੀ ਉਵਾਚ ॥

## ਚੌਪਈ ॥

**੧. ਸਖੀ ਅਲੀਕ ਸੁ ਭਾਗ ਹਮਾਰੇ ॥ ਅਬ ਹੀ ਤੂੰ ਨਿਜ ਨੈਨ ਨਿਹਾਰੇ ॥**

**੨. ਤੇਰੋ ਤਨ ਜਬ ਭੂਪ ਨਿਹਾਰੇ ॥ ਤੌ ਮੈ ਰਮੈਂ ਨ ਔਰ ਚਿਤਾਰੇ ॥ ੧੬੦ ॥**

ਤਨ=(ਉਰਦੂ–ਬਦਨ) ਮੁਖ। ਚਿਤਾਰੇ=ਨਿਗਾਹ ਕਰਨੀ।

ਵਿਭ੍ਰਮਵਤੀ ਕਹਿਣ ਲਗੀ–੧. ਹੇ ਸਖੀ! (ਜੋ ਤੂੰ ਕਿਹਾ ਹੈ ਕਿ) ਮੇਰੇ ਬਹੁਤ ਹੀ ਮੰਦੇ ਭਾਗ ਹਨ, ਇਹ ਤਾਂ ਤੂੰ ਹੁਣੇ ਹੀ ਆਪਣੀਆਂ ਅਖਾਂ ਨਾਲ ਵੇਖ ਲਏਂਗੀ (ਜੋ ਤੇਰੇ ਭਾਗ ਕਿਹੋ ਜਿਹੇ ਉਤਮ ਹਨ ?)। ੨. ਕਿਉਂਕਿ ਰਾਜਾ ਸਾਹਿਬ ਨੇ ਜਿਸ ਵੇਲੇ ਤੇਰੇ ਮੁਖ ਨੂੰ ਵੇਖ ਲਿਆ, ਉਸੇ ਵੇਲੇ ਤੇਰੇ ਵਿਚ ਹੀ ਰਚ ਜਾਏਗਾ, ਹੋਰ ਕਿਸੇ ਵਲ ਨਿਗਾਹ ਹੀ ਨਾ ਕਰੇਗਾ ॥ ੧੬੦ ॥

ਨੋਟ–ਇਸ ਚੌਪਈ ਦੀ ਤੀਜੀ ਤੁਕ ਵਿਚ 'ਤਨ' ਪਦ ਸੰਸਕ੍ਰਿਤ ਹੈ, ਪਰ ਪ੍ਰਯੋਕਤਿ ਅਲੰਕਾਰ ਯੁਕਤ ਹੋ ਕੇ ਪਿਆ ਹੈ,ਇਸ ਲਈ ਇਸ ਦਾ ਅਰਥ ਮੁਖ ਹੈ, ਉਹ ਇਉਂ ਹੈ–

ਸੰਸਕ੍ਰਿਤ–ਤਨ=ਸਰੀਰ । ਉਰਦੂ–ਬਦਨ=ਸਰੀਰ । ਸੰਸਕ੍ਰਿਤ–ਬਦਨ=ਮੁਖ ਅਰਥਾਤ ਪਹਿਲੇ ਸੰਸਕਿਤ 'ਤਨ' ਦਾ ਉਰਦੂ ਵਾਚਕ ਸ਼ਬਦ 'ਬਦਨ' ਕਰਕੇ ਉਸ ਦਾ ਅਰਥ ਮੁਖ ਕੀਤਾ ਹੈ।

## ਚੌਪਈ ॥

**੧. ਔਰ ਸਖੀ ਇਕ ਬਾਤ ਉਚਾਰੌਂ ॥ ਘੂਮਤ ਨੈਨ ਸੁ ਤੋਹਿ ਨਿਹਾਰੌਂ ॥**

**੨. ਕਾਰਣ ਕੌਣ ਨ ਨਿੰਦ੍ਰਾ ਕੀਨੀ ॥ ਘੂਮਤ ਨੈਨ ਸਖੀ ਰਸ ਭੀਨੀ ॥ ੧੬੧ ॥**

੧. ਹੇ ਸਖੀ! ਇਕ ਹੋਰ ਗੱਲ ਪੁਛਦੀ ਹਾਂ, ਤੇਰੀਆਂ ਅਖਾਂ ਖੁਮਾਰੀ ਨਾਲ ਭਰੀਆਂ ਹੋਈਆਂ ਦਿਸਦੀਆਂ ਹਨ। ੨. ਕਿਸ ਕਾਰਨ ਕਰਕੇ (ਤੂੰ ਰਾਤ ਨੂੰ) ਨੀਂਦ ਪ੍ਰਾਪਤ ਨਹੀਂ ਕੀਤੀ ? ਜਾਂ ਕਾਮ ਰਸ ਵਿਚ ਪੀੜਤ ਹੋ ਰਹੀ ਹੈਂ ਜਿਸ ਕਰਕੇ ਤੇਰੀਆਂ ਅਖਾਂ ਵਿਚ ਖੁਮਾਰੀ ਹੋ ਰਹੀ ਹੈ। (ਹੇ ਸਖੀ! ਇਸ ਗੱਲ ਦਾ ਠੀਕ ਠੀਕ ਉੱਤਰ ਦੇਹੁ, ਕਿਉਂਕਿ ਕਾਮ ਪੀੜਤ ਦਸ਼ਾ ਵਿਚ ਅਤੇ ਉਨੀਂਦਰਾ ਕਟਣ ਕਰਕੇ ਹੀ ਅਖਾਂ ਵਿਚ ਖੁਮਾਰੀ ਹੋਇਆ ਕਰਦੀ ਹੈ, ਤੇਰੀਆਂ ਅਖਾਂ ਨੂੰ ਵੇਖ ਕੇ ਹੀ ਮੈਂ ਪੁਛਦੀ ਹਾਂ) ॥ ੧੬੧ ॥

ਮਿਥਯਾ ਦ੍ਰਿਸ਼ਟੀ ਉਵਾਚ ॥

## ਚੌਪਈ ॥

**੧. ਏਕ ਪਤੀ ਕੀ ਜੋ ਬਹੁ ਪਯਾਰੀ ॥ ਤਿਨ ਕੇ ਨੀਂਦ ਨ ਨੈਨ ਮਝਾਰੀ ॥**

**੨. ਮੋਕੋ ਸਗਲ ਲੋਗ ਜਗ ਗਹੈਂ ॥ ਨੀਂਦ ਨੈਨ ਮਮ ਕਿਹ ਬਿਧ ਲਹੈਂ ॥੧੬੨॥**

ਮਿਥਯਾ ਦ੍ਰਿਸ਼ਟੀ ਨੇ ਕਿਹਾ–੧. ਜੋ ਇਸਤਰੀ ਇਕ ਪਤੀ ਦੀ ਬਹੁਤ ਪਿਆਰੀ ਹੈ, ਉਸ ਦੀਆਂ ਅਖਾਂ

ਵਿਚ ਨੀਂਦ ਨਹੀਂ ਆ ਸਕਦੀ (ਅਰਥਾਤ ਇਕੋ ਪਤੀ ਹੀ ਕਾਮ-ਕਲੋਲਾਂ ਵਿਚ ਲਗ ਕੇ ਆਪਣੀ ਪਿਆਰੀ ਨੂੰ ਸਾਰੀ ਰਾਤ ਸੌਣ ਨਹੀਂ ਦੇਂਦਾ)। ੨. ਮੈਨੂੰ ਤਾਂ ਜਗਤ ਦੇ ਸਾਰੇ ਲੋਕ ਫੜ ਲੈਂਦੇ ਹਨ, ਫਿਰ ਮੇਰੀਆਂ ਅਖਾਂ ਨੀਂਦ ਨੂੰ ਕਿਵੇਂ ਲੈ ਸਕਦੀਆਂ ਹਨ ? ॥ ੧੬੨ ॥

ਵਿਭ੍ਰਮਵਤੀ ਉਵਾਚ ॥

**ਦੋਹਰਾ—੧. ਸਖੀ ਪਿਆਰੀ ਲੋਕ ਵਹੁ ਮੋ ਸੋਂ ਕਰੋ ਉਚਾਰ ॥**
**੨. ਜੋ ਤੋਕੋ ਨਿਸ ਦਿਨ ਭਜੇਂ ਤਾਸੋਂ ਕਰੋਂ ਪਿਆਰ ॥੧੬੩॥**

ਵਿਭ੍ਰਮਵਤੀ ਨੇ ਪੁਛਿਆ—੧. ਹੇ ਪਿਆਰੀ ਸਖੀ ! ਉਹ ਕਿਹੜੇ ਪੁਰਸ਼ ਹਨ ? ਮੈਨੂੰ (ਉਨ੍ਹਾਂ ਦੇ) ਨਾਮ ਦਸੋ। ੨. ਜੋ ਤੈਨੂੰ ਰਾਤ ਦਿਨ ਭੋਗਦੇ ਹਨ ਅਤੇ ਜਿਨ੍ਹਾਂ ਨਾਲ ਤੂੰ ਪਿਆਰ ਕਰਦੀ ਹੈਂ ॥ ੧੬੩ ॥

ਮਿਥਯਾ ਦ੍ਰਿਸ਼ਟੀ ਉਵਾਚ ॥

**ਚੌਪਈ ॥**

**੧. ਸਖੀ ਮੋਹ ਮਮ ਨਾਹਿ ਪਛਾਨੋ ॥ ਕਾਮ ਕ੍ਰੋਧ ਲੋਭ ਪੁਨ ਜਾਨੋ ॥**
**੨. ਅਥਵਾ ਸੁਨੋ ਤਤ ਨਿਜ ਸਾਰ ॥ ਏਕ ਏਕ ਕਹਿ ਕਰੋਂ ਉਚਾਰ ॥੧੬੪॥**
**੩. ਯਾ ਕੁਲ ਭੀਤਰ ਜੋ ਨ੍ਰਿਪ-ਜਾਏ ॥ ਮੋਹਿ ਬਿਖੇ ਸਗਲੇ ਮਨ ਲਾਏ ॥**
**੪. ਬਾਲਕ ਬ੍ਰਿਧ ਪੁਨ ਜੋਈ ॥ ਮੋ ਬਿਨ ਰਹੇ ਨ ਨਿਸਦਿਨ ਤੇਈ ॥੧੬੫॥**

ਨਾਹਿ=ਪਤੀ। ਤਤ=ਸਿਧਾਂਤ, ਨਿਚੋੜ। ਸਾਰ=ਸਾਰਾ। ਨ੍ਰਿਪ-ਜਾਏ=ਰਾਜ ਪੁਤਰ।

ਮਿਥਯਾ ਦ੍ਰਿਸ਼ਟੀ ਕਹਿਣ ਲਗੀ—੧. ਹੇ ਸਖੀ ! 'ਮੋਹ' ਨੂੰ ਮੇਰਾ ਪਤੀ ਪਛਾਣ ਲੈ, ਕਾਮ ਕ੍ਰੋਧ ਤੇ ਲੋਭ (ਨੂੰ ਭੀ ਮੇਰਾ ਪਤੀ) ਜਾਣ ਲੈ। ੨. ਮੈਂ ਆਪਣਾ ਸਾਰਾ ਸਿਧਾਂਤ ਤੈਨੂੰ ਦਸਦੀ ਹਾਂ, ਤੂੰ ਸੁਣ, ਇਕ ਇਕ ਦਾ ਨਾਮ ਕਹਿ ਕੇ ਕੀ ਕਹਾਂ ? ॥ ੧੬੪ ॥

੩. ਇਸ (ਆਸੁਰੀ ਸੰਪਦਾ) ਕੁਲ ਵਿਚ ਜਿਹੜੇ ਭੀ ਰਾਜ-ਪੁਤਰ ਹਨ, (ਉਹ) ਸਾਰੇ ਹੀ ਮੇਰੇ ਵਿਚ ਮਨ ਲਾਂਦੇ ਹਨ। ਬਾਲ, ਜੁਆਨ ਅਤੇ ਬੁਢਾ ਜੋ ਭੀ (ਇਸ ਕੁਲ ਦਾ ਰਾਜ-ਪੁਤਰ ਹੈ), ਉਹ ਮੇਰੇ ਤੋਂ ਬਿਨਾਂ ਰਾਤ ਦਿਨ (ਜੀਉਂਦਾ) ਰਹਿ ਹੀ ਨਹੀਂ ਸਕਦਾ ॥ ੧੬੫ ॥

ਕਵਿ ਉਵਾਚ ॥

**ਦੋਹਰਾ—੧. ਕਾਮ ਕ੍ਰੋਧ ਪੁਨ ਲੋਭ ਯਹਿ, ਗੁਲਾਬ ਸਿੰਘ ਮਦ ਮਾਨ ॥**
**੨. ਤਨ ਮੈਂ ਆਤਮ ਦ੍ਰਿਸ਼ਟਿ ਬਿਨ, ਹੋਤ ਨਹੀਂ ਪਹਿਚਾਨ ॥੧੬੬॥**

੧. ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਇਹ ਜਿਹੜੇ ਕਾਮ, ਕਰੋਧ, ਲੋਭ ਅਤੇ ਮਦ ਤੇ ਮਾਨ ਹਨ। ੨. ਸਰੀਰ ਵਿਚ ਆਤਮ ਦ੍ਰਿਸ਼ਟੀ ਹੋਣੇ ਤੋਂ ਬਿਨਾਂ ਇਨ੍ਹਾਂ ਦੀ ਪਛਾਣ ਨਹੀਂ ਹੁੰਦੀ। ਇਸ ਕਥਨ ਦਾ ਭਾਵ ਇਹ ਹੈ ਕਿ ਜਿਸ ਨੇ ਦੇਹ ਨੂੰ ਹੀ ਆਪਣਾ ਸਰੂਪ ਮੰਨਿਆ ਹੋਇਆ ਹੈ, ਉਸੇ ਨੂੰ ਕਾਮ, ਕਰੋਧ ਤੇ ਲੋਭ ਆਦਿਕ ਵਿਕਾਰ ਫੁਰਦੇ ਹਨ। 'ਦੇਹ ਨੂੰ ਆਤਮਾ ਰੂਪ ਮੰਨ ਲੈਣਾ' ਯਥਾਰਥ ਗਿਆਨ ਨਹੀਂ ਹੈ। ਇਹ ਮਿਥਯਾ ਗਿਆਨ ਹੈ,ਕਿਉਂਕਿ ਆਤਮਾ ਦੇਹ ਤੋਂ ਭਿੰਨ ਤੇ ਇਸ ਦਾ ਸਾਖੀ, ਪੰਜਾਂ ਕੋਸ਼ਾਂ ਤੋਂ ਅਤੀਤ, ਬ੍ਰਹਮ ਦੀ ਅੰਸ ਸਰੂਪ ਸਾਖੀ ਚੇਤਨ ਹੈ, ਜਿਸ ਨੇ ਆਤਮਾ ਦੇ ਸਰੂਪ ਨੂੰ ਨਿਸਚੇ ਯੁਤ ਅਨੁਭਵ ਕਰ ਲਿਆ ਹੈ, ਉਸ ਨੂੰ ਕਾਮਾਦਿਕ ਵਿਕਾਰ ਨਹੀਂ ਫੁਰਦੇ। 'ਦੇਹ ਨੂੰ ਆਤਮਾ ਸਰੂਪ' ਨਿਸਚੇ ਕਰਾਉਣ ਵਾਲੀ ਬੁਧੀ ਦਾ ਨਾਮ ਹੀ 'ਮਿਥਯਾ ਦ੍ਰਿਸ਼ਟੀ' ਹੈ ॥ ੧੬੬ ॥

Sri Satguru Jagjit Singh Ji Elibrary NamdhariElibrary@gmail.com

ਵਿਭ੍ਰਮਵਤੀ ਉਵਾਚ ॥

**ਚੌਪਈ ॥**

**੧. ਕਾਮਹਿ ਕੀ ਰਤਿ ਪਰਮ ਪਿਆਰੀ ॥ ਹਿੰਸਾ ਸੁਨੀ ਕ੍ਰੋਧ ਕੀ ਨਾਰੀ ॥**
**੨. ਤ੍ਰਿਸ਼ਨਾ ਲੋਭਹਿ ਕੀ ਜਗ ਗੈ ਹੈ॥ਯਾ ਬਿਧਿ ਨਾਰਿ ਸੁ ਔਰ ਬਤੈ ਹੈ ॥੧੬੭॥**

ਵਿਭ੍ਰਮਵਤੀ ਨੇ ਪੁਛਿਆ-੧. ਕਾਮ ਦੀ ਪਰਮ ਪਿਆਰੀ ਇਸਤ੍ਰੀ 'ਰਤੀ' ਹੈ ਅਤੇ ਕ੍ਰੋਧ ਦੀ ਇਸਤ੍ਰੀ 'ਹਿੰਸਾ' ਸੁਣੀ ਜਾਂਦੀ ਹੈ। ੨. ਜਗਤ 'ਤ੍ਰਿਸਨਾ' ਨੂੰ ਲੋਭ ਦੀ (ਇਸਤ੍ਰੀ) (ਗੈ) ਗਾਉਂਦਾ (ਕਹਿੰਦਾ) ਹੈ। ਇਸ ਤਰ੍ਹਾਂ ਨਾਲ ਉਨ੍ਹਾਂ ਸਾਰਿਆਂ ਦੀਆਂ ਹੋਰ ਇਸਤ੍ਰੀਆਂ ਦਸੀਆਂ ਜਾਂਦੀਆਂ ਹਨ ॥ ੧੬੭ ॥

**ਦੋਹਰਾ-੧. ਤੂੰ ਸਭ ਕੇ ਪਤਿ ਸੋਂ ਰਮਹਿ ਇਹੈ ਬਤਾਵੋਂ ਮੋਹਿ ॥**
**੨. ਤੇ ਚੁਪਕੀ ਕਿਉਂ ਹੇ ਰਹੀ ਕਰੈਂ ਨ ਇਰਖਾ ਤੋਹਿ ॥੧੬੮॥**

੧. ਉਹਨਾਂ ਸਾਰੀਆਂ ਦੇ ਪਤੀਆਂ ਨਾਲ ਤੂੰ ਭੋਗ ਬਿਲਾਸ ਕਰਦੀ ਹੈਂ, ਪਰ ਮੈਨੂੰ ਇਹ ਦਸ। ੨. ਕਿ ਉਹ ਕਿਵੇਂ ਚੁਪ ਕਰ ਰਹੀਆਂ ਹਨ? ਤੇਰੇ ਨਾਲ ਈਰਖਾ ਨਹੀਂ ਕਰਦੀਆਂ? ॥ ੧੬੮ ॥

ਮਿਥਯਾ ਦ੍ਰਿਸ਼ਟੀ ਉਵਾਚ ॥

**ਚੌਪਈ ॥**

**੧. ਕੈਸੇ ਸਖੀ ਸੁ ਇਰਖਾ ਕਰਈ ॥ ਮੋ ਬਿਨ ਪ੍ਰਾਨ ਨ ਤੇ ਖਿਣ ਧਰਈ ॥**
**੨. ਰਤਿ ਹਿੰਸਾ ਤ੍ਰਿਸ਼ਨਾ ਲੈ ਜੇਤੀ॥ ਮੇਰੋ ਭਲੋ ਮਨਾਵੈਂ ਤੇਤੀ ॥੧੬੯॥**

ਮਿਥਯਾ ਦ੍ਰਿਸ਼ਟੀ ਨੇ ਉੱਤਰ ਦਿਤਾ-੧. ਹੇ ਸਖੀ! ਉਹ (ਮੇਰੇ ਨਾਲ) ਈਰਖਾ ਕਿਵੇਂ ਕਰ ਸਕਦੀਆਂ ਹਨ? ਕਿਉਂਕਿ ਉਹਨਾਂ ਦੇ ਪਤੀ ਮੇਰੇ ਤੋਂ ਬਿਨਾਂ (ਹੋ ਕੇ ਇਕ) ਖਿਨ ਭੀ ਜੀਉਂਦੇ ਨਹੀਂ ਰਹਿ ਸਕਦੇ। ੨. (ਇਸ ਲਈ) ਰਤੀ, ਹਿੰਸਾ ਤੇ ਤ੍ਰਿਸ਼ਨਾ ਆਦਿਕ ਜਿੰਨੀਆਂ ਇਸਤ੍ਰੀਆਂ ਹਨ, ਉਹ ਸਾਰੀਆਂ ਹੀ ਮੇਰਾ ਭਲਾ ਮਨਾਉਂਦੀਆਂ ਹਨ ॥ ੧੬੯ ॥

ਕਵਿ ਉਵਾਚ ॥

**ਦੋਹਰਾ-੧. ਮਿਥਯਾ ਦ੍ਰਿਸ਼ਟਿ ਸੁ ਮਰੈ ਜਬ ਗੁਲਾਬਸਿੰਘ ਇਮ ਜਾਨ ॥**
**੨. ਹਿੰਸਾ ਤ੍ਰਿਸ਼ਨਾ ਆਦਿ ਲੌ ਹੋਹਿੰ ਸਗਲ ਪੁਨਿ ਹਾਨ ॥੧੭੦॥**

੧. ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਕਿ ਜਦ ਮਿਥਯਾ ਦ੍ਰਿਸ਼ਟੀ ਮਰ ਜਾਵੇ ਤਾਂ ਇਹ ਨਿਸਚੇ ਜਾਣ ਲਓ। ੨. ਹਿੰਸਾ, ਤ੍ਰਿਸ਼ਨਾ ਆਦਿਕ ਤੋਂ ਲੈ ਕੇ ਸਾਰੇ (ਆਸੁਰੀ ਸੰਪਦਾ ਦੇ ਗੁਣ) ਨਸ਼ਟ ਹੋ ਜਾਣਗੇ। ਕਿਉਂਕਿ ਮਿਥਯਾ ਦ੍ਰਿਸ਼ਟੀ ਇਨ੍ਹਾਂ ਸਾਰਿਆਂ ਦਾ ਕਾਰਨ ਹੈ। ਇਹ ਨਿਯਮ ਹੈ ਕਿ ਕਾਰਨ ਦੇ ਨਸ਼ਟ ਹੋਣ ਨਾਲ ਕਾਰਜ ਆਪੇ ਹੀ ਨਸ਼ਟ ਹੋ ਜਾਂਦਾ ਹੈ, ਇਸ ਲਈ ਮਿਥਯਾ ਦ੍ਰਿਸ਼ਟੀ ਦੇ ਨਾਸ ਹੋ ਜਾਣ ਨਾਲ ਸਾਰੇ ਵਿਕਾਰ ਆਪਣੇ ਆਪ ਨਾਸ ਹੋ ਜਾਣਗੇ ॥ ੧੭੦ ॥

ਵਿਭ੍ਰਮਵਤੀ ਉਵਾਚ ॥

**ਚੌਪਈ ॥**

**੧. ਯਾਹੀ ਤੇ ਸਖਿ ਮੋਹਿ ਬਖਾਨੀ ॥ ਤੇ ਸਮ ਸੁਭਗ ਨ ਦੂਸਰ ਰਾਨੀ ॥**

Sri Satguru Jagjit Singh Ji Elibrary NamdhariElibrary@gmail.com

**੨. ਤੋਹਿ ਸੁਭਾਗਿ ਜਬੈ ਵਹ ਲਹੈ ॥ ਤੋ ਰਤਿ ਰੂਪ ਪ੍ਰਸਾਦਹਿ ਰਹੈ ॥ ੧੭੧ ॥**

ਸੁਭਗ=ਸੁੰਦਰ, ਉੱਤਮ ਭਾਗਾਂ ਵਾਲੀ । ਸੁਭਾਗਿ=ਸੁਭਾਗਣੇ, ਉੱਤਮ ਭਾਗਾਂ ਵਾਲੀਏ । ਤੋ ਰਤਿ=ਤੇਰੇ ਨਾਲ ਪਿਆਰ ਕਰਨਾ । ਪ੍ਰਸਾਦਹਿ=ਪ੍ਰਸਾਦ (ਭੋਜਨ) ਨੂੰ ।

ਵਿਭ੍ਰਮਵਤੀ ਨੇ ਕਿਹਾ—੧. ਹੇ ਸਖੀ ! ਇਸੇ ਕਰਕੇ ਹੀ ਮੈਂ ਕਿਹਾ ਸੀ, (ਕਿ) ਤੇਰੇ ਸਮਾਨ ਉੱਤਮ ਭਾਗਾਂ ਵਾਲੀ ਰਾਣੀ ਹੋਰ ਕੋਈ ਦੂਜੀ-ਇਸਤ੍ਰੀ ਨਹੀਂ ਹੈ । ੨. ਹੇ ਉੱਤਮ ਭਾਗਾਂ ਵਾਲੀਏ ! ਜਦੋਂ (ਮਹਾਂਮੋਹ ਰਾਜਾ) ਤੈਨੂੰ ਵੇਖ ਲਏਗਾ, ਉਸ ਵੇਲੇ 'ਤੇਰੇ ਨਾਲ ਪਿਆਰ ਕਰਨ ਰੂਪ' ਪ੍ਰਸਾਦ ਨੂੰ ਹੀ ਚਾਹੇਗਾ (ਅਰਥਾਤ ਤੇਰੇ ਪਿਆਰ ਤੋਂ ਬਿਨਾਂ ਉਸ ਦੇ ਜੀਊਨ ਦਾ ਸਾਧਨ ਅੰਨ ਨਹੀਂ ਹੋਵੇਗਾ, ਸਗੋਂ ਤੇਰੇ ਪਿਆਰ ਨੂੰ ਪ੍ਰਾਪਤ ਕਰਕੇ ਹੀ ਜੀਊਂਦਾ ਰਹਿ ਸਕੇਗਾ) ॥ ੧੭੧ ॥

**ਸਵੈਯਾ ॥**

**੧. ਸਖੀ ਔਰ ਕਹੌ ਨਿਸ ਨੀਂਦ ਬਿਨਾਂ ਜੁਗ ਨੈਨ ਸਰੋਜ ਸੁ ਤੇ ਅਕੁਲਾਏ ॥**
**੨. ਯੁਗ ਨੂਪਰ ਕੀ ਧੁਨਿ ਚੀਤ ਹਰੇ ਪਰ ਭੂਮਿ ਬਿਖੇ ਪਦ ਤੇ ਖਿਸਲਾਏ ॥**
**੩. ਗਜ ਗਾਮਿਨਿ ਤੂੰ ਗਤਿ ਮੰਦ ਚਲੈਂ ਉਰ ਚਾਹਤ ਹੈਂ ਨਿਜ ਨਾਹ ਰਿਝਾਏ ॥**
**੪. ਇਹ ਲੱਖਣ ਜੌ ਤਵ ਨਾਹ ਪਿਖੇ ਡਰ ਹੌਂ ਉਰ ਸੰਕ ਕਰੇ ਖੁਨਸਾਏ ॥੧੭੨॥**

ਸਰੋਜ=ਕਮਲ । ਅਕੁਲਾਏ=ਕੁਮਲਾਏ ਹੋਏ ਹਨ । ਯੁਗ=ਦੋਵੇਂ । ਨੂਪਰ=ਝਾਂਜਰਾਂ । ਖਿਸਲਾਏ=ਥਿੜਕਦੇ ਹਨ । ਗਜ=ਹਾਥੀ । ਗਾਮਿਨਿ=ਤੁਰਨ ਵਾਲੀਏ । ਖੁਨਸਾਏ= ਕ੍ਰੋਧ ਕਰੇ ।

੧. ਹੇ ਸਖੀ ! ਮੈਂ ਇਕ ਗੱਲ ਹੋਰ ਕਹਿੰਦੀ ਹਾਂ, ਸੱਚ ਸੱਚ ਦੱਸੀਂ, ਮੈਨੂੰ ਮਲੂਮ ਹੁੰਦਾ ਹੈ, ਕਿ ਤੂੰ ਰਾਤੀਂ (ਨੀਂਦ ਪ੍ਰਾਪਤ ਨਹੀਂ ਕੀਤੀ, ਕਿਉਂਕਿ) ਨੀਂਦ ਤੋਂ ਬਿਨਾਂ ਹੋਣ ਕਰਕੇ ਹੀ ਕਮਲ ਵਰਗੇ ਦੋਵੇਂ ਨੈਣ ਤੇਰੇ ਕੁਮਲਾਏ ਹੋਏ ਹਨ । ੨. ਦੋਹਾਂ ਝਾਂਜਰਾਂ ਦੀ ਅਵਾਜ਼ (ਸੁਣਿਆਂ ਦੇ) ਚਿੱਤ ਨੂੰ ਚੁਰਾਉਂਦੀ ਹੈ, ਪਰ (ਤੇਰੇ) ਪੈਰ ਧਰਤੀ ਉਤੇ ਟਿਕਦੇ ਹੋਏ ਥਿੜਕਦੇ ਹਨ । ੩. ਹੇ ਹਾਥੀ ਵਾਂਗੂ ਤੁਰਨ ਵਾਲੀਏ ! ਤੂੰ ਹੌਲੀ ਹੌਲੀ ਚਾਲ ਨਾਲ ਚਲਦੀ ਹੈਂ ਅਤੇ ਹਿਰਦੇ ਵਿਚ ਆਪਣੇ ਪਤੀ ਨੂੰ ਰੀਝਾਇਆ ਚਾਹੁੰਦੀ ਹੈਂ (ਅਰਥਾਤ ਤੇਰੇ ਹਿਰਦੇ ਵਿਚ ਪਤੀ ਸੰਗਮ ਦੀ ਚਾਹਨਾ ਜਾਗੀ ਹੋਈ ਹੈ,ਇਸ ਲਈ ਤੇਰੀ ਅਜਿਹੀ ਦਸ਼ਾ ਹੋ ਰਹੀ ਹੈ) । ੪. ਜੇਕਰ ਤੇਰੇ ਇਨ੍ਹਾਂ ਲੱਛਣਾਂ ਨੂੰ ਪਤੀ ਵੇਖ ਲਏਗਾ (ਤਾਂ ਤੈਨੂੰ ਵਿਭਚਾਰਣਿ ਹੋਣ ਦੀ) ਸ਼ੰਕਾ ਕਰਕੇ, ਹਿਰਦੇ ਵਿਚ ਕ੍ਰੋਧ ਨਾ ਕਰ ਲਵੇ, ਇਸ ਗੱਲ ਨੂੰ ਸੋਚ ਕੇ ਮੈਂ) ਹਿਰਦੇ ਵਿਚ ਡਰ ਰਹੀ ਹਾਂ ॥ ੧੭੨ ॥

ਮਿਥਯਾ ਦ੍ਰਿਸ਼ਟੀ ਉਵਾਚ ॥

**ਸਵੈਯਾ ॥**

**੧. ਸਖੀ ਕਾਹੇ ਤੇ ਸੰਕ ਭਈ ਤੁਮ ਕੋ ਹਮ ਨਾਹਿ ਕੀ ਆਇਸ ਮੈਂ ਸੁਖ ਪਾਏ ॥**
**੨. ਇਕ ਔਰ ਕਹੌਂ ਸੁਨ ਮੋਹਿ ਅਲੀ ਜਿਹ ਤੇ ਗਲੋ ਡਰ ਤੋਹਿ ਮਿਟਾਏ ॥**
**੩. ਯੁਵਤੀ ਮੁਖ ਚੰਦ ਨਿਹਾਰਤ ਹੀ ਨਰ ਚੀਤ ਚਕੋਰ ਮਹਾਂ ਹਰਖਾਏ ॥**
**੪. ਦ੍ਰਿਗ ਕੰਜ ਫਿਰਾਇ ਪਿਖੇ ਯੁਵਤੀ ਕਹਿਤਾਂ ਗਤਿ ਜੋ ਨਰ ਤਾਂ ਖੁਨਸਾਏ॥੧੭੩॥**

ਅਲੀ=ਸਖੀ । ਮੋਹਿ=ਮੇਰੀ । ਯੁਵਤੀ=ਇਸਤ੍ਰੀ । ਦ੍ਰਿਗ=ਅੱਖਾਂ । ਕੰਜ=ਕਮਲ ।

Sri Satguru Jagjit Singh Ji Elibrary NamdhariElibrary@gmail.com

ਮਿਥਯਾਦ੍ਰਿਸ਼ਟੀ ਕਹਿਣ ਲਗੀ-ਹੇ ਸਖੀ ! ਤੈਨੂੰ ਇਸ ਕਰਕੇ ਇਹ ਸੰਸਾ ਹੋਇਆ ਹੈ, ਮੈਂ ਤਾਂ ਪਤੀ ਦੀ ਆਗਿਆ ਵਿਚ ਤੁਰ ਕੇ ਹੀ ਸੁਖ ਪਾਉਂਦੀ ਹਾਂ। ੨. ਹੇ ਮੇਰੀ ਸਖੀ ! (ਗੁਝੇ ਭੇਦ ਵਾਲੀ) ਇਕ ਹੋਰ (ਗੱਲ) ਕਹਿੰਦੀ ਹਾਂ ਧਿਆਨ ਦੇਕੇ ਸੁਣ, ਜਿਸ ਕਰਕੇ ਤੇਰਾ ਸਾਰਾ ਡਰ ਦੂਰ ਹੋ ਜਾਏਗਾ। ੩. ਇਸਤ੍ਰੀ ਦੇ ਮੁਖ (ਰੂਪ) ਚੰਦ੍ਰਮਾ ਨੂੰ ਵੇਖਦਿਆਂ ਹੀ ਪੁਰਸ਼ ਦਾ ਚਿੱਤ (ਰੂਪ) ਚਕੋਰ ਬੜਾ ਹੀ ਪ੍ਰਸੰਨ ਹੋ ਜਾਂਦਾ ਹੈ, (ਅਰਥਾਤ ਜਿਵੇਂ ਚੰਦ੍ਰਮਾ ਨੂੰ ਵੇਖਕੇ, ਚਕੋਰ ਖੁਸ਼ ਹੋਕੇ ਆਪਣਾ ਆਪ ਭੁਲ ਜਾਂਦਾ ਹੈ, ਇਵੇਂ ਹੀ ਇਸਤ੍ਰੀ ਦਾ ਮੂੰਹ ਵੇਖਕੇ ਪੁਰਸ਼ ਦਾ ਚਿੱਤ ਪ੍ਰਸੰਨ ਹੋਕੇ ਆਪਣਾ ਆਪ ਭੁਲ ਜਾਂਦਾ ਹੈ)। ੪. ਇਸਤ੍ਰੀ (ਜਦੋਂ ਆਪਣੇ) ਕਮਲ ਵਰਗੇ ਨੈਨਾਂ ਨੂੰ ਤਿਰਛਿਆਂ (ਕਰਕੇ ਪੁਰਸ਼ ਵਲ) ਵੇਖਦੀ ਹੈ, ਤਾਂ ਪੁਰਸ਼ ਦੀ ਕੀ ਤਾਕਤ ਹੈ,ਜੋ ਉਸਦੇ ਔਗੁਣਾਂ ਨੂੰ ਚੇਤੇ ਕਰਕੇ ਉਸ ਉਤੇ ਗੁਸਾ ਕਰ ਲਵੇ (ਅਰਥਾਤ ਇਸਤ੍ਰੀ ਦੇ ਕਟਾਖਯ ਨਾਲ ਪੁਰਸ਼ ਮੋਹਤ ਹੋਕੇ ਆਪਾ ਹੀ ਭੁਲ ਜਾਂਦਾ ਹੈ, ਤਾਂ ਫੇਰ ਗੁਸਾ ਕਿਸ ਨੇ ਕਰਨਾ ਹੋਇਆ ਤੇ ਔਗੁਣਾਂ ਨੂੰ ਭੀ ਕੌਣ ਦੇਖੇਗਾ ?)॥ ੧੭੩॥

**ਦੋਹਰਾ-੧. ਇਮ ਭਾਖਤ ਦੋਨੋ ਚਲੀ ਆਵਤ ਮੋਹ ਨਿਹਾਰ॥**
**੨. ਦੇਵੀ ਮਿਥਯਾਦ੍ਰਿਸ਼ਟਿ ਯਹਿ ਐਸੇ ਕੀਨ ਉਚਾਰ॥੧੭੪॥**

੧. ਇਸ ਤਰ੍ਹਾਂ ਦੀਆਂ ਗੱਲਾਂ ਕਹਿੰਦੀਆਂ ਹੋਈਆਂ ਦੋਵੇਂ ਤੁਰ ਪਈਆਂ ਅਤੇ ਮਹਾਂਮੋਹ (ਨੇ ਉਨ੍ਹਾਂ ਨੂੰ) ਆਉਂਦਿਆਂ ਵੇਖਕੇ । ੨. ਇਸ ਤਰ੍ਹਾਂ ਉਚਾਰਨ ਕੀਤਾ, (ਕਿ) ਇਹ ਦੇਵੀ ਮਿਥਯਾਦ੍ਰਿਸ਼ਟੀ (ਆਈ ਹੈ ?)॥ ੧੭੪॥

**ਸਵੈਯਾ॥**

**੧. ਕਦਲੀ ਸਮ ਜੰਘ ਬਿਰੰਚਿ ਰਚੀ ਪੁਨ ਫੂਲਨ ਮਾਲ ਸੁ ਕੰਠ ਸੁਹਾਏ॥**
**੨. ਕਰ ਚੰਚਲ ਚੀਰ ਉਭਾਰਤ ਹੈ ਕੁਚ ਮੰਡਲ ਚੰਦਨ ਲੇਪ ਲਗਾਏ॥**
**੩. ਜਨ ਨੀਲ ਸਰੋਜ ਬਡੀ ਅਖੀਆਂ ਪਿਖ ਦੀਰਘ ਮੇ ਮਨ ਕੋ ਤ੍ਰਿਪਤਾਏ॥**
**੪. ਕਰ ਡੋਲਤ ਕੰਕਣ ਬੋਲਤ ਹੈਂ ਧੁਨਿ ਨੂਪਰ ਕਾਮ ਸਿਖੀ ਹਰਖਾਏ॥੧੭੫॥**

ਕਦਲੀ=ਕੇਲਾ ਬ੍ਰਿਛ। ਜੰਘ=ਲੱਤਾਂ। ਬਿਰੰਚਿ=ਬ੍ਰਹਮਾ ਨੇ । ਕਰ=ਹੱਥ। ਚੀਰ=ਕਪੜਾ। ਕੁਚ=ਮੰਮਾ, ਬੂਬਾ। ਮੰਡਲ=ਗੋਲ। ਸਰੋਜ=ਕਮਲ। ਦੀਰਘ=ਮੋਟੀਆਂ। ਨੂਪਰ=ਝਾਂਜਰਾਂ। ਸਿਖੀ=ਮੋਰ।

੧. ਬ੍ਰਹਮਾ ਨੇ ਜਿਸ ਦੀਆਂ ਲੱਤਾਂ ਕੇਲੇ-ਬ੍ਰਿਛ ਵਾਂਗੂੰ (ਕੂਲੀਆਂ ਤੇ ਸਾਫ) ਰਚੀਆਂ ਹਨ ਅਤੇ ਫੁਲਾਂ ਦੇ ਹਾਰ ਉਸਦੇ ਗਲ ਵਿਚ ਸੋਭਾ ਪਾ ਰਹੇ ਹਨ। ੨.ਹੱਥ ਦੀ ਚੰਚਲਤਾ (ਨਾਲ ਜੋ) ਕਪੜੇ ਨੂੰ ਉਭਾਰਦੀ ਹੈ ਅਤੇ ਜਿਸਨੇ ਗੋਲ ਮੰਮਿਆਂ ਉਤੇ ਚੰਦਨ ਦਾ ਲੇਪ ਲਗਾਇਆ ਹੋਇਆ ਹੈ। ੩. ਵਡੀਆਂ ਤੇ ਮੋਟੀਆਂ ਅਖਾਂ (ਉਸ ਦੀਆਂ ਇਸ ਤਰ੍ਹਾਂ ਹਨ) ਮਾਨੋ ਨੀਲੇ ਕਮਲ ਖਿੜੇ ਹੋਏ ਹਨ,(ਉਨ੍ਹਾਂ ਦਾ) ਵੇਖਣਾ ਹੀ ਮੇਰੇ ਮਨ ਨੂੰ ਤ੍ਰਿਪਤ ਕਰ ਰਿਹਾ ਹੈ। ੪. ਹੱਥ ਹਿਲਣ (ਨਾਲ ਹੱਥਾਂ ਵਿਚ ਪਏ ਹੋਏ) ਕੰਗਣ ਬੋਲਦੇ ਹਨ, (ਉਨ੍ਹਾਂ ਦੀ) ਅਵਾਜ਼ ਤੇ ਪੈਰਾਂ ਦੀਆਂ ਝਾਂਜਰਾਂ ਦੀ ਆਵਾਜ਼ ਨਾਲ ਪੁਰਸ਼ ਦੇ ਮਨ ਵਿਚ ਕਾਮ ਜਾਗ ਪੈਂਦਾ ਹੈ॥ ੧੭੫॥

**ਸਵੈਯਾ॥**

**੧. ਮੁਖ ਚੰਦ ਸਰੋਜ ਮਨੋ ਅਖੀਆਂ ਦੁਤਿ ਦਾੜਮ ਦੰਤਨ ਹੇਰ ਲਜਾਈ॥**
**੨. ਜਗ ਕਾਮ ਨਿਦਾਘ ਤਪੇ ਜਨ ਜੋ ਦ੍ਰਿਗ ਸਿੰਚ ਸੁਧਾ ਤਿਨ ਤਾਪ ਮਿਟਾਈ॥**

Sri Satguru Jagjit Singh Ji Elibrary NamdhariElibrary@gmail.com

**੩. ਨਭ ਚੰਦ ਕਲਾ ਜਨ ਭੂਮਿ ਅਈ ਇਨ ਪੇਖਨ ਤੇ ਮਨ ਮੇ ਬਿਗਸਾਈ ॥**
**੪. ਸੁ ਗੁਲਾਬ ਪਿਖੇ ਮਧੁ ਮੂਰਤਿ ਸੀ ਮਲ ਮੂਤ੍ਰਤਾ ਨਹਿ ਦੇਤ ਦਿਖਾਈ॥੧੭੬॥**

ਸਰੋਜ=ਕਮਲ ਫੁਲ । ਦੁਤਿ=ਸੁੰਦਰਤਾ । ਦਾੜਮ=ਅਨਾਰ ਦੇ ਦਾਣੇ । ਦੰਤਨ=ਦੰਦ । ਹੇਰਿ=ਵੇਖ ਕੇ । ਨਿਦਾਘ=ਜੇਠ, ਹਾੜ ਦੀ ਧੁਪ । ਨਭ=ਅਕਾਸ਼ । ਕਲ=ਅੰਸ, ਹਿੱਸਾ । ਮਧੁ=ਸਹਿਦ ।

੧. ਮੂੰਹ (ਜਿਸਦਾ) ਚੰਦ ਵਰਗਾ ਸੋਹਣਾ ਹੈ, ਅੱਖੀਆਂ ਅਜਿਹੀਆਂ ਹਨ, ਮਾਨੋ ਕੌਲ ਫੁਲ ਹਨ,, ਦੰਦਾਂ ਦੀ ਸੁੰਦਰਤਾ ਨੂੰ ਵੇਖਕੇ ਅਨਾਰ ਦੇ ਦਾਣੇ ਸ਼ਰਮਸਾਰ ਹੁੰਦੇ ਹਨ । ੨. ਜਗਤ ਵਿਚ ਜਿਹੜੇ ਪੁਰਸ਼ 'ਕਾਮ ਰੂਪ ਤੇਜ਼-ਧੁਪ ਨਾਲ ਤਪੇ ਹੋਏ ਹਨ, ਉਹਨਾਂ ਉਤੇ ਨੈਣਾਂ (ਦੇ ਕਟਾਖਯ ਰੂਪ) ਅੰਮ੍ਰਿਤ ਦੇ ਛਟੇ ਮਾਰ ਕੇ ਉਨ੍ਹਾਂ ਦੇ ਦੁਖ ਨੂੰ ਦੂਰ ਕਰ ਰਹੀ ਹੈ । ੩. (ਸੁੰਦਰਤਾ ਐਸੀ ਹੈ) ਮਾਨੋਂ ਅਕਾਸ਼ ਵਿਚਲੇ ਚੰਦ੍ਰਮਾ (ਨਾਲੋਂ ਕੋਈ) ਹਿੱਸਾ ਟੁਟ ਕੇ ਧਰਤੀ ਉਤੇ ਆ ਗਿਆ ਹੈ, ਇਸ ਨੂੰ ਵੇਖਣ ਨਾਲ ਹੀ ਮੇਰਾ ਮਨ ਖਿੜ ਪਿਆ ਹੈ । ੪. ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ, ਮਹਾਂਮੋਹ ਰਾਜਾ ਕਹਿ ਰਿਹਾ ਹੈ ਕਿ ਮਿਥਯਾਦ੍ਰਿਸ਼ਟਿ ਸ਼ਹਿਦ ਦੀ ਮੂਰਤਿ ਜਿਹੀ (ਹਰ ਪਾਸਿਓਂ ਮਿੱਠੀ ਹੀ ਮਿੱਠੀ) ਦਿਸਦੀ ਹੈ (ਕਿਉਂਕਿ ਉਸਨੂੰ) ਥੁਕ, ਸੀਂਢ, ਗੂੰਹ ਤੇ ਮੂਤ੍ਰ ਆਦਿਕ ਗਲੀਜ਼ਤਾ ਕਿਤੇ ਵਿਖਾਈ ਹੀ ਨਹੀਂ ਦੇਂਦੀ,(ਇਸ ਸਾਰੇ ਕਥਨ ਦਾ ਭਾਵ ਇਹ ਹੈ, ਕਿ ਜਦੋਂ ਪੁਰਸ਼ ਦੇ ਹਿਰਦੇ ਵਿਚ ਮੋਹ ਦਾ ਵੇਗ ਹੋਵੇ ਤੇ ਕਾਮ ਜਾਗ ਪਵੇ ਤਾਂ ਅੰਤਹਕਰਣ ਵਿਚ ਭ੍ਰਾਮਕ ਬੁਧੀ ਦਾ ਰਾਜ ਹੋ ਜਾਂਦਾ ਹੈ, ਜਿਸ ਦੀਆਂ ਅੱਖਾਂ ਵਿਚ ਮਿਥਿਆ ਪਦਾਰਥਾਂ ਦਾ ਗਿਆਨ ਹੁੰਦਾ ਹੈ, ਕਿਉਂਕਿ ਹਿਰਦੇ ਵਿਚੋਂ 'ਵਸਤੂ' ਨੂੰ ਵਿਚਾਰ ਕਰਨ ਵਾਲੀ ਸ਼ਕਤੀ ਘਟ ਗਈ ਹੁੰਦੀ ਹੈ,ਇਸ ਕਰਕੇ ਕਾਮੀ ਪੁਰਸ਼ ਨੂੰ ਇਸਤ੍ਰੀ ਦੇ ਸਰੀਰ ਵਿਚਲੀ ਗਲੀਜ਼ਤਾ ਕਿਤੇ ਨਹੀਂ ਦਿਸਦੀ, ਉਸ ਨੂੰ ਇਸਤ੍ਰੀ ਹਰ ਪਾਸੇ ਤੋਂ ਸੁੰਦਰ ਹੀ ਸੁੰਦਰ ਦਿਸਦੀ ਹੈ, ਜਿਸ ਤਰ੍ਹਾਂ ਦੀ ਸੁੰਦਰ ਦਿਸਦੀ ਹੈ, ਉਸੇ ਤਰ੍ਹਾਂ ਦੀ ਕਲਪਨਾ ਕਰਕੇ ਇਥੇ ਵਰਣਨ ਕੀਤਾ ਹੈ) ॥ ੧੭੬ ॥

ਵਿਭ੍ਰਮਵਤੀ ਉਵਾਚ ॥

**ਦੋਹਰਾ—੧. ਯਹਿ ਮਹਾਂਮੋਹ ਸੁ ਪ੍ਰਾਣਪਤਿ, ਤੂੰ ਅਤਿ ਪਿਆਰੀ ਨਾਰਿ ॥**
**੨. ਚਲੋ ਸਮੀਪ ਪ੍ਰਸੰਨ ਕਰਿ, ਭਾਖਿਓ ਮਾਨ ਹਮਾਰ ॥ ੧੭੭ ॥**

ਵਿਭ੍ਰਮਵਤੀ ਕਹਿਣ ਲਗੀ—੧. (ਹੇ ਮੇਰੀ ਸਖੀ ਮਿਥਯਾਦ੍ਰਿਸ਼ਟੀ ! ਤੇਰੇ) ਪ੍ਰਾਣਪਤੀ ਮਹਾਂ ਮੋਹ (ਮਹਾਰਾਜ ਜੀ) ਇਹ (ਬੈਠੇ ਹਨ ਅਤੇ) ਤੂੰ (ਭੀ ਇਨ੍ਹਾਂ ਦੀ) ਪਰਮ ਪਿਆਰੀ ਇਸਤ੍ਰੀ ਹੈਂ । ੨. ਕੋਲ ਜਾਕੇ ਇਹਨਾਂ ਨੂੰ ਖੁਸ਼ ਕਰ, ਮੇਰਾ ਕਿਹਾ ਮੰਨ ਲੈ ॥ ੧੭੭ ॥

(ਜਦ ਵਿਭ੍ਰਮਵਤੀ ਨੇ ਇਉਂ ਕਿਹਾ)—

**ਦੋਹਰਾ—੧. ਸੁਨਕੇ ਮਿਥਯਾਦ੍ਰਿਸ਼ਟਿ ਤਬ, ਜਾਇ ਸਮੀਪ ਨਿਹਾਰ ॥**
**੨. ਮਹਾਮੋਹ ਮਹਾਰਾਜ ਪ੍ਰਤਿ, ਜੈ ਜੈ ਕੀਨ ਉਚਾਰ ॥ ੧੭੮ ॥**

੧. ਤਦ ਉਸ ਦੇ ਬਚਨ ਨੂੰ ਸੁਣ ਕੇ, ਮਿਥਯਾਦ੍ਰਿਸ਼ਟੀ ਨੇ ਕੋਲ ਜਾਕੇ (ਅਤੇ ਉਨ੍ਹਾਂ ਵਲ) ਵੇਖਕੇ, ੨. ਮਹਾਂਮੋਹ ਨੂੰ ਸਨਮੁਖ ਕਰਕੇ ਕਿਹਾ—ਮਹਾਰਾਜ ! (ਆਪ ਦੀ) ਜੈ ਹੋਵੇ, ਜੈ ਹੋਵੇ ॥ ੧੭੮ ॥

ਮਹਾਂਮੋਹ ਉਵਾਚ ॥

**ਦੋਹਰਾ—੧. ਪੀਨ ਉਰੂ ਕੁਚਿ ਅੰਕ ਮਿਲਿ ਕੀਜੇ ਮੋਹਿ ਨਿਹਾਲ ॥**
**੨. ਹਰਣਾਖੀ ਸ਼ਿਵ ਸ਼ਿਵਾ ਕੀ ਸੋਭਾ ਹਰੇ ਬਿਸਾਲ ॥ ੧੭੯ ॥**

Sri Satguru Jagjit Singh Ji Elibrary NamdhariElibrary@gmail.com

ਪੀਨ=ਕਠੋਰ, ਕਰੜੇ । ਉਰੂ=ਪੱਟਾਂ ਵਾਲੀਏ । ਕੁਚੀ=ਮੰਮਿਆਂ ਵਾਲੀਏ । ਨਿਹਾਲ=ਦੁਖਾਂ ਤੋਂ ਰਹਿਤ, ਸੁਖੀ । ਹਰਣਾਖੀ=(ਹਰਨ+ਅਖੀ) ਹਰਨ ਜੇਹੀਆਂ ਅੱਖਾਂ ਵਾਲੀਏ । ਸ਼ਿਵਾ ਸ਼ਿਵਾ=ਸ਼ਿਵਜੀ ਦੇ ਕੋਲ ਬੈਠੀ ਹੋਈ ਪਾਰਬਤੀ ।

ਮਹਾਂਮੋਹ ਕਹਿਣ ਲਗਾ–

੧. ਹੇ ਵਾਮ ਉਰੂ ! ਹੇ ਪੀਨ ਕੁਚੀਏ ! (ਮੇਰੇ) ਗਲ ਨਾਲ ਮਿਲਕੇ, ਮੈਨੂੰ ਸੁਖੀ ਕਰ । ੨. ਹੇ ਹਰਣਾਖੀਏ ! (ਫੇਰ ਮੇਰੇ ਕੋਲ ਬੈਠਕੇ) ਸ਼ਿਵਜੀ ਕੋਲ ਬੈਠੀ ਹੋਈ ਪਾਰਬਤੀ ਦੀ ਪਰਮ ਸੋਭਾ ਨੂੰ ਦੂਰ ਕਰ ਦੇਹੁ ॥ ੧੭੯ ॥

**ਦੋਹਰਾ–੧. ਹਸੀ ਸੁ ਮਿਥਯਾਦ੍ਰਿਸ਼ਟਿ ਤਬ, ਮਿਲੀ ਸੁ ਭੁਜਾ ਪਸਾਰ ॥**
**੨. ਮਹਾਂਮੋਹ ਸੁਖ ਤਾਂਹਿ ਕੋ ਨਿਜ ਮੁਖ ਕਰੇ ਉਚਾਰ ॥੧੮੦॥**

੧. (ਜਦ ਮਹਾਂਮੋਹ ਨੇ ਇਹ ਕਿਹਾ) ਜਦ ਮਿਥਯਾਦ੍ਰਿਸ਼ਟੀ ਉਸਦੇ ਬਚਨ ਨੂੰ ਸੁਣ ਕੇ ਹੱਸੀ ਅਤੇ ਬਾਂਹ ਪਸਾਰ ਕੇ ਉਸ ਦੇ (ਗਲ) ਮਿਲੀ । ੨. ਮਹਾਂਮੋਹ ਉਸ ਦੇ ਸੁਖ ਨੂੰ (ਪ੍ਰਾਪਤ ਕਰਕੇ) ਆਪਣੇ ਮੂੰਹੋਂ ਇਸ ਤਰ੍ਹਾਂ ਕਥਨ ਕਰਨ ਲਗਾ ॥ ੧੮੦ ॥

**ਦੋਹਰਾ–੧. ਅਹੋ ਪਿਆਰੀ ਸੰਗ ਤਵ ਲਹਯੋ ਰਸਾਇਨ ਸਾਰ ॥**
**੨. ਜਰਾ ਇਕਾਗ੍ਰ ਮੇਟ ਪੁਨ ਜੋਬਨ ਭਯੋ ਉਦਾਰ ॥੧੮੧॥**

ਰਸਾਇਨ ਸਾਰ=ਅਕਸੀਰ, ਆਂਜੂਸੋ । ਬੂਟੀਆਂ ਨਾਲ ਕੁਸਤਾ ਕੀਤਾ ਹੋਇਆ ਪਾਰਾ ਜੋ ਤਾਂਬੇ ਨੂੰ ਰੰਗ ਕੇ ਸੋਨਾ ਕਰ ਦੇਂਦਾ ਹੈ ਅਤੇ ਖਾਣ ਵਾਲੇ ਬੁਢੇ ਨੂੰ ਜੁਆਨ ਕਰ ਦੇਂਦਾ ਹੈ ।

੧. ਹੇ ਪਿਆਰੀ ਮਿਥਯਾਦ੍ਰਿਸ਼ਟੀ ! ਤੇਰੇ ਮਿਲਾਪ ਦਾ ਅਚਰਜ ਸੁਖ ਹੈ, (ਮੈਨੂੰ ਤਾਂ ਇਹ ਪਰਮ ਰਸਾਇਨੀ-ਪਾਰਾ ਮਲੂਮ ਹੋਇਆ ਹੈ, ਕਿਉਂਕਿ ਜਿਵੇਂ ਪਰਮ ਰਸਾਇਨੀ-ਪਾਰੇ ਨੂੰ ਖਾਕੇ ਬੁਢਾ ਪੁਰਸ਼ ਭੀ ਜੁਆਨ ਹੋ ਜਾਂਦਾ ਹੈ, ਇਵੇਂ ਮੈਂ ਭੀ । ੨. ਇਕਾਗ੍ਰਤਾ ਰੂਪ ਬੁਢੇਪੇ ਨੂੰ ਦੂਰ ਕਰਕੇ ਮੁੜਕੇ ਸੁਖਦਾਤਾ ਜੁਆਨੀ ਨੂੰ ਪ੍ਰਾਪਤ ਹੋ ਗਿਆ ਹਾਂ ॥ ੧੮੧ ॥

**ਸਵੈਯਾ ॥**

**੧. ਪੂਰਬ ਜੋ ਨਵ ਜੋਬਨ ਮੈ ਸੁ ਮਨੋਜ ਬਿਕਾਰ ਭਯੋ ਬਲਕਾਰੀ ॥**
**੨. ਚੀਤ ਮਥੇ ਉਰ ਆਨੰਦ ਥੇ ਸਭ ਔਰ ਪਦਾਰਥ ਥੇ ਸੁਖਕਾਰੀ ॥**
**੩. ਚੀਤ ਇਕਾਗ੍ਰਤਾ ਜਰਠਾਪਨ ਤੇ ਮੁਖ ਚੰਦ ਅਮੀ ਸੁ ਨਿਵਾਰੀ ॥**
**੪. ਸੰਗਮ ਤੇ ਨਵ ਜੋਬਨ ਮੈ ਅਬ ਫੇਰ ਭਯੋ ਤਵ ਪ੍ਰੇਮ ਉਦਾਰੀ ॥੧੮੨॥**

ਨੋਟ–ਉਪਰਲੇ ਦੋਹਰੇ ਦੇ ਭਾਵ ਨੂੰ ਪ੍ਰਗਟ ਕਰਦੇ ਹਨ, ਮਹਾਂਮੋਹ ਕਹਿਣ ਲੱਗਾ–

੧. ਪਹਿਲੇ ਸਮੇਂ ਵਿਚ ਮੈਂ ਨਵੀਂ ਜੁਆਨੀ ਵਾਲਾ ਪਰਮ ਜੁਆਨ ਸਾਂ । (ਪ੍ਰਸ਼ਨ–ਮਹਾਂ ਮੋਹ ਦੀ ਨਵ-ਜੋਬਨ ਅਵਸਥਾ ਕਿਹੜੀ ਹੈ ? ਉਤਰ–(ਜੋ ਸਾਰਿਆਂ ਦੇ ਹਿਰਦਿਆਂ ਵਿਚ) ਕਾਮ ਦੇ ਵਿਕਾਰ ਬਲਵਾਨ ਹੋ ਰਹੇ ਸਨ । ੨. ਉਨ੍ਹਾਂ ਵਿਕਾਰਾਂ ਨੇ ਸਾਰਿਆਂ ਦੇ ਚਿੱਤ ਨੂੰ (ਇਉਂ) ਮਥਿਆ ਸੀ, (ਜਿਵੇਂ ਮਧਾਣੀ ਦਹੀਂ ਨੂੰ ਮਥਦੀ ਹੈ ਜਿਸ ਕਰਕੇ) ਹਿਰਦੇ ਵਿਚ (ਹਰ ਤਰ੍ਹਾਂ ਨਾਲ ਕਾਮ, ਕ੍ਰੋਧ, ਲੋਭ ਆਦਿਕਾਂ ਦਾ) ਅਨੰਦ ਪ੍ਰਾਪਤ ਹੋ ਰਿਹਾ ਸੀ ਅਤੇ ਹੋਰ ਭੀ ਸਾਰੇ ਸੁਖਦਾਈ ਪਦਾਰਥ ਪ੍ਰਾਪਤ ਸਨ, (ਇਹੋ ਹੀ ਮਹਾਂਮੋਹ ਦੀ ਜੁਆਨੀ ਸੀ, ਕਿਉਂਕਿ ਸਾਰੇ ਪੁਰਸ਼ਾਂ ਦੇ ਚਿੱਤ ਚੰਚਲ

Sri Satguru Jagjit Singh Ji Elibrary NamdhariElibrary@gmail.com

ਸਨ)। ਪਰ ਹੁਣ ਕਿਧਰੇ ਕਿਧਰੇ ਵਿਸ਼ੇ ਵਿਕਾਰਾਂ ਦਾ ਤਿਆਗ ਕਰਕੇ ਤੇ ਚਿਤ ਨੂੰ ਇਕਾਗਰ ਕਰਕੇ ਜੀਵ ਈਸ਼ਵਰ ਦਾ ਭਜਨ ਕਰਨ ਲਗ ਪਏ ਹਨ। ਇਹੋ ਇਕਾਗਰਤਾ ਹੀ ਮਹਾਂ ਮੋਹ ਦੀ ਬਿਰਧ ਉਮਰਾ ਹੈ, ਓਹੀ ਕਹਿੰਦਾ ਹੈ ਕਿ) ੩. ਚਿਤ ਦੀ ਇਕਾਗਰਤਾ ਰੂਪ ਜੋ ਬੁਢੇਪਾ ਮੈਨੂੰ ਆਣ ਪ੍ਰਾਪਤ ਹੋਇਆ ਸੀ, ਤੇਰੇ ਮੁਖ ਚੰਦਰਮਾ ਦੇ ਅੰਮ੍ਰਿਤ ਨੇ ਉਸ ਨੂੰ ਦੂਰ ਕਰ ਦਿਤਾ ਹੈ, (ਅਰਥਾਤ ਇਸਤਰੀ ਦੇ ਅਲਿੰਗਨ ਕਰਨ ਨਾਲ ਚਿਤ ਪਰਮ ਚੰਚਲ ਹੋ ਜਾਂਦਾ ਹੈ, ਇਕਾਗਰਤਾ ਛਿਨ ਮਾਤਰ ਭੀ ਨਹੀਂ ਰਹਿ ਸਕਦੀ ਤਦੇ ਹੀ ਮਹਾਂ ਮੋਹ ਕਹਿੰਦਾ ਹੈ)। ੪. ਤੇਰੇ ਮਿਲਾਪ ਕਰਕੇ ਮੈਂ ਹੁਣ ਫੇਰ ਨਵ-ਜੋਬਨ ਵਾਲਾ ਹੋ ਗਿਆ ਹਾਂ ਅਤੇ ਤੇਰਾ ਉਦਾਰ ਪਰੇਮ ਮੇਰੇ ਹਿਰਦੇ ਵਿਚ ਆਣ ਪ੍ਰਾਪਤ) ਹੋਇਆ ॥ ੧੯੨ ॥

ਕਵਿ ਉਵਾਚ ॥

**ਦੋਹਰਾ—੧. ਤਰਨਾਪਨ ਤਜਿ ਬਿਖੇ ਸੁਖ, ਬਹੁ ਦਿਨ ਭਜੈਂ ਮੁਰਾਰਿ ॥**
**੨. ਜਰਠਾਪਨ ਬਿਨ ਭਾਗ ਸਠ, ਜੁਵਤੀ ਮਦਨ ਬਿਕਾਰ ॥੧੯੩॥**

ਤਰਨਾਪਨ=ਜੁਆਨੀ। ਮੁਰਾਰਿ=ਪ੍ਰਮਾਤਮਾ ਵਾਹਿਗੁਰੂ। ਜਰਠਾਪਨ=ਬੁਢੇਪਾ। ਸਠ= ਮੂਰਖ। ਜੁਵਤੀ=ਇਸਤ੍ਰੀ। ਮਦਨ—ਕਾਮ।

੧. ਗਰੰਥ ਕਰਤਾ ਜੀ ਕਹਿੰਦੇ ਹਨ—(ਕਲਿਜੁਗ ਦੇ ਜੀਵਾਂ ਦੀ ਇਹ ਹਾਲਤ ਹੈ ਕਿ) ਜੁਆਨੀ ਵੇਲੇ ਵਿਸ਼ਯ ਸੁਖਾਂ ਦਾ ਤਿਆਗ ਕਰਕੇ ਬਹੁਤ ਦਿਨਾਂ ਤਕ ਪ੍ਰਮਾਤਮਾ ਦਾ ਭਜਨ ਕਰਦੇ ਰਹਿੰਦੇ ਹਨ। ੨. ਬੁਢੇਪਾ ਆਉਂਦਿਆਂ ਹੀ ਭਾਗਾਂ ਤੋਂ ਹੀਣੇ ਮੂਰਖ ਇਸਤਰੀ (ਨੂੰ ਪ੍ਰਾਪਤ ਕਰਕੇ) ਕਾਮ ਦੇ ਵਿਕਾਰਾਂ (ਵਿਚ ਲਗ ਜਾਂਦੇ ਹਨ ਅਰਥਾਤ ਵਿਸ਼ਯ ਸੁਖ ਪ੍ਰਾਪਤ ਕਰਨ ਵਾਲੀ ਉਮਰਾ ਵਿਚ ਵਿਸ਼ਯ ਸੁਖਾਂ ਨੂੰ ਛਡ ਦੇਂਦੇ ਹਨ ਅਤੇ ਪ੍ਰਮਾਤਮਾ ਦਾ ਭਜਨ ਕਰਨ ਵਾਲੀ ਉਮਰਾ ਵਿਚ ਇਹ ਪ੍ਰਮਾਤਮਾ ਦਾ ਭਜਨ ਕਰਨਾ ਛਡ ਦੇਂਦੇ ਹਨ, ਇਸ ਲਈ ਇਹ ਮੂਰਖ ਭਾਗਾਂ ਤੋਂ ਹੀਣੇ ਹਨ ਅਤੇ ਦੋਹਾਂ ਹੀ ਸੁਖਾਂ ਵਲੋਂ ਵਾਂਜੇ ਰਹਿੰਦੇ ਹਨ। ਨਾ ਇਹਨਾਂ ਨੂੰ ਵਿਸ਼ਯਾਨੰਦ ਪ੍ਰਾਪਤ ਹੁੰਦਾ ਹੈ ਤੇ ਨਾ ਹੀ ਭਜਨਾਨੰਦ ਨੂੰ ਪ੍ਰਾਪਤ ਕਰ ਸਕਦੇ ਹਨ) ॥ ੧੯੩ ॥

ਮਿਥਯਾ ਦ੍ਰਿਸ਼ਟੀ ਉਵਾਚ ॥

**ਸਵੈਯਾ ॥**

**੧. ਮਹਾਰਾਜ ਕਹੌਂ ਇਕ ਬਾਤ ਸੁਨੋ, ਜਿਹ ਊਪਰ ਹੋਤ ਕ੍ਰਿਪਾਲ ਪੀਓ ॥**
**੨. ਜਗ ਪੂਰਨ ਤਾਂਹਿ ਮਨੋਰਥ ਹੈਂ, ਕਛੁ ਚਾਹਤ ਨਾ ਕਛੁ ਔਰ ਬੀਓ ॥**
**੩. ਨਵ ਜੋਬਨ ਸੰਗ ਮੋਹਿ ਲਹਯੋ, ਬਿਨ ਸੇਵਨ ਤੇ ਕਿਹ ਕਾਮ ਜੀਓ ॥**
**੪. ਕਰੁ ਆਇਸ ਬੇਗ ਕਰੋ ਭਰਤਾ ਮਮ ਜਾਹਿ ਨਮਿੱਤ ਸੁ ਯਾਦ ਕੀਓ ।੧੯੪।**

ਬੀਓ=ਦੂਜਾ। ਆਇਸ=ਹੁਕਮ। ਬੇਗ=ਛੇਤੀ। ਭਰਤਾ=ਪਤੀ। ਨਮਿਤ=ਕੰਮ ਵਾਸਤੇ।

ਮਿਥਯਾ ਦ੍ਰਿਸ਼ਟੀ ਕਹਿਣ ਲਗੀ-੧. ਹੇ ਮਹਾਰਾਜ! ਮੈਂ ਇਕ ਗੱਲ ਕਹਿੰਦੀ ਹਾਂ, ਆਪ ਧਿਆਨ ਦੇ ਕੇ ਸੁਣੋ, (ਕਿ) ਜਿਸ (ਇਸਤ੍ਰੀ) ਉਤੇ ਪਤੀ ਕ੍ਰਿਪਾਲ ਹੁੰਦਾ ਹੈ। ੨. ਜਗਤ ਵਿਚ ਉਸ ਦੇ ਸਾਰੇ ਮਨੋਰਥ ਪੂਰਨ ਹੋ ਜਾਂਦੇ ਹਨ, (ਇਸੇ ਕਰਕੇ ਪਤੀਬ੍ਰਤਾ ਇਸਤਰੀ ਪਤੀ ਦੀ ਖੁਸ਼ੀ ਤੋਂ ਬਿਨਾਂ) ਹੋਰ ਕੁਝ ਦੂਜਾ ਪਦਾਰਥ ਰਤਾ ਮਾਤਰ ਭੀ ਨਹੀਂ ਚਾਹੁੰਦੀ। ੩. ਤੁਹਾਡੇ ਮਿਲਾਪ ਕਰਕੇ ਮੈਨੂੰ ਭੀ ਨਵੀਂ ਜੁਆਨੀ ਮਿਲ ਗਈ ਹੈ, (ਆਪ ਦੀ) ਸੇਵਾ ਕਰਨ ਤੋਂ ਬਿਨਾਂ ਮੇਰਾ ਜੀਊਣਾ ਕਿਸ ਕੰਮ ਹੈ? ੪. ਸਵਾਮੀ ਜੀ! ਜਿਸ ਕੰਮ ਨੂੰ ਕਰਨ ਵਾਸਤੇ ਆਪ ਨੇ ਮੈਨੂੰ ਯਾਦ ਕੀਤਾ ਹੈ, ਛੇਤੀ ਨਾਲ ਮੈਨੂੰ ਉਹ ਹੁਕਮ ਕਰ ਦਿਓ ॥ ੧੯੪ ॥

Sri Satguru Jagjit Singh Ji Elibrary NamdhariElibrary@gmail.com

ਮਹਾਂ ਮੋਹ ਉਵਾਚ ॥

**ਸਵੈਯਾ ॥**

**੧. ਤੋਹਿ ਚਿਤਾਰਤ ਹੌਂ ਨਿਸ ਬਾਸਰ ਵਾਮ ਉਰੂ ਸੁਨ ਮੋਹਿ ਪਿਆਰੀ ॥**
**੨. ਮਾਂਹਿ ਦਿਵਾਰ ਯਥਾ ਪੁਤਲੀ ਤਿਮ ਨੀਤ ਬਸੋ ਮਮ ਚੀਤ ਮਝਾਰੀ ॥**
**੩. ਚੀਤ ਵਿਖੇ ਤਵ ਪ੍ਰੇਮ ਰਹੋ ਮਮ ਨੀਤ ਖਿਰੇ ਸੁ ਮਨੋਜ ਕੀ ਬਾਰੀ ॥**
**੪. ਸੁਨ ਮਿਥਯਾਦ੍ਰਿਸ਼ਟਿ ਪ੍ਰਸੰਨ ਭਈ,ਸੁ ਪ੍ਰਸਾਦਕੀਓ ਮੁਖ ਏਹੁ ਉਚਾਰੀ॥੧੯੫॥**

ਚਿਤਾਰਤ=ਯਾਦ ਕਰਦਾ। ਨਿਸ ਬਾਸਰ=ਰਾਤ ਦਿਨ। ਵਾਮ ਉਰੂ=ਸੁੰਦਰ ਪੱਟਾਂ ਵਾਲੀਏ। ਦਿਵਾਰ=ਕੰਧ। ਮਨੋਜ=ਕਾਮ। ਬਾਰੀ=ਬਗੀਚੀ, ਖੇਤੀ। ਪ੍ਰਸਾਦ=ਕ੍ਰਿਪਾ।

ਮਹਾਂ ਮੋਹ ਰਾਜਾ ਕਹਿਣ ਲਗਾ-੧. ਹੇ ਸੁੰਦਰ ਪੱਟਾਂ ਵਾਲੀਏ! ਸੁਣ, ਤੂੰ ਮੈਨੂੰ (ਐਸੀ) ਪਿਆਰੀ ਹੈਂ, ਕਿ ਮੈਂ ਤੈਨੂੰ ਦਿਨੇ ਰਾਤ ਹੀ ਚੇਤੇ ਕਰਦਾ ਰਹਿੰਦਾ ਹਾਂ। ੨. ਜਿਵੇਂ ਕੰਧ ਉਤੇ ਲਿਖੀ ਹੋਈ ਪੁਤਲੀ ਦੀ ਮੂਰਤਿ ਕੰਧ ਵਿਚ ਵਸਦੀ ਹੈ, ਉਸੇ ਤਰ੍ਹਾਂ ਤੂੰ ਸਦਾ ਹੀ ਮੇਰੇ ਚਿਤ ਵਿਚ ਵਸਦੀ ਹੈਂ। ੩. (ਹੁਣ ਅਜਿਹੀ ਕ੍ਰਿਪਾ ਕਰ, ਕਿ ਮੇਰੇ ਚਿਤ ਵਿਚ ਪਰੇਮ ਬਣਿਆ ਰਹੇ, ਜਿਸ ਕਰਕੇ ਮੇਰੇ (ਮਨ ਵਿਚ) ਸਦਾ ਹੀ ਕਾਮ ਦੀ ਫੁਲਵਾੜੀ ਖਿੜੀ ਰਹੇ। ੪. ਇਹ ਸੁਣ ਕੇ ਮਿਥਯਾ ਦ੍ਰਿਸ਼ਟੀ ਖੁਸ਼ ਹੋ ਗਈ ਅਤੇ ਉਸ ਨੇ ਮੂੰਹੋਂ ਇਹ ਗੱਲ ਆਖੀ-(ਤੁਸਾਂ ਮੇਰੇ ਉਤੇ) ਕ੍ਰਿਪਾ ਕੀਤੀ ਹੈ ॥ ੧੯੫ ॥

ਮਹਾਂ ਮੋਹ ਉਵਾਚ ॥

**ਦੋਹਰਾ-੧. ਔਰ ਕਹੌਂ ਦਾਸੀ ਸੁਤਾ ਸਰਧਾ ਸ਼ਾਂਤਿ ਸੁਜਾਨ ॥**
**੨. ਦੂਤੀ ਭਈ ਬਬੇਕ ਕੀ ਪੱਤ੍ਰ ਲਿਖੇ ਮਦ ਮਾਨ ॥੧੯੬॥**

ਮਹਾਂ ਮੋਹ ਕਹਿਣ ਲਗਾ-੧. (ਹੇ ਮਿਥਯਾ ਦ੍ਰਿਸ਼ਟੀ! ਤੈਨੂੰ ਇਕ) ਹੋਰ ਗੱਲ ਕਹਿੰਦਾ ਹਾਂ,ਜਿਸ ਵਾਸਤੇ ਤੈਨੂੰ ਸਦਿਆ ਹੈ, ਤੂੰ ਧਿਆਨ ਦੇ ਕੇ ਸੁਣ, ਕਿ ਇਕ (ਮੇਰੀ) ਦਾਸੀ ਦੀ ਧੀ 'ਸ਼ਰਧਾ' (ਹੈ, ਅਤੇ ਉਸ ਦੀ) ਧੀ ਦਾ ਨਾਮ 'ਸ਼ਾਂਤੀ' ਹੈ, ਜਿਸ ਨੂੰ ਤੂੰ ਚੰਗੀ ਤਰ੍ਹਾਂ ਜਾਣਦੀ ਹੈਂ। ੨. ਉਹ ਸ਼ਾਂਤੀ ਬਿਬੇਕ ਰਾਜੇ ਦੀ ਵਡੇ ਕੁਟਨੀ ਬਣੀ ਹੈ, ਮਦ ਤੇ ਮਾਨ (ਨੇ ਮੈਨੂੰ ਇਹ ਗੱਲ) ਚਿਠੀ ਵਿਚ ਲਿਖੀ ਹੈ ॥ ੧੯੬ ॥

ਪ੍ਰਸ਼ਨ-ਸ਼ਰਧਾ ਨੂੰ ਦਾਸੀ ਦੀ ਧੀ ਕਿਉਂ ਕਿਹਾ ਹੈ?

ਉੱਤਰ-ਪਹਿਲਾਂ ਜਗਿਆਸੂ ਦੇ ਹਿਰਦੇ ਵਿਚ ਦਾਸੀ ਭਾਵ ਨਿਵਾਸ ਕਰਦਾ ਹੈ, ਤਦ ਵੇਦ ਜਾਂ ਗੁਰੂ ਦੇ ਬਚਨਾਂ ਉਤੇ ਸ਼ਰਧਾ ਬਝਦੀ ਹੈ। ਦਾਸ ਭਾਵ ਹੋਏ ਤੋਂ ਬਿਨਾਂ ਸ਼ਰਧਾ ਨਹੀਂ ਬਝਦੀ, ਇਸ ਕਰਕੇ ਦਾਸੀ ਦੀ ਪੁਤਰੀ ਸ਼ਰਧਾ ਕਹੀ ਹੈ।

**ਦੋਹਰਾ-੧. ਉਪਨਿਖਤ ਵਿਵੇਕ ਮਿਲਾਪ ਹਿਤ ਭਈ ਸੁਕੁਟਨੀ ਸੋਇ ॥**
**੨. ਜਿਹ ਬਿਧਿ ਹੋਇ ਮਿਲਾਪ ਨਹਿਂ ਕਰੋ ਉਪਾਇ ਸੁ ਕੋਇ ॥੧੯੭॥**

ਕੁਟਨੀ=ਦੱਲੀ, ਵਿਭਚਾਰਣ ਇਸਤ੍ਰੀ ਨੂੰ ਰਸਿਕ ਪੁਰਸ਼ ਤੇ ਰਸਿਕ ਪੁਰਸ਼ ਨੂੰ ਇਸਤ੍ਰੀ ਲਿਆ ਕੇ ਮਿਲਾ ਕੇ ਦੇਣ ਵਾਲੀ ਇਸਤ੍ਰੀ ਨੂੰ ਕੁਟਣੀ ਜਾਂ ਦੂਤੀ ਕਹਿੰਦੇ ਹਨ।

੧. ਉਪਨਿਸ਼ਦ ਦਾ ਵਿਵੇਕ ਰਾਜੇ ਨਾਲ ਮਿਲਾਪ ਕਰਾਣ ਦੇ ਵਾਸਤੇ ਉਹ (ਸ਼ਾਂਤੀ) ਵਿਚੋਲੀ ਬਣੀ ਹੈ। ੨. ਪਰ ਤੂੰ ਕੋਈ ਉਹ ਯਤਨ ਕਰ, ਜਿਸ ਬਿਧੀ ਕਰਕੇ ਉਨ੍ਹਾਂ ਦਾ ਮਿਲਾਪ ਨਾ ਹੋਵੇ ॥ ੧੯੭ ॥

**ਦੋਹਰਾ-੧. ਏਕ ਉਪਾਇ ਸੁ ਮੈ ਕਹੌਂ, ਵਹੀ ਕਰੋ ਮਨ ਧਾਰ ॥**

Sri Satguru Jagjit Singh Ji Elibrary NamdhariElibrary@gmail.com

**੨. ਸਰਧਾ ਜੋ ਉਪਨਿਖਤ ਕੀ ਸੋ ਅਬ ਦੇਹੁ ਨਿਵਾਰ ॥੧੮੮॥**

੧. ਇਕ ਉਪਾਉ (ਮੈਨੂੰ ਸੁਝਿਆ ਹੈ), ਉਹ ਮੈਂ ਤੈਨੂੰ ਕਹਿੰਦਾ ਹਾਂ, ਤੂੰ ਮਨ ਲਾ ਕੇ ਉਸੇ ਉਪਾਓ ਨੂੰ ਕਰ। ੨. ਉਪਨਿਸਦਾਂ (ਉਤੇ ਪੁਰਸ਼ਾਂ) ਦੀ ਜੋ ਸ਼ਰਧਾ ਬਝੀ ਹੋਈ ਹੈ, ਹੁਣ (ਤੂੰ ਪਹਿਲੇ) ਉਸੇ ਨੂੰ ਦੂਰ ਕਰ ਦੇਹੁ (ਅਰਥਾਤ ਅਜਿਹਾ ਯਤਨ ਕਰ ਕਿ ਜਿਸ ਕਰਕੇ ਕਿਸੇ ਭੀ ਪੁਰਸ਼ ਦੀ ਉਪਨਿਸ਼ਦਾਂ ਉਤੇ ਸ਼ਰਧਾ ਨਾ ਰਹੇ) ॥ ੧੮੮ ॥

**ਦੋਹਰਾ–੧. ਅਕੁਲੀਨੀ ਪ੍ਰਤਿ ਕੂਲ ਮਮ, ਸਰਧਾ ਪਾਪਨਿ ਨਾਰਿ ॥**
**੨. ਕੇਸਨ ਤੇ ਗਹਿ ਤਾਂਹਿ ਕੋ ਦੇਹੁ ਪਖੰਡ ਮਤ ਡਾਰ ॥੧੮੯॥**

ਅਕੁਲੀਨੀ=ਕੁਲ ਤੋਂ ਹੀਨੀ, ਨੀਚ ਕੁਲ ਵਾਲੀ। ਪ੍ਰਤਿਕੂਲ=ਉਲਟ ਤੁਰਨ ਵਾਲੀ, ਵੈਰਨ।

੧. ਉਹ ਨੀਚ ਕੁਲ ਵਾਲੀ, ਪਾਪਣ ਇਸਤਰੀ, ਸ਼ਰਧਾ ਮੇਰੀ ਵੈਰਨ ਹੈ। ੨. ਉਸ ਨੂੰ ਕੇਸਾਂ ਤੋਂ ਫੜ ਕੇ ਪਖੰਡੀਆਂ ਦੇ ਮਤ ਵਿਚ ਸੁਟ ਦੇਹੁ, (ਤਦ ਮੇਰਾ ਕਾਰਜ ਸਿਧ ਹੋ ਜਾਏਗਾ) ॥ ੧੮੯ ॥

ਮਿਥਯਾ ਦ੍ਰਿਸ਼ਟੀ ਉਵਾਚ ॥

**ਚੌਪਈ ॥**

**੧. ਯਾਹਿ ਕਾਜ ਕੀ ਚਿੰਤ ਨ ਕੀਜੈ ॥ ਮਮ ਵਚਨ ਤੇ ਭਯੋ ਪਿਖੀਜੈ ॥**
**੨. ਮੇਰਾ ਬਚਨ ਸੁਣੇ ਜਬ ਰੰਡੀ ॥ ਤਜੇ ਵੇਦ ਪਥ ਭਜੇ ਪਖੰਡੀ ॥੧੯੦॥**

ਮਿਥਯਾ ਦ੍ਰਿਸਟੀ ਨੇ ਕਿਹਾ–੧. ਇਸ ਕੰਮ ਦੀ (ਆਪ ਰਤਾ ਭਰ ਵੀ) ਚਿੰਤਾ ਨਾ ਕਰੋ, ਇਹ ਤਾਂ ਮੇਰੇ ਬਚਨਾਂ ਨਾਲ ਪੂਰਾ ਹੋਇਆ ਹੀ ਵੇਖ ਲਵੋ। ੨. ਜਦ ਉਹ ਰੰਡੀ ਮੇਰਾ ਬਚਨ ਸੁਣ ਲਏਗੀ, (ਉਸੇ ਵੇਲੇ) ਵੇਦ ਮਾਰਗ ਨੂੰ ਛਡ ਕੇ ਪਖੰਡੀ (ਦੇ ਮਤ ਵਿਚ ਆਪੇ ਹੀ) ਚਲੀ ਜਾਵੇਗੀ ॥ ੧੯੦ ॥

**ਚੌਪਈ ॥**

**੧. ਮੇਰੋ ਜੀਵਨ ਜਬ ਲਗ ਹੋਈ ॥ ਬਸੈ ਪਖੰਡਿ ਗ੍ਰਹ ਤੇ ਪਦ ਧੋਈ ॥**
**੨. ਮਿਥ੍ਯਾ ਧਰਮ ਸੁ ਮਿਥ੍ਯਾ ਮੁਕਤਿ॥ਮਿਥਯਾ ਵੇਦ ਸੁ ਮਿਥਯਾ ਯੁਕਤਿ॥੧੯੧॥**

੧. ਜਦ ਤਕ ਮੇਰੀ ਜ਼ਿੰਦਗੀ ਇਸ ਸੰਸਾਰ ਵਿਚ ਹੈਗੀ ਹੈ, (ਤਦ ਤਕ ਉਹ) ਪਖੰਡੀਆਂ ਦੇ ਘਰ ਵਿਚ ਵਸ ਕੇ ਤੁਹਾਡੇ ਚਰਨਾਂ ਨੂੰ ਧੋਵੇਗੀ। ੨. ਉਸ ਨੂੰ (ਮੈਂ ਇਹੋ ਕਹਾਂਗੀ ਕਿ ਇਹ) ਧਰਮ ਮਿਥਯਾ ਹੈ ਅਤੇ ਮੁਕਤੀ ਭੀ ਮਿਥਯਾ ਹੈ (ਜੋ) ਵੇਦ ਮਿਥਯਾ ਹੈ ਅਤੇ ਉਸ ਦੀਆਂ ਯੁਗਤੀਆਂ ਭੀ ਮਿਥਯਾ ਹਨ ॥ ੧੯੧ ॥

**ਦੋਹਰਾ–੧. ਯਾ ਬਿਧਿ ਮੇਰੇ ਬਚਨ ਸੁਨ, ਤਜੇ ਵੇਦ ਪਥ ਸੋਇ ॥**
**੨. ਜਦ ਬੇਦਨ ਸਰਧਾ ਮਿਟੈ, ਕਹੈ ਉਪਨਿਖਦ ਮੇ ਹੋਇ ॥੧੯੨॥**

੧. ਮੇਰੇ ਇਸ ਤਰ੍ਹਾਂ ਦੇ ਬਚਨ ਸੁਣ ਕੇ, ਉਹ ਵੇਦ-ਮਾਰਗ ਨੂੰ ਛਡ ਜਾਵੇਗੀ। ੨. ਜਦ ਪੁਰਸ਼ਾਂ ਦੀ ਵੇਦਾਂ ਉਤੋਂ ਹੀ ਸਰਧਾ ਮਿਟ ਜਾਵੇਗੀ ਤਾਂ ਉਪਨਿਸਦਾਂ ਵਿਚ ਕਿਸਤਰ੍ਹਾਂ(ਨਾਲ ਕਿਸੇ ਦੀ)ਸ਼ਰਧਾ ਹੋਵੇਗੀ।੧੯੨। (ਕਿਉਂਕਿ ਮੈਂ ਉਸ ਨੂੰ ਕਹਾਂਗੀ)–

**ਸਵੈਯਾ ॥**

**੧. ਜਹ ਖਾਨ ਨ ਪਾਨ ਨ ਤੀਯ ਸੁਖ ਹੈ ਵਹ ਮੋਖ ਕਹੋ ਕਤ ਆਵਤ ਕਾਮਾ ॥**

**੨. ਪਰਲੋਕ ਨਹੀਂ ਸੁਖ ਹੋਇ ਕਹਾਂ ਉਲਟੇ ਸੁਤ ਨਾਰਿ ਤਜਾਵਤ ਧਾਮਾ ॥**
**੩. ਜਗ ਵੰਚਨ ਕੇ ਹਿਤ ਬਯੋਂਤ ਰਚੀ ਜਨ ਧੂਰਤ ਬੇਦ ਧਰੇ ਤਿਹ ਨਾਮਾ ॥**
**੪. ਸਰਧਾ ਸੁਨ ਯੌ ਪਥ ਬੇਦ ਤਜੇ ਸੁ ਪਖੰਡਨ ਕੇ ਬਸ ਹ੍ਵੈ ਵਹੁ ਬਾਮਾ॥੧੯੩॥**

ਪਾਨ=ਪੀਣਾ, [੨] ਸ਼ਰਾਬ ਦਾ ਪੀਣਾ। ਤੀਯ-ਸੁਖ=ਇਸਤ੍ਰੀ ਦਾ ਭੋਗਣਾ, ਵਿਸ਼ੈ ਅਨੰਦ। ਮੋਖ=ਮੂਲ (ਅਗਯਾਨ ਸਹਿਤ ਸੰਸਾਰ ਦੀ ਨਵਿਰਤੀ ਤੇ ਪਰਮਾਨੰਦ ਦੀ ਪ੍ਰਾਪਤੀ)। ਪਰਲੋਕ= ਸਵਰਗ। ਧਾਮ=ਘਰਾਂ ਨੂੰ। ਵੰਚਨ=ਠਗਣ। ਹਿਤ=ਵਾਸਤੇ। ਬਯੋਂਤ=ਢੰਗ। ਧੂਰਤ= ਠਗ, [੨] ਕਹਿਣੀ ਦੇ ਉਲਟ ਰਹਿਣੀ ਰਖਣ ਵਾਲੇ। ਬਾਮਾ=ਇਸਤਰੀ।

੧. ਜਿਥੇ (ਮਾਸ ਆਦਿਕ ਉਤਮ ਪਦਾਰਥ) ਖਾਣ ਤੇ ਸ਼ਰਾਬ ਪੀਣ ਅਤੇ ਇਸਤ੍ਰੀ-ਭੋਗਣ ਦਾ ਸੁਖ ਨਹੀਂ ਹੈ, ਉਹ ਕਿਸ ਤਰ੍ਹਾਂ ਦੀ ਮੁਕਤੀ ਹੈ ? ਅਤੇ ਕਿਸ ਕੰਮ ਆਵੇਗੀ ? ੨. ਜਦ ਸਵਰਗ (ਹੈਗਾ ਹੀ) ਨਹੀਂ ਤਾਂ ਉਸ ਦਾ ਸੁਖ ਕਿਸ ਨੂੰ ਪ੍ਰਾਪਤ ਹੋਣਾ ਹੈ,(ਵੇਖੋ ! ਇਹਨਾਂ ਦੀ ਮੂਰਖਤਾ ਕਿ ਜੋ ਮੁਕਤੀ ਤੇ ਸਵਰਗ ਸੁਖ ਕਦੇ ਮਿਲ ਹੀ ਨਹੀਂ ਸਕਦਾ, ਉਸਦਾ ਭੁਲੇਖਾ ਦੇਕੇ) ਉਲਟਾ ਇਸਤ੍ਰੀ ਪੁਤ੍ਰ ਤੇ ਘਰ (ਆਦਿਕ ਸੁਖਦਾਈ ਪਦਾਰਥਾਂ ਦਾ) ਤਿਆਗ ਕਰਾ ਦੇਂਦੇ ਹਨ। ੩. ਅਸਲ ਗੱਲ ਤਾਂ ਇਹ ਹੈ ਕਿ 'ਜਗਤ ਦੇ ਠਗਣ ਵਾਸਤੇ ਇਕ ਢੰਗ ਰਚਿਆ ਹੋਇਆ ਹੈ' ਅਤੇ ਠਗ ਲੋਕਾਂ ਨੇ ਉਸ ਦਾ ਨਾਮ 'ਵੇਦ' ਰਖ ਦਿਤਾ ਹੈ। ੪. ਮੇਰੇ ਇਸ ਤਰ੍ਹਾਂ ਦੇ ਬਚਨਾਂ ਨੂੰ ਸੁਣ ਕੇ, ਉਹ 'ਸ਼ਰਧਾ' (ਨਾਮ ਵਾਲੀ) ਇਸਤਰੀ ਵੇਦ-ਮਾਰਗ ਨੂੰ ਛਡ ਦੇਵੇਗੀ ਅਤੇ ਪਖੰਡੀਆਂ ਦੇ ਵਸ ਹੋ ਜਾਵੇਗੀ ਅਤੇ ਉਹ (ਫਿਰ ਸਦਾ ਉਨ੍ਹਾਂ ਦੇ ਹੀ ਘਰ ਵਸੇਗੀ ॥ ੧੯੩ ॥

ਮਹਾਂ ਮੋਹ ਉਵਾਚ ॥

### ਚੌਪਈ ॥

**੧. ਐਸੇ ਕਰੋ ਪਿਆਰੀ ਜਬ ਹੀ ॥ ਮੇਰੋ ਇਸ਼ਟ ਸਿਧ ਜਗ ਤਬ ਹੀ ॥**
**੨. ਇਮ ਕਹਿ ਪ੍ਰੇਮ ਭਯੋ ਅਧਿਕਾਈ॥ ਮੁਖ ਚੁੰਬਯੋ ਗਹਿ ਕੰਠ ਲਗਾਈ॥੧੯੪॥**

ਇਸ਼ਟ=ਮਨ ਭਾਉਂਦਾ ਕਾਰਜ। ਸਿਧ=ਪੂਰਾ ਹੋ ਜਾਏਗਾ।

ਮਹਾਂ ਮੋਹ ਕਹਿਣ ਲਗਾ-੧. ਹੇ ਪਿਆਰੀ ਮਿਥਯਾ ਦ੍ਰਿਸ਼ਟੀ ! ਜਦ ਤੂੰ ਇਸ ਤਰ੍ਹਾਂ ਕਰ ਦੇਵੇਂਗੀ, ਤਦ ਹੀ ਮੇਰਾ ਮਨ-ਭਾਉਂਦਾ ਕਾਰਜ ਪੂਰਾ ਹੋ ਜਾਏਗਾ। ੨. ਇਸ ਤਰ੍ਹਾਂ ਕਹਿੰਦਿਆਂ ਹੀ ਮਹਾਂ ਮੋਹ ਦੇ ਮਨ ਵਿਚ ਪਿਆਰ ਦਾ ਤਰੰਗ ਬਹੁਤ ਉੱਚਾ ਹੋ ਆਇਗਾ,(ਤਾਂ ਉਸਨੇ ਮਿਥਯਾ ਦ੍ਰਿਸ਼ਟੀ ਦਾ) ਮੂੰਹ ਚੁੰਮ ਲਿਆ ਤੇ ਫੜ ਕੇ (ਉਸ ਨੂੰ) ਛਾਤੀ ਨਾਲ ਲਾ ਲਿਆ ॥ ੧੯੪ ॥

ਮਿਥਯਾ ਦ੍ਰਿਸ਼ਟੀ ਉਵਾਚ ॥

### ਚੌਪਈ ॥

**੧. ਭੂਪਤਿ ਯਹਿ ਨਹਿ ਰੀਤ ਸੁਹੈ ਹੈ ॥ ਮੇਰੋ ਚੀਤ ਸੁ ਬਹੁਤ ਲਜੈ ਹੈ ॥**
**੨. ਮਹਾ ਮੋਹ ਤਬ ਕੀਨ ਉਚਾਰਾ ॥ ਧਸਯੋ ਬਨੇ ਅਬ ਵਾਸ ਅਗਾਰਾ ॥੧੯੫॥**

ਅਗਾਰਾ=ਘਰ। ਧਸਯੋ=ਧਸ ਜਾਣਾ, ਅੰਦਰ ਚਲੇ ਜਾਣਾ।

ਮਿਥਯਾ ਦ੍ਰਿਸ਼ਟੀ ਕਹਿਣ ਲਗੀ-੧. ਰਾਜਨ ! ਇਹ ਰੀਤੀ ਜੋ ਤੁਸਾਂ ਵਰਤੀ ਹੈ, ਸੋਭਾ ਨਹੀਂ ਦੇਂਦੀ, ਜੋ ਤੁਸਾਂ ਭਰੀ ਸਭਾ ਦੇ ਵਿਚ ਮੇਰੇ ਨਾਲ ਪਿਆਰ ਕੀਤਾ ਹੈ, ਇਹ ਬੇ-ਮਰਯਾਦਗੀ ਕੀਤੀ ਹੈ, ਇਸ ਲਈ ਮੇਰਾ ਚਿਤ ਬੜਾ ਸ਼ਰਮਿੰਦਾ ਹੋ ਰਿਹਾ ਹੈ। ੨. ਜਦ ਉਸ ਨੇ ਇਹ ਕਿਹਾ ਤਦ ਮਹਾਂ ਮੋਹ ਕਹਿਣ ਲਗਾ-(ਤੇਰਾ

ਕਹਿਣਾ ਠੀਕ ਹੈ, ਹਛਾ!) ਹੁਣ ਸਾਨੂੰ ਘਰ ਦੇ ਅੰਦਰ ਚਲੇ ਜਾਣਾ ਚਾਹੀਦਾ ਹੈ ॥ ੧੯੫ ॥

**ਦੋਹਰਾ—੧. ਐਸੇ ਮੁਖੋਂ ਬਖਾਨ ਕੈ ਗਏ ਅਖਾੜੇ ਤਿਆਗ ॥**

**੨. ਪਿਖ ਭੂਪਤਿ ਵਿਸ਼ਮੈ ਭਯੋ ਗੁਲਾਬ ਸਿੰਘ ਵਡਭਾਗ ॥੧੯੬॥**

੧. ਮੂੰਹੋਂ ਇਸ ਤਰ੍ਹਾਂ ਕਹਿਕੇ (ਦੋਵੇਂ ਜਣੇ) ਅਖਾੜੇ ਨੂੰ ਤਿਆਗਕੇ ਮਕਾਨ ਦੇ ਅੰਦਰ ਚਲੇ ਗਏ। ੨. ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਉਨ੍ਹਾਂ ਦੀ ਇਸ ਤਰ੍ਹਾਂ ਦੀ ਬੇਹੱਯਾਈ ਦੀ ਗੱਲ ਵੇਖਕੇ, ਵਡੇ ਭਾਗਾਂ ਵਾਲਾ ਰਾਜਾ (ਕੀਰਤ ਵਰਮਾ) ਬੜਾ ਹੈਰਾਨ ਹੋ ਗਿਆ ॥ ੧੯੬ ॥

**ਦੋਹਰਾ—੧. ਕਰੁਣਾ ਸਖੀ ਸਮੇਤ ਪੁਨ, ਸਾਂਤਿ ਸੁਸ਼ੀਲ ਉਦਾਰ ॥**

**੨. ਜੋ ਹੈ ਸਰਧਾ ਸੋਧ ਹਿਤ, ਜਗ ਸਭ ਪੰਥ ਮਝਾਰ ॥੧੯੭॥**

੧. 'ਸ਼ਾਂਤੀ' (ਜੋ ਬੜੀ) ਸੁਸੀਲ ਤੇ ਉਦਾਰ (ਹੈ, ਉਹ ਆਪਣੀ) ਸਖੀ 'ਕਰਣਾ' ਦੇ ਸਮੇਤ, (ਆਪਣੀ ਮਾਤਾ)। ੨. 'ਸਰਧਾ' ਨੂੰ ਲੱਭਣ ਦੇ ਵਾਸਤੇ, ਜਗਤ ਦੇ ਸਾਰੇ ਭੇਖਾਂ-ਪੰਥਾਂ ਵਿਚ ਜਾਵੇਗੀ (ਅਗਲੇ ਤੀਜੇ ਅੰਕ ਵਿਚ ਇਸ ਕਥਾ ਦਾ ਵਰਣਨ ਕੀਤਾ ਜਾਏਗਾ) ॥ ੧੯੭ ॥

ਇਤਿ ਸ੍ਰੀ ਮਾਨ ਮਾਨ ਸਿੰਘ ਚਰਣ ਸਿੱਖਤ ਗੁਲਾਬ ਸਿੰਘ ਵਿਰਚਿਤੇ
ਪ੍ਰਬੋਧ ਚੰਦ੍ਰ ਨਾਟਕੇ ਦ੍ਵਿਤੀਓ ਅੰਕ ਸਮਾਪਤ: ॥ ੨ ॥

ਦੋਹਰਾ—ਮਿਥਯਾਦ੍ਰਿਸ਼ਟਿ ਸੋਂ ਮੋਹ ਕਾ, ਦੂਤੀ ਸੁ ਅੰਕ ਪ੍ਰਕਾਸ਼ ॥
ਤਿਲਕ-ਕੀਨ ਮਨ ਲਾਇਕੈ, ਪਾਥ-ਗ੍ਰੇਹ-ਹਰ ਦਾਸ ॥ ੧ ॥

----

੧ ਓ ਸਤਿਗੁਰ ਪ੍ਰਸਾਦਿ ॥

# ਅਥ ਤ੍ਰਿਤੀਯੋ ਅੰਕ ਪਰਾਰੰਭ:

ਦੋਹਰਾ—ਤੀਸਰ ਗੁਰ ਸ੍ਰੀ ਅਮਰ ਜੀ, ਚਰਣ ਸਰੋਜ ਮਨਾਇ ॥
ਤੀਸਰਾ ਅੰਕ ਟੀਕਾ ਲਿਖੇ, ਪਾਥ-ਗ੍ਰੇਹ-ਹਰਿ ਭਾਇ ॥ ੧ ॥

**ਦੋਹਰਾ—੧. ਮਾਯਾ ਜਿਹ ਜਗ ਮੋਹਿਓ, ਬਹੁ ਲੋਗਨ ਭਰਮਾਇ ॥**

**੨. ਵਹੁ ਰਘੁਨਾਇਕ ਦਾਸ ਕੇ, ਹੋਵਹਿਂ ਨੀਤ ਸਹਾਇ ॥ ੧ ॥**

੧. ਜਿਸ ਦੀ ਮਾਇਆ ਨੇ ਜਗਤ ਨੂੰ ਮੋਹਿਆ ਹੋਇਆ ਹੈ ਅਤੇ ਬਹੁਤੇ ਲੋਕਾਂ ਨੂੰ ਭਰਮ ਵਿਚ ਭੁਲਾਇਆ ਹੋਇਆ ਹੈ। ੨. ਉਹ ਰਾਮ ਚੰਦਰ ਜੀ ਦਾਸਾਂ ਦੇ ਸਦਾ ਸਹਾਈ ਹੁੰਦੇ ਹਨ (ਅਰਥਾਤ ਜਿਸ ਦੀ ਮਾਇਆ ਭੁਲਾਉਣ ਵਾਲੀ ਹੈ, ਉਸ ਦੇ ਦਾਸ ਹੋ ਜਾਈਏ ਤਾਂ ਉਹ ਪ੍ਰਮਾਤਮ ਦੇਵ ਸਦਾ ਹੀ ਸਹਾਇਕ ਹੁੰਦੇ ਹਨ, ਜਿਸ ਕਰਕੇ ਫੇਰ ਮਾਇਆ ਦੀ ਭੁਲਾਵਟ ਵਿਚ ਵਸ ਨਹੀਂ ਸਕੀਦਾ) ॥ ੧ ॥

ਨੋਟ—ਅਧਿਆਇ ਦੇ ਆਰੰਭ ਵਿਚ ਗ੍ਰੰਥ ਕਰਤਾ ਜੀ ਮੰਗਲ ਕਰਦੇ ਹਨ।

**ਦੋਹਰਾ—੧. ਜਿਹ ਬਿਧਿ ਕਲਿਜੁਗ ਫੈਲਿਓ, ਸਗਲ ਭ੍ਰਮਾਯੋ ਲੋਇ ॥**

**੨. ਗੁਲਾਬ ਸਿੰਘ ਨ੍ਰਿਪ ਸਭਾ ਮੈਂ, ਪ੍ਰਗਟ ਦਿਖਾਵਤ ਸੋਇ ॥ ੨ ॥**

੧. ਜਿਸ ਤਰੀਕੇ ਨਾਲ ਕਲਿਜੁਗ ਫੈਲ ਗਿਆ ਹੈ ਅਤੇ ਉਸਨੇ ਸਾਰੇ ਲੋਕਾਂ ਨੂੰ ਭਰਮਾ ਲਿਆ ਹੈ। ੨. ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਰਾਜੇ ਕੀਰਤ ਵਰਮਾ ਦੀ ਸਭਾ ਵਿਚ ਉਹ ਸਾਰਾ ਪ੍ਰਕਾਰ ਪ੍ਰਗਟ ਕਰਕੇ ਵਿਖਾਉਂਦੇ ਹਨ। (ਅਰਥਾਤ ਜਿਸ ਤਰ੍ਹਾਂ ਨਾਲ ਕਲਿਜੁਗ ਨੇ ਜੀਵਾਂ ਦੀ ਮੱਤ ਮਾਰ ਦਿਤੀ ਹੈ, ਹੁਣ ਉਸ ਗੱਲ ਦਾ ਵਰਣਨ ਕਰਦੇ ਹਾਂ, ਧਿਆਨ ਦੇ ਕੇ ਸੁਣੋ) ॥ ੨ ॥

**ਸਵੈਯਾ ॥**

**੧. ਤੇ ਇਹ ਭਾਂਤ ਗਏ ਜਬ ਹੀ ਤਬ ਸ਼ਾਂਤਿ ਤਥਾ ਕਰੁਨਾ ਤਹਿੰ ਆਈ ॥**
**੨. ਊਚ ਬੁਲਾਵਤ ਹੈ ਜਨਨੀ ਮਮ ਉਤਰ ਦੇਹੁ ਕਹਾਂ ਮਮ ਮਾਈ ॥**
**੩. ਸ਼ਾਂਤਿ ਸੁ ਨੈਨਨ ਨੀਰ ਬਹੈ ਕਹਿ ਮਾਤ ਗਈ ਨਹਿੰ ਦੇਤ ਦਿਖਾਈ ॥**
**੪. ਤੇ ਬਿਨੁ ਜੀਵਨ ਮੋਹਿ ਕਹਾਂ ਅਬ ਪ੍ਰਾਨ ਤਜੌਂ ਸੁ ਲਗੇ ਦੁਖਦਾਈ ॥ ੩ ॥**

੧. ਉਹ ਦੋਵੇਂ (ਮੋਹ ਤੇ ਮਿਥਯਾਦ੍ਰਿਸ਼ਟਿ) ਜਦੋਂ ਇਸ ਤਰ੍ਹਾਂ ਨਾਲ ਅਖਾੜੇ ਵਿਚੋਂ ਚਲੇ ਗਏ, ਤਦੋਂ ਹੀ 'ਸ਼ਾਂਤਿ' ਤੇ 'ਕਰੁਨਾ' ਉਥੇ ਆ ਗਈ। ੨. ਉਚੀ ਅਵਾਜ਼ ਨਾਲ ਬੁਲਾਉਂਦੀਆਂ ਸਨ-'ਹੇ ਮਾਂ!',-'ਮੈਨੂੰ ਉਤਰ ਦੇਹੁ',-'ਮੇਰੀ ਮਾਂ! ਕਿਥੇ ਗਈ ਹੈਂ?'। ੩. ਸ਼ਾਂਤੀ ਦੀਆਂ ਅੱਖਾਂ ਵਿਚੋਂ ਆਂਸੂ ਵੱਗਦੇ ਸਨ ਅਤੇ ਕਹਿੰਦੀ ਹੈ-"ਮਾਤਾ! ਕਿਥੇ ਗਈ ਹੈਂ? ਮੈਨੂੰ ਕਿਤੇ ਭੀ ਵਿਖਾਈ ਨਹੀਂ ਦੇਂਦੀ। ੪. ਤੈਥੋਂ ਬਿਨਾ ਮੇਰਾ ਜੀਉਣਾ ਕਿਵੇਂ ਹੋ ਸਕੇਗਾ? ਹੁਣ ਮੈਂ ਭੀ ਪ੍ਰਾਣ ਤਿਆਗ ਦੇਂਦੀ ਹਾਂ, (ਕਿਉਂਕਿ) ਉਹ ਮੈਨੂੰ ਦੁਖਦਾਈ ਲੱਗਦੇ ਹਨ ॥ ੩ ॥

**ਸਵੈਯਾ ॥**

**੧. ਮ੍ਰਿਗ ਰੰਜਤ ਕਾਨਨ ਪ੍ਰੀਤਿ ਹੁਤੀ ਜਲ ਸੈਲਨ ਮੇ ਤਵ ਪ੍ਰੀਤਿ ਨਈ ॥**
**੨. ਅਤਿ ਪਾਵਨ ਥਾਨਨ ਪ੍ਰੀਤਿ ਹੁਤੀ ਤਪਸਾ ਤਨ ਮੇ ਲਿਵ ਲੀਨ ਭਈ ॥**
**੩. ਜਿਮ ਭੌਨ ਚੰਡਾਲ ਗਊ ਕਪਲਾ ਤਿਮ ਮਾਤ ਪਖੰਡਿਨ ਹਾਥ ਗਈ ॥**
**੪. ਅਬ ਜੀਵਨ ਮਾਤ ਕੋ ਹੋਤ ਕਹਾਂ ਤਨ ਡਾਰ ਇਹਾਂ ਯਮ ਧਾਮ ਗਈ ॥ ੪ ॥**

ਰੰਜਤ=ਖੁਸ਼ ਕਰਨ ਵਾਲੇ। ਕਾਨਨ=ਬਨ। ਸੈਲਨ=ਪਹਾੜਾਂ। ਤਪਸਾ=ਤਪਸਵੀ ਲੋਕ। ਭੌਨ=ਘਰ। ਤਨ ਡਾਰ=ਦੇਹ ਨੂੰ ਤਿਆਗਕੇ।

੧. (ਸ਼ਾਂਤੀ ਰੋਂਦੀ ਰੋਂਦੀ ਵੈਣ ਪਾਉਂਦੀ ਹੈ-ਹੇ ਮਾਂ! ਜੋ ਬਨ ਹਰਨਾਂ ਨੂੰ ਪ੍ਰਸੰਨ ਕਰਨ ਵਾਲੇ ਹਨ (ਅਥਵਾ ਜਿਨ੍ਹਾਂ ਬਨਾਂ ਵਿਚ ਹਰਨਾਂ ਦੇ ਝੁੰਡ ਸੋਭਾ ਪਾ ਰਹੇ ਹਨ), ਉਹਨਾਂ ਬਨਾਂ ਵਿਚ ਤੇਰੀ ਪ੍ਰੀਤਿ ਹੁੰਦੀ ਸੀ, ਅਤੇ ਹੇ ਮਾਤਾ! ਜਲ (ਪ੍ਰਵਾਹਕ) ਪਹਾੜਾਂ ਵਿਚ ਭੀ ਤੇਰੀ ਨਵੀਂ ਪ੍ਰੀਤਿ (ਹੁੰਦੀ ਸੀ, ਪਰ ਅਜ ਤੂੰ ਉਥੇ ਭੀ ਨਹੀਂ ਦਿਸਦੀ ਹੈਂ)। ੨. ਜੋ ਵਡੇ ਪਵਿਤ੍ਰ ਸਥਾਨ-ਧਾਰਮਿਕ ਮੰਦਰ ਹਨ, (ਉਹਨਾਂ ਨਾਲ ਭੀ ਤੇਰੀ) ਪ੍ਰੀਤਿ ਹੁੰਦੀ ਸੀ ਅਤੇ ਤਪਸਵੀ ਪੁਰਸ਼ਾਂ ਦੇ ਵਿਚ ਸਦਾ ਹੀ ਲਿਵ-ਲੀਨ (ਅਭੇਦ) ਹੋਈ ਰਹਿੰਦੀ ਸੈਂ ਪਰ ਅੱਜ ਉਥੇ ਭੀ ਨਹੀਂ ਦਿਸਦੀ ਹੈਂ। ੩. ਜਿਵੇਂ ਚੰਡਾਲ (ਬੁਚੜ) ਦੇ ਘਰ ਜਾ ਕੇ ਕਪਲਾ ਗਊ (ਦੁਖੀ ਹੁੰਦੀ ਹੈ ਅਤੇ ਉਸ ਦੇ ਜੀਉਣ ਦੀ ਆਸ ਚੁਕ ਜਾਂਦੀ ਹੈ) ਇਵੇਂ ਹੀ ਮੈਂ ਸਮਝਦੀ ਹਾਂ, ਮੇਰੀ ਮਾਤਾ ਪਖੰਡੀਆਂ ਦੇ ਹੱਥ ਆ ਗਈ ਹੈ। ੪. ਹੁਣ (ਮੇਰੀ) ਮਾਤਾ ਦਾ ਜੀਉਣਾ ਕਿਵੇਂ ਹੋ ਸਕਦਾ ਹੈ? (ਉਹ ਤਾਂ) ਦੇਹ ਨੂੰ ਇਥੇ ਤਿਆਗ ਕੇ ਆਪ ਯਮੋ-ਲੋਕ ਨੂੰ ਚਲੀ ਗਈ ਹੋਣੀ ਹੈ, ਅਰਥਾਤ ਉਹ ਜ਼ਰੂਰ ਮਰ ਗਈ ਹੋਣੀ ਹੈ ॥ ੪ ॥

Sri Satguru Jagjit Singh Ji Elibrary NamdhariElibrary@gmail.com

**ਸਵੈਯਾ ॥**

**੧. ਬਿਨ ਮੋਹਿ ਪਿਖੇ ਨਹਿ ਨ੍ਹਾਵਤ ਥੀ ਅਰ ਨਾਹਿ ਕਛੂ ਜਨਨੀ ਮੁਖ ਪਾਏ ॥**
**੨. ਨਹਿ ਸੋਵਤ ਮੋਹਿ ਬਿਨਾਂ ਕਬਹੀ ਨਹਿ ਮੋਹਿ ਬਿਨਾਂ ਪਥ ਮਾਹਿ ਸਿਧਾਏ ॥**
**੩. ਸਰਧਾ ਬਿਨ ਮੋਹਿ ਪਿਖੇ ਮਰਤੀ ਨਹਿ ਏਕ ਮਹੂਰਤ ਪ੍ਰਾਣ ਰਹਾਏ ॥**
**੪. ਅਬ ਤਾਂ ਬਿਨ ਜੀਵਨ ਮੋਹਿ ਬਿਡੰਬਨ, ਪ੍ਰਾਨ ਬਨੇ ਯਮ ਧਾਮ ਸਿਧਾਏ॥੫॥**

ਬਿਡੰਬਨ=ਦਿਖਾਦੇ ਮਾਤਰ, ਧੋਖੇ ਦੀ ਟੱਟੀ। (੨) ਧੋਖਾ, ਠੱਗੀ।

੧. ਮੈਨੂੰ ਵੇਖੇ ਤੋਂ ਬਿਨਾਂ ਮੇਰੀ ਮਾਂ ਨ੍ਹਾਉਂਦੀ ਨਹੀਂ ਸੀ ਅਤੇ ਨਾ ਹੀ ਕੁਝ ਮੂੰਹ ਵਿਚ ਪਾਉਂਦੀ (ਅਰਥਾਤ ਖਾਂਦੀ ਨਹੀਂ) ਸੀ। ੨. ਮੈਥੋਂ ਬਿਨਾਂ (ਇਕੱਲੀ) ਕਦੇ ਸੌਂਦੀ ਭੀ ਨਹੀਂ ਸੀ ਅਤੇ ਮੈਨੂੰ ਨਾਲ ਲਏ ਤੋਂ ਬਿਨਾਂ (ਕਿਸੇ) ਰਾਹ ਵਿਚ ਵੀ ਨਹੀਂ ਜਾਂਦੀ ਸੀ। ੩. ਸਰਧਾ ਮਾਤਾ ਮੈਨੂੰ ਵੇਖੇ ਤੋਂ ਬਿਨਾਂ ਮਰਦੀ ਸੀ ਅਤੇ ਇਕ ਮਹੂਰਤ (ਦੋ ਘੜੀਆਂ) ਭਰ ਵੀ ਪ੍ਰਾਣ ਨਹੀਂ ਰਖ ਸਕਦੀ ਸੀ। ੪. ਹੁਣ ਉਸ ਤੋਂ ਬਿਨਾਂ ਮੇਰਾ ਜੀਉਣਾ ਭੀ ਕਹਿਣ ਮਾਤ੍ਰ ਹੈ, (ਹੁਣ) ਮੈਨੂੰ ਭੀ ਪ੍ਰਾਣ ਯਮ ਲੋਕ ਪੁਚਾ ਦੇਣੇ ਬਣਦੇ ਹਨ (ਅਰਥਾਤ ਮੈਂ ਭੀ ਮਰ ਜਾਵਾਂ, ਤਾਂ ਹੀ ਮੇਰੀ ਉਸਦੀ ਸੱਚੀ ਪ੍ਰੀਤਿ ਹੋ ਸਕਦੀ ਹੈ, ਜੇ ਉਸ ਤੋਂ ਬਿਨਾਂ ਹੋ ਕੇ ਮੈਂ ਜੀਉਂਦੀ ਹਾਂ, ਤਾਂ ਇਹ ਉਸ ਨਾਲ ਠੱਗੀ ਕਰਨੀ ਹੈ ॥ ੫ ॥

**ਸਵੈਯਾ ॥**

**੧. ਕਰੁਣੇ ਸਜਨੀ ਅਬ ਸ਼ਾਂਤਿ ਮਰੇ ਜਗ ਤੂੰ ਮਮ ਦੇਹੁ ਚਿਤਾ ਸੁ ਬਨਾਈ ॥**
**੨. ਅਬ ਮੋਹਿ ਬਿਲੰਬ ਸੁਹਾਤ ਨਹੀਂ ਤਨ ਦੇਉਂ ਹੁਤਾਸਨ ਮਾਂਹਿ ਜਲਾਈ ॥**
**੩. ਜਨ ਚੀਤ ਨਿਵਾਸ ਤਜੋਂ ਸਜਨੀ ਤਹਿਂ ਜਾਉਂ ਜਹਾਂ ਸੁ ਗਈ ਮਮ ਮਾਈ ॥**
**੪. ਸੁਨ ਸ਼ਾਂਤ ਬ੍ਰਿਲਾਪ ਮਹਾਂ ਕਰੁਣਾ ਦ੍ਰਿਗਨੀਰ ਬਹ੍ਯੋ ਸੁ ਲਈਗਲਲਾਈ॥੬॥**

ਚਿਤਾ=ਚਿਖਾ। ਬਿਲੰਬ=ਦੇਰ ਕਰਨੀ। ਸੁਹਾਤ=ਭਾਉਂਦੀ। ਹੁਤਾਸਨ=ਅੱਗ। ਬ੍ਰਿਲਾਪ=
ਰੋਣਾ। ਦ੍ਰਿਗ=ਅੱਖਾਂ।

੧ ਸ਼ਾਂਤੀ ਕਹਿਣ ਲਗੀ–ਹੇ ਸਖੀ ਕਰੁਣਾ ! ਹੁਣ (ਤੇਰੀ ਸਖੀ) 'ਸ਼ਾਂਤੀ' ਭੀ ਜਗਤ ਤੋਂ ਮਰਦੀ ਹੈ, ਤੂੰ ਮੈਨੂੰ ਚਿਖਾ ਬਣਾ ਦੇਹ। ੨. ਹੁਣ ਮੈਨੂੰ ਦੇਰ ਕਰਨੀ ਨਹੀਂ ਭਾਉਂਦੀ, ਮੈਂ ਹੁਣ ਆਪਣੇ ਸਰੀਰ ਨੂੰ ਅੱਗ ਵਿਚ ਸਾੜ ਦੇਵਾਂਗੀ। ੩. ਹੇ ਸਖੀ ! (ਮੈਂ ਭੀ) ਪੁਰਸ਼ਾਂ ਦੇ ਚਿਤਾਂ ਰਹਿਣਾ ਛੱਡ ਕੇ ਉਥੇ ਜਾਂਦੀ ਹਾਂ, ਜਿਥੇ ਮੇਰੀ ਮਾਂ ਸਰਧਾ ਚਲੀ ਗਈ ਹੈ। ੪. ਸ਼ਾਂਤੀ ਦਾ ਰੋਣਾ ਤੇ ਵੈਣ ਸੁਣ ਕੇ ਕਰੁਣਾ ਦੀਆਂ ਅੱਖਾਂ ਤੋਂ ਅੱਥਰੂ ਵਗਣੇ ਸ਼ੁਰੂ ਹੋ ਗਏ ਅਤੇ (ਫੇਰ) ਉਸ ਨੇ (ਆਪਣੀ ਸਖੀ ਸ਼ਾਂਤੀ ਨੂੰ ਆਪਣੇ) ਗਲ ਨਾਲ ਲਾ ਲਿਆ ॥ ੬ ॥

ਕਰੁਣਾ ਵਾਚ ॥

**ਸਵੈਯਾ ॥**

**੧. ਸਜਨੀ ਇਹ ਭਾਂਤ ਕਹੇ ਮੁਖ ਅੱਖਰ ਜ੍ਵਾਲ ਮਨੋ ਦਵਾਨਲ ਕੀ ॥**
**੨. ਸੁਨ ਪ੍ਰਾਨ ਬਿਲਾਤ ਠਰਾਤ ਨਹੀਂ ਉਰ ਮੋਹਿ ਭਯੋ ਮਛੁਲੀ ਥਲ ਕੀ ॥**
**੩. ਸੁ ਮਹੂਰਤ ਪ੍ਰਾਨ ਧਰੇ ਨ ਮਰੇ ਮੁਖ ਕੰਜ ਪ੍ਰਸੰਨ ਨ ਹੇ ਹਲਕੀ ॥**

**੪. ਅਬ ਸੋਧ ਲਹੋਂ ਜਗ ਮੇਂ ਸਰਧਾ ਨ ਮੁਈ ਕਛੁ ਬਾਤ ਭਈ ਕਲ ਕੀ ॥ ੭॥**

ਜ੍ਵਾਲ=ਲਾਟ। ਦਵਾਨਲ=ਬਨ ਦੀ ਅੱਗ। ਬਿਲਾਤ=ਨਿਕਲਦੇ ਜਾਂਦੇ। ਹਲਕੀ=ਉਦਾਸ। ਬਾਤ=ਠੱਗੀ।

੧. ਕਰੁਣਾ ਕਹਿਣ ਲਗੀ-ਹੇ ਸਖੀ ! ਤੂੰ ਇਸ ਤਰ੍ਹਾਂ ਦੇ ਅੱਖਰ ਮੂੰਹੋਂ ਕਹੇ ਹਨ, ਜਿਵੇਂ ਬਨ ਦੀ ਅੱਗ ਦੀ ਲਾਟ ਹੁੰਦੀ ਹੈ। ੨. ਤੇਰੀਆਂ ਗੱਲਾਂ ਨੂੰ ਸੁਣ ਕੇ ਮੇਰੇ ਪ੍ਰਾਣ (ਦੇਹ ਤੋਂ) ਨਿਕਲਦੇ ਜਾ ਰਹੇ ਹਨ, ਠਹਿਰਦੇ ਨਹੀਂ ਹਨ ਅਤੇ ਮੇਰਾ ਹਿਰਦਾ ਇਸ ਤਰ੍ਹਾਂ ਦਾ ਹੋ ਗਿਆ ਹੈ, ਜਿਵੇਂ ਮਾਰੂ ਥਲ ਦੀ ਮੱਛੀ ਦਾ ਹੁੰਦਾ ਹੈ। ੩. ਪਰ ਹੇ ਸਖੀ ! ਤੂੰ ਦੋ ਘੜੀਆਂ ਤਕ ਜੀਊਂਦੀ ਰਹੁ, ਮਰ ਨਾ, ਹੇ ਕਮਲ ਵਰਗੇ ਮੁਖ ਵਾਲੀਏ ! ਪ੍ਰਸੰਨ ਹੋ ਅਤੇ ਉਦਾਸ ਨਾ ਹੋ। ੪. ਹੁਣੇ ਹੀ ਜਗਤ ਵਿਚੋਂ ਮਾਤਾ ਸਰਧਾ ਨੂੰ ਢੂੰਡ ਲੈਂਦੀਆਂ ਹਾਂ, ਉਹ ਮੋਈ ਨਹੀਂ ਹੈ, ਇਹ ਤਾਂ 'ਕਲਿਜੁਗ' ਦੀ ਕੁਝ ਠੱਗੀ ਹੋਈ ਮਲੂਮ ਹੁੰਦੀ ਹੈ ॥ ੭ ॥

**ਸਵੈਯਾ ॥**

**੧. ਇਤ ਔ ਉਤ ਪੁੰਨ ਅਰੰਨਜ ਪਿਖੈਂ ਮੁਨਿ ਆਸ਼੍ਰਮ ਜੇ ਸੁ ਤਪੋਬਨ ਮਾਂਹੀ ॥**
**੨. ਤਟ ਗੋਮਤੀ ਕੇ ਯਮਨਾ ਤਟ ਮੇਂ ਕਿ ਬਸੀ ਸੁ ਭਗੀਰਥਿ ਕੇ ਤਟ ਮਾਂਹੀ ॥**
**੩. ਸੁ ਕਦਾਚਿਤ ਮੋਹਿ ਮਹੀਪ ਡਰੀ ਛਪ ਜਾਇ ਬਸੀ ਗਿਰਿ ਕੰਦਰ ਮਾਂਹੀ ॥**
**੪. ਕੁਰ ਜਾਂਗਲ ਕੇ ਮਖ ਸਾਲਨ ਮੇ ਸਰਧਾ ਕਹੂੰ ਜਾਇ ਬਸੀ ਜਗ ਮਾਂਹੀ ॥੮॥**

ਅਰੰਨਯ=ਜੰਗਲ ਬਨ । ਭਗੀਰਥਿ=ਗੰਗਾ । ਮਹੀਪ=ਰਾਜੇ । ਗਿਰਿ=ਪਹਾੜ ਦੀ । ਕੰਦਰ=ਖੋਹ, ਖੱਡ। ਮਖ ਸਾਲਨ=ਯੱਗਸਥਾਨਾਂ।

੧. ਇਧਰ ਤੇ ਉਧਰ ਦੇ ਪਵਿਤ੍ਰ ਜੰਗਲ ਮੁਨੀਆਂ ਦੇ ਆਸ਼ਰਮ ਤੇ ਹੋਰ ਜਿਹੜੇ ਤਪੋ ਬਨ ਹਨ, ਉਹਨਾਂ (ਸਭਨਾਂ ਜਗ੍ਹਾਂ) ਵਿਚ ਵੇਖ ਲਵਾਂਗੀਆਂ। ੨. ਗੋਮਤੀ ਦੇ ਕੰਢੇ ਜਾਂ ਜਮਨਾ ਦੇ ਕੰਢੇ ਜਾਂ ਉਹ ਗੰਗਾ ਦੇ ਕੰਢੇ (ਉਪਰਲੇ ਜੰਗਲ) ਵਿਚ ਹੀ ਜਾ ਵਸੀ ਹੋਵੇ। ੩. ਜੇ ਕਦੇ ਮੋਹ ਰਾਜਾ ਤੋਂ ਡਰ ਗਈ ਹੋਵੇ ਅਤੇ ਕਿਸੇ ਪਹਾੜ ਦੀ ਖੋਹ ਵਿਚ ਜਾ ਕੇ ਲੁਕੀ ਬੈਠੀ ਹੋਵੇ। ੪. ਕੁਰੂਖੇਤ੍ਰ ਦੇ ਜੰਗਲਾਂ ਵਿਚ, ਜਾਂ ਯੱਗ ਸਥਾਨਾਂ ਵਿਚ, (ਜਗਤ ਅੰਦਰ ਇਸ ਤਰ੍ਹਾਂ ਦੀਆਂ ਜਗ੍ਹਾ ਵਿਚ) ਹੀ ਜਾ ਕੇ ਸਰਧਾ ਕਿਤੇ ਲੁਕ ਬੈਠੀ ਹੈ ॥ ੮ ॥

ਸ਼ਾਂਤਿ ਉਵਾਚ ॥

**ਦੋਹਰਾ-੧. ਸਖੀ ਨਿਹਾਰੇਗੀ ਕਹਾਂ, ਸਰਧਾ ਕਥਾ ਨ ਲੇਸ ॥**
**੨. ਮੈ ਕੁਰੁ ਖੇਤ੍ਰ ਗੋਮਤੀ ਔਰ ਪਿਖੇ ਸਭ ਦੇਸ ॥ ੯ ॥**

ਸ਼ਾਂਤੀ ਕਹਿਣ ਲਗੀ-੧. ਹੇ ਸਖੀ ! ਤੂੰ ਕਿਥੇ ਵੇਖੇਂਗੀ ? ਸਰਧਾ ਦੀ ਕਥਾ (ਕਿਤੇ) ਲੇਸ ਮਾਤ੍ਰ ਭੀ ਨਹੀਂ ਹੈ। ੨. ਮੈਂ ਕੁਰੂਖੇਤ੍ਰ, ਗੋਮਤੀ ਅਤੇ ਹੋਰ ਸਾਰੇ ਦੇਸ ਭੀ ਵੇਖ ਚੁਕੀ ਹਾਂ ॥ ੯ ॥

**ਸਵੈਯਾ ॥**

**੧. ਸਰਤਾ ਤਟ ਮੈਂ ਬਹੁ ਭਾਂਤ ਬਿਖੇ ਤਪਸੀ ਜਿਸ ਮਾਂਹਿ ਅਨੇਕ ਸੁਹਾਏ ॥**
**੨. ਪੁਨ ਮੋਹਿ ਮਿਮਾਂਸਕ ਧਾਮ ਪਿਖੇ ਚਮਸਾ ਕਰ ਯੂਪ ਸੁ ਥਾਨ ਬਨਾਏ ॥**
**੩. ਪੁਨ ਆਸ਼੍ਰਮ ਚਾਰਿ ਨਿਹਾਰ ਰਹੀ ਦਿਨ ਕੋਟਿਨ ਕੋਟ ਨ ਜਾਤ ਗਿਨਾਏ ॥**

Sri Satguru Jagjit Singh Ji Elibrary NamdhariElibrary@gmail.com

**੪. ਨਹਿ ਬਾਤ ਸੁਨੀ ਕਹੂੰ ਕਾਨਨ ਮੈਂ ਸਰਧਾ ਜਨਨੀ ਕਿ ਠੌਰ ਬਸਾਏ॥੧੦॥**

ਸਰਤਾ=ਨਦੀ। ਤਟ=ਕੰਢੇ। ਚਮਸਾ=ਲਕੜ ਦਾ ਚਿਮਚਾ, ਜਿਸ ਨਾਲ ਅਹੁਤੀ ਪਾਉਂਦੇ ਹਨ, ਸਰੋਵਾ। ਯੂਪ=ਥੰਮ, ਕੇਲੇ ਦੇ ਥੰਮ। ਆਸ਼੍ਰਮ ਚਾਰਿ=ਬ੍ਰਹਮਚਰਜ, ਗ੍ਰਹਸਥ, ਬਾਨਪ੍ਰਸਤ ਤੇ ਸੰਨਯਾਸ। ਕਾਨਨ=ਕੰਨਾਂ, (੨) ਜੰਗਲ, ਬਨ।

੧. ਮੈਂ ਨਦੀਆਂ ਦੇ ਕੰਢੇ (ਉਪਰਲੇ ਬਨਾਂ ਨੂੰ) ਬਹੁਤ ਤਰ੍ਹਾਂ ਨਾਲ ਵੇਖਿਆ ਹੈ, ਜਿਸ ਵਿਚ ਅਨੇਕ ਤਰ੍ਹਾਂ ਦੇ ਤਪਸਵੀ ਸੋਭਾ ਪਾ ਰਹੇ ਹਨ। ੨. ਫੇਰ ਮੈਂ ਮਿਮਾਂਸਕਾਂ ਦਾ ਘਰ ਜਾ ਕੇ ਵੇਖਿਆ ਹੈ, ਜਿਨ੍ਹਾਂ ਨੇ ਹਥ ਵਿਚ ਸਰੋਵਾ ਫੜਿਆ ਹੋਇਆ ਹੈ ਅਤੇ ਕੇਲੇ ਦੇ ਥੰਮਾਂ ਨਾਲ ਉਨ੍ਹਾਂ ਨੇ ਆਪਣੇ ਸਥਾਨ ਨੂੰ ਬੜਾ ਸੁੰਦਰ ਬਣਾਯਾ ਹੋਇਆ ਹੈ। ੩. ਫੇਰ ਮੈਂ ਚੋਹਾਂ ਆਸ਼੍ਰਮਾਂ ਨੂੰ ਵੇਖ ਚੁਕੀ ਹਾਂ ਕ੍ਰੋੜ ਕ੍ਰੋੜ ਦਿਨ (ਗੁਜ਼ਰ ਗਏ ਹਨ, ਜੋ) ਗਿਣੇ ਨਹੀਂ ਜਾ ਸਕਦੇ। ੪. ਮੈਂ ਕਿਸੇ ਜਗ੍ਹਾ ਤੇ ਕੰਨਾਂ ਵਿਚ 'ਸ਼ਰਧਾ' (ਦੇ ਰਹਿਣ ਦੀ ਕੋਈ) ਗੱਲ ਹੀ ਨਹੀਂ ਸੁਣੀ, ਇਸ ਲਈ ਪਤਾ ਨਹੀਂ ਜੋ ਮਾਤਾ ਸ਼ਰਧਾ ਕਿਸ ਜਗ੍ਹਾ ਤੇ ਵਸਦੀ ਹੈ॥ ੧੦॥

ਕਰੁਣਾ ਉਵਾਚ॥

**ਚੌਪਈ॥**

**੧. ਸਖੀ ਕਹੋ ਸਰਧਾ ਹੈ ਜੋਈ॥ ਪਖੰਡਨ ਕੇ ਵੱਸ ਪਰੈਂ ਨ ਸੋਈ॥**
**੨. ਜੋ ਅਤਿ ਪੁੰਨਜਵਤੀ ਜੋ ਨਾਰੀ॥ ਤੇ ਯੋਂ ਬਿਪਤ ਨਾ ਲਹੈਂ ਪਜਾਰੀ॥੧੧॥**

ਕਰੁਣਾ ਨੇ ਕਿਹਾ–੧. ਹੇ ਸਖੀ! ਮੈਂ ਸੱਚ ਕਹਿੰਦੀ ਹਾਂ, ਜੋ ਮਾਤਾ ਸ਼ਰਧਾ ਹੈ, ਉਹ ਪਖੰਡੀਆਂ ਦੇ ਵਸ ਵਿਚ ਕਦੇ ਭੀ ਨਹੀਂ ਫਸੇਗੀ। ੨. ਕਿਉਂਕਿ ਜਿਹੜੀਆਂ ਵਡੇ ਪੁੰਨ ਵਾਲੀਆਂ ਇਸਤ੍ਰੀਆਂ ਹੁੰਦੀਆਂ ਹਨ, ਹੇ ਪਿਆਰੀ! ਉਹ ਇਸ ਤਰ੍ਹਾਂ ਦੀ ਬਿਪਤਾ ਵਿਚ ਨਹੀਂ ਪੈਂਦੀਆਂ।੧੧।

ਸ਼ਾਂਤਿ ਉਵਾਚ॥

**ਦੋਹਰਾ–੧. ਸਖੀ ਕਹੌਂ ਇਕ ਬਾਤ ਸੁਨ, ਜੌ ਧਾਤਾ ਪ੍ਰਤਿਕੂਲ॥**
**੨. ਕਹੋ ਅਸੰਭਵ ਕੌਣ ਗਤਿ, ਵੇ ਸਭ ਅਪਦਾ ਮੂਲ॥ ੧੨॥**

ਧਾਤਾ=ਕਰਮ ਫਲ ਦੇਣ ਵਾਲਾ ਬਿਧਾਤਾ, (੨) ਹੋਣੀ। ਪ੍ਰਤਿਕੂਲ=ਉਲਟ। ਅਸੰਭਵ= ਅਨਹੋਣੀ। ਗਤਿ=ਦਸ਼ਾ, ਹਾਲਤ। ਮੂਲ=ਕਾਰਨ। ਅਪਦਾ=ਬਿਪਤਾ, ਦੁਖ, ਕਲੇਸ਼।

ਸ਼ਾਂਤੀ ਕਹਿਣ ਲਗੀ–੧. ਹੇ ਸਖੀ! ਮੈਂ ਤੈਨੂੰ ਇਕ ਹੋਰ ਗੱਲ ਦਸਦੀ ਹਾਂ, ਧਿਆਨ ਦੇ ਕੇ ਸੁਣ, ਜੇਕਰ ਬਿਧਾਤਾ ਹੀ ਉਲਟ ਜਾਵੇ। ੨. ਦਸ, ਫੇਰ ਕਿਹੜੀ ਗੱਲ ਅਨਹੋਣੀ ਹੈ ? ਕਿਉਂਕਿ ਉਹ ਸਾਰੀਆਂ ਬਿਪਤਾਂ ਦਾ ਕਾਰਨ ਹੈ।੧੨।

**ਸਵੈਯਾ॥**

**੧. ਜਨਕਾਤਮਜਾ ਗ੍ਰਿਹਿ ਰਾਵਣ ਕੇ ਸੁ ਬਸੀ ਦੁਖ ਭਾਂਤਿ ਅਨੇਕ ਭਰੇ॥**
**੨. ਵਸ ਦਾਨਵ ਵੇਦ-ਤ੍ਰਈ ਸੁ ਭਈ ਤਿਨ ਜਾਇ ਰਸਾਤਲ ਵਾਸ ਕਰੇ॥**
**੩. ਪੁਨ ਗੰਧ੍ਰਬ ਕੀ ਦੁਹਿਤਾ ਪਤਿ ਦੈਤਿ ਹਰੀ ਸੁ ਮੰਦਾਲਸ ਰੂਪ ਵਰੇ॥**
**੪. ਬਿਧਿ ਵਾਸ ਭਏ ਜਗ ਮੈਂ ਸਜਨੀ ਕਹੁ ਆਮਦ ਕੌਨ ਨ ਸੀਸ ਧਰੇ॥੧੩॥**

ਜਨਕਾਤਮਜਾ=(ਜਨਕ+ਆਤਮਜਾ) ਜਨਕ-ਪੁਤ੍ਰੀ, ਸੀਤਾ। ਵੇਦ ਤ੍ਰਈ=ਤਿੰਨ ਵੇਦ। ਰਸਾਤਲ=

Sri Satguru Jagjit Singh Ji Elibrary NamdhariElibrary@gmail.com

ਇਸ ਧਰਤੀ ਦੇ ਹੇਠਲਾ ਪਤਾਲ। ਦੁਹਿਤਾ=ਲੜਕੀ, ਪੁਤ੍ਰੀ। ਬਾਮ=ਉਲਟ।

੧. ਸੀਤਾ (ਦੇ ਉਲਟ ਬਿਧਾਤਾ ਹੋਇਆ, ਤਾਂ ਉਹ) ਰਾਵਨ ਦੇ ਘਰ ਜਾ ਕੇ ਵਸੀ ਸੀ ਅਤੇ ਉਸ ਨੇ ਅਨੇਕ ਤਰ੍ਹਾਂ ਦੇ ਦੁਖ ਭੋਗੇ ਸਨ। ੨. ਤਿੰਨੇ ਵੇਦ-ਰਿਗ, ਯਜੁਰ ਤੇ ਸ਼ਾਮ ਸੰਖਾਸੁਰ ਦੈਂਤ ਦੇ ਵੱਸ ਹੋ ਗਏ ਅਤੇ ਉਨ੍ਹਾਂ ਨੇ ਭੀ ਰਸਾਤਲ ਵਿਚ ਵਾਸਾ ਕੀਤਾ ਸੀ। ੩. ਫੇਰ ਗੰਧਰਬ ਦੀ ਪੁਤਰੀ ਮੰਦਲਸਾ ਬੜੇ ਸਰੇਸ਼ਟ ਰੂਪ ਵਾਲੀ ਸੀ, (ਬਿਧਾਤਾ ਉਸ ਦੇ ਉਲਟ ਹੋਇਆ ਤਾਂ ਉਸ ਨੂੰ) ਦੈਂਤ ਪਤੀ ਚੁਰਾ ਕੇ ਲੈ ਗਿਆ ਸੀ। ੪. ਹੇ ਸਖੀ! ਤੂੰ ਦਸ, ਜਗਤ ਵਿਚ ਉਹ ਕੌਣ ਹੈ? ਜਿਸ ਦੇ ਉਲਟ ਬਿਧਾਤਾ ਹੋ ਜਾਵੇ ਅਤੇ ਫੇਰ (ਉਸ ਨੇ) ਬਿਪਤਾ ਨੂੰ ਨਾ ਭੋਗਿਆ ਹੋਵੇ?॥ ੧੩॥

**ਦੋਹਰਾ-੧. ਤਾਂਤੇ ਚਲੇ ਪਖੰਡ ਗ੍ਰਿਹ ਸਰਧਾ ਤਹਾਂ ਜੋ ਹੋਇ॥**
**੨. ਕਰੁਣਾ ਕਹ੍ਯੋ ਸੁ ਚਲ ਸਖੀ ਇਮ ਕਹਿ ਚਾਲੀ ਦੋਇ॥ ੧੪॥**

੧. ਇਸ ਲਈ ਹੁਣ ਪਖੰਡੀਆਂ ਦੇ ਘਰ ਚਲੀਏ, ਜੇ ਸ਼ਰਧਾ ਉਥੇ ਹੋਵੇ ਤਾਂ ਢੂੰਡ ਲਿਆਈਏ, ਕਿਉਂਕਿ ਜੋ ਪਵਿਤਰ ਸਥਾਨਾਂ ਵਿਚ ਕਿਤੇ ਨਹੀਂ ਦਿਸੀ, ਉਥੇ ਉਸ ਦੇ ਹੋਣ ਦੀ ਆਸ ਹੋ ਸਕਦੀ ਹੈ, ਅਗੋਂ। ੨. ਉਸ ਨੂੰ ਕਰੁਣਾ ਨੇ ਕਿਹਾ-ਹੇ ਸਖੀ! ਚਲ ਮੈਂ ਤਿਆਰ ਹਾਂ ਇਸ ਤਰ੍ਹਾਂ ਕਹਿ ਕੇ ਦੋਵੇਂ ਤੁਰ ਪਈਆਂ।੧੪।

**ਸਵੈਯਾ॥**

**੧. ਕਰੁਣਾ ਤਹਿ ਅਗ੍ਰ ਬਿਲੋਕ ਡਰੀ ਸਜਨੀ ਮਮ ਰਾਖਸ ਨੈਨ ਨਿਹਾਰੇ॥**
**੨. ਪੁਨ ਸ਼ਾਂਤਿ ਕਹ੍ਯੋ ਕਹਿੰ ਰਾਖਸ਼ ਹੈਂ ਕਰੁਣਾ ਤਬ ਪੀਠਹਿ ਪੀਠ ਉਚਾਰੇ॥**
**੩. ਮਲ ਪੰਕ ਗਿਰੇ ਮੁਖ ਦੰਤਨ ਤੇ ਤਨ ਮੈਂ ਦੁਰਗੰਧ ਭਯਾਨਕ ਭਾਰੇ॥**
**੪. ਮੁਕਤਾ ਕਟਿ ਕੱਛ ਮਲੀਨ ਮਹਾਂ ਇਹ ਮੂੰਡ ਪਿਸੰਗ ਸੁ ਝੂੰਡ ਖਿਲਾਰੇ॥੧੫॥**

ਅਗ੍ਰ=ਅਗੇ। ਬਿਲੋਕ=ਵੇਖ ਕੇ। ਪੀਠਹਿ ਪੀਠ=ਪਿਠ ਦੇ ਪਿਛੇ। ਪੰਕ=ਚਿਕੜ।
ਮੁਕਤਾ ਕਟਿ=ਲਕ ਤੋਂ ਨੰਗਾ। ਪਿਸੰਗ=ਭੂਰੇ ਰੰਗ।

੧. ਉਥੇ ਕਰੁਣਾ (ਕਿਸੇ ਨੂੰ) ਅਗੇ ਤੋਂ ਆਉਂਦਾ ਹੋਇਆ ਵੇਖ ਕੇ ਡਰ ਗਈ (ਅਤੇ ਪਿਛਾਂਹ ਨੂੰ ਸ਼ਾਂਤੀ ਵਲ ਵੇਖ ਕੇ ਕਹਿਣ ਲਗੀ)-ਹੇ ਸਖੀ! ਮੈਂ ਰਾਖਸ਼ ਨੂੰ ਅਖੀਂ ਵੇਖਿਆ ਹੈ। ੨. ਫੇਰ ਸ਼ਾਂਤੀ ਨੇ ਕਿਹਾ-ਰਾਖਸ਼ ਕਿਥੇ ਹੈ? ਤਦ ਕਰੁਣਾ ਨੇ ਕਿਹਾ-(ਮੇਰੀ) ਪਿਠ ਦੇ ਪਿਛੇ ਵਲ ਨੂੰ ਵੇਖ, ਉਹ ਤੁਰਿਆ ਆਉਂਦਾ ਹੈ। ੩. ਜਿਸ ਦੇ ਮੂੰਹ ਵਿਚੋਂ ਦੰਦਾਂ ਦੀ ਮੈਲ ਰੂਪ ਚਿਕੜ* ਡਿਗਦਾ ਹੈ ਅਤੇ ਸਰੀਰ ਵਿਚੋਂ ਬੜੀ ਭਿਆਨਕ ਬਦਬੂ ਆ ਰਹੀ ਹੈ। ੪. ਜੋ ਲਕ ਤੋਂ ਨੰਗਾ ਹੈ, ਬਗਲਾਂ (ਜਿਸ ਦੀਆਂ) ਬੜੀਆਂ ਮੈਲੀਆਂ ਹਨ ਅਤੇ ਸਿਰ ਉਤੇ ਭੂਰੇ ਰੰਗ ਦੀ ਝੰਡ ਖਿਲਾਰੀ ਹੋਈ ਹੈ।੧੫।

**ਦੋਹਰਾ-੧. ਪੂੰਛ ਸਿਖੰਡ ਸੁ ਕਰ ਬਿਖੇ ਆਵਤ ਹੈ ਇਤ ਓਰ॥**
**੨. ਨੈਨ ਨਿਹਾਰ ਨ ਮੈਂ ਸਕੋਂ ਚੀਤ ਡਰਤ ਹੈ ਮੋਰ॥ ੧੬॥**

ਪੂੰਛ ਸਿਖੰਡ=ਮੋਰ ਦੀ ਪੂਛ ਦੇ ਖੰਭ, ਮੋਰ ਛੜ।

੧. ਉਸ ਦੇ ਹਥ ਵਿਚ ਮੋਰ ਛੜ ਫੜਿਆ ਹੋਇਆ ਹੈ ਅਤੇ ਇਧਰ ਤੁਰਿਆ ਆਉਂਦਾ ਹੈ। ੨. ਮੈਂ ਉਸ ਨੂੰ ਅਖੀਂ ਨਹੀਂ ਵੇਖ ਸਕਦੀ, ਮੇਰਾ ਚਿਤ ਡਰਦਾ ਹੈ।੧੬।

*ਜੈਨ ਸ਼ਾਸਤ੍ਰ ਵਿਚ ਲਿਖਿਆ ਹੈ, ਕੌਡੀ ਜਾਂ ਪੈਸਾ ਦੂਰੋਂ ਸੁਟਣ ਨਾਲ ਜਿਸ ਦੇ ਦੰਦਾਂ ਦੀ ਮੈਲ ਵਿਚ ਕੌਡੀ ਜਾਂ ਪੈਸਾ ਖੁਭ ਜਾਵੇ, ਓਹੀ ਪੱਕਾ ਜੈਨੀ ਹੈ, ਇਸ ਲਈ ਦੰਦਾਂ ਦੀ ਮੈਲ ਰੂਪ ਚਿਕੜ ਡਿਗਦਾ ਕਿਹਾ ਹੈ।

Sri Satguru Jagjit Singh Ji Elibrary          NamdhariElibrary@gmail.com

**ਦੋਹਰਾ–੧. ਸ਼ਾਂਤਿ ਕਹਯੋ ਰਾਖਸ ਨਹੀਂ ਪੁਦਗਲ ਹੈ ਬਲਹੀਨ ॥**
**੨. ਕਰੁਣਾ ਕਹੇ ਸੁ ਕੌਨ ਪੁਨ ਐਸੋ ਪਰਮ ਮਲੀਨ ॥ ੧੭ ॥**

ਪੁਦਗਲ=ਪੁਰਸ਼, ਮਨੁਖ। ਬਲਹੀਨ=ਕਮਜ਼ੋਰ।

੧. ਸ਼ਾਂਤੀ ਨੇ ਕਿਹਾ–ਇਹ ਰਾਖਸ਼ ਨਹੀਂ ਹੈ, ਕੋਈ ਬਲ ਤੋਂ ਹੀਣਾ ਪੁਰਸ਼ ਹੈ, (ਜੋ ਕਮਜ਼ੋਰ ਹੋਣ ਕਰਕੇ ਸਰੀਰ ਤੇ ਕਪੜਿਆਂ ਦੀ ਸਫਾਈ ਨਹੀਂ ਕਰ ਸਕਦਾ,ਇਸ ਕਰਕੇ ਉਸ ਦੀ ਅਜਿਹੀ ਹਾਲਤ ਹੈ)। ੨. ਕਰੁਣਾ ਨੇ ਫੇਰ ਕਿਹਾ–ਜੇ ਇਹ ਰਾਖਸ਼ ਨਹੀਂ ਹੈ, ਤਾਂ ਇਸ ਤਰ੍ਹਾਂ ਦਾ ਮਹਾਂ ਗੰਦਾ ਪੁਰਸ਼ ਕੌਣ ਹੈ ? ।੧੭।

**ਦੋਹਰਾ–੧. ਸ਼ਾਂਤਿ ਕਹਯੋ ਸੁ ਪਿਸ਼ਾਚ ਯਹਿ ਐਸੇ ਮੋ ਮਨ ਆਇ ॥**
**੨. ਕਰੁਣਾ ਕਹਿ ਪਿਸ਼ਾਚ ਨਹਿ ਵਹਿ ਨਿਸ ਮੇ ਪ੍ਰਗਟਾਇ ॥ ੧੮ ॥**

੧. ਸ਼ਾਂਤੀ ਨੇ ਕਿਹਾ–ਮੇਰੇ ਮਨ ਵਿਚ ਖਿਆਲ ਆਇਆ ਹੈ ਕਿ ਇਸ ਤਰ੍ਹਾਂ ਦੇ (ਗੰਦੇ ਸਰੂਪ ਵਾਲਾ) ਇਹ ਪਿਸ਼ਾਚ ਹੋਵੇਗਾ। ੨. ਕਰੁਣਾ ਨੇ ਕਿਹਾ–ਇਹ ਪਿਸ਼ਾਚ ਭੀ ਨਹੀਂ ਹੈ, (ਕਿਉਂਕਿ) ਉਹ ਰਾਤ (ਦੇ ਹਨੇਰੇ) ਵਿਚ ਪ੍ਰਗਟ ਹੁੰਦਾ ਹੈ, (ਦਿਨ ਦੇ ਸਮੇਂ ਪਿਸ਼ਾਚ ਕਦੇ ਭੀ ਪ੍ਰਗਟ ਨਹੀਂ ਹੁੰਦਾ ।੧੮।

**ਦੋਹਰਾ–੧. ਸੂਰਜ ਆਹਿ ਅਕਾਸ਼ ਮੈਂ ਕਿਰਣ ਪ੍ਰਕਾਸ਼ੇ ਲੋਇ ॥**
**੨. ਐਸੇ ਸਮੇ ਪਿਸ਼ਾਚ ਕਾ ਕਹਿ ਅਵਕਾਸ਼ ਸੁ ਹੋਇ ॥ ੧੯ ॥**

ਆਹਿ=ਹੈਗਾ ਹੈ। ਲੋਇ=ਜਗਤ ਵਿਚ। ਅਵਕਾਸ਼=ਸਮਾਂ, ਵੇਲਾ।

੧. ਸੂਰਜ (ਇਸ ਵੇਲੇ) ਅਕਾਸ਼ ਵਿਚ ਚੜ੍ਹਿਆ ਹੋਇਆ ਹੈ, ਜਿਸ ਦੀਆਂ ਕਿਰਣਾਂ ਜਗਤ ਵਿਚ ਰੋਸ਼ਨੀ ਕਰ ਰਹੀਆਂ ਹਨ। ੨. ਹੇ ਸਖੀ ! ਤੂੰ ਦਸ, ਇਸ ਤਰ੍ਹਾਂ (ਦਿਨ ਦੇ) ਸਮੇਂ ਵਿਚ ਪਿਸ਼ਾਚ ਦੇ (ਫਿਰਨ ਦਾ) ਸਮਾਂ ਕਿਸ ਤਰ੍ਹਾਂ ਹੋ ਸਕਦਾ ਹੈ ? ਪਿਸ਼ਾਚ ਤਾਂ ਸਦਾ ਰਾਤ ਨੂੰ ਹਨੇਰੇ ਵਿਚ ਹੀ ਫਿਰਦਾ ਹੈ ।੧੯।

**ਦੋਹਰਾ–੧. ਸ਼ਾਂਤਿ ਕਹਯੋ ਸੁ ਪਿਸ਼ਾਚ ਨਹਿ, ਤੌ ਯਹਿ ਪਾਪੀ ਆਹਿ ॥**
**੨. ਨਿਕਸਯੋ ਅਬ ਹੀ ਨਰਕ ਤੇ, ਆਵਤ ਹੈ ਪਥ ਮਾਹਿ ॥ ੨੦ ॥**

੧. ਸ਼ਾਂਤੀ ਨੇ ਕਿਹਾ–(ਹੇ ਸਖੀ ! ਜੇਕਰ ਇਹ) ਪਿਸ਼ਾਚ ਨਹੀਂ ਹੈ ਤਾਂ ਇਹ ਕੋਈ ਪਾਪੀ ਪੁਰਸ਼ ਹੋਵੇਗਾ। ੨. ਜੋ ਹੁਣੇ ਹੀ ਨਰਕ ਤੋਂ ਨਿਕਲਿਆ ਹੈ, (ਅਤੇ ਇਸੇ) ਪਥ (ਰਾਹ) ਤੇ ਚਲਾ ਆਉਂਦਾ ਹੈ ।੨੦।

**ਦੋਹਰਾ–੧. ਬਹੁਰੋ ਸ਼ਾਂਤਿ ਬਿਚਾਰ ਕਰਿ ਅਬ ਮੈ ਲਖਯੋ ਨ੍ਰਿਤਾਂਤ ॥**
**੨. ਮਹਾਂ ਮੋਹ ਪਠਯੋ ਅਯੋ ਯਹ ਜਗ ਜੈਨ ਸਿਧਾਂਤ ॥ ੨੧ ॥**

ਨ੍ਰਿਤਾਂਤ=ਨਿਸ਼ਚਾ ਕਰਕੇ। ਸਿਧਾਂਤ=ਮਤ। ਅਯੋ=ਆ ਰਿਹਾ ਹੈ।

੧. ਸ਼ਾਂਤੀ ਨੇ ਫੇਰ ਕਿਹਾ–(ਹੇ ਸਖੀ ! ਸੁਣ) ਮੈਂ ਹੁਣ ਨਿਸ਼ਚੇ ਕਰਕੇ ਜਾਣ ਲਿਆ ਹੈ। ੨. ਮਹਾ ਮੋਹ (ਰਾਜੇ ਨੇ ਵਿਵੇਕ ਆਦਿਕਾਂ ਦੇ ਨਾਸ ਕਰਨ ਲਈ ਜੈਨ ਮੱਤ ਨੂੰ ਜਗਤ ਵਿਚ) ਭੇਜਿਆ ਹੈ, ਇਹ (ਸਾਡੇ ਸਾਹਮਣੇ ਉਹ) ਜੈਨ ਸਿਧਾਂਤ ਹੀ ਆ ਰਿਹਾ ਹੈ ।੨੧।

**ਦੋਹਰਾ–੧. ਯਾਕੋ ਦਰਸ਼ਨ ਦੂਰ ਤਜ ਯਹ ਅਤਿ ਪਤਿਤ ਮਲੀਨ ॥**
**੨. ਐਸੇ ਸ਼ਾਂਤਿ ਬਖਾਨ ਕੈ ਫਿਰ ਚਾਲੀ ਮੁਖ ਦੀਨ ॥ ੨੨ ॥**

੧. ਹੇ ਸਖੀ ! ਇਸ ਦਾ ਦਰਸ਼ਨ ਭੀ ਨਾ ਕਰ, [ਕਿਉਂਕਿ] ਇਹ ਮਹਾਂ ਪਾਪੀ [ਪੁਰਸ਼] ਬਹੁਤ ਹੀ ਗੰਦਾ ਹੈ। ੨. ਇਸ ਤਰ੍ਹਾਂ ਦਾ ਬਚਨ ਕਹਿ ਕਰਕੇ ਸ਼ਾਂਤੀ ਮੁੜ ਕੇ ਪਿਛਾਂਹ ਨੂੰ ਤੁਰ ਚਲੀ, [ਜਿਸ ਦਾ] ਮੁਖ

(ਚਿੰਤਾ ਦੇ ਕਾਰਨ) ਦੀਨ (ਉਦਾਸ) ਹੋ ਰਿਹਾ ਹੈ ।੨੨।

ਕਰੁਣਾ ਉਵਾਚ ॥

**ਦੋਹਰਾ–੧. ਸਖੀ ਮਹੂਰਤ ਥਿਰ ਰਹੇ, ਸਰਧਾ ਲੇਹਿੰ ਨਿਹਾਰ ॥**
**੨. ਯਹੀ ਪਖੰਡੀ ਭਾਖੀਐ ਮਤਿ ਯਾ ਭੌਨ ਮਝਾਰ ॥ ੨੩ ॥**

ਮਹੂਰਤ=ਦੋ ਘੜੀਆਂ, ੨੪ ਮਿੰਟ ਤਕ ਦਾ ਸਮਾਂ ਇਕ ਘੜੀ ਹੁੰਦਾ ਹੈ । ਨਿਹਾਰ=ਵੇਖ ਲਈਏ। ਪਖੰਡੀ=ਪਖੰਡ ਮੱਤ ਵਾਲੇ। ਮਤਿ=ਜੇਕਰ।

ਕਰੁਣਾ ਕਹਿਣ ਲਗੀ–੧. ਹੇ ਸਖੀ ! ਦੋ ਘੜੀਆਂ ਇਥੇ ਖੜੋ ਜਾਹ, (ਕਿਉਂਕਿ ਸ਼ਰਧਾ ਮਾਤਾ ਨੂੰ ਲਭਣ ਲਈ ਘਰੋਂ ਤੁਰੀਆਂ ਹਾਂ, ਉਸ ਸ਼ਰਧਾ ਨੂੰ (ਇਥੇ) ਵੇਖ ਲਈਏ। ੨. ਕਿਉਂਕਿ ਇਹੋ ਹੀ ਪਖੰਡ ਮਤ ਵਾਲੇ ਕਹੇ ਜਾਂਦੇ ਹਨ। ਭਲਾ, ਜੇਕਰ ਇਸ ਦੇ ਘਰ ਵਿਚ (ਹੀ ਸ਼ਰਧਾ ਮਿਲ ਪਵੇ ਤਾਂ ਫੇਰ ਅਸਾਂ ਹੋਰ ਕਿਤੇ ਕਿਸ ਲਈ ਜਾਣਾ ਹੈ ?) ।੨੩।

**ਦੋਹਰਾ–੧. ਗੁਲਾਬ ਸਿੰਘ ਇਮ ਭਾਖ ਕਰਿ ਦੋਨੋ ਖਰੀ ਇਕਾਂਤ ॥**
**੨. ਤਬ ਨ੍ਰਿਪ ਸਭਾ ਪ੍ਰਵੇਸ਼ ਕਰਿ ਬੋਲਯੋ ਜੈਨ ਸਿਧਾਂਤ ॥ ੨੪ ॥**

੧. ਗਰੰਥ ਕਰਤਾ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਆਪੋ ਵਿਚ ਕਹਿ ਕੇ ਦੋਵੇਂ (ਸਖੀਆਂ ਸ਼ਾਂਤੀ ਤੇ ਕਰੁਣਾ) ਇਕ ਪਾਸੇ ਖੜੋ ਗਈਆਂ। ੨. ਏਨੇ ਚਿਰ ਨੂੰ ਰਾਜੇ (ਕੀਰਤ ਵਰਮਾ ਦੀ) ਸਭਾ ਵਿਚ ਪ੍ਰਵੇਸ਼ ਕਰਕੇ 'ਜੈਨ ਸਿਧਾਂਤ' (ਦੇ ਰੂਪ ਵਾਲਾ ਸ੍ਵਾਂਗੀ ਪੁਰਖ) ਕਹਿਣ ਲਗਾ ।੨੪।

**ਦੋਹਰਾ–੧. ਨਮੋ ਨਮੋ ਅਰਹੰਤ ਪਥ ਜੇ ਜਨ ਚਲੇ ਉਦਾਰ ॥**
**੨. ਭੁਗਤ ਮੁਕਤ ਦੋਨੋਂ ਲਹੈਂ ਮੈਂ ਅਬ ਕਰੋਂ ਉਚਾਰ ॥ ੨੫ ॥**

੧. ਅਰਹੰਤ (ਪ੍ਰਭੂ ਨੂੰ ਮੇਰੀ) ਨਮਸ਼ਕਾਰ ਹੈ ਅਤੇ ਅਰਹੰਤ ਮੱਤ (ਨੂੰ ਭੀ ਮੈਂ) ਨਮਸ਼ਕਾਰ ਕਰਦਾ ਹਾਂ, ਕਿਉਂਕਿ ਜਿਹੜੇ ਪੁਰਸ਼ (ਇਸ) ਅਰਹੰਤ ਮਾਰਗ ਉਤੇ ਤੁਰ ਰਹੇ ਹਨ, ਉਹ ਉਦਾਰ ਪੁਰਸ਼ ੨: ਭੋਗ ਤੇ ਮੋਖ ਦੋਵੇਂ (ਪਦਾਰਥ) ਪਾ ਲੈਣਗੇ, (ਇਸ ਤਰ੍ਹਾਂ ਦੋਹਾਂ ਨੂੰ ਪ੍ਰਾਪਤ ਕਰਨਗੇ) ਮੈਂ ਹੁਣ ਓਹੀ ਬਿਧੀ ਵਰਣਨ ਕਰਕੇ ਸੁਣਾਉਂਦਾ ਹਾਂ ।੨੫।

**ਕਬਿੱਤ–੧. ਨਵ ਹੈਂ ਦ੍ਵਾਰ ਤਨ ਭੌਨ ਕੇ ਮਝਾਰ ਪੁਨ,**
**ਆਤਮਾ ਪ੍ਰਕਾਸ਼ ਦੀਪ ਤਾਂਹਿ ਮੈਂ ਸੁਹਾਇ ਹੈ ॥**
**੨. ਜੈਨ ਵਰ ਭਾਖਿਓ ਸਿਧਾਂਤ ਸੁ ਇਕਾਂਤ ਯਹ,**
**ਗਹੇ ਜਨ ਜੋਈ ਜਗ ਸੁਖ ਮੋਖ ਪਾਇ ਹੈ ॥**
**੩. ਅਰੇ ਸੁਨ ਸ੍ਰਾਵਕ ਸੁ ਵਾਕ ਮੈਂ ਬਖਾਨੋ ਤੁਮ,**
**ਮਲ ਮਯ ਪ੍ਰਮਾਣੂ ਤੇ ਸੁ ਦੇਹ ਉਪਜਾਇ ਹੈ ॥**
**੪. ਮੂਢ ਨਰ ਸੁਧ ਕਰੇ ਸੀਤ ਜਲ ਸੀਸ ਧਰੇ,**
**ਹੋਵਤ ਨ ਸੁਧ ਜਲ ਕੋਟਿਕ ਨ੍ਹਵਾਇ ਹੈ ॥ ੨੬ ॥**

ਨਵ ਦ੍ਵਾਰ=ਨੌਂ ਦਰਵਾਜੇ, ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਮੂੰਹ, ਗੁਦਾ ਤੇ ਲਿੰਗ-ਛੇਕ।

Sri Satguru Jagjit Singh Ji Elibrary NamdhariElibrary@gmail.com

ਦੀਪ=ਦੀਵਾ। ਜੈਨ ਵਰ=ਜੈਨ ਮਤ ਦੇ ਅਚਾਰਜ ਅਰਹੰਤ ਤੇ ਪਾਰਸ ਨਾਥ ਆਦਿਕ।

ਸ੍ਰਾਵਕ—ਜੈਨ ਮਤ ਨੂੰ ਮੰਨਣ ਵਾਲੇ, ਸ੍ਰਾਵਗੀਏ। ਮਯ—ਰੂਪ। ਅਹੇ—ਹੈ।

੧. ਸਰੀਰ ਇਕ ਤਰ੍ਹਾਂ ਦਾ ਘਰ ਹੈ ਜਿਸ ਦੇ ਵਿਚ ਨੌਂ ਗੋਲਕਾਂ ਹੀ ਨੌਂ ਦਰਵਾਜੇ ਹਨ ਜਿਵੇਂ ਘਰ ਵਿਚ ਦੀਵੇ ਦਾ ਚਾਨਣ ਹੋ ਜਾਵੇ ਤਾਂ ਉਸ ਦੇ ਸਾਰੇ ਪਦਾਰਥ ਦੇਖੇ ਜਾ ਸਕਦੇ ਹਨ, ਇਸੇ ਤਰ੍ਹਾਂ ਹੀ ਇਸ ਸਰੀਰ ਰੂਪੀ ਘਰ ਵਿਚ 'ਆਤਮਾ ਦਾ ਪ੍ਰਕਾਸ਼' ਦੀਵੇ ਦੇ ਪ੍ਰਕਾਸ਼ ਵਾਂਗੂੰ ਹੀ ਸੋਭਾ ਪਾ ਰਿਹਾ ਹੈ। ੨.ਜੈਨ ਸਿਧਾਂਤ ਦੇ ਅਚਾਰਜਾਂ ਨੇ ਆਖਿਆ ਹੈ, ਜਿਹੜਾ ਕੋਈ ਇਕਾਗਰ ਚਿਤ ਹੋਕੇ ਇਸ ਸਿਧਾਂਤ ਨੂੰ ਗ੍ਰਹਣ ਕਰੇਗਾ, ਉਹ ਪੁਰਸ਼ ਜਗਤ ਦੇ ਸੁਖ ਤੇ ਮੁਕਤੀ ਨੂੰ ਪਾ ਲਏਗਾ। ੩. ਹੇ ਸ੍ਰੇਵੜਿਓ! ਜੋ ਮੈਂ ਕਹਿੰਦਾ ਹਾਂ, ਤੁਸੀਂ ਧਿਆਨ ਦੇਕੇ ਉਹ ਬਚਨਾਂ ਨੂੰ ਸੁਣੋ ਅਤੇ ਵਿਚਾਰ ਕਰੋ ਕਿ ਮਾਂ ਦੀ ਰਕਤ ਤੇ ਪਿਤਾ ਦੇ ਬੀਰਜ ਦੇ ਪ੍ਰਮਾਣੂ ਜੋ ਗੰਦਗੀ ਰੂਪ ਹਨ, ਉਨ੍ਹਾਂ ਤੋਂ ਹੀ ਇਹ ਦੇਹ ਪੈਦਾ ਹੋਈ ਹੈ ਜਿਸ ਵਸਤੂ ਦਾ ਕਾਰਨ ਗੰਦਾ ਹੈ ਉਹ ਕਾਰਜ ਰੂਪ ਵਸਤੂ ਭੀ ਤਾਂ ਗੰਦੀ ਹੋਵੇਗੀ, ਅਰਥਾਤ ਇਹ ਦੇਹ ਗੰਦਗੀ ਰੂਪ ਹੈ। ੪. ਮੂਰਖ ਪੁਰਸ਼ (ਇਸ ਨੂੰ ਸੁਧ ਕੀਤਾ ਚਾਹੁੰਦੇ ਹਨ ਅਤੇ) ਸੁਧ ਕਰਨ ਦੇ ਵਾਸਤੇ, ਠੰਢੇ ਪਾਣੀ ਨੂੰ ਸਿਰ ਉਤੇ ਪਾ ਲੈਂਦੇ ਹਨ, ਪਰ ਸੱਚ ਤਾਂ ਇਹ ਹੈ ਕਿ ਇਹ ਦੇਹ ਕਦੇ ਭੀ ਸੁਧ ਨਹੀਂ ਹੋਵੇਗੀ, ਭਾਵੇਂ ਕ੍ਰੋੜਾਂ ਵੇਰੀ ਭੀ ਠੰਢੇ ਪਾਣੀ ਵਿਚ ਨ੍ਹਾਉਂਦੇ ਰਹਿਣ, ਇਸ ਗੰਦ ਰੂਪ ਦੇਹੀ ਨੂੰ ਪਾਣੀ ਨਾਲ ਧੋ ਕੇ ਸੁਧ ਕਰਨ ਦੀ ਇਛਾ ਕਰਨੀ, ਇਹ ਮੂਰਖ ਪੁਰਸ਼ਾਂ ਦੀ ਬੇ-ਸਮਝੀ ਹੈ॥ ੨੬॥

ਯਥਾ—"ਜਲ ਧੋਵੈ ਬਹੁ ਦੇਹ ਅਨੀਤ॥ ਸੁਧ ਕਹਾ ਹੋਇ ਕਾਚੀ ਭੀਤ॥" (ਸੁਖਮਨੀ)

**ਦੋਹਰਾ—੧. ਆਤਮ ਵਿਮਲ ਸੁਭਾਵ ਹੈ, ਰਿਖਿ ਸੇਵਾ ਤਿਹ ਗਯਾਨ॥**
**੨. ਰਿਖਿ ਸੇਵਾ ਕੈਸੀ ਕਹੋ, ਸੁਨਹੋ ਕਰੋਂ ਬਖਾਨ॥ ੨੭॥**

੧. ਹੇ ਸੇਵਕੋ! ਸੁਣੋ, ਇਸ ਦੇਹ ਵਿਚ ਜੋ ਪ੍ਰਕਾਸ਼ ਕਰਨ ਵਾਲਾ ਆਤਮਾ ਹੈ, ਉਹ ਸੁਭਾਵ ਤੋਂ ਹੀ ਨਿਰਮਲ ਹੈ ਅਰਥਾਤ ਦੇਹ ਮਲ ਰੂਪ ਹੈ, ਉਸਨੇ ਮਲ ਰਹਿਤ ਨਹੀਂ ਹੋਣਾ ਅਤੇ ਆਤਮਾ ਮਲ ਰਹਿਤ ਹੈ, ਉਸਨੇ ਮਲ ਰੂਪ ਨਹੀਂ ਹੋਣਾ, ਉਸਨੂੰ ਸੁਧ ਕਰਨ ਦੀ ਲੋੜ ਹੀ ਨਹੀਂ ਹੈ ਅਤੇ ਉਸ ਆਤਮਾ ਦੇ ਗਿਆਨ ਤੋਂ ਮੁਕਤ ਪ੍ਰਾਪਤ ਹੁੰਦੀ ਹੈ।

ਪ੍ਰਸ਼ਨ—ਉਹ ਗਿਆਨ ਕਿਸ ਸਾਧਨ ਕਰਕੇ ਹੁੰਦਾ ਹੈ?

ਉਤਰ—ਰਿਖੀ ਜਨਾਂ ਦੀ ਸੇਵਾ ਕਰਨ ਤੋਂ ਹੀ ਉਸ ਆਤਮਾ ਦਾ ਗਿਆਨ ਹੁੰਦਾ ਹੈ, ਰਿਖਿ ਸੇਵਾ ਤੋਂ ਬਿਨਾਂ ਹੋਰ ਕਿਸੇ ਭੀ ਸਾਧਨ ਕਰਕੇ ਗਿਆਨ ਨਹੀਂ ਹੋ ਸਕਦਾ ਹੈ। ਪ੍ਰਸ਼ਨ—ਰਿਖੀ ਕਿਸਦਾ ਨਾਮ ਹੈ? ਅਤੇ ਰਿਖਿ ਸੇਵਾ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ, ਇਹ ਸਾਰੀ ਗੱਲ ਖੋਲ੍ਹ ਕੇ ਦਸੋ। ਉਤਰ-ਜੈਨ ਮੱਤ ਦੇ ਸਾਧੂ ਦਾ ਨਾਮ ਹੀ ਰਿਖੀ ਹੈ,ਜੈਨ ਸਿਧਾਂਤ ਦੇ ਸਾਧੂ ਤੋਂ ਬਿਨਾਂ ਹੋਰ ਕੋਈ ਰਿਖੀ ਹੀ ਨਹੀਂ ਹੈ,ਜਿਸ ਤਰ੍ਹਾਂ ਦੀ ਰਿਖਿ ਸੇਵਾ ਕਰਕੇ ਗਿਆਨ ਹੁੰਦਾ ਹੈ, ਉਹ ਰਿਖਿ ਸੇਵਾ ਦਾ ਵਰਣਨ ਮੈਂ ਕਰਦਾ ਹਾਂ, ਤੁਸੀਂ ਧਿਆਨ ਦੇ ਕੇ ਸੁਣੋ॥੨੭।

**ਸਵੈਯਾ॥**

**੧. ਦੂਰਹਿ ਤੇ ਪਦ ਪੰਕਜ ਕੋ ਅਭਿ ਬੰਦਨ ਸੀਸ ਨਿਵਾਇ ਕਰੇ॥**
**੨. ਭੋਜਨ ਜੋ ਮਿਸ੍ਟਾਂਨ ਮਹਾਂ ਨਿਤ ਤਾਂਹਿ ਜਿਵਾਵਹੁ ਜੋਰ ਕਰੇ॥**
**੩. ਘਰ ਭੀਤਰ ਜੋ ਰਿਖਿ ਬਾਸ ਕਰੋਂ ਮਨ ਮੇ ਨਹਿ ਰੰਚ ਕ੍ਰੋਧ ਕਰੇ॥**
**੪. ਗੋਪ ਹੁਤੇ ਮਤਿ ਖੋਲ੍ਹ ਕਹਯੋ ਇਹ ਭਾਂਤ ਕਰੇ ਭਵ ਸਿੰਧ ਤਰੇ॥ ੨੮॥**

ਜੈਨ ਸਿਧਾਂਤ ਕਹਿਣ ਲੱਗਾ—ਹੇ ਸ੍ਰੇਵੜਿਓ! ਜੇਕਰ ਕਿਸੇ ਜੈਨ ਸਾਧੂ ਨੂੰ ਆਪਣੇ ਵਲੋਂ ਆਉਂਦਾ

ਹੋਇਆ ਦੂਰ ਤੋਂ ਹੀ ਵੇਖ ਲਵੇ,ਤਾਂ ਉਸਦੇ ਚਰਨ ਕਮਲਾਂ ਉਤੇ ਹਿਰਦੇ ਵਿਚ ਬੰਦਨਾ ਕਰੇ,ਸਿਰ ਨਿਵਾਓ ਅਤੇ ਹੱਥ ਜੋੜੋ। ੨. ਫਿਰ ਜੋ ਬੜੇ ਮਿਠੇ ਤੇ ਸੁਾਦਿਸ਼ਟ ਭੋਜਨ ਹਨ, ਹੱਥ ਜੋੜ ਜੋੜ ਕੇ ਉਹ ਭੋਜਨ ਉਸਨੂੰ ਹਰ ਰੋਜ ਖੁਆਇਆ ਕਰੋ। ੩. ਜੇਕਰ ਰਿਖੀ ਜਨ ਤੁਹਾਡੇ ਘਰ ਦੇ ਅੰਦਰ ਨਿਵਾਸ ਕਰ ਲੈਣ ਤਾਂ ਆਪਣੇ ਧੰਨ ਭਾਗ ਸਮਝੋ ਅਤੇ ਉਨ੍ਹਾਂ ਦੀ ਕਿਸੇ ਭੀ ਚੇਸ਼ਟਾ ਨੂੰ ਵੇਖਕੇ ਮਨ ਵਿਚ ਰਤਾ ਭਰ ਭੀ ਕ੍ਰੋਧ ਨਾ ਕਰੋ ਜੋ ਰਿਖਿ ਦੇ ਕਿਸੇ ਕਰਮ ਨੂੰ ਵੇਖਕੇ ਮਨ ਵਿਚ ਗਿਲਾਨੀ ਜਾਂ ਕ੍ਰੋਧ ਕਰੋਗੇ ਤਾਂ ਨਰਕਾਂ ਦੇ ਭਾਗੀ ਹੋਵੋਗੇ,ਇਸ ਲਈ ਉਨ੍ਹਾਂ ਦੀ ਹਰੇਕ ਹਰਕਤ ਉਤੇ ਪ੍ਰਸੰਨ ਹੋਵੋ। ੪. ਮੇਰਾ ਇਹ ਸਿਧਾਂਤ ਬੜਾ ਗੁਪਤ ਰਹਿਣ ਵਾਲਾ ਸੀ, ਜੋ ਤੁਹਾਨੂੰ ਖੋਲ੍ਹਕੇ ਦੱਸ ਦਿਤਾ ਹੈ, ਜੇਕਰ ਇਸ ਤਰ੍ਹਾਂ ਨਾਲ ਰਿਖਿ ਸੇਵਾ ਕਰੋਗੇ, ਤਾਂ ਨਿਸਚੇ ਹੀ ਸੰਸਾਰ ਸਮੁੰਦਰ ਤੋਂ ਤਰ ਜਾਓਗੇ॥੨੮॥

**ਸਵੈਯਾ॥**

**੧. ਪੁਨ ਨੇਪਥ ਓਰ ਬਿਲੋਕ ਕਹਯੋ ਸਰਧੇ ਇਤ ਆਓ ਕਹਾਂ ਚਿਰ ਲਾਏ॥**
**੨. ਕਰੁਣਾ ਤਹਿ ਸਾਂਤਿ ਨਿਹਾਰਤ ਥੀ ਇਨ ਪੇਖਤ ਕੋਣ ਕਨਾਤ ਹਿਲਾਏ॥**
**੩. ਸਰਧਾ ਤਹ ਆਇ ਸਮਾਜ ਖਰੀ ਪੁਰ ਜੈਨ ਸਮਾਨ ਸੁ ਵੇਸ ਬਨਾਏ॥**
**੪. ਕਹਿ ਆਇਸ ਮੋਹਿ ਸੁ ਬੇਗ ਕਰੋ ਸੁਨਿ ਸ਼ਾਂਤਿ ਦੁਖੀ ਸੁ ਭਈ ਮੁਰਝਾਏ॥੨੯॥**

੧. ਫੇਰ (ਉਸ ਜੈਨ ਸਿਧਾਂਤ ਨੇ ਸਟੇਜ ਦੇ) ਪੜਦੇ ਵਲ ਵੇਖਕੇ ਕਿਹਾ–ਹੇ ਸ਼ਰਧਾ! ਇਧਰ ਆਓ, ਕਿਥੇ ਚਿਰ ਲਾ ਰਹੀ ਹੈਂ? ੨. ਕਰੁਣਾ ਅਤੇ ਸ਼ਾਂਤੀ ਉਥੇ ਖੜੀਆਂ ਵੇਖ ਰਹੀਆਂ ਸਨ, ਇਨ੍ਹਾਂ ਨੂੰ ਵੇਖਦਿਆਂ ਹੀ ਪੜਦੇ ਦਾ ਇਕ ਕੋਨਾ ਹਿਲਿਆ। ੩. ਸਰਧਾ ਉਥੋਂ ਹੀ ਆ ਕੇ ਰਾਜ ਸਮਾਜ ਵਿਚ ਖੜੀ ਹੋ ਗਈ, ਜੈਨ ਸਿਧਾਂਤ ਦੇ ਸਮਾਨ ਹੀ ਉਸ ਨੇ ਆਪਣੇ ਤਨ ਉਤੇ ਵੇਸ ਬਣਾਇਆ ਹੋਇਆ ਸੀ। ੪. ਕਹਿਣ ਲਗੀ–ਜਿਸ ਕਾਰਜ ਵਾਸਤੇ ਆਪ ਨੇ ਮੈਨੂੰ ਬੁਲਾਇਆ ਹੈ, ਉਹ ਆਗਿਆ ਛੇਤੀ ਦਿਓ ਮੈਂ ਆਪ ਦਾ ਹੁਕਮ ਮੰਨਣ ਲਈ ਹਾਜ਼ਰ ਖੜੀ ਹਾਂ, ਸਰਧਾ ਦੀ ਇਹ ਗੱਲ ਸੁਣ ਕੇ, ਸ਼ਾਂਤੀ (ਬੜੀ) ਦੁਖੀ ਹੋਈ ਅਤੇ ਉਸ ਦਾ ਮਨ ਮੁਰਝਾ ਗਿਆ॥ ੨੯॥

ਖਿਪਣਕ ਉਵਾਚ॥

**ਦੋਹਰਾ–੧. ਸ੍ਰਾਵਗ ਨਿਖਲ ਕੁਟੰਬ ਕੋ, ਸਰਧੇ ਤੂੰ ਗਹਿ ਆਜ॥**
**੨. ਕਬਹੂੰ ਮਹੂਰਤ ਨਾ ਤਜੀ, ਸਿਧ ਹੋਹਿੰ ਮਮ ਕਾਜ॥ ੩੦॥**

ਖਿਪਣਕ–ਜੈਨ ਸਿਧਾਂਤੀ। ਸ੍ਰਾਵਗ–ਜੈਨ ਮਤ ਦੇ ਸ਼ਰਧਾਲੂ, ਜੈਨ ਮਤ ਨੂੰ ਮੰਨਣ ਵਾਲੇ ਗ੍ਰਹਸਥੀ ਲੋਕ। ਸਿਧ ਹੋਹਿੰ–ਪੂਰੇ ਹੋ ਜਾਣਗੇ। ਨਿਖਲ=ਸਾਰੇ।

੧. ਜੈਨ ਸਿਧਾਂਤੀ ਕਹਿਣ ਲਗਾ–ਹੇ ਸਰਧਾ! ਜਿੰਨੇ ਭੀ ਸੇਵੜੇ ਸਾਰੇ ਜਗਤ ਵਿਚ ਹਨ ਤੂੰ ਅੱਜ ਇਨ੍ਹਾਂ ਸਾਰਿਆਂ ਨੂੰ ਪਰਵਾਰ ਦੇ ਸਮੇਤ ਫੜ ਲੈ। ੨. ਅਤੇ ਫੇਰ ਕਦੇ ਭੀ ਇਕ ਮਹੂਰਤ ਭਰ ਭੀ ਨਾ ਛੱਡੀਂ, ਤਦ ਮੇਰੇ ਸਾਰੇ ਕਾਰਜ ਸਫਲ ਹੋ ਜਾਣਗੇ॥ ੩੦॥

**ਦੋਹਰਾ–੧. ਜੋ ਆਇਸ ਸੋਈ ਕਰੌਂ, ਰਾਜ ਕੁਲੀਨ ਮਹਾਨ॥**
**੨. ਇਮ ਕਹਿ ਨਿਕਸੇ ਵੈ ਦੋਊ ਕਰੁਣਾ ਸ਼ਾਂਤਿ ਬਖਾਨ॥ ੩੧॥**

ਸਰਧਾ ਕਹਿਣ ਲਗੀ–੧. ਹੇ ਮਹਾਂ ਪਵਿਤ੍ਰ ਕੁਲ ਵਾਲੇ ਰਾਜਨ! (ਆਪ ਦੀ) ਜੋ ਆਗਿਆ ਹੋਈ ਹੈ, ਮੈਂ ਓਹੀ ਕੰਮ ਕਰਾਂਗੀ। ੨. ਇਸ ਤਰ੍ਹਾਂ ਕਹਿਕੇ ਉਹ ਦੋਵੇਂ (ਜੈਨ ਸਿਧਾਂਤ ਤੇ ਜੈਨ ਸਿਧਾਂਤੀ ਸਰਧਾ) ਰਾਜ

Sri Satguru Jagjit Singh Ji Elibrary NamdhariElibrary@gmail.com

ਸਭਾ ਤੋਂ ਬਾਹਰ ਨਿਕਲ ਤੁਰੇ, ਸਰਧਾ ਨੇ ਜਾ ਕੇ ਸਾਰੇ ਸ੍ਰੇਵੜਿਆਂ ਨੂੰ ਗ੍ਰਸ ਲਿਆ ਜਿਸ ਕਰਕੇ ਸ੍ਰੇਵੜੇ ਲੋਕ ਰਿਖਿ ਸੇਵਾ ਕਰਨ ਵਿਚ ਦ੍ਰਿੜ ਹੋ ਗਏ। ਇਧਰ 'ਕਰੁਣਾ' ਆਪਣੀ ਸਖੀ 'ਸ਼ਾਂਤੀ' ਨੂੰ ਕਹਿਣ ਲਗੀ ॥੩੧॥

ਕਰੁਣਾ ਉਵਾਚ ॥

**ਦੋਹਰਾ–੧. ਸਖੀ ਪਿਆਰੀ ਧੀਰ ਧਰ ਕਾਹੇ ਤੂੰ ਡਰ ਪਾਇ ॥**

**੨. ਨਾਮ ਮਾਤ੍ਰ ਸਰਧਾ ਕਹੌਂ ਹੈ ਕਛੁ ਔਰ ਬਲਾਇ ॥ ੩੨ ॥**

(ਨੋਟ–ਪਿਛੇ ਛੰਦ ੨੯ ਵਿਚ ਦਸਿਆ ਹੈ, ਕਿ ਸਰਧਾ ਨੂੰ ਜੈਨ ਸਿਧਾਂਤ ਦੀ ਆਗਿਆ ਵਿਚ ਪਰਵਿਰਤ ਹੋਇਆ ਵੇਖਿਆ ਤਾਂ ਸ਼ਾਂਤੀ ਦੁਖੀ ਹੋਈ ਅਤੇ ਉਸਦਾ ਮਨ ਮੁਰਝਾ ਗਿਆ, ਉਸਦੀ ਅਜਿਹੀ ਦਸ਼ਾ ਵੇਖਕੇ) ਕਰੁਣਾ ਕਹਿਣ ਲਗੀ–੧. ਹੇ ਪਿਆਰੀ ਸਖੀ ! ਤੂੰ ਧੀਰਜ ਰਖ, ਤੂੰ ਕਿਸ ਕਰਕੇ ਡਰ ਰਹੀ ਹੈਂ ? ੨. ਇਸ ਦਾ ਕੇਵਲ ਨਾਮ ਹੀ ਹੈ, ਇਹ ਅਸਲ ਵਿਚ ਸਰਧਾ ਨਹੀਂ ਹੈ, ਇਹ ਤਾਂ ਕੁਝ ਹੋਰ ਹੀ ਚੁੜੇਲ ਹੈ ॥੩੨॥ਕਿਉਂਕਿ–

**ਚੌਪਈ ॥**

**੧. ਅਹਿੰਸਾ ਦੇਵੀ ਮੋਹਿ ਸੁਨਾਈ ॥ ਪਖੰਡ ਧਾਮ ਸਰਧਾ ਇਕ ਆਈ ॥**

**੨. ਪਰ ਵਹੁ ਅੰਬਾ ਤੇ ਹੈ ਆਨ ॥ ਤਾਮਸਿ ਸਰਧਾ ਕਰੇਂ ਬਖਾਨ ॥੩੩॥**

ਅੰਬਾ–ਮਾਤਾ। ਆਨ–ਵਖਰੀ। ਤਾਮਸਿ–ਤਾਮਸੀ, ਤਮੋ ਗੁਣ ਵਾਲੀ।

੧. 'ਅਹਿੰਸਾ' ਦੇਵੀ ਨੇ ਇਹ ਗੱਲ ਮੈਨੂੰ ਇਕ ਦਿਨ ਸੁਣਾਈ ਸੀ ਕਿ ਪਖੰਡ ਮਤ ਵਾਲਿਆਂ ਦੇ ਘਰ ਵਿਚ ਇਕ 'ਸਰਧਾ' ਨਾਮ ਵਾਲੀ ਇਸਤ੍ਰੀ ਆਈ ਹੋਈ ਹੈ। ੨. ਪਰ ਉਹ (ਸਰਧਾ ਸਾਡੀ) ਮਾਤਾ (ਸ਼ਰਧਾ) ਤੋਂ ਵਖਰੀ ਹੈ, ਉਸ ਨੂੰ ਤਾਮਸੀ ਸਰਧਾ ਕਥਨ ਕਰਦੇ ਹਨ ॥ ੩੩ ॥

**ਦੋਹਰਾ–੧. ਤਾਂਤੇ ਸਰਧਾ ਤਾਮਸੀ ਯਹਿ ਤੂੰ ਕਿਉਂ ਡਰਪਾਇ ॥**

**੨. ਐਸੇ ਕਰੁਣਾ ਭਾਖਿਓ ਅਬ ਪੁਨ ਸ਼ਾਂਤਿ ਅਲਾਇ ॥ ੩੪ ॥**

੧. ਇਸ ਲਈ ਇਹ ਤਾਮਸੀ ਸਰਧਾ ਹੈ (ਇਹ ਸਾਡੀ ਮਾਤਾ ਨਹੀਂ ਹੈ) ਤੂੰ ਕਿਸ ਕਰਕੇ ਡਰ ਮੰਨ ਰਹੀ ਹੈਂ ? ੨. ਕਰੁਣਾ ਨੇ ਜਦ ਇਸ ਤਰ੍ਹਾਂ ਕਿਹਾ ਤਾਂ ਫਿਰ ਸਾਵਧਾਨ ਹੋ ਕੇ ਸ਼ਾਂਤੀ ਕਹਿਣ ਲਗੀ ॥ ੩੪ ॥

ਸ਼ਾਂਤਿ ਉਵਾਚ ॥

**ਚੌਪਈ ॥**

**੧. ਸਾਵਧਾਨ ਸਜਨੀ ਮੈਂ ਹੋਈ ॥ ਜੈਸੇ ਕਹੇ ਬਾਤ ਹੈ ਸੋਈ ॥**

**੨. ਯਹਿ ਅਤਿ ਦੁਰਾਚਾਰਨੀ ਹੱਯੇ ॥ ਅੰਬਾ ਸਦਾਚਾਰ ਰਤਿ ਪੱਯੇ ॥ ੩੫ ॥**

ਸਜਨੀ–ਹੇ ਸਖੀ। ਦੁਰਾਚਾਰਣੀ=(ਦੁਰ+ਅਚਾਰਣੀ) ਬੁਰੇ ਕੰਮ ਕਰਨ ਵਾਲੀ। ਸਦਾਚਾਰ–(ਸਦ+ਅਚਾਰ) ਚੰਗਾ ਕਰਮ, ਧਰਮ ਦੇ ਕਰਮ। ਰਤਿ–ਪ੍ਰੀਤੀ।

੧. ਸ਼ਾਂਤੀ ਕਹਿਣ ਲਗੀ–ਹੇ ਸਖੀ ! ਹੁਣ ਮੈਂ ਸੁਚੇਤ ਹੋ ਗਈ ਹਾਂ, ਜਿਹੜੀ ਗੱਲ ਤੂੰ ਕਹੀ ਹੈ, (ਇਹ) ਓਹੀ (ਠੀਕ) ਹੈ। ੨. ਕਿਉਂਕਿ ਇਹ (ਸਰਧਾ ਤਾਂ) ਮਹਾਂ ਮਲੀਨ ਕਰਮ ਕਰਨ ਵਾਲੀ ਵੇਖੀ ਜਾਂਦੀ ਹੈ, ਅਤੇ ਸਾਡੀ ਮਾਤਾ (ਸਰਧਾ) ਦੀ ਸ਼ੁਭ ਕਰਮਾਂ ਵਿਚ ਪ੍ਰੀਤੀ ਦਿਸਦੀ ਹੈ ਅਰਥਾਤ ਸਾਡੀ ਮਾਤਾ ਸਰਧਾ ਸ਼ੁਭ

Sri Satguru Jagjit Singh Ji Elibrary NamdhariElibrary@gmail.com

ਕਰਮਾਂ ਦੇ ਪਿਆਰ ਵਾਲੀ ਹੈ ਅਤੇ ਇਸ ਵਿਚ ਮੰਦੇ ਕਰਮਾਂ ਦਾ ਪਿਆਰ ਦਿਸਦਾ ਹੈ, ਇਸ ਲਈ ਸਰਧਾ ਸਾਡੀ ਮਾਤਾ ਤੋਂ ਭਿੰਨ ਹੈ ਅਤੇ ਇਸ ਦਾ ਨਾਮ 'ਤਾਮਸੀ ਸਰਧਾ' ਹੈ ॥ ੩੫ ॥

**੧. ਯਹਿ ਦੂਰ ਦਰਸ਼ਨ ਰੂਪ ਮਲੀਨੀ ॥ ਅੰਬਾ ਪ੍ਰਿਯ ਦਰਸ਼ਨ ਸੁਖ ਭੀਨੀ ॥**
**੨. ਐਸੇ ਰੂਪ ਤਾਂਹਿ ਨਹਿ ਹੋਈ ॥ ਸੰਸਾ ਮਨ ਮੈਂ ਕਰੋ ਨ ਕੋਈ ॥ ੩੬ ॥**

੧. ਇਸ ਮੈਲੇ ਰੂਪ ਵਾਲੀ ਦਾ ਦਰਸ਼ਨ ਹੀ ਬੁਰਾ ਹੈ ਅਤੇ ਸੁਖ ਵਿਚ ਭਿਜੀ ਹੋਈ ਸਾਡੀ ਮਾਤਾ ਦਾ ਦਰਸ਼ਨ ਹੀ ਪਿਆਰਾ ਹੈ । ੨. ਉਸ ਸਾਡੀ ਮਾਤਾ ਦਾ ਰੂਪ ਇਸ ਤਰ੍ਹਾਂ ਦਾ ਕਦੇ ਭੀ ਨਹੀਂ ਹੋ ਸਕਦਾ, ਅਜਿਹਾ ਨਿਸਚਾ ਕਰਕੇ ਤੂੰ ਮਨ ਵਿਚ ਕੋਈ ਸੰਸਾ ਹੀ ਨਾ ਕਰ ॥ ੩੬ ॥

**ਚੌਪਈ ॥**

**੧. ਅੰਬਾ ਯਾਕੇ ਵਸਿ ਨਹਿ ਹੋਈ ॥ ਜੋ ਤੂੰ ਕਹੈਂ ਸੱਤ ਹੈ ਸੋਈ ॥**
**੨. ਚਲੈਂ ਅਗਾਰੀ ਸੌਗਤ ਧਾਮਾ ॥ ਤਹਾਂ ਮਿਲੇ ਜੋ ਵਹਿ ਅਭਿਰਾਮਾ ॥ ੩੭ ॥**

ਅਗਾਰੀ–ਅਗੇ । ਸੌਗਤ–ਬੋਧੀ ।

੧. ਮਾਤਾ (ਸਰਧਾ) ਇਨ੍ਹਾਂ ਦੇ ਵੱਸ ਨਹੀਂ ਹੋ ਸਕਦੀ । ਜੋ ਤੂੰ ਕਿਹਾ ਹੈ, ਓਹੀ ਗੱਲ ਸੱਚ ਹੈ । ੨. ਅਗੇ ਬੋਧੀਆਂ ਦੇ ਘਰ ਚਲ ਕੇ ਵੇਖੀਏ, ਭਲਾ ਜੇਕਰ ਉਹ ਮਹਾਂ ਸੁੰਦਰ ਰੂਪ ਵਾਲੀ ਮਾਤਾ ਉਥੇ ਹੀ ਮਿਲ ਜਾਵੇ ਤਾਂ ਕੋਈ ਅਚਰਜ ਨਹੀਂ ਹੈ ॥ ੩੭ ॥

**ਚੌਪਈ ॥**

**੧. ਯੌ ਕਹਿ ਚਲੀ ਅਗਾਰੀ ਜਬ ਹੀ ॥ ਭਿੱਛਕ ਏਕ ਨਿਹਾਰਯੋ ਤਬ ਹੀ ॥**
**੨. ਪੁਸਤਕ ਹਾਥ ਬਿਖੇ ਦਰਸਾਯੋ ॥ ਬੋਧ ਸਿਧਾਂਤ ਸਭਾ ਮਹਿ ਆਯੋ ॥ ੩੮ ॥**

ਭਿੱਛਕ–ਬੋਧ ਮੱਤ ਦਾ ਸਾਧੂ, ਬੋਧ ਸਿਧਾਂਤ ਮਨੁਖ ਰੂਪ ਵਿਚ ।

੧. ਇਸ ਤਰ੍ਹਾਂ ਕਹਿਕੇ ਜਦ ਉਹ ਦੋਵੇਂ ਅਗੇ ਨੂੰ ਤੁਰੀਆਂ, ਤਦ ਉਨ੍ਹਾਂ ਨੇ ਅਗੋਂ ਇਕ 'ਭਿੱਛਕ' ਨੂੰ ਆਉਂਦਾ ਵੇਖਿਆ । ੨. ਜਿਸਦੇ ਹੱਥ ਵਿਚ ਇਕ ਪੁਸਤਕ ਦਿਸਦੀ ਸੀ, ਇਸ ਤਰ੍ਹਾਂ ਦੇ ਰੂਪ ਵਾਲਾ 'ਬੋਧ ਸਿਧਾਂਤ' ਰਾਜੇ ਕੀਰਤ ਵਰਮਾ ਦੀ ਸਭਾ ਵਿਚ (ਸਟੇਜ ਉਤੇ) ਆ ਗਿਆ ॥ ੩੮ ॥

ਭਿੱਛਕ ਉਵਾਚ ॥

**ਚੌਪਈ ॥**

**੧. ਖਿਨ ਭੰਗਰ ਸਗਲ ਪਦਾਰਥ ਹੱਯੋ ॥ ਹੈ ਭੀਤਰ ਬਾਹਰ ਸਮ ਪੱਯੋ ॥**
**੨. ਆਹਿ ਨਿਰਾਤਮ ਮਾਂਹਿ ਗਯਾਨ ॥ ਦਰਪਣ ਸਮ ਮੁਖ ਹੋਵਤ ਭਾਨ ॥੩੯॥**

ਖਿਨ ਭੰਗਰ–ਖਿਨ ਖਿਨ ਵਿਚ ਉਤਪਤਿ ਤੇ ਬਿਨਾਸ ਹੋਣ ਵਾਲੇ । ਨਿਰਾਤਮ–(ਨਿਰ+ਆਤਮ–ਬੁਧੀ) 'ਨਿਰ' ਉਪਸਰਗ ਧਾਤੂ ਹੈ ਅਤੇ ਆਤਮਾ ਦਾ ਅਰਥ ਬੋਧ ਸਿਧਾਂਤ ਅਨੁਸਾਰ 'ਸਰੂਪ' ਹੈ । ਗਿਆਨ–ਬੁਧੀ । ਭੀਤਰ ਬਾਹਰ–ਬੋਧ ਸਿਧਾਂਤ ਅਨੁਸਾਰ ਦੋ ਦ੍ਰਿਸ਼ਟੀਆਂ ਹਨ, ਇਕ ਅੰਦਰ ਤੇ ਦੂਜੀ ਬਾਹਰ, ਪਿਛੇ ਦੂਜੇ ਅੰਕ ਵਿਚ ਸਵਿਸਥਾਰ ਵਰਣਨ ਕਰ ਚੁਕੇ ਹਾਂ ।

Sri Satguru Jagjit Singh Ji Elibrary　　　NamdhariElibrary@gmail.com

ਬੋਧ ਸਿਧਾਂਤ ਰਾਜ ਸਭਾ ਵਿਚ ਆ ਕੇ ਕਹਿਣ ਲਗਾ-੧. ਇਹ ਸਾਰੇ ਪਦਾਰਥ 'ਖਿਨ ਭੰਗ' ਹਨ ਇਹ ਸਾਰੇ ਪਦਾਰਥ ਹੈਗੇ ਤਾਂ ਅੰਦਰ ਹਨ, ਪਰ ਬਾਹਰ ਵਾਂਗੂ ਮਲੂਮ ਹੁੰਦੇ ਹਨ ਜਿਵੇਂ ਸੁਪਨੇ ਦੇ ਪਦਾਰਥ ਹੁੰਦੇ ਤਾਂ ਅੰਦਰ ਹਨ, ਪਰ ਪ੍ਰਤੀਤ ਬਾਹਰ ਹੁੰਦੇ ਹਨ। ੨. (ਨਿਰੁ) ਨਿਰਣਾ ਕਰਕੇ ਵੇਖ ਲਿਆ ਹੈ ਕਿ ਜਗਤ ਵਿਚ ਜਿੰਨੇ ਭੀ ਪਦਾਰਥ ਹਨ, ਸਾਰੇ ਹੀ ਬੁਧੀ ਸਰੂਪ ਹਨ, ਅਥਵਾ-(ਗਯਾਨ) ਆਲਯ ਵਿਗਯਾਨ ਧਾਰਾ ਰੂਪ ਜੋ ਬੁਧੀ ਹੈ, ਉਸ ਬੁਧੀ ਰੂਪ ਆਤਮਾ ਵਿਚ ਪ੍ਰਵਿਰਤੀ ਵਿਗਯਾਨ ਧਾਰਾ ਰੂਪ ਅਨਾਤਮ ਇਸਥਿਤ ਹੈ।

ਸ਼ੰਕਾ-ਜਦ ਸਾਰੇ ਹੀ ਪਦਾਰਥ ਬੁਧੀ ਸਰੂਪ ਹਨ ਤਾਂ ਬੁਧੀ ਦੇ ਅੰਦਰ ਹੋਣ ਕਰਕੇ ਸਾਰੇ ਪਦਾਰਥ ਭੀ ਅੰਦਰ ਹੀ ਪ੍ਰਤੀਤ ਹੋਣੇ ਚਾਹੀਦੇ ਹਨ, ਬਾਹਰ ਕਿਉਂ ਪ੍ਰਤੀਤ ਹੁੰਦੇ ਹਨ ? ਕਿਉਂਕਿ ਇਹ ਨਿਯਮ ਹੈ ਕਿ ਜਿਥੇ ਅਧਿਸ਼ਠਾਨ ਹੁੰਦਾ ਹੈ, ਉਥੇ ਹੀ ਕਾਰਜ ਪ੍ਰਤੀਤ ਹੁੰਦਾ ਹੈ।

ਇਸ ਸ਼ੰਕਾ ਦਾ ਸਮਾਧਾਨ ਕੀਤਾ ਹੈ-'ਸ਼ੀਸ਼ੇ ਵਿਚ ਮੂੰਹ ਦਿਸਣ ਵਾਂਗੂ ਪ੍ਰਤੀਤ ਹੁੰਦੇ ਹਨ' ਅਰਥਾਤ ਮੂੰਹ ਹੁੰਦਾ ਤਾਂ ਗਿਚੀ ਵਿਚ ਹੈ, ਪਰ ਪ੍ਰਤੀਤ ਸ਼ੀਸ਼ੇ ਵਿਚ ਹੁੰਦਾ ਹੈ, ਇਵੇਂ ਹੀ ਸਾਰੇ ਪਦਾਰਥ ਵਾਸਤਵ ਵਿਚ ਬੁਧੀ ਦੇ ਵਿਚ ਹਨ ਪਰ ਪ੍ਰਤੀਤ ਬਾਹਰ ਹੁੰਦੇ ਹਨ ॥ ੩੯ ॥

## ਚੌਪਈ ॥

**੧. ਸੋ ਵਹਿ ਗਯਾਨ ਵਾਸਨਾ ਹੀਨ ॥ ਫੁਰੇ ਬਿਖੇ ਬਿਨ ਲਖੇ ਪ੍ਰਬੀਨ ॥**

**੨. ਯੌਂ ਕਹਿ ਪੋਥੀ ਆਗੇ ਧਰੀ ॥ ਸੀਸ ਨਿਵਾਇ ਪ੍ਰਕਰਮਾ ਕਰੀ ॥੪੦॥**

੧. ਉਹ ਬੁਧੀ ਵਾਸ਼ਨਾ ਤੋਂ ਰਹਿਤ ਹੈ, ਅਥਵਾ-ਉਹ ਆਲਯ ਵਿਗਯਾਨ ਧਾਰਾ ਰੂਪ ਜੋ ਗਿਆਨ ਧਾਰਾ ਹੈ, ਉਹ ਵਾਸ਼ਨਾ ਤੋਂ ਰਹਿਤ ਹੈ ਸੰਸਾਰ ਦੇ ਵਿਚ ਘੜਾ ਕਪੜਾ ਆਦਿਕ ਪਦਾਰਥ ਅਸਲ ਵਿਚ ਕੋਈ ਨਹੀਂ, ਵਾਸ਼ਨਾ ਤੋਂ ਰਹਿਤ ਜੋ ਬੁਧੀ ਹੈ, ਉਹੀ ਪਦਾਰਥ ਦਾ ਸਰੂਪ ਹੋ ਕੇ ਸਫੁਰਨ ਰੂਪ ਹੁੰਦੀ ਹੈ, ਪਰ ਇਸ ਨੂੰ ਕੋਈ ਚਤਰ ਪੁਰਸ਼ ਹੀ ਜਾਣਦਾ ਹੈ। (ਅਰਥਾਤ ਇਥੇ ਪ੍ਰਸ਼ਨ ਹੋ ਸਕਦਾ ਸੀ, ਕਿ ਜਦ ਤੁਹਾਡੀ ਬੁਧੀ ਸਾਰੇ ਪਦਾਰਥਾਂ ਦੇ ਅਕਾਰ ਨੂੰ ਸਫੁਰਨ ਰੂਪ ਹੁੰਦੀ ਹੈ, ਤਦ ਸਾਨੂੰ ਭੀ ਪ੍ਰਤੀਤ ਹੋਣੀ ਚਾਹੀਦੀ ਸੀ, ਪਰ ਹੁੰਦੀ ਨਹੀਂ ਹੈ। ਇਸਦਾ ਉੱਤਰ ਦਿਤਾ ਹੈ ਕਿ) ਇਸ ਗੱਲ ਨੂੰ ਕੋਈ ਚਤਰ ਪੁਰਸ਼ ਹੀ ਜਾਣਦਾ ਹੈ, ਹਰ ਇਕ ਨਹੀਂ ਜਾਣ ਸਕਦਾ। ੨. ਇਸ ਤਰ੍ਹਾਂ ਕਹਿਕੇ ਪੁਸਤਕ ਅਗੇ ਰਖ ਦਿਤੀ ਅਤੇ ਸਿਰ ਨਿਵਾ ਕੇ ਉਸ ਦੀਆਂ ਪ੍ਰਕਰਮਾਂ ਕੀਤੀਆਂ ॥੪੦॥ ਫਿਰ ਇਸ ਤਰ੍ਹਾਂ ਕਹਿਣ ਲਗਾ-

## ਚੌਪਈ ॥

**੧. ਅਹੋ ਸਾਧ ਯਹ ਧਰਮ ਸੁਹਾਯੋ ॥ ਜੋ ਨਿਜ ਮੁਖ ਤੇ ਬੁਧ ਬਤਾਯੋ ॥**

**੨. ਯਾ ਮੇਂ ਸੁਖ ਮੋਖ ਜਗ ਦੋਈ ॥ ਖੇਦ ਬਿਨਾ ਜਨ ਪਾਵੇ ਸੋਈ ॥੪੧॥**

੧. ਹੇ ਸਾਧੋ ! ਇਹ ਧਰਮ ਬਹੁਤ ਸੋਹਣਾ ਹੈ, ਜੋ ਬੁਧ ਭਗਵਾਨ ਨੇ ਆਪਣੇ ਮੁਖ ਤੋਂ ਦਸਿਆ ਹੈ। ੨. ਇਸ ਵਿਚ ਜਗਤ ਦੇ ਸੁਖ ਤੇ ਮੁਕਤੀ ਦੋਵੇਂ ਪਦਾਰਥ ਮਿਲਦੇ ਹਨ ਅਤੇ ਪੁਰਸ਼ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੇ ਕਸ਼ਟ ਤੋਂ ਬਿਨਾਂ ਹੀ ਪਾ ਲੈਂਦਾ ਹੈ ਅਰਥਾਤ ਬੁਧ ਮਤ ਵਾਲਿਆਂ ਨੂੰ ਜਗਤ ਦੇ ਸੁਖਾਂ ਤੋਂ ਬਿਨਾਂ ਮੁਕਤੀ ਲੈਣ ਵਾਸਤੇ ਕੋਈ ਕਿਸੇ ਤਰ੍ਹਾਂ ਦਾ ਯਤਨ ਨਹੀਂ ਕਰਨਾ ਪੈਂਦਾ ॥ ੪੧ ॥

## ਚੌਪਈ ॥

**੧. ਸੇਵਕ ਕੇ ਨਿਜ ਭੌਨ ਮਝਾਰੇ ॥ ਸੁੰਦਰ ਵਾਸ ਸੁ ਮਾਂਹਿ ਚੌਬਾਰੇ ॥**

**੨. ਮਨ ਅਨੁਕੂਲ ਬਣਿਕ ਕੀ ਨਾਰੀ ॥ ਬਹੁ ਬਿਧਿ ਭੋਜਨ ਧਰੇ ਸਵਾਰੀ ॥੪੨॥**

Sri Satguru Jagjit Singh Ji Elibrary NamdhariElibrary@gmail.com

੧. ਜੈਸਾ ਕਿ ਭਿਛਯੁ ਮਹਾਤਮਾ ਆਪਣੇ ਸੇਵਕਾਂ ਦੇ ਘਰ ਵਿਚ ਜਾਕੇ ਸੁੰਦਰ ਚੌਬਾਰੇ ਵਿਚ ਨਿਵਾਸ ਕਰਦੇ ਹਨ। ੨. ਤਾਂ ਉਨ੍ਹਾਂ ਦੀ ਮਨ ਮਰਜ਼ੀ ਦੇ ਅਨੁਸਾਰ ਹੀ ਸੇਵਕ ਬਾਣੀਏ ਦੀ ਇਸਤ੍ਰੀ ਅਨੇਕ ਤਰ੍ਹਾਂ ਦੇ ਸ੍ਵਾਦਿਸ਼ਟ ਭੋਜਨ ਬਣਾ ਸਵਾਰ ਕੇ (ਥਾਲ ਪਰੋਸ ਕੇ ਉਨ੍ਹਾਂ ਦੇ ਅਗੇ ਲਿਆ) ਧਰਦੀ ਹੈ। ੪੨॥

## ਚੌਪਈ॥

**੧. ਕੋਮਲ ਸੇਜ ਸੁ ਵਣਕ ਵਿਛਾਇ॥ ਜੋਰ ਦੋਊ ਕਰ ਦੇਇ ਬਿਠਾਇ॥**

**੨. ਸਰਧਾ ਸਹਿਤ ਉਪਾਸ਼ਕ ਜੇਤੇ॥ ਯੁਵਤੀ ਸਹਿਤ ਭਜੈਂ ਪਦ ਤੇਤੇ॥੪੩॥**

੧. ਅਤੇ ਉਹ (ਸੇਵਕ) ਬਾਣੀਆ ਬੜੀ ਕੋਮਲ ਸੇਜਾ ਨੂੰ ਆਪਣੇ ਹਥਾਂ ਨਾਲ ਵਿਛਾ ਕੇ, ਫਿਰ ਦੋਵੇਂ ਹਥ ਜੋੜ ਕੇ ਉਸ ਦੇ ਉਤੇ ਭਿਛਯੁ ਮਹਾਤਮਾ ਨੂੰ ਬਿਠਾ ਦੇਂਦਾ ਹੈ। ੨.ਉਸ ਦੇ ਮਗਰੋਂ ਜਿੰਨੇ ਭੀ ਬੁਧ ਭਗਵਾਨ ਦੀ ਉਪਾਸ਼ਨਾ ਕਰਨ ਵਾਲੇ ਬਾਣੀਏ ਲੋਕ ਹਨ ਉਹ ਸਾਰੇ ਹੀ ਆਪਣੀਆਂ ਇਸਤ੍ਰੀਆਂ ਸਮੇਤ ਆ ਕੇ ਪੂਰੀ ਪੂਰੀ ਸਰਧਾ ਨਾਲ ਉਸਦੇ ਚਰਨਾਂ ਦੀ ਸੇਵਾ ਕਰਦੇ ਹਨ। ਇਸ ਤਰ੍ਹਾਂ ਦੀ ਸੇਵਾ ਸਤਿਕਾਰ ਦਾ ਹੋਣਾ ਹੀ ਜਗਤ ਦੇ ਸੁਖ ਹਨ॥ ੪੩॥

**ਦੋਹਰਾ-੧. ਅੰਗ ਰਾਗ ਤਨ ਲਾਇ ਕੈ ਬਣਕ ਮਨੋਹਰ ਨਾਰਿ॥**

**੨. ਭਜੈ ਨਿਸਾ ਸਸਿ ਉੱਜਲੀ ਪਦ ਨਿਜ ਪਾਨਿ ਮਝਾਰਿ॥ ੪੪॥**

ਅੰਗ ਰਾਗ-ਮਹਿੰਦੀ, ਕਪੂਰ, ਚੰਦਨ, ਕੇਸਰ ਆਦਿਕ ਸੁਗੰਧੀ ਵਾਲੇ ਪਦਾਰਥਾਂ ਦਾ ਨਾਮ ਹੈ। ਬਣਕ-ਬਾਣੀਏ। ਮਨੋਹਰ=ਮਨ ਨੂੰ ਲੁਭਾਉਣ ਵਾਲੀ। ਨਿਸਾ-ਰਾਤ। ਪਾਨਿ-ਹਥ।

੧. ਇਸ ਦੇ ਮਗਰੋਂ, ਮਨ ਨੂੰ ਲੁਭਾਉਣ ਵਾਲੀ ਬਾਣੀਏ ਦੀ ਇਸਤ੍ਰੀ ਆਪਣੇ ਤਨ ਉਤੇ ਅਨੇਕ ਤਰ੍ਹਾਂ ਦੀ ਸੁਗੰਧੀ ਲਾ ਕੇ, ੨. ਚੰਦਰਮਾ ਦੀ ਚਾਂਦਨੀ ਰਾਤ ਵੇਲੇ ਭਿਛਯੁ ਦੀ ਸੇਵਾ ਵਿਚ ਹਾਜ਼ਰ ਹੁੰਦੀ ਹੈ ਅਤੇ ਆਪਣੇ ਕੋਮਲ ਹਥਾਂ ਦੇ ਵਿਚ ਚਰਨਾਂ ਨੂੰ ਲੈ ਕੇ ਉਸ ਦੀ ਸੇਵਾ ਕਰਦੀ ਹੈ। ਇਸ ਤਰ੍ਹਾਂ ਦੀ ਮਨੋਹਰ ਯੁਵਤੀ ਦੀ ਪ੍ਰਾਪਤੀ ਦੀ ਬੌਧ ਸਿਧਾਂਤ ਅਨੁਸਾਰ ਮੁਕਤੀ ਹੈ, ਜਿਸ ਨੂੰ ਪ੍ਰਾਪਤ ਕਰਨ ਵਿਚ ਕਿਸੇ ਤਰ੍ਹਾਂ ਦਾ ਕੋਈ ਖੇਦ ਨਹੀਂ ਝਲਣਾ ਪੈਂਦਾ॥ ੪੪॥

ਕਰੁਣਾ ਉਵਾਚ॥

## ਸਵੈਯਾ॥

**੧. ਸਜਨੀ ਯਹ ਕੌਨ ਸੁ ਆਹਿ ਇਹਾਂ ਤਨੁ ਤਾਲ ਸਮਾਨ ਸੁ ਜਾਂਹਿ ਲੰਬਾਯੋ॥**

**੨. ਸੁ ਪਿਸੰਗ ਕਖਾਇ ਧਰੇ ਤਨ ਅੰਬਰ ਸੂਖਮ ਜੋ ਧਰ ਮੈਂ ਲਟਕਾਯੋ॥**

**੩. ਪੁਨ ਭਾਲ ਸੁ ਕਿੰਚਿਤ ਮੁੰਡਿਤ ਹੈ ਕਿ ਪਿਖੋ ਕਚ ਮੂਲਹ ਤੇ ਉਖੜਾਯੋ॥**

**੪. ਦ੍ਰੂਮ ਛਾਲ ਬਿਸਾਲ ਸੁ ਨਾਲ ਧਰੀ ਨ ਯਤੀ ਯਹ ਜਾਨ ਪਰੇ ਰਸਕਾਯੋ॥੪੫॥**

ਤਾਲ-ਤਾੜ, ਇਕ ਤਰ੍ਹਾਂ ਦਾ ਬ੍ਰਿਛ, ਜੋ ਖਜੂਰ ਵਾਂਗੂ ਉਚਾ ਤੇ ਸਿਧਾ ਹੁੰਦਾ ਹੈ ਤੇ ਖਜੂਰ ਵਾਂਗੂ ਹੀ ਚੋਟੀ ਉਤੇ ਜਾ ਕੇ ਪੱਖਿਆਂ ਸਮਾਨ ਪਤੇ ਹੁੰਦੇ ਹਨ। ਪਿਸੰਗ-ਪੀਲੇ ਰੰਗ ਵਾਲੇ ਮੈਲ ਯੁਕਤ। ਕਖਾਇ=ਗੇਰੀ ਰੰਗ। ਅੰਬਰ-ਕਪੜੇ। ਸੂਖਮ-ਪਤਲੇ, ਬਰੀਕ। ਭਾਲ-ਮਥਾ। ਕਚ-ਵਾਲ। ਮੂਲਹੁ ਤੇ-ਮੁਢ ਤੋਂ ਹੀ। ਉਖੜ ਯੋ-ਪੁਟਾਏ ਹੋਏ ਹਨ। ਦ੍ਰੂਮ-ਬ੍ਰਿਛ। ਦ੍ਰੂਮ ਛਾਲ-ਭੋਜ ਪਤਰ। ਯਤੀ-ਸੰਨਯਾਸੀ। ਰਸਕਾਯੋ-ਰਸਿਕ ਹੈ।

ਕਰੁਣਾ ਕਹਿਣ ਲਗੀ-੧. ਹੇ ਸਖੀ ਸ਼ਾਂਤੀ! ਵੇਖ, ਇਹ ਕੌਣ ਇਧਰ ਨੂੰ ਆ ਰਿਹਾ ਹੈ, ਤਾੜ ਬ੍ਰਿਛ

ਵਾਂਗੂ ਜਿਸ ਦਾ ਸਰੀਰ ਬਹੁਤ ਹੀ ਲੰਮਾ ਹੈ। ੨. ਉਸ ਨੇ ਮੈਲ ਦੇ ਭਰੇ ਹੋਏ ਪੀਲੇ ਕਪੜੇ ਤਨ ਤੇ ਪਹਿਨੇ ਹੋਏ ਹਨ ਅਤੇ ਗੇਰੂਏ ਰੰਗ ਵਾਲੀ ਬਹੁਤ ਪਤਲੀ ਧੋਤੀ ਬਧੀ ਹੋਈ ਹੈ ਜੋ ਧਰਤੀ ਤਕ ਲਮਕ ਰਹੀ ਹੈ। ੩. ਫਿਰ ਮਥੇ ਉਪਰੋਂ ਥੋੜਾ ਜਿੰਨਾ ਸਿਰ ਮੁੰਨਿਆ ਹੋਇਆ ਹੈ ਜਾਂ ਇਉਂ ਦਿਸਦਾ ਹੈ ਕਿ ਜਿਵੇਂ ਵਾਲਾਂ ਨੂੰ ਮੁਢ ਤੋਂ ਹੀ ਪੁਟਵਾਇਆ ਹੁੰਦਾ ਹੈ। ੪. ਨਾਲੇ ਇਸ ਨੇ ਸਰੀਰ ਉਤੇ ਵਡਾ ਸਾਰਾ ਭੋਜ ਪਤਰ ਧਾਰਨ ਕੀਤਾ ਹੋਇਆ ਹੈ, ਇਸ ਲਈ ਨਾ ਇਹ ਸੰਨਯਾਸੀ ਮਲੂਮ ਹੁੰਦਾ ਹੈ ਅਤੇ ਨਾ ਹੀ ਭੋਗਾਂ ਦੇ ਭੋਗਣ ਵਾਲਾ ਰਸੀਆ ਮਲੂਮ ਹੁੰਦਾ ਹੈ, ਕਿਉਂ ਕਿ ਬਰੀਕ ਮਲਮਲ ਦੇ ਕਪੜੇ ਸੰਨਯਾਸੀ ਨਹੀਂ ਪਹਿਨਦਾ ਇਸ ਨੇ ਪਹਿਨੇ ਹੋਏ ਹਨ। ਇਸਦੇ ਕਪੜਿਆਂ ਨੂੰ ਵੇਖਣ ਤੋਂ ਮਲੂਮ ਹੁੰਦਾ ਹੈ ਜੋ ਇਹ ਸੰਨਯਾਸੀ ਨਹੀਂ ਹੈ, ਕੋਈ ਵਿਸ਼ਈ ਪੁਰਸ਼ ਹੈ, ਪਰ ਵਿਸ਼ਈ ਪੁਰਸ਼ ਭੋਜ ਪਤ੍ਰ ਨਹੀਂ ਧਾਰਨ ਕਰਦਾ। ਭੋਜ ਪਤ੍ਰ ਨੂੰ ਵੇਖ ਕੇ ਮਲੂਮ ਹੁੰਦਾ ਹੈ, ਜੋ ਇਹ ਰਸੀਆ ਨਹੀਂ ਹੈ ਕੋਈ ਸੰਨਯਾਸੀ ਪੁਰਸ਼ ਹੈ। ਇਸ ਤਰ੍ਹਾਂ ਦਾ ਦੋ-ਰੰਗਾ ਲਿਬਾਸ ਰਖਣ ਵਾਲਾ ਇਹ ਕੌਣ ਹੈ ? ॥ ੪੫ ॥

ਸ਼ਾਂਤਿ ਉਵਾਚ ॥

**ਦੋਹਰਾ—੧. ਬੋਧਾਗਮ ਸਜਨੀ ਇਹੈ, ਭਿੱਛਕ ਰੂਪ ਬਨਾਇ ॥**
**੨. ਵੰਚਤ ਹੈ ਸਭ ਲੋਕ ਕੋ ਯੌ ਮੇਰੇ ਮਨ ਆਇ ॥ ੪੬ ॥**

ਬੋਧਾਗਮ—(ਬੋਧ+ਆਗਮ) ਬੋਧ ਧਰਮ ਸ਼ਾਸਤ੍ਰ। ਵੰਚਤ—ਠਗ ਰਿਹਾ ਹੈ।

ਸ਼ਾਂਤੀ ਨੇ ਉਤਰ ਦਿਤਾ—੧. ਹੇ ਸਖੀ ! ਇਹ ਬੋਧ ਧਰਮ ਸ਼ਾਸਤਰ ਹੈ, ਜੋ ਭਿਛਕ ਦਾ ਰੂਪ ਬਣਾ ਕੇ ੨. ਸਾਰੇ ਜਗਤ ਨੂੰ ਠਗ ਰਿਹਾ ਹੈ, ਮੇਰੇ ਮਨ ਵਿਚ ਇਸ ਦੀ ਬਾਬਤ ਇਹ ਖਿਆਲ ਆ ਰਿਹਾ ਹੈ ॥੪੬॥

ਅਥ ਭਿਛਕ ਉਵਾਚ ॥

**ਦੋਹਰਾ—੧. ਯਤੀ ਉਪਾਸ਼ਿਕ ਔਰ ਸਭ, ਸੁਨੋ ਸੁ ਨਿਜ ਨਿਜ ਕਾਨ ॥**
**੨. ਵਾਕ ਸੁਧਾ ਰਸ ਬੰਧ ਹਰਿ, ਕਹੇ ਸੁਗਤਿ ਭਗਵਾਨ ॥ ੪੭ ॥**

ਭਿਛਕ ਕਹਿਣ ਲਗਾ—੧. ਹੇ ਯਤੀ ਲੋਕੋ ! ਹੇ ਉਪਾਸ਼ਨਾ ਕਰਨ ਵਾਲਿਓ ! ਅਤੇ ਹੇ ਹੋਰ ਸਾਰੇ ਲੋਕੋ ! ਆਪਣੇ ਆਪਣੇ ਕੰਨ ਦੇ ਕੇ ਸੁਣੋ। ੨. ਬੁਧ ਭਗਵਾਨ ਨੇ (ਜੋ ਬਚਨ) ਕਹੇ ਹਨ, ਉਹ ਬਚਨ ਅੰਮ੍ਰਿਤ ਰਸ ਸਮਾਨ ਜਨਮ ਮਰਨ ਰੂਪ ਬੰਧਨਾਂ ਦੇ ਦੂਰ ਕਰਨ ਵਾਲੇ ਹਨ, ਜੋ ਮੈਂ ਤੁਹਾਨੂੰ ਸੁਨਾਉਣ ਲਗਾ ਹਾਂ ॥ ੪੭ ॥

**ਦੋਹਰਾ—੧. ਯੌ ਕਹਿ ਪੁਸਤਕ ਲੀਨ ਕਹ, ਖੋਲ੍ਹਿ ਨਿਵਾਯੋ ਸੀਸੁ ॥**
**੨. ਗੁਲਾਬ ਸਿੰਘ ਪੇਖਤ ਸਭੈ ਰਾਜ ਸਮਾਜ ਮਹੀਸੁ ॥ ੪੮ ॥**

੧. ਇਸ ਤਰ੍ਹਾਂ ਕਹਿ ਕੇ ਉਸ ਨੇ ਪੁਸਤਕ ਹਥ ਵਿਚ ਫੜ ਲਈ ਅਤੇ ਉਸ ਨੂੰ ਖੋਲ੍ਹ ਕੇ ਮਥਾ ਟੇਕਿਆ। ੨. ਗਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਸਾਰੇ ਰਾਜ ਸਮਾਜ ਤੇ ਰਾਜੇ (ਕੀਰਤ ਵਰਮਾ ਦੇ) ਵੇਖਦਿਆਂ ਹੋਇਆਂ ਇਸ ਤਰ੍ਹਾਂ ਕਹਿਣ ਲਗਾ ॥ ੪੮ ॥

**ਦੋਹਰਾ—੧. ਦਿਬ ਨੈਨ ਸਭ ਕੀ ਪਿਖੋ, ਗਤੀ ਸੁਭਾ ਸੁਭ ਦੋਇ ॥**
**੨. ਖਿਣ ਭੰਗਰ ਸਭ ਭਾਵ ਹੈਂ, ਥਿਰ ਨਹਿੰ ਆਤਮ ਕੋਇ ॥ ੪੯ ॥**

੧. ਮੈਂ ਆਪਣੀ ਦਿਬ ਦ੍ਰਿਸ਼ਟੀ ਕਰਕੇ ਸਭ ਦੀ ਸੁਭਗਤੀ ਤੇ ਅਸੁਭਗਤੀ ਅਰਥਾਤ ਚੰਗੀ ਹਾਲਤ ਤੇ ਮੰਦੀ ਹਾਲਤ, ਇਹ ਦੋਵੇਂ ਮੈਂ ਸਭ ਦੀਆਂ ਵੇਖ ਰਿਹਾ ਹਾਂ। ੨. ਸਾਰੇ ਹੀ ਭਾਵ (ਪਦਾਰਥ) ਖਿਨ ਭੰਗਰ ਹਨ ਅਤੇ ਕੋਈ ਆਤਮਾ ਭੀ ਸੱਤ ਨਹੀਂ (ਅਰਥਾਤ ਸਾਰੇ ਪਦਾਰਥ ਤੇ ਆਤਮਾ ਭੀ ਖਿਨ ਭੰਗਰ ਹੈ, ਇਹ ਸਭ ਕੁਝ ਮੈਂ ਆਪਣੀ ਦਿਬ ਦ੍ਰਿਸ਼ਟੀ ਨਾਲ ਵੇਖ ਰਿਹਾ ਹਾਂ) ॥ ੪੯ ॥

**ਸਵੈਯਾ ॥**

**੧. ਇਮ ਜਾਨ ਤਜੋ ਸਭ ਮੋਹ ਜਿਤੋ ਨਿਜ ਦਾਰਨ ਔਰ ਅਗਾਰਨ ਮਾਂਹੀ ॥**
**੨. ਭਿਛਕ ਜੋ ਘਰ ਮਾਂਹਿ ਰਮੇ ਤਬ ਦ੍ਵੇਖ ਨ ਰੰਚ ਕਰੇ ਮਨ ਮਾਂਹੀ ॥**
**੩. ਮਨ ਕੋ ਮਲ ਤੈ ਇਹ ਭਾਂਤਿ ਮਿਟੇ ਪੁਨ ਨੇਪਥ ਪੇਖਿ ਕਹਯੋ ਮੁਖ ਮਾਂਹੀ ॥**
**੪. ਸਰਧੇ ਇਤ ਆਉ ਬਿਲੰਬ ਕਹਾਂ ਸੁ ਪ੍ਰਵੇਸ਼ ਕੀਯੋ ਸਰਧਾ ਖਿਣ ਮਾਂਹੀ॥੫੦॥**

ਦਾਰਨ–ਇਸਤ੍ਰੀਆਂ । ਅਗਾਰਨ–ਘਰਾਂ । ਰਮੇ–ਭੋਗ ਕਰਨ ਲਗ ਜਾਵੇ ।

੧. ਇਸ ਤਰ੍ਹਾਂ ਜਾਣ ਕਰਕੇ, ਸਾਰੇ ਪਦਾਰਥਾਂ ਦਾ ਮੋਹ, ਜਿੰਨਾ ਵੀ ਤੁਸਾਂ ਆਪਣੀਆਂ ਇਸਤ੍ਰੀਆਂ ਤੇ ਆਪਣੇ ਘਰਾਂ ਵਿਚ ਮੋਹ ਲਾਇਆ ਹੋਇਆ ਹੈ, ਉਹ ਸਾਰਾ ਤਿਆਗ ਦਿਓ । ੨. ਜੇਕਰ ਕਿਸੇ ਭਿਛਕ ਨੂੰ ਆਪਣੇ ਘਰ ਵਿਚ ਕਿਸੇ ਆਪਣੀ ਇਸਤ੍ਰੀ ਨਾਲ ਵੇਖ ਲਵੇ, ਤਦ ਆਪਣੇ ਮਨ ਵਿਚ ਰਤਾ ਜਿੰਨੀ ਭੀ ਉਸ ਨਾਲ ਦਵੇਖ ਨਾ ਕਰੋ ਸਗੋਂ ਪ੍ਰਸਿੰਨ ਹੋਵੋ ਅਤੇ ਆਖੋ ਕਿ ਭਿਛਕ ਮਹਾਤਮਾ ਨੇ ਸਾਡੇ ਭਲੇ ਵਾਸਤੇ ਹੀ ਅਜਿਹਾ ਕੰਮ ਕੀਤਾ ਹੈ । ੩. ਜਦ ਤੁਸੀਂ ਇਸ ਤਰ੍ਹਾਂ ਵਰਤਾਵ ਕਰੋਗੇ, ਤਦ ਤੁਹਾਡੇ ਮਨ ਦੀ ਮੈਲ ਦੂਰ ਹੋ ਜਾਏਗੀ । ਫੇਰ ਉਸ ਨੇ ਪੜਦੇ ਵਲ ਵੇਖ ਕੇ ਮੁਖ ਤੋਂ ਇਸ ਤਰ੍ਹਾਂ ਕਿਹਾ । ੪. ਹੇ ਸਰਧਾ ! ਤੂੰ ਇਧਰ ਆਓ, ਏਨੀ ਦੇਰ ਕਿਥੇ ਲਾ ਰਹੀ ਹੈਂ ? (ਇਹ ਅਵਾਜ਼ ਸੁਣਦਿਆਂ ਹੀ, ਉਸੇ) ਖਿਨ ਵਿਚ ਭਿਛਕਣ ਰੂਪ ਧਾਰਨੀ ਸਰਧਾ ਸਟੇਜ ਤੇ ਆ ਗਈ ॥੫੦॥

ਸਰਧਾ ਉਵਾਚ ॥

**ਦੋਹਰਾ–੧. ਦੇਵ ਕਰੋ ਆਇਸ ਪ੍ਰਗਟ, ਕਰੋਂ ਕੌਨ ਅਬ ਕਾਜ ॥**
**੨. ਮੈਂ ਖਿਨ ਮੈਂ ਸੋਈ ਕਰੋਂ, ਤੁਮ ਸਭ ਕੇ ਸਿਰਤਾਜ ॥ ੫੧ ॥**

ਸਰਧਾ ਕਹਿਣ ਲਗੀ–੧. ਹੇ ਦੇਵ ! ਜੋ ਆਗਿਆ ਹੈ, ਉਹ ਪ੍ਰਗਟ ਕਰੋ, ਹੁਣ ਮੈਂ ਕਿਹੜਾ ਕੰਮ ਕਰਾਂ ? ੨. ਮੈਂ ਇਸ ਖਿਣ ਵਿਚ ਓਹੀ ਕੰਮ ਕਰਾਂਗੀ, ਜੋ ਆਪ ਹੁਕਮ ਦਿਓਗੇ, ਕਿਉਂਕਿ ਆਪ ਹੀ ਸਾਰਿਆਂ ਦੇ ਸਿਰਤਾਜ ਹੋ ਇਸ ਲਈ ਆਪ ਦੇ ਹੁਕਮ ਵਿਚ ਤੁਰਨਾ ਹੀ ਅਸਾਂ ਸਾਰਿਆਂ ਦਾ ਧਰਮ ਹੈ ॥ ੫੧ ॥

ਭਿਛਕ ਉਵਾਚ ॥

**ਦੋਹਰਾ–੧. ਭਿੱਛਕ ਸੇਵਕ ਸਗਲ ਜੋ, ਤਾਕੋ ਗਹਿ ਨਿਜ ਹਾਥ ॥**
**੨. ਮੋਹ ਮਤੋ ਅਤਿ ਥਿਰ ਕਰੋ, ਭਲੇ ਨਿਵਾਵੈਂ ਮਾਥ ॥ ੫੨ ॥**

੧. ਭਿਛਕ ਨੇ ਕਿਹਾ–ਹੇ ਸਰਧਾ ! ਬੁਧ ਭਗਵਾਨ ਦੇ ਜਿੰਨੇ ਭੀ ਸੇਵਕ ਹਨ, ਉਨ੍ਹਾਂ ਸਾਰਿਆਂ ਨੂੰ ਤੂੰ ਆਪਣੇ ਹੱਥ ਵਿਚ ਕਾਬੂ ਕਰ ਲੈ । ੨. ਮੇਰੇ ਮੱਤ ਵਿਚ ਉਨ੍ਹਾਂ ਨੂੰ ਬਿਲਕੁਲ ਹੀ ਕਾਇਮ ਕਰ ਦੇਹੁ, ਜਿਸ ਕਰਕੇ ਸ ਰੇ ਮੈਨੂੰ ਚੰਗੀ ਤਰ੍ਹਾਂ ਮਥੇ ਟੇਕਣ ਤੇ ਮੇਰੇ ਹੀ ਹੁਕਮ ਦੀ ਪਾਲਣਾ ਕਰਨ ॥ ੫੨ ॥

ਸਰਧਾ ਉਵਾਚ ॥

**ਦੋਹਰਾ–੧. ਜੋ ਆਇਸ ਸੋਈ ਕਰੋਂ ਐਸ ਬਖਾਨੋ ਬੈਨ ॥**
**੨. ਨਿਕਸ ਚਲੇ ਵੈ ਸਭਾ ਤੇ ਸ਼ਾਂਤਿ ਨਿਹਾਰੇ ਨੈਨ ॥ ੫੩ ॥**

੧. ਸਰਧਾ ਨੇ ਕਿਹਾ–ਆਪ ਦੀ ਜੋ ਆਗਿਆ ਹੋਈ ਹੈ, ਮੈਂ ਓਹੀ ਕੰਮ ਕਰਾਂਗੀ, ਇਸ ਤਰ੍ਹਾਂ ਬਚਨ ਕਹਿ ਸੁਣ ਕੇ, ੨. ਉਹ ਦੋਵੇਂ ਹੀ ਰਾਜ ਸਭਾ ਵਿਚੋਂ ਨਿਕਲ ਕੇ ਚਲੇ ਗਏ ਅਤੇ ਸ਼ਾਂਤੀ ਨੇ ਆਪਣੀਆਂ ਅਖਾਂ ਨਾਲ ਉਨ੍ਹਾਂ ਨੂੰ ਜਾਂਦਿਆਂ ਹੋਇਆਂ ਵੇਖ ਲਿਆ ਤਾਂ ਕਰੁਣਾ ਸਖੀ ਨੂੰ ਕਹਿਣ ਲਗੀ ॥ ੫੩ ॥

Sri Satguru Jagjit Singh Ji Elibrary NamdhariElibrary@gmail.com

ਸ਼ਾਂਤਿ ਉਵਾਚ ॥

**ਦੋਹਰਾ—੧. ਸਜਨੀ ਯਹਿ ਭੀ ਤਾਮਸੀ ਸਰਧਾ ਜਾਨੀ ਮੋਹਿ ॥**

**੨. ਕਰੁਣਾ ਕਹਿਓ ਸੁ ਏਵ ਹੈ ਭਲੀ ਪਛਾਨੀ ਤੋਹਿ ॥੫੪॥**

ਸ਼ਾਂਤੀ ਨੇ ਕਿਹਾ—ਹੇ ਸਖੀ ਕਰਣਾ ! ਮੈਂ ਜਾਣ ਲਿਆ ਹੈ, ਕਿ ਇਹ ਭੀ ਤਾਮਸੀ ਸਰਧਾ ਹੈ।
੨. ਅਗੋਂ ਕਰੁਣਾ ਨੇ ਕਿਹਾ—ਇਸੇ ਤਰਾਂ ਹੀ ਹੈ, ਇਹ ਤੂੰ ਚੰਗੀ ਤਰ੍ਹਾਂ ਪਛਾਣ ਲਈ ਹੈ ।੫੪।

**ਦੋਹਰਾ—੧. ਯਾ ਅਵਸਰ ਖਿਪਣਕ ਅਏ ਲਾਂਬੋ ਡੀਲ ਸੁਹਾਇ ॥**

**੨. ਭਿੱਛਕ ਜਾਤੇ ਹੇਰ ਕੈ ਊਚੇ ਲਯੋ ਬੁਲਾਇ ॥੫੫॥**

ਖਿਪਣਕ—ਜੈਨੀ। ਡੀਲ—ਕੱਦ।

੧. ਇਸੇ ਵੇਲੇ ਜੈਨੀ ਆ ਗਿਆ, ਜੋ ਲੰਮੇ ਕੱਦ ਵਾਲਾ ਸੋਭਾ ਪਾ ਰਿਹਾ ਸੀ। ੨. ਉਸਨੇ ਬੋਧੀ ਨੂੰ ਜਾਂਦਾ ਵੇਖਕੇ, ਉਚੀ ਅਵਾਜ਼ ਮਾਰਕੇ ਉਸਨੂੰ ਭੀ ਆਪਣੇ ਕੋਲ ਸਦ ਲਿਆ, ਅਤੇ ਕਹਿਣ ਲੱਗਾ ।੫੫।

**ਦੋਹਰਾ—੧. ਰੇ ਭਿੱਛਕ ਇਤ ਆਉ ਤੁਮ ਕਛੁ ਪੂਛੌਂ ਅਬ ਤੋਹਿ ॥**

**੨. ਤੇਰੀ ਮੇਧਾ ਮੈਂ ਪਿਖੋਂ ਪ੍ਰਗਟ ਬਖਾਨੋ ਮੋਹਿ ॥੫੬॥**

ਮੇਧਾ—ਬੁਧੀ, ਅਕਲ।

੧. ਹੇ ਬੋਧੀ ! ਤੂੰ ਇਧਰ ਆਓ, ਕਿਧਰ ਭੱਜਾ ਜਾਂਦਾ ਹੈਂ ? ਮੈਂ ਹੁਣ ਤੇਰੇ ਪਾਸੋਂ ਕੁਝ ਗੱਲ ਪੁਛਦਾ ਹਾਂ।
੨. ਮੈਂ ਤੇਰੀ ਬੁਧੀ ਵੇਖਣੀ ਚਾਹੁੰਦੀ ਹਾਂ, ਤੂੰ ਮੈਨੂੰ ਪ੍ਰਗਟ ਹੀ ਉਤਰ ਕਹਿ ਸੁਣਾਦੀਂ ।੫੬।

**ਦੋਹਰਾ—੧. ਸੁਨ ਭਿੱਛਕ ਪੁਨਿ ਕੋਪਿਓ ਭਾਖੇ ਬਚਨ ਕਠੋਰ ॥**

**੨. ਹਾ ਪਾਪੀ ਮਲ ਪੰਕ ਧਰਿ ਲੇਹਿ ਪਰੀਛਾ ਮੋਰਿ ॥੫੭॥**

੧. ਜੈਨੀ ਦੀ ਗੱਲ ਸੁਣਕੇ ਬੋਧੀ ਨੂੰ ਗੁਸਾ ਆ ਗਿਆ ਅਤੇ ਫਿਰ ਉਹ ਕਠੋਰ ਬਚਨ ਕਹਿਣ ਲੱਗਾ। ੨. ਹੇ ਪਾਪੀ ! ਹੇ ਮੈਲ ਤੇ ਚਿੱਕੜ ਨੂੰ ਧਾਰਨ ਵਾਲੇ ! ਤੈਨੂੰ ਧਿੱਕਾਰ ਹੈ, ਮੇਰੀ ਪ੍ਰੀਖਿਆ ਤੂੰ ਲਵੇਂਗਾ ? ਇਹ ਗੱਲ ਆਖਦਿਆਂ ਤੈਨੂੰ ਸ਼ਰਮ ਭੀ ਨਹੀਂ ਆਉਂਦੀ ? ।੫੭।

**ਦੋਹਰਾ—੧. ਖਿਪਣਕ ਕਹੇ ਸੁ ਕ੍ਰੋਧ ਤਜ ਕਰੋ ਬੇਗ ਅਤਿ ਰੋਧ ॥**

**੨. ਸ਼ਾਸਤ੍ਰ ਗਤਿ ਕਛੁ ਪੂਛ ਹੌਂ ਕਾਹੇ ਕਰੋ ਸੁ ਕ੍ਰੋਧ ॥੫੮॥**

੧. ਜੈਨੀ ਨੇ ਕਿਹਾ—ਹੇ ਬੋਧੀ ! ਤੂੰ ਕ੍ਰੋਧ ਨੂੰ ਛਡ, ਅਤੇ ਇਸ ਦੇ ਬੇਗ ਨੂੰ ਬਿਲਕੁਲ ਹੀ ਰੋਕ ਲੈ। ੨. ਮੈਂ ਤੇਰੇ ਪਾਸੋਂ ਕੁਝ ਸ਼ਾਸਤ੍ਰ ਦੀ ਮਰਯਾਦਾ ਹੀ ਪੁਛਦਾ ਹਾਂ, ਤੇਰੇ ਨਾਲ ਕੋਈ ਮਖੌਲ ਠੱਠਾ ਨਹੀਂ ਕਰਦਾ, ਤੂੰ ਕ੍ਰੋਧ ਕਿਸ ਵਾਸਤੇ ਕਰਦਾ ਹੈਂ ? ਸ਼ਾਸਤ੍ਰ ਦੀ ਵਿਚਾਰ ਕਰਨੀ ਤਾਂ ਮਹਾਂ ਪੁਰਸ਼ਾਂ ਦਾ ਧਰਮ ਹੈ ।੫੮।

**ਦੋਹਰਾ—੧. ਖਿਪਣਕ ਤੂੰ ਕਛੁ ਜਾਨ ਹੈਂ ਸ਼ਾਸਤ੍ਰ ਕਥਾ ਉਚਾਰ ॥**

**੨. ਭਵਤੁ ਪ੍ਰਤੀ ਮੈਂ ਪੂਛ ਅਬ ਭਾਖੋਂ ਕ੍ਰੋਧ ਨਿਵਾਰ ॥੫੯॥**

ਉਚਾਰ=ਦੱਸ। ਭਵਤੁ—ਐਸਾ ਹੈ। ਪ੍ਰਤੀ ਮੈਂ—ਮੇਰੇ ਪਾਸੋਂ।

੧. ਬੋਧੀ ਨੇ ਕਿਹਾ—ਹੇ ਜੈਨੀ ! ਦੱਸ, ਤੂੰ ਕੁਝ ਸ਼ਾਸਤ੍ਰ ਦੀ ਕਥਾ ਭੀ ਜਾਣਦਾ ਹੈਂ ? ਜੇ ਐਸਾ ਹੀ ਹੈ (ਤਾਂ ਤੂੰ) ੨. ਹੁਣ ਮੇਰੇ ਪਾਸੋਂ ਪੁਛ, ਮੈਂ ਕਰੋਧ ਦਾ ਤਿਆਗ ਕਰਕੇ ਤੈਨੂੰ ਉਤਰ ਦਿਆਂਗਾ ।੫੯।

Sri Satguru Jagjit Singh Ji Elibrary NamdhariElibrary@gmail.com

ਖਿਪਣਕ ਉਵਾਚ ॥

**ਚੌਪਈ–੧. ਖਿਣ ਭੰਗਰ ਤਵ ਆਤਮ ਅਹੈ ॥ ਕਾਂਹਿ ਨਮਿਤ ਬ੍ਰਤ ਤੁਮ ਗਹੈ ॥**

**੨. ਯਾਕੋ ਉਤਰ ਪ੍ਰਥਮ ਉਚਾਰੋ ॥ ਖਿਣ ਭੰਗਰ ਆਤਮ ਕਿਹ ਤਾਰੋ॥੬੦**

੧. ਜੈਨੀ ਕਹਿਣ ਲਗਾ-ਹੇ ਬੋਧੀ ! ਤੇਰੇ ਮੱਤ ਅਨੁਸਾਰ ਆਤਮਾ ਸੰਸਾਰ ਵਿਚ ਖਿਨ ਭੰਗਰ ਕਿਹਾ ਹੈ ਤਾਂ ਫਿਰ ਬ੍ਰਤ (ਆਦਿਕ ਕਰਮ) ਤੁਸਾਂ ਕਿਸ ਵਾਸਤੇ ਗ੍ਰਹਣ ਕੀਤੇ ਹਨ ? ਕਿਉਂਕਿ ਇਸ ਖਿਨ ਵਿਚ ਜੋ ਆਤਮਾ ਹੈ, ਉਹ ਤਾਂ ਦੂਜੀ ਖਿਨ ਵਿਚ ਹੀ ਨਸ਼ਟ ਹੋ ਗਿਆ ਹੈ, ਦੂਜੀ ਖਿਨ ਵਿਚ ਆਤਮਾ ਹੀ ਦੂਜਾ ਹੈ, ਬ੍ਰਤ ਕਰਨ ਵਾਲਾ ਨਸ਼ਟ ਹੋ ਗਿਆ ਹੈ, ਤਾਂ ਬ੍ਰਤ ਦਾ ਫਲ ਕੌਣ ਭੋਗੇਗਾ ? ਜੇ ਦੂਜੀ ਖਿਨ ਵਾਲੇ ਆਤਮਾ ਨੂੰ ਬ੍ਰਤ ਦੇ ਫਲ ਦੀ ਇਛਾ ਹੀ ਨਹੀਂ ਹੈ ਤਾਂ ਬ੍ਰਤ ਫਲ ਬਦੋ ਬਦੀ ਉਸ ਦੇ ਗਲ ਚੰਮੇੜਿਆ ਜਾਏਗਾ ਜਾਂ ਉਹ ਬ੍ਰਤ ਫਲ ਵਿਅਰਥ ਜਾਵੇਗਾ ? ਅਰਥਾਤ ਇਸ ਖਿਨ ਵਾਲੇ ਆਤਮਾ ਨੇ ਕਰਮ ਕੀਤਾ ਤੇ ਫਲ ਦੂਜੀ ਖਿਨ ਵਾਲੇ ਆਤਮਾ ਨੂੰ ਭੋਗਣਾ ਪਿਆ, ਇਹ ਸਿਧਾਂਤ ਤਾਂ ਬਿਲਕੁਲ ਹੀ ਰਾਜਨੀਤੀ ਅਤੇ ਧਰਮ ਨੀਤੀ ਦੇ ਉਲਟ ਅਤੇ ਅਯੋਗ ਹੈ। ੨. ਪਹਿਲੇ ਇਸ ਗੱਲ ਦਾ ਉਤਰ ਦਿਓ, ਅਤੇ ਫਿਰ ਇਹ ਦਸੋ ਕਿ ਖਿਨ ਭੰਗਰ ਆਤਮਾ ਕਿਸ ਤਰਾਂ ਸੰਸਾਰ ਸਮੁੰਦਰ ਤੋਂ ਤਾਰ ਸਕਦਾ ਹੈ ? ਕਿਉਂਕਿ ਤਰਣ ਦਾ ਇਛਾਵਾਨ ਆਤਮਾ ਹੀ ਨਸ਼ਟ ਹੋ ਚੁਕਾ ਹੈ, ਬਹੁਤ ਸਮੇਂ ਬਾਹਦ ਤਰਣਾ ਕਿਵੇਂ ਹੋ ਸਕੇਗਾ ? ।੬੦।

ਭਿੱਛਕ ਉਵਾਚ ॥

**ਚੌਪਈ ॥**

**੧. ਅਰੇ ਅਰੇ ਅਬ ਕਰੋਂ ਬਖਾਨ ॥ ਮੇਰੇ ਮਤੇ ਸੁਣੋ ਨਿਜ ਕਾਨ ॥**

**੨. ਵਿਗਯਾਨ ਲੱਖਣ ਆਤਮ ਹੈ ਜੋਈ ॥ ਰਹੇ ਸੰਤਾਨ ਮਰੇ ਖਿਣ ਸੋਈ ॥੬੧॥**

ਵਿਗਯਾਨ—ਬੁਧੀ। ਲਖਣ—ਸਰੂਪ।

੧. ਬੋਧੀ ਕਹਿਣ ਲਗਾ-ਓਇ ! ਓਇ ! (ਮੂਰਖ ਜੈਨੀ) ਹੁਣ ਮੈਂ ਤੈਨੂੰ ਦਸਦਾ ਹਾਂ ਤੂੰ ਕੰਨ ਦੇ ਕੇ ਮੇਰੇ ਮੱਤ ਦੇ ਸਿਧਾਂਤ ਨੂੰ ਸੁਣ। ੨. ਬੁਧੀ ਸਰੂਪ ਜੋ ਆਤਮਾ ਹੈ, ਉਹ ਆਪ ਤਾਂ ਖਿਨ ਮਗਰੋਂ ਮਰ ਜਾਂਦਾ ਹੈ, ਪਰ ਉਸ ਦੀ ਸੰਤਾਨ ਰੂਪ ਆਤਮਾ ਪਿਛੇ ਰਹਿੰਦਾ ਹੈ ਅਰਥਾਤ ਆਤਮਾ ਤਾਂ ਖਿਨ ਭੰਗਰ ਹੈ, ਪਰ ਨਸ਼ਟ ਹੋਣ ਤੋਂ ਪਹਿਲੇ ਦੂਸਰੇ ਆਤਮਾ ਨੂੰ ਪੈਦਾ ਕਰਕੇ ਨਸ਼ਟ ਹੋ ਜਾਂਦਾ ਹੈ, ਇਸੇ ਤਰਾਂ ਫਿਰ ਦੂਜਾ ਆਤਮਾ ਤੀਜੇ ਆਤਮਾ ਨੂੰ ਪੈਦਾ ਕਰਦਾ ਹੈ,ਇਸਤਰਾਂ ਸੰਤਾਨ ਦਰ ਸੰਤਾਨ ਆਤਮਾ ਪੈਦਾ ਹੁੰਦਾ ਹੋਇਆ ਆਤਮਾ ਸਦਾ ਹੀ ਸਥਿਰ ਰਹਿੰਦਾ ਹੈ, ਸੰਤਾਨ ਰੂਪ ਆਤਮਾ ਆਪਣੇ ਸੰਤਾਨੀ-ਜਿਸ ਤੋਂ ਪੈਦਾ ਹੋਇਆ ਸੀ-ਦਾ ਹੀ ਸਰੂਪ ਹੁੰਦਾ ਹੈ, ਸੰਤਾਨੀ ਆਤਮਾ ਦਾ ਕੀਤਾ ਹੋਇਆ ਬ੍ਰਤ ਆਦਿਕ ਕਰਮ ਦਾ ਫਲ, ਉਸ ਦੀ ਸੰਤਾਨ ਰੂਪ ਆਤਮਾ ਭੋਗਦਾ ਹੈ,ਇਸੇ ਜੁਗਤੀ ਕਰਕੇ ਬ੍ਰਤ ਆਦਿਕ ਕਰਮ ਨਿਸਫਲ ਨਹੀਂ ਹਨ,ਬਲਕਿ ਮੁਕਤੀ ਦਾ ਸਾਧਨ ਹਨ।੬੧

**ਦੋਹਰਾ–੧. ਅਸ ਮਤਿਪੰਕਤਿ ਪਰੋ ਪੁਨ ਕਸ ਚਿਤ ਗਯਾਨ ਸੁ ਹੋਇ ॥**

**੨. ਨਸ਼ਟ ਵਾਸ਼ਨਾ ਊਜਲੋ ਮੁਕਤਿ ਲੇਹੁਗੋ ਸੋਇ ॥੬੨॥**

ਪੰਕਤ-ਸੰਪ੍ਰਦਾਯ। ਕਸ ਚਿਤ—ਕਦਾਚਿਤ, ਜੇਕਰ। ਅਸ—ਐਸੀ।

੧. ਸਾਡੇ ਮੱਤ ਦੀ ਇਸ ਤਰਾਂ ਦੀ ਸੰਪ੍ਰਦਾਯ ਹੈ, ਜੇਕਰ ਕੋਈ ਸਾਡੀ ਇਸ ਸੰਪ੍ਰਦਾਇ ਵਿਚ ਪੈ ਜਾਵੇ, ਤਾਂ ਉਸਨੂੰ ਗਿਆਨ ਜ਼ਰੂਰ ਹੋਵੇਗਾ। ਅਥਵਾ-(੨) ਸਾਡੀ ਮੱਤ ਦੀ ਅਜਿਹੀ ਸੰਪ੍ਰਦਾਇ ਵਿਚ ਜੇਕਰ ਤੂੰ ਪੈ ਜਾਵੇਂ, ਤਾਂ ਫਿਰ ਤੈਨੂੰ ਗਿਆਨ ਹੋ ਜਾਵੇਗਾ। (੨) ਤਦ ਉਸ ਦੀ ਵਾਸ਼ਨਾ ਨਸ਼ਟ ਹੋ ਜਾਵੇਗੀ ਅਤੇ

Sri Satguru Jagjit Singh Ji Elibrary NamdhariElibrary@gmail.com

ਉਹ ਉਜਲ ਮੁਕਤੀ ਨੂੰ ਪਾ ਲਵੇਗਾ ॥੬੨॥ ॥ ਖਿਪਨਕ ਉਵਾਚ ॥

**ਚੌਪਈ--੧. ਸੁਨ ਮੂਰਖ ਜਨਮਾਂਤਰ ਮਾਂਹੀ ॥ ਜੋ ਆਤਮ ਕੋ ਮੁਕਤਿ ਲਹਾਹੀ ॥**
**੨.ਤੌ ਅਬ ਨਸ਼ਟ ਕਲੇਵਰ ਥਾਰਾ ॥ ਕੌਨ ਲਾਭ ਕੋ ਤਵ ਉਪਕਾਰਾ॥੬੩**

ਜਨਮਾਂਤਰ—(ਜਨਮ+ਆਂਤਰ) ਦੂਜੇ ਜਨਮ। ਲਹਾਹੀ—ਪ੍ਰਾਪਤ ਕਰਨੀ ਹੈ। ਕਲੇਵਰ—ਸਰੀਰ ਥਾਰਾ—ਤੇਰਾ। ਲਾਭ=ਨਫਾ ਫਾਇਦਾ।

੧. ਜੈਨੀ ਨੇ ਕਿਹਾ-ਹੇ ਮੂਰਖ ਬੋਧੀ ! ਸੁਣ, ਜੇਕਰ ਦੂਜੇ ਜਨਮ ਵਿਚ ਆਤਮਾ ਮੁਕਤੀ ਨੂੰ ਪਾਵੇਗਾ। ੨. ਤਾਂ ਤੂੰ ਇਹ ਦੱਸ ? ਕਿ ਤੇਰਾ ਸਰੀਰ ਜੋ ਹੁਣ ਬ੍ਰਤਾਦਿਕ ਕਰਮ ਕਰ ਰਿਹਾ ਹੈ, ਜਦ ਇਹ ਨਸ਼ਟ ਹੋ ਗਿਆ ਤਾਂ ਤੇਰੇ ਕੀਤੇ ਹੋਏ ਉਪਕਾਰ ਦਾ ਤੈਨੂੰ ਕੀ ਲਾਭ ਹੋਇਆ ? ਅਰਥਾਤ ਤੂੰ ਆਪਣੇ ਆਤਮਾ ਦੇ ਮੁਕਤ ਹੋਣ ਲਈ ਤੂੰ ਹੁਣ ਬ੍ਰਤ ਆਦਿਕ ਸਾਧਨ ਕਰ ਰਿਹਾ ਹੈਂ, ਪਰ ਦੂਜੇ ਖਿਨ ਵਿਚ ਤੇਰੇ ਇਸ ਆਤਮਾ ਨੇ ਰਹਿਣਾ ਹੀ ਨਹੀਂ, ਨਸ਼ਟ ਹੋ ਜਾਵੇਗਾ, ਜੋ ਸਾਧਨ ਤੂੰ ਆਪਣੇ ਆਤਮਾ ਦੇ ਉਧਾਰ ਲਈ ਕੀਤਾ ਸੀ, ਤੇਰੇ ਉਸ ਆਤਮਾ ਨੂੰ ਉਸ ਦਾ ਕੁਝ ਫਲ ਪ੍ਰਾਪਤ ਹੀ ਨਾ ਹੋਇਆ, ਕਿਉਂਕਿ ਫਲ ਪ੍ਰਾਪਤ ਹੋਣ ਦੇ ਸਮੇਂ ਤੋਂ ਪਹਿਲੇ ਹੀ ਤੇਰਾ ਖਿਨ ਭੰਗਰ ਆਤਮਾ ਨਸ਼ਟ ਹੋ ਗਿਆ ਅਤੇ ਮੁਕਤੀ ਪਾ ਲਈ ਕਿਸੇ ਦੂਸਰੇ ਨੇ, ਤਾਂ ਤੂੰ ਦੱਸ, ਤੇਰੇ ਕੀਤੇ ਉਪਕਾਰ ਦਾ ਤੈਨੂੰ ਕੀ ਫ਼ਾਇਦਾ ਮਿਲਿਆ ? ।੬੩।

**ਚੌਪਈ ॥**

**੧. ਪੂਛੋਂ ਔਰ ਸੁਨੋ ਮਨ ਲਾਯੋ ॥ ਕਿਨ ਤਵ ਐਸੋ ਧਰਮ ਬਤਾਯੋ ॥**
**੨. ਨਨੁ ਸਰਬਗੱਯ ਬੁੱਧ ਹੈ ਜੋਈ ॥ ਤਾਂਹਿ ਕਹਯੋ ਯਹ ਧਰਮ ਸੁ ਹੋਈ ॥੬੪॥**

੧. ਇਕ ਗੱਲ ਹੋਰ ਪੁਛਦਾ ਹਾਂ, ਮਨ ਲਾਕੇ ਸੁਣ ਅਤੇ ਦੱਸ ? ਇਸ ਤਰ੍ਹਾਂ ਦਾ ਇਹ ਧਰਮ ਤੈਨੂੰ ਕਿਸਨੇ ਦਸਿਆ ਹੈ ? ੨. ਅਗੋਂ ਬੋਧੀ ਨੇ ਕਿਹਾ-ਹੇ ਜੈਨੀ ! ਤੂੰ ਜੋ ਇਹ (ਨਨੁ) ਸ਼ੰਕਾ ਕੀਤਾ ਹੈ ਕਿ ਇਹ ਧਰਮ ਤੈਨੂੰ ਕਿਸਨੂੰ ਦਸਿਆ ਹੈ ? ਇਸ ਦਾ ਉਤਰ ਸੁਣ, ਕਿ ਬੁਧ ਭਗਵਾਨ ਜੋ ਸਰਬੱਗ ਹੈ, ਇਹ ਧਰਮ ਉਸੇ ਦਾ ਦਸਿਆ ਹੋਇਆ ਹੈ ।੬੪। ॥ ਖਿਪਣਕ ਉਵਾਚ ॥

**ਦੋਹਰਾ—੧. ਬੁੱਧ ਭਯੋ ਸਰਬੱਗ ਜਗ, ਕੈਸੇ ਜਾਨਿਓ ਤੋਹਿ ॥**
**੨. ਯਾਂਕੋ ਉਤਰ ਹੋਇ ਜੋ, ਪ੍ਰਗਟ ਬਖਾਨੋ ਮੋਹਿ ॥੬੫॥**

੧. ਜੈਨੀ ਨੇ ਕਿਹਾ-ਹੇ ਬੋਧੀ ! ਇਹ ਤੂੰ ਕਿਸ ਤਰ੍ਹਾਂ ਜਾਣਿਆ ਹੈ, ਕਿ ਜਗਤ ਵਿਚ 'ਬੁਧ' ਸਰਬੱਗ ਹੋਇਆ ਹੈ ? ੨. ਇਸ ਪ੍ਰਸ਼ਨ ਦਾ ਜੋ ਉਤਰ ਹੈ, ਉਹ ਮੈਨੂੰ ਪ੍ਰਗਟ ਕਰਕੇ ਦੱਸ ? ।੬੫।

॥ ਭਿੱਛਕ ਉਵਾਚ ॥

**ਚੌਪਈ ॥**

**੧. ਬੁਧ ਬਨਾਯੋ ਆਗਮ ਜੋਈ ॥ ਤਾਂ ਮੈਂ ਕਹਯੋ ਸਰਬੱਗ ਸੁ ਹੋਈ ॥**
**੨. ਤਾਂਤੇ ਤਾਂ ਸਰਬੱਗ ਸੁ ਜਾਨੇ ॥ ਬੁਧ ਵਾਕ ਯਹਿ ਪ੍ਰਗਟ ਬਖਾਨੇ ॥੬੬॥**

੧. ਬੋਧੀ ਨੇ ਕਿਹਾ-ਹੇ ਜੈਨੀ ! ਬੁਧ ਭਗਵਾਨ ਨੇ ਜਿਹੜਾ ਸ਼ਾਕਤਰ ਬਣਾਇਆ ਹੈ ਉਸ ਵਿਚ ਕਿਹਾ ਹੈ ਕਿ ਬੁਧ ਭਗਵਾਨ ਸਰਬੱਗ ਹੈ। ੨. ਇਸੇ ਕਰਕੇ ਅਸੀਂ ਉਸ ਨੂੰ ਸਰਬੱਗ ਜਾਣਦੇ ਹਾਂ, ਕਿਉਂਕਿ ਬੁਧ

Sri Satguru Jagjit Singh Ji Elibrary NamdhariElibrary@gmail.com

ਭਗਵਾਨ ਨੇ ਪ੍ਰਗਟ ਹੀ ਇਹ ਵਾਕ ਕਹੇ ਹਨ, ਕਿ ਮੈਂ ਸਰਬੱਗ ਹਾਂ ।੬੬।

ਖਿਪਣਕ ਉਵਾਚ ॥

**ਸਵੈਯਾ ॥**

**੧. ਬੁਧ ਵਾਕਨ ਤੇ ਸਰਬੱਗ ਸੁ ਬੁਧ ਜਬੈ ਰਿਜੁ ਬੁਧਿ ਸੁ ਤੋਹਿ ਪਛਾਨੇ ॥**
**੨. ਤੈ ਸਰਬੱਗ ਸੁ ਮੋਹਿ ਲਖੋ ਜਗ ਮੈਂ ਸਭ ਭੂਤ ਭਵਿਖਤ ਜਾਨੇ ॥**
**੩. ਪਿਤਰੁ ਪਿਤਾਮਹਿ ਸਾਤ ਕੁਲੀ ਲਗ ਤੂੰ ਮਮ ਦਾਸ ਨਹੀਂ ਮਮ ਛਾਨੇ ॥**
**੪. ਸੁਨ ਕੈ ਯਹਿ ਬਾਤ ਦਿਗੰਬਰ ਕੀ ਪੁਨ ਭਿੱਛਕ ਚੀਤ ਬਡੇ ਖੁਨਸਾਨੇ ॥੬੭॥**

ਰਿਜੁ ਬੁਧਿ–ਨਿਰ ਬੁਧਿ, ਬੁਧੀ ਤੋਂ ਹੀਣਾ, ਬੇਸਮਝ । ੨. ਸਰਲ ਬੁਧੀ ਵਾਲਾ, ਥੋੜੀ ਅਕਲ ਵਾਲਾ । ਪਿਤਰੁ–ਪਿਓ ਅਤੇ । ਪਿਤਾਮਹਿ–ਦਾਦੇ ਆਦਿ । ਛਾਨੇ–ਪਛਾਣਦਾ । (੨)ਲੁਕਿਆ ਹੋਇਆ । ਦਿਗੰਬਰ–ਜੈਨੀ । ਭਿੱਛਕ–ਬੋਧੀ ।

੧. ਜੈਨੀ ਕਹਿਣ ਲੱਗਾ–ਜੇਕਰ ਬੁਧ ਦੇ ਕਥਨ ਤੋਂ ਹੀ ਤੂੰ ਬੁਧ ਨੂੰ ਸਰਬਗ ਜਾਣਦਾ ਹੈਂ, ਤਦ ਤੈਨੂੰ ਪਛਾਣ ਲਿਆ ਹੈ । ਕਿ ਤੂੰ ਬਿਲਕੁਲ ਹੀ ਬੇਸਮਝ ਤੇ ਥੋੜੀ ਅਕਲ ਦਾ ਮਾਲਕ ਹੈਂ । ੨. ਤਦ ਤੂੰ ਮੈਨੂੰ ਭੀ ਸਰਬਗ ਜਾਣ ਕਿਉਂਕਿ ਜਗਤ ਵਿਚ ਜੋ ਕੁਝ ਹੋ ਰਿਹਾ ਹੈ, ਉਹ ਸਭ ਭੂਤ, ਭਵਿਖਤ ਤੇ ਵਰਤਮਾਨ ਸਮੇਂ ਦੀ ਗੱਲ ਨੂੰ ਮੈਂ ਚੰਗੀ ਤਰਾਂ ਜਾਣਦਾ ਹਾਂ, ਇਸ ਲਈ ਮੈਂ ਭੀ ਸਰਬੱਗ ਹਾਂ । ੩. ਤੇਰਾ ਪਿਓ ਤੇ ਦਾਦਾ ਅਤੇ ਸੱਤ ਕੁਲਾਂ ਤਕ ਤੂੰ ਮੇਰਾ ਸੇਵਕ ਹੈਂ, ਕੀ ਤੂੰ ਮੈਨੂੰ ਪਛਾਣਿਆ ਨਹੀਂ ਹੈ ? ਅਥਵਾ ੨. ਤੂੰ ਮੈਥੋਂ ਕੋਈ ਲੁਕਿਆ ਹੋਇਆ ਨਹੀਂ ਹੈ, ਮੈਂ ਤੈਨੂੰ ਚੰਗੀ ਤਰਾਂ ਜਾਣਦਾ ਹਾਂ, ਕਿਉਂਕਿ ਤੇਰਾ ਪਿਓ ਤੇ ਦਾਦਾ ਸੱਤਾਂ ਕੁਲਾਂ ਤਕ ਸਾਰੇ ਮੇਰੇ ਹੀ ਸੇਵਕ ਹੋਏ ਹਨ । ੪. ਜੈਨੀ ਦੀ ਇਹ ਗੱਲ ਸੁਣਕੇ, ਬੋਧੀ ਦੇ ਚਿੱਤ ਵਿਚ ਬੜਾ ਹੀ ਕਰੋਧ ਜਾਗ ਪਿਆ ।੬੭।

ਭਿੱਛਕ ਉਵਾਚ ॥

**ਦੋਹਰਾ–੧. ਹਾ ਪਿਸਾਚ ਪਾਪੀ ਬਡੇ ਮੋਕੋ ਕਹੈਂ ਸੁ ਦਾਸ ॥**
**੨. ਦੰਤ ਪੰਕ ਧਰ ਮਲਨ ਤਨ ਬੁਰੀ ਸੁ ਤੇ ਤਨ ਬਾਸ ॥੬੮॥**

੧. ਬੋਧੀ ਕਹਿਣ ਲੱਗਾ–ਧਿੱਕਾਰ ਹੈ ਤੈਨੂੰ, ਹੇ ਪਿਸਾਚ ! ਤੂੰ ਬੜਾ ਹੀ ਪਾਪੀ ਹੈਂ ਅਤੇ ਮੈਨੂੰ ਆਪਣਾ ਦਾਸ ਕਹਿੰਦਾ ਹੈਂ ? ੨. ਤੇਰੇ ਦੰਦਾਂ ਉਤੇ ਚੱਪਾ ਚੱਪਾ ਚਿੱਕੜ ਜੰਮਿਆ ਹੋਇਆ ਹੈ, ਤੇਰਾ ਸਰੀਰ ਮਹਾਂ ਗੰਦਾ ਹੈ ਅਤੇ ਤੇਰੇ ਸਰੀਰ ਵਿਚੋਂ ਬੜੀ ਭਾਰੀ ਬਦ-ਬੂ ਆ ਰਹੀ ਹੈ (ਮੈਨੂੰ ਆਪਣਾ ਦਾਸ ਆਖਦਿਆਂ ਹੋਇਆਂ ਤੈਨੂੰ ਲੱਜਾ ਨਹੀਂ ਆਉਂਦੀ ?) ਤੂੰ ਮੈਨੂੰ ਆਪਣਾ ਦਾਸ ਕਿਵੇਂ ਆਖਦਾ ਹੈਂ ? ।੬੮।

ਖਿਪਣਕ ਉਵਾਚ ॥

**ਚੌਪਈ ॥**

**੧. ਹੇ ਬਿਹਾਰ ਦਾਸੀ ਕੇ ਪਿਆਰੇ ॥ ਯਹ ਇਕ ਮਮ ਦ੍ਰਿਸ਼ਟਾਂਤ ਉਚਾਰੇ ॥**
**੨. ਕੋਪ ਨਾ ਤੂੰ ਮਨ ਭੀਤਰ ਆਨ ॥ ਤੋਰੋ ਹਿਤ ਅਬ ਕਰੋਂ ਬਖਾਨ ॥੬੯॥**

ਬਿਹਾਰ ਦਾਸੀ=ਜਣੇ ਖਣੇ ਨਾਲ ਵਿਸ਼ਾ ਭੋਗ ਕਰਨ ਵਾਲੀ ਸੇਵਕਾ। ਬੋਧ ਮਤ ਦੇ ਮੰਦਰਾਂ ਵਿਚ ਜੋ ਕੋਈ ਇਸਤ੍ਰੀ ਸੇਵਕਿਨ ਹੋ ਕੇ ਰਹਿੰਦੀ ਹੈ, ਉਸ ਦੇ ਨਾਲ ਬੁਧ ਮਤ ਦੇ ਸਾਧੂ ਵਿਸ਼ੇ ਭੋਗ ਕਰਦੇ ਹਨ, ਇਸ ਲਈ ਬੋਧੀਆਂ ਵਾਸਤੇ ਇਹ ਇਕ ਤਰ੍ਹਾਂ ਦੀ ਗਾਲ ਹੈ ।

Sri Satguru Jagjit Singh Ji Elibrary NamdhariElibrary@gmail.com

੧. ਜੈਨੀ ਕਹਿਣ ਲਗਾ–ਹੇ ਬਿਹਾਰ ਦਾਸੀ ਦੇ ਪਿਆਰੇ ! (ਤੂੰ ਕ੍ਰੋਧ ਨਾ ਕਰ, ਇਸ ਵਿਚ ਕ੍ਰੋਧ ਕਰਨ ਦਾ ਕੋਈ ਕਾਰਨ ਨਹੀਂ ਹੈ), ਇਹ ਤਾਂ ਮੈਂ ਤੈਨੂੰ ਇਕ ਦ੍ਰਿਸ਼ਟਾਂਤ ਕਿਹਾ ਹੈ ਅਸਲ ਵਿਚ ਤੂੰ ਕੋਈ ਸੇਵਕ ਨਹੀਂ ਹੈਂ । ੨. ਤੂੰ ਮਨ ਵਿਚ ਕ੍ਰੋਧ ਨਾ ਲਿਆ (ਅਤੇ ਮੇਰਾ ਕਿਹਾ ਸੁਣ), ਹੁਣ ਤੇਰੇ ਭਲੇ ਵਾਸਤੇ (ਮੈਂ ਤੈਨੂੰ ਇਹ ਗੱਲ) ਕਹਿਣ ਲਗਾ ਹਾਂ ॥ ੬੯ ॥

**ਦੋਹਰਾ–੧. ਬੁਧ ਅਨੁਸਾਸਨ ਦੂਰ ਤਜ ਅਰਹੰਤ ਮਤੇ ਉਦਾਰ ॥**
**੨. ਮੋਹਿ ਦਿਗੰਬਰ ਪਦ ਲਹੋ ਦੇਹੁ ਸੁ ਬਸਨ ਉਤਾਰ ॥ ੭੦ ॥**

ਅਨੁਸਾਸਨ=ਆਗਯਾ, ਸਿਖ੍ਯਾ । ਦਿਗੰਬਰ=ਨੰਗ ਧੜੰਗਾ ।

੧. ਬੁਧ ਦੀ ਸਿਖਿਆ ਦਾ ਤਿਆਗ ਕਰ ਦਿਓ ਅਤੇ ਅਰਹੰਤ ਜੀ ਦੇ ਮਤ ਨੂੰ ਧਾਰਨ ਕਰ ਲੈ । ੨.ਮੇਰੇ ਵਾਂਗੂ ਨੰਗ-ਧੜੰਗਾ (ਰਹਿਣ ਦੀ) ਪਦਵੀ ਲੈ ਕੇ, (ਤਨ ਤੋਂ) ਕਪੜੇ ਉਤਾਰ ਕੇ ਸੁਟ ਦੇਹ ॥ ੭੦ ॥

ਭਿਛਕ ਉਵਾਚ ॥

**ਚੌਪਈ ॥**

**੧. ਹਾ ਪਾਪੀ ਤੂੰ ਭਯੋ ਸੁ ਨਸ਼ਟ ॥ ਔਰਨ ਨਾਸ ਚਹੈਂ ਅਤਿ ਦੁਸ਼ਟ ॥**
**੨. ਮਨੋ ਮਸਾਨ ਪਿਸਾਚਹਿ ਆਯੋ ॥ ਯੋ ਤਵਿ ਦੇਖਿ ਲੋਕ ਡਰਪਾਯੋ ॥ ੭੧ ॥**

੧. ਬੋਧੀ ਕਹਿਣ ਲਗਾ–ਹੇ ਪਾਪੀ ਜੈਨੀ ! ਤੂੰ ਆਪ ਤਾਂ ਨਸ਼ਟ ਹੋ ਗਿਆ ਹੈਂ, ਓ ਵਡੇ ਦੁਸ਼ਟਾ ! ਤੂੰ ਹੋਰਨਾਂ ਨੂੰ ਭੀ ਨਾਸ ਕਰਨਾ ਚਾਹੁੰਦਾ ਹੈਂ ? ੨. ਤੇਰਾ ਅਜਿਹਾ ਗੰਦਾ ਰੂਪ ਹੈ ਜਿਵੇਂ ਹੁਣੇ ਹੀ ਮਸਾਨਾਂ ਵਿਚੋਂ ਨਿਕਲ ਕੇ ਪਰੇਤ ਆਇਆ ਹੁੰਦਾ ਹੈ, ਤੇਰਾ ਇਸ ਤਰ੍ਹਾਂ (ਦਾ ਰੂਪ) ਵੇਖ ਕੇ ਲੋਕੀਂ ਡਰ ਪਾ ਰਹੇ ਹਨ ॥੭੧॥

**ਚੌਪਈ ॥**

**੧. ਲੋਕ ਅਨਿੰਦਤ ਜੋ ਵਡਭਾਗੀ ॥ ਅਪਨੋ ਰਾਜ ਸੁਖ ਬਹੁ ਤਿਆਗੀ ॥**
**੨. ਤੇਰੋ ਵੇਸ ਪਿਸਾਚ ਸੁ ਜੋਈ ॥ ਕੌਨ ਚਹੇ ਭਵ ਭੀਤਰ ਸੋਈ ॥ ੭੨ ॥**

੧. ਫਿਰ ਜੋ ਮੇਰਾ ਬੁਧ ਮੱਤ ਹੈ, ਇਹ ਲੋਕਾਂ ਦੀ ਨਿੰਦਾ ਰਹਿਤ ਹੈ ਅਤੇ ਕੋਈ ਵਡੇ ਭਾਗਾਂ ਵਾਲਾ (ਹੀ ਬੁਧ ਮਤ ਨੂੰ ਧਾਰਨ ਕਰਦਾ ਹੈ, ਇਸ ਮੱਤ ਵਿਚ) ਰਾਜ ਸੁਖ ਦੇ ਸਮਾਨ ਹੀ ਬਹੁਤ ਸੁਖ (ਪ੍ਰਾਪਤ ਹੁੰਦੇ ਹਨ, ਕੋਈ ਮੰਦੇ ਭਾਗਾਂ ਵਾਲਾ ਹੀ ਇਸ ਤਰ੍ਹਾਂ ਦੇ) ਆਪਣੇ ਰਾਜ ਸੁਖਾਂ ਦਾ ਤਿਆਗ ਕਰੇਗਾ । ੨. ਪਰੇਤ ਸਮਾਨ ਹੀ ਤੇਰਾ ਮਲੀਨ ਰੂਪ ਹੈ, ਉਸ ਨੂੰ ਜਗਤ ਵਿਚ ਕੌਣ ਚਾਹੇਗਾ ? ਜਿਹੜਾ (ਕੋਈ ਚਾਹੁੰਦਾ ਹੋਵੇਗਾ, ਉਹ ਬੜਾ ਹੀ ਬਦ-ਨਸੀਬ ਹੋਵੇਗਾ) ॥ ੭੨ ॥

**ਦੋਹਰਾ–੧. ਅਰਹੰਤ ਨਹਿ ਸਰਬੱਗ ਥੋ ਧਰਮ ਕਹੇ ਕਿਹ ਸੋਇ ॥**
**੨. ਤੋ ਬਿਨੁ ਸਰਧਾ ਤਾਂਹਿ ਮਤੁ, ਕਹੋ ਸੁ ਕਾਂਕੋ ਹੋਇ ॥ ੭੩ ॥**

੧. ਫਿਰ ਅਰਹੰਤ ਕੋਈ ਸਰਬੱਗ ਪੁਰਸ਼ ਭੀ ਨਹੀਂ ਸੀ, (ਜੋ ਪੁਰਸ਼ ਸਰਬੱਗ ਹੀ ਨਹੀਂ) ਉਹ ਧਰਮ ਦਾ ਵਰਣਨ ਕਿਵੇਂ ਕਰ ਸਕਦਾ ਹੈ ? ੨. ਤੂੰ ਹੀ ਦਸ ਕਿ ਤੈਥੋਂ ਬਿਨਾਂ ਹੋਰ ਕਿਹੜਾ ਹੈ ਜਿਹੜਾ ਉਸ ਦੇ ਮੱਤ ਉਤੇ ਸਰਧਾ ਰਖਦਾ ਹੈ ? (ਅਰਥਾਤ ਤੇਰਾ ਅਰਹੰਤ ਸਰਬੱਗ ਨਹੀਂ ਸੀ, ਫੇਰ ਉਸ ਦਾ ਮੱਤ ਬਹੁਤ ਹੀ ਗੰਦਾ ਹੈ, ਤੇਰੇ ਵਰਗਾ ਮੂਰਖ ਹੀ ਇਸ ਮੱਤ ਨੂੰ ਧਾਰ ਸਕਦਾ ਹੈ, ਕੋਈ ਅਕਲ ਵਾਲਾ ਤਾਂ ਤੇਰੇ ਇਸ ਮੱਤ ਨੂੰ ਕਦੇ ਭੀ ਧਾਰਨ ਨਹੀਂ ਕਰੇਗਾ) ॥ ੭੩ ॥

Sri Satguru Jagjit Singh Ji Elibrary NamdhariElibrary@gmail.com

ਖਿਪਣਕ ਉਵਾਚ ॥

**ਚੌਪਈ ॥**

**੧. ਗ੍ਰਹਿ ਨਿਖਤ੍ਰ ਸਗਲੇ ਸੇ ਜਾਨੇ ॥ ਚੰਦ੍ਰ ਰਵਿ ਕੇ ਗ੍ਰਹਣ ਬਖਾਨੇ ॥**

**੨. ਨਸ਼ਟ ਲਾਭ ਪੁਨ ਭਾਵੀ ਗਯਾਨ ॥ ਪਾਛੇ ਭਈ ਸੁ ਕਰੇ ਬਖਾਨ ॥ ੭੪ ॥**

**੩. ਗਣਨਾ ਮਹਿ ਅੰਤਰ ਨਹਿ ਰਹੈ ॥ ਅਤੀਂਦ੍ਰੇ ਵਸਤੁ ਗਯਾਨ ਵਹੁ ਕਹੈ ॥**

**੪. ਤਾਂਤੇ ਹੈ ਸਰਬੱਗ ਅਰਹੰਤ ॥ ਐਸੇ ਮਾਨੇਂ ਜੋ ਜਗ ਸੰਤ ॥ ੭੫ ॥**

੧. ਜੈਨੀ ਕਹਿਣ ਲਗਾ-ਨੌ ਗ੍ਰਹਿ ਤੇ ਸਤਾਈ ਨਛਤ੍ਰ ਇਨ੍ਹਾਂ ਸਭਨਾਂ ਨੂੰ (ਅਰਹੰਤ) ਜਾਣਦਾ ਸੀ ਅਤੇ ਸੂਰਜ ਤੇ ਚੰਦ੍ਰਮਾ ਨੂੰ (ਜਦੋਂ) ਗ੍ਰਹਿਣ (ਲਗਦਾ ਹੈ) । ਉਹ ਸਾਰਾ ਸਮਾਂ ਠੀਕ ਠੀਕ ਦਸ ਦੇਂਦਾ ਸੀ । ੨. ਹਾਨ ਲਾਭ ਤੇ ਅਗੇ ਹੋਣ ਵਾਲੀ ਗਲ ਨੂੰ ਜਾਣਦਾ ਅਤੇ ਦਸ ਦੇਂਦਾ ਸੀ, ਜਿਹੜੀ ਗੱਲ ਪਿਛੇ ਹੋ ਗੁਜ਼ਰੀ ਹੋਵੇ, ਉਹ ਭੀ ਸਭ ਦਸ ਦੇਂਦਾ ਸੀ ॥ ੭੪ ॥

੩. ਅਰਹੰਤ ਦੀ ਦਸੀ ਹੋਈ ਗਿਣਤੀ ਵਿਚ ਰਤਾ ਜਿੰਨਾ ਭੀ ਫਰਕ ਨਹੀਂ ਸੀ ਰਹਿੰਦਾ । ਜੋ ਵਸਤੂ ਕਿਸੇ ਭੀ ਇੰਦਰੇ ਕਰਕੇ ਦਿਸ ਨਹੀਂ ਸਕਦੀ, ਉਸ ਵਸਤੂ ਦਾ ਗਿਆਨ ਭੀ ਕਹਿ ਦੇਂਦਾ ਸੀ । ੪. ਇਨ੍ਹਾਂ ਗੱਲਾਂ ਨੂੰ ਵੇਖ ਸੁਣ ਕੇ ਮੈਂ ਕਹਿੰਦਾ ਹਾਂ ਕਿ ਅਰਹੰਤ ਸਰਬੱਗ ਹੈ ਅਤੇ ਜਗਤ ਦੇ ਹੋਰ ਜਿਹੜੇ ਸੰਤ ਹਨ, ਉਹ ਭੀ ਇਸੇ ਤਰ੍ਹਾਂ ਮੰਨਦੇ ਹਨ ॥੭੫॥

ਕਵਿ ਉਵਾਚ ॥

**ਦੋਹਰਾ-੧. ਸੁਨਿ ਭਿੱਛਕ ਅਤਿਸੈ ਹਸਯੋ ਭੂਪਤਿ ਸਭਾ ਮਝਾਰ ॥**

**੨. ਗੁਲਾਬ ਸਿੰਘ ਅਤਿ ਔਰ ਹੀ ਲਾਗੋ ਕਰਨ ਉਚਾਰ ॥ ੭੬ ॥**

ਗਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ-ਜੈਨੀ ਦੇ ਮੂੰਹੋਂ ਇਹ ਗੱਲ ਸੁਣਕੇ ਰਾਜੇ ਕੀਰਤ ਵਰਮਾ ਦੀ ਸਭਾ ਵਿਚ ਬੋਧੀ ਖਿੜ ਖਿੜਾ ਕੇ ਹਸ ਪਿਆ ਅਤੇ ਉਸ ਦੀ ਗੱਲ ਨੂੰ ਕਿਸੇ ਹੋਰ ਹੀ ਤਰੀਕੇ ਨਾਲ ਕਥਨ ਕਰਨ ਲਗਾ ॥ ੭੬ ॥

ਭਿੱਛਕ ਉਵਾਚ ॥

**ਚੌਪਈ ॥**

**੧. ਅਨਾਦਿ ਕਾਲ ਕੋ ਜੋਤਿਕ ਜੋਈ ॥ ਅਤੀਂਦ੍ਰੇ ਗਯਾਨ ਕਹੈ ਸਭ ਕੋਈ ॥**

**੨. ਤਾਂ ਪਰਤਾਰਕ ਤੁਮ ਜਗ ਭਏ ॥ ਕਸ਼ਟ ਬ੍ਰਿਤਿ ਸਿਰ ਪਰ ਧਰ ਲਏ ॥੭੭॥**

ਪਰਤਾਰਕ=ਵਡੇ ਭਾਰੇ ਠਗ ।

੧. ਬੋਧੀ ਕਹਿਣ ਲਗਾ-ਜੋ ਜੋਤਿਸ਼ ਵਿਦਯਾ ਸ਼ੁਰੂ ਕਾਲ ਤੋਂ ਚਲੀ ਆਉਂਦੀ ਹੈ, (ਉਸ ਨੂੰ ਪੜ੍ਹ ਲੈਣ ਵਾਲਾ ਪੁਰਸ਼) ਨਾ ਦਿਸਣ ਵਾਲੇ ਪਦਾਰਥਾਂ ਦੇ ਗਿਆਨ ਨੂੰ ਹਰ ਕੋਈ ਕਹਿ ਸਕਦਾ ਹੈ। ੨. ਉਸ (ਜੋਤਿਸ਼ ਵਿਦਯਾ ਨੂੰ ਪੜ੍ਹਕੇ ਜਗਤ ਵਿਚ ਤੁਸੀਂ ਇਸ ਤਰ੍ਹਾਂ ਦੇ ਵਡੇ ਭਾਰੇ ਠੱਗ ਹੋਏ ਹੋ (ਕਿ ਜੋਤਸ਼ ਵਿਦਯਾ ਨਾਲ ਦਸੀ ਹੋਈ ਗੱਲ ਨੂੰ ਤੁਸੀਂ ਆਪਣੀ ਕਰਾਮਾਤ ਜ਼ਾਹਰ ਕਰ ਰਹੇ ਹੋ) ਅਤੇ ਵਡੀ ਭਾਰੀ ਕਸ਼ਟ ਬ੍ਰਿਤੀ ਨੂੰ ਤੁਸਾਂ ਸਿਰ ਉਤੇ ਧਰ ਲਿਆ ਹੈ) ॥ ੭੭ ॥

**ਚੌਪਈ ॥**

**੧. ਔਰ ਕਹੌਂ ਇਕ ਕਰੌਂ ਬਖਾਨ ॥ ਤਵ ਮਤ ਜੀਵ ਸਰੀਰ ਪ੍ਰਮਾਨ ॥**

**੨. ਬਿਨਾ ਸਬੰਧ ਤ੍ਰਿਲੋਕੀ ਗਯਾਨ ॥ ਤਾਕੋ ਕਿਹ ਬਿਧ ਹੋਇ ਸੁ ਭਾਨ ॥ ੭੮ ॥**

੧. ਮੈਂ ਇਕ ਹੋਰ ਗੱਲ ਕਥਨ ਕਰਦਾ ਹਾਂ, ਉਸ ਦਾ ਉੱਤਰ ਭੀ ਕਥਨ ਕਰੋ, ਤੇਰੇ ਮੱਤ ਵਿਚ ਸਰੀਰ ਦੇ ਅਕਾਰ ਜੇਡਾ ਹੀ ਆਤਮਾ ਮੰਨਿਆ ਹੈ। ੨. ਅਤੇ ਇਹ ਨਿਯਮ ਹੈ ਕਿ ਜਿੰਨਾ ਚਿਰ ਕਿਸੇ ਪਦਾਰਥ ਨਾਲ ਆਤਮਾ ਦਾ ਸਬੰਧ ਨਾ ਹੋਵੇ,ਓਨਾ ਚਿਰ ਪਦਾਰਥ ਦਾ ਗਿਆਨ ਨਹੀਂ ਹੋ ਸਕਦਾ। (ਵੇਦਾਂਤ ਸ਼ਾਸਤ੍ਰ ਦਾ ਕਥਨ ਹੈ ਕਿ ਜਦ ਤਕ ਅੰਤਹਕਰਣ ਦੀ ਬ੍ਰਿਤੀ ਨੇਤਰਾਂ ਦੇ ਰਾਹੀਂ ਨਿਕਲ ਕੇ ਕਿਸੇ ਪਦਾਰਥ ਦੇ ਅਕਾਰ ਵਾਲੀ ਨਾ ਹੋਵੇ, ਤਦ ਤਕ ਉਸ ਪਦਾਰਥ ਦਾ ਯਥਾਰਥ ਗਿਆਨ ਨਹੀਂ ਹੋ ਸਕਦਾ। ਜਦ ਅੰਤਹਕਰਣ ਦੀ ਬ੍ਰਿਤੀ ਅੱਖਾਂ ਦੇ ਰਾਹ ਥਾਣੀ ਨਿਕਲ ਕੇ ਕਿਸੇ ਪਦਾਰਥ ਦੇ ਅਕਾਰ ਵਾਲੀ ਹੋਵੇ, ਤਾਂ ਹੀ ਉਸ ਪਦਾਰਥ ਦਾ ਅਸਲ ਗਿਆਨ ਹੁੰਦਾ ਹੈ। ਤੂੰ ਸਰੀਰ ਦੇ ਅਕਾਰ ਜੇਡਾ ਹੀ ਆਤਮਾ ਦਾ ਅਕਾਰ ਮੰਨਦਾ ਹੈਂ, ਉਸ ਆਤਮਾ ਦਾ ਕਿਸੇ ਨਾਲ ਸਬੰਧ ਹੋਏ ਤੋਂ ਬਿਨਾਂ ਤ੍ਰਿਲੋਕੀ ਵਿਚਲੇ ਪਦਾਰਥਾਂ ਦਾ ਗਿਆਨ ਕਿਵੇਂ ਹੋ ਸਕਦਾ ਹੈ? ਜਦ ਤਕ ਕਿਸੇ ਪਦਾਰਥ ਨਾਲ ਆਤਮਾ ਦਾ ਸਬੰਧ ਨਾ ਹੋਵੇ, ਤਦ ਤਕ ਉਸ ਪਦਾਰਥ ਦਾ ਗਿਆਨ ਨਹੀਂ ਹੋ ਸਕਦਾ,ਜੈਸਾ ਕਿ-)।੭੮।

**ਚੌਪਈ ॥**

**੧. ਕੁੰਭੋਪਹਿਤ ਦੀਪਕ ਹੈ ਜੋਈ ॥ ਯੱਦਪਿ ਸਿਖਾ ਬਡੀ ਤਿਹ ਹੋਈ ॥**
**੨. ਗ੍ਰਿਹਿ ਮੈਂ ਅਹੈਂ ਪਦਾਰਥ ਜੇਤੇ ॥ ਕਬੀ ਪ੍ਰਕਾਸ਼ ਸਕੇ ਨਹਿ ਤੇਤੇ ॥ ੭੯ ॥**

ਕੁੰਭੋਪਹਿਤ=(ਕੁੰਭ=ਘੜਾ+ਉਪਹਿਤ=ਉਪਾਧੀ ਯੁਕਤ) ਘੜੇ ਦੇ ਅੰਦਰ, ਘੜੇ ਦੇ ਵਿਚ। ਦੀਪਕ=ਦੀਵਾ। ਯਦਪਿ=ਭਾਵੇਂ ਜੇਕਰ। ਸਿਖਾ=ਬੱਤੀ, ਲਾਟ। ਗ੍ਰਿਹਿ=ਘਰ।

੧. ਜਿਹੜਾ ਦੀਵਾ ਘੜੇ ਦੇ ਵਿਚ ਬਲ ਰਿਹਾ ਹੈ,ਭਾਵੇਂ ਉਸ ਦੀ ਲਾਟ ਬਹੁਤ ਹੀ ਮੋਟੀ ਤੇ ਉਚੀ ਹੋਵੇ। ੨. ਤਾਂ ਭੀ ਘਰ ਦੇ ਵਿਚ ਜਿੰਨੇ ਪਦਾਰਥ ਪਏ ਹਨ, ਉਸ ਦੀਵੇ ਦਾ ਚਾਨਣ ਉਨ੍ਹਾਂ ਨੂੰ ਕਦੇ ਭੀ ਪ੍ਰਕਾਸ਼ ਨਹੀਂ ਕਰ ਸਕਦਾ,(ਕਿਉਂਕਿ ਦੀਵੇ ਦੀ ਰੋਸ਼ਨੀ ਦਾ ਪਦਾਰਥਾਂ ਨਾਲ ਸਬੰਧ ਨਹੀਂ ਨਾ ਹੋ ਰਿਹਾ,ਉਹ ਰੋਸ਼ਨੀ ਤਾਂ ਘੜੇ ਦੇ ਵਿਚ ਹੀ ਢਕੀ ਹੋਈ ਹੈ, ਇਵੇਂ ਹੀ ਸਰੀਰ ਰੂਪੀ ਘੜੇ ਦੇ ਵਿਚ ਜੋ ਆਤਮਾ ਰੂਪੀ ਦੀਵਾ ਬਹੁਤ ਹੀ ਪ੍ਰਕਾਸ਼-ਵਾਨ ਹੈ, ਪਰ ਉਸ ਦਾ ਕਿਸੇ ਪਦਾਰਥ ਨਾਲ ਸਬੰਧ ਜੁ ਨਹੀਂ ਹੈ, ਇਸ ਲਈ ਉਹ ਭੀ ਕਿਸੇ ਪਦਾਰਥ ਦਾ ਗਿਆਨ ਨਹੀਂ ਕਰਾ ਸਕਦਾ, ਘੜੇ ਅੰਦਰਲੇ ਦੀਵੇ ਵਾਂਗੂ। ਇਸ ਤਰ੍ਹਾਂ ਤਾਂ ਤੁਹਾਡੇ ਮੱਤ ਵਿਚ ਪਦਾਰਥ ਦਾ ਗਿਆਨ ਕਿਸੇ ਨੂੰ ਨਹੀਂ ਹੋ ਸਕਦਾ ਹੋਣਾ) ॥ ੭੯ ॥

**ਚੌਪਈ ॥**

**੧. ਤਾਂਤੇ ਅਰਹੰਤ ਦਰਸ਼ਨ ਜੋਈ ॥ ਉਭੈ ਸੁ ਲੋਕ ਵਿਰੋਧੀ ਸੋਈ ॥**
**੨. ਸੌਗਤ ਦਰਸਨ ਅਤਿ ਸੁਖਕਾਰੋ ॥ ਵਹਿ ਹਮ ਸੁੰਦਰ ਨੈਨ ਨਿਹਾਰੋ॥੮੦॥**

ਦਰਸ਼ਨ=ਸ਼ਾਸਤ੍ਰ, (੨) ਮਤ। ਉਭੈ=ਦੋਹਾਂ। ਵਿਰੋਧੀ=ਉਲਟ। ਸੌਗਤ=ਬੁਧ।

੧. ਇਸ ਕਰਕੇ ਜੋ 'ਅਰਹੰਤ ਸ਼ਾਸਤ੍ਰ' ਹੈ, ਉਹ ਦੋਹਾਂ ਲੋਕਾਂ (ਦੀ ਮਰਯਾਦਾ ਤੋਂ) ਉਲਟ ਹੈ। ੨. ਅਤੇ 'ਬੁਧ ਸ਼ਾਸਤ੍ਰ' ਸੁਖ ਦੇਣ ਵਾਲਾ ਹੈ, ਉਹ ਅਸਾਂ ਅਖਾਂ ਨਾਲ ਵੇਖ ਲਿਆ ਹੈ (ਕਿ ਬੁਧ ਮਤ ਵਿਚ ਬੜੇ) ਸੁੰਦਰ ਸੁਖ ਹਨ ॥ ੮੦ ॥

ਸ਼ਾਂਤਿ ਉਵਾਚ ॥

**ਦੋਹਰਾ—੧. ਸਜਨੀ ਸਰਧਾ ਨਹਿਂ ਇਹਾਂ, ਚਲੋਂ ਠੌਰ ਅਬ ਆਨ ॥**
**੨. ਕਰਣਾ ਕਹਿਓ ਸ ਏਵ ਕਰਿ. ਆਗੇ ਕੀਨ ਪਯਾਨ ॥ ੮੧ ॥**

Sri Satguru Jagjit Singh Ji Elibrary NamdhariElibrary@gmail.com

੧. ਸ਼ਾਂਤੀ ਨੇ ਕਿਹਾ-ਹੇ ਸਖੀ ! (ਇਥੇ ਭੀ ਮਾਤਾ) ਸਰਧਾ ਨਹੀਂ ਹੈ, ਹੁਣ ਕਿਸੇ ਹੋਰ ਜਗ੍ਹਾ ਤੇ ਚਲਣਾ ਚਾਹੀਦਾ ਹੈ। ੨. ਅਗੋਂ ਕਰੁਣਾ ਨੇ ਉੱਤਰ ਦਿਤਾ-ਚੰਗਾ, ਏਵੇਂ ਹੀ ਕਰ, (ਇਹ ਕਹਿ ਕੇ ਦੋਵੇਂ) ਅਗੇ ਨੂੰ ਤੁਰ ਪਈਆਂ ॥ ੯੧ ॥

**ਦੋਹਰਾ-੧. ਸ਼ਾਂਤਿ ਸੁ ਆਗੇ ਦੇਖ ਕਰਿ, ਬੋਲੀ ਬਚਨ ਉਦਾਰ ॥**
**੨. ਸੋਮ ਸਿਧਾਂਤ ਸੁ ਯਹਿ ਖੜੇ, ਆਗੇ ਸਖੀ ਨਿਹਾਰ ॥ ੯੨ ॥**

ਸੋਮ ਸਿਧਾਂਤ=ਵਾਮ ਮਾਰਗ ਮਤ।

੧. ਅਗੇ (ਵਲ ਨੂੰ ਜਾਂਦੀ ਹੋਈ) ਸ਼ਾਂਤੀ ਨੇ ਸੋਮ ਸਿਧਾਂਤ ਨੂੰ ਸਾਹਮਣੇ ਤੋਂ ਆਉਂਦਾ ਵੇਖਿਆ ਤਾਂ ਆਪਣੀ ਸਹੇਲੀ ਨੂੰ ਸੁੰਦਰ ਬਚਨ ਕਹਿਣ ਲਗੀ। ੨. ਹੇ ਸਖੀ ! ਤੇਰੇ ਸਾਹਮਣੇ ਇਹ ਸੋਮ ਸਿਧਾਂਤ (ਵਾਮ ਮਾਰਗ ਮੱਤ) ਖੜੋਤਾ ਹੈ, (ਇਸ ਵਲੇ ਤਾਂ) ਵੇਖ ॥ ੯੨ ॥

**ਦੋਹਰਾ-੧. ਭਵਤੁ ਤਥਾ ਕਰੁਣਾ ਕਹਯੋ ਚਲੇਂ ਸਮੀਪ ਸੁ ਯਾਹਿ ॥**
**੨. ਮਤ ਸਰਧਾ ਤਹ ਹੋਇ ਪੁਨ ਅਬ ਲੌ ਪੇਖੀ ਨਾਹਿ ॥ ੯੩ ॥**

ਭਵਤੁ=ਹੋਵੇ, ਠੀਕ ਹੈ। ਤਥਾ=ਉਸੇ ਤਰ੍ਹਾਂ। ਸਮੀਪ=ਕੋਲ। ਲੌ=ਤਕ।

੧. ਕਰੁਣਾ ਨੇ ਕਿਹਾ-(ਜੋ ਤੂੰ ਕਿਹਾ ਹੈ) ਓਹੀ ਠੀਕ ਹੈ, ਪਰ ਇਸ ਦੇ ਕੋਲ ਜਾਣਾ ਚਾਹੀਦਾ ਹੈ। ੨. ਭਲਾ ਸਰਧਾ ਇਸ ਦੇ (ਫੰਧੇ ਵਿਚ ਫਸੀ) ਹੋਈ ਹੀ ਦਿਸ ਪਵੇ, ਕਿਉਂਕਿ ਅਜੇ ਤਕ ਹੋਰ ਕਿਤੇ ਜੁ ਦਿਸੀ ਨਹੀਂ ਹੈ ॥ ੯੩ ॥

**ਦੋਹਰਾ-ਤਬੈ ਕਪਾਲਕ ਰੂਪ ਧਰਿ, ਸੋਮ ਸਿਧਾਂਤ ਪਰਵੇਸ਼ ॥**
**ਕੀਨੋ ਸਭਾ ਮਝਾਰ ਤਹ, ਜਿਹ ਕੀਰਤ ਵਰਮ ਨਰੇਸ਼ ॥ ੯੪ ॥**

ਕਪਾਲਕ=ਵਾਮ ਮਾਰਗੀ ਮੱਤ ਦਾ ਸਾਧੂ। ਨਰੇਸ਼=ਰਾਜਾ।

ਉਸੇ ਵੇਲੇ ਹੀ ਕਪਾਲਕ ਦਾ ਰੂਪ ਧਰ ਕੇ, ਵਾਮ ਮਾਰਗ ਮੱਤ ਉਸ ਸਭਾ ਵਿਚ ਚਲਾ ਗਿਆ, ਜਿਥੇ ਰਾਜਾ ਕੀਰਤ ਵਰਮਾ ਬੈਠਾ ਹੋਇਆ ਸੀ ॥ ੯੪ ॥

ਨੋਟ-ਅਗੇ ਕਪਾਲਕ ਦੇ ਰੂਪ ਦਾ ਵਰਣਨ ਕਰਦੇ ਹਨ।

**ਸਵੈਯਾ ॥**

**੧. ਨਰ ਹਾਡਨ ਕੀ ਗਲ ਮਾਲ ਧਰੀ ਸ਼ਵ ਦੰਤਨ ਕੇ ਸ਼੍ਰੁਤ ਕੁੰਡਲ ਛਾਏ ॥**
**੨. ਭੁਜ ਅੰਗਦ ਹਾਡਨ ਕੇ ਸੁ ਧਰੇ, ਨਿਸ ਕੋ ਸੁ ਮਸਾਨਨ ਮਾਂਹਿ ਬਿਸਾਏ ॥**
**੩. ਮਜਨ ਛਾਰ ਬਿਖੇ ਸੁ ਕਰੇ ਤਨ ਮੈਂ ਸੁ ਮਸਾਨ ਕੀ ਛਾਰ ਲਗਾਏ ॥**
**੪. ਅਤਿ ਭੀਖਨ ਆਹਿ ਅਕਾਰ ਬਡੋ ਨਰ ਮੂੰਡ ਕਪਾਲ ਸੁ ਭੋਜਨ ਪਾਏ॥੯੫॥**

ਹਾਡਨ=ਹਡੀਆਂ। ਸ਼ਵ=ਮੁਰਦਾ। ਦੰਤਨ=ਦੰਦ। ਸ਼੍ਰੁਤ=ਕੰਨ। ਕੁੰਡਲ=ਵਾਲੇ, ਕੰਨ ਦਾ ਗਹਿਣਾ। ਛਾਏ=ਸੋਭ ਰਿਹਾ। ਭੁਜ=ਬਾਂਹ, ਡੌਲਾ। ਅੰਗਦ=ਬੁਹੱਟਾ, ਇਕ ਤਰ੍ਹਾਂ ਦਾ ਗਹਿਣਾ ਜੋ ਡੌਲੇ ਉਤੇ ਬੰਨ੍ਹਿਆ ਜਾਂਦਾ ਹੈ। ਭੀਖਨ=ਡਰੌਣੀ ਸ਼ਕਲ। ਨਰ ਮੂੰਡ=ਮਨੁਖ ਦਾ ਸਿਰ। ਕਪਾਲ=ਖੋਪਰੀ, ਖੱਪਰ।

੧. ਮਨੁਖ ਦੀਆਂ ਹੱਡੀਆਂ ਦੀ ਮਾਲਾ ਗਲ ਵਿਚ ਪਾਈ ਹੋਈ ਹੈ ਅਤੇ ਮੁਰਦੇ ਦੇ ਦੰਦਾਂ ਦੇ 'ਵਾਲੇ'

Sri Satguru Jagjit Singh Ji Elibrary NamdhariElibrary@gmail.com

(ਬਣਾਕੇ ਉਸ ਨੇ ਆਪਣੇ) ਕੰਨਾਂ ਵਿਚ ਪਾਏ ਹੋਏ ਹਨ। ੨. ਡੌਲੇ ਉਤੇ ਹੱਡੀਆਂ ਦਾ ਹੀ ਬੁਹੱਟਾ ਬੱਧਾ ਹੋਇਆ ਹੈ ਅਤੇ ਰਾਤ ਦੇ ਸਮੇਂ ਮਸਾਨਾਂ ਵਿਚ ਜਾਕੇ ਵੱਸਦਾ ਹੈ। ੩. ਸਵਾਹ ਵਿਚ ਹੀ ਉਸ ਨੇ ਇਸ਼ਨਾਨ ਕੀਤਾ ਹੋਇਆ ਹੈ ਅਤੇ ਸਰੀਰ ਉਤੇ ਮਸਾਨਾਂ ਦੀ ਸਵਾਹ ਮਲੀ ਹੋਈ ਹੈ। ੪. ਵਡੀ ਡਰਾਉਣੀ ਸ਼ਕਲ ਹੈ, ਬੜਾ ਅਕਾਰ ਹੈ ਅਤੇ ਮਨੁਖ ਦੇ ਸਿਰ ਦੀ ਖੋਪਰੀ ਦਾ ਖੱਪਰ ਹੱਥ ਵਿਚ ਫੜਿਆ ਹੋਇਆ ਹੈ ਅਤੇ ਖਾਣ ਵਾਲਾ ਭੋਜਨ (ਉਸ ਦੇ ਵਿਚ) ਪਾਇਆ ਹੋਇਆ ਹੈ ॥ ੮੫ ॥

**ਦੋਹਰਾ—੧. ਜੋਗਾਂਜਨ ਸੋ ਮੈਂ ਪਿਖੌਂ, ਜੋ ਕਛੁ ਜਗਤ ਮਝਾਰ ॥**
**੨. ਭਿੰਨ ਭਿੰਨ ਸੋ ਈਸ ਤੇ, ਲੀਨੋ ਜਗਤ ਨਿਹਾਰ ॥ ੮੬ ॥**

ਕਪਾਲਕ ਉਵਾਚ ॥

੧. ਕਪਾਲਕ ਕਹਿਣ ਲਗਾ-'ਜੋਗ ਰੂਪ ਸੁਰਮਾ' (ਜੋ ਮੈਂ ਆਪਣੀ ਬੁਧੀ ਰੂਪ ਅੱਖਾਂ ਵਿਚ ਪਾਇਆ ਹੈ ਉਸ ਦੇ (ਪ੍ਰਤਾਪ ਕਰਕੇ) ਮੈਂ ਵੇਖ ਰਿਹਾ ਹਾਂ, ਜੋ ਕੁਝ ਭੀ ਜਗਤ ਵਿਚ ਹੋ ਰਿਹਾ ਹੈ, ਉਹ ਸਭ ਕੁਝ ਮੈਂ ਇਥੇ ਬੈਠਾ ਹੀ ਵੇਖ ਰਿਹਾ ਹਾਂ। ੨. ਫਿਰ ਜਗਤ ਤੇ ਈਸ਼ਵਰ ਨੂੰ ਭੀ ਭਿੰਨ ਭਿੰਨ ਵੇਖ ਰਿਹਾ ਹਾਂ, (ਕਿਉਂਕਿ ਜਗਤ ਜੜ੍ਹ ਹੈ ਤੇ ਈਸ਼ਵਰ ਚੇਤਨ ਹੈ, ਇਸੇ ਕਰਕੇ ਜਗਤ ਨਾਲੋਂ ਈਸ਼ਵਰ ਭਿੰਨ ਹੈ ਅਤੇ ਈਸ਼ਵਰ ਨਾਲੋਂ ਜਗਤ ਭਿੰਨ ਹੈ)।

ਅਥਵਾ—੨. ਜਗਤ ਨਾਲੋਂ ਈਸ਼ਵਰ ਭਿੰਨ ਭੀ ਹੈ ਅਤੇ ਅਭਿੰਨ ਭੀ, ਇਹ ਭੀ ਮੈਂ ਵੇਖ ਲਿਆ ਹੈ, (ਕਿਉਂਕਿ ਜਗਤ ਮਾਇਆ ਦਾ ਵਿਕਾਰ ਰੂਪ ਹੋਣ ਕਰਕੇ ਜੜ੍ਹ ਹੈ ਅਤੇ ਈਸ਼ਵਰ ਚੇਤਨ ਹੈ, ਇਸ ਕਰਕੇ ਤਾਂ ਭਿੰਨ ਹੈ, ਪਰ ਈਸ਼ਵਰ ਜਗਤ ਵਿਚ ਵਿਆਪਕ ਹੈ, ਇਸ ਕਰਕੇ ਜਗਤ ਨਾਲੋਂ ਅਭਿੰਨ ਹੈ, ਇਹ ਅਵਸਥਾ ਭੀ ਮੈਂ ਚੰਗੀ ਤਰ੍ਹਾਂ ਵੇਖ ਰਿਹਾ ਹਾਂ) ॥ ੮੬ ॥

ਕਵਿ ਉਵਾਚ ॥

**ਦੋਹਰਾ—੧. ਖਿਪਣਕ ਤਾਂਹਿ ਬਿਲੋਕ ਕਰ ਭਿੱਛਕ ਕੀਨ ਉਚਾਰ ॥**
**੨. ਏਹ ਕਪਾਲਕ ਬ੍ਰਤੀ ਨਰ ਪੂਛੈਂ ਤਾਂਹਿ ਬਿਚਾਰ ॥ ੮੭ ॥**

੧. ਗ੍ਰੰਥ ਕਰਤਾ ਜੀ ਕਹਿੰਦੇ ਹਨ-ਜੈਨੀ ਉਸ ਵਾਮ ਮਾਰਗ ਮੱਤ ਦੇ ਸਾਧੂ ਨੂੰ ਵੇਖ ਕੇ ਬੋਧੀ ਨੂੰ ਕਹਿਣ ਲਗਾ। ੨. ਇਹ ਪੁਰਖ ਕਪਾਲਕ ਬ੍ਰਤ ਦੇ ਧਾਰਨ ਵਾਲਾ ਹੈ, ਇਸ ਤੋਂ (ਕੋਈ) ਵਿਚਾਰ ਪੁਛਣਾ ਚਾਹੀਦਾ ਹੈ ? ॥ ੮੭ ॥

**ਦੋਹਰਾ—੧. ਖਿਪਣਕ ਭਿੱਛਕ ਪੂਛਿਓ, ਤਾਂਹਿ ਸਮੀਪ ਸੁ ਜਾਇ ॥**
**੨. ਕਪਾਲਕ ਰੇ ਨਰ ਮੂੰਡ ਧਰ, ਹਮੇ ਸੁ ਦੇਹੁ ਬਤਾਇ ॥ ੮੮ ॥**

੧. ਫਿਰ ਜੈਨੀ ਤੇ ਬੋਧੀ ਨੇ ਉਸ ਦੇ ਕੋਲ ਜਾਕੇ ਪੁਛਿਆ। ੨. ਹੇ ਮਨੁਖ ਦੇ ਸਿਰਾਂ ਨੂੰ ਧਾਰਨ ਵਾਲੇ ਕਪਾਲਕ ! ਅਸੀਂ (ਜੋ ਕੁਝ ਤੇਰੇ ਤੋਂ ਪੁਛਦੇ ਹਾਂ) ਉਸਦਾ (ਉਤਰ) ਸਾਨੂੰ ਦਸ ਦੇਹੁ ॥ ੮੮ ॥

**ਦੋਹਰਾ—੧. ਹਮਰੇ ਉਰ ਸੰਸਾ ਭਯੋ ਧਰਮ ਸੁ ਤੇ ਮਤ ਕੌਨ ॥**
**੨. ਤਬੈ ਕਪਾਲਕ ਬੋਲਿਓ ਮਹਾਂ ਅਮੰਗਲ ਭੌਨ ॥ ੮੯ ॥**

ਅਮੰਗਲ=ਦੁਖ, ਕਲੇਸ।

੧. ਹੇ ਕਪਾਲਕ ! ਤੇਰੀ ਅਜਿਹੀ ਬ੍ਰਿਤੀ ਵੇਖਕੇ, ਸਾਡੇ ਹਿਰਦੇ ਵਿਚ ਸੰਸਾ ਪੈਦਾ ਹੋ ਗਿਆ ਹੈ, (ਸਾਡੇ ਸੰਸੇ ਦੀ ਨਵਿਰਤੀ ਲਈ ਤੂੰ ਦਸ,ਕਿ) ਤੇਰੇ ਮਤ ਵਿਚ ਧਰਮ ਕੀ ਹੈ ? (ਜਦ ਉਹਨਾਂ ਨੇ ਇਹ ਪੁਛਿਆ) ੨. ਤਦ ਕਪਾਲਕ (ਜੋ) ਵਡੇ ਹੀ ਦੁਖਾਂ ਕਲੇਸ਼ਾਂ ਦਾ ਘਰ ਹੈ, (ਉਹ) ਕਹਿਣ ਲਗਾ ॥ ੮੯ ॥

Sri Satguru Jagjit Singh Ji Elibrary NamdhariElibrary@gmail.com

ਕਪਾਲਕ ਉਵਾਚ ॥

**ਕਬਿੱਤ–੧. ਸੁਣ ਖਿਪਣਕ ਅਬ ਤੋਹਿ ਕੋ ਬਖਾਨ ਕਰੋਂ,**
**ਸੁਨਕੇ ਹਮਾਰੋ ਮਤਿ ਚੀਤ ਮਾਂਹਿ ਧਾਰੀਏ ॥**
**੨. ਭਾਲਕੇ ਕਪਾਲ ਜਿਹ ਚਰਬੀ ਬਿਸਾਲ ਲਗੀ,**
**ਮਾਸ ਕੀ ਅਹੁਤੀ ਗਹਿ ਪਾਵਕ ਸੁ ਡਾਰੀਏ ॥**
**੩. ਭੂਸੁਰ ਕਪਾਲ ਡਾਰਿ ਮਦਰਾ ਬਿਸਾਲ ਪੁਨ,**
**ਕੀਜੇ ਮੁਖ ਪਾਨ ਇਮ ਬ੍ਰਤ ਕੇ ਉਪਾਰੀਏ ॥**
**੪. ਕਾਟ ਨਰ ਮੁੰਡ ਹਮ ਭੈਰਵ ਸੁ ਝੁੰਡ ਭਜੇਂ,**
**ਸ੍ਰੋਣਤ ਕੀ ਧਾਰ ਪਾਂਵ ਭੈਰਵ ਪਖਾਰੀਏ ॥ ੯੦ ॥**

ਭਾਲ=ਮਥਾ। ਕਪਾਲ=ਖੋਪਰ, ਖਪਰ। ਪਾਵਕ=ਜਠਰਾਗਨਿ, ਪੇਟ ਦੀ ਅਗ, ਭੁਖ। ਭੂਸੁਰ=ਬ੍ਰਾਹਮਣ। ਮਦਰਾ=ਸ਼ਰਾਬ। ਉਪਾਰੀਏ=ਖੋਲ੍ਹਦੇ ਹਾਂ। ਭੈਵਰ=ਰੁਦ੍ਰ, ਸ਼ਿਵਜੀ। ਸ੍ਰੋਣਤ=ਲਹੂ।

੧. ਕਪਾਲਕ ਕਹਿਣ ਲੱਗਾ–ਹੇ ਜੈਨੀ (ਤੇ ਬੋਧੀ) ਸੁਣੋ, ਹੁਣ ਮੈਂ ਤੁਹਾਨੂੰ (ਆਪਣੇ ਧਰਮ ਦਾ) ਵਰਣਨ ਕਰਕੇ ਦਸਦਾ ਹਾਂ, ਇਸਨੂੰ ਸੁਣਕੇ ਤੁਸਾਂ ਦੋਹਾਂ ਨੇ ਸਾਡੇ ਮੱਤ ਦੇ ਧਰਮ ਨੂੰ ਚਿੱਤ ਵਿਚ ਵਸਾ ਲੈਣਾ। ੨. ਮਨੁਖ ਦੇ ਮਥੇ ਦਾ ਉਹ ਖੋਪਰ, ਜਿਸ ਵਿਚ ਬਹੁਤ ਚਰਬੀ ਲਗੀ ਹੋਈ ਹੋਵੇ, (ਅਸੀਂ ਆਪਣੇ ਹਥ ਵਿਚ ਲੈਂਦੇ ਹਾਂ, ਫੇਰ ਉਸ ਵਿਚ ਰਿਧਾ ਹੋਇਆ) ਮਾਸ ਪਾ ਲੈਂਦੇ ਹਾਂ, ਅਤੇ ਉਸਦੀ ਅਹੂਤੀ ਫੜਕੇ (ਪੇਟ ਦੀ) ਅਗ ਵਿਚ ਪਾਉਂਦੇ ਹਾਂ (ਅਰਥਾਤ ਭੁਖ ਦੂਰ ਕਰਨ ਲਈ ਮਨੁਖ ਦੀ ਤਾਜੀ ਖੋਪਰੀ ਵਿਚ ਰਿੱਧਾ ਹੋਇਆ ਮਾਸ ਪਾਕੇ ਅਸੀਂ ਬੁਰਕੀ ਬੁਰਕੀ ਖਾਂਦੇ ਹਾਂ)। ੩. ਬ੍ਰਾਹਮਣ ਦੇ ਸਿਰ ਦਾ ਖੋਪਰ ਲੈਕੇ, ਉਸ ਵਿਚ ਬਹੁਤ ਸਾਰੀ ਸ਼ਰਾਬ ਪਾਕੇ ਪੀਂਦੇ ਹਾਂ, ਇਸ ਤਰ੍ਹਾਂ ਅਸੀਂ ਆਪਣਾ ਵਰਤ ਖੋਲ੍ਹਿਆ ਕਰਦੇ ਹਾਂ। ੪. ਅਸੀਂ (ਝੁੰਡ) ਸਾਰੇ ਹੀ ਕਠੇ ਹੋਕੇ, ਮਨੁਖ ਦਾ ਸਿਰ ਕੱਟਕੇ, ਰੁਦ੍ਰ ਦੀ ਪੂਜਾ ਕਰਦੇ ਹਾਂ ਅਤੇ ਸਿਰ ਵੱਢਣ ਨਾਲ ਜੋ ਲਹੂ ਦੀ ਧਾਰ ਵਗਦੀ ਹੈ, ਉਸ ਲਹੂ ਦੀ ਧਾਰਾ ਨਾਲ ਰੁਦ੍ਰ ਦੇ ਚਰਨ ਧੋਂਦੇ ਹਾਂ, (ਸਾਡੇ ਮੱਤ ਦਾ ਇਹ ਧਰਮ ਹੈ) ॥ ੯੦ ॥

**ਕਬਿੱਤ–੧. ਸੁਨਕੇ ਸੁ ਭਿੱਛਕ ਦਬਾਇ ਦੋਊ ਕਾਨ ਲਏ,**
**ਖਿਪਣਕ ਓਰ ਪੁਨ ਐਸੇ ਤੇ ਅਲਾਯੋ ਹੈ ॥**
**੨. ਸੁਨੋ ਬੋਧ ਬੁਧਵੰਤ ਸੰਤ ਹੋ ਮਹੰਤ ਬਡੇ,**
**ਦਾਰੁਣ ਸੁ ਧਰਮ ਯਾ ਕਪਾਲਕ ਬਤਾਯੋ ਹੈ ॥**
**੩. ਖਿਪਣਕ ਤਾਂਹਿ ਕੋ ਪੁਕਾਰ ਜਨ ਮਾਂਹਿ ਕਹਿਓ,**
**ਘੋਰ ਪਾਪੀ ਕਾਰੀ ਕਿਨੇ ਯਾਂਹਿ ਕੋ ਠਗਾਯੋ ਹੈ ॥**
**੪. ਗੁਲਾਬ ਸਿੰਘ ਸੁਨਤ ਕਪਾਲਕ ਕਰਾਲ ਅਤਿ,**
**ਕੀਨੇ ਦ੍ਰਿਗ ਲਾਲ ਮਨ ਮਾਂਹਿ ਖੁਨਸਾਯੋ ਹੈ ॥ ੯੧ ॥**

Sri Satguru Jagjit Singh Ji Elibrary NamdhariElibrary@gmail.com

ਦਾਰੁਣ=ਕਠਨ. ਭਿਆਨਕ । ਪਾਪਕਾਰੀ=ਪਾਪ ਕਰਨ ਵਾਲੇ ਨੇ । ਠਗਾਯੋ=ਠੱਗ ਲਿਆ ਹੈ । ਦ੍ਰਿਗ=ਅੱਖਾਂ । ਖੁਨਸਾਯੋ=ਕ੍ਰੋਧ ਕੀਤਾ ।

੧. ਕਪਾਲਕ ਦੇ ਦਸੇ ਹੋਏ ਧਰਮ ਨੂੰ ਸੁਣ ਕੇ, ਬੋਧੀ ਨੇ ਦੋਹਾਂ ਕੰਨਾਂ ਵਿਚ ਉਂਗਲੀਆਂ ਦੇ ਲਈਆਂ (ਅਤੇ ਮਨ ਵਿਚ ਚਾਹਿਆ ਕਿ ਇਸ ਦਾ ਕਹਿਣਾ ਮੈਂ ਹੋਰ ਕੰਨਾਂ ਨਾਲ ਸੁਣਾ ਹੀ ਨਾ) ਅਤੇ ਫੇਰ ਜੈਨੀ ਵਲੇ ਵੇਖ ਕੇ, ਉਸਨੇ ਇਸ ਤਰ੍ਹਾਂ ਕਹਿਣਾ ਸ਼ੁਰੂ ਕੀਤਾ । ੨. ਹੇ ਬੁਧਿਵਾਨ ਬੋਧ ਸੰਤ ਜੀ ! ਸੁਣੋ, ਤੁਸੀਂ ਭੀ ਬੜੇ ਮਹੰਤ ਹੋ, (ਪਰ) ਇਸ ਕਪਾਲਕ ਨੇ ਬੜਾ ਹੀ ਭਿਆਨਕ ਧਰਮ ਦਸਿਆ ਹੈ । ੩. ਅਗੋਂ ਜੈਨੀ ਨੇ ਸਾਰੇ ਪੁਰਸ਼ਾਂ ਦੇ ਵਿਚ ਪੁਕਾਰਕੇ ਉਚੀ ਆਵਾਜ਼ ਨਾਲ ਉਸ ਨੂੰ ਇਹ ਉਤਰ ਦਿਤਾ ਕਿ ਕਿਸੇ ਘੋਰ ਪਾਪ ਕਰਮ ਕਰਨ ਵਾਲੇ ਨੇ ਇਸ ਭੋਲੇ ਭਾਲੇ ਨੂੰ ਠੱਗ ਲਿਆ ਹੈ, (ਤਦੇ ਹੀ ਇਹ ਇਸ ਤਰ੍ਹਾਂ ਦਾ ਪਾਪ ਰੂਪ ਧਰਮ ਕਰਮ ਕਰ ਰਿਹਾ ਹੈ) । ੪. ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ, ਜੈਨੀ ਦੇ ਮੂੰਹੋਂ ਇਹ ਗੱਲ ਸੁਣਦਿਆਂ ਹੀ ਕਪਾਲਕ ਨੇ ਆਪਣੇ ਡਰਾਉਣੇ ਨੇਤ੍ਰ ਲਾਲ ਕਰ ਲਏ ਅਤੇ ਮਨ ਵਿਚ ਬੜਾ ਭਾਰਾ ਕ੍ਰੋਧ ਕਰ ਲਿਆ ॥ ੯੧ ॥

ਕਪਾਲਕ ਉਵਾਚ ॥

**ਕਬਿੱਤ—੧. ਮੂੰਡਤ ਸੁ ਮੂੰਡ ਰੇ ਚੰਡਾਲ ਭੇਖ ਪਾਪੀ ਬਡੇ,**
**ਬਡੇ ਹੀ ਪਖੰਡੀ ਸਿਰ ਕੇਸਨ ਪੁਟਾਇ ਹੈਂ ॥**
**੨. ਲੋਗਨ ਕੋ ਠਾਗਤੇ ਸੁ ਭਾਗਤੇ ਪਲਾਇ ਗਏ,**
**ਸ਼ਿਵ ਕੋ ਮਹਾਨ ਪਥ ਤਾਂਹਿ ਮੈਂ ਨ ਆਇ ਹੈਂ ॥**
**੩. ਚਾਰ ਦਸ ਭੌਨ ਜੋਈ ਖਿਨ ਮੈ ਉਪਾਇ ਲਏ,**
**ਕਰੇ ਪ੍ਰਤਿਪਾਲ ਪੁਨ ਖਿਨ ਮੈ ਖਪਾਇ ਹੈਂ ॥**
**੪. ਬੇਦਾਂਤ ਕੇ ਸਿਧਾਂਤ ਮੈਂ ਪ੍ਰਸਿਧ ਹੈ ਪ੍ਰਭਾਵ ਜਾਂਹਿ,**
**ਪੂਰਨ ਭਵਾਨੀ ਪਤਿ ਲੋਕ ਬੇਦ ਗਾਇ ਹੈਂ ॥ ੯੨ ॥**

ਮੂੰਡ=ਸਿਰ । ਸੁਭਾਗ=ਚੰਗੇ ਭਾਗ । ਪਥ=ਮਾਰਗ । ਭਵਾਨੀ ਪਤਿ=ਸ਼ਿਵਜੀ ।

੧. ਕਪਾਲਕ ਕਹਿਣ ਲਗਾ—ਹੇ ਸਿਰ ਨੂੰ ਮੁਨਾਉਣ ਵਾਲੇ ! ਹੇ ਚੰਡਾਲ ਭੇਖਧਾਰੀ ! ਹੇ ਮਹਾਂ ਪਾਪੀ ! ਤੁਸੀਂ ਵਡੇ ਹੀ ਪਖੰਡੀ ਹੋ, ਅਤੇ ਸਿਰ ਤੋਂ ਕੇਸਾਂ (ਨੂੰ ਹੱਥਾਂ ਨਾਲ) ਪੁਟਵਾਉਂਦੇ ਹੋ । ੨. ਤੁਸੀਂ ਲੋਕਾਂ ਨੂੰ ਠੱਗਣ ਵਾਲੇ ਹੋ, ਤੁਹਾਡੇ ਚੰਗੇ ਭਾਗ ਦੂਰ ਹੋ ਗਏ ਹਨ, (ਤਦੇ ਹੀ ਤੁਸੀਂ) ਸ਼ਿਵਜੀ ਦਾ ਚਲਾਇਆ ਹੋਇਆ ਜੋ ਇਹ ਮਹਾਂ ਪਵਿਤ੍ਰ ਮਾਰਗ (ਵਾਮ-ਮਾਰਗ ਮੱਤ) ਹੈ ਇਸ ਦੇ ਵਿਚ ਤੁਸੀਂ ਨਹੀਂ ਆਏ ਹੋ । ੪. ਵੇਦਾਂਤ ਦੇ ਸਿਧਾਂਤ ਵਿਚ ਜਿਸ ਸ਼ਿਵਜੀ ਦਾ ਪ੍ਰਤਾਪ ਪ੍ਰਸਿਧ ਹੀ ਵਰਣਨ ਕੀਤਾ ਹੋਇਆ ਹੈ, ਉਸ 'ਭਵਾਨੀ ਪਤਿ' (ਸ਼ਿਵਜੀ) ਦਾ ਜਸ ਸਾਰੇ ਲੋਕਾਂ ਤੇ ਸਾਰੇ ਹੀ ਵੇਦਾਂ ਵਿਚ ਗਾਵਿਆ ਗਿਆ ਹੈ ॥ ੯੨ ॥

ਨੋਟ—ਵੇਦਾਂਤ ਗ੍ਰੰਥਾਂ ਵਿਚ 'ਸ਼ਿਵ' ਪਦ ਦੀ ਪ੍ਰਭਤਾ ਵਰਣਨ ਕੀਤੀ ਹੈ ਅਤੇ ਉਥੇ ਸ਼ਿਵ ਪਦ ਦਾ ਅਰਥ 'ਕਲਿਆਣ ਸਰੂਪ ਬ੍ਰਹਮ' ਲਿਆ ਜਾਂਦਾ ਹੈ, ਪਰ ਕਪਾਲਕ ਆਪਣੇ ਮੱਤ ਨੂੰ ਸਿਧ ਕਰਨ ਵਾਸਤੇ, ਉਸ ਸ਼ਿਵ ਪਦ ਦਾ ਅਰਥ 'ਸ਼ਿਵਜੀ' ਮੰਨਕੇ ਆਪਣਾ ਉਲੂ ਸਿਧਾ ਕਰਨਾ ਚਾਹੁੰਦਾ ਹੈ, ਇਹੋ ਹੀ ਉਸ ਦਾ ਵਾਕ ਛਲ ਹੈ, ਜੋ ਸ਼ਾਸਤ੍ਰ ਸਿਧਾਂਤ ਤੋਂ ਉਲਟ ਅਰਥ ਕਰ ਰਿਹਾ ਹੈ ।

**ਕਬਿੱਤ—੧. ਤਾਂਹਿ ਕੋ ਸੁ ਮੱਤ ਲਯੋ ਜਾਂਹਿ ਕੋ ਪ੍ਰਭਾਵ ਨਯੋ,**
**ਧਰਮ ਕੋ ਮਹਾਤਮ ਸੁ ਨੈਨ ਦੇਖ ਲੀਜੀਏ ॥**

Sri Satguru Jagjit Singh Ji Elibrary NamdhariElibrary@gmail.com

੨. ਬਿਸ਼ਨੁ ਦਿਜੇਸ ਔ ਸੁਰੇਸ ਆਦਿ ਬਡੇ ਦੇਵ,
ਨੈਨ ਕੇ ਨਿਹਾਰੇ ਕਹੋ ਇਹਾਂ ਆਨ ਦੀਜੀਏ ॥
੩. ਨਭ ਰਵਿ ਚੰਦ ਔ ਨਿਖਤ੍ਰ ਕੇ ਕਦੰਬ ਜਿਤੇ,
ਕਹੋ ਯਾਹਿ ਗਤਿ ਧਰ ਬੈਠੇ ਹੀ ਰੁਕੀਜੀਏ ॥
੪. ਕਹੋ ਨਰ ਨਗਰ ਸੁ ਭੂਮਿ ਜਲ ਪੂਰ ਦਯੋਂ,
ਕਹੋ ਖਿਨ ਭੀਤਰ ਸੁ ਤੋਇ ਸਭ ਪੀਜੀਏ ॥ ੯੩ ॥

ਪ੍ਰਭਾਵ=ਪ੍ਰਤਾਪ । ਦਿਜੇਸ=ਬ੍ਰਹਮਾ । ਸੁਰੇਸ=ਇੰਦ੍ਰ । ਨਭ=ਅਕਾਸ਼ । ਰਵਿ=ਸੂਰਜ । ਨਿਖਤ੍ਰ=ਤਾਰੇ । ਕਦੰਬ=ਝੁੰਡ, ਸਮੂਹ । ਤੋਇ=ਪਾਣੀ ।

੧. ਉਸ (ਸ਼ਿਵਜੀ) ਦਾ ਮੱਤ ਮੈਂ ਲਿਆ ਹੈ, ਜਿਸ ਦਾ ਪ੍ਰਤਾਪ (ਨਿੱਤ ਹੀ) ਨਵੇਂ ਤੋਂ ਨਵਾਂ ਹੈ, ਮੂਰਖਾ ! ਤੂੰ ਉਸ ਨੂੰ ਠੱਗ ਕਹਿੰਦਾ ਹੈਂ ? ਤੂੰ ਉਸ ਦੇ ਧਰਮ ਦਾ ਮਹਾਤਮ (ਆਪਣੀ) ਅੱਖੀਂ ਵੇਖ ਲੈਣਾ ਚਾਹੁੰਦਾ ਹੈਂ ? ੨. ਵਿਸ਼ਨੂੰ, ਬ੍ਰਹਮਾ ਅਤੇ ਇੰਦ੍ਰ ਆਦਿਕ ਜਿੰਨੇ ਭੀ ਵਡੇ ਦੇਵਤੇ ਹਨ, (ਤੂੰ ਇਕ ਵੇਰੀ) ਕਹੇਂ, ਤਾਂ ਤੇਰੀਆਂ ਅੱਖਾਂ ਦੇ ਵੇਖਦੇ ਹੋਇਆਂ (ਉਨ੍ਹਾਂ ਸਾਰੇ ਦੇਵਤਿਆਂ ਨੂੰ) ਇਥੇ ਲਿਆਕੇ (ਤੇਰੇ ਸਾਹਮਣੇ) ਖੜਾ ਕਰ ਦੇਵਾਂ ? ੩. ਜੇਕਰ ਆਖੇਂ ਤਾਂ, ਅਕਾਸ਼ ਵਿਚ ਸੂਰਜ, ਚੰਦ੍ਰਮਾ ਤੇ ਤਾਰਿਆਂ ਦੇ ਜਿੰਨੇ ਭੀ ਝੁੰਡ ਹਨ, ਮੈਂ ਇਥੇ ਧਰਤੀ ਉਤੇ ਬੈਠੇ (ਹੋਇਆਂ) ਹੀ ਇਹਨਾਂ ਸਾਰਿਆਂ ਦੀ ਚਾਲ ਨੂੰ ਰੋਕ ਦੇਵਾਂ ? ੪. ਜੇਕਰ ਆਖੇਂ, ਤਾਂ ਪੁਰਸ਼ਾਂ (ਦੇ ਜਿੰਨੇ ਭੀ) ਸ਼ਹਿਰ-ਗਰਾਂ ਹਨ, ਉਨ੍ਹਾਂ ਸਾਰਿਆਂ ਨੂੰ ਪਾਣੀ ਨਾਲ ਭਰ ਦੇਵਾਂ ? ਅਤੇ ਜੇ ਆਖੇਂ ਤਾਂ ਦੁਨੀਆਂ ਦੇ ਸਾਰੇ ਪਾਣੀ ਨੂੰ ਇਕ ਖਿਨ ਵਿਚ ਹੀ ਪੀ ਲਵਾਂ ? (ਏਨੀ ਤਾਕਤ ਮੇਰੇ ਵਿਚ ਹੈ, ਜੋ ਤੂੰ ਆਖੇਂ ਮੈਂ ਹੁਣੇ ਹੀ ਕਰ ਦੇਣ ਨੂੰ ਤਿਆਰ ਹਾਂ ਅਤੇ ਇਹ ਸਾਰੀ ਸਮਰੱਥਾ ਉਸ ਵਾਮ ਮਾਰਗ ਮੱਤ ਦੇ ਧਰਮ ਦੀ ਹੈ, ਇਸ ਪ੍ਰਤਾਪ ਨੂੰ ਬੇਸ਼ਕ ਤੂੰ ਅੱਖੀਂ ਵੇਖ ਲੈ, ਆਪਣੇ ਮਨ ਦੇ ਭਰਮ ਨੂੰ ਦੂਰ ਕਰ ਦੇਹ) ॥ ੯੩ ॥

ਖਿਪਣਕ ਉਵਾਚ ॥

ਕਬਿੱਤ–੧. ਸੁਨ ਰੇ ਕਪਾਲਕ ਸੁ ਭਈ ਮਤਿ ਬਾਲਕ ਸੁ,
ਮਾਨਵ ਕੇ ਮੁੰਡ ਤਵ ਕਰ ਮੈਂ ਉਠਾਯੋ ਹੈ ॥
੨. ਕਾਹੂ ਇੰਦ੍ਰ ਜਾਲਕ ਸੁ ਮਾਯਾ ਕੋ ਦਿਖਾਇ ਤਬ,
ਮੋਹ ਮਨ ਲਯੋ ਉਰ ਤੋਹਿ ਕੋ ਭ੍ਰਮਾਯੋ ਹੈ ॥
੩. ਐਸੇ ਸੁਨ ਕਾਨ ਸੁ ਕਪਾਲਕ ਮਲਾਨ ਅਤਿ,
ਦਾਬ ਦੋਊ ਕਾਨ ਮਨ ਮਾਂਹਿ ਖੁਨਸਾਯੋ ਹੈ ॥
੪. ਇੰਦ੍ਰ ਜਲਾਵਤ ਭਗਵੰਤ ਕੋ ਸੁ ਮੂਢ ਕਹੇ,
ਤੀਨ ਲੋਕ ਜਾਂਹਿ ਖਿਣ ਏਕ ਮੈਂ ਬਨਾਯੋ ਹੈ ॥ ੯੪ ॥

ਇੰਦ੍ਰ ਜਾਲਕ=ਮਦਾਰੀ ਲੋਕ । ਮਾਇਆ=ਤਮਾਸ਼ਾ । ਭਗਵੰਤ=ਸ਼ਿਵਜੀ ।

੧. ਜੈਨੀ ਕਹਿਣ ਲਗਾ–ਹੇ ਕਪਾਲਕ ! ਸੁਣ, ਤੇਰੀ ਅਕਲ ਤਾਂ ਬਾਲਾਂ ਵਾਲੀ ਬਣੀ ਹੋਈ ਮਲੂਮ ਹੁੰਦੀ ਹੈ, (ਕਿਉਂਕਿ ਤੂੰ ਬਾਲਾਂ ਵਾਂਗੂੰ ਹੀ ਐਵੇਂ ਟਰਾਂ ਮਾਰਨ ਡਿਹਾ ਹੋਇਆ ਹੈਂ, ਜ਼ਰਾ ਆਪਣੀ ਸ਼ਕਲ ਤਾਂ

ਵੇਖ) ਮਨੁਖਾਂ ਦੇ ਸਿਰ ਤੂੰ ਹਥਾਂ ਵਿਚ ਚੁਕੇ ਹੋਏ ਹਨ। ੨. (ਮਲੂਮ ਹੁੰਦਾ ਹੈ) ਕਿਸੇ ਮਦਾਰੀ ਨੇ ਤਮਾਸ਼ਾ ਵਿਖਾ ਕੇ ਤੇਰੇ ਮਨ ਨੂੰ ਮੋਹ ਲਿਆ ਹੈ ਅਤੇ ਤੇਰੇ ਦਿਲ ਨੂੰ ਭਰਮਾ ਲਿਆ ਹੈ, (ਮੂਰਖਾ ! ਜਿਹੜੀਆਂ ਸਿਧੀਆਂ ਨੂੰ ਆਪਣੀਆਂ ਸੁਣਾ ਰਿਹਾ ਹੈਂ, ਇਹ ਤੂੰ ਨਿਰੀਆਂ ਗੱਪਾਂ ਮਾਰ ਕੇ ਜਗਤ ਨੂੰ ਠਗਣਾ ਚਾਹੁੰਦਾ ਹੈਂ)। ੩. ਜੈਨੀ ਦੇ ਇਨ੍ਹਾਂ ਬਚਨਾਂ ਨੂੰ ਕੰਨੀਂ ਸੁਣ ਕੇ, ਕਪਾਲਕ (ਦਾ ਮੂੰਹ) ਮੁਰਝਾ ਗਿਆ, ਉਹ ਆਪਣੇ ਦੋਹਾਂ ਕੰਨਾਂ ਨੂੰ (ਉਂਗਲਾਂ ਨਾਲ) ਬੰਦ ਕਰਕੇ ਮਨ ਵਿਚ ਬੜਾ ਕ੍ਰੋਧ ਕਰਕੇ ਕਹਿਣ ਲਗਾ। ੪. ਮੂਰਖਾ ! ਉਸ ਸ਼ਿਵ ਭਗਵਾਨ ਨੂੰ ਮਦਾਰੀ ਵਾਂਗੂ ਕਹਿੰਦਾ ਹੈਂ, ਜਿਸ ਨੇ ਤਿੰਨਾਂ ਲੋਕਾਂ ਨੂੰ ਇਕ ਖਿਨ ਵਿਚ ਬਣਾ ਦਿਤਾ ਹੈ ॥ ੯੪ ॥

**ਕਬਿੱਤ—੧. ਤੋਹਿ ਦੁਸ਼ਟਾਤਮਾ ਮੋਹਿ ਤੇ ਨ ਸਹੀ ਜਾਇ,**
**ਕਾਢ ਕੇ ਸੁ ਖੱਗ ਅਬ ਕਰ ਮੈਂ ਉਠਾਇ ਹੌਂ ॥**
**੨. ਕ੍ਰਾਲ ਕਰਵਾਰ ਸੋ ਉਤਾਰਿ ਭਾਲ ਤੇਰੋ ਅਬ,**
**ਕੰਠ ਤਵ ਨਾਲ ਤੇ ਸੁ ਲੋਹੂ ਕੋ ਚੁਆਇ ਹੌਂ ॥**
**੩. ਡਮਰੂ ਬਜਾਇ ਪੁਨ ਭੂਤ ਕਿਲਕਾਇ ਸੰਗ,**
**ਕਾਟ ਤਵ ਮੂੰਡ ਸੁ ਭਵਾਨੀ ਕੋ ਚਢਾਇ ਹੌਂ ॥**
**੪. ਸ੍ਰੋਣਤ ਕੀ ਧਾਰ ਛੁਟੇ ਫੇਨੁ ਅਰੁ ਬੂੰਦ ਉਠੇ,**
**ਪੇਖ ਮੁਖ ਹਸੇ ਸ਼ਿਵ ਪਤਨੀ ਰਿਝਾਇ ਹੌਂ ॥ ੯੫ ॥**

ਦੁਸ਼ਟਾਤਮਾ=ਨੀਚਤਾਈ। ਸਹੀ=ਸਹਾਰੀ, ਬਰਦਾਸ਼ਤ ਕਰਨਾ। ਖੱਗ=ਤਲਵਾਰ। ਕ੍ਰਾਲ= ਡਰੌਣੀ। ਕਰਵਾਰ=ਤਲਵਾਰ। ਭਾਲ=ਸਿਰ। ਨਾਲ=ਸ਼ਾਹ ਰਗ। ਡਮਰੂ=ਡੋਰੂ, ਸ਼ਿਵਜੀ ਦਾ ਵਾਜਾ। ਭਵਾਨੀ=ਰੁਦ੍-ਪਤਨੀ, ਪਾਰਬਤੀ, ਦੇਵੀ। ਸ਼ਿਵ ਪਤਨੀ=ਭਵਾਨੀ।

੧. ਕਪਾਲਕ ਕਹਿਣ ਲਗਾ-ਹੇ ਜੈਨੀ ! ਤੇਰੀ ਨੀਚਤਾਈ ਮੈਥੋਂ ਸਹਾਰੀ ਨਹੀਂ ਜਾਂਦੀ, ਮੈਂ ਹੁਣੇ ਹੀ ਤਲਵਾਰ (ਮਿਆਨ ਤੋਂ) ਕਢ ਕੇ ਹਥ ਵਿਚ ਫੜਦਾ ਹਾਂ। ੨. ਉਸ ਡਰੌਣੀ ਤਲਵਾਰ ਨਾਲ ਹੁਣੇ ਹੀ ਤੇਰਾ ਸਿਰ ਉਤਾਰਦਾ ਹਾਂ ਅਤੇ ਤੇਰੇ ਗਲ ਦੀ 'ਨਾਲੀ' ਤੋਂ ਲਹੂ ਦੀ ਧਾਰ ਚੁਆਉਂਦਾ ਹਾਂ। ੩. ਫੇਰ ਡੋਰੂ ਵਜਾ ਕੇ ਭੂਤਾਂ ਨੂੰ ਕਿਲਕਾਰੀ ਦੁਆ ਕੇ ਨਾਲ ਲਵਾਂਗਾ, ਅਤੇ ਤੇਰਾ ਕਟਿਆ ਹੋਇਆ ਸਿਰ ਭਵਾਨੀ ਦੇ ਚਰਨਾਂ ਉਤੇ ਚੜ੍ਹਾਵਾਂਗਾ। ੪. ਲਹੂ ਦੀ ਧਾਰ ਜੋ ਵਗੇਗੀ, ਉਸ ਤੋਂ ਝਗ ਅਤੇ ਬੁਦਬੁਦੇ ਉਠਣਗੇ, ਜਿਨ੍ਹਾਂ ਨੂੰ ਵੇਖਕੇ ਭਗਵਾਨ ਸ਼ਿਵਜੀ ਦੀ ਪਤਨੀ (ਭਵਾਨੀ) ਮੂੰਹੋਂ ਹਸੇਗੀ, ਮੈਂ ਇਸ ਤਰ੍ਹਾਂ ਨਾਲ ਭਵਾਨੀ ਨੂੰ ਖੁਸ਼ ਕਰਦਾ ਹਾਂ ॥ ੯੫ ॥

**ਦੋਹਰਾ—੧. ਐਸੇ ਮੁਖੋਂ ਉਚਾਰ ਕੇ ਲੀਨੋ ਖੱਗ ਨਿਕਾਰ ॥**
**੨. ਖਿਪਣਕ ਪਿਖ ਉਰ ਭਯ ਭਇਓ ਲਾਗੋ ਕਰਨ ਉਚਾਰ ॥ ੯੬ ॥**

੧. ਇਸ ਤਰ੍ਹਾਂ ਮੂੰਹੋਂ ਕਹਿ ਕੇ (ਕਪਾਲਕ ਨੇ ਝਟ ਪਟ ਹੀ ਮਿਆਨ ਵਿਚੋਂ) ਤਲਵਾਰ ਨੂੰ ਬਾਹਰ ਕਢ ਲਿਆ। ੨. ਜੈਨੀ (ਕਪਾਲਕ ਦੇ ਹਥ ਵਿਚ ਤਲਵਾਰ ਨੂੰ) ਵੇਖ ਕੇ ਦਿਲ ਵਿਚ ਡਰ ਗਿਆ ਅਤੇ ਕਹਿਣ ਲਗਾ ॥ ੯੬ ॥

ਖਿਪਣਕ ਉਵਾਚ ॥

**ਦੋਹਰਾ—੧. ਅਹਿੰਸਾ ਪਰਮ ਸੁ ਧਰਮ ਹੈ ਮਹਾਂ ਭਾਗ ਇਮ ਜਾਨ ॥**
**੨. ਬਰਜੋ ਸੁ ਭਿਛਕ ਅੰਕ ਮੇ ਐਸੇ ਮੁਖੋਂ ਬਖਾਨ ॥ ੯੭ ॥**

੧. (ਬੋਧੀ ਨੂੰ ਸੰਬੋਧਨ ਕਰਕੇ) ਜੈਨੀ ਕਹਿਣ ਲਗਾ-ਹੇ ਉਤਮ ਭਾਗਾਂ ਵਾਲੇ ! ਇਹ ਤਾਂ ਤੂੰ ਜਾਣਦਾ ਹੀ ਹੈਂ (ਕਿ) 'ਅਹਿੰਸਾ ਹੀ ਪਰਮ ਧਰਮ' ਹੈ (ਤਾਂਤੇ ਤੂੰ ਮੇਰੇ ਉਤੇ ਦਇਆ ਕਰਕੇ, ਮੇਰੀ ਰਖਿਆ ਕਰ)। ੨. ਇਸ ਤਰ੍ਹਾਂ ਮੂੰਹੋਂ ਕਹਿ ਕੇ (ਜੈਨੀ ਪੁਰਸ਼) ਬੋਧੀ ਦੀ ਗੋਦ ਵਿਚ ਲੁਕ ਗਿਆ ॥ ੯੭ ॥

**ਦੋਹਰਾ-੧. ਤਬ ਭਿੱਛਕ ਕਾਪਾਲ ਕੋ ਵਾਰਨ ਕੀਨੇ ਆਪ ॥**

**੨. ਮਹਾਂ ਭਾਗ ਭੈਰਵ ਭਗਤ ਖਿਪਣਕ ਹੈ ਨਿਹ ਪਾਪ ॥ ੯੮ ॥**

੧. ਤਦ ਬੋਧੀ ਨੇ ਕਪਾਲਕ ਨੂੰ ਆਪ ਇਸ ਤਰ੍ਹਾਂ ਦੇ ਖੂਨ ਖਰਾਬੇ ਕਰਨ ਤੋਂ ਮਨ੍ਹਾ ਕਰ ਦਿਤਾ। ੨. ਅਤੇ ਕਿਹਾ-ਹੇ ਮਹਾਂ ਭਾਗ ! ਹੇ ਭੈਰਵ ਦੇ ਭਗਤ ! ਇਸ ਜੈਨੀ (ਨੂੰ ਕਿਉਂ ਮਾਰਦੇ ਹੋ, ਇਸ ਨੇ ਆਪ ਦਾ ਕੋਈ) ਅਪਰਾਧ ਤਾਂ ਕੀਤਾ ਹੀ ਨਹੀਂ ਹੈ ॥ ੯੮ ॥

**ਦੋਹਰਾ-੧. ਕੌਤਕ ਕਥਾ ਨਮਿੱਤ ਅਬ ਹਨੋ ਨ ਯਾਕੋ ਪ੍ਰਾਨ ॥**

**੨. ਕਪਾਲਕ ਐਸੇ ਸੁਨਤ ਹੀ ਕੀਨੋ ਖੱਗ ਮਿਆਨ ॥ ੯੯ ॥**

੧. ਦੂਜਾ ਇਸ ਤਮਾਸ਼ੇ ਦੇ ਪ੍ਰਸੰਗ ਨੂੰ ਪੂਰਾ ਕਰਨ ਵਾਸਤੇ (ਆਪ ਖਿਮਾ ਕਰੋ ਅਤੇ) ਹੁਣ ਇਸ ਨੂੰ ਨਾ ਮਾਰੋ (ਕਿਉਂਕਿ ਤੁਸੀਂ ਤਾਂ ਇਕ ਤਮਾਸ਼ਾ ਕਰ ਰਹੇ ਹੋ, ਅਸਲ ਵਿਚ ਤੁਸੀਂ ਕੋਈ ਕਪਾਲਕ ਨਹੀਂ ਹੋ ਅਤੇ ਨਾ ਹੀ ਇਹ ਜੈਨੀ ਹੈ)। ੨. ਇਸ ਤਰ੍ਹਾਂ ਦੇ ਬਚਨਾਂ ਨੂੰ ਸੁਣਦਿਆਂ ਹੀ ਕਪਾਲਕ ਨੇ ਤਲਵਾਰ ਨੂੰ ਮਿਆਨ ਵਿਚ ਕਰ ਲਿਆ ॥ ੯੯ ॥

**ਦੋਹਰਾ-੧. ਖਿਪਣਕ ਸ੍ਵਸਤ ਸੁ ਹੋਇ ਕਰ, ਬਹੁਰ ਪੂਛੈ ਬਿਖਯਾਤ ॥**

**੨. ਮਹਾ ਭਾਗ ਯੱਦਪਿ ਕੁਪੋ ਤੱਦਪਿ ਪੂਛੋ ਬਾਤ ॥੧੦੦॥**

ਸ੍ਵਸਤ=ਸ਼ਾਂਤਿ ਚਿਤ, ਧੀਰਜਵਾਨ।

੧. ਜੈਨੀ ਫੇਰ ਧੀਰਜਵਾਨ ਹੋ ਕੇ (ਕਪਾਲਕ ਤੋਂ) ਪ੍ਰਗਟ ਹੀ ਇਕ ਗੱਲ ਫੇਰ ਪੁਛਣ ਲਗਾ। ੨. ਹੇ ਮਹਾਂ ਭਾਗ ! ਭਾਵੇਂ (ਮੇਰੀ ਗੱਲ ਨਾਲ ਆਪ) ਕ੍ਰੋਧਵਾਨ ਹੋ ਜਾਓਗੇ, ਤਦ ਭੀ ਜੇ ਆਗਿਆ ਦਿਓ ਤਾਂ ਮੈਂ ਇਕ ਗੱਲ ਪੁਛਦਾ ਹਾਂ ॥ ੧੦੦ ॥

**ਦੋਹਰਾ-੧. ਕਹਯੋ ਕਪਾਲਕ ਪੂਛ ਅਬ ਖਿਪਣਕ ਪ੍ਰਸ਼ਨ ਸੁ ਕੀਨ ॥**

**੨. ਮੈਂ ਸੁਨਯੋ ਤੁਮਰੋ ਧਰਮ ਅਹੇ ਸੁ ਪਰਮ ਪ੍ਰਬੀਨ ॥੧੦੧॥**

੧. ਕਪਾਲਕ ਨੇ ਕਿਹਾ-ਜੋ ਤੇਰਾ ਮਨ ਚਾਹੇ ਪੁਛ, (ਮੈਂ ਕੋਈ ਗੁਸਾ ਨਹੀਂ ਕਰਾਂਗਾ, ਧੀਰਜ ਨਾਲ ਤੇਰੇ ਪ੍ਰਸ਼ਨ ਦਾ ਉਤਰ ਦੇਵਾਂਗਾ, ਤਦ) ਜੈਨੀ ਨੇ ਇਸ ਤਰ੍ਹਾਂ ਦਾ ਪ੍ਰਸ਼ਨ ਕੀਤਾ। ੨. ਤੁਹਾਡਾ ਧਰਮ ਬਹੁਤ ਹੀ ਚੰਗਾ ਹੈ (ਜੋ) ਮੈਂ ਸੁਣ ਲਿਆ ਹੈ ॥ ੧੦੧ ॥ (ਪਰ)-

**ਦੋਹਰਾ-੧. ਕੈਸੇ ਤਵ ਮਤ ਸੁਖ ਹੈਂ ਕੈਸੇ ਮੋਖ ਤੁਹਾਰ ॥**

**੨. ਮੋ ਉਰ ਮੈ ਸੰਸਾ ਭਯੋ ਨੀਕੇ ਕਰੋ ਉਚਾਰ ॥੧੦੨॥**

੧. ਤੁਹਾਡੇ ਮੱਤ ਵਿਚ ਸੁਖ ਕੀ ਹੈ ? ਅਤੇ ਤੁਹਾਡੇ ਮੱਤ ਅਨੁਸਾਰ ਮੁਕਤੀ ਕੀ ਹੈ ? ੨. ਮੇਰੇ ਮਨ ਵਿਚ ਇਹ ਸੰਸਾ (ਪੈਦਾ) ਹੋਇਆ ਹੈ, ਆਪ ਇਸ ਦਾ ਉਤਰ ਭਲੀ ਤਰ੍ਹਾਂ ਨਾਲ ਕਥਨ ਕਰੋ ॥ ੧੦੨ ॥

**ਚੌਪਈ ॥**

**੧. ਬਿਖੈ ਬਿਨਾ ਸੁਖ ਕਹੂੰ ਨ ਪੇਖੇ ॥ ਆਨੰਦ ਬੋਧ ਬਿਖੈ ਮੈ ਲੇਖੈ ॥**

**੨. ਤਾਂਤੇ ਬਿਖੈ ਭੋਗ ਹੈ ਜੋਈ॥ ਵਹੀ ਸੁਖ ਕਛੁ ਔਰ ਨ ਹੋਈ॥੧੦੩॥**

੧. ਕਪਾਲਕ ਕਹਿਣ ਲਗਾ-(ਹੇ ਜੈਨੀ ! ਧਿਆਨ ਦੇ ਕੇ ਸੁਣ) ਵਿਸ਼ਯ ਭੋਗ ਤੋਂ ਬਿਨਾਂ (ਹੋਰ ਕਿਸੇ ਥਾਂ ਤੇ) ਸੁਖ ਦਿਸਦਾ ਹੀ ਨਹੀਂ ਹੈ, (ਕੇਵਲ) ਵਿਸ਼ਯ ਭੋਗਾਂ ਤੋਂ ਹੀ 'ਅਨੰਦ' ਦਾ ਗਿਆਨ ਜਾਣੀਦਾ ਹੈ। ੨. ਇਸ ਲਈ ਜੋ ਵਿਸ਼ਯਾਂ ਦਾ ਭੋਗ ਕਰਨਾ ਹੈ, ਇਹੋ ਹੀ (ਸਾਡੇ ਮੱਤ ਵਿਚ) ਸੁਖ (ਹੈ, ਇਸ ਤੋਂ ਬਿਨਾਂ) ਹੋਰ (ਕਿਤੇ ਭੀ) ਕੁਝ 'ਸੁਖ' ਨਹੀਂ ਹੈ (ਇਹ ਗੱਲ ਤੂੰ ਸੱਤ ਕਰਕੇ ਜਾਣ ਲੈ)॥ ੧੦੩॥

## ਚੌਪਈ॥

**੧. ਆਤਮ ਇਸਥਿਤ ਮੋਖ ਬਖਾਨੇ ॥ ਤੇ ਪਸੁ ਬੁਧੀ ਮਹਾਂ ਅਜਾਨੇ॥**

**੨. ਉਪਲ ਅਵਸਥਾ ਵਹ ਜਗ ਅਹੇ॥ ਬੁਧਿਵੰਤ ਤਹਿ ਕਿਹ ਬਿਧ ਚਹੇ॥੧੦੪॥**

੧. ਜਿਹੜੇ ਪੁਰਸ਼ ਦੇਹ ਨੂੰ ਤਿਆਗ ਕੇ, ਆਤਮ ਸਰੂਪ ਵਿਚ ਇਸਥਿਤ ਹੋ ਜਾਣੇ ਦਾ ਨਾਮ ਮੁਕਤੀ ਕਹਿੰਦੇ ਹਨ, ਉਹ ਪੁਰਸ਼ ਬੜੇ ਹੀ ਬੇਸਮਝ ਹਨ ਅਤੇ ਉਹਨਾਂ ਦੀ ਬੁਧੀ ਪਸ਼ੂਆਂ ਜਿਹੀ ਹੈ, (ਕਿਉਂਕਿ)- ੨. ਜਗਤ ਵਿਚ ਉਹ ਅਵਸਥਾ ਤਾਂ ਪੱਥਰ ਦੀ ਹੈ, ਬੁਧੀਵਾਨ ਉਸ ਪੱਥਰ ਜਿਹੀ ਅਵਸਥਾ ਨੂੰ ਕਿਸ ਤਰ੍ਹਾਂ ਚਾਹ ਸਕਦੇ ਹਨ ? (ਅਰਥਾਤ ਜਿਸ ਹਾਲਤ ਵਿਚ ਖਾਣ ਪੀਣ, ਹਸਣ ਖੇਡਣ ਤੇ ਪਹਿਰਨ ਆਦਿਕ ਕਿਸੇ ਸੁਖ ਦਾ ਕੋਈ ਵੀ ਗਿਆਨ ਨਹੀਂ ਹੈ, ਕਿਸੇ ਤਰ੍ਹਾਂ ਦੇ ਭੋਗਾਂ ਦੇ ਭੋਗਣ ਦਾ ਅਨੁਭਵ ਨਹੀਂ ਹੈ, ਉਸ ਦਸ਼ਾ ਨੂੰ ਮੁਕਤ ਨਹੀਂ ਕਹਿਣਾ ਚਾਹੀਦਾ, ਸਗੋਂ 'ਪੱਥਰ' ਅਵਸਥਾ ਕਹਿਣਾ ਚਾਹੀਦਾ ਹੈ, ਕਿਉਂਕਿ ਪੱਥਰ ਨੂੰ ਕਿਸੇ ਤਰ੍ਹਾਂ ਦਾ ਕੋਈ ਹਰਖ ਸੋਗ, ਸੁਖ ਦੁਖ ਅਤੇ ਅਨੰਦ ਆਦਿਕ ਦਾ ਅਨੁਭਵ ਨਹੀਂ ਹੁੰਦਾ, ਇਸ ਲਈ ਵਿਚਾਰਵਾਨ ਪੁਰਖ ਇਸ ਅਵਸਥਾ ਨੂੰ ਕਦੇ ਭੀ ਨਹੀਂ ਚਾਹੁੰਦਾ)॥ ੧੦੪॥

## ਚੌਪਈ॥

**੧. ਅਪਨੀ ਵਯਕੀ ਜੋ ਅਨੁਰੂਪਾ ॥ ਯਵਤੀ ਮਿਲੈ ਸੁ ਮੋਖ ਅਨੂਪਾ॥**

**੨. ਯਾ ਪਰ ਸੰਮਤ ਤੋਹਿ ਦਿਖਾਊਂ ॥ ਤੇਰੋ ਸਬ ਸੰਦੇਹ ਮਿਟਾਊਂ॥੧੦੫॥**

ਵਯ=ਉਮਰਾ। ਅਨੁਰੂਪਾ=ਮਹਾਂ ਸੁੰਦਰ ਰੂਪ ਵਾਲੀ। ਯੁਵਤੀ=ਇਸਤ੍ਰੀ। ਸੰਮਤ=ਦ੍ਰਿਸ਼ਟਾਂਤ।

੧. ਆਪਣੀ ਉਮਰਾ ਦੇ ਸਮਾਨ ਉਮਰਾ ਵਾਲੀ ਪਰਮ ਸੁੰਦਰ ਇਸਤ੍ਰੀ ਮਿਲ ਜਾਵੇ, (ਸਾਡੇ ਮੱਤ ਵਿਚ) ਇਹੋ ਹੀ ਮਹਾਂ ਸੁੰਦਰ 'ਮੁਕਤੀ' ਹੈ। ੨. ਇਸ ਕਥਨ ਉਤੇ ਮੈਂ ਤੈਨੂੰ ਦ੍ਰਿਸ਼ਟਾਂਤ ਵਿਖਾ ਕੇ, ਤੇਰੇ ਮਨ ਦਾ ਸਾਰਾ ਸ਼ੰਕਾ ਦੂਰ ਕਰ ਦੇਂਦਾ ਹਾਂ॥ ੧੦੫॥

## ਚੌਪਈ॥

**੧. ਪਾਰਬਤੀ ਪਤਿ ਰੂਪ ਨਵੀਨਾ ॥ ਤਾ ਸੰਗ ਰਹੇ ਸਦਾ ਰਸ ਭੀਨਾ॥**

**੨. ਚੰਦ੍ਰ ਚੂੜ ਸ਼ਿਵ ਮੁਕਤ ਭਨੀਜੈ ॥ ਕ੍ਰੀੜਾ ਕਰੇ ਦਰਸ ਦੁਖ ਛੀਜੈ॥੧੦੬॥**

ਚੰਦ੍ਰ ਚੂੜ=ਚੰਦ੍ਰਮਾ ਜਿਸ ਦਾ ਗਹਿਣਾ ਹੈ। ਚੂੜ=ਸਿਰ ਦਾ ਭੂਖਨ। ਕ੍ਰੀੜਾ=ਕਾਮ-ਕੇਲ।

੧. ਵੇਖ, ਪਾਰਬਤੀ ਦਾ ਰੂਪ ਨਵੀਨ ਹੈ, (ਇਵੇਂ ਹੀ) ਪਾਰਬਤੀ ਦੇ ਪਤੀ ਦਾ ਰੂਪ ਨਵੀਨ ਹੈ ਅਰਥਾਤ ਦੋਵੇਂ ਹੀ ਚੜ੍ਹਦੀ ਜਵਾਨੀ ਵਾਲੇ ਹਨ। ਉਹ ਜਵਾਨ ਅਵਸਥਾ ਵਾਲਾ ਸ਼ਿਵਜੀ, ਆਪਣੇ ਸਮਾਨ ਹੀ ਉਮਰਾ ਤੇ ਰੂਪ ਵਾਲੀ ਇਸਤ੍ਰੀ ਨੂੰ ਸਦਾ ਹੀ ਆਪਣੇ ਸੰਗ ਰਖ ਕੇ, ਉਸਦੇ ਰਸ ਵਿਚ ਸਦਾ ਹੀ ਭਿਜਾ ਰਹਿੰਦਾ ਹੈ। ੨. ਚੰਦ੍ਰਮਾ

Sri Satguru Jagjit Singh Ji Elibrary NamdhariElibrary@gmail.com

ਜਿਸ ਦੇ ਸਿਰ ਦਾ ਗਹਿਣਾ ਹੈ, ਉਹ ਸ਼ਿਵਜੀ (ਇਸੇ ਕਾਰਨ ਕਰਕੇ ਹੀ) 'ਮੁਕਤ' ਕਿਹਾ ਜਾਂਦਾ ਹੈ, (ਜਿਸ ਦੇ) ਦਰਸ਼ਨ (ਮਾਤਰ ਤੋਂ ਹੀ ਜੀਵ ਦੇ) ਦੁਖ ਨਾਸ ਹੋ ਜਾਂਦੇ ਹਨ, (ਉਹ ਸਦਾ ਹੀ ਹਮ-ਉਮਰਾ ਵਾਲੀ ਪਾਰਬਤੀ ਨਾਲ) ਕ੍ਰੀੜਾ ਕਰਦਾ ਹੈ (ਤਦੇ ਹੀ ਉਸ ਨੂੰ ਮੁਕਤ ਕਿਹਾ ਜਾਂਦਾ ਹੈ, ਤਾਂਤੇ ਸੁੰਦਰ ਜਵਾਨ ਪੁਰਖ ਨੂੰ ਜੋ ਸੁੰਦਰ ਜੁਆਨ ਤੇ ਪਰਮ ਸੁਮਾਰ ਇਸਤ੍ਰੀ ਦਾ ਪ੍ਰਾਪਤ ਹੋਣਾ ਹੈ, ਏਹੋ ਹੀ ਸਾਡੇ ਮੱਤ ਵਿਚ ਮੁਕਤੀ ਹੈ, ਇਸ ਤੋਂ ਬਿਨਾਂ ਹੋਰ ਕੋਈ ਮੁਕਤੀ ਹੀ ਨਹੀਂ ਹੈ) ॥ ੧੦੬ ॥

ਭਿੱਛਕ ਉਵਾਚ ॥

**ਦੋਹਰਾ-੧. ਸਰਧਾ ਲਾਇਕ ਨਾ ਅਹੇ, ਮਹਾਂ ਭਾਗ ਯਹਿ ਰੀਤ ॥**
**੨. ਬਿਖੇ ਰਾਗ ਬੀਤਯੋ ਨਹੀ, ਮੁਕਤ ਕਹਾਂ ਤਿਹ ਮੀਤ ॥ ੧੦੭ ॥**

੧. ਬੋਧੀ ਕਹਿਣ ਲਗਾ-ਹੇ ਮਹਾਂ ਭਾਗ ਕਪਾਲਕ ! (ਜੋ ਤੂੰ ਕਿਹਾ ਹੈ ਕਿ ਆਪਣੇ ਰੂਪ ਅਤੇ ਜੋਬਨ ਅਨੁਸਾਰ ਇਸਤ੍ਰੀ ਦਾ ਮਿਲ ਜਾਣਾ ਹੀ ਮੁਕਤੀ ਹੈ) ਇਸ ਰੀਤੀ ਅਨੁਸਾਰ ਜੋ ਤੂੰ ਮੁਕਤੀ ਕਹੀ ਹੈ, ਉਹ ਸਰਧਾ ਕਰਨ ਦੇ ਯੋਗ ਨਹੀਂ ਹੈ (ਅਤੇ ਨਾ ਹੀ ਅਸੀਂ ਸਰਧਾ ਕਰ ਸਕਦੇ ਹਾਂ। ਕਿਉਂਕਿ)- ੨. ਜਿੰਨਾ ਚਿਰ ਪੁਰਸ਼ ਦੇ ਮਨ ਵਿਚੋਂ ਵਿਸ਼ਿਆਂ ਦਾ ਪਰੇਮ ਦੂਰ ਨਹੀਂ ਹੋਇਆ ਉੱਨਾ ਚਿਰ ਹੇ ਮਿਤ੍ਰ ! ਉਸ ਨੂੰ ਮੁਕਤੀ ਕਿਵੇਂ ਮਿਲ ਸਕਦੀ ਹੈ ? ਕਾਰਨ ਇਹ ਹੈ ਕਿ ਵਿਸ਼ਿਆਂ ਦੇ ਮੋਹ ਵਾਲਾ ਪੁਰਸ਼ ਬੰਧ ਅਵਸਥਾ ਵਿਚ ਹੀ ਹੈ, ਉਹ ਮੁਕਤਿ ਨਹੀਂ ਕਹਾ ਸਕਦਾ ॥ ੧੦੭ ॥

ਖਿਪਣਕ ਉਵਾਚ ॥

**ਦੋਹਰਾ-੧. ਅਰੇ ਕਪਾਲਕ ਰੋਖ ਤਜ ਪੂਛੋਂ ਬਾਤ ਪ੍ਰਸਿਧ ॥**
**੨. ਅਰਧ ਸਰੀਰੀ ਮੁਕਤਿ ਪੁਨ, ਯਹ ਮਤ ਬਹੁਤ ਬਿਰੁਧ ॥ ੧੦੮ ॥**

ਰੋਖ=ਗੁਸਾ। ਅਰਧ ਸਰੀਰੀ=ਇਸਤ੍ਰੀ।

੧. ਜੈਨੀ ਕਹਿਣ ਲਗਾ-ਹੇ ਕਪਾਲਕ ! ਮੈਂ ਤੈਨੂੰ ਇਕ ਪਰਮ ਪ੍ਰਸਿਧ ਗਲ ਪੁਛਦਾ ਹਾਂ, ਤੂੰ ਗੁਸਾ ਨਾ ਕਰੀਂ। ੨. ਜੋ ਤੂੰ ਇਸਤ੍ਰੀ ਦੀ ਪ੍ਰਾਪਤੀ ਨੂੰ ਮੁਕਤਿ ਕਹਿੰਦਾ ਹੈਂ (ਤੇਰਾ) ਇਹ ਮੱਤ ਤਾਂ ਬਿਲਕੁਲ ਉਲਟ ਹੈ, (ਕਿਉਂਕਿ ਜੋ ਪੁਰਸ਼ ਦੇਹ ਅਭਿਮਾਨੀ ਹੈ ਅਤੇ ਫਿਰ ਉਸ ਨੂੰ ਇਸਤ੍ਰੀ ਦਾ ਰਾਗ ਹੈ, ਉਸ ਦੀ ਮੁਕਤੀ ਕਦੇ ਭੀ ਨਹੀਂ ਹੋ ਸਕਦੀ। ਜੋ ਦੇਹ ਅਭਿਮਾਨ ਤੋਂ ਰਹਿਤ ਹੋਵੇ ਤੇ ਵਿਸ਼ਯਾਂ ਤੋਂ ਉਪਰਾਮ ਹੋਵੇ, ਉਹ ਪੁਰਸ਼ ਹੀ ਸ਼ਾਸਤ੍ਰਾਂ ਨੇ ਮੁਕਤਿ ਦਾ ਅਧਿਕਾਰੀ ਕਿਹਾ ਹੈ। ਤੇਰਾ ਕਥਨ ਤਾਂ ਸਾਰੇ ਧਰਮ ਗਰੰਥਾਂ ਤੋਂ ਬਹੁਤ ਹੀ ਉਲਟ ਹੈ, ਜੋ ਸਰਧਾ ਕਰਨੇ ਦੇ ਯੋਗ ਨਹੀਂ ਹੈ) ॥ ੧੦੮ ॥

**ਦੋਹਰਾ-੧. ਸੁਨਤ ਕਪਾਲਕ ਮਨ ਬਿਖੇ ਕੀਨੋ ਇਹੈ ਬਿਚਾਰ ॥**
**੨. ਯਾਕੇ ਅੰਤਹਕਰਣ ਮੈਂ ਅਹੇ ਅਸਰਧਾ ਭਾਰ ॥ ੧੦੯ ॥**

੧. ਬੋਧੀ ਤੇ ਜੈਨੀ ਦੋਹਾਂ ਦੀਆਂ ਗੱਲਾਂ ਸੁਣ ਲੈਣ ਮਗਰੋਂ ਕਪਾਲਕ ਨੇ ਆਪਣੇ ਮਨ ਵਿਚ ਇਹ ਵਿਚਾਰ ਕੀਤੀ। ੨. ਕਿ ਇਨ੍ਹਾਂ ਦੇ ਹਿਰਦੇ ਵਿਚ 'ਅਸਰਧਾ' ਦਾ ਬੋਝ ਹੈ, (ਇਸ ਲਈ ਇਹ ਮੇਰੇ ਮੱਤ ਉਤੇ ਰਤਾ ਜਿੰਨੀ ਭੀ ਸਰਧਾ ਨਹੀਂ ਕਰ ਸਕਣਗੇ) ॥ ੧੦੯ ॥ ਇਸ ਲਈ-

**ਦੋਹਰਾ-੧. ਨਿਜ ਮਤ ਸ਼ਰਧਾ ਆਜ ਪੁਨ ਲੀਜੇ ਬੇਗ ਬੁਲਾਇ ॥**
**੨. ਮੁਖੋ ਬਖਾਨਯੋ ਪ੍ਰਗਟ ਤਿਨ, ਸ਼ਰਧੇ ਤੂੰ ਇਤ ਆਇ ॥੧੧੦॥**

੧. ਆਪਣੇ ਮੱਤ ਦੀ ਸਰਧਾ ਨੂੰ ਅਜ ਫੇਰ ਛੇਤੀ ਨਾਲ ਬੁਲਾ ਲੈਣਾ ਚਾਹੀਦਾ ਹੈ। ਇਹ ਸੋਚ ਲੈਣ ਮਗਰੋਂ ੨. ਉਸਨੇ ਉਚੀ ਅਵਾਜ਼ ਨਾਲ ਮੂੰਹੋਂ ਆਖਿਆ 'ਹੇ ਸਰਧਾ ! ਤੂੰ ਛੇਤੀ ਨਾਲ ਇਧਰ ਆ ਜਾਹੁ।੧੧੦।

**ਦੋਹਰਾ–੧. ਤਬ ਆਈ ਸ਼ਰਧਾ ਤਹਾਂ ਰੂਪ ਕਪਾਲਕ ਧਾਰ ॥**
**੨. ਕਰੁਣਾ ਤਾਂਕੋ ਹੇਰ ਕਰ ਕੀਨੋ ਸ਼ਾਂਤਿ ਉਚਾਰ ॥ ੧੧੧ ॥**

੧. ਉਸੇ ਵੇਲੇ ਹੀ ਸਰਧਾ ਕਪਾਲਕ ਵਰਗਾ ਰੂਪ ਧਾਰਨ ਕਰਕੇ ਝਟ ਹੀ ਉਥੇ ਆ ਗਈ। ੨. ਉਸ (ਕਪਾਲਿਕਣਿ ਰੂਪ ਵਾਲੀ ਸਰਧਾ) ਨੂੰ ਵੇਖਕੇ, ਕਰੁਣਾ ਨੇ ਸ਼ਾਂਤੀ ਨੂੰ ਇਸ ਤਰ੍ਹਾਂ ਕਹਿਣਾ ਸ਼ੁਰੂ ਕੀਤਾ ॥੧੧੧॥

**ਦੋਹਰਾ–੧. ਸਖੀ ਰਜੋ ਗੁਣ ਕੀ ਸੁਤਾ, ਸਰਧਾ ਆਹਿ ਪਛਾਨ ॥**
**੨. ਗੁਲਾਬ ਸਿੰਘ ਕਵਿ ਰੂਪ ਤਹ, ਆਗੇ ਕਰੇ ਬਖਾਨ ॥ ੧੧੨ ॥**

੧. ਕਰੁਣਾ ਨੇ ਕਿਹਾ–ਹੇ ਸਖੀ ਸ਼ਾਂਤੀ ! ਤੂੰ ਚੰਗੀ ਤਰ੍ਹਾਂ ਪਛਾਣ (ਲੈ, ਇਹ) ਸਰਧਾ ਰਜੋ ਗੁਣ ਦੀ ਲੜਕੀ ਹੈ । ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ (ਉਸ ਸਰਧਾ ਦਾ) ਰੂਪ ਅਗੇ ਵਰਣਨ ਕਰਦੇ ਹਨ ॥ ੧੧੨ ॥

**ਸਵੈਯਾ ॥**

**੧. ਨੀਲ ਸਰੋਜ ਵਿਲੋਲ ਮਹਾਂ ਦ੍ਰਿਗ ਮਾਂਗ ਸੰਧੂਰ ਸੁ ਪੂਰ ਬਨਾਈ ॥**
**੨. ਸੁੰਦਰ ਭੂਖਨ ਆਹਿ ਘਨੇ ਨਰ ਹਾਡਨ ਕੀ ਗਲ ਮਾਲ ਸੁਹਾਈ ॥**
**੩. ਪੀਨ ਨਿਤੰਬ ਸੁ ਪੀਨ ਕੁਚਾ ਕਟਿ ਮੱਧਮ ਆਨਨ ਚੰਦ ਲਜਾਈ ॥**
**੪. ਆਇ ਪ੍ਰਦੱਛਨ ਤਾਂਹਿ ਦਈ ਕਹਿ ਸ੍ਵਾਮਿਨ ਆਇਸ ਦੇਹੁ ਬਤਾਈ॥੧੧੩॥**

ਸਰੋਜ=ਕਮਲ। ਵਿਲੋਲ=ਚੰਚਲ। ਪੀਨ=ਮੋਟੇ । ਨਿਤੰਬ=ਚੂਤੜ। ਪੀਨ=ਕਰੜੇ, ਸਖਤ। ਕੁਚ=ਮੰਮੇ। ਕਟਿ=ਲੱਕ। ਮੱਧਮ=ਪਤਲਾ। ਆਨਨ=ਮੁਖ, ਮੂੰਹ।

੧. ਨੀਲੇ ਕਮਲ (ਸਮਾਨ ਕਾਲੇ ਤੇ) ਮੋਟੇ ਨੈਣ (ਜਿਸਦੇ) ਬੜੇ ਹੀ ਚੰਚਲ ਹਨ ਅਤੇ ਸਿਰ ਦੀ ਚੀਰਣੀ ਵਿਚ ਸੰਧੂਰ ਭਰਕੇ ਪੱਟੀਆਂ ਬਣਾਈਆਂ ਹੋਈਆਂ ਹਨ। ਬਹੁਤ ਸਾਰੇ ਗਹਿਣੇ, ਬਹੁਤ ਹੀ ਫੱਬਾ ਕੇ ਪਹਿਨੇ ਹੋਏ ਹਨ ਅਤੇ ਮਨੁਖ ਦੀਆਂ ਹੱਡੀਆਂ ਦੀ ਮਾਲਾ (ਜਿਸਦੇ) ਗਲ ਵਿਚ ਸੋਭ ਰਹੀ ਹੈ। ੩. ਜਿਸ ਦੇ ਚੂਤੜ ਭਾਰੇ ਹਨ ਤੇ ਮੰਮੇ ਕਰੜੇ ਤੇ ਮੋਟੇ ਹਨ,ਲੱਕ ਪਤਲਾ ਹੈ ਅਤੇ ਮੂੰਹ ਦੀ ਸੁੰਦਰਤਾ ਦੇ ਸਾਹਮਣੇ ਚੰਦ੍ਰਮਾ ਭੀ ਸ਼ਰਮਸਾਰ ਹੁੰਦਾ। ੪. ਇਸ ਤਰ੍ਹਾਂ ਦੇ ਸਰੂਪ ਵਾਲੀ ਸਰਦਾ ਨੇ ਆਕੇ ਕਪਾਲਕ ਦੀਆਂ ਪਰਕਰਮਾ ਕਰਕੇ ਕਿਹਾ–"ਹੇ ਸ੍ਵਾਮੀ ਜੀ ! ਆਗਿਆ ਕਰੋ, ਜਿਸ ਵਾਸਤੇ ਯਾਦ ਕੀਤਾ ਜੇ !" ॥ ੧੧੩ ॥

**ਸਵੈਯਾ ॥**

**੧. ਹੈ ਅਭਿਮਾਨ ਬਡੋ ਇਨਕੋ ਅਬ ਭਿੱਛਕ ਕੋ ਗਹਿ ਲੇਹੁ ਪਿਆਰੀ ॥**
**੨. ਯੌਂ ਸੁਨ ਬਾਤ ਕਪਾਲਿਕ ਕੀ ਹਸ ਭਿੱਛਕ ਅੰਕ ਮਿਲੀ ਭੁਜ ਡਾਰੀ ॥**
**੩. ਭਿੱਛਖ ਸ਼ਾਨੰਦ ਅੰਕ ਲਈ ਤਨ ਰੋਮ ਖੜੇ ਸੁ ਜਗੇ ਸ਼ਿਵ-ਆਰੀ ॥**
**੪. ਸੁ ਅਹੋ ਸੁਖਆਹਿ ਅਪਾਲਿਨਿ ਕਾ ਹਮ ਧੰਨ ਭਏ ਇਮ ਬਾਤਉਚਾਰੀ।੧੧੪।**

ਅੰਕ=ਗੱਲ। ਸਾਨੰਦ=ਖੁਸ਼ ਹੋ ਕੇ। ਅੰਕ ਲਈ=ਜੱਫੀ ਪਾ ਲਈ। ਸ਼ਿਵ ਆਰੀ=ਕਾਮਦੇਵ। ਅਹੋ=ਅਸਚਰਜ।

Sri Satguru Jagjit Singh Ji Elibrary NamdhariElibrary@gmail.com

੧. ਕਪਾਲਕ ਨੇ ਕਿਹਾ-ਹੇ ਪਿਆਰੀ ! ਇਹਨਾਂ ਦੋਹਾਂ ਨੂੰ (ਆਪੋ ਆਪਣੇ ਮੱਤ ਦਾ) ਬੜਾ ਹੀ ਅਭਿਮਾਨ ਹੈ. (ਇਸ ਲਈ ਪਹਿਲੇ ਤੂੰ) ਭਿੱਛਕ (ਬੋਧੀ) ਨੂੰ ਕਾਬੂ ਕਰ ਲੈ। ੨. ਕਪਾਲਕ ਦੀ ਇਹ ਗੱਲ ਸੁਣਕੇ (ਕਪਾਲਣੀ ਸਰਧਾ) ਹੱਸ ਕੇ, ਬੋਧੀ ਦੇ ਗਲ ਵਿਚ ਬਾਹਾਂ ਪਾ ਕੇ ਉਸਦੀ ਛਾਤੀ ਨਾਲ ਲਗ ਗਈ। ੩. ਬੋਧੀ ਨੇ ਭੀ ਖੁਸ਼ ਹੋ ਕੇ (ਕਪਾਲਣੀ ਨੂੰ) ਜੱਫੀ ਵਿਚ ਘੁਟ ਲਿਆ (ਤਾਂ ਉਸਦੇ) ਸਰੀਰ ਦੇ ਰੋਮ ਖੜੇ ਹੋ ਗਏ ਅਤੇ (ਮਨ ਵਿਚ) ਕਾਮ ਵਾਸ਼ਨਾ ਜਾਗ ਪਈ। ੪. ਤਦ ਉਸ ਨੇ ਮੂੰਹੋਂ ਇਹ ਗੱਲ ਆਖੀ (ਕਿ ਇਸ ਕਪਾਲਣੀ (ਦੇ ਮਿਲਾਪ ਦਾ) ਵਡਾ ਅਚਰਜ ਸੁਖ ਹੈ, ਜਿਸ ਨੂੰ ਪ੍ਰਾਪਤ ਕਰਕੇ ਅਜ ਮੈਂ ਧੰਨ ਹੋ ਗਿਆ ਹਾਂ (ਅਰਥਾਤ ਮੇਰਾ ਜਨਮ ਅਜ ਹੀ ਸਫਲ ਹੋਇਆ ਹੈ) ॥ ੧੧੪ ॥

## ਸਵੈਯਾ ॥

**੧. ਪੀਨ ਪਯੋਧਰ ਨਾਰਿ ਕਬੂੰ ਜਿਨ ਕੇ ਮਤ ਨਾ ਹਮ ਅੰਕ ਛੁਹਾਈ ॥**
**੨. ਭੂਲ ਪਿਖੇਂ ਤਬ ਮਾਰਿ ਕਰੇਂ ਅਰੁ ਦੋਖ ਜਨਾਵਤ ਗ੍ਰੰਥ ਸੁਨਾਈ ॥**
**੩. ਸ੍ਰਾਵਗ ਐ ਤਿਨ ਗ੍ਰੰਥਨ ਕੋ ਸ਼ਤ ਬਾਰ ਧਿਕਾਰ ਬਡੋ ਦੁਖਦਾਈ ॥**
**੪. ਆਜ ਕਪਾਲਿਨਿ ਪੀਨ ਕੁਚਾ ਛੁਹਿ ਮੋਦ ਬਡੋ ਸੁ ਬਡੀ ਸੁਖਦਾਈ ॥੧੧੫॥**

ਪਯੋਧਰ=ਥਨ ਮੰਮੇ। ਸ੍ਰਾਵਗ=ਬੋਧ ਮੱਤ। ਸ਼ਤ=ਸੌ। ਮੋਦ=ਅਨੰਦ।

੧. ਕਠੋਰ ਮੰਮਿਆਂ ਵਾਲੀ ਇਸਤ੍ਰੀ ਜਿਨ੍ਹਾਂ ਦੇ ਮੱਤ (ਵਿਚ ਰਹਿ ਕੇ) ਮੈਂ ਕਦੇ ਭੀ ਗਲ ਨਾਲ ਨਹੀਂ ਲਾਈ ਸੀ। ੨. ਜੇ ਭੁਲ ਕੇ ਕਦੇ ਕਿਸੇ ਵੇਲੇ ਵੇਖ ਲਿਆ ਸੀ, ਤਾਂ ਗੁਰੂ ਮਾਰਿਆ ਕਰਦੇ ਸਨ (ਅਤੇ ਆਪਣੇ ਮੱਤ ਦੇ ਪੁਸਤਕ ਵਿਚੋਂ ਇਸਤ੍ਰੀਆਂ ਦੇ) ਦੋਸ਼ ਸੁਣਾਇਆ ਕਰਦੇ ਸਨ (ਕਿ ਹੇ ਸਿਖ ! ਜਿਸ ਇਸਤ੍ਰੀ ਦੇ ਰੂਪ ਨੂੰ ਤੂੰ ਵੇਖ ਰਿਹਾ ਸੀ, ਇਹ ਤਾਂ ਗੂੰਹ, ਮੂਤ੍ਰ ਤੇ ਲਹੂ ਮਾਸ ਮਿਝ ਦਾ ਥੈਲਾ ਹੈ,ਇਸ ਦੀ ਸੰਗਤ ਕਰਨ ਵਾਲਾ ਨਰਕਾਂ ਵਿਚ ਜਾਂਦਾ ਹੈ, ਏਹੋ ਹੀ ਨਰਕ ਦਾ ਦਰਵਾਜ਼ਾ ਹੈ, ਭੁਲਕੇ ਭੀ ਇਸ ਦੇ ਮੋਹ ਵਿਚ ਨਾ ਫਸੀਂ, ਨਹੀਂ ਤਾਂ ਮੁਕਤ ਤੋਂ ਵਾਂਜਿਆਂ ਜਾਏਗਾ ਅਤੇ ਕੁੰਭੀ ਨਰਕ ਵਿਚ ਪੈਕੇ,ਕਰੋੜਾਂ ਯੁਗਾਂ ਤਕ ਗਲਦਾ ਸੜਦਾ ਰਹੇਂਗਾ,ਇਤਆਦਿਕ ਕਿਹਾ ਕਰਦੇ ਸਨ। ਇਸ ਕਰਕੇ) ੩. ਬੋਧ ਮੱਤ ਅਤੇ ਉਸ ਦੇ ਗ੍ਰੰਥਾਂ ਨੂੰ ਸੌ ਵੇਰੀ ਧਿਰਕਾਰ ਹੈ, (ਜੋ) ਵਡੇ ਹੀ ਦੁਖ ਦੇਣ ਵਾਲੇ ਹਨ। ੪. ਅਜ ਇਸ ਕਪਾਲਣੀ ਦੇ ਕਠੋਰ ਮੰਮਿਆਂ ਨੂੰ ਛੋਂਹਦਿਆਂ (ਹੀ ਮੇਰੇ ਮਨ ਵਿਚ) ਅਨੰਦ ਵਧ ਗਿਆ ਹੈ, ਅਤੇ ਮੈਂ ਜਾਣ ਲਿਆ ਹੈ ਜੋ ਇਹ ਬੜਾ ਹੀ ਸੁਖ ਦੇਣ ਵਾਲੀ ਹੈ ॥ ੧੧੫ ॥

## ਸਵੈਯਾ ॥

**੧. ਸੁ ਅਹੋ ਸੁਭ ਪੁੰਨ ਕਪਾਲਕ ਕੇ ਜਿਨਕੇ ਮੱਤ ਯਾ ਬਿਧਕੇ ਸੁਖ ਪੱਯੇ ॥**
**੨. ਸੁ ਅਹੋ ਯਹਿ ਸੋਮ ਸਿਧਾਂਤ ਬਡੋ ਜਿਨਕੇ ਸਮ ਔਰ ਨ ਦੂਸਰ ਹੱਯੇ ॥**
**੩. ਪੁਨ ਹੈ ਯਹਿ ਧਰਮ ਅਚੰਭ ਬਡੋ ਬਡਭਾਗ ਸੁਨੋ ਸੁ ਕਹਾਂ ਮੁਖ ਗੱਯੇ ॥**
**੪. ਅਬ ਮੈਂ ਦ੍ਰਿਢ ਸ੍ਰਾਵਗ ਪੰਥ ਤਜੋਂ ਕਬਹੂੰ ਤਿਨਕੇ ਮਤਭੂਲ ਨ ਜੱਯੇ॥੧੧੬॥**

੧. ਇਸ ਕਪਾਲਕ ਦੇ ਅਸਚਰਜ ਪਵਿਤ੍ਰ ਪੁੰਨ ਹਨ, ਜਿਸ ਦੇ ਮੱਤ ਵਿਚ ਇਸ ਤਰ੍ਹਾਂ ਦੇ ਸੁਖ ਪਾਏ ਜਾਂਦੇ ਹਨ। ੨. ਇਹ ਵਾਮ ਮਾਰਗ ਮੱਤ ਬੜਾ ਹੀ ਅਚਰਜ ਹੈ, ਜਿਸ ਦੇ ਸਮਾਨ ਜਗਤ ਵਿਚ ਹੋਰ ਕੋਈ ਦੂਜਾ ਹੈਗਾ ਹੀ ਨਹੀਂ ਹੈ। ੩. ਫਿਰ ਧਰਮ ਜਗਤ ਵਿਚ ਬੜਾ ਹੀ ਅਚਰਜ ਹੈ, ਹੇ ਵਡਭਾਗੀ ਪੁਰਸ਼ੋ ! ਸੁਣੋ, ਮੈਂ ਮੂੰਹ ਨਾਲ ਇਸਦੀ ਉਪਮਾ ਕਿਥੋਂ ਤਕ ਕਹਾਂ ? (ਮੇਰੇ ਪਾਸੋਂ ਤਾਂ ਇਸ ਦੀ ਮਹਿਮਾ ਕਹੀ ਹੀ ਨਹੀਂ ਜਾਂਦੀ)। ੪. ਹੁਣ ਮੈਂ ਪੱਕਾ ਨਿਸਚਾ ਕਰ ਲਿਆ ਹੈ, ਕਿ ਬੋਧ ਪੰਥ ਨੂੰ ਛੱਡ ਦੇਵਾਂਗਾ ਅਤੇ ਮੁੜ ਕਦੇ ਭੁਲ ਕੇ ਭੀ ਉਹਨਾਂ

ਦੇ ਕੋਲ ਨਹੀਂ ਜਾਵਾਂਗਾ ॥ ੧੧੬ ॥

## ਸਵੈਯਾ ॥

**੧. ਪਰਮੇਸ਼ਰ ਕੋ ਯਹਿ ਸੋਮ ਸਿਧਾਂਤ ਸੁ ਤਾਂਹਿ ਬਿਖੇ ਅਬ ਮੈ ਚਲ ਆਯੋ ॥**
**੨. ਅਬ ਤੂੰ ਗੁਰੁ ਸਿੱਖ ਸੁ ਮੋਹਿ ਪਿਖੋ ਗੁਰ ਸੀਖ ਦਿਜੇ ਸੁ ਪਰੋਂ ਤਵ ਪਾਯੋ ॥**
**੩. ਪਿਖ ਤਾਂਹਿ ਦਿਗੰਬਰ ਕੋਪ ਭਯੋ ਸੁ ਕਪਾਲਿਨਿ ਸੋ ਕਵ ਅੰਗ ਛੁਹਾਯੋ ॥**
**੪. ਸਠ ਭਿੱਛਕ ਦੂਰ ਚਲੇ ਅਤਿ ਦੂਖਤਕਿਉਂ ਮਮ ਆਵਤਹੈਂ ਨਿਕਟਾਯੋ॥੧੧੭॥**

੧. ਫਿਰ ਕਹਿਣ ਲਗਾ–ਪਰਮ ਈਸ਼ਰ ਜੋ ਸ਼ਿਵ ਹੈ, ਇਹ ਵਾਮ ਮਾਰਗ ਧਰਮ ਉਸਦਾ ਚਲਾਇਆ ਹੋਇਆ ਹੈ, ਸੋ ਮੈਂ ਭੀ ਉਸੇ ਸੋਮ ਸਿਧਾਂਤ ਵਿਚ ਆ ਗਿਆ ਹਾਂ। ੨. ਹੇ ਕਪਾਲਕ! ਤੂੰ ਮੇਰਾ ਗੁਰੂ ਹੈਂ, ਹੁਣ ਤੂੰ ਭੀ ਮੈਨੂੰ ਆਪਣਾ ਚੇਲਾ ਜਾਣ ਕੇ ਵੇਖ ਮੈਂ ਤੇਰੀ ਚਰਨੀ ਪੈਂਦਾ ਹਾਂ, ਤੂੰ ਮੈਨੂੰ ਗੁਰ-ਸਿਖਿਆ ਦੇਹ, (ਇਹ ਕਹਿਕੇ ਭਿੱਛਕ ਕਪਾਲਕ ਦੇ ਚਰਨੀਂ ਡਿਗ ਪਿਆ)। ੩. ਜੈਨੀ (ਉਸਨੂੰ ਕਪਾਲਕ ਦੇ ਚਰਨੀਂ ਡਿਗਾ) ਵੇਖਕੇ ਕ੍ਰੋਧਵਾਨ ਹੋ ਗਿਆ ਅਤੇ ਕਹਿਣ ਲਗਾ–ਹੇ ਮੂਰਖ ਬੋਧੀ! ਤੂੰ ਕਪਾਲਣੀ ਨਾਲ ਆਪਣਾ ਸਰੀਰ ਛੁਹਾਇਆ ਹੈ, ਇਸ ਲਈ ਤੂੰ ਬੜਾ ਭਾਰਾ ਕਲੰਕੀ ਹੈਂ, ਮੈਥੋਂ ਦੂਰ ਹੋ ਜਾਹ, ਕਿਉਂ ਨੇੜੇ ਨੇੜੇ ਢੁਕਦਾ ਆਉਂਦਾ ਹੈਂ? ਪਰੇ ਹੱਟ ਕੇ ਬਹੁ ॥ ੧੧੭ ॥

**ਦੋਹਰਾ–੧. ਤਬ ਭਿੱਛਕ ਖਿਪਣਕ ਕਹਯੋ ਵੰਚਯੋ ਪਾਪਿ ਬਿਸਾਲ ॥**
**੨. ਯਾਹਿ ਕਪਾਲਿਨਿ ਸੰਗ ਸੁਖ ਕਹਾਂ ਤੁਮ੍ਹਾਰੇ ਭਾਲ ॥ ੧੧੮ ॥**

ਤਬ ਬੋਧੀ ਨੇ ਜੈਨੀ ਨੂੰ ਕਿਹਾ–ਤੈਨੂੰ ਮਹਾਂ ਪਾਪੀ ਨੇ ਠੱਗ ਲਿਆ ਹੋਇਆ ਹੈ, (ਇਸ ਲਈ ਤੂੰ ਅਜਿਹਾ ਕਹਿ ਰਿਹਾ ਹੈਂ)। ੨. ਇਸ ਕਪਾਲਣੀ ਦੇ ਮਿਲਾਪ ਦਾ ਜੋ ਸੁਖ-ਅਨੰਦ ਹੈ, (ਉਹ) ਤੇਰੇ ਭਾਗਾਂ ਵਿਚ ਕਿਥੇ ਹੈ? (ਜਿਸ ਦੇ ਬੜੇ ਹੀ ਉਤਮ ਭਾਗ ਹੋਣ, ਓਹੀ ਇਸ ਦੇ ਮਿਲਾਪ ਦਾ ਸੁਖ ਪਾਂਦਾ ਹੈ) ॥੧੧੮॥

## ਚੌਪਈ ॥

**੧. ਤਬ ਭਿੱਛਕ ਪੁਨ ਏਹ ਉਚਾਰੀ ॥ ਖਿਪਣਕ ਕਉ ਗਹਿ ਬੇਗ ਪਜਾਰੀ ॥**
**੨. ਖਿਪਣਕ ਅੰਕ ਮਿਲੀ ਦ੍ਰਿਗ ਲੋਲੇ ॥ ਭਏ ਰੁਮੰਚ ਸੁ ਖਿਪਣਕ ਬੋਲੇ॥੧੧੯॥**

੧. ਤਦ ਫਿਰ ਬੋਧੀ (ਨੇ ਕਪਾਲਣੀ ਸਰਧਾ ਨੂੰ) ਇਹ ਕਿਹਾ–ਹੇ ਪਿਆਰੀ ਕਪਾਲਣੀ (ਹੁਣ ਤੂੰ ਇਸ ਜੈਨੀ ਨੂੰ ਭੀ ਛੇਤੀ ਨਾਲ ਕਾਬੂ ਕਰ ਲੈ, ਤਾਂਕਿ ਇਹ ਕੋਈ ਨਿੰਦਾ-ਚੁਗਲੀ ਨਾ ਕਰ ਸਕੇ)। ੨. ਉਸ ਵੇਲੇ ਕਪਾਲਣੀ ਨੇ ਚੰਚਲ ਅੱਖਾਂ (ਨਾਲ ਅੱਖ ਮਟੱਕਾ ਮਾਰਦਿਆਂ ਹੋਇਆਂ) ਜੈਨੀ ਨੂੰ ਭੀ ਜੱਫੀ ਪਾ ਲਈ,(ਤਾਂ)ਜੈਨੀ ਦੇ ਸਰੀਰ ਵਿਚ (ਕਾਮਬੇਗ ਜਾਗ ਪੈਣ ਕਰਕੇ) ਰੌਂਗਟੇ ਖੜੇ ਹੋ ਗਏ, ਤਦ ਉਹ ਕਹਿਣ ਲਗਾ ॥ ੧੧੯ ॥

## ਸਵੈਯਾ ॥

**੧. ਸੁ ਅਹੋ ਸੁਨ ਸ੍ਰਾਵਗ ਜੂ ਸੁ ਕਪਾਲਿਨਿ ਸੰਗ ਬਡੋ ਸੁਖਦਾਈ ॥**
**੨. ਅਤਿ ਸੁੰਦਰ ਦੇਹਿ ਸਨੇਹਿ ਬਡੋ ਮੁਹਿ ਫੇਰ ਮਿਲੇ ਭੁਜ ਦੰਡ ਲੰਬਾਈ ॥**
**੩. ਸੁਨ ਸ੍ਰਾਵਗ ਸੁਖ ਮਹਾਨ ਮਯੋ ਯਹਿ ਅੰਮ੍ਰਿਤ ਕੀ ਸੁ ਬਿਰੰਚ ਬਨਾਈ ॥**

**੪. ਅਬ ਜਾਇ ਇਕੰਤ ਰਮੋ ਇਨਸੋਂ ਇਮਗੂੜਛਤਿਨੇ ਮਨਮਾਂਹਿ ਠਹਰਾਈ॥੧੨੦।**

ਸ੍ਾਵਗ=ਬੋਧੀ। ਬਿਰੰਚ=ਬ੍ਰਹਮਾ। ਰਮੋ=ਭੋਗ ਕਰਦਾ ਹਾਂ।

੧. ਹੇ ਬੋਧੀਆਂ ਵਿਚੋਂ ਸਰੇਸ਼ਟ ਬੋਧੀ ਜੀ! ਸੁਣੋ, ਸੱਚ ਮੁਚ ਹੀ ਇਸ ਕਪਾਲਣੀ ਦਾ ਮਿਲਾਪ ਬੜਾ ਹੀ ਸੁਖ ਦੇਣ ਵਾਲਾ ਹੈ। ੨. ਹੇ ਸੁੰਦਰ ਦੇਹ ਵਾਲੀ ਕਪਾਲਣੀਏ! ਤੇਰਾ ਪਿਆਰ ਮੇਰੇ ਮਨ ਵਿਚ ਵਧ ਗਿਆ ਹੈ, (ਇਸ ਲਈ ਆਪਣੀਆਂ) ਲੰਮੀਆਂ ਬਾਹਾਂ ਮੇਰੇ ਗਲ ਵਿਚ ਪਾ ਕੇ ਇਕ ਵੇਰੀ ਫੇਰ ਮੈਨੂੰ (ਜੱਫੀ ਪਾਕੇ) ਮਿਲ। ੩. ਹੇ ਬੋਧੀ! ਸੁਣ, ਬੜਾ ਹੀ ਸੁਖ (ਪ੍ਰਾਪਤ) ਹੋਇਆ ਹੈ, ਇਸ (ਕਪਾਲਣੀ ਨੂੰ) ਬ੍ਰਹਮਾ ਨੇ ਅੰਮ੍ਰਿਤ ਦੀ ਵੇਲ ਬਣਾ ਲਿਆ ਹੈ। ੪. ਇਸ ਤਰ੍ਹਾਂ ਜ਼ਬਾਨੀ ਕਹਿੰਦਿਆਂ ਹੋਇਆਂ ਉਸ ਨੇ ਮਨ ਵਿਚ ਗੁਪਤ ਗੱਲ ਇਹ ਠਾਨ ਲਈ ਕਿ ਕਿਸੇ ਨਵੇਕਲੀ ਜਗ੍ਹਾ ਉਤੇ ਜਾ ਕੇ ਇਸ ਨੂੰ ਮਿਲਾਂ॥ ੧੨੦॥

**ਸਵੈਯਾ॥**

**੧. ਘਨ ਪੀਨ ਪਯੋਧਰ ਸ਼ੋਭਿਨ ਤੂੰ ਮ੍ਰਿਗ ਸ਼ਾਵਕ ਭੀਤ ਸੁ ਨੈਨ ਤਿਹਾਰੇ॥**
**੨. ਸੁ ਕਪਾਲਿਨਿ ਜੋ ਮਮ ਸੰਗ ਰਮੈ ਤਬ ਸ੍ਾਵਗ ਕੋ ਡਰ ਨਾਂਹਿ ਹਮਾਰੇ॥**
**੩. ਸੁ ਕਪਾਲਕ ਆਗਮ ਧੰਨ ਅਹੋ ਜਿਨ ਭੀਤਰ ਮੋਖ ਸੁ ਸੁਖ ਅਪਾਰੇ॥**
**੪. ਸੁ ਕਪਾਲਕ ਆਜ ਅਚਾਰਯ ਤੂੰ ਹਮ ਦਾਸ ਭਏ ਤਵ ਪਾਦ ਜੁਹਾਰੇ।੧੨੧।**

ਘਨ=ਮੋਟੇ। ਪੀਨ=ਕਰੜੇ। ਪਯੋਧਰ=ਮੰਮੇ। ਸ਼ੋਭਿਨ=ਸੋਭਾ ਵਾਲੀ ਹੈਂ। ਮ੍ਰਿਗ ਸ਼ਾਵਕ= ਹਰਨੋਟਾ, ਹਰਨ ਦਾ ਬੱਚਾ। ਭੀਤ=ਡਰਿਆ ਹੋਇਆ। ਆਗਮ=ਸ਼ਾਸਤ੍ਰ। ਅਚਾਰਯ= ਗੁਰੂ। ਜੁਹਾਰੇ=ਨਮਸ਼ਕਾਰ ਕਰਦੇ ਹਾਂ।

੧. ਜੈਨੀ ਫੇਰ ਕਹਿਣ ਲੱਗਾ-ਹੇ ਮੋਟੇ ਤੇ ਕਰੜੇ ਮੰਮਿਆਂ ਵਾਲੀਏ! ਤੂੰ ਹਰ ਤਰ੍ਹਾਂ ਦੀ ਸੋਭਾ ਵਾਲੀ ਹੈਂ ਅਤੇ ਡਰੇ ਹੋਏ ਹਰਣੋਟੇ (ਵਾਂਗੂੰ) ਤੇਰੀਆਂ ਅੱਖਾਂ ਚੰਚਲ ਹਨ। ੨. ਹੇ ਕਪਾਲਣੀਏ! ਜੇਕਰ ਤੂੰ ਅਜ ਮੇਰੇ ਨਾਲ ਕਾਮ ਕੇਲ ਕਰੇਂ, ਤਾਂ ਫੇਰ ਮੇਰੇ ਮਨ ਵਿਚ ਜੈਨ-ਮੱਤ-ਵਾਲਿਆਂ ਦਾ ਰਤਾ ਜਿੰਨਾ ਭੀ ਡਰ ਨਹੀਂ ਰਹੇਗਾ। ੩. ਇਹ ਕਪਾਲਕ ਦਰਸ਼ਨ (ਵਾਮ ਮਾਰਗ ਮੱਤ) ਧੰਨ ਹੈ, ਜਿਸ ਵਿਚ ਇਸ ਤਰ੍ਹਾਂ ਦੇ ਅਪਾਰ ਹੀ ਸੁਖ ਹਨ। ੪. ਹੇ ਕਪਾਲਕ! ਅਜ ਤੋਂ ਤੂੰ ਸਾਡਾ ਗੁਰੂ ਹੋ ਗਿਆ ਹੈਂ ਅਤੇ ਅਸੀਂ ਤੇਰੇ ਦਾਸ ਹੋ ਗਏ ਹਾਂ ਅਤੇ ਤੇਰੇ ਚਰਨਾਂ ਉਤੇ ਨਮਸ਼ਕਾਰ ਕਰਦੇ ਹਾਂ॥ ੧੨੧॥

**ਦੋਹਰਾ—੧. ਭੈਰਵ ਕੇ ਅਨੁਸਾਰਨੇ ਸਿੱਛਾ ਦੀਜੇ ਮੋਹਿ॥**
**੨. ਮੈਂ ਸਭ ਪੰਥ ਨਿਹਾਰਿਆ ਪੂਰਣ ਪੇਖੌਂ ਤੋਹਿ॥ ੧੨੨॥**

ਅਨੁਸਾਰਨੇ=ਆਗਿਆ ਅਨੁਸਾਰ।

੧. ਹੇ ਕਪਾਲਕ! ਭੈਰਵ ਜੀ ਦੀ ਆਗਿਆ ਅਨੁਸਾਰ ਮੈਨੂੰ (ਗੁਰ) ਸਿਖਿਆ ਦੇਵੋ। ੨. ਕਿਉਂਕਿ, ਮੈਂ, ਸਾਰੇ ਮੱਤ-ਮਤਾਂਤ੍ਰਾਂ ਨੂੰ ਵੇਖ ਚੁਕਾ ਹਾਂ, ਇਕ ਤੈਨੂੰ ਹੀ ਸਾਰੇ ਗੁਣਾਂ ਵਿਚ ਪੂਰਨ ਵੇਖਿਆ ਹੈ, (ਇਸ ਲਈ ਮੈਨੂੰ ਸੇਵਕ ਜਾਣਕੇ ਗੁਰ ਮੰਤ੍ਰ ਦੇਵੋ)॥ ੧੨੨॥

**ਦੋਹਰਾ—੧. ਕਹਯੋ ਕਪਾਲਿਕ ਦੋਨ ਕੋ ਬੈਠੋ ਮੋ ਢਿਗ ਆਇ॥**
**੨. ਤਬ ਖਿਪਣਕ ਭਿੱਛਕ ਤਥਾ ਬੈਠੇ ਮੌਲ ਝੁਕਾਇ॥ ੧੨੩॥**

੧. ਕਪਾਲਕ ਨੇ ਦੋਹਾਂ ਨੂੰ ਕਿਹਾ-ਮੇਰੇ ਕੋਲ ਆਣਕੇ ਬੈਠੋ। ੨. ਤਦ ਜੈਨੀ ਤੇ ਬੋਧੀ (ਦੋਵੇਂ ਹੀ) ਸਿਰ ਝੁਕਾ ਕੇ (ਉਸਦੇ ਕੋਲ) ਬੈਠ ਗਏ॥ ੧੨੩॥

Sri Satguru Jagjit Singh Ji Elibrary NamdhariElibrary@gmail.com

ਦੋਹਰਾ–੧. ਕਪਾਲਕ ਭਾਂਜਨ ਹਾਥ ਲੈ ਬੈਠੇ ਲਾਇ ਧਿਆਨ॥
੨. ਸਰਧਾ ਤਬੈ ਕਪਾਲਿਨੀ ਲਿਆਈ ਸੁਰਾ ਮਹਾਨ॥੧੨੪॥

੧. ਕਪਾਲਕ (ਮਨੁਖ ਦੇ ਸਿਰ ਦੀ ਖੋਪਰੀ ਦਾ) ਖਪਰ ਹਥ ਵਿਚ ਲੈ ਕੇ ਤੇ ਅੱਖਾਂ ਮੀਟ ਕੇ ਸਮਾਧੀ ਲਾ ਕੇ ਬੈਠ ਗਿਆ। ੨. ਉਸ ਵੇਲੇ ਕਪਾਲਣੀ ਸਰਧਾ ਬੜੀ ਤੇਜ਼ ਸ਼ਰਾਬ ਲੈ ਆਈ ਤੇ ਕਹਿਣ ਲਗੀ।੧੨੪।

ਸਵੈਯਾ॥

੧. ਭਗਵੰਤ ਮਹੰਤ ਬਡੇ ਜਗ ਸੰਤ, ਸੁ ਮੈਂ ਮਦ ਸੋ ਯਹਿ ਪੂਰਣ ਕੀਓ॥
੨. ਤਬ ਨੈਨ ਉਘਾਰ ਬਿਲੋਕ ਭਲੀ ਬਿਧ, ਆਪ ਕਪਾਲਿਕ ਸੋ ਮਦ ਪੀਓ॥
੩. ਕਛੁ ਸ਼ੇਖ ਰਹਯੋ ਮਦ ਭਾਂਜਨ ਮੈਂ ਤਿਨ ਭਿੱਛਕ ਔਰ ਦਿਗੰਬਰ ਦੀਓ॥
੪. ਯਹ ਪਾਵਨ ਅੰਮ੍ਰਿਤ ਪਾਨ ਕਰੋ, ਸਬ ਬੰਧ ਤਜੋ ਸੁਖ ਸੋਂ ਸੁਤ ਜੀਓ॥੧੨੫॥

੧. ਹੇ ਭਗਵੰਤ ਸਰੂਪ ਮਹੰਤ ਜੀ! ਹੇ ਜਗਤ ਵਿਚ ਸਭ ਤੋਂ ਵਡੇ ਸੰਤ ਜੀ! ਮੈਂ ਇਸ ਆਪਦੇ ਬਰਤਨ ਨੂੰ ਸ਼ਰਾਬ ਨਾਲ ਭਰ ਦਿਤਾ ਹੈ (ਵੇਖੋ, ਕਿਤੇ ਡੁਲ੍ਹ ਨਾ ਜਾਵੇ, ਇਸ ਨੂੰ ਪੀ ਲਵੋ। ਜਦ ਕਪਾਲਣੀ ਨੇ ਇਸਤਰ੍ਹਾਂ ਕਿਹਾ)। ੨. ਤਦ ਕਪਾਲਕ ਨੇ ਅੱਖਾਂ ਖੋਲ੍ਹ ਕੇ ਉਸ ਨੂੰ ਚੰਗੀ ਤਰ੍ਹਾਂ ਵੇਖਿਆ ਅਤੇ ਉਸ ਸ਼ਰਾਬ ਨੂੰ ਗਟਾ ਗਟ ਪੀ ਗਿਆ। ੩. ਉਸ ਖਪਰ ਵਿਚ ਜਦ ਥੋੜ੍ਹਾ ਜਿਹਾ ਸ਼ਰਾਬ ਰਹਿ ਗਿਆ ਤਾਂ ਉਹ ਖਪਰ ਜੈਨੀ ਅਤੇ ਬੋਧੀ ਨੂੰ ਦੇ ਦਿਤਾ ਅਤੇ ਕਿਹਾ- ੪. ਹੇ ਪੁਤਰੋ! ਇਹ ਬੜਾ ਪਵਿਤ੍ਰ ਅੰਮ੍ਰਿਤ ਹੈ ਤੁਸੀਂ ਪੀ ਲਵੋ, ਤੁਹਾਡੇ ਸਾਰੇ ਬੰਧਨ ਕਟੇ ਜਾਣਗੇ, ਫਿਰ ਤੁਸੀਂ ਸੁਖ ਪੂਰਬਕ ਸਦਾ ਹੀ ਜੀਉਂਦੇ ਰਹੋਗੇ॥ ੧੨੫॥

ਜੈਸਾ ਕਿ ਭਗਵਾਨ ਸ਼ਿਵ ਜੀ ਨੇ ਉਚਾਰਿਆ ਹੈ–

"ਪੀਤ੍ਵਾ ਪੀਤ੍ਵਾ ਪੁਨ ਪੀਤ੍ਵਾ ਯਾਵਤ ਪਤਿਤ ਨ ਭੂ ਤਲੇ॥
ਉਥਾਇ ਚ ਪੁਨ: ਪੀਤ੍ਵਾ ਪੁਨਰਪਿ ਜਨਮ ਨ ਵਿਦ੍ਯਤੇ॥"

ਪੀ ਲੈ, ਪੀ ਲੈ, ਫਰ ਪੀ ਲੈ, ਜਿੰਨਾ ਚਿਰ ਬੇਹੋਸ਼ ਹੋ ਕੇ ਧਰਤੀ ਉਤੇ ਡਿਗ ਨਹੀਂ ਪੈਂਦਾ (ਤਾਵਤ ਪੀਤ੍ਵ-ਉਤਨਾ ਚਿਰ ਪੀਂਦਾ ਰਹੁ)। ਜੇ ਬੇਹੋਸ਼ੀ ਤੋਂ ਉੱਠ ਬੈਠੇ ਤਾਂ ਫੇਰ ਪੀ ਲੈ, (ਇਸ ਤਰ੍ਹਾਂ ਕਰਨ ਨਾਲ) ਤਨੂੰ ਫਰ ਜਨਮ ਪ੍ਰਾਪਤ ਨਹੀਂ ਹੋਵੇਗਾ (ਕਿਉਂ ਕਿ ਤੂੰ ਮੁਕਤ ਹੋ ਜਾਏਂਗਾ)।

ਸਵੈਯਾ॥

੧. ਭਵ ਭੇਖਜ ਹੈ ਪਸੁ ਪਾਸ ਕਟੇ, ਮਦ ਪਾਨ ਸੁ ਭੈਰਵ ਆਪ ਬਤਾਯੋ॥
੨. ਇਤ ਤੇ ਮਨ ਮਾਂਹਿ ਬਿਚਾਰ ਕਰੋਂ ਸੁ ਦਿਗੰਬਰ ਯੋਂ ਮੁਖ ਮਾਂਹਿ ਅਲਾਯੋ॥
੩. ਹਮਰੇ ਮਤ ਮੇਂ ਮਦ ਪਾਨ ਨਹੀਂ ਸੁ ਅਰਹੰਤ ਗੁਰੂ ਮੋਹਿ ਆਪ ਛੁਡਾਯੋ॥
੪. ਕਿਹਭਾਂਤਿ ਕਪਾਲਿਕ ਜੂਠਪਿਵੋਂ ਮਦਰਾ ਇਹ ਭਾਂਤਿ ਸੁ ਭਿਛਕਗਾਯੋ॥੧੨੬॥

ਭਵ–ਸੰਸਾਰ। ਭੇਖਜ–ਦਵਾਈ। ਪਸੁ–ਜੀਵ, ਸ਼ੈਵ ਮਤ ਵਿਚ ਜੀਵਾਂ ਦਾ ਨਾਮ ਪਸੁ ਅਤੇ ਸ਼ਿਵਜੀ ਦਾ ਨਾਮ 'ਪਸੁ ਪਤਿ' ਕਿਹਾ ਹੈ।

੧. ਕਪਾਲਕ ਕਹਿਣ ਲਗਾ–ਹੇ ਪੁਤਰੋ! ਸੰਸਾਰ ਵਿਚ ਇਹ ਇਕ ਅਮੋਲਕ ਦਵਾਈ ਹੈ, ਜੋ ਜੀਵ ਦੀ ਫਾਹੀ ਨੂੰ ਕਟ ਦੇਂਦੀ ਹੈ, ਇਸੇ ਕਰਕੇ ਤਾਂ ਭਗਵਾਨ ਸ਼ਿਵਜੀ ਨੇ ਸ਼ਰਾਬ ਪੀਣ ਦੀ ਆਪ ਆਗਿਆ ਕੀਤੀ ਹੈ।

Sri Satguru Jagjit Singh Ji Elibrary NamdhariElibrary@gmail.com

੨. ਇਧਰ ਉਹ (ਦੋਵੇਂ ਬੈਠੇ ਹੋਏ) ਮਨ ਵਿਚ ਵਿਚਾਰ ਕਰਦੇ ਹਨ ਕਿ ਸ਼ਰਾਬ ਪੀਵੀਏ ਕਿ ਨਾ ? ਉਹਨਾਂ ਵਿਚੋਂ ਜੈਨੀ ਪੁਰਸ਼ ਇਸ ਤਰ੍ਹਾਂ ਮੂੰਹੋਂ ਕਹਿਣ ਲਗਾ। ੩. ਸਾਡੇ ਜੈਨ ਮਤ ਵਿਚ ਸ਼ਰਾਬ ਪੀਣਾ ਮਨ੍ਹਾ ਹੈ ਅਤੇ ਅਰਹੰਤ ਗੁਰੂ ਨੇ ਮੈਨੂੰ ਆਪ (ਮਨ੍ਹਾ ਕੀਤਾ ਹੈ, ਪਹਿਲੇ ਭਾਵੇਂ ਮੈਂ ਪੀਂਦਾ ਸਾਂ, ਫੇਰ ਉਨ੍ਹਾਂ ਨੇ) ਛੁਡਵਾ ਦਿਤਾ ਇਸ ਲਈ ਮੈਂ ਤਾਂ ਇਹ ਸ਼ਰਾਬ ਕਦੇ ਭੀ ਨਹੀਂ ਪੀ ਸਕਦਾ। ੪. ਬੋਧੀ ਕਹਿਣ ਲਗਾ–ਸਾਡੇ ਮਤ ਵਿਚ ਭੀ ਸ਼ਰਾਬ ਪੀਣ ਦੀ ਆਗਿਆ ਨਹੀਂ ਹੈ, ਫੇਰ ਇਹ ਤਾਂ ਕਪਾਲਕ ਦੀ ਜੂਠੀ ਹੈ। ਭਲਾ, ਕਪਾਲਕ ਦੀ ਜੂਠੀ ਸ਼ਰਾਬ ਨੂੰ ਮੈਂ ਕਿਵੇਂ ਪੀ ਸਕਦਾ ਹਾਂ ? (ਇਸ ਤਰ੍ਹਾਂ ਦੀ ਸੋਚ ਵਿਚਾਰ ਕਰਕੇ ਜੈਨੀ ਅਤੇ ਬੋਧੀ ਨੇ ਕਿਹਾ–ਹੇ ਕਪਾਲਕ ! ਅਸੀਂ ਬੇਸ਼ਕ ਤੇਰੇ ਦਾਸ ਹਾਂ, ਤੂੰ ਸਾਡਾ ਗੁਰੂ ਹੈਂ, ਪਰ ਅਸੀਂ ਸ਼ਰਾਬ ਨਹੀਂ ਪੀ ਸਕਦੇ, ਇਸ ਦੇ ਪੀਣ ਵਾਸਤੇ ਤੂੰ ਦੂਜੀ ਵੇਰ ਕਦੇ ਭੀ ਨਾ ਆਖੀਂ) ॥ ੧੨੬ ॥

## ਸਵੈਯਾ ॥

**੧. ਸੁ ਕਪਾਲਿਕ ਪੇਖ ਕਹਯੋ ਸ਼ਰਧੇ, ਸੁ ਬਿਚਾਰ ਕਰੇਂ ਮਨ ਮੈਂ ਸਕੁਚਾਏ ॥**
**੨. ਅਬ ਲੌ ਮਤਿ ਯਾਂਹਿ ਮਲੀਨ ਅਹੇ, ਪਸ਼ੁ ਭਾਵ ਨਹੀਂ ਇਨ ਕੇ ਸੁ ਮਿਟਾਏ ॥**
**੩. ਹਮਰੇ ਮੁਖ ਸੰਗ ਸੁ ਦੋਖ ਅਪਾਵਨ, ਯਾਹਿ ਸੁਰਾ ਮਨ ਮਾਂਹਿ ਠਹਰਾਏ ॥**
**੪. ਅਬ ਤੂੰ ਮੁਖ ਆਸਵ ਪੂਰਣ ਕੇ, ਇਨ ਦੇਹੁ ਸੁਰਾ ਜੁ ਇਨੈ ਭ੍ਰਮ ਜਾਏ।੧੨੭।**

ਸਕੁਚਾਏ=ਡਰਦੇ ਹਨ। ਅਪਾਵਨ–ਮਲੀਨ, ਜੂਠਾ, ਅਪਵਿਤ੍ਰ। ਸੁਰਾ–ਸ਼ਰਾਬ। ਆਸਵ–ਸ਼ਰਾਬ। ਪੂਰਣ–ਭਰ ਕੇ।

੧. ਜਦ ਉਨ੍ਹਾਂ ਦੋਹਾਂ ਦੇ ਇਹ ਬਚਨ ਸੁਣੇ, ਤਦ ਕਪਾਲਕ ਨੇ ਕਿਹਾ–ਹੇ ਸਰਧਾ ! ਤੂੰ ਇਹਨਾਂ ਵਲ ਤਾਂ ਵੇਖ, ਇਹ ਅਜੇ ਤਕ ਸੋਚਾਂ ਕਰ ਰਹੇ ਹਨ ਅਤੇ ਮਨ ਵਿਚ ਡਰ ਰਹੇ ਹਨ। ੨. ਅਜੇ ਤਕ ਇਨ੍ਹਾਂ ਦੀ ਬੁਧੀ ਮਲੀਨ ਹੈ, ਕਿਉਂਕਿ ਅਜੇ ਤਕ ਇਨ੍ਹਾਂ ਦਾ ਪਸ਼ੂ ਪੁਣਾ ਦੂਰ ਨਹੀਂ ਹੋਇਆ ਹੈ। ੩. ਮੇਰੇ ਮੂੰਹ ਦੇ ਨਾਲ ਲਗਣ ਕਰਕੇ ਇਨ੍ਹਾਂ ਨੇ ਸ਼ਰਾਬ ਦੇ ਵਿਚ 'ਜੂਠਾ' ਹੋਣ ਦਾ ਦੋਸ਼ ਲਾ ਦਿਤਾ ਹੈ ਅਤੇ ਇਸ ਅੰਮ੍ਰਿਤ ਨੂੰ ਮਨ ਵਿਚ ਜੂਠਾ ਮੰਨ ਰਹੇ ਹਨ। ੪. ਹੁਣ ਤੂੰ ਮੇਰੇ ਪਾਸੋਂ ਭਾਂਡਾ ਲੈ ਕੇ ਇਸ ਵਿਚ ਹੋਰ ਸ਼ਰਾਬ ਭਰ ਦੇਹ ਅਤੇ ਫੇਰ ਆਪਣੇ ਮੂੰਹ ਨਾਲ ਉਸ ਨੂੰ ਸੁਚਾ ਕਰਕੇ ਉਹ ਸ਼ਰਾਬ ਇਨ੍ਹਾਂ ਨੂੰ ਦੇਹ, ਜਿਸ ਕਰਕੇ ਇਨ੍ਹਾਂ ਦਾ ਭਰਮ ਦੂਰ ਹੋ ਜਾਵੇ ॥੧੨੭॥

## ਸਵੈਯਾ ॥

**੧. ਸੁ ਸਦਾ ਸੁਚ ਨਾਰਿਨ ਕੋ ਮੁਖ ਹੈ, ਇਹ ਭਾਂਤ ਕਹੇ ਕਵਿ ਬੇਦ ਬੀਓ ॥**
**੨. ਸ਼ਰਧਾ ਸੁ ਕਪਾਲਿਨਿ ਜੋਰ ਦੋਊ ਕਰ, ਨਾਥ ਕਹੋ ਸੁ ਬਨੈ ਅਰ ਕੀਓ ॥**
**੩. ਮਦ ਭਾਜਨ ਲੈ ਮੁਖ ਪਾਨ ਕਰੇ, ਪੁਨ ਸ਼ੇਖ ਸੁ ਭਿਛਕ ਕੇ ਕਰ ਦੀਓ ॥**
**੪. ਮੋਹਿ ਆਜ ਪ੍ਰਸਾਦ ਮਹਾਨ ਭਯੋ ਇਮ ਭਾਖ ਸੁ ਭਿਛਕ ਸੋ ਮਦ ਪੀਓ।੧੨੮।**

੧. ਕਿਉਂਕਿ ਇਸਤਰੀ ਦਾ ਮੂੰਹ ਸਦਾ ਹੀ ਸੁਚਾ ਹੈ, ਕਵੀ ਲੋਕ ਅਤੇ ਦੂਜਾ ਵੇਦ ਭੀ ਇਸੇ ਤਰ੍ਹਾਂ ਹੀ ਕਹਿੰਦਾ ਹੈ। ੨. ਕਪਾਲਣੀ ਸਰਧਾ ਨੇ ਦੋਵੇਂ ਹਥ ਜੋੜ ਕੇ ਕਿਹਾ–ਹੇ ਸਵਾਮੀ ਜੀ ! ਜੋ ਆਪ ਨੇ ਫੁਰਮਾਇਆ ਹੈ, ਮੈਂ ਉਸੇ ਤਰ੍ਹਾਂ ਹੀ ਕਰਦੀ ਹਾਂ। ੩. ਉਸ ਨੇ ਸ਼ਰਾਬ ਦਾ ਬਰਤਨ ਭਰ ਕੇ (ਪਹਿਲੇ) ਆਪ ਪੀ ਲਿਆ ਅਤੇ ਮਗਰੋਂ ਜੋ ਕੁਝ ਬਚਿਆ ਉਹ ਬੋਧੀ ਦੇ ਹਥ ਫੜਾ ਦਿਤਾ। ੪. ਬੋਧੀ ਉਸ ਜੂਠੀ ਸ਼ਰਾਬ ਦੇ ਭਾਂਡੇ ਨੂੰ ਲੈ ਕੇ

Sri Satguru Jagjit Singh Ji Elibrary NamdhariElibrary@gmail.com

ਕਹਿਣ ਲਗਾ–ਅੱਜ ਮੇਰੇ ਉਤੇ ਖਾਸ ਕ੍ਰਿਪਾ ਹੋਈ ਹੈ, ਇਸ ਤਰ੍ਹਾਂ ਕਹਿ ਕੇ ਬੋਧੀ ਉਸ ਸ਼ਰਾਬ ਨੂੰ ਗਟ ਗਟ ਕਰਕੇ ਪੀ ਗਿਆ ॥ ੧੨੮ ॥

**ਸਵੈਯਾ ॥**

**੧. ਸੁ ਅਹੋ ਯਹਿ ਆਸਵ ਗੰਧ ਬਡੀ, ਮੁਖ ਪਾਨ ਕਰੇ ਮਨ ਮੈ ਬਿਗਸਾਈ ॥**
**੨. ਨਹਿ ਵਾਰ ਵਧੂ ਸੰਗ ਪਾਨ ਕਰੇ, ਮੁਖ ਗੰਧ ਸਰੋਜ ਸਮਾਨ ਸੁਹਾਈ ॥**
**੩. ਸੁ ਕਪਾਲਿਨਿ ਕੇ ਮੁਖ ਗੰਧ ਮਿਲੀ,ਅਬ ਪੀਵ ਸੁਰਾ ਸਭ ਮੈਂ ਸੁਧ ਆਈ ॥**
**੪. ਸੁਰ ਸਾਂਚ ਸੁਧਾ ਉਰ ਚਾਹਤ ਹੈਂ,ਅਬ ਮੋਹਿ ਤ੍ਰਿਲੋਕ ਸੁ ਦੇਤ ਦਿਖਾਈ॥੧੨੯॥**

ਆਸਵ–ਸ਼ਰਾਬ। ਬਿਗਸਾਈ–ਖੁਸ਼ ਹੁੰਦਾ। ਵਾਰ ਵਧੂ–ਵੇਸਵਾ, ਕੰਜਰੀ। ਸਰੋਜ–ਕਮਲ। ਮੈਂ–ਮੈਨੂੰ। ਸੁਰ–ਦੇਵਤੇ। ਉਰਿ–ਹਿਰਦੇ ਵਿਚ।

੧. ਆਹਾ! ਇਸ ਸ਼ਰਾਬ ਵਿਚੋਂ ਬੜੀ ਸੁਗੰਧੀ ਆ ਰਹੀ ਹੈ, (ਇਸ ਤਰ੍ਹਾਂ ਕਹਿੰਦਾ ਹੋਇਆ) ਮੂੰਹ ਨਾਲ ਪੀਂਦਾ ਹੈ ਅਤੇ ਮਨ ਵਿਚ ਖੁਸ਼ ਹੁੰਦਾ ਹੈ। ੨. ਕੰਜਰੀ ਨਾਲ ਮਿਲ ਕੇ ਮੈਂ ਅਗੇ ਕਦੇ ਭੀ ਇਸ ਤਰ੍ਹਾਂ ਦੀ ਸ਼ਰਾਬ ਨਹੀਂ ਪੀਤੀ, ਮਲੂਮ ਹੁੰਦਾ ਹੈ ਕਿ ਕਪਾਲਣੀ ਦਾ ਮੂੰਹ ਕਮਲ ਦੀ ਸੁਗੰਧੀ ਸਮਾਨ ਸੋਭਾ ਪਾ ਰਿਹਾ ਹੈ। ੩. ਉਸ ਕਪਾਲਣੀ ਦੇ ਮੂੰਹ ਦੀ ਸੁਗੰਧੀ (ਇਸ ਸ਼ਰਾਬ ਵਿਚ) ਮਿਲ ਗਈ ਹੈ। ੪. ਇਹ ਗੱਲ ਸਚ ਹੈ ਕਿ ਇਸ ਅੰਮ੍ਰਿਤ ਰੂਪ ਸ਼ਰਾਬ ਨੂੰ ਦੇਵਤੇ ਭੀ ਹਿਰਦੇ ਵਿਚ ਚਾਹ ਰਹੇ ਹਨ, ਪਰ ਉਨ੍ਹਾਂ ਨੂੰ ਮਿਲੀ ਨਹੀਂ ਹੈ। ਮੇਰੇ ਭਾਗ ਤਾਂ ਦੇਵਤਿਆਂ ਨਾਲੋਂ ਭੀ ਉੱਤਮ ਹਨ। ਇਸ ਸ਼ਰਾਬ ਦੇ ਪੀਣ ਕਰਕੇ ਹੁਣ ਮੈਨੂੰ ਤਿੰਨੇ ਲੋਕ ਦਿਖਾਈ ਦੇ ਰਹੇ ਹਨ (ਅਰਥਾਤ ਤਿੰਨਾਂ ਲੋਕਾਂ ਵਿਚ ਜੋ ਕੁਝ ਹੋ ਰਿਹਾ ਹੈ, ਉਹ ਮੈਨੂੰ ਨਜ਼ਰ ਆ ਰਿਹਾ ਹੈ) ॥ ੧੨੯ ॥

ਖਿਪਣਕ ਉਵਾਚ ॥

**ਦੋਹਰਾ–੧. ਰੇ ਭਿੱਛਕ ਮਤ ਪੀਵ ਸਭ, ਭਯੋ ਪ੍ਰਸਾਦ ਸੁ ਤੋਹਿ ॥**
**੨. ਯਾਹਿ ਕਪਾਲਿਨੀ ਜੂਠਿ ਮਦ, ਦੇਹੁ ਕ੍ਰਿਪਾ ਕਰ ਮੋਹਿ ॥੧੩੦॥**

ਬੋਧੀ ਨੂੰ ਸ਼ਰਾਬ ਪੀਂਦਿਆਂ ਵੇਖ ਕੇ ਜੈਨੀ ਦੇ ਮੂੰਹ ਵਿਚ ਭੀ ਪਾਣੀ ਭਰ ਆਇਆ ਤੇ ਉਹ ਕਹਿਣ ਲਗਾ–੧. ਹੇ ਬੋਧੀ! (ਜੋ) ਸੀਤ ਪ੍ਰਸ਼ਾਦ ਤੈਨੂੰ ਪ੍ਰਾਪਤ ਹੋਇਆ ਹੈ, ਉਹ ਸਾਰਾ ਆਪੇ ਹੀ ਨਾ ਪੀ ਜਾਈਂ? ੨. ਇਸ ਕਪਾਲਣੀ ਦੀ ਜੂਠੀ ਸ਼ਰਾਬ ਕ੍ਰਿਪਾ ਕਰਕੇ ਮੈਨੂੰ ਭੀ ਦੇਵੀਂ (ਤੇਰੀ ਬੜੀ ਮੇਹਰਬਾਨੀ ਹੋਵੇਗੀ) ॥ ੧੩੦ ॥

**ਦੋਹਰਾ–੧. ਤਬ ਭਿੱਛਕ ਮਦ ਚਾਖ ਕਰਿ, ਦੀਨੋ ਖਿਪਣਕ ਹਾਥ ॥**
**੨. ਪੀਵਤ ਪ੍ਰਸੰਨ ਸੁ ਹੋਇ ਮਨ, ਬੋਲਯੋ ਝੁਕ ਸੁ ਮਾਥ ॥੧੩੧॥**

ਜਦ ਜੈਨੀ ਨੇ ਇਸ ਤਰ੍ਹਾਂ ਆਖਿਆ–੧. ਤਦ ਬੋਧੀ ਨੇ ਉਸ ਸ਼ਰਾਬ ਨੂੰ ਥੋੜਾ ਜਿਹਾ ਪੀਤਾ ਅਤੇ ਬਾਕੀ ਦਾ ਜੈਨੀ ਦੇ ਹਥ ਫੜਾ ਦਿਤਾ। ੨. ਜੈਨੀ ਉਸ ਨੂੰ ਪੀ ਕੇ, ਮਨ ਵਿਚ ਪ੍ਰਸੰਨ ਹੋ ਕੇ ਅਤੇ ਸਿਰ ਨਿਵਾ ਕੇ ਕਹਿਣ ਲਗਾ ॥੧੩੧॥

**ਸਵੈਯਾ ॥**

**੧. ਸੁ ਅਹੋ ਮਦ ਸ੍ਵਾਦ ਮਹਾਂ ਮੁਧਰੋ, ਸੁ ਅਹੋ ਮਦ ਗੰਧ ਬਡੀ ਸੁਖਦਾਈ ॥**
**੨. ਚਿਰ ਬੇਮੁਖ ਯਾ ਸੁਖ ਤੇ ਸੁ ਰਹਯੋ ਸੁ ਅਰਹੰਤ ਕਰੀ ਮੁਹਿ ਭੂਰ ਠਗਾਈ ॥**

Sri Satguru Jagjit Singh Ji Elibrary NamdhariElibrary@gmail.com

੩. ਸੁਨ ਭਿੱਛਕ ਮੇ ਦ੍ਰਿਗ ਘੂਮਤ ਹੈਂ ਸਭ ਅੰਗਨ ਮੈਂ ਉਪਜੀ ਅਲਸਾਈ ॥
੪. ਅਬ ਸੈਨ ਕਰੋ ਪੁਨ ਭਿੱਛਕ ਤੇ,ਅਬ ਏਵ ਕਰੋਂ ਮੁਖ ਬਾਤ ਅਲਾਈ॥੧੩੨॥

੧. ਜੈਨੀ ਨਮਸਕਾਰ ਕਰਕੇ ਕਹਿਣ ਲਗਾ–ਆਹਾ ! ਸ਼ਰਾਬ ਬੜੀ ਸਵਾਦੀ ਹੈ, ਬੜੀ ਮਿਠੀ ਹੈ,ਆਹਾ ! ਸੁਗੰਧੀ ਵਾਲੀ ਅਤੇ ਬੜੀ ਸੁਖਦਾਈ ਵਸਤੂ ਹੈ । ੨. ਬਹੁਤ ਚਿਰ ਤਕ ਮੈਂ ਇਸ ਸੁਖ ਤੋਂ ਬੇਮੁਖ ਰਿਹਾ ਹਾਂ ਅਤੇ ਅਰਹੰਤ ਨੇ ਮੇਰੇ ਨਾਲ ਬੜੀ ਭਾਰੀ ਠਗੀ ਕੀਤੀ ਹੈ ਜੋ ਮੈਨੂੰ ਇਹ ਸੁਖ ਲੈਣ ਹੀ ਨਹੀਂ ਦਿਤਾ ਹੈ। ੩. ਹੇ ਬੋਧੀ ! ਸੁਣ, ਮੇਰੀਆਂ ਅਖਾਂ ਘੁਮ ਰਹੀਆਂ ਹਨ ਅਤੇ ਮੇਰੇ ਸਾਰੇ ਸਰੀਰ ਵਿਚ ਸੁਸਤੀ ਪੈਦਾ ਹੋ ਗਈ। ੪. ਹੁਣ ਮੈਂ ਸੌਣਾ ਚਾਹੁੰਦਾ ਹਾਂ, ਅਗੋਂ ਬੋਧੀ ਨੇ ਕਿਹਾ ਤਾਂ ਚਲ ਫਿਰ ਇਸੇ ਤਰ੍ਹਾਂ ਹੀ ਕਰਦੇ ਹਾਂ ਅਰਥਾਤ ਦੋਵੇਂ ਜਣੇ ਸੌਂ ਰਹਿੰਦੇ ਹਾਂ ॥ ੧੩੨ ॥

ਸਵੈਯਾ ॥

੧. ਵਹਿ ਦੋਨ ਤਹਾਂ ਤਬ ਸੋਇ ਰਹੇ, ਸੁ ਕਪਾਲਿਕ ਯੌ ਮੁਖ ਮਾਂਹਿ ਉਚਾਰੇ ॥
੨. ਪਿਖ ਏਹ ਕਪਾਲਿਨਿ ਦੋਨ ਪਰੇ, ਬਿਨ ਮੋਲ ਭਏ ਅਬ ਦਾਸ ਹਮਾਰੇ ॥
੩. ਅਬ ਨਾਚ ਕਰੇਂ ਤਬ ਦੋਊ ਖਰੇ, ਪਿਖ ਤਾਂਹਿ ਦਿਗੰਬਰ ਨੈਨ ਉਘਾਰੇ ॥
੪. ਭਿਛਕ ਰੇ ਗੁਰ ਸੰਗਿ ਕਪਾਲਿਨਿ, ਨਾਚਤ ਪੇਖ ਮਹਾਂ ਮਤਵਾਰੇ ॥ ੧੩੩ ॥

੧. ਜਦ ਉਹ ਦੋਵੇਂ ਜਣੇ ਉਥੇ ਸੌਂ ਰਹੇ, ਤਦ ਕਪਾਲਕ ਆਪਣੇ ਮੁਖ ਤੋਂ ਇਸ ਤਰ੍ਹਾਂ ਕਹਿਣ ਲਗਾ। ੨. ਹੇ ਕਪਾਲਣੀ ! ਵੇਖ, ਇਹ ਜਿਹੜੇ ਦੋਵੇਂ ਪਏ ਹੋਏ ਹਨ, ਇਹ ਹੁਣ ਮੁਲ ਤੋਂ ਬਿਨਾਂ ਹੀ ਸਾਡੇ ਦਾਸ ਹੋ ਗਏ ਹਨ, (ਅਰਥਾਤ ਜੋ ਕੁਝ ਅਸੀਂ ਕਰਾਂਗੇ, ਇਹ ਦੋਵੇਂ ਭੀ ਉਹੋ ਕੁਝ ਹੀ ਕਰਨਗੇ)। ੩. ਇਸ ਲਈ ਆ ਹੁਣ ਅਸੀਂ ਦੋਵੇਂ ਨਾਚ ਕਰੀਏ । ਇਹ ਕਹਿ ਕੇ ਦੋਵੇਂ (ਕਪਾਲਕ ਤੇ ਕਪਾਲਣੀ) ਖੜੇ ਹੋ ਕੇ ਨਚਣ ਲਗ ਪਏ । ਜਦ ਇਹ ਦੋਵੇਂ ਨਚ ਰਹੇ ਸਨ ਤਦ ਜੈਨੀ ਨੇ ਅਖਾਂ ਖੋਹਲ ਕੇ ਉਨ੍ਹਾਂ ਨੂੰ ਨਚਦਿਆਂ ਵੇਖਿਆ ਅਤੇ ਕਹਿਣ ਲਗਾ। ੪. ਹੇ ਬੋਧੀ ! ਕਪਾਲਣੀ ਦੇ ਨਾਲ ਰਲ ਕੇ ਗੁਰੂ ਨੱਚ ਰਿਹਾ ਹੈ। ਵੇਖ ਕਿਡੇ ਮਤਵਾਲੇ ਹੋ ਕੇ ਨਾਚ ਕਰ ਰਹੇ ਹਨ। ੧੩੩ ॥

ਸਵੈਯਾ ॥

੧. ਇਨ ਕੇ ਸੰਗ ਆਉ ਸੁ ਨਾਚ ਕਰੇਂ, ਕਹਿ ਭਿਛਕ ਏਵ ਕਰੇ ਬਿਗਸਾਏ ॥
੨. ਮਦ ਘੂਮਤ ਨੈਨ ਸੁ ਨਾਚ ਕਰੇ, ਬਿਥਕੇ ਪਦ ਯੌ ਮੁਖ ਮਾਹਿ ਅਲਾਏ ॥
੩. ਘਨ ਪੀਨ ਪਯੋਧਰ ਚੰਦ੍ਰ ਮੁਖੀ, ਮ੍ਰਿਗ ਨੈਨ ਕਪਾਲਿਨਿ ਤੋਹਿ ਲਜਾਏ ॥
੪. ਕਵਿ ਸਿੰਘਗੁਲਾਬ ਲਹੇਗਤਿ ਯੌਂ, ਜਿਨ ਕੇ ਉਰ ਹੈ ਮਹਾਂਮੋਹ ਭ੍ਰਮਾਏ॥੧੩੪॥

੧. ਆਓ, ਅਸੀਂ ਭੀ ਇਨ੍ਹਾਂ ਦੇ ਨਾਲ ਮਿਲ ਕੇ ਨਾਚ ਕਰੀਏ । ਇਹ ਸੁਣ ਕੇ ਬੋਧੀ ਖੜਾ ਹੋਕੇ ਕਹਿਣ ਲਗਾ–'ਹਾਂ, ਅਸੀਂ ਭੀ ਇਵੇਂ ਕਰਾਂਗੇ' (ਇਹ ਕਹਿੰਦਾ ਹੀ, ਹਸਣ ਲਗ ਪਿਆ। ੨. ਸ਼ਰਾਬ ਨਾਲ (ਜਿਨ੍ਹਾਂ ਦੀਆਂ) ਅਖਾਂ ਘੁਮ ਰਹੀਆਂ ਹਨ, ਉਹ ਨਾਚ ਕਰ ਰਹੇ ਹਨ, ਪੈਰ ਥਿੜਕਦੇ ਹਨ ਅਤੇ ਮੂੰਹ ਤੋਂ ਇਸ ਤਰ੍ਹਾਂ ਗਾਉਂਦੇ ਹਨ । ੩. ਹੇ ਚੰਦ੍ਰਮਾ ਸਮਾਨ ਮੁਖ ਵਾਲੀਏ ! ਹੇ ਕਪਾਲਣੀਏ ! ਤੇਰੇ ਚੰਚਲ ਨੈਨਾ ਨੇ ਹਰਨ ਦੇ ਨੈਨਾਂ ਨੂੰ ਸ਼ਰਮਿੰਦਾ ਕਰ ਦਿਤਾ ਹੈ। ੪. ਗ੍ਰੰਥ ਕਰਤਾ ਗੁਲਾਬ ਸਿੰਘ ਜੀ ਕਹਿੰਦੇ ਹਨ, ਜਿਨ੍ਹਾਂ ਦੇ ਹਿਰਦੇ ਨੂੰ ਮਹਾਂ ਮੋਹ ਨੇ ਭਰਮਾਇਆ ਹੋਇਆ ਹੈ, ਉਹੀ ਇਸ ਹਾਲਤ ਨੂੰ ਪਾਇਆ ਕਰਦੇ ਹਨ ॥ ੧੩੪ ॥

ਕਵਿ ਉਵਾਚ ॥

**ਸਵੈਯਾ ॥**

**੧. ਜਿਨ ਕੇ ਮਨ ਮੈ ਹਰਿ ਧਯਾਨ ਨਹੀਂ, ਸੁਭ ਪੰਥਨ ਤੇ ਮਿਟ ਜਾਵਹਿੰਗੇ ॥**
**੨. ਤਜਿ ਸੰਜਮ ਨੇਮ ਅਸ਼ੰਕ ਰਹੈਂ, ਜਗ ਭੀਤਰ ਸਿੱਧ ਕਹਾਵਹਿੰਗੇ ॥**
**੩. ਤਜਿ ਪੰਥ ਸਨਾਤਨ ਮਾਂਹਿ ਕਲੂ, ਮਨ ਬਾਂਛਤ ਪੰਥ ਚਲਾਵਹਿੰਗੇ ॥**
**੪. ਜਗ ਫੈਲਹਿਗੋ ਇਹ ਭਾਂਤ ਕਲੂ, ਸੁਭ ਸੰਤ ਅਨਾਦਰ ਪਾਵਹਿੰਗੇ ॥੧੩੫॥**

੧. ਗ੍ਰੰਥ ਕਰਤਾ ਜੀ ਕਹਿੰਦੇ ਹਨ, ਜਿਨ੍ਹਾਂ ਦੇ ਮਨ ਵਿਚ ਹਰੀ ਦਾ ਧਿਆਨ ਨਹੀਂ (ਹੋਵੇਗਾ, ਓਹੀ ਪੁਰਸ਼) ਸ਼ੁਭ ਰਸਤਿਆਂ ਤੋਂ ਭ੍ਰਸ਼ਟ ਹੋ ਜਾਣਗੇ। ੨. ਉਹ ਪੁਰਸ਼ ਇਸਤ੍ਰੀਆਂ ਦਾ ਸੰਜਮ ਤੇ ਧਰਮ ਦੀ ਮਰਯਾਦਾ ਦਾ ਤਿਆਗ ਕਰਕੇ, ਨਿਸੰਗ ਹੋਕੇ ਜਗਤ ਵਿਚ ਆਪਣੇ ਆਪ ਨੂੰ ਸਿੱਧ ਕਹਾਉਣਗੇ। ੩. ਕਲਜੁਗ ਵਿਚ ਸਨਾਤਨ ਧਰਮ ਨੂੰ ਛੱਡ ਕਰਕੇ, ਮਨ ਭਾਉਂਦੇ ਪੰਥ (ਮਜ਼ਬ) ਤੋਰ ਲੈਣਗੇ। ੪. ਜਗਤ ਵਿਚ ਇਸ ਤਰ੍ਹਾਂ ਦਾ ਕਲਜੁਗ ਫੈਲ ਜਾਏਗਾ ਅਤੇ ਪਵਿਤ੍ਰ ਸੰਤ ਜਨ ਜਗਤ ਵਿਚ ਨਿਰਾਦਰ ਪਾਵਣਗੇ। ਇਸ ਤਰ੍ਹਾਂ ਦੇ ਪਖੰਡੀ ਪੁਰਸ਼ ਮਹਾਤਮਾ ਕਹਾਉਣਗੇ ਇਹੋ ਹੀ ਘੋਰ ਕਲਜੁਗ ਦੀ ਨਿਸ਼ਾਨੀ ਹੈ।੧੩੫।

ਭਿੱਛਕ ਉਵਾਚ ॥

**ਦੋਹਰਾ—੧. ਅਦਭੁਤ ਆਗਮ ਏਹ ਹੈ, ਕਹੇ ਕਪਾਲਕ ਜੋਇ ॥**
**੨. ਬਿਨ ਕਲੇਸ਼ ਜਿਹ ਮਤ ਬਿਖੇ, ਅਭਿਮਤ ਸਿੱਧ ਸੁ ਹੋਇ ॥੧੩੬॥**

ਅਦਭੁਤ=ਅਚਰਜ। ਅਭਿਮਤ=ਮਨ ਭਾਉਂਦੀ।

ਬੋਧੀ ਕਹਿਣ ਲਗਾ—੧. ਜਿਹੜਾ ਸ਼ਾਸਤ੍ਰ ਕਪਾਲਕ ਨੇ ਕਿਹਾ ਹੈ, ਇਕ (ਏਹੋ) ਸ਼ਾਸਤ੍ਰ (ਹੀ ਜਗਤ ਵਿਚ) ਅਚਰਜ ਹੈ। ਕਿਉਂਕਿ ਇਸ ਸ਼ਾਸਤ੍ਰ ਦੀ ਮਰਯਾਦਾ ਵਿਚ ਰਹਿਣ ਕਰਕੇ। ੨. ਕਿਸੇ ਤਰ੍ਹਾਂ ਦੇ ਦੁਖ ਕਲੇਸ਼ ਨੂੰ ਪ੍ਰਾਪਤ ਕੀਤੇ ਤੋਂ ਬਿਨਾਂ ਹੀ ਮਨ ਭਾਉਂਦੀ ਸਿਧੀ ਪ੍ਰਾਪਤ ਹੋ ਜਾਂਦੀ ਹੈ, ਹੋਰਨਾਂ ਸ਼ਾਸਤ੍ਰਾਂ ਦੇ ਦਸੇ ਹੋਏ ਯਤਨਾਂ ਦੇ ਕਰਨ ਵਿਚ ਅਨੇਕਾਂ ਵਿਘਨ ਪੈ ਜਾਂਦੇ ਹਨ ਅਤੇ ਸਿਧੀ ਪ੍ਰਾਪਤ ਨਹੀਂ ਹੁੰਦੀ, ਇਸ ਵਿਚ ਸੁਖੈਨ ਹੀ ਸਿਧ ਮਿਲ ਜਾਂਦੀ ਹੈ, ਤਾਂਤੇ ਇਹੋ ਧਰਮ ਧਾਰਨੇ ਯੋਗ ਹੈ।੧੩੬।

ਕਪਾਲਕ ਉਵਾਚ ॥

**ਦੋਹਰਾ—੧. ਕਹਾ ਅਦਭੁਤ ਤਾਂਤੇ ਪਿਖੀ, ਔਰ ਪਿਖੋ ਅਬ ਸੋਇ ॥**
**੨. ਵਾਂਛਤ ਬਿਖੇ ਸੁ ਭੋਗੀਓ, ਬਹੁਰ ਸਿਧਿ ਸਭ ਹੋਇ ॥ ੧੩੭ ॥**

ਕਪਾਲਕ ਕਹਿਣ ਲਗਾ—ਹੇ ਬੋਧੀ! ਅਜੇ ਤੂੰ ਅਚਰਜਤਾ ਕੀ ਵੇਖੀ ਹੈ? (ਜੋ ਮੇਰੇ ਮੱਤ ਵਿਚ ਪ੍ਰਭਤਾ ਹੈ) ਉਹ ਤੂੰ ਹੁਣ ਹੋਰ ਵੇਖ! ੨. ਮਨ ਭਾਉਂਦੇ ਭੋਗਾਂ ਨੂੰ ਭੋਗ ਰਹਿੰਦੇ ਹੋਇਆਂ, ਫੇਰ ਭੀ ਸਾਰੀਆਂ ਸਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ, (ਇਹ ਭੀ ਇਸੇ ਦਰਸ਼ਨ ਦਾ ਪ੍ਰਤਾਪ ਹੈ)।੧੩੭।

**ਦੋਹਰਾ—੧. ਅਣਮਾ ਮਹਿਮਾ ਆਦਿ ਜੋ, ਅਸਟ ਸਿਧਿ ਪਰਧਾਨ ॥**
**੨. ਤੇ ਸਭ ਯਾ ਮਤ ਮੈਂ ਲਹੈ, ਬਿਨਾ ਖੇਦ ਪਹਿਚਾਨ ॥ ੧੩੮ ॥**

ਅਣਮਾ=ਅਣੂ (ਬਿਲਕੁਲ ਨਿਕਾ ਜਿਹਾ) ਰੂਪ ਹੋ ਜਾਣਾ। ਸਿਧਿ=ਤਾਕਤ ਮਹਮਾ= ਬਹੁਤ ਹੀ ਵਡਾ ਸਾਰਾ ਰੂਪ ਹੋ ਜਾਣਾ। ਅਸਟ=ਅੱਠ।

੧. ਅਣੁਮਾ ਤੇ ਮਹਿਮਾ ਆਦਿਕ (ਜੋ ਅਠਾਰਾਂ) ਸਿਧੀਆਂ ਵਿਚੋਂ ਪ੍ਰਧਾਨ ਅੱਠ ਸਿਧੀਆ ਹਨ। ੨. ਇਸ ਮੱਤ ਵਿਚ (ਆਣਕੇ ਪੁਰਸ਼) ਉਹ ਸਾਰੀਆਂ (ਹੀ ਕਿਸੇ ਤਰ੍ਹਾਂ ਦਾ) ਕਸ਼ਟ ਝਾਗੇ ਤੋਂ ਬਿਨਾਂ ਹੀ ਪਾ ਲੈਂਦਾ ਹੈ।੧੩੮।

**ਦੋਹਰਾ—੧. ਵਸੀ ਅਕਰਖਣ ਮੋਹਨੀ, ਔ ਪਰਮਾਥਨ ਜਾਨ॥**
**੨. ਪ੍ਰਖੋਭਨ ਉਚਾਟਨੰ, ਪ੍ਰਾਕ੍ਰਿਤ ਸਿਧਿ ਪਛਾਨ॥੧੩੯॥**

ਵਸੀ=ਆਪਣੇ ਵੱਸ ਵਰਤੀ ਕਰ ਲੈਣਾ। ਆਕਰਖਣ=ਕਿਸੇ ਦੇ ਦਿਲ ਨੂੰ ਆਪਣੇ ਵਲ ਖਿਚ ਲੈਣਾ। ਮੋਹਣੀ=ਕਿਸੇ ਨੂੰ ਆਪਣੇ ਉਤੇ ਮੋਹਤ ਕਰ ਲੈਣਾ। ਪਰਮਾਥਨ=ਕਿਸੇ ਦੇ ਦਿਲ ਨੂੰ ਤੜਫੜਾਹਟ ਲਾ ਦੇਣੀ। ਪ੍ਰਖੋਭਨ=ਕਿਸੇ ਦੇ ਦਿਲ ਵਿਚ ਦੁਖ ਕਲੇਸ਼ ਕਰ ਦੇਣਾ। ਉਚਾਟਨੰ=ਦੂਜੇ ਦੇ ਦਿਲ ਨੂੰ ਕੰਮ ਕਾਰ ਵਲੋਂ ਉਦਾਸ ਕਰ ਦੇਣਾ। ਪ੍ਰਾਕ੍ਰਿਤ=ਮਾਇਕੀ।

੧. ਵਸੀ ਕਰਣ ਆਕਰਖਣ, ਮੋਹਨੀ ਤੇ ਪਰਮਾਥਨ। ਪ੍ਰਖੋਭਨ ਤੇ ਉਚਾਟਨ (ਇਹ ਸਾਰੀਆਂ) ਅਠੇ ਸਿਧੀਆਂ ਮਾਇਕੀ ਸਿਧੀਆਂ ਹਨ, (ਜੋ ਸਾਡੇ ਮੱਤ ਵਿਚ ਆਉਣ ਵਾਲੇ ਪੁਰਸ਼ ਨੂੰ ਸਹਿਜੇ ਹੀ ਮਿਲ ਜਾਂਦੀਆਂ ਹਨ)।੧੩੯।

**ਦੋਹਰਾ—੧. ਯੋਗ ਵਿਘਨ ਯਹਿ ਤੱਗਕੋ, ਚਹੇ ਨਾਹਿ ਤਹਿ ਧੀਰ॥**
**੨. ਪਰ ਅਨੁਖੰਗਕ ਆਇ ਹੈਂ, ਐਸੋ ਮਤੋ ਗੰਭੀਰ॥੧੪੦॥**

ਵਿਘਨ=ਰੋਕ ਪਾਣ ਵਾਲੇ। ਤੱਗ=ਗਿਆਨ। ਅਨੁਖੰਗਕ=ਆਪਣੇ ਆਪ।

੧. ਪਰ ਇਹ ਅਠੇ ਸਿਧੀਆਂ ਯੋਗ ਵਿਚ ਵਿਘਨ ਪਾਣ ਵਾਲੀਆਂ ਹਨ, ਇਸ ਲਈ ਗਿਆਨ ਨੂੰ ਚਾਹੁਣ ਵਾਲਾ ਧੀਰਜਵਾਨ ਪੁਰਸ਼ ਇਨ੍ਹਾਂ ਨੂੰ ਨਹੀਂ ਚਾਹੁੰਦਾ। ੨. ਪਰ ਫੇਰ ਭੀ ਇਹ ਆਪਣੇ ਆਪ ਉਸ ਦੇ ਕੋਲ ਆ ਜਾਂਦੀਆਂ ਹਨ, ਇਸ ਤਰ੍ਹਾਂ ਦਾ ਸਾਡਾ ਮੱਤ ਬੜਾ ਹੀ ਗੰਭੀਰ ਹੈ, ਜਿਸ ਦਾ ਪ੍ਰਭਾਵ ਹਰ ਕੋਈ ਜਾਣ ਨਹੀਂ ਸਕਦਾ।੧੪੦।

ਖਿਪਣਕ ਉਵਾਚ॥

**ਚੌਪਈ॥**

**੧. ਅਲੇ ਕਬਾਲਿ ਆਯੋ ਮੁਖ ਗਾਯੋ॥ ਖਿਪਣਕ ਬਹੁਰ ਬਿਚਾਰ ਸੁ ਆਯੋ॥**
**੨. ਅਥਵਾ ਅਲੇ ਅਚਾਲੇ ਭਾਲੇ॥ ਅਪਲ ਪਲਾਕਮ ਅਹੇ ਸੁ ਬਾਲੇ॥੧੪੧॥**

ਜੈਨੀ ਸ਼ਰਾਬ ਦੇ ਨਾਲ ਮਦਹੋਸ਼ ਹੋਕੇ ਬਕੜ ਵਾਦ ਕਰਦਾ ਹੈ, ਉਹ ਕਹਿਣਾ ਕੁਝ ਚਾਹੁੰਦਾ ਹੈ, ਪਰ ਸ਼ਰਾਬ ਦੀ ਬੇਹੋਸ਼ੀ ਕਰਕੇ ਉਸਦੇ ਮੂੰਹੋਂ ਕੁਝ ਹੋਰ ਹੀ ਨਿਕਲ ਜਾਂਦਾ ਹੈ, ਉਸਨੇ ਕਹਿਣਾ ਸੀ—

"ਅਰੇ ਕਪਾਲਕ ਆਯਾ ਹੈਂ" ਪਰ ਉਸਨੇ—

"ਅਲੇ ਕਬਾਲਿਆ ਯੋ" ਮੁਖ ਗਾਯੋ।

ਇਹ ਕਹਿਣ ਦੇ ਮਗਰੋਂ ਜੈਨੀ ਨੂੰ ਕੁਝ ਆਪਣੀ ਸੁਝ ਆ ਗਈ ਤਾਂ ਉਹ ਕਹਿਣ ਲੱਗਾ ਮੈਨੂੰ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ ਸੀ, ਕਿਉਂਕਿ ਉਹ ਮੇਰਾ ਅਚਾਰਜ ਹੈ, ਇਸ ਲਈ ਉਹ ਕਹਿਣਾ ਚਾਹੁੰਦਾ ਸੀ:—

"ਅਰੇ ਵਡੇ ਭਾਰੇ ਆਚਰਜ ! ਅਪਾਰ ਪਰਾਕ੍ਰਮ ਅਹੇ ਸੁ ਥਾਰੇ।"

ਪਰ ਸ਼ਰਾਬ ਦੀ ਬੇਹੋਸ਼ੀ ਕਰਕੇ ਉਸਦੇ ਮੂੰਹੋਂ ਨਿਕਲਿਆ:—

ਅਥਵਾ—"ਆਲੇ ਅਚਾਲੇ ਭਾਲੇ। ਅਪਲ ਪਲਾਕਮ ਅਹੇ ਸੁ ਥਾਲੇ।"

Sri Satguru Jagjit Singh Ji Elibrary NamdhariElibrary@gmail.com

ਹੇ ਭਲੇ ਅਚਾਰਯ ! ਤੇਰੇ ਵਿਚ ਮਹਾਨ ਪ੍ਰਾਕ੍ਰਮ (ਬਲ) ਹੈ ।੧੪੧।

**ਸਵੈਯਾ ॥**

**੧. ਪਿਖ ਭਿੱਛਕ ਤਾਂਹਿ ਹਸੇ ਮੁਖ ਮੈ, ਸੁ ਕਪਾਲਕ ਕੇ ਪ੍ਰਤਿ ਏਹੁ ਉਚਾਰੇ ॥**
**੨. ਮਦਰਾ ਬਹੁ ਪਾਨ ਕਰੀ ਤਪਸੀ, ਮਤਿ ਭੂਲ ਗਈ ਸੁ ਭਏ ਮਤਵਾਰੇ ॥**
**੩. ਮੁਖਵਾਕ ਸੁ ਬਜਾਕੁਲ ਏਹੁ ਭਯੋ, ਮਦ ਕੇ ਉਨ ਮਾਦ ਸੁ ਦੇਹੁ ਨਿਵਾਰੇ ॥**
**੪. ਸੁਨ ਭਿੱਛਕ ਬਾਤ ਕਪਾਲਕ ਤੈਂ, ਮੁਖ ਭੀਤਰ ਤੇ ਸੁ ਤੰਬੂਲ ਨਿਕਾਰੇ॥੧੪੨॥**

੧. ਉਸਦੀ ਅਜਿਹੀ ਹਾਲਤ ਵੇਖਕੇ, ਬੋਧੀ ਹੱਸਣ ਲੱਗ ਪਿਆ ਅਤੇ ਉਸਨੇ ਕਪਾਲਕ ਨੂੰ ਇਹ ਗੱਲ ਆਖੀ। ੨. ਇਸ ਤਪਸੀ ਨੇ ਬਹੁਤੀ ਸ਼ਰਾਬ ਪੀ ਲਈ ਹੈ ਇਸ ਲਈ ਇਸਦੀ ਅਕਲ ਟਿਕਾਣੇ ਨਹੀਂ ਰਹੀ ਅਤੇ ਇਹ ਸ਼ਰਾਬੀ ਹੋਣ ਕਰਕੇ ਬਾਉਲਾ ਹੋ ਗਿਆ ਹੈ। ੩. ਇਸ ਕਰਕੇ ਇਸਦੇ ਮੂੰਹੋਂ ਗੱਲ ਠੀਕ ਨਹੀਂ ਨਿਕਲਦੀ, ਐਵੇਂ ਬਕਵਾਸ ਕਰਨ ਲਗ ਪਿਆ ਹੈ। (ਹੁਣ ਕਿਰਪਾ ਕਰਕੇ) ਸ਼ਰਾਬ ਦਾ ਨਸ਼ਾ (ਜਿਸ ਕਰਕੇ ਇਸਦੀ ਇਹ ਹਾਲਤ ਹੋਈ ਹੈ) ਉਹ ਦੂਰ ਕਰ ਦੇਹ। ੪. ਬੋਧੀ ਦੀ ਇਹ ਗੱਲ ਸੁਣ ਕਰਕੇ, ਕਪਾਲਕ ਨੇ ਆਪਣੇ ਮੂੰਹ ਵਿਚੋਂ ਪਾਨ ਕੱਢ ਲਿਆ ਜੋ ਪਾਨ ਪਹਿਲੇ ਤੋਂ ਆਪ ਚੱਬ ਰਿਹਾ ਸੀ ।੧੪੨।

**ਸਵੈਯਾ ॥**

**੧. ਮੁਖ ਸੀਤ ਤੰਬੂਲ ਕਪਾਲਕ ਜੋ, ਸੁ ਦਿਗੰਬਰ ਕੇ ਨਿਜ ਹਾਥ ਦਯੋ ॥**
**੨. ਮਦ ਕੋ ਦੂਰ ਭਯੋ ਖਿਨ ਮੈ, ਧਰ ਸੀਸ ਤੰਬੂਲ ਚਬਾਇ ਲਯੋ ॥**
**੩. ਕਰ ਜੋਰ ਗਯੋ ਗੁਰ ਕੇ ਢਿਗ ਤੇ, ਮਨ ਭੀਤਰ ਸੋ ਸਵਧਾਨ ਭਯੋ ॥**
**੪. ਗੁਰ ਪੂਰਣ ਤੇ ਪਦ ਕੰਜ ਲਹੇ, ਇਕ ਪੂਛਤ ਤੋਹਿ ਸੰਦੇਹਿ ਨਯੋ ॥੧੪੩॥**

੧. ਕਪਾਲਕ ਨੇ ਆਪਣੇ ਮੂੰਹ ਵਿਚੋਂ ਸੀਤ ਪ੍ਰਸ਼ਾਦ (ਜੂਠਾ) ਪਾਨ ਕਢਕੇ ਆਪਣੇ ਹੱਥਾਂ ਨਾਲ ਜੈਨੀ ਨੂੰ ਦੇਕੇ ਕਿਹਾ–'ਇਹ ਖਾ ਲੈ, ਇਸ ਦੇ ਖਾਣ ਨਾਲ ਸ਼ਰਾਬ ਦੀ ਬੇਹੋਸ਼ੀ ਦੂਰ ਹੋ ਜਾਵੇਗੀ।' ੨. ਜੈਨੀ ਨੇ ਉਹ ਪਾਨ ਲੈ ਕੇ ਪਹਿਲੇ ਆਪਣੇ ਸਿਰ ਉਤੇ ਰਖ ਲਿਆ ਅਤੇ ਕਿਹਾ–ਮੇਰੇ ਧੰਨ ਭਾਗ ਹਨ, ਕਿਉਂਕਿ ਗੁਰਾਂ ਨੇ ਕ੍ਰਿਪਾ ਕਰਕੇ ਆਪੇ ਹੀ ਮੈਨੂੰ ਸੀਤ ਪ੍ਰਸ਼ਾਦ ਦੇ ਕੇ ਨਿਹਾਲ ਕੀਤਾ ਹੈ, ਫਿਰ ਉਹ ਜੂਠਾ ਪਾਨ ਚੱਬ ਲਿਆ, ਜਿਸ ਕਰਕੇ ਉਸਨੂੰ ਜੋ ਸ਼ਰਾਬ ਦੀ ਮਸਤੀ ਚੜ੍ਹੀ ਹੋਈ ਸੀ, ਉਹ ਇਕ ਖਿਨ ਵਿਚ ਹੀ ਦੂਰ ਹੋ ਗਈ। ੩. ਜਦ ਉਹ ਮਨ ਵਿਚ ਸਵਾਧਾਨ ਹੋ ਗਿਆ ਤਾਂ ਦੋਵੇਂ ਹੱਥ ਜੋੜ ਕੇ ਕਪਾਲਕ ਗੁਰੂ ਦੇ ਕੋਲ ਜਾ ਕੇ ਬੇਨਤੀ ਕਰਨ ਲਗਾ। ੪. ਹੇ ਗੁਰੋ ! (ਮੇਰੇ ਕੋਈ) ਪੂਰਨ ਭਾਗ ਜਾਗੇ ਹਨ, ਜਿਸ ਕਰਕੇ ਆਪ ਦੇ ਚਰਨ ਕਮਲ ਪ੍ਰਾਪਤ ਹੋਏ ਹਨ, (ਪਰ) ਇਕ ਮੈਨੂੰ ਨਵਾਂ ਹੀ ਸੰਸਾ ਫੁਰ ਪਿਆ ਹੈ, ਉਹ ਪੁਛਦਾ ਹਾਂ, (ਕਿਰਪਾ ਕਰਕੇ ਮੇਰਾ ਸੰਦੇਹ ਦੂਰ ਕਰੋ, ਕਿਉਂਕਿ ਆਪ) ਪੂਰਨ ਗੁਰੂ ਹੋ ॥ ੧੪੩ ॥

**ਸਵੈਯਾ ॥**

**੧. ਜਿਮ ਤੇ ਮਦਰਾ ਮਮ ਚੀਤ ਹਰੇ, ਗਹਿ ਬੇਗ ਸੁ ਭੈਰਵ ਕੇ ਮਤ ਲਜਾਵੇ ॥**
**੨. ਯਹਿ ਸਿਧਿ ਬਡੀ ਨਿਜ ਨੈਨ ਪਿਖੀ, ਤਿਮ ਔਰ ਕਹੋ ਕਛੁ ਹੈ ਨਰ ਪਾਏ ॥**

Sri Satguru Jagjit Singh Ji Elibrary NamdhariElibrary@gmail.com

**੩. ਯੁਵਤੀ ਸੁ ਮਨੋਹਰ ਪੇਖ ਜਬੈ, ਗੁਰ ਜੌ ਤਵ ਸੇਵਕ ਚੀਤ ਲਭਾਏ॥**

**੪. ਵਹਿਆਨ ਸਕੋ ਕਿ ਨਹੀਂ ਜਗ ਮੈ ਇਹ ਸੰਕਬਡੀ ਗੁਰਦੇਹੁ ਮਿਟਾਏ।੧੪੪।**

੧. ਹੇ ਗੁਰੋ ! ਜਿਸ ਤਰ੍ਹਾਂ ਤੇਰੇ ਸ਼ਰਾਬ ਨੇ ਮੇਰੇ ਚਿਤ ਨੂੰ ਕਾਬੂ ਕਰ ਲਿਆ ਹੈ ਅਤੇ ਫੜਕੇ ਇਸ ਵਾਮ ਮਾਰਗ ਮੱਤ ਵਿਚ ਲੈ ਆਂਦਾ ਹੈ। ੨. ਇਹ ਇਕ ਬੜੀ ਭਾਰੀ ਸਿਧੀ ਹੈ, ਜੋ ਮੈਂ ਆਪਣੇ ਅੱਖੀਂ ਵੇਖ ਲਈ ਹੈ, ਦੱਸ, ਇਸ ਤਰ੍ਹਾਂ ਦੀ ਹੋਰ ਭੀ ਕੋਈ ਸ਼ਕਤੀ ਤੇਰੇ ਵਿਚ ਹੈ, ਜਿਸ ਕਰਕੇ ਪੁਰਸ਼ ਕੁਝ ਪਾ ਸਕਦਾ ਹੈ। ੩. ਹੇ ਗੁਰੋ ! ਜਦ ਕੋਈ ਤੇਰਾ ਸੇਵਕ ਕਿਸੇ ਮਹਾਂ ਸੁੰਦਰ ਇਸਤ੍ਰੀ ਨੂੰ ਵੇਖ ਲਵੇ ਅਤੇ ਉਸਦਾ ਚਿੱਤ ਉਸ ਇਸਤ੍ਰੀ ਉਤੇ ਲੁਭਾਇਮਾਨ ਹੋ ਜਾਵੇ। ੪. ਤਾਂ ਕੀ ਤੂੰ ਉਸ ਇਸਤ੍ਰੀ ਨੂੰ ਲਿਆਕੇ ਸੇਵਕ ਨੂੰ ਦੇ ਸਕਦਾ ਹੈਂ ਜਾਂ ਨਹੀਂ ਮੇਰੇ ਮਨ ਵਿਚ ਇਹ ਇਕ ਵਡੀ ਸ਼ੰਕਾ ਪੈਦਾ ਹੋ ਗਈ ਹੈ, ਹੇ ਗੁਰੋ ! ਆਪ ਇਸ ਸੰਦੇਹ ਨੂੰ ਦੂਰ ਕਰ ਦੇਵੋ।

ਕਪਾਲਿਕ ਉਵਾਚ॥

**ਦੋਹਰਾ-੧. ਪੂਛਤ ਕਹਾਂ ਬਿਸੇਖ ਪੁਨ ਸਗਲ ਬਖਾਨੋ ਤੋਹਿ॥**

**੨. ਵਿਦਯਾ ਬਲ ਸਭ ਕੋ ਹਰੋਂ ਢੀਲ ਨ ਲਾਗਤ ਮੋਹਿ॥੧੪੫॥**

ਕਪਾਲਕ ਕਹਿਣ ਲੱਗਾ-੧. ਹੇ ਜੈਨੀ ! ਤੂੰ ਬਹੁਤਾ ਕੀ ਪੁਛਦਾ ਹੈਂ, ਮੈਂ ਤੈਨੂੰ ਸਾਰੀਆਂ ਗੱਲਾਂ ਦਾ ਉਤਰ ਇਕੋ ਹੀ ਦੱਸ ਦੇਂਦਾ ਹਾਂ। ੨. ਮੈਂ ਆਪਣੀ ਵਿਦਿਆ ਦੇ ਜ਼ੋਰ ਨਾਲ ਸਭ ਨੂੰ ਕਾਬੂ ਕਰ ਸਕਦਾ ਹਾਂ ਅਤੇ ਕਾਬੂ ਕਰਦਿਆਂ ਹੋਇਆਂ ਮੈਨੂੰ ਕੋਈ ਦੇਰ ਹੀ ਨਹੀਂ ਲੱਗਦੀ ਹੈ।

**ਦੋਹਰਾ-੧. ਵਿਦਯਾ ਧਰਿ ਸੁਰ ਅੰਗਨਾ ਸਰਪ ਯੱਖਨੀ ਨਾਰਿ॥**

**੨. ਤੀਨ ਭਵਨ ਮਨ ਭਾਵਤੀ ਲਯਾਵੋਂ ਭੌਨ ਮਝਾਰ॥੧੪੬॥**

ਅੰਗਨਾ=ਇਸਤ੍ਰੀ।

੧. (ਭਾਵੇਂ) ਵਿਦਿਆ ਧਰ ਦੀ ਇਸਤ੍ਰੀ ਹੋਵੇ, (ਭਾਵੇਂ) ਦੇਵ ਇਸਤ੍ਰੀ ਹੋਵੇ, (ਭਾਵੇਂ) ਸਰਪ ਇਸਤ੍ਰੀ (ਹੋਵੇ, ਅਤੇ ਭਾਵੇਂ) ਯੱਖਨੀ ਇਸਤ੍ਰੀ ਹੋਵੇ। ੨. ਤਿੰਨਾਂ ਲੋਕਾਂ ਵਿਚੋਂ ਜੋ ਭੀ ਮੇਰੇ ਸਿਖ ਦੇ ਮਨ ਨੂੰ ਭਾਉਂਦੀ ਹੈ, (ਮੈਂ ਓਹੀ ਉਸਦੇ) ਘਰ ਵਿਚ ਲਿਆ ਦੇਂਦਾ ਹਾਂ।੧੪੬।

ਖਿਪਣਕ ਉਵਾਚ।

**ਚੌਪਈ॥**

**੧. ਮੈ ਜੋਤਿਕ ਪੜ੍ਹਿਓ ਬਹੁ ਬਾਰਾ॥ ਕੀਨ ਗਣਿਤ ਮਮ ਏਹਿ ਨਿਹਾਰਾ॥**

**੨. ਹਮ ਸਭ ਮਹਾਂਮੋਹ ਕੇ ਦਾਸ॥ ਧਰਮ ਪੰਥ ਸਭ ਕਰੇਂ ਬਿਨਾਸ॥ ੧੪੭॥**

ਫਿਰ ਜੈਨੀ ਕਹਿਣ ਲਗਾ-੧. ਮੈਂ ਬਹੁਤ ਵੇਰੀ ਜੋਤਿਸ਼ ਦੇ ਗ੍ਰੰਥਾਂ ਨੂੰ ਪੜ੍ਹਿਆ ਹੈ ਅਤੇ ਗਿਣਤੀ ਕਰਕੇ ਇਸ ਵੇਖਿਆ ਹੈ। ਕਿ ੨. ਅਸੀਂ ਸਾਰੇ ਮਹਾਂ ਮੋਹ ਦੇ ਸੇਵਕ ਹਾਂ ਅਤੇ ਧਰਮ ਦੇ ਮਾਰਗ ਨੂੰ ਨਸ਼ਟ ਕਰਨ ਵਾਸਤੇ ਸਾਜੇ ਗਏ ਹਾਂ।੧੪੭।

ਕਪਾਲਿਕ ਉਵਾਚ॥

**ਚੌਪਈ॥**

**੧. ਆਯੁਖ ਮਾਨ ਯਥਾ ਤਵ ਜਾਨਿਓ॥ ਸਾਚ ਅਹੇ ਨਹਿ ਝੂਠ ਬਖਾਨਿਓ॥**

**੨. ਖਿਪਣਕ ਕਹਯੋ ਭੂਪ ਕੋ ਕਾਜ॥ ਕਰੋਂ ਬਿਚਾਰ ਭਲੇ ਕਛੁ ਆਜ॥੧੪੮॥**

ਆਯੁਖ ਮਾਨ=ਵਡੀ ਉਮਰਾ ਵਾਲੇ।

੧. ਕਪਾਲਿਕ ਨੇ ਕਿਹਾ—ਹੇ ਵਡੀ ਉਮਰਾ ਵਾਲੇ ! ਜੋ ਕੁਝ ਤੂੰ ਜਾਣਿਆ ਹੈ, ਇਹ ਸਭ ਸਚ ਹੈ, (ਤੂੰ ਰਤਾ ਭਰ ਵੀ) ਝੂਠ ਨਹੀਂ ਕਿਹਾ। ੨. ਫੇਰ ਜੈਨੀ ਨੇ ਕਿਹਾ—(ਜੇ ਏਹੀ ਗੱਲ ਹੈ ਤਾਂ ਮਹਾਂ ਮੋਹ) ਰਾਜੇ ਦੇ ਕੰਮ ਦੀ ਵਿਚਾਰ ਅਜ ਸਾਨੂੰ ਕੁਝ ਨਾ ਕੁਝ ਜ਼ਰੂਰ ਕਰਨੀ ਚਾਹੀਦੀ ਹੈ ॥ ੧੪੮ ॥

**ਚੌਪਈ ॥**

**੧. ਕਪਾਲਿਕ ਕਹਯੋ ਕੌਨ ਵਹਿ ਕਾਜ ॥ ਖਿਪਣਕ ਕਹੇ ਬਤਾਵੋਂ ਆਜ ॥**

**੨. ਸ਼ਾਂਤਿ ਸੁਤਾ ਸਰਧਾ ਹੈ ਜੋਈ ॥ ਭੂਪ ਕਹੀ ਗਹਿ ਲਯਾਵੋ ਸੋਈ ॥ ੧੪੯ ॥**

੧. ਕਪਾਲਿਕ ਨੇ ਕਿਹਾ—ਉਹ ਕਿਹੜਾ ਕੰਮ ਹੈ ਜੋ ਸਾਨੂੰ ਕਰਨਾ ਚਾਹੀਦਾ ਹੈ ? ਮੈਨੂੰ ਤਾਂ ਕਿਸੇ ਕੰਮ ਦਾ ਭੀ ਪਤਾ ਨਹੀਂ, ਅਗੋਂ ਜੈਨੀ ਨੇ ਕਿਹਾ—ਮੈਂ ਹੁਣੇ ਦਸਦਾ ਹਾਂ। ੨. ਸ਼ਾਂਤੀ ਜਿਸ ਦੀ ਧੀ ਹੈ, ਉਹ ਜਿਹੜੀ 'ਸਰਧਾ' ਹੈ, ਮਹਾਂ ਮੋਹ ਰਾਜੇ ਨੇ ਕਿਹਾ ਹੈ—ਉਸ ਸਰਧਾ ਨੂੰ ਫੜ ਕੇ ਮੇਰੇ ਕੋਲ ਲੈ ਆਵੇ ॥ ੧੪੯ ॥

**ਚੌਪਈ ॥**

**੧. ਕਪਾਲਕ ਕਹੇ ਸੁ ਕਰੋ ਉਚਾਰ ॥ ਦਾਸੀ ਸੁਤਾ ਕਹਾਂ ਵਹਿ ਨਾਰਿ ॥**

**੨. ਵਿਦਯਾ ਬਲ ਮੈਂ ਅਬੈ ਵਿਖਾਊਂ ॥ ਤਾਕੋ ਬੇਕ ਕੇਸ ਗਹਿ ਲਿਆਊਂ ॥ ੧੫੦ ॥**

੧. ਕਪਾਲਕ ਨੇ ਫੇਰ ਕਿਹਾ—ਹੇ ਜੈਨੀ ! ਤੂੰ ਮੈਨੂੰ ਇਹ ਦਸ ਦੇਹ, (ਜੋ ਉਹ) ਦਾਸੀ ਦੀ ਧੀ 'ਸਰਧਾ' ਇਸ ਵੇਲੇ ਕਿਥੇ ਹੈ ? ੨. ਮੈਂ ਤੈਨੂੰ ਹੁਣੇ ਹੀ ਆਪਣੀ ਵਿਦਯਾ ਦਾ ਜ਼ੋਰ ਵਿਖਾ ਦੇਵਾਂਗਾ ਅਤੇ ਉਸ ਨੂੰ ਝਟ ਹੀ ਕੇਸਾਂ ਤੋਂ ਫੜ ਕੇ ਲੈ ਆਵਾਂਗਾ ਤੇ ਮਹਾਂ ਮੋਹ ਰਾਜੇ ਦੇ ਚਰਨਾਂ ਉਤੇ ਸੁਟ ਦੇਵਾਂਗਾ ॥ ੧੫੦ ॥

**੧. ਖਿਪਣਕ ਧਰ ਪੁਨ ਪਟਾ ਸੁ ਆਗੇ ॥ ਲੈ ਕਰਨੀ ਪੁਨ ਗਣਤ ਸੁ ਲਾਗੇ ॥**

**੨. ਸ਼ਾਂਤਿ ਤਬੈ ਪੁਨ ਕੀਨ ਬਖਾਨ ॥ ਕਰੁਣਾ ਸਖੀ ਸੁਨੋ ਦੈ ਕਾਨ ॥ ੧੫੧ ॥**

ਪਟਾ=ਪਟੀ ਜਾਂ ਸਲੇਟ। ਕਰਨੀ=ਕਲਮ ਜਾਂ ਸਲੇਟ ਪੈਨਸਲ।

੧. ਜੈਨੀ ਉਸ ਵੇਲੇ ਸਲੇਟ ਅਗੇ ਰਖ ਕੇ ਤੇ ਹਥ ਵਿਚ ਸਲੇਟ-ਪੈਨਸਲ ਲੈ ਕੇ ਗਿਣਤੀ ਕਰਨ ਲਗ ਪਿਆ। ਇਹਨਾਂ ਦੀਆਂ ਇਹ ਗੱਲਾਂ ਸੁਣ ਕੇ ਸ਼ਾਂਤੀ ਨੇ ਕਰੁਣਾ ਨੂੰ ਕਿਹਾ—ਹੇ ਸਖੀ ! ਤੂੰ ਕੰਨ ਦੇ ਕੇ ਇਸ ਦੀ ਗੱਲ ਨੂੰ ਸੁਣ ॥ ੧੫੧ ॥

**ਚੌਪਈ ॥**

**੧. ਘਹਿ ਹਤ ਆਸ ਸੁ ਕਰੇ ਬਿਚਾਰ ॥ ਮਮ ਮਾਤਾ ਕੋ ਨਾਮ ਉਚਾਰ ॥**

**੨. ਹੋਇ ਇਕਾਗਰ ਸੁਣੋ ਪਿਆਰੀ ॥ ਕਰੁਣਾ ਕਹਯੋ ਸੁ ਨਾਮ ਉਚਾਰੀ ॥ ੧੫੨ ॥**

੧. ਜੋ ਇਛਾ ਇਨ੍ਹਾਂ ਨੇ ਕੀਤੀ ਹੈ, ਪ੍ਰਮਾਤਮਾ ਇਨ੍ਹਾਂ ਦੀ ਆਸਾ ਨਾਸ਼ ਕਰੇ (ਪਰ) ਇਹ ਵਿਚਾਰ ਕਰ ਰਿਹਾ ਹੈ ਤੇ ਇਸ ਨੇ ਮੇਰੀ ਮਾਂ ਦਾ ਨਾਮ ਲਿਆ ਹੈ (ਅਰਥਾਤ ਇਸ ਵੇਲੇ ਵਿਚਾਰ ਕਰ ਰਿਹਾ ਹੈ ਕਿ ਸਰਧਾ ਕਿਥੇ ਹੈ ? ਇਨ੍ਹਾਂ ਪਾਸੋਂ ਸਾਨੂੰ ਮਾਤਾ ਦੇ ਰਹਿਣ ਦੀ ਜਗ੍ਹਾ ਦਾ ਪਤਾ ਲਗ ਜਾਵੇਗਾ ਜਿਸ ਕਰਕੇ ਅਸੀਂ ਉਸ ਨੂੰ ਛੇਤੀ ਮਿਲ ਸਕਾਂਗੀਆਂ)। ੨. ਹੇ ਪਿਆਰੀ ! ਇਕਾਗਰ ਮਨ ਹੋ ਕੇ ਇਨ੍ਹਾਂ ਦੀ ਗੱਲ ਬਾਤ ਸੁਣ, ਅਗੋਂ ਕਰੁਣਾ ਨੇ ਕਿਹਾ—ਹੇ ਸ਼ਾਂਤੀ ! (ਤੂੰ ਚੰਗੀ ਗੱਲ ਸੋਚੀ ਹੈ, ਇਥੋਂ ਸਾਨੂੰ ਮਾਤਾ ਦਾ ਪਤਾ ਜ਼ਰੂਰ ਮਿਲ ਜਾਏਗਾ) ॥੧੫੨॥

**ਦੋਹਰਾ—੧. ਤੇ ਦੋਨੋ ਠਾਂਢੀ ਤਹਾਂ ਚੀਤ ਇਕਾਗਰ ਧਾਰ ॥**

Sri Satguru Jagjit Singh Ji Elibrary NamdhariElibrary@gmail.com

**੨. ਕਰਿ ਗਿਣਤੀ ਖਿਪਣਕ ਤਬੈ ਲਾਗੋ ਕਰਨ ਉਚਾਰ ॥ ੧੫੩ ॥**

੧. ਉਹ ਦੋਵੇਂ ਸਖੀਆਂ ਚਿਤ ਨੂੰ ਇਕਾਗਰ ਕਰਕੇ ਉਥੇ ਖਲੋ ਗਈਆਂ । ੨. ਏਨੇ ਚਿਰ ਨੂੰ ਗਿਣਤੀ ਕਰਕੇ ਜੈਨੀ ਇਸ ਤਰ੍ਹਾਂ ਕਥਨ ਕਰਨ ਲਗਾ ॥ ੧੫੩ ॥

## ਚੌਪਈ ॥

**੧. ਨਹਿ ਜਲ ਨਹਿ ਥਲ ਨਾਹਿ ਪਹਾਰਨ॥ਸਰਧਾਨਹਿ ਸੁ ਮਾਹਿ ਪਤਾਰਨ ॥**
**੨. ਵਿਸ਼ਨੂ ਭਗਤਿ ਕੇ ਸੰਗ ਮਿਲਾਇ॥ ਬਸੀ ਮਹਾਤਮ ਜਨ ਉਰ ਜਾਇ॥੧੫੪॥**

੧, ਸਰਧਾ ਨਾ ਜਲ ਵਿਚ, ਨਾ ਥਲ ਵਿਚ,ਨਾ ਪਹਾੜਾਂ ਵਿਚ ਤੇ ਨਾ ਹੀ ਪਤਾਲਾਂ ਵਿਚ ਹੈ । ੨. ਵਿਸ਼ਨੂੰ ਭਗਤੀ ਦੇ ਨਾਲ ਮਿਲ ਕੇ ਸਰਧਾ ਮਹਾਤਮਾ ਪੁਰਸ਼ਾਂ ਦੇ ਹਿਰਦੇ ਵਿਚ ਜਾ ਵਸੀ ਹੈ ॥ ੧੫੪ ॥

## ਚੌਪਈ ॥

**੧. ਕਰੁਣਾ ਸਾਨੰਦ ਕੀਨ ਉਚਾਰ ॥ ਭਲਾ ਭਯਾ ਸਜਨੀ ਸੁਨ ਸਾਰ ॥**
**੨. ਸਰਧਾ ਵਿਸ਼ਨੂ ਭਗਤਿ ਕੇ ਪਾਸ ॥ ਬਸੇ ਮਹਾਤਮ ਉਰ ਸੁਖ ਰਾਸ॥੧੫੫॥**

ਜੈਨੀ ਦੀ ਇਹ ਗੱਲ ਸੁਣ ਕੇ ੧. ਕਰੁਣਾ ਨੇ ਖੁਸ਼ੀ ਨਾਲ ਗਦ ਗਦ ਹੋ ਕੇ ਕਿਹਾ–ਹੇ ਸਖੀ ਸ਼ਾਂਤੀ । ਇਸ ਦੇ (ਮੂੰਹੋਂ) ਸਚੀ ਗੱਲ ਸੁਣ ਕੇ ਸਾਡੇ ਹੱਕ ਦਾ ਬਹੁਤ ਹੀ ਚੰਗਾ ਹੋਇਆ ਹੈ । (ਸਾਨੂੰ ਮਾਤਾ ਦੀ ਖੋਜ ਦੀ ਬੜੀ ਚਿੰਤਾ ਲਗੀ ਹੋਈ ਸੀ, ਸੋ ਪਤਾ ਮਿਲ ਗਿਆ ਹੈ ਕਿ) ੨. ਸਰਧਾ ਮਾਤਾ ਵਿਸ਼ਨੂੰ ਭਗਤੀ ਦੇ ਕੋਲ ਹੈ ਅਤੇ ਸੁਖ ਦੀ ਰਾਸ (ਰੂਪ ਜੋ) ਮਹਾਤਮਾ ਜਨਾਂ ਦਾ ਹਿਰਦਾ ਹੈ, (ਉਥੇ ਹੀ ਦੋਵੇਂ ਜਣੀਆਂ) ਵਸਦੀਆਂ ਹਨ ॥ ੧੫੫ ॥

## ਚੌਪਈ ॥

**੧. ਸੁਨ ਕਰ ਸ਼ਾਂਤਿ ਹਰਖ ਉਰ ਭਯੋ ॥ ਬਹੁਰ ਕਪਾਲਕ ਬਚਨ ਅਲਯੋ ॥**
**੨. ਕਾਮ ਬਿਹੀਨ ਧਰਮ ਪੁਨ ਜੋਈ ॥ ਖਿਪਣਕ ਕਹੋ ਕਹਾਂ ਅਬ ਸੋਈ ।੧੫੬।**

੧. ਇਹ ਗੱਲ ਸੁਣ ਕੇ ਸ਼ਾਂਤੀ ਦੇ ਹਿਰਦੇ ਵਿਚ ਖੁਸ਼ੀ ਹੋਈ । (ਉਧਰ) ਕਪਾਲਕ ਨੇ ਜੈਨੀ ਨੂੰ) ਫੇਰ ਕਿਹਾ ! ੨. ਕਾਮਨਾ ਤੋਂ ਰਹਿਤ ਜੋ ਨਿਸ਼ਕਾਮ ਧਰਮ ਹੈ, ਹੇ ਜੈਨੀ ! ਤੂੰ ਇਹ ਦਸ ਕਿ ਇਸ ਵੇਲੇ ਉਹ ਕਿਥੇ ਵਸਦਾ ਹੈ ? ॥ ੧੫੬ ॥

## ਚੌਪਈ ॥

**੧. ਖਿਪਣਕ ਅੰਕ ਮਾਲ ਬਿਸਥਾਰੀ ॥ ਗਣਤੀ ਕਰਿ ਪੁਨ ਕੀਨ ਉਚਾਰੀ ॥**
**੨. ਜਲ ਥਲ ਗਿਰ ਪਤਾਲ ਸੁ ਨਾਹੀ ॥ ਅਹੇ ਮਹਾਤਮ ਕੇ ਉਰ ਮਾਹੀ॥੧੫੭॥**

ਅੰਕ ਮਾਲ=ਅਖਰਾਂ ਦੀ ਕਤਾਰ, ਰਮਤ ਮਤ ਅਨੁਸਾਰ ਉਸ ਦਾ ਨਾਮ ਜਾਇਚਾ ਫੈਲਾਉਣਾ ਕਿਹਾ ਜਾਂਦਾ ਹੈ ।

੧. ਜੈਨੀ ਨੇ ਕਪਾਲਕ ਦਾ ਦੂਜਾ ਪ੍ਰਸ਼ਨ ਸੁਣ ਕੇ ਉਸੇ ਜਾਇਚੇ ਦਾ ਫੈਲਾਓ ਕਰ ਲਿਆ ਅਤੇ ਫੇਰ ਉਸ ਦੀ ਗਿਣਤੀ ਕਰਕੇ ਕਿਹਾ । ੨. ਜਲ, ਥਲ, ਪਹਾੜ ਤੇ ਪਤਾਲ (ਇਸ ਵੇਲੇ) ਉਹ (ਧਰਮ ਇਨ੍ਹਾਂ ਵਿਚੋਂ ਕਿਸੇ ਜਗ੍ਹਾ ਵਿਚ ਭੀ) ਨਹੀਂ ਹੈ, ਉਹ ਭੀ ਮਹਾਤਮਾ ਜਨਾਂ ਦੇ ਹਿਰਦੇ ਵਿਚ ਵਸਦਾ ਹੈ ॥ ੧੫੭ ॥

Sri Satguru Jagjit Singh Ji Elibrary NamdhariElibrary@gmail.com

## ਚੌਪਈ॥

੧. ਕਪਾਲਕ ਸੁਨਤ ਵਿਖਾਦਹਿ ਭਯੋ॥ ਮੋਹ ਮਹੀਪ ਕਸ਼ਟ ਅਤਿ ਭਯੋ॥
੨. ਦੇਵੀ ਵਿਸ਼ਨ ਭਗਤਿ ਹੈ ਜੋਈ॥ ਸਭ ਸਿਧਿਨ ਕੋ ਮੂਲ ਸੁ ਹੋਈ॥ ੧੫੮॥

੧. ਇਸ ਗੱਲ ਨੂੰ ਸੁਣਦਿਆਂ ਹੀ ਕਪਾਲਕ ਨੂੰ ਬੜਾ ਹੀ ਦੁਖ ਹੋਇਆ, (ਉਸ ਨੇ ਕਿਹਾ–ਹੇ ਜੈਨੀ! ਤਦ ਤਾਂ) ਮਹਾਂ ਮੋਹ ਰਾਜੇ ਨੂੰ ਬੜਾ ਭਾਰਾ ਕਸ਼ਟ ਹੋਵੇਗਾ। ੨. ਕਿਉਂਕਿ ਜੋ ਵਿਸਨੂੰ ਭਗਤਿ ਦੇਵੀ ਹੈ, ਓਹੀ ਸਾਰੀਆਂ ਸਿਧੀਆਂ ਦਾ ਮੂਲ ਕਾਰਨ ਹੈ॥ ੧੫੮॥

## ਚੌਪਈ॥

੧. ਸ਼ਾਂਤਿ ਸੁਤਾ ਸਰਧਾ ਹੈ ਜੋਈ॥ ਤਾਂਹਿ ਸਮੀਪ ਬਸੀ ਅਬ ਸੋਈ॥
੨. ਕਾਮ ਵਿਮੁਕਤ ਧਰਮ ਤਹਿੰ ਜਬਹੀ॥ ਬਸੇ ਅਨਰਥ ਹੋਹਿੰ ਹਮ ਤਬ ਹੀ॥ ੧੫੯॥

੧. ਸ਼ਾਂਤੀ (ਜਿਸ ਦੀ) ਪੁਤ੍ਰੀ (ਹੈ, ਉਹ) ਜਿਹੜੀ ਸਰਧਾ ਹੈ, ਉਹ ਭੀ ਉਸ (ਵਿਸ਼ਨੂੰ ਭਗਤੀ) ਦੇ ਕੋਲ ਜਾ ਵਸੀ ਹੈ। ੨. ਕਾਮਨਾ ਤੋਂ ਰਹਿਤ (ਨਿਸ਼ਕਾਮ) ਧਰਮ ਜਦੋਂ ਹੀ ਉਥੇ ਜਾ ਕੇ ਵਸ ਜਾਏਗਾ, ਸਾਡੇ ਵਾਸਤੇ ਉਸੇ ਵੇਲੇ ਹੀ ਬੜਾ ਭਾਰਾ ਅਨਰਥ (ਉਪੱਦ੍ਵ) ਖੜਾ ਹੋ ਜਾਏਗਾ ਕਿਉਂਕਿ ਇਹ ਤਿੰਨੇ ਹੀ ਸਾਡੇ ਪਰਮ ਵੈਰੀ ਹਨ, ਇਕ ਇਕ ਹੀ ਸਾਡੀ ਜੜ੍ਹ ਵਢਣ ਨੂੰ ਤਿਆਰ ਹੈ, ਜੇ ਤਿੰਨੇ ਹੀ ਇਕੋ ਜਗ੍ਹਾ ਤੇ ਇਕਠੇ ਹੋ ਗਏ, ਤਦ ਫਿਰ ਸਾਡੀ ਕਿਸੇ ਤਰ੍ਹਾਂ ਭੀ ਖੈਰ ਨਹੀਂ ਹੋਵੇਗੀ॥ ੧੫੯॥

## ਚੌਪਈ॥

੧. ਵਿਵੇਕ ਭੂਪ ਕੇ ਕਾਰਯ ਜੇਤੇ॥ ਯਦਪਿ ਸਿਧ ਹੋਹਿੰਗੇ ਤੇਤੇ॥
੨. ਤਦਪਿ ਮਹਾਂ ਮੋਹ ਕੇ ਕਾਜ॥ ਕਰੋਂ ਹੋਇ ਜੇਤੇ ਕਛੁ ਆਜ॥੧੬੦॥

੧. ਵਿਵੇਕ ਰਾਜੇ ਦੇ ਜਿੰਨੇ ਭੀ ਕਾਰਜ ਹਨ, ਭਾਵੇਂ ਉਹ ਸਾਰੇ ਹੀ ਹੁਣ ਪੂਰੇ ਹੋ ਜਾਣਗੇ ਅਤੇ ਉਨ੍ਹਾਂ ਦੇ ਪੂਰੇ ਹੋਣ ਵਿਚ ਕੁਝ ਦੇਰੀ ਨਹੀਂ ਹੈ। ੨. ਤਦ ਭੀ ਮਹਾਂ ਮੋਹ ਰਾਜਾ ਦੇ ਕੰਮ ਜਿੰਨੇ ਕੁ (ਸਾਥੋਂ ਹੋ ਸਕਦੇ ਹਨ, ਉਹ) ਅਜ ਜ਼ਰੂਰ ਕਰਨੇ ਚਾਹੀਦੇ ਹਨ॥ ੧੬੦॥ ਕਿਉਂਕਿ–

## ਚੌਪਈ॥

੧. ਜਾਕੋ ਲੋਨ ਬਹੁਤ ਦਿਨ ਖਾਏ॥ ਤਾਂ ਹਿਤ ਮਰੇ ਜਗਤ ਜਸ ਪਾਏ॥
੨. ਤਾਂਤੇ ਪ੍ਰਾਨ ਜਾਹਿੰ ਤੇ ਜੱਯੋ॥ ਸ੍ਵਾਮਿ ਕਾਜ ਬਲ ਲਾਇ ਸੁ ਕੱਯੋ॥ ੧੬੧॥

੧. ਜਿਸ ਦਾ ਲੂਣ ਬਹੁਤ ਦਿਨ ਖਾਧਾ ਹੈ, ਉਸ ਦੇ ਵਾਸਤੇ ਮੌਤ ਭੀ ਆ ਜਾਵੇ (ਤਾਂ ਭੀ) ਜਗਤ ਵਿਚ ਜਸ ਮਿਲ ਜਾਏਗਾ। ੨. ਇਸ ਲਈ ਜੇਕਰ ਪ੍ਰਾਣ ਜਾਂਦੇ ਹਨ ਤਾਂ ਬੇਸ਼ਕ ਚਲੇ ਜਾਣ, ਪਰ ਮਾਲਕ ਦੇ ਕੰਮ ਨੂੰ (ਇਕ ਵੇਰੀ ਜ਼ਰੂਰ ਹੀ) ਜ਼ੋਰ ਲਾ ਕੇ ਕਰਨਾ ਚਾਹੀਦਾ ਹੈ॥ ੧੬੧॥

## ਚੌਪਈ॥

੧. ਮਹਾਂ ਭੈਰਵੀ ਵਿਦਯਾ ਸਾਰ॥ ਅਬੀ ਪਠੱਯੋ ਹੋਇ ਨ ਬਾਰ॥
੨. ਸਰਧਾ ਧਰਮ ਉਭੈ ਹਰ ਲਯਾਵੈ॥ ਮਹਾਤਮ ਜਨਹੁ ਕੁਪੰਥ ਚਲਾਵੈ।੧੬੨।

੧. ਹੇ ਜੈਨੀ ! ਜੋ ਮਹਾਂ ਭੈਰਵੀ (ਨਾਮ ਵਾਲੀ) ਸਰੇਸ਼ਟ ਵਿਦਯਾ ਮੇਰੇ ਪਾਸ ਹੈ, ਉਸ ਨੂੰ ਮੈਂ ਹੁਣੇ ਭੇਜ ਦੇਂਦਾ ਹਾਂ, ਕਿਉਂਕਿ ਇਸ ਕੰਮ ਵਿਚ ਦੇਰੀ ਹੋਣੀ ਯੋਗ ਨਹੀਂ ਹੈ। ੨. ਉਹ ਜਾ ਕੇ ਸਰਧਾ ਤੇ ਨਿਸਕਾਮ ਧਰਮ (ਇਨ੍ਹਾਂ) ਦੋਹਾਂ ਨੂੰ ਚਰਾ ਲਿਆਵੇਗੀ ਅਤੇ ਮਹਾਤਮਾ ਜਨਾਂ ਨੂੰ ਕੁਧਰਮ ਮਾਰਗ ਵਿਚ ਤੋਰ ਆਵੇਗੀ। ਇਹ ਗੱਲ ਕਹਿ ਕੇ ਕਪਾਲਕ ਨੇ ਉਸੇ ਵੇਲੇ ਮਹਾਂ ਭੈਰਵੀ ਵਿਦਯਾ ਨੂੰ ਬੁਲਾ ਕੇ,ਸਰਧਾ ਤੇ ਨਿਸ਼ਕਾਮ ਧਰਮ ਦੇ ਚੁਰਾ ਲਿਆਉਣ ਅਤੇ ਮਹਾਤਮਾਂ ਨੂੰ ਕੁਮਾਰਗੇ ਤੋਰਨ ਵਾਸਤੇ ਭੇਜ ਦਿਤਾ ॥ ੧੬੨ ॥

**ਦੋਹਰਾ—੧. ਮਹਾਂ ਮੋਹ ਅਨੁਚਰ ਸਭੇ ਗਏ ਅਖਾੜੇ ਤੁਯਾਗ ॥**
**੨. ਗੁਲਾਬ ਸਿੰਘ ਅਬ ਸ਼ਾਂਤਿ ਪੁਨਿ ਭਾਖਤ ਹੈ ਵਡਭਾਗ ॥੧੬੩॥**

ਅਨੁਚਰ=ਸੇਵਕ। ਅਖਾੜੇ=ਰੰਗ ਮੰਚ, ਸਟੇਜ।

੧. ਏਨਾ ਕੁਝ ਕੰਮ ਕਰਨ ਮਗਰੋਂ ਮਹਾਂ ਮੋਹ ਰਾਜੇ ਦੇ ਜਿੰਨੇ ਭੀ ਸੇਵਕ ਸਨ, ਸਾਰੇ ਹੀ ਅਖਾੜੇ ਨੂੰ ਛਡ ਕੇ ਚਲੇ ਗਏ। ੨. ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਕਿ ਵਡੇ ਭਾਗਾਂ ਵਾਲੀ ਸ਼ਾਂਤੀ ਫੇਰ ਇਸ ਤਰ੍ਹਾਂ ਕਹਿਣ ਲਗੀ ॥ ੧੬੩ ॥

**ਦੋਹਰਾ—੧. ਮਮ ਮਾਤਾ ਕੇ ਹਰਨ ਹਿਤ ਤਾਂ ਮਨ ਆਸ ਸੁ ਕੀਨ ॥**
**੨. ਵਿਸ਼ਨੁ ਭਗਤਿ ਕੋ ਜਾਇ ਅਬ ਕਹੀਏ ਸਖੀ ਪ੍ਰਬੀਨ ॥ ੧੬੪ ॥**

੧. ਮੇਰੀ ਮਾਤਾ ਸਰਧਾ ਨੂੰ ਚੁਰਾ ਕੇ ਲੈ ਜਾਣ ਦੀ ਇਛਾ, ਜੋ ਉਨ੍ਹਾਂ ਨੇ ਮਨ ਵਿਚ ਕੀਤੀ ਹੋਈ ਹੈ। ੨. ਹੇ ਮੇਰੀ ਚਤੁਰ ਸਖੀ ਕਰੁਣਾ ! ਇਹ ਸਾਰੀ ਗੱਲ ਹੁਣ ਜਾ ਕੇ ਵਿਸ਼ਨੂੰ ਭਗਤੀ ਨੂੰ ਕਹਿ ਦੇਣੀ ਚੰਗੀ ਹੈ ਕਿ ਨਹੀਂ ? (ਅਰਥਾਤ ਦੁਸ਼ਮਨ ਦੇ ਮਨ ਦੀ ਜਿਸ ਗੱਲ ਦਾ ਸਾਨੂੰ ਪਤਾ ਲਗਾ ਹੈ, ਉਸ ਦਾ ਪਤਾ ਵਿਸ਼ਨੂੰ ਭਗਤੀ ਨੂੰ ਦੇਣਾ ਚਾਹੀਦਾ ਹੈ ਜਾਂ ਨਹੀਂ ? ਅਗੋਂ ਕਰੁਣਾ ਨੇ ਕਿਹਾ–ਜ਼ਰੂਰ ਪਤਾ ਦੇਣਾ ਚਾਹੀਦਾ ਹੈ) ॥ ੧੬੪ ॥

**ਦੋਹਰਾ—੧. ਇਮ ਕਹਿ ਕਰੁਣਾ ਸ਼ਾਂਤਿ ਪੁਨ ਭਈ ਸੁ ਅੰਤਰ ਧਯਾਨ ॥**
**੨. ਕੀਰਤ ਵਰਮਾ ਦੇਵ ਪਿਖ ਹੋਤ ਭਯੋ ਸੁਭ ਗਯਾਨ ॥੧੬੫॥**

੧. ਇਸ ਤਰ੍ਹਾਂ ਦੀ ਗੱਲ ਬਾਤ ਕਹਿ ਕੇ ਕਰੁਣਾ ਤੇ ਸ਼ਾਂਤੀ ਦੋਵੇਂ ਹੀ ਉਥੋਂ ਲੋਪ ਹੋ ਗਈਆਂ। ਇਸ ਤਮਾਸ਼ੇ ਨੂੰ ਵੇਖ ਕੇ ਰਾਜੇ ਕੀਰਤ ਵਰਮਾ ਦੇਵ ਨੂੰ ਭਲੇ ਬੁਰੇ ਕਰਮ ਦਾ ਗਿਆਨ ਹੋ ਗਿਆ, (ਉਸ ਨੇ ਬੁਰੇ ਕਰਮਾਂ ਦਾ ਪਰੀਤਿਆਗ ਕਰਕੇ ਭਲੇ ਕਰਮਾਂ ਦੇ ਕਰਨ ਦੀ ਦ੍ਰਿੜ ਪ੍ਰਤਗਯਾ ਕਰ ਲਈ) ॥ ੧੬੫ ॥

**ਦੋਹਰਾ—੧. ਵਿਸ਼ਨੁ ਭਗਤਿ ਆਗੇ ਸੁਨੋ ਸਰਧਾ ਰਛਾ ਕੀਨ ॥**
**੨. ਵਿਵੇਕ ਸਮੀਪ ਪਠਾਇਗੀ ਹੋਹਿ ਸਗਲ ਅਰਿ ਖੀਨ ॥ ੧੬੬ ॥**

ਚੌਥੇ ਅਧਯਾਇ ਵਿਚ ਜਿਹੜੀ ਕਥਾ ਆਉਣੀ ਹੈ, ਉਸ ਦੀ ਸੂਚੀ ਪ੍ਰਗਟ ਕਰਦੇ ਹਨ—

੧. ਵਿਸ਼ਨੂੰ ਭਗਤੀ ਸਰਧਾ ਦੀ ਰਖਿਆ ਕਰੇਗੀ।

੨. ਸਰਧਾ ਦੇ ਹਥੀਂ ਸੁਨੇਹਾ ਦੇ ਕੇ ਵਿਸ਼ਨੂੰ ਭਗਤੀ ਉਸ ਨੂੰ ਵਿਵੇਕ ਰਾਜੇ ਕੋਲ ਭੇਜ ਦੇਵੇਗੀ। ਮਲੀਣ ਸੁਭਾਵ ਵਾਲੇ ਵਿਰੋਧੀ ਧੜੇ ਦਾ ਨਾਸ ਹੋਵੇਗਾ। ਇਹ ਕਥਾ ਧਿਆਨ ਦੇ ਕੇ ਸੁਣੋ।

ਤ੍ਰਿਤੀ ਧਯਾਇ ਪੂਰਨ ਭਯੋ ਸ੍ਰੀ ਗੁਰ ਚਰਨ ਮਨਾਇ ॥
ਮਤ ਪਖੰਡ ਵਰਣਨ ਕੀਯੋ ਜਲ ਨਕੇਤ-ਹਰ ਭਾਇ ॥ ੧ ॥
ਮੱਤ ਨਾਸਤਕ ਕੋ ਛਾਡ ਕੈ ਕਰੋ ਵੇਦਾਂਤ ਵਿਚਾਰ ॥
ਨਰੈਣ ਸਿੰਘ ਕਵਿ ਕੀ ਬਿਨੈ ਸੁਖ ਪਾਵੋ ਸੰਸਾਰ ॥ ੨ ॥

* * *

੧ ੴ ਸਤਿਗੁਰ ਪ੍ਰਸਾਦਿ ॥

# ਅਥ ਚਤੁਰਥੋ ਅੰਕ ਲਿਖਯਤੇ

ਦੋਹਰਾ-ਚਤੁਰਥ ਗੁਰ ਸ੍ਰੀ ਰਾਮ ਦਾਸ ਜੀ ਪਦ ਪਰ ਅਰਬਿੰਦ ਮਨਾਇ ॥
ਚਤੁਰਥ ਧਯਾਯ ਟੀਕਾ ਲਿਖੇ ਨਰੈਣ ਸਿੰਘ ਕਵਿ-ਰਾਇ ॥ ੪ ॥

**ਦੋਹਰਾ-੧. ਪੇਖਤ ਜਾਂ ਤਜਿ ਮੋਹ ਕੋ ਲਹੇ ਪ੍ਰਬੋਧ ਉਦਾਰ ॥**
**੨. ਸੀਤਾ ਵਰ ਵਰ ਕਲਪ ਦ੍ਰੁਮ ਬਸੇ ਸੁ ਚੀਤ ਮਝਾਰ ॥ ੧ ॥**

ਵਰ=ਪਤੀ, ਸੁਾਮੀ । ਵਰ=ਸ੍ਰੇਸ਼ਟ । ਕਲਪ ਦ੍ਰੁਮ=ਕਾਮਨਾ ਪੂਰਨ ਕਰਨ ਵਾਲਾ ਬ੍ਰਿਛ, ਜਿਸਦੀ ਗਿਣਤੀ ਚੌਦਾਂ ਰਤਨਾਂ ਵਿਚ ਹੈ ਅਤੇ ਇੰਦ੍ਰ ਦੇ ਕੋਲ ਇੰਦ੍ਰ ਲੋਕ ਵਿਚ ਰਹਿੰਦਾ ਹੈ ।

੧. ਜਿਸਦਾ ਦਰਸ਼ਨ ਕਰਦਿਆਂ ਹੀ, ਮੋਹ ਦਾ ਤਿਆਗ ਕਰਕੇ, (ਪੁਰਸ਼) ਉਦਾਰ ਪ੍ਰਬੋਧ ਨੂੰ ਪ੍ਰਾਪਤ ਕਰ ਲੈਂਦਾ ਹੈ । ੨. ਉਹ ਸੀਤਾ ਦੇ ਸੁਾਮੀ-ਸ੍ਰੀ ਰਾਮ ਚੰਦ੍ਰ ਜੀ (ਜੋ) ਕਲਪ ਬ੍ਰਿਛ ਨਾਲੋਂ ਭੀ ਸਰੇਸ਼ਟ ਹਨ, ਮੇਰੇ ਚਿੱਤ ਵਿਚ ਆ ਕੇ ਵੱਸ ਜਾਣ (ਤਾਂ ਮੇਰਾ ਕਾਰਜ ਰਾਸ ਹੋ ਜਾਏਗਾ) ॥ ੧ ॥

**ਦੋਹਰਾ-੧. ਕੀਰਤ ਵਰਮਾ ਦੇਵ ਕੀ ਆਈ ਸਭਾ ਮਝਾਰ ॥**
**੨. ਮੈਤ੍ਰੀ ਰੂਪ ਨਿਹਾਰ ਕੇ ਮਿਟੇ ਸੁ ਨਿਖਲ ਬਿਕਾਰ ॥ ੨ ॥**

੧. ਰਾਜੇ ਕੀਰਤ ਵਰਮਾ ਦੇਵ ਦੀ ਸਭਾ ਵਿਚ 'ਮੈਤ੍ਰੀਯ' ਆ ਗਈ । ੨. ਉਸਦਾ ਰੂਪ ਵੇਖਣ ਨਾਲ (ਹੀ ਪੁਰਸ਼ ਦੇ ਹਿਰਦੇ ਵਿਚੋਂ) ਸਾਰੇ ਵਿਕਾਰ ਮਿਟ ਜਾਂਦੇ ਹਨ ॥ ੨ ॥

**ਸਵੈਯਾ ॥**

**੧. ਦ੍ਰਿਗ ਨੀਲ ਸਰੋਰਹੁ ਸੋਭਤ ਹੈਂ ਅਲਿਕੈਂ ਕਚ ਨੀਲ ਕਪੋਲ ਸੁਹਾਈ ॥**
**੨. ਮੁਖ ਚੰਦ ਅਨੰਦ ਕਰੇ ਉਰ ਕੋ ਗਤਿ ਮੰਦ ਮਨੋ ਜਨ ਚੀਤ ਚੁਰਾਈ ॥**
**੩. ਕਟਿ ਸੂਖਮ ਪੀਨ ਨਿਤੰਬ ਕੁਚਾ ਦ੍ਰਿਗ ਲਾਜ ਬਡੀ ਨਿਰਖੇ ਸੁਖਦਾਈ ॥**
**੪. ਕਵਿਸਿੰਘਗੁਲਾਬ ਨਿਹਾਰ ਸਭਾ ਨ੍ਰਿਪ ਕੀਰਤ ਵਰਮਾ ਕੀ ਬਿਗਸਾਈ ॥੩॥**

ਸਰੋਰਹੁ=ਕਮਲ । ਅਲਿਕੈਂ=ਜ਼ੁਲਫਾਂ । ਕਚ=ਕੇਸ, ਵਾਲਾਂ ਦੀ ਲਿਟ । ਕਪੋਲ=ਗੱਲ੍ਹਾਂ । ਗਤਿ=ਚਾਲ, ਤੋਰ । ਕਟਿ=ਲੱਕ । ਸੂਖਮ=ਪਤਲਾ । ਨਿਤੰਬ=ਚੂਤੜ ।

੧. ਜਿਸ ਦੀਆਂ ਅੱਖਾਂ ਨੀਲੇ ਕਮਲ ਵਾਂਗੂੰ ਸੋਭਦੀਆਂ ਹਨ, ਕਾਲੇ ਕੇਸਾਂ ਦੀਆਂ ਜ਼ੁਲਫਾਂ ਗੱਲ੍ਹਾਂ (ਉਤੇ ਲਟਕੀਆਂ ਹੋਈਆਂ) ਸੁਹਾ ਰਹੀਆਂ ਹਨ । ੨. ਚੰਦ੍ਰਮਾਂ ਵਰਗਾ ਮੂੰਹ ਵੇਖਣ ਵਾਲਿਆਂ ਦੇ ਦਿਲ ਨੂੰ ਅਨੰਦ ਕਰਦਾ ਹੈ ਅਤੇ ਹੌਲੀ ਹੌਲੀ ਠੁਮਕ ਠੁਮਕ ਕੇ ਤੁਰਨਾ (ਤਾਂ) ਮਾਨੋਂ ਚਿੱਤ ਨੂੰ ਚੁਰਾਈ ਲਿਜਾਂਦਾ ਹੈ । ੩. ਲੱਕ ਪਤਲਾ ਹੈ ਅੱਖਾਂ ਵਿਚ ਬੜੀ ਹੀ ਸ਼ਰਮ ਹੈ (ਜਿਨ੍ਹਾਂ) ਦਾ ਵੇਖਣਾ ਬੜਾ ਸੁਖਦਾਈ ਹੈ । ੪. ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ, ਉਸਨੂੰ ਵੇਖਦਿਆਂ ਹੀ ਰਾਜੇ ਕੀਰਤ ਵਰਮਾ ਦੀ (ਸਾਰੀ) ਸਭਾ ਮਨ

Sri Satguru Jagjit Singh Ji Elibrary NamdhariElibrary@gmail.com

ਵਿਚ ਖੁਸ਼ ਹੋ ਗਈ (ਅਰਥਾਤ ਸਭਨਾਂ ਦੇ ਮਨ ਰੂਪ ਕਮਲ) ਖਿੜ ਪਏ ॥ ੩ ॥

ਮੈਤ੍ਰੀਯ ਉਵਾਚ ॥

**ਚੌਪਈ ॥**

**੧. ਮੁਦਿਤਾ ਮੋ ਪ੍ਰਤਿ ਕੀਨ ਬਖਾਨ ॥ ਮੈਂ ਸੁਨਿਓ ਸਜਨੀ ਨਿਜ ਕਾਨ ॥**
**੨. ਮਹਾਂ ਭੈਰਵੀ ਧਰਨਿ ਗਿਰਾਈ ॥ ਸਰਧਾ ਵਿਸ਼ਨੁ ਭਗਤਿ ਸੁ ਬਚਾਈ ॥੪॥**

੧. ਮੈਤ੍ਰੀ ਕਹਿਣ ਲਗੀ-ਮੇਰੀ ਸਖੀ ਮਦਿਤਾ ਨੇ ਮੈਨੂੰ ਇਹ ਕਿਹਾ ਹੈ, ਹੇ ਸਖੀ ! ਮੈਂ ਆਪਣੀ ਕੰਨੀਂ ਇਹ ਸੁਣਿਆ ਹੈ । ੨. ਮਹਾਂ ਭੈਰਵੀ (ਸਰਧਾ ਨੂੰ ਚੁਕ ਕੇ ਉਡ ਚਲੀ ਸੀ, ਪਰ) ਵਿਸ਼ਨੂੰ ਭਗਤੀ ਨੇ ਮਹਾਂ ਭੈਰਵੀ ਨੂੰ ਧਰਤੀ ਉਤੇ ਪਟਕਾ ਮਾਰਿਆ ਹੈ ਅਤੇ ਸਰਧਾ ਨੂੰ ਬਚਾ ਲਿਆ ਹੈ ॥ ੪ ॥

**ਚੌਪਈ ॥**

**੧. ਹੈ ਉਤਕੰਠਾ ਚੀਤ ਮਝਾਰੀ ॥ ਕਿਹ ਬਿਧਿ ਪੇਖੋਂ ਸਖੀ ਪਯਾਰੀ ॥**
**੨. ਐਸੇ ਮੈਤ੍ਰੀ ਭਾਖਯੋ ਜਬ ਹੀ ॥ ਪ੍ਰਵੇਸ਼ ਕੀਓ ਸਰਧਾ ਤਿਹ ਤਬਹੀ ॥੫॥**

ਉਤਕੰਠਾ=ਵਿਛੜੇ ਹੋਏ ਪ੍ਰੀਤਮ ਨੂੰ ਮਿਲਣ ਦੀ ਤੀਬਰ ਇੱਛਾ ।

ਭਾਵੇਂ ਸਰਧਾ ਦੀ ਜਾਨ ਬਚ ਗਈ ਹੈ, ਪਰ ਪਤਾ ਨਹੀਂ ਜੋ ਇਸ ਵੇਲੇ ਮੇਰੀ ਪਿਆਰੀ ਸਰਧਾ ਕਿਥੇ ਹੈ ? ੧. ਮੇਰੇ ਚਿਤ ਵਿਚ (ਸਰਧਾ ਨੂੰ) ਮਿਲਣ ਦੀ ਬੜੀ ਖਾਹਸ਼ ਹੈ, ਆਪਣੀ ਪਿਆਰੀ ਸਖੀ ਨੂੰ ਮੈਂ ਕਿਸ ਤਰ੍ਹਾਂ ਅਤੇ ਕਿਥੇ ਜਾਕੇ ਵੇਖਾਂ ? ੨. ਜਦੋਂ ਮੈਤ੍ਰੀ ਇਸ ਤਰ੍ਹਾਂ (ਰਾਜ ਸਭਾ ਵਿਚ) ਕਹਿ ਰਹੇ ਸੀ, ਉਸੇ ਵੇਲੇ ਹੀ ਸਰਧਾ ਨੇ ਉਥੇ ਆਣਕੇ ਪ੍ਰਵੇਸ਼ ਕਰ ਲਿਆ ॥ ੫ ॥

ਸਰਧਾ ਉਵਾਚ ॥

**ਦੋਹਰਾ-੧. ਮੋ ਉਰ ਮੇ ਅਤਿ ਡਰ ਭਯੋ, ਕਾਂਪਤ ਮੋਹਿ ਸਰੀਰ ॥**
**੨. ਮਹਾਂ ਭੈਰਵੀ ਮੈਂ ਪਿਖੀ ਧਾਰਤ ਨਾ ਉਰ ਧੀਰ ॥ ੬ ॥**

ਰਾਜ ਸਭਾ ਵਿਚ ਆਕੇ ਸਰਧਾ ਕਹਿਣ ਲਗੀ-੧. ਮੇਰੇ ਦਿਲ ਵਿਚ ਬੜਾ ਭਾਰਾ ਡਰ ਪੈਦਾ ਹੋ ਗਿਆ ਹੈ, (ਉਸੇ ਡਰ ਕਰਕੇ) ਮੇਰਾ ਸਰੀਰ ਥਰ ਥਰ ਕੰਬ ਰਿਹਾ ਹੈ । ੨. ਜਦ ਤੋਂ ਮੈਂ ਮਹਾਂ ਭੈਰਵੀ ਵੇਖੀ ਹੈ, ਤਦ ਤੋਂ ਮੇਰਾ ਹਿਰਦਾ ਧੀਰਜ ਨੂੰ ਧਾਰਨ ਨਹੀਂ ਕਰਦਾ ॥ ੬ ॥

**ਸਵੈਯਾ ॥**

**੧. ਘੋਰ ਮਹਾਂ ਬਿਕਰਾਲ ਬਡੀ ਨਰ ਮੂੰਡ ਕਪਾਲਨ ਕੁੰਡਲ ਛਾਏ ॥**
**੨. ਬਿਜ ਛਟਾ ਤਨ ਕੀ ਦੁਤ ਹੈ ਦ੍ਰਿਗ ਪੇਖਨ ਤੇ ਜਨ ਜ੍ਵਾਲ ਬਮਾਏ ॥**
**੩. ਕਚ ਪਿੰਗ ਸੁ ਦਾਢਹਿ ਚੰਦ ਕਲਾ ਤਿਨ ਭੀਤਰ ਦੀਰਘ ਜੀਭ ਹਲਾਏ ॥**
**੪. ਸਮ ਰੰਭ ਦਲਾ ਤਨੁ ਕੰਪਤ ਮੈਂ, ਜਨ ਨੈਨ ਪਿਖੋਂ ਇਮ ਚੀਤ ਡਰਾਏ ॥੭॥**

ਕਪਾਲਨ=ਗੱਲ੍ਹਾਂ । ਬਿਜ ਛਟਾ=ਬਿਜਲੀ ਦੀ ਚਮਕ-ਦਮਕ । ਦੁਤਿ=ਰੌਸ਼ਨੀ । ਜ੍ਵਾਲ ਅੱਗ । ਬਮਾਏ=ਉਗਲ ਰਹੀ ਹੈ । ਪਿੰਗ=ਭੂਰੇ । ਦਾਢਹਿ=ਦਾੜ੍ਹਾਂ । ਦੀਰਘ=ਲੰਮੀ । ਰੰਭ=ਕੇਲਾ । ਦਲਾ=ਪੱਤ੍ਰ ।

Sri Satguru Jagjit Singh Ji Elibrary NamdhariElibrary@gmail.com

੧. ਉਹ ਮਹਾਂ ਭੈਰਵੀ ਬੜੀ ਭਾਰੀ ਡਰਾਉਣੀ ਸੀ, (ਜਿਸਨੇ) ਮਨੁਖ ਦੀਆਂ ਖੋਪਰੀਆਂ ਦੇ ਕੁੰਡਲ (ਆਪਣੀਆਂ) ਗੱਲ੍ਹਾਂ ਉਤੇ ਫਬਾਏ ਹੋਏ ਸਨ। ੨. ਬਿਜਲੀ ਦੀ ਚਮਕ (ਦੀ ਸਮਾਨ ਉਸਦੇ) ਤਨ ਦੀ ਤਿੱਖੀ ਚਮਕ ਸੀ, ਅੱਖਾਂ ਵੇਖਣ ਤੋਂ (ਇਉਂ ਮਲੂਮ ਹੁੰਦੀਆਂ ਸਨ) ਮਾਨੋਂ ਅੱਗ ਦੀ ਲਾਟ ਉਗਲੱਛ ਰਹੀਆਂ ਹਨ। ੩. ਉਸ ਦੇ ਵਾਲ ਕੱਕੇ-ਭੂਰੇ ਸਨ, ਦੂਜੇ ਦੇ ਚੰਦ (ਵਾਂਗੂੰ ਤਿਖੀਆਂ ਨੋਕਦਾਰ) ਦੋ ਦਾੜ੍ਹਾਂ ਸਨ ਅਤੇ ਉਨ੍ਹਾਂ ਦੇ ਵਿਚ ਲੰਮੀ ਸਾਰੀ ਜੀਭ ਹਿਲ ਰਹੀ ਸੀ। ੪. ਉਸ ਨੂੰ ਯਾਦ ਕਰਕੇ ਮੇਰਾ ਸਰੀਰ ਹੁਣ ਤਕ ਕੇਲੇ ਦੇ ਪੱਤਰ ਵਾਂਗੂੰ ਕੰਬ ਰਿਹਾ ਹੈ ਅਤੇ ਮੇਰਾ ਚਿਤ ਇਉਂ ਡਰ ਰਿਹਾ ਹੈ, ਮਾਨੋਂ (ਹੁਣ ਭੀ ਮਹਾਂ ਭੈਰਵੀ ਮੇਰੇ ਵਲ) ਵੇਖ ਰਹੀ ਹੈ ॥ ੭॥

**ਦੋਹਰਾ—੧. ਮੈਤ੍ਰੀ ਮਨਹਿ ਬਿਚਾਰ ਕਰਿ ਲਾਗੀ ਕਰਨ ਬਖਾਨ॥**

**੨. ਸਰਧਾ ਬ੍ਯਾਕੁਲ ਅਤਿ ਭਈ ਹੋਵਤ ਨਾ ਕਛੁ ਭਾਨ ॥੮॥**

ਸਰਧਾ ਦੀਆਂ ਇਨ੍ਹਾਂ ਗੱਲਾਂ ਨੂੰ ਸੁਣਕੇ ੧. ਮੈਤ੍ਰੀ ਨੇ ਮਨ ਵਿਚ ਵਿਚਾਰ ਕੀਤਾ ਅਤੇ ਫੇਰ ਕਹਿਣ ਲਗੀ। ੨. ਸਰਧਾ ਬਹੁਤ ਹੀ ਵਿਆਕੁਲ ਹੋ ਗਈ ਹੈ, ਇਸ ਲਈ ਇਸਨੂੰ ਕੁਝ ਦਿਸਦਾ ਨਹੀਂ ਹੈ॥ ੮॥

**ਚੌਪਈ॥**

**੧. ਏਹ ਪਿਆਰੀ ਸਖੀ ਹਮਾਰੀ॥ ਸੰਭ੍ਰਮ ਰਿਦੇ ਸੁ ਭਈ ਦੁਖਾਰੀ॥**

**੨. ਕਦਲੀ ਦਲ ਤਨ ਕੰਪਤ ਸਾਰਾ॥ ਕਛੁ ਮਨ ਭੀਤਰ ਕਰਤ ਬਿਚਾਰਾ॥੯॥**

੧. ਇਹ ਮੇਰੀ ਪਿਆਰੀ ਸਖੀ ਹੈ, (ਪਰ ਇਸਦੇ) ਹਿਰਦੇ ਵਿਚ ਬੜਾ ਭਾਰਾ ਭਰਮ ਪੈਦਾ ਹੋ ਗਿਆ ਹੈ ਉਸ (ਕਰਕੇ ਇਹ) ਮਹਾ ਦੁਖੀ ਹੋ ਰਹੀ ਹੈ। ੨. ਕੇਲੇ ਦੇ ਪੱਤਰ (ਸਮਾਨ ਇਸਦਾ) ਸਾਰਾ ਸਰੀਰ ਕੰਬ ਰਿਹਾ ਹੈ ਅਤੇ ਮਲੂਮ ਹੁੰਦਾ ਹੈ, ਕਿ ਮਨ ਵਿਚ ਕੁਝ ਸੋਚਾਂ ਸੋਚ ਰਹੀ ਹੈ॥ ੯॥

**ਚੌਪਈ॥**

**੧. ਯਾਕੇ ਸਨਮੁਖ ਮੈਂ ਅਬ ਆਈ॥ ਲਖੇ ਨ ਮੋਹਿ ਨ ਸੁਧ ਸੁ ਕਾਈ॥**

**੨. ਯਾਕੋ ਮੈਂ ਅਬ ਬੇਗ ਬੁਲਾਊਂ॥ ਪੂਛੌਂ ਯਾਹਿ ਸੰਦੇਹ ਮਿਟਾਊਂ॥ ੧੦॥**

੧. ਹੁਣ ਮੈਂ ਇਸਦੇ ਸਾਹਮਣੇ ਆਈ ਹੋਈ ਹਾਂ ਪਰ ਇਸਨੇ ਮੈਨੂੰ ਜਾਣਿਆ ਹੀ ਨਹੀਂ ਹੈ (ਕਿਉਂਕਿ ਇਸਨੂੰ ਆਪਣੇ ਤਨ ਦੀ ਭੀ) ਕੋਈ ਸੁਧ ਨਹੀਂ ਹੈ। ੨. ਹੁਣ ਮੈਂ ਇਸਨੂੰ ਛੇਤੀ ਨਾਲ ਬੁਲਾ ਲਵਾਂ ਅਤੇ ਇਸ ਦੇ ਮਨ ਦਾ ਭਰਮ ਮਿਟਾ ਦੇਵਾਂ॥ ੧੦॥

ਮੈਤ੍ਰੀ ਉਵਾਚ॥

**ਦੋਹਰਾ—੧. ਹੇ ਸ਼ਰਧੇ ਪਿਆਰੀ ਸਖੀ ਕਹਾਂ ਗਯੋ ਮਨ ਤੋਹਿ॥**

**੨. ਮੈਂ ਤੇਰੇ ਆਗੇ ਖੜੀ ਨਾਹਿ ਨਿਹਾਰਤ ਮੋਹਿ॥ ੧੧॥**

ਮੈਤ੍ਰੀ ਨੇ ਕਿਹਾ—੧. ਹੇ ਸਰਧਾ! ਹੇ ਪਿਆਰੀ ਸਖੀ! ਤੇਰਾ ਮਨ ਕਿਥੇ ਗਿਆ ਹੈ? ੨. ਕਿਉਂਕਿ, ਮੈਂ ਤੇਰੇ ਅਗੇ ਖੜੀ ਹਾਂ ਅਤੇ ਤੂੰ ਮੈਨੂੰ ਵੇਖਿਆ ਭੀ ਨਹੀਂ ਹੈ॥ ੧੧॥

**ਦੋਹਰਾ—੧. ਸਰਧਾ ਤ੍ਰਾਹਿ ਬਿਲੋਕ ਪੁਨ ਲਾਂਬੋ ਲੀਨ ਸੁਆਸ॥**

**੨. ਸਖੀ ਪਿਆਰੀ ਮੈਂ ਡਰੀ ਆਉ ਹਮਾਰੇ ਪਾਸ॥ ੧੨॥**

ਮੈਤ੍ਰੀ ਦੀ ਆਵਾਜ਼ ਸੁਣਕੇ ੧. ਸਰਧਾ ਨੇ ਉਸ ਵਲ ਵੇਖਿਆ ਅਤੇ ਫੇਰ ਲੰਮਾ ਸਾਹ (ਹਾਉਕਾ) ਲਿਆ

Sri Satguru Jagjit Singh Ji Elibrary NamdhariElibrary@gmail.com

ਅਤੇ ਕਿਹਾ। ੨. ਹੇ ਪਿਆਰੀ ਸਖੀ ! ਮੈਂ ਡਰੀ (ਹੋਈ ਹਾਂ, ਇਸ ਕਰਕੇ ਤੈਨੂੰ ਪਛਾਣਿਆ ਨਹੀਂ ਸੀ, ਤੂੰ) ਮੇਰੇ ਕੋਲ ਆਓ (ਤੇਰੇ ਮਿਲਣ ਕਰਕੇ ਮੇਰਾ ਡਰ ਦੂਰ ਹੋ ਜਾਏਗਾ)।

## ਚੌਪਈ॥

**੧. ਕਾਲ ਨਿਸਾ ਸਮ ਬਦਨ ਕਰਾਲਾ ॥ ਮੈਂ ਤਾਂ ਭੀਤਰ ਗ੍ਰਸੀ ਬਿਹਾਲਾ॥**
**੨. ਯਾ ਹੀ ਜਨਮ ਬਿਖੇ ਪੁਨ ਪਿਆਰੀ॥ਤੋਹਿ ਪਿਖਯੋ ਮਮ ਭਾਗ ਉਦਾਰੀ॥੧੩॥**

ਬਦਨ=ਮੂੰਹ। ਬਿਹਾਲ=ਮੰਦੇ ਹਾਲ। ਉਦਾਰ=ਚੰਗੇ ਭਾਗ।

੧. ਕਾਲ ਰਾਤ੍ਰੀ ਦੇ ਸਮਾਨ (ਬੜਾ) ਡਰਾਉਣਾ ਮੂੰਹ ਸੀ, ਮੈਂ ਉਸ ਵਿਚ ਫੜੀ ਹੋਈ ਬੁਰੇ ਹਾਲ ਹੋ ਗਈ ਸਾਂ (ਮੈਨੂੰ ਬਚਣ ਦੀ ਕੋਈ ਆਸ ਨਹੀਂ ਸੀ, ਇਹ ਪ੍ਰਮਾਤਮਾਂ ਦੀ ਹੀ ਦਇਆ ਹੋ ਗਈ ਹੈ। ੨. ਜਿਸ ਕਰਕੇ ਹੇ ਪਿਆਰੀ ! ਇਸੇ ਜਨਮ ਵਿਚ ਮੈਂ ਤੈਨੂੰ ਫੇਰ ਵੇਖਿਆ ਹੈ, ਇਸ ਤੋਂ ਮੈਂ ਜਾਣ ਲਿਆ ਹੈ, ਕਿ ਮੇਰੇ ਭਾਗ ਚੰਗੇ ਹਨ ॥ ੧੩ ॥

## ਚੌਪਈ॥

**੧. ਮੈਤ੍ਰੀ ਸਖੀ ਸੁ ਅੰਗ ਮਿਲੀਜੈ ॥ ਮੇਰੇ ਦੂਖ ਦੂਰ ਸਭ ਕੀਜੈ॥**
**੨. ਤਬ ਮੈਤ੍ਰੀ ਪੁਨ ਅੰਗ ਮਿਲਾਨੀ ॥ ਸਰਧਾ ਲਾਇ ਗਲੇ ਬਿਗਸਾਨੀ ॥੧੪॥**

੧. ਹੇ ਪਿਆਰੀ ਸਖੀ ਮੈਤ੍ਰੀ ! ਮੇਰੇ ਗਲ ਲਗ ਕੇ ਮਿਲ ਅਤੇ ਮੇਰੇ ਸਾਰੇ ਦੁਖਾਂ ਨੂੰ ਦੂਰ ਕਰ ਦੇਹ। ਜਦ ਸਰਧਾ ਨੇ ਇਉਂ ਕਿਹਾ ੨. ਤਦ ਫਿਰ ਮੈਤ੍ਰੀ (ਉਸਦੇ) ਗਲ ਨਾਲ ਲਗ ਗਈ ਅਤੇ ਸਰਧਾ ਉਸ ਨੂੰ ਗਲ ਨਾਲ ਲਾਕੇ ਬੜੀ ਹੀ ਪ੍ਰਸੰਨ ਹੋਈ ॥ ੧੪ ॥

ਮੈਤ੍ਰੀ ਉਵਾਚ ॥

## ਚੌਪਈ॥

**੧. ਮਹਾਂ ਭੈਰਵਿ ਦਰਸ਼ਨ ਹੈ ਜਾਂਹਿ ॥ ਬਿਸ਼ਨ ਭਗਤਿ ਪੁਨ ਡਾਨਯੋ ਤਾਂਹਿ ॥**
**੨. ਮਹਾਂ ਭੈਰਵੀ ਵਿਪਦਿ ਮਲੀਨ ॥ ਕਹੋ ਸਖੀ ਤਿਨ ਕਰਮ ਜੁ ਕੀਨ ॥੧੫॥**

ਮੈਤ੍ਰੀ ਕਹਿਣ ਲਗੀ-੧. ਹੇ ਸਖੀ ! ਜਿਸ ਮਹਾਂ ਭੈਰਵੀ (ਦਾ ਤੈਨੂੰ) ਦਰਸ਼ਨ ਹੋਇਆ ਹੈ, ਅਤੇ ਵਿਸ਼ਨੂੰ ਭਗਤੀ ਨੇ ਤਾੜਨਾ ਕੀਤੀ ਸੀ। ੨. ਉਹ ਮਹਾਂ ਭੈਰਵੀ ਵਿਦਿਆ ਸਾਰੀਆਂ) ਬਿਪਦਾਵਾਂ (ਦਾ ਕਾਰਨ ਤੇ)ਬਹੁਤ ਗੰਦੀ ਹੈ, ਹੇ ਸਖੀ ! ਉਸਨੇ ਜੋ ਕਰਮ ਤੇਰੇ ਨਾਲ ਕੀਤਾ ਹੈ, (ਮੈਨੂੰ ਉਹ) ਦੱਸ ਦੇਹ ॥ ੧੫ ॥

ਸਰਧਾ ਉਵਾਚ ॥

## ਚੌਪਈ ॥

**੧. ਸੁਨ ਸਜਨੀ ਮੈਂ ਕਹੋਂ ਬਖਾਨ ॥ ਜੈਸੇ ਬਾਜ਼ ਪਰੇ ਬਲਵਾਨ ॥**
**੨. ਏਕ ਹਾਥ ਮੈਂ ਕਚ ਗਹਿ ਲੀਨੋ ॥ ਦੂਸਰ ਧਰਮ ਗਹਯੋ ਦੁਖ ਦੀਨੋ ॥੧੬॥**

ਸਰਧਾ ਕਹਿਣ ਲਗੀ-੧. ਹੇ ਸਖੀ ! ਸੁਣ, ਮੈਂ ਤੈਨੂੰ ਦੱਸਦੀ ਹਾਂ, ਜਿਸ ਤਰ੍ਹਾਂ ਬਲਵਾਨ ਬਾਜ਼ ਪੰਛੀ ਉਤੇ ਝਪਟਾ ਮਾਰਕੇ ਪੈਂਦਾ ਹੈ (ਇਸੇ ਤਰ੍ਹਾਂ ਮਹਾਂ ਭੈਰਵੀ ਵਿਦਿਆ ਸਾਡੇ ਉਤੇ ਝਪਟਾ ਮਾਰਕੇ ਪਈ। ੨. ਇਕ ਹੱਥ ਵਿਚ (ਉਸਨੇ) ਮੈਨੂੰ ਕੇਸਾਂ ਤੋਂ ਫੜ ਲਿਆ ਅਤੇ ਦੂਜੇ (ਹੱਥ ਵਿਚ ਨਿਸ਼ਕਾਮ) ਧਰਮ ਨੂੰ ਫੜਕੇ ਬੜਾ ਭਾਰਾ ਦੁਖ ਦਿਤਾ ਹੈ ॥ ੧੬ ॥

ਚੌਪਈ ॥

**੧. ਲੈਕਰ ਦੋਨੋ ਗਗਨ ਉਡਾਨੀ ॥ ਮਨੋ ਗੀਬ ਲੈ ਮਾਸ ਪਲਾਨੀ ॥**

**੨. ਮੈਤ੍ਰੀ ਸੁਨ ਉਰ ਮਾਹਿ ਡਰਾਈ ॥ ਹਾ ਧਿਗ ਹਾ ਧਿਗ ਮੁਖੋਂ ਅਲਾਈ ॥੧੭॥**

੧. ਇਸ ਤਰ੍ਹਾਂ ਅਸਾਂ ਦੋਹਾਂ ਨੂੰ ਲੈ ਕੇ ਅਕਾਸ਼ ਵਲ ਉਡ ਗਈ, ਮਾਨੋ ਮਾਸ ਦੀ ਬੋਟੀ ਲੈ ਕੇ ਇਲ ਭਜ ਗਈ ਹੈ, (ਫਿਰ ਉਥੋਂ ਉੱਡ ਉੱਡ ਕੇ ਸਾਨੂੰ ਦੁਖ ਦੇਣ ਲਗੀ)। ੨. ਇਹ ਗੱਲ ਸੁਣ ਕੇ ਮੈਤ੍ਰੀ ਦਿਲ ਵਿਚ ਡਰ ਗਈ ਅਤੇ ਮੂੰਹੋਂ ਹਾਇ! ਹਾਇ! ਧ੍ਰਿਕਾਰ! ਧ੍ਰਿਕਾਰ! ਕਹਿਣ ਲਗ ਪਈ (ਅਰਥਾਤ ਉਸ ਦੇ ਮੂੰਹੋਂ ਬੇਵਸਾ ਹੀ ਹਾਇ! ਹਾਇ! ਨਿਕਲ ਗਿਆ) ॥ ੧੭ ॥

ਚੌਪਈ ॥

**੧. ਭਈ ਮੂਰਛਾ ਤਨ ਮੈਂ ਭਾਰੀ ॥ ਸਰਧਾ ਬਹੁਰੋ ਕੀਨ ਉਚਾਰੀ ॥**

**੨. ਸਖੀ ਪਿਆਰੀ ਡਰ ਨਹਿ ਕਰੋ ॥ ਤੁਮ ਨੀਕੇ ਉਰ ਧੀਰਜ ਧਰੋ ॥੧੮॥**

੧. ਮੈਤ੍ਰੀ ਦੇ ਸਰੀਰ ਵਿਚ ਬੜੀ ਬੇਹੋਸ਼ੀ ਹੋ ਗਈ (ਤਾਂ) ਫਿਰ ਸਰਧਾ ਨੇ ਇਸ ਤਰ੍ਹਾਂ ਕਿਹਾ। ੨. ਹੇ ਪਿਆਰੀ ਸਖੀ! ਹੁਣ ਨਾ ਡਰ, ਇਸ ਵੇਲੇ ਤੂੰ ਆਪਣੇ ਮਨ ਵਿਚ ਚੰਗੀ ਤਰ੍ਹਾਂ ਧੀਰਜ ਨੂੰ ਧਾਰਨ ਕਰ ॥੧੮॥

**੧. ਮੈਤ੍ਰੀ ਤਬੈ ਧੀਰ ਉਰ ਧਾਰ ॥ ਸਰਧੇ ਸਖੀ ਸੁ ਕਰੋ ਉਚਾਰ ॥**

**੨. ਸਰਧਾ ਬਹੁਰੋ ਕੀਨ ਬਖਾਨ ॥ ਸੁਨੋ ਸਖੀ ਨੀਕੇ ਦੇ ਕਾਨ ॥੧੯॥**

੧. ਮੈਤ੍ਰੀ ਨੇ ਉਸੇ ਵੇਲੇ ਧੀਰਜ ਨੂੰ ਧਾਰ ਕੇ ਕਿਹਾ–ਹੇ ਸਰਧਾ ਸਖੀ! (ਜਿਸ ਤਰ੍ਹਾਂ ਅਗੋ ਹੋਇਆ) ਉਹ ਸਾਰਾ ਹਾਲ ਉਚਾਰਨ ਕਰਕੇ ਸੁਣਾਓ। ੨. ਸਰਧਾ ਫੇਰ ਇਸ ਤਰ੍ਹਾਂ ਕਥਨ ਕਰਨ ਲਗੀ–ਹੇ ਸਖੀ! ਤੂੰ ਕੰਨ ਦੇ ਕੇ ਸੁਣ ॥ ੧੯ ॥

**੧. ਮੈਂ ਅਤਿ ਆਰਤਿ ਦੀਨ ਪੁਕਾਰੀ ॥ ਵਿਸ਼ਨੁ ਭਗਤਿ ਉਰ ਦਯਾ ਸੁ ਧਾਰੀ ॥**

**੨. ਟੇਢੀ ਦ੍ਰਿਸ਼ਟਿ ਨਿਹਾਰਯੋ ਜਬ ਹੀ ॥ ਗਿਰੀ ਭੈਰਵੀ ਧਰ ਮੈਂ ਤਬ ਹੀ॥੨੦॥**

੧. ਉਸ ਵੇਲੇ ਮੈਂ ਮਹਾਂ ਦੁਖੀ ਤੇ ਦੀਨ ਹੋ ਕੇ ਪੁਕਾਰ ਕੀਤੀ (ਜਿਸ ਪੁਕਾਰ ਨੂੰ ਸੁਣ ਕੇ) ਵਿਸ਼ਨੂੰ ਭਗਤੀ ਦੇ ਹਿਰਦੇ ਵਿਚ ਦਯਾ ਆ ਗਈ। ੨. ਫਿਰ ਜਦੋਂ ਵਿਸ਼ਨੂੰ ਭਗਤੀ ਨੇ ਟੇਢੀ ਨਿਗਾਹ (ਕਰਕੇ ਮਹਾਂ ਭੈਰਵੀ ਵਲ) ਵੇਖਿਆ ਤਾਂ ਉਸੇ ਵੇਲੇ ਹੀ ਮਹਾਂ ਭੈਰਵੀ ਧਰਤੀ ਉੱਤੇ ਡਿਗ ਪਈ ॥ ੨੦ ॥

**੧. ਵਜ੍ਰ ਪਾਤ ਜਿਮ ਸੈਲ ਗਿਰਾਈ ॥ ਜਰ ਜਰ ਅੰਗ ਗਿਰੀ ਤਿਮ ਆਈ ॥**

**੨. ਬਿਸ਼ਨੁ ਭਗਤਿ ਉਰ ਬਸੋ ਹਮਾਰੇ ॥ ਗੁਲਾਬ ਸਿੰਘ ਸੇਵਕ ਪ੍ਰਤਿਪਾਰੇ ॥੨੧॥**

੧. ਜਿਵੇਂ ਵੱਜਰ (ਬਿਜਲੀ) ਦੇ ਪੈਣ ਨਾਲ ਪਹਾੜ ਧਰਤੀ ਉਤੇ ਡਿਗ ਪੈਂਦਾ ਹੈ, ਤਿਵੇਂ ਹੀ ਉਹ ਜਾਣ ਕੇ ਡਿਗ ਪਈ ਅਤੇ ਉਸ ਦੇ ਸਾਰੇ ਅੰਗ ਸੜ ਸੜ ਕੇ ਝੜ ਗਏ। ੨. ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ, ਜੋ ਆਪਣੇ ਸੇਵਕਾਂ (ਦੀ ਹਰ ਤਰ੍ਹਾਂ ਨਾਲ) ਪ੍ਰਤਿਪਾਲਾ ਕਰਨ ਵਾਲੀ ਹੈ, ਉਹ ਵਿਸ਼ਨੂੰ ਭਗਤੀ ਸਦਾ ਮੇਰੇ ਹਿਰਦੇ ਵਿਚ ਵਸਦੀ ਰਹੇ (ਮੈਂ ਪ੍ਰਮਾਤਮਾ ਤੋਂ ਇਹੋ ਹੀ ਵਰ ਮੰਗਦਾ ਹਾਂ) ॥ ੨੧ ॥

ਮੈਤ੍ਰੀ ਉਵਾਚ ॥

**ਦੋਹਰਾ–੧. ਭਲਾ ਭਯਾ ਜੀਵਤ ਸਖੀ ਆਜ ਨਿਹਾਰਯੋ ਤੋਹਿ ॥**

**੨. ਮਨੋ ਮ੍ਰਿਗੀ ਸਰਦੂਲ ਮੁਖ ਛੁਟੀ ਬਹੁਰ ਕਹੁ ਮੋਹਿ ॥ ੨੨ ॥**

ਸਰਦੂਲ=ਬੱਬਰ ਸ਼ੇਰ।

ਮੈਤ੍ਰੀ ਕਹਿਣ ਲਗੀ-੧. ਹੇ ਸਖੀ! ਚੰਗਾ ਹੋਇਆ ਜੋ ਮੈਂ ਤੈਨੂੰ ਅਜ ਜੀਉਂਦਾ ਵੇਖ ਰਹੀ ਹਾਂ। (ਤੇਰੇ ਨਾਲ ਤਾਂ ਉਹ ਦਸ਼ਾ ਹੋਈ) ੨. ਮਾਨੋ ਹਰਨੀ ਬੱਬਰ ਸ਼ੇਰ ਦੇ ਮੂੰਹੋਂ ਛੁਟ ਆਈ ਹੈ, ਅਗੇ ਫੇਰ ਕੀ ਹੋਇਆ, (ਉਹ ਸਾਰਾ) ਮੈਨੂੰ ਦਸ ॥ ੨੨ ॥

ਸਰਧਾ ਉਵਾਚ ॥

**ਚੌਪਈ ॥**

**੧. ਦੇਵੀ ਬਿਸ਼ਨੁ ਭਗਤਿ ਉਰ ਭਾਰੀ ॥ ਭਈ ਕ੍ਰੋਧ ਮੁਖ ਏਹੇ ਉਚਾਰੀ ॥**

**੨. ਮਹਾਂ ਮੋਹ ਦੁਸ਼ਟਾਤਮ ਜੇਈ ॥ ਹਨੋ ਸਮੂਲ ਰਹੇ ਨਹਿ ਸੋਈ ॥ ੨੩ ॥**

ਸਮੂਲ=ਜੜ੍ਹ ਸਮੇਤ।

ਸਰਧਾ ਕਹਿਣ ਲਗੀ-ਮੇਰੀ ਅਜਿਹੀ ਦੁਰਦਸ਼ਾ ਵੇਖ ਕੇ ੧. ਵਿਸ਼ਨੂੰ ਭਗਤੀ ਦੇਵੀ ਦੇ ਹਿਰਦੇ ਵਿਚ ਭਾਰੀ ਕ੍ਰੋਧ ਛਾ ਗਿਆ ਅਤੇ ਉਸ ਨੇ ਮੂੰਹੋਂ ਇਹ ਗੱਲ ਆਖੀ। ੨. ਦੁਸ਼ਟ ਆਤਮਾ ਜੋ ਮਹਾਂ ਮੋਹ ਹੈ, ਮੈਂ ਉਸ ਨੂੰ ਜੜ੍ਹ ਸਮੇਤ ਨਾਸ ਕਰ ਦੇਵਾਂਗੀ, (ਕਿਉਂਕਿ ਇਹ ਸਾਰੇ ਉਪਦ੍ਰਵ ਉਸੇ ਵਲੋਂ ਹੀ ਹੋ ਰਹੇ ਹਨ, ਨਾ ਉਹ ਜੀਉਂਦਾ ਰਹੇਗਾ ਤੇ ਨਾ ਹੀ ਇਸ ਤਰ੍ਹਾਂ ਦੇ ਉਪਦ੍ਰਵ ਖੜੇ ਹੋਣਗੇ) ॥ ੨੩ ॥

**੧. ਮੋਹਿ ਅਵਗਯਾ ਤਾਂਹਿ ਕਰਾਈ ॥ ਸਰਧਾ ਕੇਸਨ ਤੇ ਸੁ ਫੜਾਈ ॥**

**੨. ਐਸੇ ਕਹਿ ਮੁਹਿ ਕੀਓ ਬਖਾਨ ॥ ਸਰਧੇ ਬੇਗ ਸੁ ਕਰੋ ਪਯਾਨ ॥ ੨੪ ॥**

ਸਰਧਾ ਮੇਰੇ ਕੋਲ ਰਹਿੰਦੀ ਸੀ ੧. ਉਸ ਨੇ ਜੋ ਸਰਧਾ ਨੂੰ ਕੇਸਾਂ ਤੋਂ ਫੜਵਾਇਆ ਹੈ, (ਇਹ ਉਸ ਨੇ ਸਰਧਾ ਦੀ ਨਿਰਾਦਰੀ ਨਹੀਂ ਕੀਤੀ, ਇਹ ਤਾਂ) ਉਸ ਨੇ ਮਹਾਂ ਭੈਰਵੀ ਪ ਸੋਂ ਮੇਰੀ ਨਿਰਾਦਰੀ ਕਰਵਾਈ ਹੈ। ੨. ਇਸ ਤਰ੍ਹਾਂ ਕਹਿ ਕੇ ਵਿਸ਼ਨੂੰ ਭਗਤੀ ਨੇ ਫੇਰ ਮੈਨੂੰ ਕਿਹਾ-ਹੇ ਸਰਧਾ! ਤੂੰ ਇਥੋਂ ਬੜੀ ਹੀ ਛੇਤੀ ਨਾਲ ਚਲੀ ਜਾਹ ॥ ੨੪ ॥

**੧. ਬ੍ਰੂਹ ਬਿਬੇਕ ਸਮੀਪ ਸੁ ਜਾਈ ॥ ਕਾਮ ਕ੍ਰੋਧ ਮੋਹ ਦੁਖਦਾਈ ॥**

**੨. ਤਿੰਨ ਜੀਤਨ ਹਿਤ ਸੈਨ ਮਿਲਾਇ ॥ ਹੁਇ ਵੈਰਾਗ ਸੁ ਤੋਹਿ ਸੁਹਾਇ ॥੨੫॥**

ਬ੍ਰੂਹ=ਕਹੁ ਆਖ।

੧. ਬਿਬੇਕ (ਰਾਜੇ ਦੇ) ਕੋਲ ਜਾ ਕੇ "ਉਸ ਨੂੰ ਮੇਰੀ ਜ਼ਬਾਨੀ ਇਹ ਗੱਲ ਕਹਿ ਦੇਹ (ਕਿ) ਕਾਮ, ਕ੍ਰੋਧ ਤੇ ਮੋਹ ਆਦਿਕ ਜੋ ਦੁਖਦਾਈ (ਸ਼ਤਰੂ ਹਨ)। ੨. ਉਨ੍ਹਾਂ ਨੂੰ ਜਿਤਣ ਵਾਸਤੇ (ਤੂੰ ਆਪਣੀ) ਫੌਜ ਇਕਠੀ ਕਰਕੇ (ਚੜ੍ਹਾਈ ਕਰ ਦੇਹ) ਵੈਰਾਗ ਆਪਣੇ ਸੂਰਬੀਰ ਸਮੇਤ ਤੇਰਾ ਸਹਾਇਕ ਹੋਵੇਗਾ ॥ ੨੫ ॥

**ਦੋਹਰਾ-੧. ਪ੍ਰਾਣਾਯਾਮ ਸੁ ਸੰਗ ਮਿਲ, ਮੈਂ ਆਵੌਂ ਤਤਕਾਲ ॥**

**੨. ਕ੍ਰਿਪਾ ਕਰੌਂ ਤਵ ਸੈਨ ਪਰ, ਕਰੌਂ ਸੁ ਜੰਗ ਬਿਸਾਲ ॥ ੨੬ ॥**

ਬਿਸਾਲ=ਬਹੁਤ ਭਾਰਾ।

ਵਿਸ਼ਨੂੰ ਭਗਤੀ ਨੇ ਇਹ ਭੀ ਕਿਹਾ ਹੈ, ਕਿ ੧. ਮੈਂ ਭੀ ਪ੍ਰਾਣਾਯਾਮ (ਤੋਂ ਆਦਿ ਲੈ ਕੇ ਜੋ ਯੋਗ ਦੇ ਅਠ ਅੰਗ ਹਨ, ਉਨ੍ਹਾਂ ਯੋਧਿਆਂ ਦੇ) ਨਾਲ ਰਲ ਕੇ, ਝਟ ਹੀ ਤੇਰੀ ਮਦਦ ਵਾਸਤੇ ਤੇਰੇ ਕੋਲ ਆਵਾਂਗੀ। ੨. ਤੇਰੀ ਸੈਨਾ ਉਤੇ ਕਿਰਪਾ ਕਰਾਂਗੀ ਅਤੇ ਬੜਾ ਭਾਰਾ ਜੰਗ ਭੀ ਕਰਾਂਗੀ ॥ ੨੬ ॥

Sri Satguru Jagjit Singh Ji Elibrary NamdhariElibrary@gmail.com

**ਚੌਪਈ ॥**

**੧. ਰਿਤੰਭਰਾਦਿ ਪ੍ਰਗਯਾ ਹੈ ਜੇਤੀ ॥ ਸਮ ਦਮਾਦਿ ਸਗਲੀ ਪੁਨ ਤੇਤੀ ॥**
**੨. ਪ੍ਰਬੋਧ ਪੁਤ੍ਰ ਹਿਤ ਦੇਵ ਮਨਾਏ ॥ ਕਬਿ ਬਿਬੇਕ ਉਪਨਿਖਦ ਮਿਲਾਏ ॥੨੭॥**

ਰਿਤੰਭਰਾਦਿ=ਸਿੱਧੀ ਦੇ ਜ਼ੋਰ ਨਾਲ ਭੂਤ, ਭਵਿਖਤ ਤੇ ਵਰਤਮਾਨ ਇਨ੍ਹਾਂ ਕਾਲਾਂ ਦੀ ਸਮੱਗਰ ਵਸਤੂ ਦੇ ਜਾਣਨ ਵਾਲੀ। ਪ੍ਰਗਯਾ=ਬੁਧੀ। (੨) 'ਰਿਤੰ ਸਤਯੰ ਭਰਤਿ ਵਿਭਰਤਿ ਸਾ ਰਿਤੰਭਰਾ ਪ੍ਰਗਯਾ' ਅਰਥਾਤ ਜੋ ਸਤਯ ਅਰਥ ਨੂੰ ਧਾਰਨ ਕਰਨ ਵਾਲੀ ਬਿਰਤੀ ਹੈ, ਉਸ ਦਾ ਨਾਮ ਰਿਤੰਭਰਾ ਪ੍ਰਗਯਾ ਹੈ।

੧. ਰਿਤੰਭਰਾ ਆਦਿਕ ਜਿੰਨੀ ਪ੍ਰਗਯਾ ਹੈ ਅਤੇ ਸਮ ਦਮ ਆਦਿਕ ਜਿੰਨੇ ਸਾਧਨ ਹਨ। ੨. ਇਹ ਸਾਰੇ ਮਿਲ ਕੇ ਪ੍ਰਬੋਧ ਪੁਤਰ ਦੇ ਪੈਦਾ ਹੋਣ ਵਾਸਤੇ ਦੇਵਤਿਆਂ ਦੀ ਪੂਜਾ ਕਰ ਰਹੇ ਹਨ (ਅਤੇ ਸਾਰੇ ਚਾਹੁੰਦੇ ਹਨ ਕਿ) ਬਿਬੇਕ (ਰਾਜੇ ਨੂੰ) ਉਪਨਿਖਦ ਨਾਮ ਵਾਲੀ ਇਸਤ੍ਰੀ ਕਦੋਂ ਮਿਲੇਗੀ ? ॥ ੨੭ ॥

**ਦੋਹਰਾ—੧. ਤਾਂਤੇ ਤੂੰ ਉਪਨਿਖਤ ਸੰਗ, ਮਿਲ ਬਿਬੇਕ ਸੁਤ ਮੋਰ ॥**
**੨. ਆਇਸ ਮਮ ਪ੍ਰਬੋਧ ਸੁਤ, ਹੋਵੇਗੋ ਗ੍ਰਹਿ ਤੋਰ ॥ ੨੮ ॥**

੧. ਹੇ ਪੁਤਰ ਵਿਵੇਕ ! ਇਸ ਲਈ ਤੂੰ ਉਪਨਿਖਦ (ਨਾਮ ਵਾਲੀ ਇਸਤ੍ਰੀ ਦੇ) ਸੰਗ ਮਿਲ। ੨. ਮੇਰੀ ਆਗਯਾ ਨਾਲ ਤੇਰੇ ਘਰ ਵਿਚ 'ਪ੍ਰਬੋਧ' ਨਾਮ ਵਾਲਾ ਪੁਤ੍ਰ ਪੈਦਾ ਹੋਵੇਗਾ ॥ ੨੮ ॥

**ਚੌਪਈ ॥**

**੧. ਮੈਤ੍ਰੀ ਮੈ ਬਿਬੇਕ ਢਿਗ ਜਾਊਂ ॥ ਬਿਸ਼ਨ ਭਗਤਿ ਸੰਦੇਸ ਸੁਨਾਊ ॥**
**੨. ਬਾਸਰ ਤੂੰ ਕਿਹ ਭਾਂਤਿ ਬਿਤਾਏ ॥ ਕੌਨ ਕੌਨ ਆਚਰਨ ਕਮਾਏ ॥ ੨੯ ॥**

੧. ਹੇ ਮੈਤਰੀ ! ਮੈਂ ਹੁਣ ਵਿਵੇਕ ਦੇ ਕੋਲ ਜਾਂਦੀ ਹਾਂ, (ਉਸ ਨੂੰ) ਵਿਸ਼ਨੂੰ ਭਗਤੀ ਦੇ ਸੁਨੇਹੇ ਜੋ ਤੈਨੂੰ, ਪਹਿਲੇ ਦਸ ਚੁਕੀ ਹਾਂ, ਉਹ ਸੁਣਾਵਾਂਗੀ। ਹੇ ਸਖੀ ! ਮੈਂ ਤਾਂ ਆਪਣਾ ਸਾਰਾ ਹਾਲ ਤੈਨੂੰ ਦਸ ਦਿਤਾ ਹੈ। ੨. ਤੂੰ ਆਪਣੇ ਦਿਨ ਕਿਸ ਤਰ੍ਹਾਂ ਨਾਲ ਗੁਜ਼ਾਰੇ ਹਨ ? ਅਤੇ ਕਿਹੜੇ ਕਿਹੜੇ ਕਰਮ ਤੂੰ ਕਮਾਏ ਹਨ ? ॥੨੯॥ (ਅਰਥਾਤ ਤੂੰ ਆਪਣਾ ਹਾਲ ਮੈਨੂੰ ਸੁਣਾ)।

ਮੈਤ੍ਰੀ ਉਵਾਚ ॥

**ਦੋਹਰਾ—੧. ਬਿਸ਼ਨ ਭਗਤਿ ਕੀ ਆਗਯਾ ਚਾਰ ਬਹਿਨ ਹਮ ਨੀਤ ॥**
**੨. ਵਿਵੇਕ ਕਾਜ ਕੇ ਸਿੱਧ ਹਿਤ, ਵਸੇਂ ਮਹਾਤਮ ਚੀਤ ॥ ੩੦ ॥**

ਮੈਤ੍ਰੀ ਨੇ ਕਿਹਾ—੧. ਅਸੀਂ ਚਾਰੇ ਭੈਣਾਂ ਸਦਾ ਹੀ ਵਿਸ਼ਨੂੰ ਭਗਤੀ ਦੀ ਆਗਿਆ ਵਿਚ ਤੁਰਦੀਆਂ ਹਾਂ। ੨.ਅਤੇ ਵਿਵੇਕ ਰਾਜੇ ਦੇ ਕਾਰਜ ਨੂੰ ਪੂਰਾ ਕਰਨ ਵਾਸਤੇ ਸਦਾ ਹੀ ਮਹਾਤਮਾਂ ਦੇ ਚਿਤਵਿਚ ਵਸਦੀਆਂ ਹਾਂ।੩੦।

**ਚੌਪਈ ॥**

**੧. ਮਹਾਤਮ ਜਨ ਜਗ ਭੀਤਰ ਜੇਤੇ ॥ ਯਾ ਬਿਧਿ ਵਰਤੈਂ ਸਗਲੇ ਤੇਤੇ ॥**
**੨. ਸੁਖੀਯਨ ਮੈਂ ਜਨ ਮੈ ਉਰ ਧਰੇਂ ॥ ਦੁਖੀਯਨ ਮੈਂ ਕਰੁਣਾ ਉਰ ਕਰੇਂ ॥੩੧॥**
**੩. ਪੁੰਨਵੰਤ ਮੈ ਮੁਦਿਤਾ ਧਰੇ ॥ ਦੁਸ਼ਟਨ ਮਾਹਿ ਉਪੇਖਯਾ ਕਰੇ ॥**

**੪. ਜੌ ਕਰ ਰਾਗ ਦ੍ਵੇਖ ਕਲੁਖਾਈ ॥ ਮਿਟੈ ਨਿਜਾਤਮ ਕੀ ਸੁ ਮਲਾਈ ॥ ੩੨ ॥**

੧. ਜਗਤ ਵਿਚ ਜਿੰਨੇ ਭੀ ਮਹਾਤਮਾਂ ਪੁਰਸ਼ ਹਨ,ਉਹ ਸਾਰੇ ਹੀ ਸਾਰੇ ਜੀਵਾਂ ਨਾਲ ਇਸ ਤਰ੍ਹਾਂ ਵਰਤਦੇ ਹਨ। ੨. ਸੁਖੀ ਪੁਰਸ਼ਾਂ ਵਿਚ ਤਾਂ ਮੈਤ੍ਰੀ ਹਿਰਦੇ ਵਿਚ ਧਰਦੇ ਹਨ ਅਤੇ ਦੁਖੀ ਪੁਰਸ਼ਾਂ ਵਿਚ 'ਕਰੁਣਾ' ਨੂੰ ਹਿਰਦੇ ਵਿਚ ਵਸਾਉਂਦੇ ਹਨ (ਅਰਥਾਤ ਮਹਾਤਮਾ ਜਨ ਸੁਖੀ ਪੁਰਸ਼ਾਂ ਨਾਲ 'ਮੈਤਰੀ' ਦਾ ਵਰਤਾਵ ਕਰਦੇ ਹਨ ਅਤੇ ਦੁਖੀ ਪੁਰਸ਼ਾਂ ਉਤੇ ਦਇਆ ਦਾ ਵਰਤਾਓ ਕਰਦੇ ਹਨ) ॥ ੩੧ ॥

੩. ਪੁੰਨ ਵਾਨ ਪੁਰਸ਼ਾਂ ਵਿਚ 'ਮੁਦਿਤਾ' ਧਰਦੇ ਹਨ ਅਤੇ ਦੁਸ਼ਟ ਪੁਰਸ਼ਾਂ ਵਿਚ ਉਪੇਖਯਾ ਦਾ ਵਰਤਾਵ ਕਰਦੇ ਹਨ (ਅਰਥਾਤ ਆਪਣੇ ਤੋਂ ਵਧੀਕ ਪੁੰਨੀ ਪੁਰਸ਼ਾਂ ਨੂੰ ਵੇਖ ਕੇ ਮਹਾਤਮਾਂ ਪ੍ਰਸੰਨ ਹੁੰਦੇ ਹਨ ਅਤੇ ਦੁਸ਼ਟ ਪੁਰਸ਼ਾਂ ਨੂੰ ਵੇਖ ਕੇ ਮਹਾਤਮਾ ਜਨ ਉਨ੍ਹਾਂ ਦੀ ਸੰਗਤ ਤੋਂ ਕਿਨਾਰੇ ਹੋ ਜਾਂਦੇ ਹਨ। ੪. ਇਸੇ ਤਰ੍ਹਾਂ (ਮਹਾਤਮਾ ਜਨਾਂ ਦੀ ਅਸਾਂ ਚੌਹਾਂ ਭੈਣਾਂ ਦੀ ਸੰਗਤ) ਕਰਨ ਕਰਕੇ ਜੋ ਰਾਗ ਦਵੈਖ ਰੂਪ ਕਾਲਖਤਾ ਹੈ, ਉਹ ਮਿਟ ਜਾਂਦੀ ਹੈ ਅਤੇ ਆਪਣੇ ਆਪਣੇ ਆਤਮ ਸਰੂਪ ਦੀ ਮਲੀਨਤਾ ਭੀ ਮਿਟ ਜਾਂਦੀ ਹੈ ॥ ੩੨ ॥

**ਦੋਹਰਾ-੧. ਮੈਤ੍ਰੀ ਕਰੁਣਾ ਮੁਦਿਤਾ ਔਰ ਉਪੇਖਯਾ ਜਾਨ ॥**
**੨. ਚਾਰ ਬਹਿਨ ਹਮ ਜੀਵ ਕੀ ਕਰੈਂ ਸਗਲ ਮਲ ਹਾਨ ॥ ੩੩ ॥**

੧. ਮੈਤ੍ਰੀ, ਕਰੁਣਾ, ਮੁਦਿਤਾ ਅਤੇ ਉਪੇਖਯਾ ੨. (ਇਹ ਅਸੀਂ ਚਾਰ ਭੈਣਾਂ ਹਾਂ ਅਤੇ ਅਸੀਂ ਜੀਵ ਦੀ ਮੈਲ ਨੂੰ ਨਾਸ ਕਰਦੀਆਂ ਹਾਂ (ਅਰਥਾਤ ਜੈਸਾ ਕਿ ਮੈਂ ਪਿਛੇ ਦਸਿਆ ਹੈ, ਜੇ ਜੀਵ ਸਾਨੂੰ ਉਸ ਤਰ੍ਹਾਂ ਵਰਤੇ ਤਾਂ ਨਿਸਚੇ ਹੀ ਉਸ ਦੇ ਮਨ ਦੀ ਮਲੀਨਤਾ ਦੂਰ ਹੋ ਜਾਵੇਗੀ ॥ ੩੩ ॥

**ਦੋਹਰਾ-੧. ਚਲੀ ਪਿਆਰੀ ਸਖੀ ਤੂੰ ਮਹਾਰਾਜ ਕੇ ਪਾਸ ॥**
**੨. ਕਹਾਂ ਨਿਹਾਰੇ ਭੂਪ ਕੋ ਮੋਹਿ ਕਰੋ ਪ੍ਰਕਾਸ ॥ ੩੪ ॥**

੧. ਪਿਆਰੀ ਸਖੀ ਸਰਧਾ ! ਤੂੰ ਮਹਾਰਾਜ ਵਿਵੇਕ ਕੋਲ ਚਲੀ ਹੈਂ। ੨. ਪਰ ਮੈਨੂੰ ਦਸ ਕਿ ਮਹਾਰਾਜ ਵਿਵੇਕ ਨੂੰ ਕਿਥੇ ਵੇਖੇਂਗੀ ? ਅਰਥਾਤ ਤੈਨੂੰ ਪਤਾ ਹੈ ਕਿ ਵਿਵੇਕ ਰਾਜਾ ਕਿਥੇ ਨਿਵਾਸ ਕਰਦਾ ਹੈ ? ॥ ੩੪ ॥

ਸਰਧਾ ਉਵਾਚ ॥

**ਚੌਪਈ ॥**

**੧. ਬਿਸ਼ਨੁ ਭਗਤਿ ਦੇਵੀ ਹੈ ਜੋਈ ॥ ਕਹੀ ਠੌਰ ਸੁਨੀਏ ਅਬ ਸੋਈ ॥**
**੨. ਰਾਢਾ ਨਾਮ ਦੇਸ਼ ਇਕ ਗਾਏ ॥ ਮਹਾਂ ਪੁਨੀਤ ਜਹਾਂ ਬਨ ਛਾਏ ॥ ੩੫ ॥**

੧. ਸਰਧਾ ਨੇ ਉਤਰ ਦਿਤਾ-ਵਿਸ਼ਨੂੰ ਭਗਤੀ ਦੇਵੀ ਨੇ ਜੋ ਜਗ੍ਹਾ ਮੈਨੂੰ ਦਸੀ ਹੈ ਉਹ ਮੈਂ ਹੁਣ ਕਹਿੰਦੀ (ਹਾਂ, ਧਿਆਨ ਦੇ ਕੇ) ਸੁਣ। ੨. ਰਾਢਾ ਨਾਮ ਦਾ ਇਕ ਦੇਸ ਕਹੀਦਾ ਹੈ, ਜਿਥੇ ਬੜਾ ਪਵਿਤ੍ਰ ਬਨ ਛਾਇਆ ਹੋਇਆ ਹੈ (ਉਥੇ ਬੜਾ ਸੁੰਦਰ ਗੰਗਾ ਜੀ ਦਾ ਪ੍ਰਵਾਹ ਚਲ ਰਿਹਾ ਹੈ) ॥ ੩੫ ॥

**ਦੋਹਰਾ-੧. ਤਹਿਂ ਉਤਰ ਤਟ ਗੰਗ ਕੇ, ਚੱਕ੍ਰ ਸੁ ਤੀਰਥ ਮਹਾਨ ॥**
**੨. ਮਨੋ ਬਿਧਾਤਾ ਗੰਗ ਸ੍ਰੁਤ ਰਚੇ ਤਟੰਕ ਸੁ ਜਾਨ ॥ ੩੬ ॥**

੧. ਉਸ ਗੰਗਾ ਉਤਰ ਦਿਸ਼ਾ ਦੇ ਕੰਢੇ ਉਤੇ (ਇਕ) ਬੜਾ ਭਾਰਾ ਤੀਰਥ ਹੈ, ਉਸ ਦਾ ਨਾਮ 'ਚਕ੍ਰ' ਹੈ, ਉਹ ਐਸਾ ਸੁੰਦਰ ਹੈ ੨. ਮਾਨੋ ਬ੍ਰਹਮਾ ਨੇ ਗੰਗਾ (ਰੂਪ ਇਸਤ੍ਰੀ ਦੇ) ਕੰਨਾਂ (ਲਈ ਉਹ) ਤਨੌੜਾ (ਕਾਂਟਾ) ਬਣਾਇਆ ਹੈ, ਉਸ ਨੂੰ (ਇਸ ਤਰ੍ਹਾਂ ਦਾ) ਜਾਨਣਾ ਚਾਹੀਦਾ ਹੈ ॥ ੩੬ ॥

ਇਸ ਦਾ ਭਾਵ ਇਹ ਹੈ ਕਿ 'ਰਾਢਾ' ਨਾਮ ਦਾ ਦੇਸ 'ਅੰਤਹਕਰਣ' ਹੈ, ਅੰਤਹਕਰਣ ਵਿਚ ਅਨੇਕ ਤਰ੍ਹਾਂ

ਦੀਆਂ ਬ੍ਰਿਤੀਆਂ ਉਠਦੀਆਂ ਹਨ, ਏਹੀ ਅਨੇਕ ਤਰ੍ਹਾਂ ਦੇ ਬ੍ਰਿਛਾਂ ਦਾ ਬਨ ਛਾਇਆ ਹੋਇਆ ਹੈ ਅਤੇ ਜੋ ਨਾਭੀ ਚੱਕ੍ਰ ਹੈ ਏਹੀ 'ਚੱਕ੍ਰ' ਨਾਮ ਦਾ ਤੀਰਥ ਹੈ।

**ਚੌਪਈ॥**

**੧. ਤਹਾਂ ਬਿਬੇਕ ਬਸੈ ਬਡਭਾਗੀ॥ ਮਿਮਾਂਸਾ ਮੈ ਜਿਨਕੀ ਮਤਿ ਲਾਗੀ॥**
**੨. ਕਿਵੇਂ ਕਿਵੇਂ ਧਾਰੇ ਨਿਜ ਪ੍ਰਾਨ॥ ਭਯੋ ਬਿਆਕੁਲ ਚਿੰਤ ਮਹਾਨ॥ ੩੭॥**
**੩. ਧਮਨੀ ਬ੍ਯਾਪਤ ਤਾਂ ਤਨ ਭਯੋ॥ ਉਪਨਿਖਦ ਸੰਗ ਹਿਤ ਤਪ ਨਿਰਮਯੋ॥**
**੪. ਪਰਸਰਾਮ ਸਮ ਧਾਰ ਸੁ ਟੇਕ॥ ਕਰੇ ਤਪਸ੍ਯਾ ਤਹਾਂ ਬਿਬੇਕ॥ ੩੮॥**

ਮਿਮਾਂਸਾ=ਕਰਮ ਕਾਂਡ। ਧਮਨੀ=ਨਾੜੀਆਂ।

੧. ਵਡੇ ਭਾਗਾਂ ਵਾਲਾ ਬਿਬੇਕ ਉਥੇ ਵੱਸਦਾ ਹੈ, ਜਿਸ ਦੀ ਮੱਤ ਕਰਮ ਕਾਂਡ ਵਿਚ ਲਗੀ ਹੋਈ ਹੈ। ੨. ਮਸਾਂ ਮਸਾਂ (ਉਸਨੇ) ਆਪਣੇ ਪ੍ਰਾਨ ਧਾਰੇ ਹੋਏ ਹਨ ਅਤੇ ਬੜੀ ਭਾਰੀ ਚਿੰਤਾ ਕਰਕੇ ਵਿਆਕੁਲ ਹੋ ਰਿਹਾ ਹੈ॥ ੩੭॥

੩. ਨਾੜੀਆਂ ਦਾ ਭਰਿਆ ਉਸਦਾ ਸਰੀਰ ਹੋ ਗਿਆ ਹੈ (ਅਰਥਾਤ ਵਿਵੇਕੀ ਪੁਰਸ਼ ਖਾਂਦਾ ਪੀਂਦਾ ਘਟ ਹੈ,ਇਸ ਕਾਰਨ ਕਰਕੇ ਉਸਦੇ ਸਰੀਰ ਵਿਚ ਚਰਬੀ ਦਾ ਮੋਟਾ ਪਨ ਨਹੀਂ ਹੁੰਦਾ, ਕੇਵਲ ਨਾੜੀਆਂ ਹੀ ਨਾੜੀਆਂ ਉਸ ਦੇ ਸਰੀਰ ਵਿਚ ਨਜ਼ਰ ਆਉਂਦੀਆਂ ਹਨ)। ਉਪਨਿਖਦ ਦਾ ਸੰਗ (ਪ੍ਰਾਪਤ ਕਰਨ ਦੇ) ਵਾਸਤੇ ਉਸ ਨੇ ਤਪ ਅਰੰਭਿਆ ਹੋਇਆ ਹੈ। ੪. ਅਤੇ ਪਰਸਰਾਮ ਵਾਂਗੂੰ ਨਿਸਚਾ ਧਾਰਕੇ, ਬਿਬੇਕ ਰਾਜਾ ਉਥੇ ਤਪ ਕਰ ਰਿਹਾ ਹੈ॥ ੩੮॥

**ਦੋਹਰਾ–੧. ਕਹਿ ਮੈਤ੍ਰੀ ਅਬ ਜਾਹਿ ਤੂੰ ਸਰਧੇ ਬੇਰ ਨ ਹੋਇ॥**
**੨. ਬਿਸ਼ਨ ਭਗਤਿ ਜੋ ਮਮ ਕਹਯੋ ਕਰੌਂ ਨਿਯੋਗਹਿ ਸੋਇ॥ ੩੯॥**

ਨਿਯੋਗਹਿ=ਆਗਿਆ ਅਨੁਸਾਰ। ਬੇਰ=ਡੇਰ, ਢਿੱਲ।

੧. ਮੈਤ੍ਰੀ ਨੇ ਕਿਹਾ–ਹੇ ਸਰਧਾ! ਹੁਣ ਤੂੰ ਛੇਤੀ ਜਾਹ, ਤਾਂ ਕਿ ਦੇਰੀ ਨਾ ਹੋ ਜਾਵੇ। ੨. ਮੈਨੂੰ ਭੀ ਵਿਸ਼ਨੂੰ ਭਗਤੀ ਨੇ ਜੋ ਕਿਹਾ ਹੈ, (ਮੈਂ ਭੀ) ਉਸਦੀ ਆਗਿਆ ਅਨੁਸਾਰ ਹੀ ਕੰਮ ਕਰਦੀ ਹਾਂ॥ ੩੯॥

**ਦੋਹਰਾ–੧. ਇਮ ਕਹਿ ਦੋਨੋ ਚਲੀ ਤਬ ਸਰਧਾ ਮੈਤ੍ਰੀ ਜਾਨ॥**
**੨. ਅਪਨੇ ਅਪਨੇ ਪੰਥ ਮੈ ਬੰਦਨ ਕਰਿ ਭਗਵਾਨ॥ ੪੦॥**

ਇਸ ਤਰ੍ਹਾਂ ਕਹਿਕੇ ਸਰਧਾ ਤੇ ਮੈਤ੍ਰੀ ਦੋਵੇਂ ਹੀ ਪ੍ਰਮਾਤਮਾ ਨੂੰ ਨਮਸ਼ਕਾਰ ਕਰਕੇ ਆਪੋ ਆਪਣੇ ਰਾਹ ਤੁਰ ਪਈਆਂ॥ ੪੦॥

**ਚੌਪਈ॥**

**੧. ਸਰਧਾ ਜਾਇ ਬਿਬੇਕ ਨਿਹਾਰਾ॥ ਧਮਨੀ ਬਿਆਪਤ ਤਾਂ ਤਨ ਸਾਰਾ॥**
**੨. ਤਾਤ ਜੀਤ ਅਰਿ ਮੁਖੋਂ ਅਲਾਯੋ॥ ਪਿਖ ਬਿਬੇਕ ਪਦ ਮੌਲ ਝੁਕਾਯੋ॥੪੧॥**

੧. ਸਰਧਾ ਨੇ ਜਾਕੇ ਵਿਵੇਕ ਨੂੰ ਆਖਿਆ, ਜਿਸਦਾ ਸਾਰਾ ਸਰੀਰ ਨਾੜਾਂ ਦੀ ਮੁਠ ਬਣਿਆ ਹੋਇਆ ਹੈ। (ਸਰਧਾ ਨੇ ਜਾਕੇ) ੨. ਮੂੰਹੋਂ ਕਿਹਾ–ਹੇ ਪੁਤ੍ਰ! ਵੈਰੀਆਂ ਨੂੰ ਜਿੱਤ ਲਵੇਂ, ਵਿਵੇਕ (ਨੇ ਸਰਧਾ ਨੂੰ ਕੋਲ) ਵੇਖ ਕੇ ਉਸ ਦੇ ਚਰਨਾਂ ਉਤੇ ਨਮਸ਼ਕਾਰ ਕੀਤੀ।

Sri Satguru Jagjit Singh Ji Elibrary NamdhariElibrary@gmail.com

**ਚੌਪਈ॥**

**੧. ਸਰਧਾ ਕਰ ਗਹਿ ਲਯੋ ਉਠਾਇ॥ ਪੂਛਿਓ ਕੁਸ਼ਲ ਨੈਨ ਜਲ ਜਾਇ॥**
**੨. ਬਿਸ਼ਨ ਭਗਤਿ ਮੁਖ ਕੀਨ ਬਖਾਨ॥ ਸੁਨੋ ਪੂਤ ਨੀਕੇ ਦੈ ਕਾਨ॥ ੪੨॥**

੧. ਸਰਧਾ ਨੇ ਹੱਥ ਨਾਲ ਫੜਕੇ (ਵਿਵੇਕ ਨੂੰ ਆਪਣੇ ਪੈਰਾਂ ਤੋਂ) ਉਠਾ ਲਿਆ ਅਤੇ ਸੁਖ ਸਾਂਦ ਪੁਛੀ (ਉਸ ਵੇਲੇ ਸਰਧਾ ਨੂੰ ਵਾਤਸ਼ਲ ਭਾਵ ਨਾਲ) ਅੱਖਾਂ ਤੋਂ ਪ੍ਰੇਮ ਆਂਸੂ ਵਗ ਰਹੇ ਸਨ। ਅਤੇ ਅਸੀਸ ਦੇਂਦੇ ਹੋਏ ਕਿਹਾ। ੨. ਹੇ ਪੁਤਰ ! ਬਿਸ਼ਨੂੰ ਭਗਤੀ (ਨੇ ਜੋ ਕੁਝ) ਬਚਨ ਕੀਤਾ ਹੈ, ਉਸਨੂੰ ਤੂੰ ਕੰਨ ਦੇਕੇ ਚੰਗੀ ਤਰ੍ਹਾਂ ਸੁਣ ਲੈ, (ਮੈਂ ਉਸੇ ਦੀ ਆਗਿਆ ਸੁਨਾਉਣ ਲਈ ਤੇਰੇ ਕੋਲ ਆਈ ਹਾਂ)॥ ੪੨॥

**ਚੌਪਈ॥**

**੧. ਕਾਮ ਕ੍ਰੋਧ ਪੁਨ ਮੋਹ ਅਰਾਤੀ॥ ਕਰੋ ਪੂਤ ਇਨਕੋ ਤੁਮ ਘਾਤੀ॥**
**੨. ਸੁਨ ਬਿਬੇਕ ਮੁਖ ਏਹੁ ਉਚਾਰੀ॥ ਹਨੋ ਅਰਾਤਿ ਸੁਹਾਇ ਤੁਮਾਰੀ॥ ੪੩॥**

੧. (ਵਿਸ਼ਨੂੰ ਭਗਤੀ ਨੇ ਸੁਨੇਹਾ ਦਿਤਾ, ਕਿ ਜੋ ਤੇਰੇ) ਵੈਰੀ ਕਾਮ, ਕ੍ਰੋਧ ਤੇ ਮੋਹ (ਆਦਿਕ ਹਨ) ਹੇ ਪੁਤ੍ਰ ! ਤੂੰ ਇਹਨਾਂ ਨੂੰ ਮਾਰ ਕੇ ਫਨਾਹ ਕਰ ਦੇਹ। ੨. ਇਹ (ਗੱਲ) ਸੁਣਕੇ, ਬਿਬੇਕ ਨੇ ਕਿਹਾ-(ਹੇ ਮਾਤਾ !) ਤੇਰੀ ਸਹਾਇਤਾ ਨਾਲ ਮੈਂ ਜ਼ਰੂਰ ਹੀ ਵੈਰੀਆਂ ਨੂੰ ਮਾਰ ਲਵਾਂਗਾ (ਅਤੇ ਕਦੇ ਭੀ ਜੀਉਂਦਾ ਨਹੀਂ ਛੱਡਾਂਗਾ, ਪਰ ਇਹ ਕਾਰਜ ਤੇਰੀ ਕ੍ਰਿਪਾ ਨਾਲ ਹੀ ਪੂਰਾ ਹੋ ਸਕੇਗਾ)॥ ੪੩॥

**ਚੌਪਈ॥**

**੧. ਯਾ ਅਵਸਰ ਇਕ ਮੰਤ੍ਰੀ ਆਯੋ॥ ਨਾਮੁ ਸੁਬੁਧਿ ਰੂਪ ਮਨ ਭਾਯੋ॥**
**੨. ਮੰਤ੍ਰੀ ਆਇ ਸੁ ਬੰਦਨ ਕੀਨੋ॥ ਭੂਪ ਬਿਬੇਕ ਸੁ ਆਦਰ ਦੀਨੋ॥ ੪੪॥**

੧. ਉਸ ਵੇਲੇ (ਵਿਵੇਕ ਰਾਜੇ ਦਾ) ਇਕ ਵਜ਼ੀਰ ਆ ਗਿਆ, ਉਸਦਾ ਨਾਮ 'ਸੁਬੁਧੀ' ਸੀ, ਅਤੇ ਮਨ ਨੂੰ ਭਾਉਣ ਵਾਲਾ ਬਹੁਤ ਹੀ ਸੁੰਦਰ ਰੂਪ ਸੀ। ੨. ਵਜ਼ੀਰ ਨੇ ਆਕੇ ਪ੍ਰਣਾਮ ਕੀਤੀ (ਤਾਂ) ਰਾਜੇ ਬਿਬੇਕ ਨੇ ਉਸ ਨੂੰ ਆਦਰ ਦੇਕੇ (ਆਪਣੇ ਕੋਲ ਬਿਠਾ ਲਿਆ)॥ ੪੪॥

**੧. ਸਮਾਚਾਰ ਸਭ ਭੂਪ ਸੁਨਾਯੋ॥ ਸੁਨਿ ਮੰਤ੍ਰੀ ਮਨ ਮੈ ਹਰਖਾਯੋ॥**
**੨. ਦੇਵ ਕਰੋ ਤੁਮ ਬੇਗ ਉਪਾਇ॥ ਜੀਤੋਂ ਨਿਖਲ ਅਰਾਤੀ ਜਾਇ॥ ੪੫॥**

੧. ਬਿਬੇਕ ਰਾਜੇ (ਨੇ ਵਜ਼ੀਰ ਨੂੰ) ਸਾਰਾ ਸਮਾਚਾਰ ਸੁਣਾ ਦਿਤਾ (ਕਿ ਵਿਸ਼ਨੂੰ ਭਗਤੀ ਨੇ ਇਸ ਸਰਧਾ ਦੇ ਰਾਹੀਂ ਮੈਨੂੰ ਸੁਨੇਹਾ ਭੇਜਿਆ ਹੈ ਕਿ ਜੰਗ ਕਰਕੇ ਸਾਰੇ ਵੈਰੀਆਂ ਨੂੰ ਜਿੱਤ ਲੈ, ਮੈਂ ਪ੍ਰਾਣਾਯਾਮ ਆਦਿਕ ਸਾਰੇ ਸੂਰਮਿਆਂ ਨੂੰ ਨਾਲ ਲੈਕੇ ਤੇਰੀ ਸਹਾਇਤਾ ਲਈ ਆਵਾਂਗੀ ਅਤੇ ਵੈਰਾਗ ਆਦਿਕ ਸਾਰੇ ਤੇਰੇ ਮਦਦਗਾਰ ਹੋਣਗੇ, ਇਸ ਖਬਰ ਨੂੰ ਸੁਣਕੇ) ਵਜ਼ੀਰ ਮਨ ਵਿਚ ਬੜਾ ਹੀ ਪ੍ਰਸੰਨ ਹੋਇਆ। ਫਿਰ ਉਸਨੇ ਅਰਜ਼ ਕੀਤੀ ਹੇ ਪ੍ਰਭੋ ! ਆਪ ਕੋਈ ਛੇਤੀ ਹੀ ਯਤਨ ਕਰੋ, ਜਿਸ ਕਰਕੇ (ਕਾਮਾਦਿਕ) ਸਾਰੇ ਹੀ ਵੈਰੀ ਜਿਤੇ ਜਾ ਸਕਨ॥ ੪੫॥

**ਦੋਹਰਾ—੧. ਸਭਾ ਮਾਂਹਿ ਉਰ ਹਰਖ ਅਤਿ, ਆਏ ਬਿਬੇਕ ਸੁ ਰਾਇ॥**
**੨. ਜਾਂ ਪਦ ਕੰਜ ਪ੍ਰਤਾਪ ਤੇ, ਨਿਖਲ ਸ਼ੋਕ ਮਿਟ ਜਾਇ॥ ੪੬॥**

Sri Satguru Jagjit Singh Ji Elibrary NamdhariElibrary@gmail.com

੧. (ਵਜ਼ੀਰ ਦੀ ਜ਼ਬਾਨੀ ਇਹ ਗੱਲ ਸੁਣਕੇ) ਬਿਬੇਕ ਰਾਜਾ ਹਿਰਦੇ ਵਿਚ ਬੜਾ ਪ੍ਰਸੰਨ ਹੋਇਆ ਅਤੇ ਸਭਾ ਵਿਚ ਆ ਕੇ ਸੁਭਾਇਮਾਨ ਹੋ ਗਿਆ। ੨. ਜਿਸ ਦੇ ਚਰਨ ਕੰਵਲਾਂ (ਦੇ ਦਰਸ਼ਨ ਦੇ) ਪ੍ਰਤਾਪ ਨਾਲ ਹੀ ਸਾਰੇ ਸ਼ੋਕ ਮਿਟ ਜਾਂਦੇ ਹਨ ॥ ੪੬ ॥

**ਸਵੈਯਾ ॥**

**੧. ਸੂਰਜ ਸੋ ਤਨ ਸੋਭਿਤ ਹੈ, ਭੁਜ ਦੰਡ ਮਨੋ ਬ੍ਰਹਮੰਡ ਦਬਾਏ ॥**
**੨. ਨੈਨ ਸ਼ਰੋਜ ਮਨੋਜ ਹਨੇ, ਸੁ ਪ੍ਰਤਾਪ ਦਸੋ ਦਿਸ ਮੈਂ ਚਮਕਾਏ ॥**
**੩. ਧਰਣੀ ਸਮ ਧੈਰਜ ਹੈ ਉਰ ਮੈਂ, ਮੁਖ ਮੈਂ ਘਨ ਸਾਵਨ ਸੋ ਗਰਜਾਏ ॥**
**੪. ਭੂਪ ਨਿਹਾਰ ਸਮੇਤ ਸਭਾ ਕਵਿ ਸਿੰਘ ਗੁਲਾਬ ਬਡੇ ਹਰਖਾਏ ॥ ੪੭ ॥**

੧. ਸੂਰਜ (ਦੇ ਪ੍ਰਕਾਸ਼ ਸਮਾਨ ਜਿਸਦਾ) ਸਰੀਰ ਸੋਭਾ ਪਾ ਰਿਹਾ ਹੈ, ਬਾਹਾਂ (ਰੂਪ) ਡੰਡਾ (ਐਸਾ ਜ਼ੋਰਾਵਰ ਹੈ) ਮਾਨੋਂ (ਉਨ੍ਹਾਂ ਨੇ ਸਾਰੇ) ਬ੍ਰਹਮੰਡ ਨੂੰ ਦਬਾਇਆ ਹੋਇਆ ਹੈ। ੨. ਨੀਲੇ ਕਮਲ ਸਮਾਨ ਨੈਨ ਹਨ, (ਜੋ) ਕਾਮ (ਦੇ ਵਿਕਾਰ ਨੂੰ) ਨਾਸ ਕਰਨ ਵਾਲੇ ਹਨ ਅਤੇ (ਚਿਹਰੇ ਦਾ ਪ੍ਰਤਾਪ ਦਸਾਂ ਦਿਸ਼ਾਂ ਵਿਚ ਹੀ ਚਮਕ ਰਿਹਾ ਹੈ। ੩. ਹਿਰਦੇ ਵਿਚ ਧਰਤੀ ਸਮਾਨ ਧੀਰਜ ਹੈ ਅਤੇ ਮੁਖ ਤੋਂ ਇਸ ਤਰ੍ਹਾਂ ਦੇ ਗੰਭੀਰ ਸ਼ਬਦ ਕਰਦੇ ਹਨ ਮਾਨੋ ਸਾਵਨ ਦਾ ਬੱਦਲ ਗਰਜਦਾ ਹੈ। ੪. ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ, ਵਿਵੇਕ ਦੇ ਸਰੂਪ ਨੂੰ ਵੇਖਕੇ ਰਾਜਾ ਕੀਰਤ (ਵਰਮਾ ਸਾਰੀ) ਸਭਾ ਦੇ ਸਮੇਤ ਹੀ ਬੜਾ ਪ੍ਰਸੰਨ ਹੋ ਰਿਹਾ ਹੈ ।੪੭।

ਰਾਜਾ ਉਵਾਚ ॥

**ਦੋਹਰਾ—੧. ਹਾ ਪਾਪੀ ਮਹਾਂ ਮੋਹ ਸਠ, ਹਨੇ ਮਹਾ ਜਨ ਤੋਹਿ ॥**
**੨. ਮੈਂ ਤੇ ਪ੍ਰਾਨ ਨਿਕਾਰ ਹੌਂ, ਬਿਸ਼ਨੁ ਭਗਤਿ ਕਹਿ ਮੋਹਿ ॥ ੪੮ ॥**

ਬਿਬੇਕ ਰਾਜਾ ਕਹਿਣ ਲੱਗਾ—ਹਾਇ! ਮਹਾਂ ਮੋਹ ਪਾਪੀ! ਓ ਮੂਰਖਾ! ਤੂੰ ਵਡੇ ਵਡੇ ਮਹਾਂ ਪੁਰਖਾਂ ਨੂੰ ਨਸ਼ਟ ਕਰ ਦਿਤਾ ਹੈ। ੨. ਇਸ ਕਰਕੇ ਮੈਂ ਹੁਣ ਤੇਰੇ ਪ੍ਰਾਣ ਕੱਢਦਾ ਹਾਂ, (ਕਦੇ ਭੀ ਜੀਉਂਦਾ ਨਹੀਂ ਛੱਡਾਂਗੇ, ਕਿਉਂਕਿ) ਮੈਨੂੰ ਵਿਸ਼ਨੂੰ ਭਗਤੀ ਨੇ ਹੀ ਅਜਿਹਾ ਕਰਨ ਲਈ ਕਿਹਾ ਹੈ ॥ ੪੮ ॥

**ਚੌਪਈ ॥**

**੧. ਸਤਿ ਅਨੰਤ ਮਹਿਮਾ ਸੁ ਉਜਾਗਰ ॥ ਚਿਦਾ ਨੰਦ ਅੰਮ੍ਰਿਤ ਰਸ ਸਾਗਰ ॥**
**੨. ਮਗਨ ਭਯੋ ਤਾਂ ਮੈਂ ਇਕ ਬਾਰਾ ॥ ਵਹਿ ਨਰ ਚਹੇ ਨ ਸੁਖ ਸੰਸਾਰਾ ॥੪੯॥**

੧. ਸਤਿ ਚਿਤ-ਅਨੰਦ (ਰੂਪ) ਅਨੰਦ (ਪ੍ਰਭੂ, ਜਿਸਦੀ) ਮਹਿਮਾ ਸਾਰੇ ਜਗਤ ਵਿਚ ਪ੍ਰਗਟ ਹੈ ਅਤੇ (ਜੋ) ਅੰਮ੍ਰਿਤ ਰਸ ਦਾ ਸਮੁੰਦਰ ਹੈ। ੨. ਜੋ ਪੁਰਸ਼ ਇਕ ਵੇਰੀ ਭੀ ਉਸ ਵਿਚ ਨਿਮਗਨ ਹੋਇਆ ਹੈ, ਉਹ ਪੁਰਸ਼ ਮੁੜ ਕੇ ਸੰਸਾਰ ਦੇ ਸੁਖਾਂ ਨੂੰ ਚਾਹੁੰਦਾ ਹੀ ਨਹੀਂ ਹੈ ॥ ੪੯ ॥

**ਚੌਪਈ ॥**

**੧. ਮ੍ਰਿਗ ਤ੍ਰਿਸਨਾ ਜਲ ਹੈ ਨਿਹ ਸਾਰ ॥ ਯਾਂ ਬਿਧਿ ਕੇ ਸਾਗਰ ਸੰਸਾਰ ॥**
**੨. ਮੂਰਖ ਤਾਂਹਿ ਕਰੇ ਅਚਮਾਨ ॥ ਕੋਚਿਤ ਤਾਂਹਿ ਕਰੇ ਮੁਖ ਪਾਨ ॥ ੫੦ ॥**

ਨਿਹਸਾਰ=ਮਿਥਯਾ। ਅਚਮਾਨ=(ਆਮਦਨ)ਮੂੰਹ ਨਾਲ ਛੁਹਉਣਾ, ਮੂੰਹ ਲਾਕੇ ਜੂਠਾ ਕਰਨਾ।

Sri Satguru Jagjit Singh Ji Elibrary NamdhariElibrary@gmail.com

੧. ਮ੍ਰਿਗ ਤ੍ਰਿਸ਼ਨਾ ਦਾ ਜਲ (ਜਿਵੇਂ ਜਗਤ ਵਿਚ ਕੇਵਲ ਭ੍ਰਮ ਮਾਤ੍ਰ ਹੋਣ ਕਰਕੇ) ਮਿਥਿਆ ਹੈ, ਇਸੇ ਤਰ੍ਹਾਂ ਸੰਸਾਰ ਦੇ ਪਦਾਰਥ ਮਿਥਿਆ ਹਨ, ਜਿਵੇਂ ਸਾਗਰ ਦਾ ਜਲ ਖਾਰਾ ਹੁੰਦਾ ਹੈ, ਇਵੇਂ ਸੰਸਾਰਕ ਸੁਖ ਦੁਖ ਪੈਦਾ ਕਰਨ ਕਰਕੇ ਖਾਰੇ ਹਨ। ੨. ਮੂਰਖ ਪੁਰਸ਼ ਉਸ ਮ੍ਰਿਗ ਤ੍ਰਿਸ਼ਨਾ ਦੇ ਜਲ ਨੂੰ ਪੀਣਾ ਚਾਹੁੰਦੇ ਹਨ (ਅਰਥਾਤ ਕਈ ਅਜਿਹੇ ਬੇਸਮਝ ਹਨ ਜੋ ਇਨ੍ਹਾਂ ਅਨਿੱਤ ਪਦਾਰਥਾਂ ਨੂੰ ਸੱਤ ਸਮਝਕੇ ਉਨ੍ਹਾਂ ਨੂੰ ਸੰਗ੍ਰਹਿ ਕਰਨਾ ਚਾਹੁੰਦੇ ਹਨ) ਅਤੇ ਕਈ ਕਈ ਉਨ੍ਹਾਂ ਨੂੰ ਪੀਣਾ ਕਰ ਰਹੇ ਹਨ, ਅਰਥਾਤ ਕਈ ਅਜਿਹੇ ਜੜ੍ਹ-ਬੁਧਿ ਹਨ, ਜੋ ਇਨ੍ਹਾਂ ਸੰਸਾਰਕ ਪਦਾਰਥਾਂ ਨੂੰ ਆਪਣਾ ਜੀਵਨ ਰੂਪ ਸਮਝਕੇ, ਗੂੰਹ ਦੇ ਕੀੜੇ ਵਾਂਗੂ ਇਨ੍ਹਾਂ ਦੇ ਵਿਚ ਹੀ ਫਸੇ ਰਹੇ ਹਨ ਅਤੇ ਇਨ੍ਹਾਂ ਤੋਂ ਬਾਹਰ ਨਿਕਲਣਾ ਆਪਣੀ ਮੌਤ ਸਮਝਦੇ ਹਨ ॥ ੫੦ ॥

**ਦੋਹਰਾ—੧. ਕਰ ਅਵਗਾਹਨ ਰਮੇ ਤਿਹ ਅਰਧ ਉਰਧ ਪੁਨ ਜਾਂਹਿ ॥**
**੨. ਗੁਲਾਬ ਸਿੰਘ ਬਿਨ ਬੋਧ ਜਗ ਸਦਾ ਪਰਮ ਦੁਖ ਪਾਂਹਿ ॥ ੫੧ ॥**

ਅਵਗਾਹਨ=ਨਿਰਨਾ ਕਰਨਾ, ਵਿਚਾਰ ਕਰਨਾ। ਅਰਧ ਉਰਧ=ਹੇਠਾਂ ਉਤਾਂਹ ਨਰਕ ਸਵਰਗ। ਰਮੇਂ=ਭੋਗਣ ਵਿਚ ਲਗਾ ਰਹੇ। ਬਿਨ ਬੋਧ=ਗਿਆਨ ਤੋਂ ਹੀਣੇ, ਅਗਿਆਨੀ।

੧. ਜੋ ਪੁਰਸ਼ ਇਨ੍ਹਾਂ ਪਦਾਰਥਾਂ ਦਾ ਨਿਰਨਾ ਕਰਕੇ (ਅਰਥਾਤ ਸੰਸਾਰਕ ਪਦਾਰਥਾਂ ਨੂੰ ਮਿਥਿਆ ਤੇ ਦੁਖਦਾਈ ਜਾਣ ਕਰਕੇ) ਫਿਰ ਭੀ ਇਨ੍ਹਾਂ ਦੇ ਭੋਗਣ ਵਿਚ ਹੀ ਲਗ ਰਿਹਾ ਹੈ, ਉਹ ਪੁਰਸ਼ ਸਦਾ ਹੀ ਨਰਕ ਸਵਰਗ ਵਿਚ ਮੁੜ ਮੁੜਕੇ ਜਾਂਦਾ ਹੈ (ਅਰਥਾਤ ਜੋ ਪੁਰਸ਼ ਵੇਦਾਂਤ ਆਦਿਕ ਸ਼ਾਸਤ੍ਰਾਂ ਨੂੰ ਪੜ੍ਹ ਕੇ ਸੰਸਾਰਕ ਪਦਾਰਥਾਂ ਨੂੰ ਮਿਥਿਆ ਜਾਣ ਲੈਂਦੇ ਹਨ, ਪਰ ਗਿਆਨ ਉਹਨਾਂ ਨੂੰ ਪ੍ਰਾਪਤ ਨਹੀਂ ਹੁੰਦਾ ਉਹ ਸਰੂਪ ਗਿਆਨ ਤੋਂ ਹੀਣੇ ਪੁਰਸ਼ ਸਦਾ ਹੀ ਜਗਤ (ਵਿਚ ਆਉਣ ਜਾਣ ਰੂਪ) ਪਰਮ ਦੁਖ ਪਾਉਂਦੇ ਹਨ ॥ ੫੧ ॥

**ਚੌਪਈ ॥**

**੧. ਅਥਵਾ ਯਹਿ ਚੱਕ੍ਰ ਸੰਸਾਰ ॥ ਮਹਾਂ ਮੋਹ ਤਿਹ ਪ੍ਰੇਰਨ ਹਾਰ ॥**
**੨. ਤਾਕੇ ਮੂਲ ਅਬੋਧ ਬਿਚਾਰਯੋ ॥ ਤਤ੍ਰ ਬੋਧ ਕਰ ਬਨੇ ਨਿਵਾਰਯੋ ॥ ੫੨ ॥**

੧. ਜਾਂ ਇਉਂ ਸਮਝਣਾ ਚਾਹੀਦਾ ਹੈ, ਕਿ ਇਹ ਸੰਸਾਰ ਇਕ ਗੋਲ ਚੱਕ੍ਰ ਹੈ ਅਤੇ ਮਹਾਂ ਮੋਹ ਇਸ ਨੂੰ ਫਿਰਾਉਣ ਵਾਲਾ ਹੈ। ੨. ਉਸ ਮਹਾਂ ਮੋਹ ਦਾ ਮੂਲ ਕਾਰਨ ਅਗਿਆਨ ਵਿਚਾਰਿਆ ਜਾਂਦਾ ਹੈ, ਸਰੂਪ ਗਿਆਨ ਨੂੰ ਪ੍ਰਾਪਤ ਕਰਕੇ, (ਅਗਿਆਨ ਨੂੰ) ਦੂਰ ਕਰ ਲੈਣਾ ਚਾਹੀਦਾ ਹੈ, (ਅਰਥਾਤ ਸਰੂਪ ਗਿਆਨ ਦੀ ਪ੍ਰਾਪਤੀ ਕਰਕੇ, ਅਗਿਆਨ ਨਵਿਰਤ ਹੋ ਜਾਏਗਾ, ਇਹ ਅਗਿਆਨ ਹੀ ਮਹਾਂ ਮੋਹ ਦਾ ਕਾਰਨ ਸੀ, ਕਾਰਨ ਦੇ ਨਸ਼ਟ ਹੋ ਜਾਣ ਨਾਲ ਕਾਰਜ ਆਪੇ ਹੀ ਨਸ਼ਟ ਹੋ ਜਾਂਦਾ ਹੈ, ਇਵੇਂ ਹੀ ਅਗਿਆਨ ਦੀ ਨਵਿਰਤੀ ਦੇ ਮਗਰੋਂ ਮਹਾਂ ਮੋਹ ਮਿਟ ਜਾਏਗਾ, ਜਦ ਮਹਾਂ ਮੋਹ ਹੀ ਨਾ ਰਿਹਾ ਤਾਂ ਇਸ ਚੱਕਰ ਨੂੰ ਫੇਰਨ ਵਾਲਾ ਕੋਈ ਨਾ ਹੋਣ ਕਰ ਕੇ ਸੰਸਾਰ ਰੂਪ ਚੱਕਰ ਦਾ ਭੌਣਾ ਆਪਣੇ ਆਪ ਹੀ ਬੰਦ ਹੋ ਜਾਏਗਾ, ਤਾਂਤੇ ਇਹ ਸੱਤ ਹੈ ਕਿ ਸਾਰੇ ਦੁਖਾਂ ਦਾ ਕਾਰਨ ਹੀ ਅਗਿਆਨ ਹੈ) ॥ ੫੨ ॥

**ਦੋਹਰਾ—੧. ਈਸ ਅਰਾਧਨ ਬੀਜ ਤੇ ਉਪਜੇ ਤਤ੍ਰ ਸੁ ਬੋਧ ॥**
**੨. ਤਾਂ ਮੈ ਔਰ ਉਪਾਇ ਨਹਿ ਹਮ ਦੇਖਯੋ ਅਤ ਸੋਧ ॥ ੫੩ ॥**

੧. (ਜਿਵੇਂ ਬੀਜ ਤੋਂ ਹੀ ਫਲ ਹੁੰਦਾ ਹੈ, ਇਵੇਂ ਹੀ ਜੋ) ਪਰਮਾਤਮਾ ਦੀ ਅਰਾਧਨਾ ਕਰਨੀ ਹੈ, ਇਹੋ ਹੀ ਇਕ ਤਰ੍ਹਾਂ ਦਾ ਬੀਜ ਹੈ, ਇਸ ਤੋਂ ਹੀ ਸਰੂਪ ਗਿਆਨ ਫਲ ਪੈਦਾ ਹੋਵੇਗਾ ੨. ਇਸ (ਕਾਰਜ ਦੇ ਪੂਰਾ ਕਰਨ) ਵਿਚ ਹੋਰ ਕੋਈ ਭੀ ਯਤਨ ਨਹੀਂ ਹੋ ਸਕਦਾ, ਇਹ ਅਸਾਂ ਚੰਗੀ ਤਰ੍ਹਾਂ ਵਿਚਾਰ ਕਰਕੇ ਵੇਖ ਲਿਆ ਹੈ ॥ ੫੩ ॥

## ਚੌਪਈ॥

**੧. ਪੁੰਨਵੰਤ ਜੋ ਕਰੇ ਉਪਾਇ॥ ਕਰੇ ਦੇਵਤਾ ਤਾਂਹਿ ਸਹਾਇ॥**
**੨. ਐਸੇ ਤਤੁ ਬਿਬੇਕੀ ਕਹੈਂ॥ ਜਨ ਕੇ ਸਰਬ ਸੰਦੇਹ ਸੁ ਦਹੈਂ॥ ੫੪॥**

੧. ਜਿਹੜੇ ਪੁੰਨਵਾਨ ਪੁਰਸ਼ ਇਸ ਯਤਨ ਨੂੰ ਕਰਦੇ ਹਨ, ਦੇਵਤੇ ਭੀ ਉਨ੍ਹਾਂ ਦੀ ਸਹਾਇਤਾ ਕਰਦੇ ਹਨ। ੨. ਤੱਤ੍ਰ ਬੋਧ ਦੀ ਵਿਚਾਰ ਵਾਲੇ ਪੁਰਸ਼ ਇਸ ਤਰ੍ਹਾਂ ਕਹਿੰਦੇ ਹਨ ਅਤੇ (ਉਹ) ਪੁਰਸ਼ ਦੇ ਸਾਰੇ ਸੰਸਿਆਂ ਨੂੰ ਸਾੜ ਦੇਂਦੇ ਹਨ॥ ੫੪॥

## ਚੌਪਈ॥

**੧. ਬਿਸ਼ਨ ਭਗਤਿ ਮਮ ਆਇਸ ਕੀਨੀ॥ ਸਰਧਾ ਆਨਿ ਮੁਹਿ ਕਹਿ ਦੀਨੀ॥**
**੨. ਕਾਮਾਦਿਕ ਜੀਤਨ ਸੁ ਉਪਾਇ॥ ਕਰੋ ਸ਼ਿਤਾਬਿ ਨ ਬਾਰ ਲਗਾਇ॥੫੫॥**

੧. ਵਿਸ਼ਨੂੰ ਭਗਤੀ ਨੇ (ਜੋ) ਆਗਿਆ ਮੈਨੂੰ ਕੀਤੀ ਹੈ, ਸਰਧਾ ਨੇ ਆਣ ਕੇ ਉਹ ਸਾਰੀ ਜਿਉਂ ਦੀ ਤਿਉਂ ਮੈਨੂੰ ਕਹਿ ਦਿਤੀ ਹੈ। ੨. ਕਾਮ, ਕ੍ਰੋਧ ਤੇ ਲੋਭ ਮੋਹ ਆਦਿਕ (ਜੋ ਤੇਰੇ ਵੈਰੀ ਹਨ) ਉਨ੍ਹਾਂ ਦੇ ਜਿਤਣ ਦਾ ਉਪਾਓ ਛੇਤੀ ਕਰ, (ਹੇ ਪੁਤ੍ਰ! ਇਸ ਕੰਮ ਵਿਚ ਬਿਲਕੁਲ ਹੀ) ਡੇਰੀ ਨਾ ਕਰ, ਸ਼ਿਤਾਬੀ ਕਰ॥ ੫੫॥

## ਚੌਪਈ॥

**੧. ਮੈਂ ਭੀ ਕਰੋ ਸਹਾਇਤ ਥਾਰੀ॥ ਯੌਂ ਹਰਿ ਭਗਤਿ ਸੁ ਕੀਨ ਉਚਾਰੀ॥**
**੨. ਵਸਤੁ ਵਿਚਾਰ ਅਹੈ ਜਗ ਜੋਈ॥ ਕਾਮ ਜਿਨੈ ਖਿਣ ਭੀਤਰ ਸੋਈ॥ ੫੬॥**

੧. ਮੈਂ ਭੀ (ਪ੍ਰਾਣਾਯਾਮ ਆਦਿਕਾਂ ਨਾਲ ਰਲ ਕੇ) ਤੇਰੀ ਸਹਾਇਤਾ ਕਰਾਂਗੀ। ਵਿਸ਼ਨੂੰ ਭਗਤੀ ਨੇ ਇਸ ਤਰ੍ਹਾਂ ਨਾਲ ਉਚਾਰਨ ਕੀਤਾ ਹੈ। ੨. 'ਵਸਤੁ ਵਿਚਾਰ' (ਨਾਮ ਵਾਲਾ) ਜਿਹੜਾ ਸੂਰਮਾ ਜਗਤ ਵਿਚ ਹੈ, ਉਹ ਇਕ ਖਿਨ ਵਿਚ ਹੀ ਕਾਮ ਨੂੰ ਜਿੱਤ ਲਏਗਾ॥ ੫੬॥

**੧. ਤਾਂਤੇ ਤਾਕੋ ਬੇਗ ਬੁਲੱਯੇ॥ ਤਾਂ ਜੀਤਨ ਹਿਤ ਤਾਂਹਿ ਪਠੱਯੇ॥**
**੨. ਵੇਤ੍ਰਵਤੀ ਅਬ ਬੇਗ ਸੁ ਜਾਈ॥ ਲਜਾਵੇ ਵਸਤੁ ਵਿਚਾਰ ਬੁਲਾਈ॥ ੫੭॥**

੧. ਇਸ ਕਰਕੇ ਉਸ (ਵਸਤੂ) ਨੂੰ ਛੇਤੀ ਬੁਲਾ ਲੈਣਾ ਚਾਹੀਦਾ ਹੈ ਅਤੇ ਉਸ (ਕਾਮਦੇਵ) ਦੇ ਜਿਤਣ ਵਾਸਤੇ ਉਸ 'ਵਸਤੁ ਵਿਚਾਰ' ਨੂੰ ਹੀ ਭੇਜਣਾ ਯੋਗ ਹੈ। (ਵਜ਼ੀਰ ਨਾਲ ਇਹ ਸਲਾਹ ਕਰਕੇ ਰਾਜੇ ਵਿਵੇਕ ਨੇ ਹੁਕਮ ਦਿਤਾ-) ੨. ਹੇ ਚੋਬਦਾਰਨੀ! ਹੁਣ ਛੇਤੀ ਨਾਲ ਜਾਓ ਤੇ 'ਵਸਤੁ ਵਿਚਾਰ'ਨੂੰ ਬੁਲਾ ਕੇ ਲੈ ਆਓ।੫੭।

**੧. ਪ੍ਰਤਿਹਾਰੀ ਤਬ ਬੇਗ ਸਿਧਾਈ॥ ਦੇਵ ਕਹਯੋ ਸੁ ਕਰੋਂ ਅਬ ਜਾਈ॥**
**੨. ਵਸਤੁ ਵਿਚਾਰ ਸੰਗ ਪ੍ਰਤਿਹਾਰੀ॥ ਆਈ ਬੇਗ ਸੁ ਸਭਾ ਮਝਾਰੀ॥ ੫੮॥**

ਪ੍ਰਤਿਹਾਰੀ=ਚਿਠੀ ਜਾਂ ਸੁਨੇਹਾ ਲੈ ਕੇ ਜਾਣ ਵਾਲੀ ਇਸਤ੍ਰੀ, ਜੋ ਰਾਜੇ ਮਹੱਲ ਵਿਚ ਰਹਿੰਦੀ ਹੈ।

੧. ਚੋਬਦਾਰਨੀ ਨੇ ਹਥ ਜੋੜ ਕੇ ਅਰਜ਼ ਕੀਤੀ-ਹੇ ਦੇਵ! ਜੋ ਆਪ ਨੇ ਹੁਕਮ ਦਿਤਾ ਹੈ,ਮੈਂ ਹੁਣੇ ਜਾ ਕੇ ਓਹੀ ਕਰਦੀ ਹਾਂ, (ਇਹ ਕਹਿ ਕੇ ਉਹ ਛੇਤੀ ਨਾਲ ਚਲੀ ਗਈ)। ੨. ਥੋੜੇ ਚਿਰ ਮਗਰੋਂ ਵਸਤੁ ਵਿਚਾਰ ਨੂੰ ਨਾਲ ਲੈ ਕੇ ਓਹੀ ਚੋਬਦਾਰਨੀ ਛੇਤੀ ਨਾਲ ਹੀ ਰਾਜੇ ਦੀ ਸਭਾ ਵਿਚ ਮੁੜ ਆਈ॥ ੫੮॥

Sri Satguru Jagjit Singh Ji Elibrary NamdhariElibrary@gmail.com

ਵਸਤੁ ਵਿਚਾਰ ਉਵਾਚ ॥

**ਛਪੈ-੧. ਬਿਨੁ ਸੁੰਦਰ ਤਨੁ ਸੁੰਦਰ ਪਾਪੀ ਮਦਨ ਦਿਖਾਏ ॥**
**੨. ਕਰੇ ਵੰਚਨਾ ਜਗਤ ਲੋਕ ਕੋ ਨਰਕ ਲਿਜਾਏ ॥**
**੩. ਅਥਵਾ ਸਭ ਦੁਖ ਮੂਲ ਦੁਸ਼ਟ ਮੈਂ ਲਯੋ ਵਿਚਾਰੀ ॥**
**੪. ਮਹਾਂ ਮੋਹ ਯਹਿ ਅਹੇ ਜਗਤ ਮੇ ਬਡੋ ਬਿਕਾਰੀ ॥**
**੫. ਪੁਨਿ ਜਿਹ ਬਿਧਿ ਮੋਹ ਨਿਲਾਜ ਸਠ ਜਨ ਉਰ ਕੋ ਭ੍ਰਾਮਨ ਕਰੇਂ ॥**
**੬. ਸੰਗ ਮਦਨ ਮਿਲ ਦੁਸ਼ਟ ਅਬ ਸੋ ਪ੍ਰਕਾਰ ਜਨ ਮਨ ਧਰੇਂ ॥੫੯॥**

ਮਦਨ=ਕਾਮ। ਵੰਚਨਾ=ਠਗਣਾ, ਠਗੀ। ਨਿਲਾਜ=ਨਿਰਲੱਜ, ਬੇਸ਼ਰਮ, ਬੇਹਯਾ।

੧. ਵਸਤੁ ਵਿਚਾਰ ਨੇ ਸਭਾ ਵਿਚ ਆ ਕੇ ਕਿਹਾ-(ਇਹ) ਸਰੀਰ ਸੁੰਦਰ ਤਾਂ ਨਹੀਂ ਹੈ, ਪਰ ਪਾਪੀ ਕਾਮਦੇਵ ਇਸ ਨੂੰ ਸੁੰਦਰ ਦਿਖਾਉਂਦਾ ਹੈ। ੨. ਇਸ ਤਰ੍ਹਾਂ ਜਗਤ ਨਾਲ ਠਗੀ ਕਰਕੇ ਲੋਕਾਂ ਨੂੰ ਨਰਕ ਵਿਚ ਲਈ ਜਾਂਦਾ ਹੈ। ੩. ਅਥਵਾ ਮੈਂ ਚੰਗੀ ਤਰ੍ਹਾਂ ਵਿਚਾਰ ਕੇ ਵੇਖ ਲਿਆ ਹੈ (ਕਿ ਏਹੋ) ਦੁਸ਼ਟ ਸਾਰੇ ਦੁਖਾਂ ਦਾ ਮੁਢ ਹੈ। ੪. ਇਹੋ ਮਹਾਂ ਮੋਹ ਹੀ ਜਗਤ ਵਿਚ ਵਡੇ ਵਡੇ ਵਿਕਾਰ ਕਰਾਉਣ ਵਾਲਾ ਹੈ। ੫. ਇਹ ਬੇਸ਼ਰਮ ਤੇ ਮੂਰਖ ਮੋਹ ਜਿਸ ਤਰੀਕੇ ਨਾਲ ਪੁਰਸ਼ਾਂ ਦੇ ਹਿਰਦੇ ਨੂੰ ਭਰਮਾਉਣਾ ਕਰਦਾ ਹੈ। ੬. ਅਤੇ ਇਹ ਦੁਸ਼ਟ ਕਾਮ ਨਾਲ ਮਿਲ ਕੇ ਪੁਰਸ਼ਾਂ ਨੂੰ ਨਰਕਾਂ ਵਲ ਲਈ ਜਾ ਰਿਹਾ ਹੈ ਹੁਣ ਮੈਂ ਉਹ ਤਰੀਕਾ (ਪ੍ਰਗਟ ਕਰਕੇ ਸੁਣਾਉਂਦਾ ਹਾਂ, ਭਲੇ ਪੁਰਸ਼ਾਂ ਨੂੰ ਸੁਣ ਕੇ) ਮਨ ਵਿਚ ਵਸਾਉਣਾ ਚਾਹੀਦਾ ਹੈ, (ਇਸਦਾ ਫਲ ਇਹ ਹੋਵੇਗਾ ਕਿ ਪੁਰਸ਼ ਫਿਰ ਇਸ ਦੀ ਠਗੀ ਵਿਚ ਨਹੀਂ ਆਵੇਗਾ) ॥ ੫੯ ॥

**ਸਵੈਯਾ ॥**

**੧. ਯਹਿ ਕਾਮਨਿ ਕੁੰਚਤ ਹੈਂ ਅਲਿਕਾ, ਦ੍ਰਿਗ ਕੰਜ ਪਿਖੇ ਜਨ ਚੀਤ ਚੁਰਾਏ ॥**
**੨. ਘਨ ਪੀਨ ਉਤੰਗ ਪਯੋਧਰ ਹੈ ਮੁਖ ਚੰਦ ਮਨੋ ਸੁ ਬਿਰੰਚ ਬਨਾਏ ॥**
**੩. ਇਹ ਭਾਂਤ ਸਰਾਹਿ ਕਰੇ ਜਨ ਮੂਰਖ ਜਾਂ ਉਰ ਤੀਰ ਅਨੰਗ ਲਗਾਏ ॥**
**੪. ਮਲ ਮੂਤ ਸੁ ਹਾਡ ਤੁਚਾ ਪੁਤਲੀ ਯੁਵਤੀ ਖਲ ਮੋਹ ਸੁ ਯੌ ਦਰਸਾਏ ॥੬੦॥**

ਕੁੰਚਤ=ਟੇਢੀਆਂ, ਵਲਦਾਰ। ਅਲਿਕਾ=ਜ਼ੁਲਫਾਂ। ਕੰਜ=ਕਮਲ। ਘਨ ਪੀਨ ਉਤੰਗ=ਮੋਟੇ, ਕਰੜੇ ਤੇ ਉਚੇ ਉਤਾਂਹ ਨੂੰ ਉਭਰੇ ਹੋਏ। ਪਯੋਧਰ=ਮੰਮੇ। ਬਿਰੰਚ=ਬ੍ਰਹਮਾ। ਅਨੰਗ=ਕਾਮਦੇਵ। ਤੁਚਾ=ਖਲੜੀ। ਯੁਵਤੀ=ਇਸਤ੍ਰੀ।

੧. ਇਸਤ੍ਰੀ ਦੀਆਂ ਜ਼ੁਲਫਾਂ ਇਸ ਤਰ੍ਹਾਂ ਟੇਢੀਆਂ ਹਨ, (ਮਾਨੋ ਕਾਲੇ ਨਾਗਾਂ ਦੇ ਬਚੇ ਕੁੰਡਲ ਪਾ ਕੇ ਬੈਠੇ ਹੋਏ ਹਨ ਅਤੇ) ਅੱਖਾਂ ਕਮਲ ਸਮਾਨ ਹਨ, ਜਿਨ੍ਹਾਂ ਨਾਲ ਵੇਖਦਿਆਂ ਹੀ ਪੁਰਸ਼ ਦੇ ਚਿਤ ਨੂੰ ਚੁਰਾ ਲੈਂਦੀ ਹੈ। ੨. ਇਸ ਦੇ ਮੰਮੇ ਮੋਟੇ,ਕਰੜੇ ਤੇ ਉਚੇ (ਇਸ ਤਰ੍ਹਾਂ ਮਲੂਮ ਹੁੰਦੇ ਹਨ, ਮਾਨੋ ਸੁਨਹਿਰੀ ਕਲਸ ਹਨ ਅਤੇ)ਚੰਦ੍ਰਮਾ ਸਮਾਨ ਜੋ ਮੁਖ (ਹੈ ਉਹ ਇਸ ਤਰ੍ਹਾਂ ਦਾ ਸੁਹਾਵਣਾ ਹੈ) ਮਾਨੋ ਬ੍ਰਹਮਾ ਨੇ ਆਪਣੇ (ਹਥਾਂ ਨਾਲ ਹੀ) ਬਣਾਯਾ ਹੈ। ੩. ਉਹ ਮੂਰਖ ਪੁਰਸ਼ ਇਸ ਤਰ੍ਹਾਂ ਨਾਲ ਇਸਤ੍ਰੀ ਦੀ ਸਲਾਹੁਤਾ ਕਰਦੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਕਾਮਦੇਵ ਨੇ ਤੀਰ ਮਾਰਿਆ ਹੈ। ੩. ਅਸਲ ਵਿਚ ਇਸਤਰੀ ਤਾਂ ਗੂੰਹ-ਮੂਤਰ (ਦਾ ਭਾਂਡਾ ਹੈ ਅਤੇ) ਹਡ ਮਾਸ ਅਤੇ ਖਲੜੀ ਦੀ ਬਣੀ ਹੋਈ ਹੈ, ਪਰ ਮੂਰਖ ਮੋਹ ਇਸ ਨੂੰ (ਇਕ ਮਹਾਂ ਸੁੰਦਰ) 'ਪੁਤਲੀ' (ਤਸਵੀਰ)

ਕਰਕੇ ਵਿਖਾਂਦਾ ਹੈ ॥ ੯੦ ॥

## ਸਵੈਯਾ ॥

**੧. ਵਸਤੁ ਵਿਚਾਰ ਕਰੇ ਨਰੁ ਜੋ ਤਿਹ ਕੋ ਯੁਵਤੀ ਇਮ ਦੇਤ ਦਿਖਾਈ॥**
**੨. ਮਲ ਮਾਸ ਕੇ ਕੀਚੜ ਸੰਗ ਬਿਰੰਚ, ਸੁ ਹਾਡਨ ਕੀ ਪੁਤਲੀ ਸੁ ਬਨਾਈ॥**
**੩. ਮੁਖ ਥੂਕ ਸੁ ਨਾਕ ਮੇਂ ਸੀਂਢ ਭਰੇ ਨਿਸ ਬਾਸਰ ਨੈਨਨ ਗੀਡ ਬਹਾਈ॥**
**੪. ਦੁਰਗੰਧ ਮਲੀਨ ਸੁ ਨਾਰਿ ਮਨੋ, ਖਿਰਕੀ ਯਮ ਧਾਮ ਬਿਰੰਚ ਬਨਾਈ॥੯੧॥**

੧. ਜੋ ਪੁਰਸ਼ ਹਰ ਇਕ ਵਸਤੂ ਦਾ ਵਿਚਾਰ ਕਰਨ ਵਾਲਾ ਹੈ, ਉਸ ਨੂੰ ਇਸਤਰੀ ਇਸ ਤਰ੍ਹਾਂ ਦੀ ਨਜ਼ਰ ਆਉਂਦੀ ਹੈ। ੨. ਗੰਦਗੀ ਤੇ ਮਾਸ ਦੇ ਗਾਰੇ ਨਾਲ ਬ੍ਰਹਮਾ ਨੇ ਹਡੀਆਂ (ਤੇ ਨਾੜੀਆਂ ਦੀ ਇਹ ਇਕ) ਪੁਤਲੀ ਬਣਾਈ ਹੋਈ ਹੈ। ੩. ਇਸ ਦੇ ਮੂੰਹ ਵਿਚ ਥੁਕ ਹੈ, ਨਕ ਵਿਚ ਸੀਂਢ ਹੈ ਅਤੇ ਇਸ ਦੀਆਂ ਅਖਾਂ ਵਿਚੋਂ ਰਾਤ ਦਿਨ ਗਿਡ ਵਗਦੀ ਰਹਿੰਦੀ ਹੈ। ੪. ਬਦਬੂ ਤੇ ਮਲੀਨਤਾ (ਦਾ ਰੂਪ ਹੀ) ਇਸਤਰੀ ਹੈ। ਯਮ ਰਾਜਾ ਦੇ ਘਰ ਦੇ ਅੰਦਰ ਜਾਣ ਵਾਸਤੇ ਮਾਨੋ ਬ੍ਰਹਮਾ ਨੇ (ਇਸਤਰੀ ਰੂਪ) ਖਿੜਕੀ ਬਣਾਈ ਹੈ (ਅਰਥਾਤ ਇਹ ਇਸਤਰੀ ਨਾ ਜਾਣੋ, ਇਹ ਸਮਝੋ ਕਿ ਯਮ ਰਾਜਾ ਦੇ ਘਰ ਨੂੰ ਜਾਣ ਦਾ ਰਾਹ ਹੈ, ਸਿਧਾਂਤ ਇਹ ਹੈ ਕਿ ਇਸਤ੍ਰੀ ਨਾਲ ਪਿਆਰ ਕਰਨਾ ਹੀ ਮਾਨੋ ਨਰਕ ਕੁੰਡ ਵਿਚ ਡਿਗਣਾ ਹੈ) ॥ ੯੧ ॥

## ਸਵੈਯਾ ॥

**੧. ਰਮਣੀ ਰਮਣੀ ਨਹ ਰੰਚਕ ਹੈ ਗੁਣ ਔਰਨ ਕੇ ਰਮਣੀ ਦਰਸਾਏ॥**
**੨. ਮੁਕਤਾਹਲ ਹਾਰ ਸੁ ਹੇਮ ਤਟੰ ਘਸ ਕੁੰਕਮ ਚੰਦਨ ਲੇਪ ਲਗਾਏ॥**
**੩. ਬਹੁ ਫੂਲਨ ਕੀ ਗਲ ਮਾਲ ਧਰੇ, ਪੁਨ ਪਾਟ ਦੁਕੂਲ ਸਰੀਰ ਸੁਹਾਏ॥**
**੪. ਗਤਿ ਮੰਦ ਹਰੇ ਮਨ ਨਾਰਿ ਨਹੀ ਨਰਕਾਗਨਿ ਚੰਡ ਸਿਖਾ ਚਮਕਾਏ॥੯੨॥**

ਰਮਣੀ=ਇਸਤਰੀ । ਰਮਣੀ=ਸੁੰਦਰ । ਮੁਕਤਾਹਲ=ਮੋਤੀਆਂ ਦੇ। ਹੇਮ=ਸੋਨਾ। ਤਟੰ= ਤਨੌੜੇ, ਕਾਂਟੇ। ਕੁੰਕਮ=ਕੇਸਰ। ਦੁਕੂਲ=ਕਪੜੇ। ਚੰਡ ਸਿਖਾ=ਲਾਟ ਦੀ ਚੋਟੀ।

੧. ਇਸਤਰੀ (ਆਪਣੇ ਆਪ ਵਿਚ) ਰਤੀ ਜਿੰਨੀ ਭੀ ਸੁੰਦਰ ਨਹੀਂ। ਹੋਰਨਾਂ ਚੀਜ਼ਾਂ ਦੇ ਗੁਣ (ਜਿਹੜੇ ਹਨ, ਉਹੀ) ਇਸਤਰੀ ਨੂੰ ਸੁੰਦਰ ਕਰਕੇ ਵਿਖਾਂਦੇ ਹਨ। ੨. ਜੈਸਾ ਕਿ ਗਲ ਵਿਚ ਮੋਤੀਆਂ ਦੇ ਹਾਰ, ਕੰਨਾਂ ਵਿਚ ਸੋਨੇ ਦੇ ਕਾਂਟੇ ਅਤੇ ਕੇਸਰ ਤੇ ਚੰਦਨ ਨੂੰ ਘਸਾ ਕੇ (ਸਰੀਰ ਉਤੇ ਉਨ੍ਹਾਂ ਦੇ) ਲੇਪ ਲਗਾ ਲੈਂਦੀ ਹੈ। ੩. ਬਹੁਤ ਤਰ੍ਹਾਂ ਦੇ ਫੁਲਾਂ ਦੀਆਂ ਮਾਲਾਂ ਗਲ ਵਿਚ ਪਾ ਲੈਂਦੀ ਹੈ ਅਤੇ ਫਿਰ ਪੱਟ ਦੇ ਕਪੜੇ ਸਰੀਰ ਉਤੇ ਸਜਾ ਲੈਂਦੀ ਹੈ। ੪. ਹੌਲੀ ਹੌਲੀ ਤੁਰ ਕੇ ਮਨ ਨੂੰ ਮੋਹ ਲੈਂਦੀ ਹੈ, (ਇਸ ਨੂੰ) ਇਸਤਰੀ ਨਾ ਸਮਝੋ, ਮਾਨੋ ਇਹ ਨਰਕਾਂ ਵਿਚ ਬਲ ਰਹੀ ਅਗ ਦੀ ਲਾਟ ਦੀ ਚੋਟੀ ਚਮਕ ਰਹੀ ਹੈ, (ਜੋ ਇਸ ਨਾਲ ਪਿਆਰ ਕਰਨਾ ਹੈ, ਮਾਨੋ ਨਰਕ ਅਗਨੀ ਵਿਚ ਪੈ ਕੇ ਸੜਨਾ ਹੈ) ॥ ੯੨ ॥

## ਸਵੈਯਾ ॥

**੧. ਜਿਹ ਭੂਖਨ ਨਾਰਿਨ ਕੇ ਝੁਨਕਾਰ ਸੁਨੇ, ਮਨ ਹੋਰਨ ਕੇ ਅਕੁਲਾਏ॥**
**੨. ਬਿਨ ਭਾਗ ਤਿਸੇ ਸੁ ਬਿਪੱਤਿ ਪਰੇ ਕਨ ਕੇ ਹਿਤ ਸੋ ਪੁਨ ਕਾਨਨ ਜਾਏ॥**

**੩. ਮਲਨਾਂਬਰ ਸੂਪ ਧਰੇ ਸਿਰ ਪੈ, ਪਿਠਰੀ ਪੁਨ ਸ਼ਾਮ ਕਰੇ ਲਟਕਾਏ ॥**
**੪. ਨਿਜ ਆਵਤ ਹੇਰ ਬਜ਼ਾਰ ਬਿਖੇ, ਕਵਿ ਸਿੰਘ ਗੁਲਾਬ ਨ ਕੋਊ ਲੁਭਾਏ॥੬੩॥**

ਅਕੁਲਾਵੈ=ਕਾਹਲਾ ਪੈ ਜਾਂਦਾ ਹੈ । ਕਨ=ਦਾਣੇ, ਸਿਲਾ । ਕਾਨਨ=ਬਨ, ਜੰਗਲ । ਮਲਨਾਂਬਰ=(ਮਲਨ+ਅੰਬਰ) ਮੈਲੇ ਕਪੜੇ । ਸੂਪ=ਛਜ । ਪਿਠਰੀ=ਹਾਂਡੀ ।

ਹੋਰ ਵੇਖੋ ! ੧. ਜਿਸ ਇਸਤ੍ਰੀ ਦੇ ਗਹਿਣਿਆਂ ਦੇ ਛਣਕਾਰ ਨੂੰ ਸੁਣ ਕੇ (ਉਸ ਦਾ ਰੂਪ) ਵੇਖਣ ਵਾਸਤੇ ਮਨ ਕਾਹਲਾ ਪੈ ਜਾਂਦਾ ਹੈ । ੨. ਜੇ ਕਿਸੇ ਸਮੇਂ ਉਹ ਇਸਤ੍ਰੀ ਭਾਗਾਂ ਤੋਂ ਹੀਣੀ ਹੋ ਜਾਏ ਤੇ ਉਸ ਨੂੰ ਬਿਪਤਾ ਪੈ ਜਾਏ, ਫਿਰ ਉਹ ਦਾਣੇ ਚੁਗਣ ਵਾਸਤੇ ਬਣ ਵਿਚ ਚਲੀ ਜਾਏ । ੩. ਉਸ ਦੇ ਕਪੜੇ ਮੈਲੇ ਚਿਕੜ ਵਰਗੇ ਹੋਣ, ਸਿਰ ਉਤੇ ਦਾਣਿਆਂ ਦਾ ਛਜ ਧਰਿਆ ਹੋਵੇ ਤੇ ਕਾਲੀ ਜਿਹੀ ਹਾਂਡੀ ਹਥ ਵਿਚ ਲਟਕਾਈ ਹੋਵੇ । ੪. ਇਸ ਤਰ੍ਹਾਂ ਦੀ ਸ਼ਕਲ ਵਾਲੀ ਰਾਤ ਸਮੇਂ ਤੁਰੀ ਆਉਂਦੀ ਹੋਵੇ ਤਾਂ ਗਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਉਸ ਨੂੰ ਬਾਜ਼ਾਰ ਵਿਚ ਵੇਖ ਕੇ ਕੋਈ ਪੁਰਸ਼ ਭੀ ਉਸ ਉਤੇ ਲੁਭਾਇਮਾਨ (ਮੋਹਤ) ਨਹੀਂ ਹੋਵੇਗਾ । ਇਸ ਤੋਂ ਸਾਫ ਸਿਧ ਹੁੰਦਾ ਹੈ ਕਿ ਇਸਤ੍ਰੀ ਸੁੰਦਰ ਨਹੀਂ, ਉਸ ਦਾ ਪਹਿਰਨਾ ਪਚਰਨਾ ਹੀ ਸੁੰਦਰ ਹੈ, ਉਹ ਗਹਿਣਿਆਂ ਕਪੜਿਆਂ ਨਾਲ ਹੀ ਸੋਹਣੀ ਹੈ, ਇਸਤਰੀ ਨਹੀਂ ਹੈ, ਇਹ ਤਾਂ ਗੰਦ ਮੰਦ ਦਾ ਹੀ ਥੈਲਾ ਹੈ ॥ ੬੩ ॥

**ਦੋਹਰਾ–੧. ਪਾਪੀ ਕਾਮ ਚੰਡਾਲ ਤੂੰ ਜੋ ਉਰ ਕਰੇਂ ਮਲਾਨ ॥**
**੨. ਤੋ ਬਯਾਕੁਲ ਜਨ ਹੋਤ ਹੈਂ ਐਸੇ ਕਰਤ ਬਖਾਨ ॥ ੬੪ ॥**

੧. ਹੇ ਪਾਪੀ ਕਾਮ ! ਤੂੰ ਵਡਾ ਚੰਡਾਲ ਹੈਂ, ਜਦ ਤੂੰ (ਪੁਰਸ਼ਾਂ ਦੇ) ਹਿਰਦੇ ਨੂੰ ਮਲੀਨ ਕਰਦਾ ਹੈਂ । ੨. ਤਦ ਹੀ ਪੁਰਸ਼ ਵਿਆਕੁਲ ਹੋ ਕੇ ਇਸ ਤਰ੍ਹਾਂ ਨਾਲ ਕਥਨ ਕਰਦਾ ਹੈ ॥ ੬੪ ॥

**ਸਵੈਯਾ ॥**

**੧. ਯਹਿ ਕਾਮਨਿ ਮੋਹਿ ਚਿਤਾਰਤ ਹੈ ਪੁਨ ਚੰਦ ਮੁਖੀ ਸੁ ਅਨੰਦ ਨਿਹਾਰੇ ॥**
**੨. ਦ੍ਰਿਗ ਨੀਲ ਸਰੋਜ ਸੁ ਪੀਨ ਕੁਚਾ ਸੁ ਅਲਿੰਗਨ ਕੇ ਹਿਤ ਉਦਮ ਧਾਰੇ ॥**
**੩. ਸਠ ਕੌਨ ਚਹੇ ਤਵ ਕੌਨ ਪਿਖੇ ਯੁਵਤੀ ਮਲ ਹਾਡ ਸੁ ਮਾਸ ਬਿਕਾਰੇ ॥**
**੪. ਸੁ ਪ੍ਰਮਾਨ ਅਮੂਰਤ ਚੇਤਨ ਜੋ ਤਵ ਹੇਰਤ ਮੂਢ ਨਹੀਂ ਤਬ ਸਾਰੇ ॥ ੬੫ ॥**

੧. ਇਹ ਇਸਤ੍ਰੀ ਮੈਨੂੰ ਹੀ ਵੇਖਦੀ ਰਹਿੰਦੀ ਹੈ ਅਤੇ ਚੰਦ੍ਰਮਾ ਵਰਗੇ ਮੁਖੜੇ ਵਾਲੀ ਹਰ ਵੇਲੇ ਹੀ ਅਨੰਦ ਪ੍ਰਸੰਨ ਦਿਸਦੀ ਹੈ । ੨. ਨੀਲੇ ਕਮਲ ਵਰਗੀਆਂ (ਇਸ ਦੀਆਂ) ਅਖਾਂ ਹਨ, ਕਰੜੇ ਮੰਮੇ ਹਨ ਅਤੇ ਮੇਰੇ ਨਾਲ ਭੋਗ ਬਿਲਾਸ ਕਰਨ ਵਾਸਤੇ ਕਈ ਤਰ੍ਹਾਂ ਦੇ ਯਤਨ ਕਰਦੀ ਹੈ ।

(ਜਿਹੜਾ ਪੁਰਸ਼ ਇਹ ਸੋਚਾਂ ਕਰਦਾ ਹੈ ਅਤੇ ਦਿਨੇ ਰਾਤ ਇਸੇ ਵਿਚਾਰ ਵਿਚ ਪੈ ਕੇ ਧਰਮ ਕਰਮ ਤੋਂ ਭ੍ਰਸ਼ਟ ਹੋ ਚੁਕਾ ਹੈ, ਉਸ ਤੋਂ ਪੁਛਦੇ ਹਾਂ)–

੩. ਮੂਰਖਾ ! ਤੈਨੂੰ ਕੌਣ ਚਾਹੁੰਦਾ ਹੈ ? ਅਤੇ ਤੈਨੂੰ ਕੌਣ ਵੇਖਦਾ ਹੈ ? (ਜੇ ਇਸ ਦਾ ਉਤਰ ਦੇਵੇ ਕਿ) 'ਇਸਤ੍ਰੀ' (ਵੇਖਦੀ ਹੈ, ਤਾਂ ਮੈਂ ਪੁਛਦਾ ਹਾਂ ਇਸਤ੍ਰੀ ਦਾ ਸਰੀਰ ਤਾਂ) ਗੰਦਗੀ, ਹੱਡ ਤੇ ਮਾਸ ਦਾ ਵਿਕਾਰ ਹੈ (ਇਹ ਚੀਜ਼ਾਂ ਜੜ੍ਹ ਹਨ, ਇਹਨਾਂ ਵਿਚ ਵੇਖਣਾ ਤੇ ਚਾਹੁਣਾ ਨਹੀਂ ਬਣ ਸਕਦਾ, ਫੇਰ ਤੈਨੂੰ ਚਾਹੁੰਦਾ ਕੌਣ ਹੈ ਅਤੇ ਵੇਖਦਾ ਕੌਣ ਹੈ ? ਜੇ ਉਤਰ ਦੇਵੇ ਕਿ ਇਸਤ੍ਰੀ ਦੇ ਸਰੀਰ ਵਿਚ ਜੋ ਆਤਮਾ ਹੈ, ਉਹ ਵੇਖਦਾ ਅਤੇ ਚਾਹੁੰਦਾ ਹੈ ਤਾਂ ਅਸੀਂ ਫੇਰ ਪੁਛਦੇ ਹਾਂ)–

੪. ਪੁਰਖ ਅਮੂਰਤ ਚੇਤਨ ਹੈ ਜੋ ਪ੍ਰਮਾਤਮਾ ਰੂਪ ਹੈ, ਉਹ ਤੈਨੂੰ ਵੇਖਦਾ ਹੈ ? ਮੂਰਖਾ ! ਇਸ ਗੱਲ ਦੀ

Sri Satguru Jagjit Singh Ji Elibrary NamdhariElibrary@gmail.com

ਤੈਨੂੰ ਖਬਰ ਹੀ ਨਹੀਂ ਹੈ। (ਕਿਉਂਕਿ)–

(ਉਹ ਅਮੂਰਤ ਚੇਤਨ ਹੈ, ਜੋ ਇਸਤ੍ਰੀ ਵਿਚ ਹੈ, ਓਹੀ ਤੇਰਾ ਆਪਣਾ ਆਪ ਹੈ ਅਤੇ ਅਕਾਰ ਤੋਂ ਭੀ ਰਹਿਤ ਹੈ, ਉਸ ਵਿਚ ਭੀ ਵੇਖਣਾ ਤੇ ਚਾਹੁਣਾ ਨਹੀਂ ਬਣ ਸਕਦਾ, ਕਾਰਨ ਇਹ ਹੈ, ਕਿ 'ਵੇਖਣਾ' ਉਸ ਵਸਤੂ ਦਾ ਹੋ ਸਕਦਾ ਹੈ, ਜੋ ਆਪਣੇ ਤੋਂ ਭਿੰਨ ਤੇ ਸਾਕਾਰ ਵਾਲੀ ਹੋਵੇ, ਉਹ ਆਤਮਾ ਤੇਰਾ ਹੀ ਆਪਣਾ ਆਪ ਹੈ ਅਤੇ ਦੇਹ ਤੋਂ ਰਹਿਤ ਹੈ, ਉਹ ਨਾ ਵੇਖ ਸਕਦਾ ਹੈ ਨਾ ਦਿੱਸ ਸਕਦਾ ਹੈ, ਨਾ ਉਹ ਚਾਹਣਾ ਕਰ ਸਕਦਾ ਹੈ, ਨਾ ਚਾਹਿਆ ਜਾ ਸਕਦਾ ਹੈ। ਇਹ ਸਾਰਾ ਕਥਨ ਹੀ ਕਾਮ ਦਾ ਮੋਹਿਆ ਪੁਰਸ਼ ਕਰਦਾ ਹੈ, ਜੋ ਵਿਚਾਰ ਤੋਂ ਰਹਿਤ ਹੈ, ਜਿਵੇਂ ਸ਼ਰਾਬ ਨਾਲ ਬੇਸੁਧ ਹੋਇਆ ਪੁਰਸ਼ ਐਵੇਂ ਹੀ ਅੰਡ-ਬੰਡ ਬੋਲੀ ਜਾਂਦਾ ਹੈ, ਇਵੇਂ ਹੀ ਕਾਮ ਕਰਕੇ ਅੰਨ੍ਹਾਂ ਹੋਇਆ ਪੁਰਸ਼ ਐਵੇਂ ਹੀ ਬਕੜਵਾਦ ਕਰਦਾ ਰਹਿੰਦਾ ਹੈ ॥ ੬੫ ॥

ਪ੍ਰਤਿਹਾਰੀ ਉਵਾਚ ॥

**ਸਵੈਯਾ ॥**

**੧. ਇਤ ਆਵਹੁ ਹੇ ਵਡਭਾਗ ਸੁਨੋ ਤਬ ਦੋਨ ਚਲੇ ਪਗ ਬੇਗ ਉਠਾਏ ॥**
**੨. ਇਹ ਰਾਜਨ ਕੇ ਅਧਿਰਾਜ ਬਿਬੇਕ ਸਮੀਪ ਚਲੋ ਤੁਮ ਬੇਰ ਮਿਟਾਏ ॥**
**੩. ਤਬ ਜਾਇ ਸਮੀਪ ਬਿਚਾਰ ਕਹਯੋ ਜਯ ਦੇਵਨ ਦੇਵ ਬਡੇ ਸੁਖਦਾਏ ॥**
**੪. ਕਰੁਣਾ ਕਰਕੇ ਇਤ ਓਰ ਪਿਖੋ ਯਹ ਵਸਤੁ ਵਿਚਾਰ ਲਗੇ ਤਵ ਪਾਏ ॥੬੬॥**

(ਜਦ ਵਸਤੂ ਵਿਚਾਰ ਇਸ ਤਰ੍ਹਾਂ ਕਹਿ ਰਹੀ ਸੀ, ਤਦ) ਚੋਬਦਾਰਨੀ ਨੇ ਉਸ ਨੂੰ ਕਿਹਾ–੧. ਹੇ ਵਡੇ ਭਾਗਾਂ ਵਾਲੀਏ! (ਮੇਰੀ ਅਰਜ਼ ਨੂੰ ਸੁਣੋ), ਅਤੇ ਇਧਰ ਨੂੰ ਆਓ (ਚਲੀਏ, ਤਦ ਫੇਰ ਦੋਵੇਂ ਹੀ ਛੋਟੀ ਛੋਟੀ ਕਦਮ ਚੁਕਕੇ ਤੁਰ ਪਈਆਂ, ਅਗੇ ਜਾਕੇ ਚੋਬਦਾਰਨੀ ਨੇ ਫੇਰ ਕਿਹਾ। ੨. ਰਾਜਿਆਂ ਦੇ ਮਹਾਰਾਜ ਬਿਬੇਕ ਮਹਾਰਾਜ ਜੀ ਇਹ ਬੈਠੇ ਹਨ, ਤੂੰ) ਦੇਰੀ ਨੂੰ ਛਡਕੇ ਇਨ੍ਹਾਂ ਦੇ ਕੋਲ ਜਾਹ। ੩. ਤਦ ਫਿਰ ਵਸਤੂ ਵਿਚਾਰ ਨੇ ਕੋਲ ਜਾਕੇ ਕਿਹਾ–ਹੇ ਦੇਵਤਿਆਂ ਦੇ ਦੇਵਤੇ! (ਆਪ ਦੀ) ਜੈ ਹੋਵੇ, ਆਪ ਵਡਾ ਹੀ ਸੁਖ ਦੇਣ ਵਾਲੇ ਹੋ। ੪. ਕੋਲੋਂ ਚੋਬਦਾਰਨੀ ਨੇ ਕਿਹਾ–ਹੇ ਮਹਾਰਾਜ! ਕ੍ਰਿਪਾ ਕਰਕੇ ਇਸ ਪਾਸੇ ਵੱਲ ਵੇਖੋ ਇਹ ਵਸਤੂ ਵਿਚਾਰ (ਨਾਮ ਵਾਲਾ ਯੋਧਾ) ਆਪ ਦੀ ਚਰਨੀ ਲੱਗ ਰਿਹਾ ਹੈ ॥ ੬੬ ॥

**ਸਵੈਯਾ ॥**

**੧. ਸੁ ਬਿਬੇਕ ਕਹਯੋ ਇਹ ਠੌਰ ਨਿਵਾਸ ਕਰੋ ਸ੍ਰਮ ਆਪਨ ਦੂਰ ਨਿਵਾਰੋ ॥**
**੨. ਵਸਤੁ ਵਿਚਾਰ ਸੁ ਬੈਠ ਗਯੋ ਪੁਨ ਜੋਰ ਦੋਊ ਕਰ ਕੀਨ ਉਚਾਰੋ ॥**
**੩. ਯਹ ਕਿੰਕਰ ਦੇਵ ਸਮੀਪ ਅਯੋ, ਕਰੁਣਾ ਕਰਿਕੇ ਕਛੁ ਆਇਸ ਧਾਰੋ ॥**
**੪. ਸੁ ਬਿਬੇਕ ਕਹਯੋ ਮਹਾਂ ਮੋਹ ਕੇ ਸੰਗ ਸੁ ਹੋਵਤ ਹੈ ਜਗ ਜੰਗ ਹਮਾਰੋ ॥੬੭॥**

ਚੋਬਦਾਰਨੀ ਪਾਸੋਂ ਸੁਣਕੇ ੧. ਉਸ ਵੇਲੇ ਬਿਬੇਕ ਰਾਜੇ ਨੇ ਕਿਹਾ–ਹੇ ਵਸਤੂ ਵਿਚਾਰ! ਇਸ ਜਗ੍ਹਾ ਤੇ ਬਿਸਰਾਮ ਕਰਕੇ ਆਪਣੇ ਥਕੇਵੇਂ ਨੂੰ ਦੂਰ ਕਰ ਲੈ। ੨. ਹੁਕਮ ਮੰਨਕੇ, ਵਸਤੂ ਵਿਚਾਰ ਉਥੇ ਬੈਠ ਗਿਆ, ਫਿਰ ਥੋੜੇ ਚਿਰ ਮਗਰੋਂ ਦੋਵੇਂ ਹੱਥ ਜੋੜਕੇ ਉਸਨੇ ਬੇਨਤੀ ਕੀਤੀ। ੩. ਹੇ ਸੁਆਮੀ! ਇਹ ਦਾਸ ਆਪ ਦੇ ਚਰਨਾਂ ਵਿਚ ਹਾਜ਼ਰ ਹੋਇਆ ਹੈ, ਕ੍ਰਿਪਾ ਕਰਕੇ ਕੁਝ ਦਾਸ ਨੂੰ ਸੇਵਾ ਬਖਸ਼ੋ, ਅਤੇ ਆਗਿਆ ਦਿਓ। ੪. ਉਸਨੂੰ ਬਿਬੇਕ (ਰਾਜੇ ਨੇ) ਕਿਹਾ–ਹੇ ਵਸਤੂ ਵਿਚਾਰ! ਇਹ ਗਲ ਜਗਤ (ਵਿਚ ਨਿਸਚਿਤ ਹੈ, ਕਿ) ਮਹਾਂ ਮੋਹ ਦੇ ਨਾਲ ਸਾਡਾ ਜੰਗ ਹੋਣ ਵਾਲਾ (ਬਿਲਕੁਲ ਹੀ ਤਿਆਰ) ਹੈ ॥ ੬੭ ॥

Sri Satguru Jagjit Singh Ji Elibrary NamdhariElibrary@gmail.com

**ਸਵੈਯਾ ॥**

**੧. ਮੋਹ ਬਲੀ ਸੁ ਪਤਾਕਨ ਮੈਂ, ਪ੍ਰਥਮੇ ਸਰਦਾਰ ਸੁ ਕਾਮ ਬਨਾਯੋ ॥**
**੨. ਤਾ ਪ੍ਰਤਿ ਵੀਰ ਸੁ ਨੈਨਨ ਮੈਂ ਹਮਰੇ ਮਨ ਮੈਂ ਇਕ ਤੂੰ ਜਗ ਆਯੋ ॥**
**੩. ਮਮ ਧੰਨ ਬਿਚਾਰ ਕਹਯੋ ਮੁਖ ਤੇ ਭਟ ਕੋਟਨ ਮੈਂ ਪ੍ਰਭਿ ਮੋਹਿ ਬੁਲਾਯੋ ॥**
**੪. ਮਾਰ ਕਰੌਂ ਸੁਤ ਖੰਡ ਮਨੋਜਹਿ, ਜੰਬਕ ਪੁੰਜ ਸੁ ਖਾਇ ਅਘਾਯੋ ॥ ੬੮ ॥**

ਪਤਾਕਨ=ਫੌਜਾਂ। ਪ੍ਰਤਿ ਵੀਰ=ਮੁਕਾਬਲੇ ਦਾ ਸੂਰਮਾ। ਜੰਬੁਕ=ਗਿੱਦੜ।

੧. ਉਹ ਮਹਾਂ ਮੋਹ ਨੇ ਆਪਣੀ ਬਲਵਾਨ ਸੈਨਾਂ ਦਾ ਪਹਿਲਾ ਸਰਦਾਰ 'ਕਾਮ' ਨੂੰ ਬਣਾਇਆ ਹੈ। ੨. ਉਸ 'ਕਾਮਦੇਵ' ਦੇ ਮੁਕਾਬਲੇ ਦਾ ਸੂਰਮਾ ਸਾਰੇ ਜਗਤ ਵਿਚ ਮੇਰੀਆਂ ਅੱਖਾਂ ਵਿਚ ਇਕ ਤੂੰ ਹੀ ਨਜ਼ਰ ਆਇਆ ਹੈਂ। ੩. ਵਸਤੂ ਵਿਚਾਰ ਨੇ ਕਿਹਾ-ਹੇ ਪ੍ਰਭੋ! (ਜੇ ਅਜੇਹੀ ਗੱਲ ਹੈ, ਤਦ ਮੈਂ ਆਪਣੇ ਧੰਨ ਭਾਗ ਸਮਝਕੇ ਆਪਣੇ ਆਪ ਨੂੰ) ਧੰਨ ਮੰਨਦਾ ਹਾ, ਕਿਉਂਕਿ ਕ੍ਰੋੜਾਂ ਸੂਰਮਿਆਂ ਵਿਚੋਂ ਆਪ ਨੇ ਮੈਨੂੰ ਭੀ ਬੁਲਾਯਾ ਹੈ (ਇਹ ਕੋਈ ਛੋਟੀ ਜੇਹੀ ਵਡਿਆਈ ਨਹੀਂ ਹੈ ਇਸ ਵਡਿਆਈ ਨਾਲ ਤਾਂ ਮੇਰਾ ਜਸ ਤਿੰਨਾਂ ਲੋਕਾਂ ਵਿਚ ਛਾ ਗਿਆ ਹੈ, ਆਪ ਨੇ ਇਕ ਨੀਚ ਕੀੜੇ ਨੂੰ ਇੰਦ੍ਰ ਲੋਕ ਦਾ ਰਾਜ ਬਖਸ਼ ਦੇਣ ਵਾਂਗੂੰ ਸਭ ਤੋਂ ਉਚ ਪਦਵੀ ਬਖਸ਼ੀ ਹੈ, ਹੇ ਪ੍ਰਭੂ! ਮੈਂ ਆਪਦਾ ਨਿਮਕ ਹਲਾਲ ਸੇਵਕ ਹਾਂ, ਮੈਂ)। ੪. ਕਾਮ ਨੂੰ ਮਾਰਕੇ ਉਸਦੇ ਸੌ ਟੁਕੜੇ ਕਰਾਂਗਾ, ਉਸ ਦੇ ਮਾਸ ਨੂੰ ਖਾਕੇ ਗਿੱਦੜਾਂ ਦਾ ਝੁੰਡ ਰੱਜ ਕੇ (ਤੁਹਾਡੇ ਸਿਰ ਨੂੰ ਅਸੀਸਾਂ ਦੇਵੇਗਾ, ਜੇ ਅਜਿਹਾ ਕਰਾਂਗਾ, ਤਾਂ ਹੀ ਆਪਣਾ ਨਾਮ 'ਵਸਤੂ ਵਿਚਾਰ' ਕਹਾਉਣ ਦਾ ਹੱਕਦਾਰ ਹੋਵਾਂਗਾ, ਪ੍ਰਭੋ ! ਮੈਂ ਨਿਸਚੇ ਹੀ ਉਸ ਨੂੰ ਮਾਰ ਸੁਟਾਂਗਾ ॥ ੬੮ ॥

ਰਾਜਾ ਉਵਾਚ ॥

**ਦੋਹਰਾ-੧. ਵਸਤੁ ਵਿਚਾਰ ਉਦਾਰ ਅਤਿ ਸਸਤ੍ਰ ਵਿਦਯਾ ਕੌਣ ॥**
**੨. ਜਾਂਕਰ ਹਨੇ ਮਨੋਜ ਰਣ, ਮੋਹਿ ਬਤਾਵੋ ਤੌਨ ॥ ੬੯ ॥**

੧. ਵਸਤੂ ਵਿਚਾਰ ਦੀ ਅਜਿਹੀ ਦਲੇਰੀ ਸੁਣਕੇ, ਬਿਬੇਕ ਰਾਜੇ ਨੇ ਕਿਹਾ-ਹੇ ਵਸਤੂ ਵਿਚਾਰ! (ਇਹ ਤਾਂ ਸੱਚ ਹੈ ਕਿ ਤੂੰ) ਬੜਾ ਹੀ ਉਦਾਰ ਯੋਧਾ ਹੈਂ, (ਪਰ ਤੂੰ) ਕਿਹੜੀ ਸ਼ਸਤਰ ਵਿਦਿਆ (ਵਿਚ ਚਤੁਰ ਹੈਂ)। ੨. ਜਿਸ ਨਾਲ ਤੂੰ ਕਾਮਦੇਵ ਨੂੰ ਜੰਗ ਵਿਚ ਮਾਰੇਂਗਾ, ਮੈਨੂੰ ਉਹ (ਸ਼ਸਤਰ ਵਿਦਿਆ) ਵਰਣਨ ਕਰਕੇ ਸੁਣਾਓ ॥ ੬੯ ॥

ਵਸਤੂ ਵਿਚਾਰ ਉਵਾਚ ॥

**ਦੋਹਰਾ-੧. ਅਹੇ ਪੰਚ ਸਰ ਹਾਥ ਮੈਂ ਫੂਲਨ ਕੇ ਧਨੁ ਆਹਿ ॥**
**੨. ਤਾਂ ਜੀਤਨ ਹਿਤ ਸਸਤ੍ਰ ਕੀ ਗ੍ਰਹਣ ਅਪੇਖਯਾ ਨਾਹਿ ॥ ੭੦ ॥**

ਸਰ=ਪੰਜ। ਧਨੁ=ਧਨੁਖ। ਗ੍ਰਹਣ=ਫੜਣ। ਅਪੇਖਯਾ=ਲੋੜ।

ਵਸਤੂ ਵਿਚਾਰ ਨੇ ਉਤਰ ਦਿਤਾ-ਹੇ ਪ੍ਰਭੋ! (ਕਾਮ ਦੇ) ਹੱਥ ਵਿਚ ਪੰਜ ਮੋਹਨ, ਤਾਪਨ, ਵਸੀ ਕਰਨ ਉਦਮਾਦਨ ਤੇ ਉਚਾਟਨ-ਤੀਰ ਹਨ ਅਤੇ ਫੁਲਾਂ ਦਾ ਧਨੁਖ ਹੈ। (ਇਸ ਲਈ) ਉਸ ਨੂੰ ਜਿੱਤਨ ਦੇ ਵਾਸਤੇ (ਮੈਨੂੰ ਕਿਸੇ) ਸ਼ਸਤ੍ਰ ਦੇ ਫੜਨ ਦੀ ਲੋੜ ਹੀ ਨਹੀਂ ਹੈ ॥ ੭੦ ॥

Sri Satguru Jagjit Singh Ji Elibrary NamdhariElibrary@gmail.com

ਸਵੈਯਾ ॥

੧. ਗਢ ਦੇਹ ਮਨੋਜ ਕੇ ਦ੍ਵਾਰ ਜਿਤੇ, ਦ੍ਰਿਢ ਰੋਕ ਕਰੋਂ ਤਿਹ ਬ੍ਯਾਕੁਲ ਭਾਰੀ ॥
੨. ਨਿਜ ਰਾਖਨ ਹੇਤ ਚਿਤੇ ਅਬਲਾ ਪੁਨ, ਦੂਰਹ ਤੇ ਜੁ ਪਿਖੇ ਵਹੁ ਨਾਰੀ ॥
੩. ਤਬ ਮੈਂ ਪਰਣਾਮ ਸੁ ਦੂਖ ਕਹੋਂ ਮਲ ਮੂਤ ਭਰੀ ਸੁ ਦਿਖਾਵਹੁ ਸਾਰੀ ॥
੪. ਇਹ ਭਾਂਤਿ ਮਨੋਜ ਕਰੋਂ ਬਲ ਖੀਨ, ਸੁ ਲੇਵਹੁ ਤਾਂ ਖਿਨ ਭੀਤਰ ਮਾਰੀ ॥੭੧॥

੧. ਇਸ ਦੇਹ ਰੂਪ ਕਿਲੇ ਵਿਚ ਕਾਮ ਦੇ ਆਉਣ ਜਾਣ ਨੂੰ ਜਿੰਨੇ ਭੀ ਦਰਵਾਜ਼ੇ ਹਨ, (ਉਨ੍ਹਾਂ ਸਾਰੇ ਦਰਵਾਜ਼ਿਆਂ ਨੂੰ) ਪੱਕੀ ਤਰ੍ਹਾਂ ਨਾਲ ਬੰਦ ਕਰਕੇ ਉਨ੍ਹਾਂ ਨੂੰ (ਆਉਣ ਜਾਣ ਵਲੋਂ ਰੋਕ ਲੈਣ ਤੇ) ਬੜਾ ਭਾਰੀ ਦੁਖੀ ਕਰ ਦੇਵਾਂਗਾ (ਅਰਥਾਤ ਇਸ ਦੇ ਦਰਵਾਜ਼ੇ ਇੰਦਰੇ ਹਨ, ਇਨ੍ਹਾਂ ਇੰਦ੍ਰਿਆਂ ਦੇ ਰਾਹ ਹੀ ਕਾਮ ਦੇ ਵਿਕਾਰ ਫੁਰਦੇ ਹਨ, ਇਨ੍ਹਾਂ ਨੂੰ ਵਿਚਾਰ ਦੇ ਤਖਤੇ ਲਾਕੇ, ਇੰਦ੍ਰਿਆਂ ਨੂੰ ਫੁਰਨੇ ਤੋਂ ਰਹਿਤ ਕਰ ਦੇਵਾਂਗਾ, ਪਹਿਲੇ ਤਾਂ ਮੈਂ ਕਾਮ ਨੂੰ ਇਸ ਤਰ੍ਹਾਂ ਦੁਖੀ ਕਰਾਂਗਾ)। ੨. ਫੇਰ ਕਾਮ ਆਪਣੇ ਆਪ ਨੂੰ ਜੀਉਂਦਾ ਰਖਣ ਵਾਸਤੇ 'ਇਸਤ੍ਰੀ' ਨੂੰ ਯਾਦ ਕਰੇਗਾ, ਤਦ ਜੇਕਰ ਉਹ ਦੂਰ ਤੋਂ ਹੀ ਕਿਸੇ ਇਸਤ੍ਰੀ ਨੂੰ ਵੇਖ ਲਏਗਾ। ੩. ਤਦ ਮੈਂ ਇਸ ਕਰਮ ਦਾ ਫਲ ਦੁਖ ਕਹਿ ਸੁਣਾਵਾਂਗਾ ਅਤੇ ਇਸਤ੍ਰੀ ਦੇ ਸਰੀਰ ਵਿਚ ਜਿੰਨਾ ਭੀ ਗੂਹ, ਮੂਤ੍ਰ, ਥੁਕ, ਸੀਂਢ ਤੇ ਗਿੱਡ ਆਦਿਕ ਭਰਿਆ ਹੋਇਆ ਹੈ, ਉਹ ਸਾਰੇ ਦਾ ਸਾਰਾ ਅੱਖੀਂ ਵਿਖਾ ਦੇਵਾਂਗਾ)। ੪. ਇਸ ਤਰੀਕੇ ਨਾਲ ਮੈਂ ਕਾਮ ਨੂੰ ਬਲ ਤੋਂ ਖੀਨ ਕਰ ਦੇਵਾਂਗਾ ਅਤੇ ਫਿਰ ਇਕ ਖਿਨ ਵਿਚ ਹੀ ਉਸ ਨੂੰ ਮਾਰ ਲਵਾਂਗਾ ॥ ੭੧ ॥

ਦੋਹਰਾ—੧. ਸਾਧ ਸਾਧ ਭੂਪਤਿ ਕਹਯੋ, ਬੋਲਯੋ ਬਹੁਰ ਬਿਚਾਰ ॥
੨. ਜਿਹ ਬਿਧਿ ਜੀਤੋਂ ਕਾਮ ਅਰਿ, ਰਾਜਨ ਸੁਣੋ ਪ੍ਰਕਾਰ ॥ ੭੨ ॥

੧. ਵਸਤੂ ਵਿਚਾਰ ਦੇ ਇਨ੍ਹਾਂ ਬਚਨਾਂ ਨੂੰ ਸੁਣਕੇ. ਬਿਬੇਕ ਰਾਜੇ ਕਿਹਾ—ਸ਼ਾਬਾਸ਼! ਸ਼ਾਬਾਸ਼! (ਇਸਦੇ ਮਗਰੋਂ ਵਸਤੂ) ਵਿਚਾਰ ਫੇਰ ਕਹਿਣ ਲਗਾ। ੨. ਹੇ ਰਾਜਨ! ਜਿਸ ਬਿਧੀ ਕਰਕੇ, ਮੈਂ (ਆਪਣੇ) ਵੈਰੀ 'ਕਾਮ' ਨੂੰ ਜੰਗ ਵਿਚ ਜਿੱਤਾਂਗਾ, (ਆਪ ਉਹ) ਤਰੀਕਾ ਭੀ ਧਿਆਨ ਦੇ ਕੇ ਸੁਣੋਂ ॥ ੭੨ ॥

ਸਵੈਯਾ ॥

੧. ਪਾਵਨ ਹੈ ਸਰਿਤਾ ਜਗ ਮੈਂ ਘਨ ਕਾਨਨ ਤੀਰ ਬਿਖੇ ਅਤਿ ਛਾਏ ॥
੨. ਕੋਮਲ ਸੇਲ ਸਿਲਾ ਤਲ ਹੈ, ਗਿਰਿ ਵਾਸ ਇਕੰਤ ਮਹਾਂ ਸੁਖ ਦਾਏ ॥
੩. ਜੋ ਸਮ ਵਾਕ ਬਿਆਸ ਕਥਾ, ਸਤ ਸੰਗਤਿ ਭਾਗ ਬਡੇ ਜਨ ਪਾਏ ॥
੪. ਤੌ ਕਹਿ ਨਾਰਿ ਮਲੀਨ ਹਰੇ ਮਨ, ਔਰ ਮਨੋਜ ਕਹਾਂ ਉਪਜਾਏ ॥ ੭੩ ॥

੧. ਹੇ ਰਾਜਨ! ਜਗਤ ਵਿਚ ਜੋ ਪਵਿਤ੍ਰ ਨਦੀ (ਸ੍ਰੀ ਗੰਗਾ ਜੀ) ਹੈ, ਅਤੇ ਉਸ ਦੇ ਕੰਢੇ ਉਤੇ ਸੰਘਣੇ ਬਨ ਵਿਚ ਬੜੇ ਸੁਹਾਵਣੇ ਬ੍ਰਿਛ ਸ਼ੋਭਾ ਪਾ ਰਹੇ ਹਨ। ੨. ਕੋਮਲ (ਘਾਸ ਦਾ ਵਿਛੌਣਾ ਤੇ) ਪਹਾੜ ਦੀਆਂ ਸਿਲਾਂ ਦੇ ਉਪਰਲਾ ਪਾਸਾ (ਬੈਠਣ ਵਾਸਤੇ ਸਿੰਘਾਸਨ ਹੈ ਅਤੇ) ਪਹਾੜ ਦੀਆਂ (ਗੁਫਾਂ ਹੀ) ਵੱਸਣ ਦੇ ਵਾਸਤੇ ਇਕਾਂਤ (ਅਵਾਸ, ਜੋ) ਬੜਾ ਹੀ ਸੁਖਦਾਈ ਹੈ। ੩. ਜੋ (ਇਸ ਤਰ੍ਹਾਂ ਦੇ ਸਥਾਨ ਨੂੰ ਪ੍ਰਾਪਤ ਕਰਕੇ) ਸਮਾਨ (ਭਾਵ ਵਾਲੇ) ਬਚਨ ਅਤੇ ਬਿਆਸ (ਜੀ ਦੀ ਉਚਾਰਨ ਕੀਤੀ ਹੋਈ ਸ੍ਰੀ ਮਦ ਭਾਗਵਤ ਮਹਾਂ ਪੁਰਾਨ ਦੀ ਪਵਿਤ੍ਰ) ਜਾਂ ਭਾਗਵਤ ਗੀਤਾ ਦੀ ਕਥਾ ਨੂੰ ਪੜ੍ਹਦਾ ਜਾਂ ਸੁਣਦਾ ਹੈ ਅਤੇ ਉਨ੍ਹਾਂ ਦੀ ਸਤਸੰਗਤ ਦਾ ਮਿਲਾਪ ਜਿਹੜਾ ਜਨ ਵਡੇ ਭਾਗਾਂ ਨਾਲ ਪਾ ਲਏਗਾ। ੪. ਇਹ ਮਲੀਣ ਇਸਤ੍ਰੀ, ਤਦ ਫਿਰ ਉਸ ਦੇ ਪਵਿਤ੍ਰ

ਮਨ ਨੂੰ ਕਿਵੇਂ ਮੋਹ ਸਕੇਗੀ ? ਅਤੇ ਕਾਮ ਦੇ ਵਿਕਾਰ ਕਿਥੋਂ ਪੈਦਾ ਹੋਣਗੇ ? ॥ ੭੩ ॥

**ਸਵੈਯਾ ॥**

**੧. ਕਾਮ ਕੁ ਆਯੁਧ ਏਕ ਪ੍ਰਧਾਨ ਇਹੈ, ਅਬਲਾ ਜਗ ਭੀਤਰ ਗਾਯੋ ॥**
**੨. ਤਾਂਹਿ ਜਿਤੇ ਪੁਨ ਕਾਮ ਸਹਾਇਕ, ਉਦਮ ਹੋਵਹਿਗੋ ਵਿਫਲਾਯੋ ॥**
**੩. ਭੰਗ ਕਰੋਂ ਜਬ ਕਾਮ ਸਹਾਇਕ ਤੌ ਯਹਿ ਪ੍ਰਾਣ ਤਜੇ ਦੁਖ ਦਾਯੋ ॥**
**੪. ਕਾਮ ਸਹਾਇਕ ਜੇ ਜਗ ਮੈਂ, ਤਿਹ ਨਾਮ ਕਹੌਂ ਸੁ ਸੁਨੋ ਮਨ ਲਾਯੋ ॥੭੪॥**

੧. ਹੇ ਰਾਜਨ ! ਇਕੋ ਇਹ ਇਸਤ੍ਰੀ ਹੀ ਸਾਰੇ ਜਗਤ ਵਿਚ ਕਾਮ ਦਾ ਪ੍ਰਧਾਨ ਸ਼ਸਤ੍ਰ ਕਿਹਾ ਜਾਂਦਾ ਹੈ। ੨. ਉਸ ਇਸਤ੍ਰੀ ਨੂੰ ਜਿਤ ਲੈਣ ਨਾਲ ਹੋਰ ਜਿੰਨੇ ਵੀ ਕਾਮ ਦੇ ਸਹਾਇਕ ਹਨ, ਉਹਨਾਂ ਸਾਰਿਆਂ ਦਾ ਕੀਤਾ ਹੋਇਆ ਉਦਮ ਨਿਸਫਲ ਹੋ ਜਾਵੇਗਾ। ੩. ਜਦ ਮੈਂ ਕਾਮ ਦੇ ਮਦਦਗਾਰਾਂ ਦਾ ਨਾਸ ਕਰ ਦੇਵਾਂਗਾ, ਤਦ ਇਹ ਦੁਖਦਾਈ ਕਾਮ ਆਪੇ ਹੀ ਆਪਣੇ ਪ੍ਰਾਣਾਂ ਦਾ ਤਿਆਗ ਕਰ ਦੇਵੇਗਾ। ੪. ਕਾਮ ਦੇ ਸਹਾਇਕ ਜਿੰਨੇ ਭੀ ਜਗਤ ਵਿਚ ਕਹੇ ਜਾਂਦੇ ਹਨ, ਮੈਂ ਉਨ੍ਹਾਂ ਦੇ ਨਾਮ ਕਹਿੰਦਾ ਹਾਂ ਤੁਸੀਂ ਮਨ ਲਾ ਕੇ ਸੁਣੋ ॥ ੭੪ ॥

**ਸਵੈਯਾ ॥**

**੧. ਚੰਦ ਸੁ ਚੰਦਨ ਧੌਲ ਖਿਪਾ, ਮਧੁਪਾਵਲਿ ਗੁੰਜਤ ਫੂਲ ਸੁਹਾਈ ॥**
**੨. ਬਾਗ ਬਸੰਤ ਮਯੂਰ ਪਿਕੋ, ਸ਼ਯਾਮ ਘਟਾ ਘਨਘੋਰ ਲਗਾਈ ॥**
**੩. ਮੰਦ ਸੁਗੰਧ ਕੁਦੰਬ ਪ੍ਰਭੰਜਨ ਔਰ ਸ਼ਿੰਗਾਰ ਜੁ ਕਾਮ ਸਹਾਈ ॥**
**੪. ਨਾਰਿ ਜਿਤੀ ਤਬ ਜੀਤ ਲਏ, ਸਭ ਨਾਂਹਿ ਪਿਖੋ ਇਨ ਮੈ ਬਲ ਰਾਈ।੭੫॥**

ਧੌਲ=ਉਜਲ ਚਾਂਦਨੀ। ਖਿਪਾ=ਰਾਤਿ। ਮਧੁਪਾਵਲਿ=(ਮਧੁਪ+ਆਵਲਿ) ਭੌਰਿਆਂ ਦੀ ਡਾਰ। ਮਯੂਰ=ਮੋਰ। ਪਿਕੋ=ਕੋਇਲ। ਘਨ=ਬਦਲ। ਘੋਰ=ਗਰਜ, ਅਵਾਜ਼। ਮੰਦ= ਮੱਠੀ ਮੱਠੀ। ਕਦੰਬ=ਠੰਡੀ। ਪ੍ਰਭੰਜਨ=ਹਵਾ।

੧. ਚੰਦਨ ਦਾ ਲੇਪ, ਚੰਦ੍ਰਮਾ ਦੀ ਚਾਂਦਨੀ ਯੁਕਤ ਉਜਲ ਰਾਤਿ, ਭੌਰਿਆਂ ਦੀ ਡਾਰ ਦਾ ਗੁੰਜਦੇ ਹੋਣਾਂ ਤੇ ਸੁਹਾਵਣ ਫੁਲ। ੨. ਬਾਗ, ਬਸੰਤ ਰੁਤ, ਮੋਰ, ਕੋਇਲ ਕਾਲੀਆਂ ਘਟਾਂ ਅਤੇ ਬਦਲਾਂ ਦਾ ਗਰਜ ਕਰਨਾ। ੩. ਸੁਗੰਧੀ ਵਾਲੀ ਤੇ ਠੰਡੀ ਹਵਾ ਦਾ ਹੌਲੇ ਹੌਲੇ ਚਲਣਾ ਅਤੇ ਹੋਰ ਜੋ (ਸੋਲ੍ਹਾਂ ਤਰ੍ਹਾਂ ਦੇ) ਸ਼ਿੰਗਾਰ ਹਨ, ਇਹ ਸਾਰੇ ਹੀ ਕਾਮ ਦੇ ਸਹਾਈ ਹਨ। ੪. ਜਦ ਇਕ ਇਸਤ੍ਰੀ ਜਿੱਤ ਲਈ ਜਾਵੇ, ਤਦ ਇਹ ਸਾਰੇ ਹੀ ਜਿੱਤ ਲਏ ਜਾਂਦੇ ਹਨ, (ਕਿਉਂਕਿ ਫਿਰ) ਇਨ੍ਹਾਂ ਵਿਚ ਇਕ ਰਾਈ ਜਿੰਨਾ ਭੀ ਜ਼ੋਰ ਨਹੀਂ ਰਹਿੰਦਾ ॥ ੭੫ ॥

**ਦੋਹਰਾ—੧.ਅਤਿ ਬਿਲੰਬ ਨ ਕੀਜੀਐ ਸੁਨੋ ਜਗਤ ਕੇ ਰਾਇ ॥**
**੨. ਆਇਸ ਮੋਕੋ ਦੀਜੀਏ ਹਨੋਂ ਕਾਮ ਰਣ ਜਾਇ ॥ ੭੬ ॥**

੧. ਹੇ ਸਾਰੇ ਜਗਤ ਦੇ ਰਾਜਾ ਜੀਉ, (ਹੁਣ ਆਪ ਨੂੰ) ਬਹੁਤੀ ਦੇਰ ਨਹੀਂ ਕਰਨੀ ਚਾਹੀਦੀ। ੨. ਮੈਨੂੰ ਆਗਿਆ ਦਿਉ (ਤਾਂਕਿ ਮੈਂ) ਰਣ ਭੂਮੀ ਵਿਚ ਜਾਕੇ ਕਾਮ (ਨੂੰ ਲਲਕਾਰ ਕੇ) ਮਾਰ ਸੁਟਾਂ ? ॥ ੭੬ ॥

Sri Satguru Jagjit Singh Ji Elibrary NamdhariElibrary@gmail.com

## ਸਵੈਯਾ ॥

**੧. ਸਾਰ ਅਸਾਰ ਬਿਚਾਰ ਸਿਲੀ ਮੁਖ, ਮੈਂ ਸੁ ਦਸੋਂ ਦਿਸ ਮਾਂਹਿ ਪਸਾਰੇ ॥**
**੨. ਸੈਨ ਮਥੋਂ ਅਰਿ ਮੰਡਲ ਕੀ, ਸੁ ਬਨੇ ਪ੍ਰਭ ਕੇ ਅਬ ਕਾਰਜ ਸਾਰੇ ॥**
**੩. ਕੁਰ ਸੈਨ ਵਿਮੱਥ ਸਖਾ ਹਰਿ ਕੇ, ਜਿਮ ਸਿੰਧਪਤੀ ਰਣ ਭੀਤਰ ਮਾਰੇ ॥**
**੪. ਕਾਮ ਕਲੰਕ ਹਨੋ ਤਿਮ ਹੀ, ਪ੍ਰਭ ਆਇਸ ਦੇਹੁ ਨ ਲਾਇ ਸੁ ਬਾਰੇ ॥੭੭॥**

ਸਾਰ ਅਸਾਰ=ਚੰਗੀ ਮੰਦੀ। ਸਿਲੀ ਮੁਖ=ਤੀਰ। ਵਿਮੱਥ=ਤਬਾਹ ਕਰ ਦਿਤੀ ਸੀ। ਸਖਾ ਹਰਿ ਕੇ=ਕ੍ਰਿਸ਼ਨ ਦੇ ਮਿਤ੍ਰ ਅਰਜਨ। ਸਿੰਧਪਤੀ=ਜੈਦਰਥ।

੧. ਹੇ ਮਹਾਰਾਜ! (ਜੋ) ਭਲੀ ਤੇ ਬੁਰੀ ਵਿਚਾਰ (ਹੈ ਇਹ ਮੇਰੇ) ਤੀਰ ਹਨ, ਮੈਂ ਇਨ੍ਹਾਂ ਨੂੰ ਰਣ ਭੂਮੀ ਦੀਆਂ ਦਸਾਂ ਦਿਸਾਂ ਵਿਚ ਹੀ ਖਲੇਰ ਦਿਆਂਗਾ। ੨. ਵੈਰੀ ਦਲ ਦੀ ਸਾਰੀ ਫੌਜ ਰਿੜਕ ਸੁਟਾਂਗਾ, ਹੇ ਪ੍ਰਭੋ! ਹੁਣ ਆਪ ਦੇ ਸਾਰੇ ਹੀ ਕਾਰਜ ਪੂਰੇ ਹੋਣੇ ਚਾਹੀਦੇ ਹਨ। ੩. ਜਿਵੇਂ ਸ੍ਰੀ ਕ੍ਰਿਸ਼ਨ ਜੀ ਦੇ ਮਿਤ੍ਰ ਅਰਜਨ ਨੇ ਕੋਰਵਾਂ ਦੀ ਸੈਨਾ ਨੂੰ ਨਸ਼ਟ ਭ੍ਰਸ਼ਟ ਕਰ ਦਿਤਾ ਸੀ ਅਤੇ ਜੈਦਰਥ ਨੂੰ ਰਣਭੂਮੀ ਵਿਚ ਮਾਰ ਸੁਟਿਆ ਸੀ। ੪. ਤਿਵੇਂ ਹੀ ਮੈਂ ਇਸ ਕਲੰਕ ਰੂਪ ਕਾਮ ਨੂੰ ਮਾਰ ਸੁਟਾਂਗਾ, ਇਸ ਲਈ ਹੇ ਪ੍ਰਭੋ! ਆਗਿਆ ਬਖਸ਼ੋ, (ਹੁਣ ਆਪ) ਦੇਰੀ ਨਾ ਲਾਓ ॥ ੭੭ ॥

## ਸਵੈਯਾ ॥

**੧. ਪਰ ਨਾਰਿ ਰਮੇ ਅਪਵਾਦ ਘਨੇ, ਸਿਰ ਦੰਡ ਸਹੇ ਯਮ ਲੋਕ ਗਹੇਗੋ ॥**
**੨. ਨਿਜ ਨਾਰਿ ਮਿਲੇ ਅਨੁਕੂਲ ਕਹਾਂ, ਕਛੁ ਦੋਖ ਸੁਣੇ ਉਰ ਮਾਂਹਿ ਦਹੇਗੋ ॥**
**੩. ਬਿਨ ਪੂਤ ਮਹਾਂ ਦੁਖ ਚੀਤ ਦਹੇ, ਖਲ ਪੂਤ ਭਏ ਭਵ ਧਾਰ ਬਹੇਗੋ ॥**
**੪. ਨਿਪਜੇ ਦੁਹਿਤਾ ਘਰ ਮਾਂਹਿ ਘਨੀ, ਧਨ ਨਾਹਿ ਮਿਲੇ ਦੁਖ ਲਾਜ ਲਹੇਗੋ॥੭੮॥**

ਅਪਵਾਦ=ਨਿੰਦਾ, ਬਦਨਾਮੀ। ਦੰਡ=ਰਾਜ ਦੰਡ। ਅਨੁਕੂਲ=ਮਨ ਮਰਜ਼ੀ ਦੇ ਮੁਤਾਬਿਕ। ਖਲ=ਮੂਰਖ। ਨਿਪਜੇ=ਪੈਦਾ ਹੋ ਜਾਵੇ। ਦੁਹਿਤਾ=ਧੀ।

੧. ਹੇ ਰਾਜਨ! ਇਕ ਹੋਰ ਗੱਲ ਸੁਣੋ। ਪਰਾਈ ਇਸਤ੍ਰੀ ਨਾਲ ਭੋਗ ਬਿਲਾਸ ਕਰਨ ਤੋਂ ਜਗਤ ਵਿਚ ਬੜੀ ਭਾਰੀ ਨਿੰਦਾ ਹੁੰਦੀ ਹੈ, ਜੇ ਪਰ-ਇਸਤ੍ਰੀ ਨਾਲੋਂ ਫੜਿਆ ਜਾਏ, ਤਾਂ ਰਾਜ ਦੰਡ ਭੋਗਣਾ ਪੈਂਦਾ ਹੈ ਅਤੇ ਫਿਰ ਅਗੇ ਜਾ ਕੇ ਯਮ ਲੋਕ ਵਿਚ ਫੜਿਆ ਹੋਇਆ ਅਨੇਕ ਤਰ੍ਹਾਂ ਦੇ ਦੁਖ ਭੋਗਦਾ ਹੈ, ਜੈਸਾ ਕਿ–

'ਪਰ ਤ੍ਰਿਅ ਰਾਵਣ ਜਾਇ ਸੋਈ ਤਾਲਾਜੀਅਹਿ ॥'

(ਜੇ ਕੋਈ ਕਹੇ ਆਪਣੀ ਇਸਤ੍ਰੀ ਕਰਕੇ ਉਸ ਨਾਲ ਭੋਗ ਬਿਲਾਸ ਕਰਨ ਤੋਂ ਤਾਂ ਕੋਈ ਦੁਖ ਨਹੀਂ ਨਾ ਭੋਗਣਾ ਪੈਂਦਾ? ਇਸ ਦੇ ਉੱਤਰ ਵਿਚ ਕਹਿੰਦੇ ਹਨ)।

੨. ਆਪਣੀ ਮਰਜ਼ੀ ਅਨੁਸਾਰ ਵਰਤਨ ਵਾਲੀ ਜਗਤ ਵਿਚ ਨਿਜ ਪਤਨੀ ਕਿਥੇ ਮਿਲਦੀ ਹੈ? ਤਦੇ ਤਾਂ ਸਿਆਣੇ ਕਹਿੰਦੇ ਹਨ–

'ਜੋੜੀਆਂ ਜਗ ਥੋੜੀਆਂ ਨਰੜ ਬਥੇਰੇ।'

ਭਲਾ, ਜੇ ਕੋਈ ਮਿਲ ਭੀ ਜਾਵੇ ਤੇ ਆਪਣੀ ਇਸਤ੍ਰੀ ਦਾ ਰਤਾ ਜਿੰਨਾ ਭੀ ਦੋਖ ਸੁਣ ਲਵੇ (ਅਰਥਾਤ ਜੇ ਕਿਸੇ ਦੇ ਮੂੰਹੋਂ ਆਪਣੀ ਇਸਤ੍ਰੀ ਦੀ ਬਦਨਾਮੀ ਸੁਣ ਲਵੇ ਤਾਂ ਪੁਰਸ਼ ਆਪਣੇ ਮਨ ਵਿਚ ਸੜਦਾ ਰਹਿੰਦਾ ਹੈ, ਜੈਸਾ ਕਿ ਭਗਵਾਨ ਰਾਮ ਚੰਦਰ ਜੀ ਧੋਬੀ ਦੇ ਮੂੰਹੋਂ ਸੀਤਾ ਦੀ ਬਦਨਾਮੀ ਸੁਣਕੇ ਮਨ ਵਿਚ ਬੜੇ ਦੁਖੀ ਹੋਏ ਸਨ।

Sri Satguru Jagjit Singh Ji Elibrary NamdhariElibrary@gmail.com

ਇਸ ਕਰਕੇ ਉਸ ਦੁਖ ਤੋਂ ਛੁਟਕਾਰਾ ਪਾਉਣ ਵਾਸਤੇ ਉਨ੍ਹਾਂ ਨੇ ਸੀਤਾ ਨੂੰ ਬਨੋਬਾਸ ਦੇ ਦਿਤਾ ਸੀ)।

੩. ਜੇ ਇਸਤ੍ਰੀ ਦੇ ਹੁੰਦਿਆਂ ਘਰ ਵਿਚ ਪੁਤਰ ਨਾ ਹੋਵੇ ਤਾਂ ਚਿਤ ਫੇਰ ਸੜਦਾ ਰਹਿੰਦਾ ਹੈ, ਕਿਉਂਕਿ ਪੁਤਰ ਨੂੰ ਜਗਤ ਉਤੇ ਨਿਸ਼ਾਨ ਮੰਨਿਆ ਜਾਂਦਾ ਹੈ ਅਤੇ ਧਰਮ ਸ਼ਾਸਤਰਾਂ ਅਨੁਸਾਰ ਤਾਂ ਇਹ ਵਚਨ ਹੈ ਕਿ ਜਿਸ ਗ੍ਰਿਹਸਥੀ ਦੇ ਘਰ ਪੁਤਰ ਨਹੀਂ ਹੈ, ਉਹ ਸਵਰਗ ਵਿਚ ਨਹੀਂ ਜਾ ਸਕਦਾ। ਇਥੋਂ ਤਕ ਕਿਹਾ ਹੈ ਕਿ ਪੁਤ੍ਰ ਤੋਂ ਹੀਣਾ ਗ੍ਰਿਹਸਥੀ ਸੁਰਗ ਦੇ ਦਰਸਨ ਭੀ ਨਹੀਂ ਕਰ ਸਕਦਾ, ਇਸ ਲਈ ਇਸਤਰੀ ਦੇ ਹੁੰਦਿਆਂ ਜੇ ਘਰ ਵਿਚ ਪੁਤਰ ਨਾ ਹੋਵੇ ਤਾਂ ਫੇਰ ਚਿਤ ਅਜਿਹਾ ਸੜਦਾ ਹੈ ਜੋ ਕਿਸੇ ਤਰ੍ਹਾਂ ਤੇ ਕਦੀ ਭੀ ਸ਼ਾਂਤੀ ਨੂੰ ਨਹੀਂ ਪਾ ਸਕਦਾ। ਭਲਾ, ਜੇ ਪੁਤਰ ਹੋ ਜਾਵੇ ਤੇ ਮੂਰਖ ਹੋਵੇ, ਫੇਰ ਤਾਂ ਪਿਤਾ ਮੰਝਧਾਰ ਵਿਚ ਹੀ ਰੁੜ੍ਹ ਜਾਂਦਾ ਹੈ, ਜੈਸਾ ਕਿ–

'ਤੀਨੋ ਸੁਤ ਹੈਂ ਨਰਨ ਕੇ, ਇਕ ਨਾ ਉਪਜਿਆ ਜਾਨ ॥
ਦੂਜਾ ਉਤਪਤਿ ਹੋ ਮਰਾ, ਤੀਜਾ ਮੂੜ੍ਹ ਪਛਾਨ ॥
ਤੀਜਾ ਮੂੜ੍ਹ ਪਛਾਨ, ਪ੍ਰਿਥਮ ਦੋਂਹ ਕਾ ਦੁਖ ਥੋੜਾ ॥
ਤੀਜੇ ਕਾ ਦੁਖ ਬਹੁਤ ਹੋਤ ਪਗ ਪਗ ਮੈ ਕੋੜਾ ॥
ਕਹੇ ਸ਼ਿਵਨਾਥ ਬਿਚਾਰ ਜਿਸੇ ਤਪ ਬਹੁਤੇ ਕੀਨੇ ॥
ਤਾਕੋ ਸੁਤ ਸੁਖ ਦੇਤ ਕਹੇ ਜੋ ਜਾਤੇ ਤੀਨੋ ॥' (ਪੰਜ ਤੰਤ੍ਰ)

੪. ਜੇਕਰ ਘਰ ਵਿਚ ਬਹੁਤ ਸਾਰੀਆਂ ਧੀਆਂ ਪੈਦਾ ਹੋ ਜਾਣ, (ਅਤੇ ਉਨ੍ਹਾਂ ਦੀ ਪਾਲਣਾ ਪੋਖਣਾ ਅਤੇ ਵਿਆਹੁਣ ਵਾਸਤੇ ਕੋਲ) ਧਨ ਨਾ ਹੋਵੇ, ਤਦ ਤਾਂ ਧੀਆਂ ਦਾ ਪਿਉ ਲਜਾ ਦਾ ਦੁਖ ਪਾਉਣ ਲਗਦਾ ਹੈ (ਇਸ ਤਰ੍ਹਾਂ ਦੀ ਵਿਚਾਰ ਤੋਂ ਇਹੋ ਹੀ ਸਿਧ ਹੁੰਦਾ ਹੈ ਕਿ ਇਸਤਰੀ ਹਰ ਤਰ੍ਹਾਂ ਕਰਕੇ ਦੁਖ ਹੀ ਦੇਣ ਵਾਲੀ ਹੈ। ਜੇ ਇਸਤ੍ਰੀ ਦੀ ਸੰਗਤ ਨਾ ਕੀਤੀ ਜਾਏ ਤਾਂ ਹੀ ਦੁਖਾਂ ਤੋਂ ਛੁਟ ਸਕੀਦਾ ਹੈ। ਹੇ ਮਹਾਰਾਜ! ਮੈਂ ਇਸ ਤਰ੍ਹਾਂ ਦੀ ਵਿਚਾਰ ਪ੍ਰਗਟ ਕਰਕੇ ਪੁਰਸ਼ ਨੂੰ ਇਸਤ੍ਰੀ ਵਲੋਂ ਉਪਰਾਮ ਕਰ ਦੇਂਦਾ ਹਾਂ, ਇਉਂ ਇਸਤ੍ਰੀ ਨੂੰ ਜਿਤ ਲੈਣ ਨਾਲ ਬਾਕੀ ਦੇ ਸਾਰੇ ਆਪੇ ਹੀ ਜਿਤ ਲਏ ਜਾਂਦੇ ਹਨ) ॥ ੭੮ ॥

### ਸਵੈਯਾ ॥

**੧. ਯਾ ਬਿਧਿ ਨਾਰਨ ਕੋ ਸੁਖ ਜੋ, ਖਿਣ ਏਕ ਭਜੇ ਦੁਖ ਦੇਵਤ ਭਾਰੀ ॥**
**੨. ਨਾਰਿਨ ਸੰਗਮ ਤੇ ਜਨ ਮੂਰਖ ਘੋਰ ਸੰਸਾਰ ਬਹੇ ਬਹੁ ਬਾਰੀ ॥**
**੩. ਧ੍ਰਿਗ ਹੈ ਤਿਨ ਕੋ ਕਛੁ ਪਾਇ ਬਿਬੇਕ ਜੁ, ਪ੍ਰੀਤ ਕਰੇਂ ਪੁਨ ਨਾਰਿ ਮਝਾਰੀ ॥**
**੪. ਕਵਿ ਸਿੰਘਗੁਲਾਬ ਨਹੀਂ ਨਰ ਤੇ ਜਗ,ਸਾਚਕਹੌਂ ਵਹਿ ਨਾਰਿ ਬਿਗਾਰੀ॥੭੯॥**

੧. ਇਸ ਤਰ੍ਹਾਂ ਦਾ ਜੋ ਇਸਤ੍ਰੀ ਸੁਖ ਹੈ, ਉਹ ਇਕ ਖਿਣ ਭਰ ਸੁਖ ਭੋਗਣ ਨਾਲ ਵਡਾ ਭਾਰਾ ਦੁਖ ਭੋਗਣਾ ਪੈਂਦਾ ਹੈ। ੨. ਇਸਤ੍ਰੀ ਦਾ ਸੰਗਮ ਕਰਨ ਕਰਕੇ ਮੂਰਖ ਪੁਰਸ਼ ਸੰਸਾਰ ਦੇ ਅਥਾਹ ਪਾਣੀ ਵਿਚ ਰੁੜ੍ਹ ਜਾਂਦਾ ਹੈ (ਜਿਸ ਤੋਂ ਕਿਸੇ ਤਰ੍ਹਾਂ ਭੀ ਨਿਕਲ ਨਹੀਂ ਸਕਦਾ)। ੩. ਉਨ੍ਹਾਂ ਨੂੰ ਧ੍ਰਿਕਾਰ ਹੈ, ਜੋ ਥੋਹੜੇ ਬਹੁਤੇ ਵਿਵੇਕ ਨੂੰ ਪਾ ਕੇ ਫੇਰ ਭੀ ਇਸਤ੍ਰੀ ਨਾਲ ਪ੍ਰੀਤ ਕਰਦੇ ਹਨ। ੪. ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ, ਮੈਂ ਸਚ ਕਹਿੰਦਾ ਹਾਂ ਕਿ ਉਹ ਪੁਰਸ਼ ਨਹੀਂ ਹਨ, ਉਹ ਪੁਰਸ਼ ਜਗਤ ਵਿਚ ਇਸਤ੍ਰੀਆਂ ਦੇ ਵਿਗਾਰੀ (ਬੇਮੁਲੇ ਗੁਲਾਮ) ਪੈਦਾ ਹੋਏ ਹਨ ॥ ੭੯ ॥

### ਸਵੈਯਾ ॥

**੧. ਸੁਨ ਭੂਪ ਬਿਬੇਕ ਪ੍ਰਸੰਨ ਭਯੋ ਮੁਖ ਭੀਤਰ ਯੌਂ ਤਿਨ ਕੀਨ ਉਚਾਰੀ ॥**
**੨. ਪਟੁਕਾ ਕਟਿ ਭੀਤਰ ਖੈਂਚ ਕਸੋ ਸਭ ਆਯੁਧ ਬੀਰ ਸੁ ਲੇਹੁ ਸੰਭਾਰੀ ॥**

Sri Satguru Jagjit Singh Ji Elibrary NamdhariElibrary@gmail.com

**੩. ਅਬ ਸ਼ਤ੍ਰੂ ਸੁ ਜੀਤਨ ਹੇਤ ਚਢੋ, ਸੁ ਕਰੇ ਸ਼ਿਵ ਆਇ ਸਹਾਇ ਤੁਹਾਰੀ ॥**
**੪. ਵਸਤੁ ਵਿੱਚਾਰ ਕਹਿਓ ਜਿਮ ਆਇਸ, ਦੁੰਦਭਿ ਵਾਇ ਚਢੇ ਬਲ ਧਾਰੀ॥੮੦॥**

੧. ਵਸਤੁ ਵਿਚਾਰ ਦੇ ਬਚਨ ਸੁਣ ਕੇ ਬਿਬੇਕ ਰਾਜਾ ਬੜਾ ਪ੍ਰਸੰਨ ਹੋਇਆ ਅਤੇ ਫੇਰ ਆਪਣੇ ਮੁਖ ਤੋਂ ਇਸ ਤਰ੍ਹਾਂ ਦਾ ਬਚਨ ਉਚਾਰ ਕੀਤਾ। ੨. ਹੇ ਵਸਤੁ ਵਿਚਾਰ! ਪਟਕੇ ਨੂੰ ਖਿਚ ਕੇ ਲਕ ਨਾਲ ਕਸ ਲੈ (ਅਰਥਾਤ ਆਪਣੀ ਪੇਟੀ ਲੱਕ ਨਾਲ ਬੰਨ੍ਹ ਲੈ ਅਤੇ) ਹੇ ਸੂਰਮੇ! ਹੋਰ ਆਪਣੇ ਸਾਰੇ ਸ਼ਸਤਰ ਭੀ ਸੰਭਾਲ ਲੈ। ੩. ਹੁਣ ਤੂੰ ਵੈਰੀ ਨੂੰ ਜਿਤਣ ਵਾਸਤੇ ਚੜ੍ਹਾਈ ਕਰ ਦੇਹ, ਸ਼ਿਵਜੀ ਆਪ ਤੇਰੀ ਸਹਾਇਤਾ ਕਰੇਗਾ। ੪. ਅਗੋਂ ਵਸਤੁ ਵਿਚਾਰ ਨੇ ਸਿਰ ਨਿਵਾ ਕੇ ਕਿਹਾ-ਜਿਵੇਂ (ਮਹਾਰਾਜ ਦੀ) ਆਗਿਆ। ਫਿਰ ਉਸ ਨੇ ਧੌਂਸਾ ਵਜਾ ਕੇ ਤੇ ਬਲ ਧਾਰ ਕੇ (ਕਾਮ ਨੂੰ ਮਾਰਨ ਵਾਸਤੇ) ਚੜ੍ਹਾਈ ਕਰ ਦਿਤੀ ॥ ੮੦ ॥

**ਸਵੈਯਾ ॥**

**੧. ਤਬ ਭੂਪਤਿ ਫੇਰ ਵਿਚਾਰ ਕਹਯੋ, ਸੁਨ ਵੇਤ੍ਰਵਤੀ ਸੁ ਭਲੇ ਮਨ ਲਾਏ ॥**
**੨. ਅਬ ਕ੍ਰੋਧ ਕੋ ਜੀਤਨ ਹੇਤੁ ਸੁ ਪਾਵਨ, ਏਕ ਖਿਮਾ ਤੁਮ ਲੇਹੁ ਬੁਲਾਏ ॥**
**੩. ਪ੍ਰਤਿਹਾਰਨ ਫੇਰ ਕਹਯੋ ਬਿਨ ਬੇਰ, ਕਰੋਂ ਪ੍ਰਭ ਜੋ ਮੁਖ ਮਾਹਿ ਅਲਾਏ ॥**
**੪. ਵਹਿ ਜਾਇਸ਼ਿਤਾਬ ਅਈ ਖਿਨਮੈਂ, ਸੁ ਖਿਮਾ ਪੁਨ ਆਪਨਸਾਥਲਵਾਏ॥੮੧॥**

ਵੇਤ੍ਰਵਤੀ=ਚੋਬਦਾਰਨੀ। ਪ੍ਰਤਿਹਾਰ=ਚੋਬਦਾਰਨੀ। ਲਵਾਏ=ਲੈ ਆਈ।

੧. ਜਦ ਵਸਤੁ ਵਿਚਾਰ ਨੇ ਚੜ੍ਹਾਈ ਕਰ ਦਿਤੀ, ਤਦ ਰਾਜੇ ਵਿਵੇਕ ਨੇ ਆਪਣੇ ਮਨ ਵਿਚ ਵਿਚਾਰ ਕਰਕੇ ਕਿਹਾ-ਹੇ ਚੋਬਦਾਰਨੀ! ਤੂੰ ਚੰਗੀ ਤਰ੍ਹਾਂ ਮਨ ਲਾ ਕੇ (ਮੇਰਾ ਕਹਿਣਾ) ਸੁਣ। ੨. ਇਕ ਜੋ ਪਵਿਤਰ ਖਿਮਾ ਹੈ, ਤੂੰ ਜਾ ਕੇ ਉਸ ਨੂੰ ਬੁਲਾ ਲਿਆਓ, (ਤਾਂਕਿ) ਕ੍ਰੋਧ ਨੂੰ ਜਿਤਣ ਵਾਸਤੇ (ਰਣਭੂਮੀ ਵਿਚ ਖਿਮਾ ਨੂੰ ਭੀ) ਹੁਣੇ (ਹੀ ਭੇਜ ਦਿਤਾ ਜਾਏ)। ੩. ਅਗੋਂ ਚੋਬਦਾਰਨੀ ਨੇ ਕਿਹਾ-ਹੇ ਪ੍ਰਭੋ! ਆਪ ਜੀ ਨੇ ਜੋ ਮੁਖ ਤੋਂ ਫੁਰਮਾਇਆ ਹੈ, (ਉਹ ਮੈਂ ਹੁਣੇ) ਡੇਰ ਤੋਂ ਬਿਨਾਂ ਹੀ ਕਰਦੀ ਹਾਂ। ੪. ਇਹ ਕਹਿ ਕੇ ਉਹ ਚਲੀ ਗਈ ਤੇ ਫੇਰ ਖਿਨ ਵਿਚ ਹੀ ਆਪਣੇ ਨਾਲ 'ਖਿਮਾ' ਨੂੰ ਲੈ ਕੇ ਵਾਪਸ ਆ ਗਈ ॥ ੮੧ ॥

**ਸਵੈਯਾ ॥**

**੧. ਅਤਿ ਸੁੰਦਰ ਚੀਤ ਗੰਭੀਰ ਬਡੀ, ਦ੍ਰਿਗ ਲਾਜ ਭਰੇ ਧਰ ਓਰ ਨਿਹਾਰੇ ॥**
**੨. ਇਹ ਭਾਂਤਿ ਲਸੇ ਮੁਖ ਮੰਡਲਤਾ, ਨਭ ਕਾਤਕ ਚੰਦ ਕਲਾ ਸਭ ਧਾਰੇ ॥**
**੩. ਅਤਿ ਪਾਵਨ ਦੀਰਘ ਹੇਰ ਕਵੀ ਜਨ, ਸਿੰਚ ਸੁਧਾ ਉਰ ਤਾਪ ਨਿਵਾਰੇ ॥**
**੪. ਇਹ ਭਾਂਤਿ ਖਿਮਾ ਸਭਲੋਕ ਪਿਖੀ ਅਬ ਆਪ ਖਿਮਾ ਮੁਖਮਾਂਹਿ ਉਚਾਰੋ॥੮੨॥**

੧. ਉਹ ਖਿਮਾ ਬੜੀ ਹੀ ਸੁੰਦਰ ਤੇ ਗੰਭੀਰ ਚਿਤ ਵਾਲੀ ਹੈ, (ਜਿਸ ਦੀਆਂ) ਮੋਟੀਆਂ ਅੱਖਾਂ ਲਜਾ ਦੀਆਂ ਭਰੀਆਂ ਹੋਈਆਂ ਹਨ ਅਤੇ ਧਰਤੀ ਵਲੇ ਵੇਖ ਰਹੀ ਹੈ। ੨. ਉਸਦਾ ਮੂੰਹ (ਮੰਡਲਤਾ) ਗੋਲ ਘੇਰੇ ਵਾਂਗੂੰ ਇਸ ਤਰ੍ਹਾਂ ਲਿਸ਼ਕਦਾ ਹੈ, (ਜਿਵੇਂ) ਕਤਕ (ਦੇ ਮਹੀਨੇ ਦਾ) ਚੰਦਰਮਾ ਆਪਣੀਆਂ ਸਾਰੀਆਂ ਕਲਾਂ ਨੂੰ ਧਾਰਨ ਕਰਕੇ (ਪੁੰਨਿਆਂ ਦੇ ਦਿਨ) ਅਕਾਸ਼ ਵਿਚ ਲਿਸ਼ਕਾਰੇ ਮਾਰਦਾ ਹੈ। ੩. ਉਸਦਾ ਵੇਖਣਾ ਅਤਿਅੰਤ ਹੀ ਪਵਿਤ੍ਰ ਹੈ, (ਜੋ) ਪੁਰਸ਼ਾਂ ਰੂਪ ਕੰਮੀਆਂ ਉਤੇ ਅੰਮ੍ਰਿਤ ਦਾ ਛੱਟਾ ਦੇ ਕੇ ਉਨ੍ਹਾਂ ਦੇ ਹਿਰਦੇ ਵਿਚੋਂ ਕ੍ਰੋਧ ਦਾ ਤਾਪ ਦੂਰ ਕਰ ਰਿਹਾ ਹੈ। ੪. ਇਸ ਤਰ੍ਹਾਂ ਦੀ ਖਿਮਾ ਨੂੰ ਸਾਰੇ ਲੋਕਾਂ ਨੇ ਵੇਖ ਲਿਆ। ਹੁਣ ਖਿਮਾ ਆਪਣੇ ਮੁਖ ਤੋਂ

ਉਚਾਰਨ ਕਰਕੇ ਸੁਣਾਂਦੀ ਹੈ ॥ ੯੨ ॥

ਖਿਮਾ ਉਵਾਚ ॥

**ਕਬਿੱਤ—੧. ਕ੍ਰੋਧ ਅੰਧਕਾਰ ਕੇ ਬਿਕਾਰ ਉਰ ਭਏ ਅਤਿ**
**ਭ੍ਰਿਕੁਟੀ ਚਢਾਇ ਖਲ ਫੀਕ ਮੁਖ ਬੋਲਈ ॥**
**੨. ਨੈਨ ਕਰੇ ਲਾਲ ਸੁ ਬਿਹਾਲ ਹੋਠ ਡਸੇ ਅਤਿ**
**ਜਰੇ ਅੰਗ ਅੰਗ ਸੁ ਭੁਜੰਗ ਬਿਖ ਘੋਲਈ ॥**
**੩. ਧੀਰ ਜੇ ਗੰਭੀਰ ਨੀਰ ਸਾਗਰ ਸਮਾਨ ਅਤਿ**
**ਭਜੇ ਨ ਬਿਕਾਰ ਨਹਿ ਰੰਚ ਉਰ ਡੋਲਈ ॥**
**੪. ਖਿਮਾ ਵੰਤ ਸੰਤ ਭਗਵੰਤ ਕੇ ਮਹੰਤ ਜਨ**
**ਬੋਲੇ ਮਧੁ ਬੈਨ ਜਨ ਅਮੀ ਝੁਕ ਝੋਲਈ ॥ ੯੩॥**

ਭ੍ਰਿਕੁਟੀ=ਭੋਹਾਂ । ਮਧੁ ਬੈਨ=ਮਿਠੇ ਬਚਨ । ਅਮੀ=ਅੰਮ੍ਰਿਤ ।

ਖਿਮਾ ਕਹਿਣ ਲਗੀ—੧. ਜਦੋਂ ਪੁਰਸ਼ ਦੇ ਹਿਰਦੇ ਵਿਚ ਕ੍ਰੋਧ ਦਾ ਵਿਕਾਰ (ਪੈਦਾ ਹੁੰਦਾ ਹੈ ਉਸ ਵੇਲੇ ਅਖਾਂ ਅਗੇ) ਬਿਲਕੁਲ ਹਨੇਰਾ ਹੀ ਛਾ ਜਾਂਦਾ ਹੈ, ਕੁਝ ਭੀ ਚੰਗਾ ਮੰਦਾ ਨਹੀਂ ਦਿਸਦਾ, ਉਸ ਵੇਲੇ ਮੂਰਖ ਪੁਰਸ਼ ਭੋਹਾਂ ਚੜ੍ਹਾਕੇ ਮੂੰਹੋਂ ਫਿਕੇ (ਗੰਦੇ) ਬਚਨ ਬੋਲਦਾ ਹੈ (ਅਰਥਾਤ ਮੂੰਹੋਂ ਗੰਦ ਮੰਦ ਬਕਦਾ ਹੈ) । ੨. ਅਖਾਂ ਲਾਲ ਕਰ ਲੈਂਦਾ ਹੈ, (ਹਾਲ ਤੋਂ) ਬਿਹਾਲ ਹੋ ਕੇ ਆਪਣੇ ਹੋਠਾਂ ਨੂੰ ਟੁਕਦਾ ਹੈ ਅਤੇ ਉਸ ਦਾ ਅੰਗ ਅੰਗ (ਇਸ ਤਰ੍ਹਾਂ) ਸੜਦਾ ਹੈ, (ਜਿਵੇਂ ਸੱਟ ਖਾ ਕੇ) ਸੱਪ ਜ਼ਹਿਰ ਘੋਲਦਾ ਤੇ ਵਟ ਖਾਂਦਾ ਹੈ । ੩. ਪਰ ਜਿਹੜੇ ਪੁਰਸ਼ ਸਮੁੰਦਰ ਦੇ ਪਾਣੀ ਸਮਾਨ ਮਹਾਨ ਹੀ ਗੰਭੀਰ ਹਨ, (ਉਹ ਕ੍ਰੋਧ ਦੇ) ਵਿਕਾਰ ਨੂੰ ਨਹੀਂ ਭਜਦੇ ਅਤੇ ਉਨ੍ਹਾਂ ਦਾ ਹਿਰਦਾ ਰਤੀ ਜਿੰਨਾ ਭੀ ਡੋਲਦਾ ਨਹੀਂ ਹੈ । ੪. ਜੋ ਸੰਤ ਮਹੰਤ ਤੇ ਭਗਵੰਤ ਦੇ ਪਿਆਰੇ ਪੁਰਸ਼ ਹਨ (ਉਹ ਮੈਂ) ਖਿਮਾ ਨੂੰ ਧਾਰਨ ਕਰਕੇ ਇਸ ਤਰ੍ਹਾਂ ਦੇ ਮਿਠੇ ਬਚਨ ਬੋਲਦੇ ਹਨ, ਮਾਨੋ ਅੰਮ੍ਰਿਤ ਨੂੰ ਝਕ ਝੋਲ (ਅਰਥਾਤ ਅੰਮ੍ਰਿਤ ਦੀ ਵਰਖਾ ਕਰ) ਰਹੇ ਹਨ ॥ ੯੩ ॥

**ਕਬਿੱਤ—੧. ਖੇਦ ਨ ਜ਼ਬਾਨ ਕੋ ਨ ਸੀਸ ਕੋ ਮਹਾਨ ਦੁਖ,**
**ਚਿਤ ਕੋ ਨ ਤਾਪ ਨਹਿ ਦੋਖ ਪਾਇ ਹੈ ॥**
**੨. ਹਿੰਸਾ ਆਦਿ ਦੋਖ ਬਿਨ ਕ੍ਰੋਧ ਕੇ ਨਿਫੋਟ ਹਨੋ,**
**ਖਿਮਾ ਮੇਰੋ ਨਾਮ ਜਗ ਮੇਰੋ ਜਸ ਗਾਇ ਹੈ ॥**
**੩. ਐਸੇ ਤੋ ਅਲਾਇ ਪੁਨ ਦੋਨ ਹੀ ਸਮੀਪ ਜਾਇ,**
**ਕਹੇ ਪ੍ਰਤਿਹਾਰੀ ਖਿਮਾ ਓਰ ਸਮਝਾਇ ਹੈ ॥**
**੪. ਯਹੀ ਦਿਵ ਦੇਵ ਸੁ ਬਿਬੇਕ ਭੂਪ ਭਾਰੀ ਅਤਿ,**
**ਚਾਲੀਏ ਸਮੀਪ ਸਖੀ ਪੇਖ ਹਰਖਾਇ ਹੈ ॥ ੯੪ ॥**

੧. ਮਿਠਾ ਬੋਲਣ ਵਾਲੇ ਦੀ ਜ਼ਬਾਨ ਨੂੰ ਕੋਈ ਖੇਦ ਨਹੀਂ ਹੁੰਦਾ, ਨਾ ਹੀ ਸਿਰ ਨੂੰ ਕੋਈ ਵਡਾ ਦੁਖ ਹੁੰਦਾ

Sri Satguru Jagjit Singh Ji Elibrary NamdhariElibrary@gmail.com

ਹੈ, ਨਾ ਚਿਤ ਨੂੰ ਸੰਤਾਪ ਹੁੰਦਾ ਹੈ ਅਤੇ ਦੇਹ (ਭੀ ਕਿਸੇ ਤਰ੍ਹਾਂ ਦੇ) ਦੁਖ ਨੂੰ ਪਾਂਦੀ ਨਹੀਂ ਹੈ। ੨. ਉਹ ਹਿੰਸਾ ਆਦਿਕ ਪਾਪਾਂ ਤੋਂ ਭੀ ਰਹਿਤ ਰਹਿੰਦਾ ਹੈ, (ਇਸ ਲਈ ਮੈਂ) ਪ੍ਰਗਟ ਹੀ ਇਸ ਕ੍ਰੋਧ ਨੂੰ ਮਾਰਾਂਗੀ (ਕਿਉਂਕਿ ਇਹੋ ਹੀ ਸਾਰੇ ਅਨਰਥਾਂ ਦਾ ਮੁਢ ਹੈ) ਮੇਰਾ ਨਾਮ 'ਖਿਮਾ' ਹੈ ਅਤੇ ਜਗਤ ਮੇਰਾ ਜਸ ਗਾਉਂਦਾ ਹੈ। ੩. ਇਸ ਤਰ੍ਹਾਂ ਦੀਆਂ ਗੱਲਾਂ ਕਹਿਕੇ, ਫੇਰ ਦੋਵੇਂ ਰਾਜੇ ਦੇ ਕੋਲ ਚਲੀਆਂ ਗਈਆਂ। ਤਾਂ ਚੋਬਦਾਰਨੀ ਨੇ ਖਿਮਾ ਵਲੋ ਤਕ ਕੇ ਤੇ ਉਸਨੂੰ) ਸਮਝਾ ਕੇ ਕਿਹਾ। ੪. ਏਹੋ ਹੀ ਦੇਵਤਿਆਂ ਦੇ ਭੀ ਵਡੇ ਦੇਵਤੇ, ਵਡੇ ਭਾਰੇ ਰਾਜੇ ਬਿਬੇਕ (ਜੀ ਬੈਠੇ ਹਨ), ਹੇ ਸਖੀ ! ਇਨ੍ਹਾਂ ਦੇ ਕੋਲ ਚਲੋ, ਤੈਨੂੰ ਵੇਖਕੇ ਇਹ ਬੜੇ ਹੀ ਪ੍ਰਸੰਨ ਹੋਵਣਗੇ ॥ ੯੪ ॥

**ਦੋਹਰਾ—੧. ਖਿਮਾ ਸਮੀਪ ਸੁ ਜਾਇ ਪੁਨ, ਜੈ ਜੈ ਦੇਵ ਉਚਾਰ ॥**
**੨. ਯਹਿ ਦਾਸੀ ਆਈ ਖਿਮਾ, ਬੰਦੋਂ ਪਾਦ ਤਿਹਾਰ ॥ ੯੫ ॥**

ਚੋਬਦਾਰਨੀ ਦਾ ਕਹਿਣਾ ਮੰਨਕੇ ੧. ਖਿਮਾ (ਰਾਜੇ ਬਿਬੇਕ ਦੇ) ਕੋਲ ਜਾਕੇ ਕਹਿਣ ਲਗੀ ਹੇ ਦੇਵ ! ਆਪ ਦੀ ਜੈ ਜੈ ਕਾਰ ਹੋਵੇ। ੨. ਇਹ ਆਪ ਦੀ ਦਾਸੀ ਖਿਮਾ ਆਪ ਦੀ ਸੇਵਾ ਵਿਚ ਆਈ ਹੈ ਅਤੇ ਤੁਹਾਡੇ ਚਰਨਾਂ ਉਤੇ ਬੰਦਨਾ ਕਰਦੀ ਹੈ(ਇਹ ਕਹਿੰਦਿਆਂ ਹੀ ਖਿਮਾ ਨੇ ਰਾਜੇ ਦੇ ਚਰਨਾਂ ਉਤੇ ਪ੍ਰਣਾਮ ਕੀਤਾ) ॥੯੫॥

**ਸਵੈਯਾ ॥**

**੧. ਸੁ ਖਿਮਾ ਇਹ ਠੌਰ ਨਿਵਾਸ ਕਰੋ ਪੁਨ, ਬੈਠ ਖਿਮਾ ਯਹਿ ਬਾਤ ਪ੍ਰਕਾਸ਼ੀ ॥**
**੨. ਪ੍ਰਭੁ ਆਇਸ ਦੇਹੁ ਬਿਲੰਬ ਕਹਾਂ, ਜਿਹ ਹੇਤੁ ਬੁਲਾਇ ਲਈ ਇਹ ਦਾਸੀ ॥**
**੩. ਸੁ ਖਿਮੇ ਯਹਿ ਸੰਘਰ ਮਾਂਹਿ ਦੁਰਾਤਮ, ਕ੍ਰੋਧ ਬਡੋ ਸੁਭ ਪੰਥ ਬਿਨਾਸੀ ॥**
**੪. ਭਟ ਔਰ ਨ ਕੋ ਮੁਖ ਜੋਰਤ ਹੈ, ਸੁ ਖਿਮੇ ਅਬ ਤਾਂਹਿ ਕਰੋ ਤੁਮ ਨਾਸੀ ।੯੬।**

ਬਿਲੰਬ=ਦੇਰ। ਸੰਘਰ=ਜੁਧ। ਦੁਰਾਤਮ=ਖੋਟੇ ਮਨ ਵਾਲਾ। ਮੁਖ ਜੋਰਤ=ਸਾਹਮਣੇ ਹੋਣਾ।

ਰਾਜੇ ਬਿਬੇਕ ਨੇ ਉਸ ਨੂੰ ਕਿਹਾ—੧. ਹੇ ਖਿਮਾ ! ਇਸ ਜਗ੍ਹਾ ਉਤੇ ਬੈਠਕੇ ਆਰਾਮ ਕਰ, (ਹੁਕਮ ਮੰਨ ਕੇ ਖਿਮਾ ਬੈਠ ਗਈ ਅਤੇ) ਬੈਠ ਚੁਕਣ ਮਗਰੋਂ ਖਿਮਾ ਨੇ ਫੇਰ ਇਹ ਗੱਲ ਜ਼ਾਹਰ ਕੀਤੀ। ੨. ਹੇ ਪ੍ਰਭੋ ! ਹੁਣ ਦੇਰੀ ਕਿਉਂ ਕਰ ਰਹੇ ਹੋ, ਜਿਸ ਵਾਸਤੇ ਇਸ ਦਾਸੀ ਨੂੰ ਬੁਲਾਇਆ ਹੈ, ਉਹ ਆਗਿਆ ਕਰੋ। ੩. ਰਾਜੇ ਬਿਬੇਕ ਨੇ ਕਿਹਾ—ਹੇ ਖਿਮਾ ! ਇਸ ਜੰਗ (ਕਰਨ ਵਾਲਿਆਂ) ਵਿਚ ਇਕ ਖੋਟੇ ਮਨ ਵਾਲਾ ਕ੍ਰੋਧ ਹੈ, (ਜੋ) ਬਹੁਤ ਹੀ ਬੁਰਾ ਹੈ ਅਤੇ ਸ਼ੁਭ ਰਸਤੇ ਨੂੰ ਨਾਸ ਕਰਨ ਵਾਲਾ ਹੈ। ੪. ਮੇਰੇ ਸਾਰੇ ਸੂਰਮਿਆਂ ਵਿਚੋਂ ਕੋਈ ਭੀ ਉਸ ਦੇ ਸਾਹਮਣੇ ਹੋਣਾ ਨਹੀਂ ਚਾਹੁੰਦਾ, ਹੇ ਖਿਮਾ ! ਤੂੰ ਉਸ ਨਾਲ ਜੰਗ ਕਰਕੇ ਉਸਨੂੰ ਹੁਣੇ ਹੀ ਨਾਸ ਕਰ ਦੇਹ, (ਇਸ ਕੰਮ ਦੇ ਕਰਨ ਲਈ ਹੀ ਤੈਨੂੰ ਸਦਿਆ ਹੈ) ॥ ੯੬ ॥

ਖਿਮਾ ਉਵਾਚ ॥

**ਦੋਹਰਾ—੧. ਦੇਵ ਅਨੁਗ੍ਰਹ ਪਾਇ ਤਵ ਮਹਾਂ ਮੋਹ ਰਣ ਨਾਸ ॥**
**੨. ਮੈਂ ਸੁ ਕਰੋਂ ਖਿਣ ਏਕ ਮੈਂ ਕਹਾਂ ਕ੍ਰੋਧ ਤਿਹ ਦਾਸ ॥ ੯੭ ॥**

ਖਿਮਾ ਨੇ ਕਿਹਾ—੧. ਹੇ ਦੇਵ ! ਆਪ ਦੀ ਕ੍ਰਿਪਾ ਨੂੰ ਪਾ ਕੇ, ਮੈਂ ਮਹਾਂ ਮੋਹ ਨੂੰ ਰਣ ਅੰਦਰ ਇਕ ਖਿਨ ਵਿਚ ਮਾਰ ਦੇਵਾਂਗੀ, ਉਸਦਾ ਦਾਸ ਕ੍ਰੋਧ ਕੀ ਚੀਜ਼ ਹੈ ॥ ੯੭ ॥

Sri Satguru Jagjit Singh Ji Elibrary NamdhariElibrary@gmail.com

### ਸਵੈਯਾ ॥

**੧. ਇਹ ਬੇਦਨ ਪਾਠ ਸੁ ਯੱਗ ਤਪੋ ਪੁਨ ਔਰ ਜਿਤੇ ਨਰ ਪੁੰਨ ਸਵਾਰੇ ॥**
**੨. ਬਿਨ ਕਾਰਣ ਵੈਰ ਕਰੈ ਦੁਸ਼ਟਾਤਮ ਕ੍ਰੋਧ ਸਭੈ ਸ਼ੁਭ ਪੰਥ ਨਿਵਾਰੇ ॥**
**੩. ਸਮ ਲੋਹ ਸੁ ਦੇਹ ਤਪਾਵਤ ਹੈ ਪੁਨ ਨੈਨਨ ਤੇ ਜਨ ਆਗ ਨਿਕਾਰੇ ॥**
**੪. ਤਿਹ ਕ੍ਰੋਧ ਕੋ ਮੈਂ ਇਹ ਭਾਂਤਿ ਹਨੋਂ ਦੁਰਗਾ ਮਹਿਖਾਸੁਰਜਿਉਂਰਣਮਾਰੇ॥੯੮॥**

੧. ਵੇਦਾਂ ਦੇ ਪਾਠ, ਯੱਗ ਤੇ ਤਪ ਦਾ ਕਰਨਾ ਅਤੇ ਹੋਰ ਜਿੰਨੇ ਭੀ ਪੁੰਨ ਕਰਮ ਪੁਰਸ਼ ਕਰਦੇ ਹਨ। ੨. ਇਹ ਸੁਭਾਵ ਵਾਲਾ ਕ੍ਰੋਧ, ਕਿਸੇ ਕਾਰਨ ਤੋਂ ਬਿਨਾਂ ਹੀ ਉਨ੍ਹਾਂ ਸਾਰੇ ਸ਼ੁਭ ਮਾਰਗਾਂ ਨੂੰ ਨਸ਼ਟ ਕਰ ਦੇਂਦਾ ਹੈ। ੩. ਜਿਵੇਂ ਅੱਗ ਲੋਹੇ ਨੂੰ ਤਪਾ ਦੇਂਦੀ ਹੈ, ਇਵੇਂ ਹੀ ਇਹ ਦੇਹ ਨੂੰ ਤਪਾ ਦੇਂਦਾ ਹੈ, ਫਰ (ਪੁਰਸ਼ ਦਾ ਚਿਹਰਾ ਇਸ ਤਰ੍ਹਾਂ ਦਾ ਡਰਾਉਣਾ ਹੋ ਜਾਂਦਾ ਹੈ। ਮਾਨੋਂ ਅੱਖਾਂ ਤੋਂ ਅੱਗ ਦੇ ਅੰਗਾਰ ਕੱਢ ਕੱਢ ਕੇ ਸੁਟਦਾ ਹੈ। ੪. ਉਸ ਕ੍ਰੋਧ ਨੂੰ ਮੈਂ ਇਸ ਤਰ੍ਹਾਂ ਨਾਲ ਮਾਰ ਸੁਟਾਂਗੀ, ਜਿਸ ਤਰ੍ਹਾਂ ਨਾਲ ਦੁਰਗਾ ਨੇ ਮਹਿਖਾਸੁਰ ਦੈਂਤ ਨੂੰ ਰਣ ਵਿਚ ਮਾਰ ਸੁਟਿਆ ਸੀ ॥ ੯੮ ॥

**ਦੋਹਰਾ-੧. ਬਹੁਰ ਬਿਬੇਕ ਬਖਾਨਿਓ ਖਿਮੇ ਸੁਨੋ ਹਮ ਕਾਨ ॥**
**੨. ਜਾਂ ਉਪਾਇ ਕ੍ਰੋਧਹਿ ਜਿਨੋ ਵਹਿ ਮਮ ਪ੍ਰਗਟ ਬਖਾਨ ॥ ੯੯ ॥**

੧. ਫੇਰ ਬਿਬੇਕ ਨੇ ਕਿਹਾ-ਹੇ ਖਿਮਾ! ਮੈਂ ਆਪਣੀ ਕੰਨੀਂ ਸੁਣਨਾ ਚਾਹੁੰਦਾ ਹਾਂ। ੨. ਕਿ, ਜਿਸ ਉਪਾਓ ਨਾਲ ਤੂੰ ਕ੍ਰੋਧ ਨੂੰ ਜਿਤੇਂਗੀ, ਉਹ ਤਰੀਕਾ ਮੈਨੂੰ ਜ਼ਾਹਰ ਕਰਕੇ ਦੱਸ ॥ ੯੯ ॥

### ਸਵੈਯਾ ॥

**੧. ਸੁ ਖਿਮਾ ਕਹਿ ਦੇਵ ਸੁਨੋ ਮਨ ਮੈਂ ਨਰ ਕ੍ਰੋਧ ਕਰੈ ਤਬ ਮੋਨ ਗਹੀਜੈ ॥**
**੨. ਵਹਿ ਗਾਰ ਬਕੈ ਮੁਖ ਭੀਤਰ ਜੋ ਪੁਨ ਤਾਂ ਪ੍ਰਤਿ ਕੋਮਲ ਵਾਕ ਭਨੀਜੈ ॥**
**੩. ਜੁ ਧਿਕਾਰ ਕਰੈ ਸੁ ਪਰੈ ਤਿਹ ਆ ਪਦ ਪੇਖ ਕਹਾਂ ਕਰੁਣਾ ਉਰ ਕੀਜੈ ॥**
**੪. ਤਨ ਤਾੜਨ ਮੈਂ ਹਰਖੈ ਉਰ ਮੈਂ ਕ੍ਰਿਤ ਪੂਰਬ ਪਾਪ ਸੁ ਮੇ ਅਬ ਖੀਜੈ॥੧੦੦॥**

੧. ਖਿਮਾਂ ਨੇ ਕਿਹਾ-ਹੇ ਦੇਵ! ਸੁਣੋ, ਜਿਸ ਤਰੀਕੇ ਨਾਲ ਮੈਂ ਕ੍ਰੋਧ ਨੂੰ ਜਿਤਾਂਗੀ ਜਦੋਂ ਕੋਈ ਪੁਰਸ਼ ਮਨ ਵਿਚ ਕਰੋਧ ਕਰੇ, ਤਦ (ਉਸ ਦੇ ਅਗੇ ਕੋਈ ਗੱਲ ਨਾ ਕਰੀਏ, ਬਿਲਕੁਲ) ਮੋਨ ਧਾਰ ਛਡੀਏ, ਇਸ ਤਰ੍ਹਾਂ ਭੀ ਕਰੋਧ ਜਿਤਿਆ ਜਾ ਸਕਦਾ ਹੈ। ੨. ਭਲਾ, ਜੇ ਕਿਸੇ ਕਾਰਨ ਕਰਕੇ, ਉਸ ਦਾ ਕਰੋਧ ਸ਼ਾਂਤਿ ਨਾ ਹੋਵੇ ਤੇ ਉਹ ਮੂੰਹੋਂ ਗਾਲ੍ਹਾਂ ਕੱਢਣ ਲਗ ਪਏ, ਤਾਂ ਫੇਰ ਉਸਦੇ ਸਾਹਮਣੇ ਬੜੀ ਨਿਮਰਤਾ ਨਾਲ ਮਿਠੇ ਮਿਠੇ ਬਚਨ ਆਖੀਏ (ਤਾਂ ਭੀ ਕ੍ਰੋਧ ਨੂੰ ਜਿਤ ਲਈਦਾ ਹੈ)। ੩. ਇਸ ਤਰ੍ਹਾਂ ਕੀਤੇ ਭੀ ਕਰੋਧ ਸ਼ਾਂਤ ਨਾ ਹੋਵੇ, ਸਗੋਂ ਕਰੋਧੀ ਪੁਰਸ਼ ਅਗੋਂ ਧ੍ਰਿਕਾਰਾਂ ਤੇ ਲਾਹਨਤਾਂ ਦੇਣ ਲਗ ਪਵੇ ਤਾਂ ਉਸ ਦੇ ਚਰਨਾਂ ਉਤੇ ਡਿਗ ਪਈਏ, ਅਤੇ ਆਖੀਏ ਵੇਖੋ ਨਾ, (ਮੈਂ ਤਾਂ ਆਪ ਦਾ ਸੇਵਕ ਹਾਂ,ਮੇਰੇ ਉਤੇ ਆਪ)ਹਿਰਦੇ ਵਿਚ ਬੜੀ ਭਾਰੀ ਕਰੁਣਾ ਕੀਤਾ ਕਰੋ(ਮੈਂ ਤਾਂ ਤੁਹਾਡੀ ਦਇਆ ਦਾ ਪਾਤ੍ਰ ਹਾਂ, ਮੇਰੇ ਉਤੇ ਤਰਸ ਕਰੋ, ਇਸ ਤਰ੍ਹਾਂ ਕਰਨ ਨਾਲ ਮਹਾਂ ਕਠੋਰ ਤੋਂ ਕਠੋਰ ਕਰੋਧ ਭੀ ਮਿਟ ਜਾਂਦਾ ਹੈ)। ੪. ਜੇ ਕਿਸੇ ਚੁਕਨਾ ਵਿਚ ਆਕੇ, ਉਹ ਸ਼ਾਂਤ ਨਾ ਹੋਵੇ, ਸਗੋਂ ਅਗੇ ਨਾਲੋਂ ਭੀ ਵਧੀਕ ਕਰੋਧ ਕਰਕੇ, ਮਾਰਨ ਹੀ ਲਗ ਪਵੇ, (ਤਾਂ ਮਾਰ ਖਾਂਦੇ ਹੋਏ ਭੀ) ਚਿਤ ਵਿਚ ਪ੍ਰਸੰਨ ਹੋਈਏ ਅਤੇ ਮੂੰਹ ਤੋਂ ਇਸ ਤਰ੍ਹਾਂ ਆਖੀਏ ਕਿ ਮੇਰੇ ਪਿਛਲੇ ਕੀਤੇ ਹੋਏ ਪਾਪ ਅਜ ਆਪ ਦੀ ਕਿਰਪਾ ਨਾਲ ਝੜ ਗਏ ਹਨ (ਇਸ ਤਰ੍ਹਾਂ

Sri Satguru Jagjit Singh Ji Elibrary NamdhariElibrary@gmail.com

ਕਰਨ ਨਾਲ ਨਿਸਚੇ ਹੀ ਕਰੋਧ ਜਿਤ ਲਿਆ ਜਾਂਦਾ ਹੈ) ॥ ੯੦ ॥

**ਸਵੈਯਾ ॥**

**੧. ਇਹ ਭਾਂਤ ਬਿਚਾਰ ਕਰੇ ਨਿਸ ਬਾਸਰ ਤਾਂਹਿ ਸੁ ਕ੍ਰੋਧ ਨਹੀਂ ਉਪਜਾਏ ॥**
**੨. ਤਬ ਭੂਪ ਸ਼ਾਬਾਸ਼ ਕਹੀ ਮੁਖ ਤੇ ਸੁ ਖਿਮੇ ਤਵ ਭਾਖਿਓ ਸਾਚ ਉਪਾਏ ॥**
**੩. ਸੁਨ ਦੇਵ ਜਿਤੇ ਜਬ ਕ੍ਰੋਧ ਬਲੀ, ਤਬ ਹਿੰਸਨ ਪਾਰੁਖਿਮਾਨ ਬਸਾਏ ॥**
**੪. ਸਭ ਜੀਤ ਲਏ ਨਹਿ ਫੇਰ ਲਏ ਇਨ ਕੀ ਭੁਜ ਨਾ ਬਲ ਦੇਤ ਦਿਖਾਏ॥੯੧॥**

ਨਿਸ ਬਾਸਰ=ਰਾਤ ਦਿਨ । ਹਿੰਸਨ=ਜੀਵ ਮਾਰਨੇ । ਪਾਰੁਖਿਮਾਨ=ਕੌੜੇ ਤੇ ਕਠੋਰ ਬਚਨ ਬੋਲਣੇ ।

੧. ਹੇ ਰਾਜਨ ! ਜੋ ਪੁਰਸ਼ ਦਿਨੇ ਰਾਤ ਇਸ ਤਰ੍ਹਾਂ ਦੀ ਵਿਚਾਰ ਕਰਦਾ ਹੈ, ਉਸਨੂੰ ਮੁੜ ਕਰੋਧ ਕਦੇ ਭੀ ਪੈਦਾ ਨਹੀਂ ਹੁੰਦਾ। ੨. ਜਦ ਖਿਮਾ ਨੇ ਇਹ ਸੁਣਾਇਆ ਤਦ ਰਾਜੇ ਬਿਬੇਕ ਨੇ ਉਸਨੂੰ ਸ਼ਾਬਾਸ਼ ਦਿਤੀ ਅਤੇ ਮੂੰਹੋਂ ਕਿਹਾ–ਹੇ ਖਿਮਾ ! ਤੂੰ ਸਾਰੇ ਹੀ ਸਚੇ ਉਪਾਓ ਦਸੇ ਹਨ। ੩. ਅਗੋਂ ਹਿੰਸਾ ਨੇ ਫੇਰ ਕਿਹਾ–ਹੇ ਦੇਵ ! ਸੁਣੋ, ਜਦੋਂ ਜ਼ੋਰ ਵਾਲੇ (ਦੁਸ਼ਮਣ) ਕਰੋਧ ਨੂੰ ਜਿੱਤ ਲਿਆ ਜਾਵੇ, ਤਦ ਉਸ ਦੀਆਂ ਇਸਤ੍ਰੀਆਂ 'ਹਿੰਸਾ' ਤੇ 'ਕੌੜਾ ਬਚਨ' ਬੋਲਣਾ (ਆਪੇ ਹੀ) ਸਾਡੇ ਵੱਸ ਹੋ ਜਾਣਗੀਆਂ। ੪. ਇਹ ਸਾਰੇ ਜਿੱਤ ਲਏ ਜਾਣ ਤਾਂ ਫੇਰ (ਕੋਈ ਸਾਡੇ ਨਾਲ) ਨਹੀਂ ਲੜੇਗਾ ਅਤੇ ਨਾ ਹੀ ਇਹਨਾਂ ਦੀਆਂ ਬਾਹਾਂ ਵਿਚ ਜ਼ੋਰ ਹੀ ਨਜ਼ਰ ਆਵੇਗਾ ॥ ੯੧ ॥

**ਦੋਹਰਾ–੧. ਕਹਯੋ ਬਿਬੇਕ ਪਯਾਨ ਕਰਿ ਰਣ ਮੇ ਸ਼ਤ੍ਰ ਸੰਘਾਰ ॥**
**੨. ਸਾਤੁਕ ਸੰਪਤ ਦੇਵੀਆਂ ਕਰੇ ਸਹਾਯਤ ਬਾਰ ॥ ੯੨ ॥**

ਸਾਤੁਕ ਸੰਪਤ ਦੇਵੀਆਂ=ਦੇਵੀ ਸੰਪਦਾ ਦੇ ਇਸਤ੍ਰੀ ਨਾਮ ਵਾਲੇ ਗੁਣ, ਜੈਸਾ ਕਿ–ਮੈਤ੍ਰੀ, ਕਰੁਣਾ, ਮੁਦਤਾ, ਅਪੇਖਯਾ, ਅਹਿੰਸਾ, ਸ਼ਾਂਤੀ ਤੇ ਸਰਧਾ ਆਦਿਕ ।

੧. ਰਾਜੇ ਬਿਬੇਕ ਨੇ ਕਿਹਾ–ਤੂੰ ਗਮਨ ਕਰ ਅਤੇ ਜੰਗ ਵਿਚ ਜਾ ਕੇ ਵੈਰੀਆਂ ਨੂੰ ਮਾਰ ਦੇਹ। ੨. ਦੈਵੀ ਸੰਪਦਾ ਦੀਆਂ ਸਾਰੀਆਂ ਦੇਵੀਆਂ, ਤੇਰੀ ਸਹਾਇਤਾ ਕਰਨਗੀਆਂ ॥ ੯੨ ॥

**ਦੋਹਰਾ–੧. ਖਿਮਾ ਸੁ ਆਇਸ ਸੀਸ ਧਰਿ ਗਈ ਸੁ ਸੰਖ ਬਜਾਇ ॥**
**੨. ਰਾਜਾ ਪ੍ਰਤਿਹਾਰੀ ਕਹਯੋ ਲੇਹੁ ਸੰਤੋਖ ਬੁਲਾਇ ॥ ੯੩ ॥**

੧. ਜਦ ਆਗਿਆ ਨੂੰ ਮੰਨਕੇ, ਖਿਮਾ ਸੰਖ ਨੂੰ ਵਜਾਉਂਦੀ ਹੋਈ ਰਣ ਭੂਮੀ ਨੂੰ ਚਲੀ ਗਈ। ੨. ਤਦ ਬਿਬੇਕ ਰਾਜੇ ਨੇ ਚੋਬਦਾਰਨੀ ਨੂੰ ਕਿਹਾ–ਸੰਤੋਖ ਨੂੰ ਸੱਦ ਲਿਆਓ ॥ ੯੩ ॥

**ਦੋਹਰਾ–ਮਹਾਂ ਮੋਹ ਭਟ ਲੋਭ ਜੋ, ਤਾਂਕੋ ਮਾਰੇ ਸੋਇ ॥**
**ਤਾਂ ਬਿਨ ਪ੍ਰਤਿਹਾਰੀ ਸੁਨੋ, ਔਰ ਉਪਾਇ ਨਾ ਕੋਇ ॥ ੯੪ ॥**

ਹੇ ਚੋਬਦਾਰਨੀ ! ਸੁਣੋ, ਮਹਾਂ ਮੋਹ (ਦੇ ਸੈਨਾਪਤੀਆਂ ਵਿਚ ਜੋ) ਲੋਭ ਨਾਮ ਦਾ ਸੂਰਮਾ ਹੈ, ਉਸਨੂੰ 'ਸੰਤੋਖ' ਮਾਰੇਗਾ, ਉਸ ਤੋਂ ਬਿਨਾਂ (ਲੋਭ ਦੇ ਮਰਨ ਲਈ) ਹੋਰ ਕੋਈ ਉਪਾਇ ਹੋ ਹੀ ਨਹੀਂ ਸਕਦਾ ॥੯੪॥

**ਦੋਹਰਾ–੧. ਜੋ ਆਇਸ ਸੋਈ ਕਰੋਂ, ਪ੍ਰਤਿਹਾਰਿਨ ਇਮ ਜਾਇ ॥**

**੨. ਲੈ ਸੰਤੋਖ ਕੋ ਸੰਗਿ ਪੁਨਿ, ਕੀਨ ਪ੍ਰਵੇਸ ਸੁ ਆਇ ॥ ੯੫ ॥**

੧. ਜੋ ਆਪ ਦੀ ਆਗਿਆ, ਮੈਂ ਓਹੀ ਕਰਦੀ ਹਾਂ, ਇਸ ਤਰ੍ਹਾਂ (ਕਹਿਕੇ) ਚੋਬਦਾਰਨੀ ਚਲੀ ਗਈ। ੨. ਫੇਰ ਸੰਤੋਖ ਨੂੰ ਨਾਲ ਲਿਆਕੇ (ਉਸਨੇ ਰਾਜੇ ਦੀ ਸਭਾ ਵਿਚ) ਆਣਕੇ ਪ੍ਰਵੇਸ਼ ਕਰ ਲਿਆ ॥ ੯੫ ॥

**ਦੋਹਰਾ—੧. ਚਿਤ ਚਿਤਾਰ ਸੰਤੋਖ ਪੁਨਿ, ਦਯਾ ਰਸਾਲੇ ਨੈਨ ॥**

**੨. ਗੁਲਾਬ ਸਿੰਘ ਵਹਿ ਬੋਲਯੋ ਸੁਨੋ ਤਾਂਹਿ ਕੇ ਬੈਨ ॥ ੯੬ ॥**

੧. ਜੋ ਸੰਤੋਖ ਚਿਤ (ਵਿਚ ਕਿਸੇ ਗੱਲ ਨੂੰ) ਚਿਤਾਰ (ਯਾਦ ਕਰ) ਰਿਹਾ ਹੈ ਅਤੇ ਜਿਸਦੇ ਨੈਨ ਦਇਆ ਰੂਪ ਰਸ ਦੇ ਭਰੇ ਹੋਏ ਹਨ। ੨. ਗੁਲਾਬ ਸਿੰਘ ਪੰਡਿਤ ਜੀ ਕਹਿੰਦੇ ਹਨ ਉਹ ਸੰਤੋਖ ਸਭਾ ਵਿਚ ਆਣ ਕੇ ਬੋਲਿਆ, ਉਸ ਦੇ ਬਚਨਾਂ ਨੂੰ ਧਿਆਨ ਦੇ ਕੇ ਸੁਣੋ ॥ ੯੬ ॥

ਸੰਤੋਖ ਉਵਾਚ ॥

**ਸਵੈਯਾ ॥**

**੧. ਫਲ ਕਾਨਨ ਮਾਂਹਿ ਅਨੇਕ ਮਿਲੇ, ਬਿਨ ਖੇਦ ਸਦਾ ਤਰੁ ਹੈਂ ਸੁਖਦਾਈ ॥**
**੨. ਪੁਨ ਨੀਰ ਜਹਾਂ ਤਹਿ ਪੂਰ ਰਹਯੋ, ਅਤਿ ਸੀਤਲ ਪੁੰਨ ਨਦੀ ਮਧੁਰਾਈ ॥**
**੩. ਮ੍ਰਿਦ ਸੁੰਦਰ ਪੱਲਵ ਸੇਜ ਬਨੇ, ਬਿਜਨਾ ਬਨ ਆਪ ਸਮੀਰ ਝੁਲਾਈ ॥**
**੪. ਜਨ ਹਾ ਧਨ ਵੰਤਨ ਦ੍ਵਾਰਨ ਮੈਂ ਕ੍ਰਿਪਣਾ ਪੁਨ ਖੇਦ ਸਹੇ ਬਹੁ ਜਾਈ॥੯੭॥**

ਕਾਨਨ=ਬਨ, ਜੰਗਲ। ਖੇਦ=ਕਸ਼ਟ। ਤਰੁ=ਬ੍ਰਿਛ, ਦਰਖਤ। ਮਧੁਰਾਈ=ਮਿੱਠਾ। ਪੱਲਵ= ਪੱਤੇ, ਪੱਤ੍ਰ। ਬਿਜਨਾ=ਪੱਖਾ। ਸਮੀਰ=ਹਵਾ। ਕ੍ਰਿਪਲਾ=ਸੂਮ।

੧. ਸੰਤੋਖ ਕਹਿਣ ਲਗਾ-(ਇਸ ਪੇਟ ਦੀ ਪਿਟਾਰੀ ਨੂੰ ਭਰਨ ਵਾਸਤੇ) ਬਨ ਦੇ ਵਿਚ ਅਨੇਕ ਤਰ੍ਹਾਂ ਦੇ ਫਲ ਬਿਨਾਂ ਹੀ ਯਤਨ ਤੋਂ ਮਿਲ ਜਾਂਦੇ ਹਨ ਅਤੇ ਰੈਨ ਬਸੇਰਾ ਕਰਨ ਵਾਸਤੇ ਬਨ ਵਿਚ ਅਨੇਕਾਂ ਹੀ (ਬ੍ਰਿਛ ਸਦਾ ਹੀ ਸੁਖਦਾਈ ਮੌਜੂਦ ਖੜੇ ਹਨ। ੨. ਫੇਰ (ਤ੍ਰੇਹ ਨੂੰ ਦੂਰ ਕਰਨ ਵਾਸਤੇ) ਜਿਥੇ ਕਿਥੇ ਜਲ ਦੇ ਤਲਾਓ ਭਰੇ ਹੋਏ ਹਨ ਅਤੇ ਗਰਮੀ ਨੂੰ ਮਿਟਾਉਣ ਵਾਸਤੇ ਮਿਠੇ ਜਲ ਦੀਆਂ ਪਵਿਤ੍ਰ ਨਦੀਆਂ [ਸਦਾ ਹੀ ਮੌਜੂਦ ਰਹਿੰਦੀਆਂ ਹਨ]। ੩. ਕੂਲੇ ਕੂਲੇ ਪੱਤਰਾਂ ਦੀ ਸੇਜਾ ਸੌਣ ਵਾਸਤੇ ਮੌਜੂਦ ਹੈ ਅਤੇ ਸੁੰਦਰ-ਪੱਤਰ [ਭੋਜ ਪੱਤਰ] ਸਰੀਰ ਉਤੇ ਪਹਿਰਣ ਦੇ ਵਾਸਤੇ ਹਰ ਸਮੇਂ ਮਿਲ ਸਕਦੇ ਹਨ, ਅਤੇ ਬਣ ਵਿਚ ਸੀਤਲ ਤੇ ਸੁਗੰਧੀ ਵਾਲੀ ਹਵਾ ਹੀ ਪੱਖਾ ਝੁਲਾ ਰਹੀ ਹੈ, ਇਸ ਤਰ੍ਹਾਂ ਦੇ ਸੁਖਦਾਈ ਸਾਧਨ ਨਿਰਯਤਨ ਹੀ ਮਿਲ ਸਕਦੇ ਹੋਇਆਂ ਨੂੰ ਛਡਕੇ ਬਹੁਤੇ ਮਨੁਖ ਧਨ ਵਾਲੇ ਸੂਮ ਪੁਰਖਾਂ ਦੇ ਬੂਹੇ ਉਤੇ ਜਾ ਕੇ ਅਨੇਕ ਤਰ੍ਹਾਂ ਦੇ ਦੁਖ ਪ੍ਰਾਪਤ ਕਰਦੇ ਹਨ, [ਇਹ ਕੁਝ ਵੇਖ ਕੇ ਮੇਰੇ ਮਨ ਵਿਚ] ਬੜਾ ਹੀ ਕਸ਼ਟ ਹੋ ਰਿਹਾ ਹੈ ॥ ੯੭ ॥

**ਸਵੈਯਾ ॥**

**੧. ਜਨ ਮੂਰਖ ਨਾ ਮਮ ਚੀਤ ਧਰੇਂ ਅਤਿ ਮੋਹ ਭਏ ਸਠ ਦੇਹ ਤਪਾਏ ॥**
**੨. ਬਹੁ ਬਾਰ ਅਰੰਭ ਭਏ ਭਗਨਾ ਜਗ ਫੇਰ ਕਰੇ ਪਸੁ ਨਾਹਿ ਲਜਾਏ ॥**
**੩. ਜਿਮ ਕਾਲਰ ਨੀਰ ਭ੍ਰਮੇ ਹਰਨਾ ਇਤ ਤੇ ਉਤ ਮੂਰਖ ਤਿਉਂ ਜਗ ਧਾਏ ॥**
**੪. ਬਿਨ ਮੋਹ ਪ੍ਰਸਾਦ ਨ ਆਸ ਮਿਟੇ ਹਤ ਬੱਜ੍ਰ ਸਮਾਨ ਘਨੇ ਬਿਲਲਾਏ॥੯੮॥**

੧. ਦੁਨੀਆਂ ਦੇ ਮੂਰਖ ਲੋਕ ਮੈਨੂੰ ਚਿਤ ਧਾਰਨ ਨਹੀਂ ਕਰਦੇ ਅਤੇ ਮੋਹ ਦੇ ਵਸ ਹੋਏ ਹੋਏ ਤ੍ਰਿਸ਼ਨਾਂ ਅਗਨੀ ਨਾਲ ਮੂਰਖ ਦੇਹ ਨੂੰ ਸਾੜ ਰਹੇ ਹਨ। ੨. ਧਨ ਨੂੰ ਪ੍ਰਾਪਤ ਕਰਨ ਵਾਸਤੇ ਬਹੁਤ ਵੇਰੀ ਕਈ ਕੰਮਾਂ ਨੂੰ ਅਰੰਭ ਕਰਦੇ ਹਨ, ਪਰ ਧਨ ਨਹੀਂ ਮਿਲਦਾ ਤੇ ਉਹ ਕਾਰਜ ਨਸ਼ਟ ਹੋ ਜਾਂਦੇ ਹਨ, ਜਗਤ (ਦੇ ਜੀਵ ਧਨ ਪ੍ਰਾਪਤੀ ਲਈ) ਫੇਰ ਉਦਮ ਕਰਦੇ ਹਨ ਅਤੇ ਪਸ਼ੂ (ਸੁਭਾਵ ਵਾਲੇ ਮੂਰਖ ਮਨ ਵਿਚ ਰਤੀ ਜਿੰਨੀ ਭੀ) ਲੱਜਾ ਨਹੀਂ ਕਰਦੇ। ੩. ਜਿਵੇਂ ਕੱਲਰ ਨੂੰ ਪਾਣੀ ਸਮਝਕੇ ਹਰਣ ਇਧਰ ਤੇ ਉਧਰ ਭੌਂਦਾ ਹੈ, (ਪਰ ਉਸਨੂੰ ਪਾਣੀ ਪ੍ਰਾਪਤ ਨਹੀਂ ਹੁੰਦਾ), ਇਸੇ ਤਰ੍ਹਾਂ ਹੀ ਇਹ ਮੂਰਖ ਜਗਤ (ਲੋਭ ਦੇ ਵੱਸ ਹੋਕੇ) ਇਧਰ ਤੇ ਉਧਰ ਧਨ ਨੂੰ ਕਮਾਉਣ ਵਾਸਤੇ ਭੱਜਾ ਫਿਰਦਾ ਹੈ। ੪. ਮੇਰੀ ਕ੍ਰਿਪਾ ਤੋਂ ਬਿਨਾਂ ਇਸ ਲੋਭੀ ਦੀ ਆਸ ਕਿਸੇ ਤਰ੍ਹਾਂ ਭੀ ਨਹੀਂ ਮਿਟੇਗੀ। (ਅਰਥਾਤ ਸੰਤੋਖ ਨੂੰ ਪ੍ਰਾਪਤ ਕੀਤੇ ਤੋਂ ਬਿਨਾਂ ਤ੍ਰਿਸ਼ਨਾ ਨੇ ਦੂਰ ਕਦੇ ਭੀ ਨਹੀਂ ਹੋਣਾ) ਅਤੇ ਜਿਵੇਂ ਬੱਜਰ ਦੀ ਮਾਰ ਖਾ ਚੁਕਾ (ਪੁਰਸ਼ ਰੋਂਦਾ ਰਹਿੰਦਾ ਹੈ, ਉਸੇ) ਸਮਾਨ (ਹੀ ਇਹ ਲੋਭ ਦੇ ਗ੍ਰਸੇ ਹੋਏ ਪੁਰਸ਼ ਧਨ ਦੀ ਪ੍ਰਾਪਤੀ ਲਈ ਹੀ) ਬਹੁਤੇ ਰੋਂਦੇ ਰਹਿੰਦੇ ਹਨ ॥ ੯੮ ॥

**ਕਬਿੱਤ—੧. ਲੋਭ ਅੰਧਕਾਰ ਦ੍ਰਿਗ ਯਾ ਬਿਧਿ ਬਿਕਾਰ ਭਜੇ,**
**ਪਾਉ ਧਨ ਔਰ ਕਛੁ ਏਤੋ ਅਬ ਪਾਯੋ ਹੈ ॥**
**੨. ਏਤੋ ਥਾਪ ਰਾਖੋਂ ਏਤੋ ਬਯਾਜ ਮੇਂ ਚਲਾਊਂ ਅਬ,**
**ਮੋ ਪਿਤਾ ਪਿਤਾਮੇ ਪੁਨ ਯਾ ਬਿਧਿ ਬਢਾਯੋ ਹੈ ॥**
**੩. ਐਸੇ ਧਨ ਧਯਾਨ ਕਰੇ ਕਾਲ ਕੀ ਨਾ ਸਾਰ ਪਰੇ,**
**ਆਸਾ ਜੁ ਪਿਸਾਚੀ ਪੁਨ ਯਾ ਬਿਧ ਗ੍ਰਸਾਯੋ ਹੈ ॥**
**੪. ਬਿਨ ਹੀ ਸੰਤੋਖ ਜਗ ਲਹੇ ਘਨੇ ਦੋਖ ਪੁਨ,**
**ਗਹੇ ਕਾਲ ਮੂੰਡ ਜਾਨੇ ਲੋਕ ਸੁਖ ਪਾਯੋ ਹੈ ॥ ੯੯ ॥**

੧. ਜਦ ਲੋਭ ਦਾ ਹਨੇਰਾ ਪੁਰਸ਼ ਦੀਆਂ ਅੱਖਾਂ ਵਿਚ ਛਾ ਜਾਂਦਾ ਹੈ, ਤਦ (ਇਹ) ਇਸ ਤਰ੍ਹਾਂ ਦੇ ਵਿਕਾਰ ਸੋਚਦਾ ਹੈ, (ਕਿ ਮੈਂ) ਧਨ ਨੂੰ ਪ੍ਰਾਪਤ ਕਰਾਂ, ਏਨਾ ਕੁ ਤਾਂ ਕੱਠਾ ਹੋ ਗਿਆ ਹੈ ਤੇ ਏਨਾ ਕੁ ਹੋਰ ਕਰ ਲੈਣਾ ਚਾਹੀਦਾ ਹੈ। ੨. ਉਸ ਸਾਰੇ ਵਿਚੋਂ ਏਨਾਂ (ਕੁ ਤਾਂ ਵੇਲੇ ਕੁਵੇਲੇ ਲਈ) ਜਮਾਂ ਕਰਕੇ ਰਖਾਂ ਅਤੇ ਏਨਾਂ ਕੁ ਹੁਣ ਵਯਾਜੀ ਤੋਰ ਛੱਡਾਂ (ਉਸ ਵਿਆਜ ਨਾਲ ਖਰਚ ਤੁਰਦਾ ਜਾਏਗਾ ਤੇ ਮੂਲ ਨਹੀਂ ਘਟੇਗਾ) ਮੇਰੇ ਪਿਉ ਦਾਦੇ ਨੇ ਭੀ ਇਸੇ ਤਰੀਕੇ ਨਾਲ ਧਨ ਨੂੰ ਵਧਾਇਆ ਸੀ। ੩. ਲੋਭ ਵੱਸ ਹੋਕੇ ਜੀਵ ਇਸ ਤਰ੍ਹਾਂ ਧਨ ਦਾ ਧਿਆਨ ਕਰਦਾ ਹੈ, ਮੌਤ ਦੀ ਉਸਨੂੰ ਸੂਝ ਹੀ ਨਹੀਂ ਪੈਂਦੀ, ਤ੍ਰਿਸ਼ਨਾ ਰੂਪ ਰਾਖਸ਼ਨੀ ਨੇ ਉਸਨੂੰ ਇਸ ਤਰ੍ਹਾਂ ਨਾਲ ਦਬਾਇਆ ਹੋਇਆ ਹੈ। ੪. ਸੰਤੋਖ ਤੋਂ ਹੀਣਾ ਹੋਣ ਕਰਕੇ ਜਗਤ ਵਿਚ ਧਨ ਪਾਉਣ ਵਾਸਤੇ ਬਹੁਤ ਹੀ ਪਾਪ ਕਰਦਾ ਹੈ (ਕਿਉਂਕਿ 'ਪਾਪਾਂ ਬਾਝਹੁ ਹੋਵੈ ਨਾਹੀ' ਪਾਪਾਂ ਤੋਂ ਬਿਨਾਂ ਮਾਯਾ ਕੱਠੀ ਹੀ ਨਹੀਂ ਹੁੰਦੀ), ਇਸਦੇ ਸਿਰ ਦੇ ਕੇਸਾਂ ਨੂੰ ਤਾਂ ਕਾਲ ਨੇ ਫੜਿਆ ਹੋਇਆ ਹੈ, ਪਰ (ਇਹ ਮੂਰਖ ਹਰ ਵੇਲੇ ਜਗਤ ਦੇ) ਸੁਖ ਨੂੰ ਭੋਗਣੇ ਹੀ ਜਾਣਦਾ ਹੈ, (ਮੌਤ ਨੂੰ ਇਸਨੇ ਅਜਿਹਾ ਚਿਤੋਂ ਭੁਲਾਇਆ ਹੈ, ਜੋ ਇਸਨੂੰ ਕਦੇ ਭੀ ਚੇਤੇ ਨਹੀਂ ਆਉਂਦੀ) ॥ ੯੯ ॥

**ਸਵੈਯਾ ॥**

**੧. ਧਨ ਏਕ ਉਪਾਇ ਕਰੇ ਨ ਲਹੇ ਪੁਨ ਏਕ ਬਡੋ ਸੁ ਉਪਾਇ ਮਿਲਾਇ ॥**

**੨. ਜੁ ਮਿਲਾਇ ਧਰੇ ਧਨ ਭੌਨ ਬਿਖੇ ਬਿਨ ਭਾਗ ਸੁ ਭੋਗ ਬਿਨਾ ਛਿਨਸਾਏ ॥**
**੩. ਤੁਲ ਬਿਓਗ ਉਭੈ ਧਨ ਕੇ ਘਰ ਆਇ ਗਯੋ ਵਹੁ ਚੀਤ ਤਪਾਏ ॥**
**੪. ਯਾ ਜਗ ਮਾਂਹਿ ਸੰਤੋਖ ਬਿਨਾ ਕਵਿ ਸਿੰਘ ਗੁਲਾਬ ਨ ਕੋ ਤ੍ਰਿਪਤਾਏ॥੧੦੦॥**

੧. ਇਕ ਪੁਰਸ਼ ਧਨ ਨੂੰ (ਕੱਠਾ ਕਰਨ ਦਾ) ਯਤਨ ਕਰਦੇ ਹਨ, ਪਰ ਧਨ ਉਨ੍ਹਾਂ ਨੂੰ ਮਿਲਦਾ ਹੀ ਨਹੀਂ ਹੈ, (ਸਾਰੀ ਉਮਰਾ ਉਦਮ ਕਰਦੇ ਹੀ ਮਰ ਜਾਂਦੇ ਹਨ) ਪਰ ਫੇਰ (ਕਈ) ਇਕ ਐਸੇ ਪੁਰਖ ਹਨ, ਜੋ ਵਡੇ ਯਤਨ (ਕਰਨ ਤੋਂ ਪਿਛੋਂ ਧਨ ਉਨ੍ਹਾਂ ਨੂੰ) ਮਿਲ ਗਿਆ ਹੈ। ੨. ਜੋ ਧਨ ਉਨ੍ਹਾਂ ਨੂੰ ਮਿਲਿਆ ਹੈ, ਉਹ ਉਨ੍ਹਾਂ ਨੇ ਇਕੱਠਾ ਕਰਕੇ ਘਰ ਦੇ ਅੰਦਰ ਸਾਂਭ ਰਖਿਆ ਹੈ, (ਪਰ ਉਸ ਧਨ ਦਾ ਸੁਖ ਉਨ੍ਹਾਂ ਦੇ ਭਾਗਾਂ ਵਿਚ ਨਹੀਂ ਸੀ, ਇਸ ਕਾਰਨ ਕਰਕੇ ਉਹ ਧਨ ਘਰ ਦੇ ਅੰਦਰੋਂ ਚੋਰੀ ਹੋ ਜਾਣ ਕਰਕੇ) ਨਸ਼ਟ ਹੋ ਗਿਆ ਹੈ। ੩. ਇਸ ਹਾਲਤ ਵਿਚ ਧਨ ਦਾ ਵਿਛੋੜਾ ਤਾਂ ਦੋਹਾਂ ਪੁਰਸ਼ਾਂ ਨੂੰ ਇਕੋ ਜਿਹਾ ਹੈ, ਪਰ ਜਿਸ ਦੇ ਘਰ ਵਿਚ ਧਨ ਆਕੇ ਚੋਰੀ ਹੋ ਗਿਆ, ਉਸਦਾ ਦਿਲ ਹਰ ਵੇਲੇ ਸੜਦਾ ਰਹਿੰਦਾ ਹੈ (ਅਰਥਾਤ ਜਿਸਨੂੰ ਯਤਨ ਕਰਦਿਆਂ ਹੋਇਆਂ ਭੀ ਧਨ ਨਹੀਂ ਮਿਲਿਆ ਅਤੇ ਜਿਸਨੂੰ ਮਿਲ ਤਾਂ ਚੁਕਾ ਸੀ, ਪਰ ਚੋਰੀ ਹੋ ਜਾਣ ਕਰਕੇ ਜਾਂ ਕਿਸੇ ਹੋਰ ਕਾਰਨ ਕਰਕੇ ਕੋਲੋਂ ਚਲਾ ਗਿਆ ਹੈ, ਉਨ੍ਹਾਂ ਦੋਹਾਂ ਪੁਰਸ਼ਾਂ ਨੂੰ ਧਨ ਦਾ ਵਿਛੋੜਾ ਤਾਂ ਇਕੋ ਜਿਹਾ ਹੈ, ਪਰ ਜਿਸਨੂੰ ਮਿਲਕੇ ਨਸ਼ਟ ਹੋ ਗਿਆ ਹੈ, ਉਸਨੂੰ ਦੁਖ ਬਹੁਤਾ ਹੈ ਅਤੇ ਜਿਸਨੂੰ ਅਜੇ ਤਕ ਮਿਲਿਆ ਹੀ ਨਹੀਂ ਹੈ, ਉਸਨੂੰ ਦੁਖ ਘਟ ਹੈ)। ੪. ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ, ਇਸ ਜਗਤ ਵਿਚ ਸੰਤੋਖ ਪ੍ਰਾਪਤ ਕੀਤੇ ਤੋਂ ਬਿਨਾਂ ਕੋਈ ਪੁਰਸ਼ (ਭੀ ਤ੍ਰਿਸ਼ਨਾ ਵਲੋਂ) ਰੱਜਦਾ ਨਹੀਂ ਹੈ ॥ ੧੦੦ ॥

**ਸਵੈਯਾ ॥**

**੧. ਕੇਸ ਸੁ ਧੌਲ ਭਏ ਸਿਰ ਕੇ ਸੁ ਜਰਾ ਜਗ ਸਾਪਨਿ ਡੰਕ ਲਗਾਏ॥**
**੨. ਤੱਦਪਿ ਮੂਢ ਚਹੇ ਧਨ ਕੋ ਸੁਖ ਹੇਤ ਕਬੀ ਨ ਰਾਮ ਧਿਆਏ॥**
**੩. ਬੋਧ ਸੁ ਨੀਰ ਅਬੋਧ ਜਨੀ ਰਜ ਲੋਭ ਲਗੇ ਜਗ ਮਾਂਹਿ ਮਿਟਾਏ॥**
**੪. ਸੰਤੋਖ ਰਸਾਂਮ੍ਰਿਤ ਸਿੰਧ ਬਿਖੇ ਪੁਨ ਦੇ ਟੁਬਕੀ ਸੁਖ ਪੂਰਨ ਪਾਏ॥ ੧੦੧ ॥**

ਜਰਾ=ਬ੍ਰਿਧ ਉਮਰਾ। ਜਨੀ=ਪੈਦਾ ਕੀਤੀ। ਰਜ=ਧੂੜੀ ਖੇਹ, ਮਿਟੀ। ਹੇਤੁ=ਹੇਤੂ, ਕਾਰਨ।
ਰਸਾਂਮ੍ਰਿਤ=ਰਸ=ਜਲ+ਅੰਮ੍ਰਿਤ=ਮਿਠਾ) ਮਿਠਾ ਪਾਣੀ, ਸੰਤੋਖ ਮਿਠੇ ਜਲ ਦਾ ਸਮੁੰਦਰ ਹੈ।

੧. ਬ੍ਰਿਧ ਉਮਰਾ ਰੂਪ ਸਪਨੀ ਨੇ ਜਗਤ ਨੂੰ ਡੰਗ ਮਾਰ ਦਿਤਾ ਹੈ, (ਇਸ ਲਈ) ਸਿਰ ਦੇ ਕੇਸ ਚਿਟੇ ਹੋ ਗਏ ਹਨ, ਅਖੋਂ ਦਿਸਣਾ ਰਹਿ ਗਿਆ ਹੈ, ਦੰਦ ਨਿਕਲ ਗਏ ਹਨ, ਕੰਨ ਬੋਲੇ ਹੋ ਗਏ ਹਨ। ਸਿਰ ਕੰਬਣ ਲਗ ਪਿਆ ਹੈ, ਹੱਥ-ਪੈਰ ਲੜ-ਖੜਾਉਣ ਲਗ ਪਏ ਹਨ, ਸਰੀਰ ਭੀ ਕਮਾਨ ਵਾਂਗੂੰ ਕੁਬਾ ਹੋ ਗਿਆ ਹੈ। ੨. ਪਰ ਮੂਰਖ ਫੇਰ ਭੀ ਧਨ ਨੂੰ ਹੀ ਚਾਹੁੰਦਾ ਹੈ (ਜੋ) ਸੁਖ ਦਾ ਕਾਰਨ ਰੂਪ ਰਾਮ ਹੈ, ਉਸਨੂੰ ਕਦੇ ਭੀ ਯਾਦ ਨਹੀਂ ਕਰਦਾ। ੩. ਅਗਿਆਨ ਦੀ ਪੈਦਾ ਕੀਤੀ ਹੋਈ ਲੋਭ ਰੂਪ ਖੇਹ-ਮਿਟੀ ਵਿਚ ਜੀਵ ਲਗੇ ਲਿਬੜੇ ਹੋਏ ਹਨ, (ਪਰ ਜੋ ਕੋਈ) ਗਿਆਨ ਦੇ ਪਾਣੀ ਨਾਲ ਉਸ (ਮਿਟੀ ਨੂੰ) ਜਗਤ ਵਿਚੋਂ ਮਿਟਾ ਦੇਂਦਾ ਹੈ। ੪. ਉਹ ਪੁਰਸ਼ ਫੇਰ ਸੰਤੋਖ ਰੂਪ ਅੰਮ੍ਰਿਤ ਜਲ ਦੇ ਸਮੁੰਦਰ ਵਿਚ ਟੁਬੀ ਲਾਕੇ ਪੂਰਨ ਸੁਖ ਨੂੰ ਪਾ ਲੈਂਦਾ ਹੈ ॥ ੧੦੧ ॥

ਪ੍ਰਤਿਹਾਰੀ ਉਵਾਚ ॥

**ਦੋਹਰਾ–੧. ਏਹੁ ਸੁਆਮੀ ਭੂਪ ਹੈ ਚਲੋ ਸੁ ਯਾਕੇ ਪਾਸ॥**

**੨. ਜਾਇ ਸੰਤੋਖ ਸਮੀਪ ਪੁਨ ਜਯ ਜਯ ਕੀਨ ਪ੍ਰਕਾਸ ॥ ੧੦੨ ॥**

ਜਦ ਸੰਤੋਖ ਇਸ ਤਰ੍ਹਾਂ ਕਹਿ ਰਿਹਾ ਸੀ, ਤਾਂ ਉਸ ਨੂੰ ਸੰਬੋਧਨ ਕਰਕੇ ਚੋਬਦਾਰਨੀ ਨੇ ਕਿਹਾ– ੧. ਮਹਾਰਾਜਾ ਬਿਬੇਕ ਸ੍ਵਾਮੀ ਜੀ ਇਹ ਬੈਠੇ ਹਨ, ਇਨ੍ਹਾਂ ਦੇ ਕੋਲ ਚਲੋ। ੨. ਫਿਰ ਸੰਤੋਖ ਨੇ ਜਾਕੇ ਕਿਹਾ– ਮਹਾਰਾਜ ਦੀ ਜੈ ਜੈ ਕਾਰ ਹੋਵੇ ॥ ੧੦੨ ॥

**ਦੋਹਰਾ–੧. ਇਹੁ ਸੰਤੋਖ ਪ੍ਰਨਾਮ ਕਰੇ ਸੁ ਚਰਣ ਤਿਹਾਰ ॥**

**੨. ਭੂਪਿਤ ਕਹਯੋ ਸਮੀਪ ਇਹ ਬੈਠੋ ਆਉ ਹਮਾਰ ॥ ੧੦੩ ॥**

੧. ਹੇ ਪ੍ਰਭੋ ! ਇਹ ਆਪ ਦਾ ਸੇਵਕ ਸੰਤੋਖ ਹੈ ਅਤੇ ਆਪ ਜੀ ਦੇ ਚਰਨਾਂ ਉਤੇ ਪ੍ਰਣਾਮ ਕਰਦਾ ਹੈ। ੨. ਅਗੋਂ ਰਾਜੇ ਨੇ ਕਿਹਾ–ਆਓ, ਸੰਤੋਖ ! ਮੇਰੇ ਕੋਲ ਇਥੇ ਆਣ ਬੈਠੋ ॥ ੧੦੩ ॥

ਕਵਿ ਉਵਾਚ ॥

**ਦੋਹਰਾ–੧. ਬਰਨੌਂ ਰੂਪ ਸੰਤੋਖ ਕੋ ਬੈਠੇ ਸਭਾ ਮਝਾਰ ॥**

**੨. ਸੀਤਾ ਵਰ ਵਰ ਮੈਂ ਚਹੋਂ ਬਸੇ ਸੁ ਚੀਤ ਮਝਾਰ ॥ ੧੦੪ ॥**

ਗ੍ਰੰਥ ਕਰਤਾ ਜੀ ਕਹਿੰਦੇ ਹਨ–੧. ਮੈਂ ਉਸ ਸੰਤੋਖ ਦਾ ਰੂਪ ਵਰਣਨ ਕਰਦਾ ਹਾਂ (ਜੋ) ਰਾਜ ਸਭਾ ਵਿਚ ਬੈਠਾ ਹੈ। ੨. ਹੇ ਸੀਤਾ ਦੇ ਸ੍ਵਾਮੀ (ਸ੍ਰੀ ਰਾਮ ਜੀ ! ਮੈਂ ਇਹੋ ਵਰ ਚਾਹੁੰਦਾ ਹਾਂ) ਉਹ (ਸੰਤੋਖ) ਮੇਰੇ ਚਿੱਤ ਵਿਚ ਵੱਸ ਜਾਵੇ ॥ ੧੦੪ ॥

**ਸਵੈਯਾ ॥**

**੧. ਚੀਤ ਗੰਭੀਰ ਮਨੋ ਨਿਧਿ ਨੀਰ ਸਰੀਰ ਮਹਾਂ ਦੁਤਿ ਸੋਹਤ ਹੈ ॥**
**੨. ਦ੍ਰਿਗ ਸਿੰਚ ਸੁਧਾ ਰਸ ਸਾਂਤ ਕਰੇ ਇਹ ਭਾਂਤ ਚਹੂੰ ਦਿਸ ਜੋਹਤ ਹੈ ॥**
**੩. ਨਿਜ ਦੌਰ ਦਲੇ ਅਰਿ ਮੰਡਲ ਕੋ ਭਵ ਮੰਡਲ ਮੈਂ ਜਸ ਦੋਹਿਤ ਹੈ ॥**
**੪. ਕਵਿ ਸਿੰਘ ਗੁਲਾਬ ਪਿਖੇ ਇਹ ਭਾਂਤਿ ਮਨੋ ਸਭ ਕੋ ਮਨ ਮੋਹਤ ਹੈ।੧੦੫॥**

ਨਿਧਿ ਨੀਰ=ਸਮੁੰਦਰ। ਦੁਤਿ=ਆਭਾ, ਪ੍ਰਕਾਸ਼, ਚਮਕ-ਦਮਕ । ਸੁਧਾਰਸ=ਅੰਮ੍ਰਿਤ ਜਲ। ਜੋਹਤ=ਵੇਖਦਾ। ਦੌਰ=ਬਲ ਕਰਕੇ। ਦੋਹਿਤ=ਪੂਰਨ । ਭਵ ਮੰਡਲ=ਸਾਰੇ ਸੰਸਾਰ।

੧. ਸੰਤੋਖ ਦਾ ਚਿੱਤ (ਐਸਾ) ਗੰਭੀਰ ਹੈ ਮਾਨੋ ਸਮੁੰਦਰ ਹੈ ਅਤੇ ਸਰੀਰ ਮਹਾਨ ਸੋਭਾ ਕਰਕੇ ਸੋਭ ਰਿਹਾ ਹੈ। ੨. ਅੱਖਾਂ ਨਾਲ ਅੰਮ੍ਰਿਤ ਜਲ ਦੇ ਛਟੇ ਦੇਕੇ ਸਭਨਾਂ ਦੇ ਚਿੱਤ ਸ਼ਾਂਤ ਕਰ ਰਿਹਾ ਹੈ, ਇਸ ਤਰ੍ਹਾਂ ਨਾਲ ਚੌਹਾਂ ਦਿਸ਼ਾਂ ਵੱਲ ਵੇਖ ਰਿਹਾ ਹੈ। ੩. ਆਪਣੀਆਂ ਬਾਹਾਂ ਦੇ ਬਲ ਕਰਕੇ ਸਾਰੇ ਵੈਰੀਆਂ ਨੂੰ ਦਲ ਰਿਹਾ ਹੈ, (ਇਸ ਤਰ੍ਹਾਂ ਨਾਲ) ਸਾਰੇ ਜਗਤ ਵਿਚ ਪੂਰਨ ਹੋ ਰਿਹਾ ਹੈ। ੪. ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਇਸ ਤਰ੍ਹਾਂ ਨਾਲ ਦਿਸਦਾ ਹੈ, ਮਾਨੋ ਸਾਰਿਆਂ ਦੇ ਮਨ ਨੂੰ ਮੋਹਤ ਕਰ ਰਿਹਾ ਹੈ ॥ ੧੦੫ ॥

**ਦੋਹਰਾ–੧. ਬਹੁਰ ਸੰਤੋਖ ਬਖਾਨਿਓ ਆਗਿਆ ਦੇਹੁ ਸੁ ਮੋਹਿ ॥**

**੨. ਭੂਪਤਿ ਕਹਯੋ ਪ੍ਰਸੰਗ ਸਭ ਨਾਹਿ ਸੁ ਛਾਨੋ ਤੋਹਿ ॥ ੧੦੬ ॥**

੧. ਫੇਰ ਸੰਤੋਖ ਨੇ ਕਿਹਾ–ਮਹਾਰਾਜ ! ਜਿਸ ਵਾਸਤੇ ਬੁਲਾ ਭੇਜਿਆ ਹੈ ਮੈਨੂੰ ਉਹ ਆਗਿਆ ਦਿਓ।

Sri Satguru Jagjit Singh Ji Elibrary NamdhariElibrary@gmail.com

੨. ਰਾਜੇ ਨੇ ਸਾਰੀ ਵਾਰਤਾ ਸੁਣਕੇ ਕਿਹਾ-ਤੈਥੋਂ ਕੋਈ ਲੁਕੀ ਹੋਈ ਗੱਲ ਨਹੀਂ ਹੈ ॥ ੧੦੬ ॥

**ਦੋਹਰਾ-੧. ਬੇਗ ਬਨਾਰਸ ਜਾਹੁ ਅਬ ਲੋਭ ਹਨੋ ਬਲ ਧਾਰ ॥**

**੨. ਕਹਯੋ ਸੰਤੋਖ ਸੁ ਕਰੌਂ ਅਬ ਜੋ ਪ੍ਰਭੁ ਕਰੋ ਉਚਾਰ ॥ ੧੦੭ ॥**

੧. ਹੁਣ ਤੂੰ ਛੇਤੀ ਨਾਲ ਕਾਂਸ਼ੀ ਵਿਚ ਚਲਾ ਜਾਹ ਅਤੇ ਬਲ ਧਾਰਕੇ ਲੋਭ ਨੂੰ ਮਾਰ ਦੇਹ। ੨. ਅਗੋਂ ਸੰਤੋਖ ਨੇ ਕਿਹਾ-ਹੇ ਪ੍ਰਭੋ ! ਜੋ ਆਪ ਨੇ ਉਚਾਰਿਆ ਹੈ. ਮੈਂ ਹੁਣੇ ਜਾ ਕੇ ਉਸਨੂੰ ਪੂਰਾ ਕਰਦਾ ਹਾਂ ॥ ੧੦੭ ॥

**ਸਵੈਯਾ ॥**

**੧. ਮਾਨਵ ਦੇਵ ਸੁ ਦੈਤ ਸਭੈ, ਜਿਹ ਜੀਤ ਲਏ ਜਗ ਭੀਤਰ ਸਾਰੇ ॥**
**੨. ਤਾਪਸਿ ਮੰਡਲ ਵਿਪ੍ਰ ਹਨੇ, ਬਹੁ ਭਾਂਤਿਨ ਕੇ ਪਦ ਸੰਗਲ ਡਾਰੇ ॥**
**੩. ਤਾਂ ਖਲ ਲੋਭ ਕੋ ਮੈਂ ਇਹ ਭਾਂਤ, ਹਨੋਂ ਪੁਨ ਸੰਘਰ ਭੂਮਿ ਮਝਾਰੇ ॥**
**੪. ਦਾਸਰਥੀ ਰਘੁਬੀਰ ਬਲੀ ਜਿਹ ਭਾਂਤਿ ਸੁ ਰਾਵਨ ਰਾਖਸ ਮਾਰੇ ॥ ੧੦੮ ॥**

ਤਾਪਸਿ ਮੰਡਲ=ਸਾਰੇ ਤਪਸਵੀ ਲੋਕ। ਸੰਘਰ ਭੂਮਿ=ਰਣਭੂਮੀ। ਦਾਸਰਥੀ=ਦਸਰਥ ਰਾਜੇ ਦੇ ਪੁਤ੍ਰ। ਰਘੁਬੀਰ=ਸ੍ਰੀ ਰਾਮ ਚੰਦਰ।

੧. ਜਿਸਨੇ ਜਗਤ ਵਿਚ (ਰਹਿਣ ਵਾਲੇ) ਸਾਰੇ ਮਨੁਖ ਸਾਰੇ ਦੇਵਤੇ ਤੇ ਦੈਂਤ ਜਿੱਤ ਕੇ (ਆਪਣੇ ਕਾਬੂ ਕਰ ਲਏ ਹਨ। ੨. ਸਾਰੇ ਤਪਸੀ ਲੋਕ ਤੇ ਬ੍ਰਾਹਮਣਾਂ ਨੂੰ ਜਿਸਨੇ ਮਾਰ ਮੁਕਾਇਆ ਹੈ, (ਅਤੇ ਇਨ੍ਹਾਂ ਦੇ ਮਨ ਰੂਪ) ਪੈਰ ਨੂੰ ਬਹੁਤ ਤਰ੍ਹਾਂ ਦੀਆਂ ਵਾਸਨਾਂ ਰੂਪ ਸੰਗਲ ਪਾ ਦਿਤੇ ਹਨ। ੩. ਉਸ ਮੂਰਖ ਲੋਭ ਨੂੰ ਮੈਂ ਰਣਭੂਮੀ ਵਿਚ ਇਸ ਤਰ੍ਹਾਂ ਨਾਲ ਮਾਰ ਸੁਟਾਂਗਾ। ੪. ਜਿਸ ਤਰ੍ਹਾਂ ਨਾਲ ਦਸਰਥ ਦੇ ਪੁਤਰ ਸ੍ਰੀ ਰਾਮ ਜੀ ਨੇ ਰਾਵਨ ਰਾਖਸ਼ ਨੂੰ ਮਾਰ ਸੁਟਿਆ ਸੀ ॥ ੧੦੮ ॥

**ਚੌਪਈ ॥**

**੧. ਐਸ ਬਖਾਨ ਸੰਤੋਖ ਸੁ ਗਯੋ ॥ ਔਰ ਏਕ ਨਰੁ ਆਵਤ ਭਯੋ ॥**
**੨. ਦੇਵ ਵਿਜੈ ਹਿਤ ਮੰਗਲ ਜੇਤੇ ॥ ਸਭੈ ਮਿਲਾਇ ਲਿਆਇ ਤੇਤੇ ॥ ੧੦੯ ॥**

੧. ਇਸ ਤਰ੍ਹਾਂ ਕਹਿਕੇ ਜਦ ਉਹ ਸੰਤੋਖ ਚਲਾ ਗਿਆ, (ਤਦ) ਇਕ ਹੋਰ ਮਨੁਖ ਉਸੇ ਵੇਲੇ ਆ ਗਿਆ। ੨. ਉਸ ਨੇ ਕਿਹਾ-ਹੇ ਦੇਵ ! ਜੁਧ ਨੂੰ ਜਿਤਾਉਣ ਵਾਲੇ ਜਿਤਨੇ ਭੀ ਮੰਡਲ-ਪਦਾਰਥ ਹਨ, ਉਹ ਸਾਰੇ ਹੀ ਇਕੱਠੇ ਕਰਕੇ [ਦਾਸ ਆਪਣੇ ਨਾਲ] ਲੈ ਕੇ ਆਇਆ ਹੈ ॥ ੧੦੯ ॥

**ਦੋਹਰਾ-੧. ਤਰੁਣ ਜੋਤਕੀ ਇਹ ਅਹੇ, ਕਹੇ ਮਹੂਰਤ ਸਾਰ ॥**

**੨. ਪ੍ਰਸਥਾਨ ਭਲੇ ਅਬ ਕੀਜੀਐ ਵਿਜੈ ਮਹੂਰਤ ਧਾਰ ॥੧੧੦॥**

ਫਿਰ ਉਸਨੇ ਇਕ ਵਲ ਇਸ਼ਾਰਾ ਕਰਕੇ ਕਿਹਾ-ਹੇ ਪ੍ਰਭੋ ! ੧. 'ਇਹ ਤਰੁਣ ਜੋਤਸ਼ੀ' ਹੈ, [ਇਹ ਆਪ ਨੂੰ] ਚੰਗੇ ਚੰਗੇ ਮਹੂਰਤ ਦਸੇਗਾ। ੨. ਹੁਣ ਆਪ ਪ੍ਰਸਥਾਨ ਕਰੋ [ਤੁਰ ਪਵੋ], ਕਿਉਂਕਿ ਇਸ ਵੇਲੇ 'ਵਿਜੈ ਮਹੂਰਤ' ਦਾ ਸਮਾਂ ਲਗਾ ਹੋਇਆ ਹੈ ॥ ੧੧੦ ॥

Sri Satguru Jagjit Singh Ji Elibrary　　　NamdhariElibrary@gmail.com

**ਦੋਹਰਾ—੧. ਭੂਪਤਿ ਪੁਰਖ ਬਖਾਨਿਓ ਸੈਨਾਪਤੀ ਬੁਲਾਇ॥**
**੨. ਪ੍ਰਸਥਾਨਾ ਅਬ ਕੀਜੀਏ ਸ਼ਿਵਸੁਤ ਪਾਦ ਮਨਾਇ॥੧੧੧॥**

ਪ੍ਰਸਥਾਨਾ=ਗਮਨ, ਤੁਰਨਾ, ਸੈਨਾ ਦਾ ਕੂਚ। ਸ਼ਿਵਸੁਤ=ਗਣੇਸ਼। ਪਾਦ=ਚਰਨ।

੧. ਫੇਰ ਰਾਜੇ ਬਿਬੇਕ ਨੇ ਇਕ ਆਦਮੀ ਨੂੰ ਬੁਲਾ ਕੇ ਕਿਹਾ—ਤੂੰ ਸਾਰੇ ਸੈਨਾਪਤੀ ਬੁਲਾ ਕੇ (ਸਾਰਿਆਂ ਨੂੰ) ਮੇਰਾ ਹੁਕਮ ਸੁਣਾ ਦੇਹ- ੨. 'ਹੁਣੇ ਹੀ ਗਣੇਸ਼ ਦੇ ਚਰਨਾਂ ਦੀ ਪੂਜਾ ਕਰਕੇ ਫੌਜਾਂ ਦਾ ਕੂਚ ਕਰ ਦੇਣਾ ਚਾਹੀਦਾ ਹੈ' ॥ ੧੧੧ ॥

**ਦੋਹਰਾ—੧. ਕਹੋ ਸਾਰਥੀ ਜਾਇ ਅਬ ਸੰਗ੍ਰਾਮਕ ਰਥ ਆਨ॥**
**੨. ਕ੍ਰਿਤ ਮੰਗਲ ਰਥ ਬੈਠ ਕਰਿ ਬੇਗ ਸੁ ਕਰੌਂ ਪਯਾਨ॥੧੧੨॥**

੧. ਰਾਜੇ ਨੇ ਫੇਰ ਕਿਹਾ—ਹੇ ਭਾਈ! ਹੁਣੇ ਜਾ ਕੇ ਮੇਰੇ ਰਥਵਾਹੀ ਨੂੰ ਕਹੋ, ਜੁਧ ਕਰਨ ਵਾਲਾ (ਮੇਰਾ) ਰਥ (ਜੋੜ ਕੇ) ਹੁਣੇ ਹੀ ਲੈ ਆਵੇ। ੨. ਤਾਂਕਿ ਮੈਂ ਭੀ ਰਥ ਵਿਚ ਬੈਠ ਕੇ ਮੰਗਲ ਕਾਰਜਾਂ ਨੂੰ ਕਰਕੇ ਛੇਤੀ ਨਾਲ ਕੂਚ ਕਰ ਦੇਵਾਂ ॥ ੧੧੨ ॥

**ਸਵੈਯਾ॥**

**੧. ਭੂਪ ਕੀ ਆਇਸ ਜਾਇ ਕਹੀ, ਸਰਦਾਰਨ ਸੌਂ ਨਹਿ ਬੇਰ ਲਗਾਈ॥**
**੨. ਸੂਤ ਸਜੰਦਨ ਬੇਗ ਅਨੇ ਰਥ, ਭੂਪ ਚਢੇ ਸੁ ਗਣੇਸ਼ ਮਨਾਈ॥**
**੩. ਤਾਂਹਿ ਸਮੇ ਸਰਦਾਰ ਸਭੈ ਚਢ ਵਾਹਿਨ ਸੈਨ ਅਸੇਖ ਚਲਾਈ॥**
**੪. ਧੁਨਿ ਦੁੰਦਭਿ ਕੀ ਜਰ ਜੱਲ ਭਯੋ ਸੁ ਪ੍ਰਲੈ ਘਨ ਜਾਨ ਗੁਜੇ ਨਭਆਈ॥੧੧੩॥**

੧. ਉਸ ਚੋਬਦਾਰ ਨੇ ਰਾਜੇ ਬਿਬੇਕ ਦੀ ਆਗਿਆ ਸਾਰੇ ਸਰਦਾਰਾਂ ਨੂੰ ਕਹਿ ਸੁਣਾਈ ਅਤੇ ਇਸ ਕੰਮ ਦੇ ਕਰਨ ਵਿਚ ਉਸ ਨੇ ਰਤਾ ਭਰ ਭੀ ਦੇਰ ਨਾ ਲਾਈ। ੨. ਰਥਵਾਹੀ (ਭੀ ਸੁਨੇਹਾ ਸੁਣ ਕੇ) ਰਥ ਨੂੰ ਸਜਾ ਕੇ ਛੇਤੀ ਨਾਲ ਲੈ ਆਇਆ ਅਤੇ ਬਿਬੇਕ ਰਾਜਾ ਗਣੇਸ਼ ਦੀ ਪੂਜਾ ਕਰਕੇ ਰਥ ਤੇ ਸਵਾਰ ਹੋ ਗਿਆ। ੩. ਉਸੇ ਵੇਲੇ ਹੀ ਸਾਰੇ ਸਰਦਾਰ ਆਪੋ ਆਪਣੀਆਂ ਸਵਾਰੀਆਂ ਉਤੇ ਸਵਾਰ ਹੋ ਗਏ ਅਤੇ ਉਨ੍ਹਾਂ ਨੇ ਆਪਣੇ ਨਾਲ (ਅਸੇਖ) ਅਗਿਣਤ ਹੀ ਸੈਨਾ ਟੋਰ ਲਈ। ੪. ਉਸੇ ਵੇਲੇ ਧੌਂਸਿਆਂ ਦੀ ਅਵਾਜ਼ ਨਾਲ ਥਰਥੱਲ ਮਚ ਗਿਆ ਅਤੇ ਉਹ (ਇਉਂ ਮਲੂਮ ਹੁੰਦਾ ਸੀ) ਮਾਨੋ ਪ੍ਰਲੈ (ਦਾ ਸਮਾਂ ਹੋ ਜਾਣ ਕਰਕੇ) ਅਕਾਸ਼ ਵਿਚ ਆਣ ਕੇ 'ਪ੍ਰਲੈ ਕਾਲ ਦੇ ਬੱਦਲ' ਗਰਜ ਰਹੇ ਹਨ ॥ ੧੧੩ ॥

**ਸਵੈਯਾ॥**

**੧. ਮੱਤ ਗਇੰਦਨ ਕੌਰ ਸਜੀ ਭ੍ਰਮਰਾਵਲ ਗੰਡਨੋ ਮਾਂਹਿ ਸੁਹਾਈ॥**
**੨. ਜਾਨ ਸਪੱਛ ਚਲੇ ਗਿਰਿ ਪੁੰਜ ਸੁ ਬੇਗ ਬਡੇ ਅਵਿਨੀ ਅਬ ਛਾਈ॥**
**੩. ਕਾਂਚਨ ਕੇ ਸਜਵਾਰ ਲਸੇ ਗਜ ਸ਼ਾਮ ਭਲੀ ਉਪਮਾ ਮਨ ਆਈ॥**
**੪. ਦਾਮਿਨ ਪੁੰਜ ਸੁ ਸੰਗ ਮਨੋ ਨਿਜ ਭਾਦਵੈ ਕੀ ਘਟ ਹੈ ਉਮਡਾਈ॥੧੧੪॥**

ਗਇੰਦਨ=ਹਾਥੀਆਂ। ਕੌਰ=ਕਤਾਰ। ਭ੍ਰਮਰਾਵਲਿ=ਭੌਰਿਆਂ ਦੀ ਡਾਰ। ਗੰਡਨ=ਗੱਲ੍ਹਾਂ।
ਸਪੱਛ=ਖੰਭਾਂ ਵਾਲੇ। ਅਵਿਨੀ=ਧਰਤੀ। ਕਾਂਚਨ=ਸੋਨੇ। ਸਜਵਾਰ=ਹੌਦਾਰੀਆਂ।

Sri Satguru Jagjit Singh Ji Elibrary NamdhariElibrary@gmail.com

ਦਾਮਿਨਿ=ਬਿਜਲੀ। ਉਮਡਾਈ=ਉਮਡ ਕੇ ਆਈ ਹੈ।

੧. ਮਸਤ ਹਾਥੀਆਂ ਦੀ ਕਤਾਰ ਸਜੀ ਹੋਈ ਖੜੀ ਹੈ, ਜਿਨ੍ਹਾਂ ਦੇ ਗੰਡ ਸਥਲਾਂ ਉਤੇ ਭੌਰਿਆਂ ਦੀ ਡਾਰ ਗੂੰਜਦੀ ਹੋਈ ਸੋਭਾ ਪਾ ਰਹੀ ਹੈ। ੨, (ਉਨ੍ਹਾਂ ਦਾ ਤੁਰੇ ਜਾਣਾ ਇਉਂ ਮਲੂਮ ਹੁੰਦਾ ਹੈ)ਮਾਨੋ ਖੰਭਾਂ ਵਾਲੇ ਪਹਾੜਾਂ ਦਾ ਝੁੰਡ ਚਲਾ ਜਾ ਰਿਹਾ ਹੈ ਅਤੇ ਬੜੀ ਤੇਜ਼ੀ ਨਾਲ ਉਨ੍ਹਾਂ ਨੇ ਹੁਣ ਧਰਤੀ ਨੂੰ ਢਕ ਲਿਆ ਹੈ। ੩. ਸੋਨੇ ਦੀਆਂ ਹੰਬਾਰੀਆਂ ਕਾਲੇ ਕਾਲੇ ਹਾਥੀਆਂ ਉਤੇ ਲਿਸ਼ਕਾਰੇ ਮਾਰਦੀਆਂ ਹਨ, (ਉਨ੍ਹਾਂ ਦੀ ਸੁੰਦਰਤਾ ਦੀ) ਚੰਗੀ ਉਪਮਾ ਮੇਰੇ ਮਨ ਵਿਚ ਇਸ ਤਰ੍ਹਾਂ ਦੀ ਆਈ ਹੈ। ੪. ਮਾਨੋ ਬਿਜਲੀਆਂ ਦੇ ਝੁੰਡ ਨਾਲ ਮਿਲ ਕੇ ਭਾਦਰੋਂ ਦੀਆਂ ਕਾਲੀਆਂ ਘਟਾਂ ਆਪ ਉਮਡ ਕੇ ਆ ਰਹੀਆਂ ਹਨ (ਅਰਥਾਤ ਸੋਨੇ ਦੀਆਂ ਹੰਬਾਰੀਆ ਬਿਜਲੀ ਦੇ ਝੁੰਡ ਸਮਾਨ ਹਨ ਅਤੇ ਕਾਲੇ ਕਾਲੇ ਹਾਥੀ ਭਾਦਰੋਂ ਦੀਆਂ ਕਾਲੀਆਂ ਘਟਾਂ ਸਮਾਨ ਹਨ) ॥ ੧੧੪ ॥

## ਸਵੈਯਾ ॥

**੧. ਸ੍ਵੇਤ ਵਰੂਥ ਸੁ ਊਚ ਬਡੇ ਘਨ ਸਾਰਦ ਸੇ ਰਥ ਪੁੰਜ ਸੁਹਾਏ ॥**
**੨. ਬੇਗ ਪ੍ਰਭੰਜਨ ਜੀਤਤ ਥੇ ਇਹ ਭਾਂਤਿ ਤੁਰੰਗ ਸਯੰਦਨ ਲਾਏ ॥**
**੩. ਤੇ ਰਣ ਰੰਗ ਮਹੀ ਅਤਿ ਧਾਵਤ ਤਾ ਉਪਮਾ ਕਵਿ ਕੌਣ ਬਤਾਏ ॥**
**੪. ਧਾਵਨ ਮੈਂ ਮਨ ਏਕ ਬਲੀ ਕਵਿ ਸਿੰਘ ਗੁਲਾਬ ਸੁ ਹੇਰ ਲਜਾਏ॥੧੧੫॥**

ਸ੍ਵੇਤ=ਚਿਟਾ। ਵਰੂਥ=ਛਤਰੀਆਂ, ਚੋਟੀਆਂ। ਸਾਰਦ=ਕਤਕ ਦਾ ਮਹੀਨਾ। ਬੇਗ=ਤੇਜ ਚਾਲ। ਪ੍ਰਭੰਜਨ=ਹਵਾ। ਤੁਰੰਗ=ਘੋੜੇ। ਸਯੰਦਨ=ਰਥ। ਧਾਵਨ=ਭਜਨ, ਦੌੜਨਾ।

੧. ਜਿਨ੍ਹਾਂ ਦੀਆਂ ਚਿਟੀਆਂ ਛਤਰੀਆਂ ਬਹੁਤ ਉਚੀਆਂ ਹਨ, ਸਰਦ ਰੁਤ ਦੇ ਬਦਲਾਂ ਸਮਾਨ ਉਨ੍ਹਾਂ ਰਥਾਂ ਦਾ ਝੁੰਡ ਸੋਭਾ ਪਾ ਰਿਹਾ ਹੈ। ੨. ਜੋ ਹਵਾ ਦੀ ਤੇਜ਼ ਰਫਤਾਰ ਨੂੰ ਭੀ ਜਿਤ ਜਾਣ ਵਾਲੇ ਸਨ, ਇਸ ਤਰ੍ਹਾਂ ਦੇ ਘੋੜੇ (ਉਨ੍ਹਾਂ) ਰਥਾਂ ਦੇ ਅਗੇ ਲਾਏ (ਜੋੜੇ) ਗਏ ਹਨ। ੩. ਉਹ ਘੋੜੇ ਰਥਾਂ ਨੂੰ ਲੈ ਕੇ ਰਣ-ਰੰਗ ਭੂਮੀ ਵਿਚ ਬੜੀ ਤੇਜ਼ੀ ਨਾਲ ਭਜੇ ਜਾਂਦੇ ਹਨ। ਉਨ੍ਹਾਂ (ਦੀ ਤੇਜ਼ੀ ਦੀ) ਉਪਮਾ ਕਿਹੜਾ ਕਵੀ ਜਨ ਦਸ ਸਕਦਾ ਹੈ? ੪. ਗਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ, ਕਿਉਂਕਿ ਭਜਣ ਦੇ ਵਿਚ (ਸਾਰਿਆਂ ਨਾਲੋਂ) ਇਕ ਮਨ ਹੀ ਬਲਵਾਨ ਹੈ ਅਰਥਾਤ ਮਨ ਜਿੰਨਾ ਤੇਜ਼ ਹੋਰ ਕੋਈ ਭੀ ਨਹੀਂ ਭਜ ਸਕਦਾ ਪਰ ਇਨ੍ਹਾਂ ਘੋੜਿਆਂ ਦੀ ਦੌੜ ਨੂੰ ਵੇਖ ਕੇ ਉਹ ਮਨ ਭੀ ਸ਼ਰਮਿੰਦਾ ਹੋ ਰਿਹਾ ਹੈ [ਅਰਥਾਤ ਉਹ ਘੋੜੇ ਮਨ ਨਾਲੋਂ ਭੀ ਛੇਤੀ ਦੌੜਨ ਵਾਲੇ ਹਨ]। ੧੧੫॥

## ਸਵੈਯਾ ॥

**੧. ਪੈਦਲ ਕੇ ਬਹੁ ਪੁੰਜ ਚਲੇ ਰਣ ਮੈਂ ਸਭ ਕੇ ਉਮਗੇ ਮਨ ਹੈ ॥**
**੨. ਫੇਟਨ ਮੈਂ ਯਮਦਾੜ੍ਹ ਕਸੀ ਸਨ ਖੋਲ੍ਹ ਸੰਜੋਇ ਸਜੇ ਤਨ ਹੈ ॥**
**੩. ਕੁੰਤ ਸੁ ਦੀਰਘ ਹੈ ਕਰ ਮੈਂ ਸੁ ਗੁਲਾਬ ਕਛੂ ਉਪਮਾ ਭਨ ਹੈ ॥**
**੪. ਜਾਨ ਦਿਗੰਬਰ ਭੂਰ ਖਿਰੇ ਯਹਿ ਨੀਲ ਸਰੋਜਨ ਕੇ ਬਨ ਹੈ ॥ ੧੧੬ ॥**

ਫੇਟਨ=ਲਕ ਦੀਆਂ ਪੇਟੀਆਂ। ਸਨ=ਸਮੇਤ। ਖੋਲ੍ਹ=ਸਿਰ ਦੇ ਘਟਾ ਟੋਪ। ਕੁੰਤ=ਬਰਛੇ। ਦੀਰਘ=ਲੰਮੇ। ਦਿਗੰਬਰ=ਨਾਂਗੇ ਸਾਧ (੨) ਦਿਗ+ਅੰਬਰ।

੧. ਪੈਦਲ ਫੌਜੀਆਂ ਦੇ ਬਹੁਤੇ ਝੁੰਡ ਰਣ ਭੂਮੀ ਵਿਚ ਚਲੇ ਜਾ ਰਹੇ ਹਨ ਅਤੇ ਸਾਰਿਆਂ ਦੇ ਮਨ ਜੰਗ ਕਰਨ ਲਈ ਉਤਸ਼ਾਹਤ ਹੋ ਚੁਕੇ ਹੋਏ ਹਨ। ੨. ਉਨ੍ਹਾਂ ਫੌਜੀਆਂ ਨੇ ਲਕਾਂ ਵਿਚ ਜਮਦਾੜ੍ਹਾਂ ਟੰਗੀਆਂ ਹੋਈਆਂ

Sri Satguru Jagjit Singh Ji Elibrary NamdhariElibrary@gmail.com

ਹਨ ਅਤੇ ਘਟ ਟੋਪਾਂ ਸਮੇਤ ਸਰੀਰ ਉੱਤੇ ਸੰਜੋਆਂ ਸਜਾਈਆਂ ਹੋਈਆਂ ਹਨ। ੩. ਲੰਮੇ ਲੰਮੇ ਬਰਛੇ ਉਨ੍ਹਾਂ ਨੇ ਹਥਾਂ ਵਿਚ ਫੜੇ ਹੋਏ ਹਨ ਗਰੰਥ ਕਰਤਾ ਪੰਡਿਤ ਗੁਲਾਬ ਸਿੰਘ ਉਹਨਾਂ ਦੀ ਸੁੰਦਰਤਾ ਦੀ ਕੁਝ (ਥੋੜੀ ਜਿੰਨੀ) ਉਪਮਾ ਕਹਿੰਦਾ ਹੈ। ੪. ਇਹ ਬਰਛੇ ਨਹੀਂ ਹਨ, ਮਾਨੋਂ ਨਾਂਗੇ ਸਾਧੂ ਹੀ ਬਹੁਤ ਸਾਰੇ ਖੜੇ ਹਨ [ਅਥਵਾ ਸਾਰੀ ਫੌਜ ਤਾਂ ਇਕ ਤਲਾਓ ਦਾ (ਬਨ) ਪਾਣੀ ਹੈ ਅਤੇ ਜੋ ਵਿਚ ਬਰਛੇ ਚਮਕ ਰਹੇ ਹਨ, ਇਹ] ਨੀਲੇ ਕਮਲਾਂ ਦਾ ਝੁੰਡ ਖਿੜਿਆ ਹੋਇਆ ਹੈ ॥ ੧੧੬ ॥

## ਸਵੈਯਾ॥

**੧. ਕੋਟਿਨ ਕੋਟਿ ਸੁ ਬੀਰ, ਬਲੀ ਪੁਨ, ਮਾਂਹਿ ਤੁਰੰਗ ਅਰੂਢ ਭਏ ਹੈਂ॥**
**੨. ਮਾਨਹੁ ਭੂਮਿ ਨ ਪਾਇ, ਛੁਹੇ ਨਭ ਮੈਂ ਹਰਿ ਬਾਹਨ ਕੋਟ ਧਏ ਹੈਂ॥**
**੩. ਥਰਥੱਲ ਭਯੋ ਦਿਗ ਮੰਡਲ ਮੈਂ ਕਰ ਬਿੱਜ ਛਟਾ ਕਰਵਾਰ ਲਏ ਹੈਂ॥**
**੪. ਯੌ ਚਤੁਰੰਗਨ ਸੈਨ ਚਲੀ, ਸਭ ਕੇ ਤਨ ਮੈ ਅਤਿ ਰੂਪ ਨਏ ਹੈਂ॥੧੧੭॥**

ਅਰੂਢ=ਸਵਾਰ। ਹਰਿ ਬਾਹਨ=ਵਿਸ਼ਨੂੰ ਦਾ ਘੋੜਾ-ਗਰੁੜ। ਕਰਵਾਰ=ਤਲਵਾਰ। ਬਿੱਜਛਟਾ= ਬਿਜਲੀ ਦੀ ਚਮਕ ਦਮਕ। ਚਤਰੰਗਨ=ਚਾਰ ਤਰ੍ਹਾਂ ਦੀ-ਗੈ, ਹੈ, ਰਥ ਤੇ ਪੈਦਲ।

੧. ਕੋਟਾਨ ਕੋਟ ਬਲਵਾਨ ਸੂਰਮੇ ਘੋੜਿਆਂ ਉੱਤੇ ਸਵਾਰ ਹੋ ਗਏ ਹਨ [ਅਤੇ ਘੋੜੇ ਤੁਰੇ ਜਾਂਦੇ ਹਨ ਉਹ ਇਤਨੇ ਛੋਹਲੇ ਜਾਂਦੇ ਹਨ]। ੨. ਮਾਨੋਂ ਧਰਤੀ ਦੇ ਨਾਲ ਪੈਰ ਛੁਹਾਂਦੇ ਹੀ ਨਹੀਂ ਅਤੇ ਇਉਂ ਮਲੂਮ ਹੁੰਦਾ ਹੈ, ਜਿਵੇਂ ਅਕਾਸ਼ ਵਿਚ ਕਰੋੜਾਂ ਹੀ ਗਰੁੜ ਭਜੇ ਜਾਂਦੇ ਹਨ। ੩. ਸਾਰੀਆਂ ਦਿਸ਼ਾਂ ਵਿਚ ਥਰਥਲ ਮਚ ਗਿਆ ਹੈ, [ਅਤੇ ਸਾਰਿਆਂ ਨੇ ਆਪਣੇ ਹਥਾਂ ਵਿਚ] ਬਿਜਲੀ ਦੀ ਚਮਕ ਸਮਾਨ ਤਲਵਾਰਾਂ ਫੜੀਆਂ ਹੋਈਆਂ ਹਨ। ਇਸ ਤਰ੍ਹਾਂ ਨਾਲ ਚੌਹਾਂ ਤਰ੍ਹਾਂ ਦੀ ਫੌਜ ਤੁਰੀ ਜਾਂਦੀ ਹੈ ਅਤੇ ਸਾਰੇ ਹੀ ਸੂਰਮਿਆਂ ਦੇ ਤਨ ਉੱਤੇ ਨਵੇਂ ਹੀ ਰੂਪ ਚੜੇ ਹੋਏ ਹਨ [ਅਰਥਾਤ ਸਾਰਿਆਂ ਦੇ ਮੂੰਹਾਂ ਉੱਤੇ ਲਾਲੀ ਦਮਕਾਂ ਮਾਰ ਰਹੀ ਹੈ] ॥ ੧੧੭ ॥

## ਸਵੈਯਾ॥

**੧. ਮੱਧ ਬਿਰਾਜਤ ਭੂਪਤਿ ਕੋ ਰਥ, ਮਾਨਹੁ ਮੇਰੁ ਇਸੋ ਚਮਕਾਏ॥**
**੨. ਵਾਜਿ ਖੁਰਾਗਰ ਚੁੰਬਤ ਭੂਮਿ ਸੁ ਲੇ ਰਥ ਮਾਂਹਿ ਅਕਾਸ ਉਡਾਏ॥**
**੩. ਯੌ ਧੁਨਿ ਹੋਵਤ ਹੈ ਰਥ ਕੀ ਜਨ, ਖੀਰ ਨਿਧੀ ਹਰਿ ਫੇਰ ਮਥਾਏ॥**
**੪. ਧੂਰਿ ਕੇ ਪੁੰਜ ਅਕਾਸ ਚੜੇ ਪਥ ਊਰਧ ਹ੍ਵੈ ਰਵਿ ਮੰਡਲ ਛਾਏ॥੧੧੮॥**

ਮੇਰੁ=ਸੁਮੇਰ। ਇਸੋ=ਸਮਾਨ। ਵਾਜਿ=ਘੋੜੇ। ਖੁਰਾਗਰ=ਘੋੜਿਆਂ ਦੇ ਪੈਰਾਂ ਦਾ ਅਗਲਾ ਹਿਸਾ, ਨੌਂਹ। ਹਰਿ=ਵਿਸ਼ਨੂੰ, [੨] ਇੰਦਰ। ਪਥ ਊਰਧ=ਉਪਰਲੇ ਰਾਹ।

੧. ਸਾਰਿਆਂ ਦੇ ਵਿਚਾਲੇ ਰਾਜੇ [ਬਿਬੇਕ ਦਾ] ਰਥ ਬਿਰਾਜ ਰਿਹਾ ਹੈ, ਉਹ ਇਸ ਤਰ੍ਹਾਂ ਲਿਸ਼ਕਾਰੇ ਮਾਰਦਾ ਹੈ ਮਾਨੋਂ ਓਹੋ ਹੀ ਸੁਮੇਰ ਪਰਬਤ ਹੈ। ੨. ਉਸ ਰਥ ਦੇ ਘੋੜਿਆਂ ਦੇ ਖੁਰਾਂ ਦਾ ਅਗਲਾ ਹਿਸਾ ਧਰਤੀ ਨੂੰ ਚੁੰਮਦਾ ਹੈ ਅਤੇ ਰਥ ਨੂੰ ਲੈ ਕੇ ਅਕਾਸ਼ ਵਿਚ ਉਡਿਆ ਜਾਂਦਾ ਹੈ। ੩. ਉਸ ਰਥ ਦੀ ਜੇਹੜੀ ਆਵਾਜ਼ ਹੋ ਰਹੀ ਹੈ, ਇਸ ਤਰ੍ਹਾਂ ਦੀ ਪ੍ਰਤੀਤ ਹੁੰਦੀ ਹੈ ਕਿ ਮਾਨੋਂ ਖੀਰ ਸਮੁੰਦਰ ਨੂੰ ਹਰੀ ਫੇਰ ਰਿੜਕ ਰਿਹਾ ਹੈ, [ਉਸ ਫੌਜ ਦੇ ਤੁਰਨ ਨਾਲ ਧਰਤੀ ਉੱਤੋਂ] ਧੂੜੀ ਦੇ ਕਿਣਕੇ [ਜੋ] ਅਕਾਸ਼ ਵਲ ਨੂੰ ਚੜੇ ਹਨ, [ਉਨ੍ਹਾਂ ਨੇ] ਉਪਰਲੇ ਰਸਤੇ ਵਿਚ ਹੋ ਕੇ ਸੂਰਜ ਮੰਡਲ ਨੂੰ ਢਕ ਲਿਆ ਹੈ ਇਸ ਕਰਕੇ ਸੂਰਜ ਅਗੇ ਗਹਿਰ ਆਈ ਹੋਈ ਹੈ ॥ ੧੧੮ ॥

ਸੂਤ ਉਵਾਚ ॥

**ਕਬਿੱਤ-੧. ਰਾਜਨ ਕੇ ਰਾਈ ਸੁ ਨਜੀਕ ਆਈ ਦੇਹੁ ਪਿਖੋ,**
**ਸ਼ਿਵ ਕੀ ਬਨਾਰਸ ਸੁ ਦੇਤ ਯੌ ਦਿਖਾਈ ਹੈ ॥**
**੨. ਨੀਰ ਯੰਤ੍ਰ ਧਾਰ ਸੁ ਫੁਹਾਰੇ ਜਾਂ ਅਪਾਰ ਛੁਟੇ,**
**ਪਾਵਨੀ ਬਨਾਰਸ ਕੀ ਭੂਮਿ ਸੁ ਸੁਹਾਈ ਹੈ ॥**
**੩. ਸੌਧਨ ਕੇ ਸੀਸ ਜਨ ਰਚੇ ਜਗਦੀਸ ਤਹ,**
**ਕਾਂਚਨ ਬਨਾਇ ਲਿਪ ਲੇਪ ਚਮਕਾਈ ਹੈ ॥**
**੪. ਜਾਹਿ ਕੀ ਅਪਾਰ ਛਬਿ ਹੇਰ ਛਬਿ ਛੀਨ ਭਈ,**
**ਕਹਿਤ ਸੁ ਗੁਲਾਬ ਚੰਦ ਕਿਰਨ ਲਜਾਈ ਹੈ ॥ ੧੧੯ ॥**

ਨੀਰ ਯੰਤ੍ਰ=ਨਲਕੇ, ਪੰਪ। ਪਾਵਨੀ=ਪਵਿਤ੍ਰ। ਸੌਧਨ=ਘਰਾਂ। ਜਗਦੀਸ=ਬ੍ਰਹਮਾ। ਛਬਿ=ਸੁੰਦਰਤਾ। ਛੀਨ=ਫਿਕੀ। ਲਿਪ=ਪੋਚਾ, ਗਾਰਾ।

ਰਸਤੇ ਵਿਚ ਜਾਂਦਿਆਂ ਹੋਇਆਂ ਰਥਵਾਹੀ (ਕੋਚਵਾਨ) ਕਹਿਣ ਲਗਾ-੧. ਹੇ ਰਾਜਿਆਂ ਦੇ ਰਾਜੇ ਜੀਓ! ਔਹ ਵੇਖੋ, ਨੇੜੇ ਆ ਗਈ ਸ਼ਿਵਜੀ ਦੀ ਨਗਰੀ ਕਾਂਸ਼ੀ, ਔਹ (ਸਾਹਮਣੇ) ਵਿਖਾਈ ਦੇ ਰਹੀ ਹੈ। ੨. ਉਥੇ ਅਨਗਿਣਤ ਹੀ ਨਲਕਿਆਂ ਵਿਚੋਂ ਫੁਹਾਰੇ ਚਲ ਰਹੇ ਹਨ, ਇਸ ਪਵਿਤ੍ਰ ਕਾਸ਼ੀ ਦੀ ਸਾਰੀ ਧਰਤੀ ਹੀ ਕੈਸੀ ਸੁਹਾਵਣੀ ਬਣੀ ਹੋਈ ਹੈ। ੩. ਘਰਾਂ ਮਕਾਨਾਂ ਦੇ ਸਿਰ ਤਾਂ ਵੇਡੇ ਤੇ ਸੁੰਦਰ ਹਨ ਮਾਨੋ ਬ੍ਰਹਮਾ ਨੇ (ਆਪਣੇ ਹਥ ਨਾਲ) ਬਣਾਏ ਹਨ ਅਤੇ ਸੋਨੇ ਦਾ ਪੋਚਾ (ਗਾਰਾ) ਬਣਾ ਕੇ ਉਸ ਨਾਲ ਲਿੰਬ ਕੇ ਇਨ੍ਹਾਂ ਨੂੰ ਚਮਕਾ ਦਿਤਾ ਹੈ। ੪. ਜਿਸ ਦੀ ਅਪਾਰ ਸੁੰਦਰਤਾ ਨੂੰ ਵੇਖ ਕੇ ਸੁੰਦਰਤਾ ਭੀ ਫਿਕੀ ਹੋ ਗਈ ਹੈ ਅਤੇ ਗਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ (ਇਸ ਦੀ ਚਮਕ ਦੇ ਅਗੇ) ਚੰਦਰਮਾ ਦੀਆਂ ਕਿਰਨਾਂ ਭੀ ਸ਼ਰਮਸਾਰ ਹੋ ਰਹੀਆਂ ਹਨ ॥ ੧੧੯ ॥

**ਸਵੈਯਾ ॥**

**੧. ਧੌਲ ਪਿਖੋ ਗ੍ਰਿਹ ਊਚ ਬਨੇ, ਜਦ ਸਾਰਦ ਮੇਘਨ ਪੁੰਜ ਸੁਹਾਏ ॥**
**੨. ਬੀਚ ਪਤਾਕ ਸੁ ਊਚ ਲਸੇ, ਸੁ ਮਨੋ ਤੜਿਤਾ ਗਨ ਹੈ ਚਮਕਾਏ ॥**
**੩. ਹੈ ਮੁਕਲਾਕ੍ਰਿਤ ਵਾਰਜ ਪੁੰਜ, ਸੁ ਗੁੰਜਤ ਹੈਂ ਮਧੁਪਾਵਲਿ ਆਏ ॥**
**੪. ਗੰਧ ਕਰੇ ਉਦਗਾਰ ਮੁਖੋਂ, ਮਕਰੰਦ ਭਯੋ ਝਮ ਸੂਰ ਛਪਾਏ ॥ ੧੨੦ ॥**

ਧੌਲ=ਚਿਟੇ। ਸਾਰਦ=ਅੱਸੂ ਕਤਕ ਦੇ ਮਹੀਨੇ। ਪਤਾਕ=ਝੰਡੀਆਂ। ਤੜਿਤਾ=ਬਿਜਲੀ। ਮੁਕਲਾਕ੍ਰਿਤ=(ਮੋਕਲ=ਖੁਲ੍ਹਣਾ+ਅਕ੍ਰਿਤ) ਖਿੜੇ ਹੋਏ। ਵਾਰਜ=ਕੌਲ ਫੁਲ। ਉਦਾਗਰ=ਡਕਾਰ, (੨) ਪੇਟ ਤੋਂ ਬਾਹਰ। ਮਕਰੰਦ=ਧੂੜੀ।

੧. ਹੇ ਰਾਜਨ! ਵੇਖੋ, ਚਿਟੇ ਚਿਟੇ ਘਰ ਕੇਡੇ ਕੇਡੇ ਉਚੇ ਬਣੇ ਹੋਏ (ਇਉਂ ਮਲੂਮ ਹੁੰਦੇ ਹਨ) ਮਾਨੋ ਸਰਦ ਰੁਤ ਦੇ ਬਦਲਾਂ ਦੇ ਝੁੰਡ ਹੀ ਸ਼ੋਭਾ ਪਾ ਰਹੇ ਹਨ। ੨. ਉਨ੍ਹਾਂ ਘਰਾਂ ਦੇ ਵਿਚ ੨ (ਪੀਲੇ ਰੰਗ ਦੀਆਂ) ਉਚੀਆਂ ਉਚੀਆਂ ਝੰਡੀਆਂ ਲਿਸ਼ਕਦੀਆਂ ਹੋਈਆਂ ਇਉਂ ਪ੍ਰਤੀਤ ਹੁੰਦੀਆਂ ਹਨ ਮਾਨੋ ਬਿਜਲੀ ਦਾ ਸਮੂਹ ਹੀ

Sri Satguru Jagjit Singh Ji Elibrary NamdhariElibrary@gmail.com

ਚਮਕ ਰਿਹਾ ਹੈ। ੩. ਉਨ੍ਹਾਂ ਦੇ ਵਿਚ ਜੋ ਖਿੜੇ ਹੋਏ ਕੌਲ ਫੁਲਾਂ ਦਾ ਝੁੰਡ ਹੈ, ਉਨ੍ਹਾਂ ਉਤੇ ਭੌਰਿਆਂ ਦੀਆਂ ਡਾਰਾਂ ਆਣਕੇ ਗੁੰਜਾਰ ਕਰ ਰਹੀਆਂ ਹਨ। ੪. (ਉਹ ਭੌਰੇ ਸੁਗੰਧੀ ਨਾਲ ਰਜਕੇ ਫਿਰ ਉਨ੍ਹਾਂ ਨੇ) ਡਕਾਰ ਦੇ ਨਾਲ ਜਿਹੜੀ ਸੁਗੰਧੀ ਮੂੰਹ ਤੋਂ ਬਾਹਰ ਕਰ ਦਿਤੀ ਹੈ, ਓਹੋ ਹੀ ਧੂੜੀ ਝੜ ਰੂਪ ਹੋ ਗਈ ਹੈ, ਅਤੇ ਉਸਨੇ ਸੂਰਜ ਨੂੰ ਛੁਪਾ ਲਿਆ ਹੈ (ਅਰਥਾਤ ਕੌਲ ਫੁਲਾਂ ਉਤੇ ਬੈਠੇ ਹੋਏ ਭੌਰੇ ਉਨ੍ਹਾਂ ਦੀ ਸੁਗੰਧੀ ਨੂੰ ਖਾ ਰਹੇ ਹਨ, ਜਦ ਉਹ ਰੱਜਕੇ ਡਕਾਰ ਮਾਰਦੇ ਹਨ ਤਾਂ ਸੁਗੰਧੀ ਉਨ੍ਹਾਂ ਦੇ ਮੂੰਹ ਵਿਚੋਂ ਨਿਕਲਕੇ ਉਤਾਂਹ ਨੂੰ ਜਾਂਦੀ ਹੈ ਅਤੇ ਉਸਨੇ ਝੜ ਰੂਪ ਬਣਕੇ ਸੂਰਜ ਨੂੰ ਹੀ ਲੁਕਾ ਲਿਆ ਹੈ, ਇਸ ਲਈ ਸੂਰਜ ਕਿਤੇ ਨਜ਼ਰ ਹੀ ਨਹੀਂ ਆ ਰਿਹਾ)।੧੨੦॥

## ਸਵੈਯਾ॥

**੧. ਫੂਲ ਖਿਰੇ ਸੁ ਚਫੇਰ ਪਿਖੋ ਯਹਿ ਪਾਵਨ ਭੂਮਿ ਸਮੀਪ ਸੁਹਾਈ॥**
**੨. ਏਹੁ ਪਿਖੋ ਘਨ ਛਾਇ ਮਹੀ, ਤਰੁ ਪੁੰਜ ਕਿਧੌ ਘਟ ਹੈ ਉਮਡਾਈ॥**
**੩. ਮਾਰੁਤ ਜਾਇ ਸੁ ਠੌਰ ਵਿਖੇ, ਜਨ ਪੂਜਤ ਸੰਭ ਸੁ ਪ੍ਰੇਮ ਬਢਾਈ॥**
**੪. ਗਾਵਤਿ ਫੂਲ ਚਢਾਵਤ ਹੈ ਸੁ ਨਿਵਾਵਤ ਬੰਦਨ ਸੀਸ ਨਿਵਾਈ॥੧੨੧॥**

੧. ਵੇਖੋ, ਕਾਂਸ਼ੀ ਦੇ ਚੁਫੇਰੇ ਹੀ ਫੁਲ ਖਿੜੇ ਹੋਏ ਹਨ (ਕਾਂਸ਼ੀ ਦੇ) ਨੇੜੇ ਦੀ ਪਵਿਤ੍ਰ ਧਰਤੀ ਕੈਸੀ ਸੋਭਾ ਪਾ ਰਹੀ ਹੈ। ੨. ਇਹ ਵੇਖੋ, ਸੰਘਣੇ ਬ੍ਰਿਛਾਂ ਨੇ ਧਰਤੀ ਨੂੰ ਛਾਂ (ਢੱਕ) ਲਿਆ ਹੈ ਅਤੇ ਇਸ ਤਰ੍ਹਾਂ ਹਨੇਰਾ ਹੋ ਰਿਹਾ ਹੈ ਜਿਵੇਂ ਕਾਲੀਆਂ ਘਟਾਂ ਦਾ ਝੁੰਡ ਉਮਡਕੇ ਆਇਆ ਹੁੰਦਾ ਹੈ। ੩. ਸੁਗੰਧੀ ਵਾਲੀ ਪੌਣ ਹੀ ਉਸ ਜਗ੍ਹਾ ਤੋਂ ਜਾਕੇ, ਮਾਨੋਂ ਪ੍ਰੇਮ ਨੂੰ ਵਧਾਕੇ ਸ਼ਿਵ ਭਗਵਾਨ ਦੀ ਪੂਜਾ ਕਰ ਰਹੀ ਹੈ। ੪. (ਹਵਾ ਨਾਲ ਜੋ ਸ਼ਬਦ ਹੋ ਰਿਹਾ ਹੈ, ਉਹ ਤਾਂ ਮਾਨੋਂ) ਗੀਤ ਗਾਉਂਦੀ ਹੈ, (ਜੋ ਸੁਗੰਧੀ ਵਾਲੀ ਹਵਾ ਦਾ ਬੁਲਾ ਆਉਂਦਾ ਹੈ, ਉਹ ਮਾਨੋਂ) ਫੁਲ ਚੜ੍ਹਾ ਰਹੀ ਹੈ, ਅਤੇ ਬ੍ਰਿਛਾਂ ਦੀਆਂ ਟਾਹਣੀਆਂ ਨੂੰ ਨਿਵਾਉਂਦੀ ਹੈ, ਇਹੋ ਮਾਨੋਂ ਬੰਦਨਾ (ਕਰਨ ਵਾਸਤੇ ਹਵਾ ਭਗਵਾਨ ਸ਼ੰਭੂ ਅਗੇ) ਸਿਰ ਨਿਵਾ ਰਹੀ ਹੈ॥ ੧੨੧॥

## ਸਵੈਯਾ॥

**੧. ਆਰਤਿ ਗੰਗ ਕੇ ਨੀਰ ਕਰੇ ਪੁਨਿ ਫੂਲ ਪਰਾਗ ਸੁਗੰਧ ਚੜ੍ਹਾਏ॥**
**੨. ਗੁੰਜਤ ਬੀਚ ਸੁ ਭ੍ਰਿੰਗ ਫਿਰੇ ਮਿਸੁ ਤਾਂਹਿ ਮਨੋ ਸ਼ਿਵ ਗੀਤ ਸੁਨਾਏ॥**
**੩. ਤਰੁ ਲੰਬਲਤਾ ਅਤਿ ਨਾਚਤ ਹੈ ਸੁ ਮਨੋ ਭੁਜ ਦੰਡਨ ਭਾਵ ਦਿਖਾਏ॥**
**੪. ਸਾਰਸ ਹੰਸ ਚਕੋਰ ਸੁਨੰ ਮਿਸ ਵਾਯੁ ਮਨੋ ਸ਼ਿਵ ਪਾਠ ਸੁਨਾਏ॥੧੨੨॥**

੧. ਹਵਾ ਦੇ ਜ਼ੋਰ ਨਾਲ ਜੋ ਗੰਗਾ ਜਲ (ਘੁਮੇਰੀਆਂ ਖਾਂਦਾ ਹੈ, ਇਹ ਮਾਨੋ ਪਵਨ ਮਹਾਂਦੇਵ ਅਗੇ) ਆਰਤੀ ਕਰ ਰਹੀ ਹੈ ਅਤੇ ਫੁਲਾਂ ਦੀ ਧੂੜੀ (ਜੋ ਹਵਾ ਦੇ ਜ਼ੋਰ ਨਾਲ ਉਡਦੀ ਹੈ, ਇਹ ਮਾਨੋਂ ਹਵਾ ਨੇ ਸ਼ਿਵਜੀ ਉਤੇ) ਸੁਗੰਧੀ ਚੜ੍ਹਾਈ ਹੈ। ੨. (ਜੋ ਬਾਗਾਂ ਦੇ ਵਿਚ ਫੁਲਾਂ ਉਤੇ ਭੌਰੇ ਗੂੰਜ ਰਹੇ ਹਨ, ਉਨ੍ਹਾਂ ਦੇ ਬਹਾਨੇ ਨਾਲ ਪਵਨ (ਦੇਵਤਾ) ਮਾਨੋਂ ਸ਼ਿਵਜੀ ਦੇ ਅਗੇ ਆਰਤੀ ਦੇ ਗੀਤ ਸੁਣਾ ਰਿਹਾ ਹੈ। ੩. ਜੋ ਦਰਖਤਾਂ (ਉਤੇ ਚੜ੍ਹੀਆਂ ਹੋਈਆ) ਲੰਮੀਆਂ ਵੇਲਾਂ(ਹਵਾ ਦੇ ਜ਼ੋਰ ਨਾਲ ਝੁਲਦੀਆਂ ਹਨ,ਇਹ ਮਾਨੋਂ ਹਵਾ ਆਪਣੀਆਂ) ਭੁਜ ਦੰਡਾਂ ਨਾਲ ਬਹੁਤ ਪ੍ਰੇਮ ਦਿਖਾਂਦੀ ਹੋਈ (ਸ਼ਿਵਜੀ ਦੇ ਅਗੇ) ਨਾਚ ਕਰ ਰਹੀ ਹੈ। ੪. ਸਾਰਸ, ਹੰਸ ਤੇ ਚਕੋਰ (ਦੀ ਜੋ ਅਵਾਜ਼ ਹੋ ਰਹੀ ਹੈ, ਉਨ੍ਹਾਂ ਦੇ) ਬਹਾਨੇ ਨਾਲ, ਮਾਨੋਂ ਹਵਾ ਸ਼ਿਵ ਸਤੋਤ੍ਰ ਦਾ ਪਾਠ ਸੁਣਾ ਰਹੀ ਹੈ॥ ੧੨੨॥

Sri Satguru Jagjit Singh Ji Elibrary NamdhariElibrary@gmail.com

ਦੋਹਰਾ—੧. ਪਿਖ ਆਨੰਦ ਭੂਪਤਿ ਭਯੋ ਲਾਗੋ ਕਰਨ ਉਚਾਰ ॥
੨. ਯਹਿ ਸ਼ਿਵ ਨਗਰੀ ਪਾਵਨੀ ਮੁਕਤਿ ਕਰੇ ਸੰਸਾਰ ॥੧੨੩॥

੧. ਕਾਂਸ਼ੀ ਦੀ ਸੁੰਦਰਤਾ ਨੂੰ ਵੇਖਕੇ ਰਾਜਾ ਪਰਮ ਪ੍ਰਸੰਨ ਹੋ ਗਿਆ ਅਤੇ ਕਥਨ ਕਰਨ ਲੱਗਾ। ੨. ਇਹ ਸ਼ਿਵਜੀ ਦੀ ਨਗਰੀ (ਕਾਂਸ਼ੀ) ਬੜੀ ਹੀ ਪਵਿਤ੍ਰ ਹੈ, (ਜੋ ਸਾਰੇ ਸੰਸਾਰ ਨੂੰ ਮੁਕਤ ਕਰਦੀ ਹੈ) ॥ ੧੨੩ ॥

ਸਵੈਯਾ ॥

੧. ਤੁਮ ਹਾਰਿਦ ਦੂਰ ਕਰੇ ਖਿਨ ਮੈਂ ਪੁਨ ਆਨੰਦ ਆਤਮ ਮੈਂ ਉਪਜਾਏ ॥
੨. ਵਿਧੁ ਮੌਲ ਪੁਰੀ ਮਨ ਐਂਚਿਤ ਹੈ ਸੁ ਮਨੋ ਪਦ ਮੋਖਹਿ ਗਯਾਨ ਲਜਾਏ ॥
੩. ਜਿਹ ਠੌਰ ਪਿਖੋ ਯਹ ਗੰਗ ਭਲੇ ਅਤਿ ਵੱਕ੍ਰ ਭਈ ਇਹ ਭਾਂਤ ਸੁਹਾਏ ॥
੪. ਜਨ ਹਾਸ ਕਰੇ ਯਹ ਚੰਦ ਕਲਾ ਸੁ ਕਿਧੋ ਤਰੁ ਮੋਤਿਨ ਹਾਰ ਸੁ ਪਾਏ॥੧੨੪॥

ਹਾਰਿਦ=ਹਿਰਦੇ ਦਾ। ਵਿਧੁ ਮੌਲ=ਚੰਦ੍ਰਮਾ ਜਿਸਦੇ ਸਿਰ ਵਿਚ ਸ਼ਿਵ ਜੀ। ਵੱਕ੍ਰ=ਟੇਢੀ। ਤਰੁ=ਅਤਸ਼ੇ ਕਰਕੇ।

੧. ਹਿਰਦੇ ਵਿਚਲੇ ਅਗਿਆਨ ਹਨੇਰੇ ਨੂੰ (ਇਹ ਕਾਂਸ਼ੀ ਇਕ) ਖਿਨ ਵਿਚ ਦੂਰ ਕਰਦੀ ਹੈ ਅਤੇ ਆਤਮਾ ਵਿਚ ਅਨੰਦ ਪੈਦਾ ਕਰਦੀ ਹੈ। ੨. ਸ਼ਿਵਜੀ ਦੀ ਨਗਰੀ (ਮੇਰੇ ਮਨ ਨੂੰ) ਆਪਣੇ ਵੱਲ ਖਿੱਚ ਰਹੀ ਹੈ ਸੁ ਮਾਨੋਂ ਮੋਖ ਦੀ ਪਦਵੀ ਦੇਣ ਵਾਲਾ ਜੋ ਗਿਆਨ (ਹੈ, ਉਸਦੇ ਵਿਚ ਆਤਮਾ ਨੂੰ) ਲਜਾਯਾ ਚਾਹੁੰਦੀ ਹੈ ? ੩. ਵੇਖ, ਜਿਸ ਜਗ੍ਹਾ ਉਤੇ ਜਾਕੇ ਇਹ ਗੰਗਾ ਬਿਲਕੁਲ ਹੀ ਟੇਢੀ ਹੋ ਗਈ ਹੈ, [ਉਥੇ] ਇਸ ਤਰ੍ਹਾਂ ਨਾਲ ਸੋਭਾ ਪਾ ਰਹੀ ਹੈ। ੪. ਮਾਨੋਂ ਇਹ ਚੰਦ੍ਰਮਾ ਦੀਆਂ ਕਲਾਂ ਨੂੰ ਠੱਠਾ ਕਰਦੀ ਹੈ, ਅਥਵਾ-[ਉਹ ਗੰਗਾ ਨਹੀਂ ਹੈ, ਮਾਨੋਂ ਸ਼ਿਵ ਨਗਰੀ ਨੇ ਇਹ] ਅਤਸ਼ੇ ਕਰਕੇ ਮੋਤੀਆਂ ਦਾ ਹਾਰ [ਆਪਣੇ ਗਲ ਵਿਚ] ਪਾਇਆ ਹੋਇਆ ਹੈ ॥ ੧੨੪ ॥

ਸੋਰਠਾ—੧. ਰਥ ਤੇ ਉਤਰਿ ਸੁ ਸੂਤ ਦਈ ਪਰਕ੍ਰਮਾ ਭੂਪ ਕੀ ॥
੨. ਪਿਖਿ ਬਿਬੇਕ ਪਰਹੂਤ ਦੀਰਘ ਆਯੁ ਬਿਸਾਲ ਮਤਿ ॥੧੨੫॥

੧. ਜਾਂਦੇ ਜਾਂਦੇ ਜਦ ਵਿਸ੍ਵੇਸ਼ਰ ਮੰਦਰ ਦੇ ਨੇੜੇ ਚਲੇ ਗਏ [ਤਦ] ਰਥਵਾਨ ਨੇ ਰਥ ਤੋਂ ਉਤਰ ਕੇ, ਬਿਬੇਕ ਰਾਜੇ ਦੀਆਂ ਪਰਕ੍ਰਮਾਂ ਕੀਤੀਆਂ ਅਤੇ ਨਮਸਕਾਰ ਕਰਕੇ ਕਹਿਣ ਲੱਗਾ। ੨. ਹੇ ਇੰਦ੍ਰ [ਦੇ ਸਮਾਨ] ਵਡੀ ਉਮਰਾ ਵਾਲੇ ! ਹੇ ਮਹਾਨ ਬੁਧੀ ਵਾਲੇ ਮਹਾਰਾਜ ਬਿਬੇਕ ਜੀਉ ! ਵੇਖੋ ॥ ੧੨੫ ॥

ਸਵੈਯਾ ॥

੧. ਗੰਗ ਕਿ ਤੀਰ ਸੁ ਧੀਰ ਮਹਾਂ ਮਤਿ, ਮੰਦਰ ਊਚ ਸੁਮੇਰੁ ਸੁਹਾਏ ॥
੨. ਆਦਿ ਨਰਾਇਣ ਕੇਸ਼ਵ ਕੋ ਯਹਿ ਪਾਵਨ ਥਾਨ ਮਹਾਤਮ ਗਾਏ ॥
੩. ਭੂਪ ਨਿਹਾਰਿ ਅਨੰਦ ਭਯੋ, ਮੁਖ ਭੀਤਰ ਤੇ ਇਹ ਵਾਕ ਅਲਾਏ ॥
੪. ਖੇਤੁ ਕੁ ਆਤਮ ਦੇਹ ਸੁਨੇ ਸੁ ਪੁਰਾਵਿਦ ਪੰਡਿਤ ਮੋਹ ਬਤਾਏ ॥ ੧੨੬ ॥

Sri Satguru Jagjit Singh Ji Elibrary NamdhariElibrary@gmail.com

੧. ਹੇ ਵਡੀ ਅਕਲ ਬੁਧੀ ਵਾਲੇ ਮਹਾਰਾਜ ! ਇਹ ਜੋ ਗੰਗਾ ਦੇ ਕੰਢੇ ਉਤੇ ਸੁਮੇਰ ਦੇ ਸਮਾਨ ਉਚਾ ਮੰਦਰ ਸੋਭਾ ਪਾ ਰਿਹਾ ਹੈ । ੨. ਜੋ ਸਾਰਿਆ ਦਾ ਆਦਿ ਰੂਪ ਨਾਰਾਇਣ ਕੇਸ਼ਵ ਹੈ, ਇਹ ਪਵਿਤ੍ਰ ਅਸਥਾਨ [ਉਸਦਾ ਹੈ,ਇਹ ਗੱਲ] ਮਹਾਤਮਾ ਜਨ ਕਹਿੰਦੇ ਹਨ । ੩. [ਜਦ ਰਥਵਾਹੀ ਨੇ ਇਹ ਗੱਲ ਕਹੀ ਤਾਂ ਬਿਬੇਕ] ਰਾਜਾ [ਉਸ ਪੁਰੀ ਨੂੰ] ਵੇਖ ਕੇ ਬੜਾ ਹੀ ਪ੍ਰਸੰਨ ਹੋਇਆ ਅਤੇ ਉਸਨੇ ਮੂੰਹ ਤੋਂ ਇਹ ਬਚਨ ਕਹਿ ਸੁਣਾਏ । ੪. ਇਸ [ਖੇਤ੍ਰ] ਅਸਥਾਨ ਦਾ [ਅਧਿਸ਼ਠਾਤਾ] [ਖੇਤ੍ਰ ਕੁ ਆਤਮ] ਸ੍ਰੀ ਵਿਸ਼ਨੂੰ ਜੀ ਹਨ, ਮੈਂ ਇਹ ਸੁਣਿਆ ਹੈ ਅਤੇ ਪੂਰਬਲੇ ਵਿਦਵਾਨ ਪੰਡਿਤ ਲੋਕਾਂ ਨੇ ਮੈਨੂੰ ਇਸ ਤਰ੍ਹਾਂ ਦਸਿਆ ਸੀ ॥ ੧੨੬ ॥

**ਦੋਹਰਾ—੧. ਯਹੇ ਠੌਰ ਤਜਿ ਦੇਹ ਕੋ ਮਿਲੈ ਪਰਾਤਮ ਜਾਇ ॥**
**੨. ਪੁੰਨ ਵੰਤ ਜਨ ਲੋਕ ਮੇ ਲਹੇ ਮਰਣ ਇਹ ਆਇ ॥੧੨੭॥**

੧. ਇਸ ਜਗ੍ਹਾ ਤੇ ਦੇਹ ਨੂੰ ਤਿਆਗ ਕੇ [ਜੀਵ] ਪਰਮਾਤਮਾਂ ਵਿਚ ਜਾ ਮਿਲਦਾ ਹੈ । ੨. [ਪਰ] ਇਸ ਲੋਕ ਵਿਚ ਜਿਹੜੇ ਪੁੰਨਾਂ ਵਾਲੇ ਪੁਰਸ਼ ਹਨ, ਉਹ ਇਸ ਜਗ੍ਹਾ ਤੇ ਆਕੇ ਮਰਨਾ ਪ੍ਰਾਪਤ ਕਰਦੇ ਹਨ ॥੧੨੭॥

ਸੂਤ ਉਵਾਚ ॥

**ਦੋਹਰਾ—੧. ਕਾਮ ਕ੍ਰੋਧ ਪੁਨ ਲੋਭ ਲੌ, ਭੂਪਤਿ ਹਮੇ ਨਿਹਾਰ ॥**
**੨. ਦੇਖੋ, ਦੂਰ ਪਲਾਂਤ ਹੈਂ ਜਯੋਂ ਕਾਂਤਰ ਅਸਿ ਧਾਰ ॥੧੨੮॥**

ਹੇ ਰਾਜਨ ! ਵੇਖੋ, ਕਾਮ, ਕ੍ਰੋਧ ਅਤੇ ਲੋਭ ਆਦਿਕ [ਸਾਰੇ ਹੀ] ਸਾਨੂੰ ਵੇਖਕੇ, [ਇਸ ਤਰ੍ਹਾਂ] ਦੂਰ ਤੋਂ ਹੀ ਭੱਜ ਤੁਰੇ ਹਨ, ਜਿਵੇਂ ਕਾਇਰ [ਪੁਰਸ਼] ਤਲਵਾਰ ਦੀ ਧਾਰ [ਨੂੰ ਵੇਖਕੇ ਭੱਜ ਤੁਰਦਾ ਹੈ] ।

**ਦੋਹਰਾ—੧. ਭੂਪਤਿ ਕਹਯੋ ਪ੍ਰਸਾਦਿ ਹਰਿ, ਸਰਬ ਸਿਧਿ ਜਗ ਹੋਇ ॥**
**੨. ਕਰਿ ਪ੍ਰਵੇਸ਼ ਭਗਵਾਨ ਕੇ, ਮੈਂ ਬੰਦੋਂ ਪਦ ਦੋਇ ॥੧੨੯॥**

੧. ਬਿਬੇਕ ਰਾਜੇ ਨੇ ਕਿਹਾ—ਪ੍ਰਭੂ ਦੀ ਕ੍ਰਿਪਾ ਨਾਲ ਹੀ ਸਾਰੇ ਕਾਰਜ ਜਗਤ ਵਿਚ ਸਿਧ ਹੁੰਦੇ ਹਨ । ੨. ਇਸ ਲਈ, ਮੈਂ ਭਗਵਾਨ ਦੇ ਮੰਦਰ ਵਿਚ ਪ੍ਰਵੇਸ਼ ਕਰਕੇ, [ਉਨ੍ਹਾਂ ਦੇ] ਦੋਹਾਂ ਚਰਨਾਂ ਉਤੇ ਨਮਸ਼ਕਾਰ ਕਰਦਾ ਹਾਂ ॥ ੧੨੯ ॥

**ਦੋਹਰਾ—੧. ਰਥ ਤੇ ਉਤਰ ਪ੍ਰਵੇਸ਼ ਕਰਿ ਭੂਪਤਿ ਭਲੇ ਨਿਹਾਰਿ ॥**
**੨. ਭਗਵਾਨ ਭਗਤ ਕਲੇਸ਼ ਹਰਿ, ਜੈ ਜੈ ਸਦਾ ਤਿਹਾਰ ॥੧੩੦॥**

੧. [ਬਿਬੇਕ ਰਾਜਾ ਰਥਵਾਹੀ ਨੂੰ ਇਹ ਕਹਿਕੇ] ਰਥ ਤੋਂ ਉਤਰ ਕੇ, ਮੰਦਰ ਦੇ ਅੰਦਰ ਚਲਾ ਗਿਆ, [ਅੰਦਰ ਜਾਕੇ] ਚੰਗੀ ਤਰ੍ਹਾ ਦਰਸ਼ਨ ਕਰਕੇ ਬਿਬੇਕ ਰਾਜਾ ਕਹਿਣ ਲਗਾ—੨. ਹੇ ਭਗਵਾਨ ! ਹੇ ਭਗਤਾਂ ਦੇ ਕਲੇਸ਼ ਦੂਰ ਕਰਨ ਵਾਲੇ ! ਆਪ ਦੀ ਸਦਾ ਹੀ ਜੈ ਹੋਵੇ, ਸਦਾ ਹੀ ਜੈ ਹੋਵੇ ॥ ੧੩੦ ॥

ਬਿਬੇਕ ਉਵਾਚ ॥

**ਭੁਯੰਗ ਪ੍ਰਯਾਤ ਛੰਤ ॥**

**੧. ਸੁਰੰ ਚਕ੍ਰ ਚੂੜਾ ਮਣੀ ਦੀਪ ਜਾਗੇ ॥ ਕਰੇਂ ਆਰਤੀ ਪਾਦ ਕੰਜੇ ਸਭਾਗੇ ॥**
**੨. ਨਖੰ ਜੋਤ ਸੋਭਾ ਲਸੇ ਹੇਮ ਪੀਠੇ ॥ ਮਨੋ ਕੋਟ ਖਦਯੋਤ ਚਾਂਦੇ ਸੁ ਡੀਠੇ।੧੩੧।**

ਸੁਰੰ=ਦੇਵਤੇ । ਚਕ੍ਰ=ਸਮੂਹ, ਸਾਰੇ । ਚੂੜਾ ਮਣੀ=ਸਿਰ ਦੇ ਮੁਕਟ । ਪਾਦ ਕੰਜੇ=ਚਰਨ ਕਮਲਾਂ ਦੀ । ਨਖੰ=ਨੌਹਾਂ ਦੀ । ਪੀਠੇ=ਸਿੰਘਾਸਨ ਉਤੇ । ਖਦਯੋਤ=ਟਿਟਾਣੇ, ਜੁਗਨੂੰ ।

੧. ਹੇ ਸਭਾਗੇ ਪ੍ਰਭੂ ! ਜੋ ਸਾਰੇ ਦੇਵਤਿਆਂ ਦੇ ਸਿਰ ਉਤੇ ਸੋਨੇ ਦੇ ਮੁਕਟ (ਹਨ, ਇਹ ਤਾਂ ਮਾਨੋਂ ਥਾਲ ਹਨ, ਜੋ ਉਨ੍ਹਾਂ ਵਿਚ ਹੀਰੇ-ਮੋਤੀ ਜੜੇ ਹੋਏ ਹਨ, ਇਹ ਮਾਨੋਂ ਉਸ ਵਿਚ ਦੀਵੇ ਜਗ ਰਹੇ ਹਨ, ਜੋ ਆਪ ਅਗੇ ਨਮਸ਼ਕਾਰ ਕਰਨ ਲਈ ਸਿਰ ਨਿਵਾਉਂਦੇ ਹਨ, ਉਹ ਮਾਨੋਂ ਆਪ ਦੇ) ਚਰਨ ਕਮਲਾ ਦੀ ਆਰਤੀ ਕਰਦੇ ਹਨ। ੨. (ਜੋ ਆਪ ਦੇ ਚਰਨ) ਸੋਨੇ ਦੇ ਸਿੰਘਾਸਨ [ਉਤੇ ਸੋਭ ਰਹੇ ਹਨ, ਉਨ੍ਹਾਂ ਦੇ] ਨੌਹਾਂ ਦੀ ਜੋਤਨਾ ਲਿਸ਼ਕ ਰਹੀ ਹੈ, ਉਸਦੀ ਸ਼ੋਭਾ ਅਗੇ ਮਾਨੋਂ ਕਰੋੜਾਂ ਚੰਦ੍ਰਮਾਂ ਟਿਟਾਣੇ [ਵਾਂਗੂੰ] ਨਜ਼ਰ ਆ ਰਹੇ ਹਨ (ਅਰਥਾਤ ਨੌਹਾਂ ਦਾ ਪ੍ਰਕਾਸ਼ ਸੂਰਜ ਨਾਲੋਂ ਭੀ ਤੇਜ਼ ਹੈ, ਜਿਸਦੇ ਉਜਾਲੇ ਅਗੇ ਕਰੋੜਾਂ ਚੰਦ੍ਰਮਾਂ ਜੁਗਨੂੰ ਰੂਪ ਨਜ਼ਰ ਆਉਂਦੇ ਹਨ) ॥ ੧੩੧ ॥

**੧. ਭਵੈ ਦ੍ਵੈਤ ਸੰਭ੍ਰਾਂਤਿ ਸੰਤਾਨਿ ਤਾਏ ॥ ਤੁਮੇ ਦ੍ਵੈਤ ਮੇਟੋ ਕਰੋ ਬੋਧ ਛਾਏ ॥**
**੨. ਖਿਮਾ ਮੰਡਲੋ ਧਾਰ ਸੰਭਾਰ ਪੀਨੋ॥ਲਗੀ ਦਾਢ ਕੋਟੀ ਗਿਰ ਚੂਰ ਕੀਨੋ॥੧੩੨॥**

ਭਵੈ=ਸੰਸਾਰ। ਸੰਭ੍ਰਾਂਤਿ=ਪੂਰਨ ਭ੍ਰਾਂਤੀ, ਅਗਿਆਨ। ਸੰਤਾਨਿ=ਉਲਾਦ, ਉਸਦਾ ਕਾਰਜ ਰੂਪ ਜਗਤ। ਤਾਏ=ਦੁਖ ਦੇਂਦਾ। ਖਿਮਾ=ਧਰਤੀ। ਮੰਡਲੋ=ਸਾਰੀ। ਪੀਨੋ=ਪੱਕੀ ਤਰ੍ਹਾਂ ਨਾਲ। ਦਾਢ=ਹੁਡ, ਸੂਰ ਦਾ ਦੰਦ ਜੋ ਬਾਹਰ ਨੂੰ ਦਿਸਦਾ ਹੈ। ਕੋਟੀ=ਕਰੋੜਾਂ ਹੀ।

੧. ਹੇ ਪ੍ਰਭੋ ! ਅਗਿਆਨ ਤੇ ਅਗਿਆਨ ਦਾ ਕਾਰਜ ਰੂਪ ਜਗਤ, (ਇਹ ਸਾਨੂੰ) ਦ੍ਵੈਤ ਕਰਕੇ ਦੁਖ ਦੇ ਰਿਹਾ ਹੈ, ਤੁਸੀਂ ਉਸ ਦ੍ਵੈਤ ਨੂੰ ਮੇਟ ਦੇਵੋ ਅਤੇ ਗਿਆਨ ਨੂੰ ਸਾਡੇ ਹਿਰਦੇ ਵਿਚ ਸਥਾਪਨ ਕਰੋ। ੨. (ਜਿਵੇਂ ਪਹਿਲੇ ਸਮੇਂ ਵਿਚ ਵਰਾਹ ਰੂਪ ਹੋਕੇ ਆਪਨੇ) ਸਾਰੀ ਧਰਤੀ ਨੂੰ (ਆਪਣੀਆਂ ਹੁਡਾਂ ਉਤੇ ਧਾਰਨ ਕਰਕੇ ਪੱਕੀ ਤਰ੍ਹਾਂ ਨਾਲ ਸੰਭਾਲਿਆ ਸੀ, ਫਿਰ ਉਤਾਰਨ ਵੇਲੇ ਆਪ ਦੀ) ਦਾੜ੍ਹ (ਰਤਾ ਭਰ ਧਰਤੀ ਨੂੰ) ਲਗ ਗਈ ਸੀ ਤਾਂ ਕਰੋੜਾਂ ਹੀ ਪਹਾੜ ਚੂਰ ਹੋ ਗਏ ਸਨ, ਉਸੇ ਤਰ੍ਹਾਂ ਹੁਣ ਸਾਡੀ ਭੀ ਰਖਿਆ ਕਰੋ ਅਤੇ ਮਹਾਂ ਮੋਹ ਰੂਪ ਹਰਨਕਸ਼ਪ ਨੂੰ ਮਾਰੋ ॥ ੧੩੨ ॥

**ਬਲੀ ਯਾਗ ਮਾਹੀ ਕਰੇ ਰੂਪ ਭਾਰੀ ॥**
**ਪਦੋਂ ਸਾਥ ਮਾਪੀ ਤ੍ਰਿਲੋਕੀ ਸੁ ਸਾਰੀ ॥**

ਰਾਜੇ ਬਲੀ ਦੇ ਯੱਗ ਵਿਚ (ਆਪ ਨੇ ਹੀ ਬਾਵਨ ਰੂਪ ਤੋਂ ਬੜਾ) ਭਾਰੀ ਰੂਪ ਕਰ ਲਿਆ ਸੀ, [ਅਤੇ ਆਪਣੇ ਦੋ] ਕਦਮਾਂ ਨਾਲ [ਹੀ ਆਪ ਨੇ] ਸਾਰੀ ਤ੍ਰਿਲੋਕੀ ਮਿਣ ਲਈ ਸੀ ਜਿਵੇਂ ਉਸ ਵੇਲੇ ਆਪ ਨੇ ਇੰਦਰ ਦੀ ਰਖਿਆ ਕੀਤੀ ਸੀ, ਉਸੇ ਤਰ੍ਹਾਂ ਹੀ ਇਸ ਵੇਲੇ ਸਾਡੀ ਰਖਿਆ ਕਰੋ।

**ਭੁਜਾ ਦੰਡ ਆਗੇ ਗਿਰੰ ਛਤ੍ਰ ਲੀਨੋ॥ਬਲਾਗਤਿ ਕੇ ਮਾਨ ਨੀਕੇ ਸੁ ਖੀਨੋ॥੧੩੩॥**
**ਤ੍ਰਸਤ ਗੋਕਲੰ ਤ੍ਰਾਣ ਕਾਰੀ ਦਯਾਲੇ ॥ ਟਰੀ ਅੰਬ ਬਰਖਾ ਕਰੇ ਗੋਪ ਪਾਲੇ ॥**

੧. [ਫਿਰ ਜਿਵੇਂ ਦੁਆਪਰ ਵਿਚ ਆਪ ਨੇ ਆਪਣੇ] ਡੰਡੇ ਵਰਗੇ ਬਾਂਹ ਦੇ ਅਗਲੇ [ਹਿਸੇ ਹੱਥ ਦੀ ਚੀਚੀ ਉਂਗਲ ਉਤੇ ਗਵਰਧਨ] ਪਹਾੜ ਛਤਰ [ਵਾਂਗੂੰ ਚੁਕ] ਲਿਆ ਸੀ, ਇਸ ਤਰ੍ਹਾਂ ਨਾਲ ਤੁਸਾਂ ਆਪਣੇ [ਬਲ+ਅਗਤਿ] ਬਲਵਾਨ ਵੈਰੀ [ਇੰਦ੍ਰ] ਦੇ ਮਾਨ ਨੂੰ ਚੰਗੀ ਤਰ੍ਹਾਂ ਨਾਲ ਨਸ਼ਟ ਕੀਤਾ ਸੀ ॥ ੧੩੩ ॥

ਹੇ ਦਿਆਲੂ ! ਡਰੇ ਹੋਏ ਗੋਕਲ ਵਾਸੀਆਂ [ਦੀ ਆਪ ਨੇ ਉਸ ਵੇਲੇ ਰਖਿਆ ਕੀਤੀ ਸੀ,[ਜਿਸ ਕਰਕੇ] ਮੀਂਹ ਦੀ ਵਰਖਾ ਹਟ ਗਈ ਸੀ, [ਜਿਸ ਤਰ੍ਹਾਂ ਨਾਲ ਆਪ ਨੇ] ਗਊ-ਪਾਲਕਾ [ਗੁਆਲਿਆਂ] ਦੀ ਪਾਲਣਾ ਕੀਤੀ ਸੀ, ਉਸੇ ਤਰ੍ਹਾਂ ਹੁਣ ਮਹਾਂ ਮੋਹ ਦੇ ਮਾਨ ਨੂੰ ਨਸ਼ਟ ਕਰਕੇ ਸਾਡੀ ਰਖਿਆ ਕਰੋ।

**ਸੁਰਾਗਤਿ ਭਾਮਾ ਸੁ ਸੰਧੂਰ ਸੀਸੰ ॥ ਸੁ ਸੰਧਜਾ ਭੁਕ੍ਾਂਤੰ ਹਸੇ ਦੇਵ ਈਸੰ ॥੧੩੪॥**
**ਤਿਨੇ ਦੂਰ ਕਾਰੀ ਮਨੋ ਮਾਰਤੰਡੰ ॥ ਕਹੋਂ ਕੋਵਿਦਾ ਈਸ ਤੇ ਦੌਰ ਦੰਡੰ॥**

ਸੁਰਾਰਾਤਿ=(ਸੁਰ+ਅਰਾਤਿ) ਦੇਵਤਿਆਂ ਦੇ ਵੈਰੀ ਰਾਖਸ਼। ਭਾਮਾ=ਇਸਤ੍ਰੀ। ਸੰਧਯਾਭ੍ਰਕਾਂਤੰ=(ਸੰਧਾ+ਅਭ੍ਰ+ਕ੍ਰਾਂਤੇ) ਸੰਧਯਾ ਸਮੇਂ ਦੇ ਬਦਲ ਦੀ ਚਮਕ। ਮਾਰਤੰਡੰ=ਸੂਰਜ। ਕੋਵਿਦਾ=ਪੰਡਤ ਲੋਕ। ਦੋਰ=ਭੁਜਾਂ।

੧. ਹੇ ਪ੍ਰਭੂ! ਰਾਖਸ਼ਾਂ ਦੀਆਂ ਇਸਤ੍ਰੀਆਂ ਨੇ ਸਿਰ ਉਤੇ (ਜੋ) ਸੰਧੂਰ ਲਾਇਆ ਹੋਇਆ ਹੈ, ਹੇ ਦੇਵਤਿਆਂ ਦੇ ਸਵਾਮੀ! ਜਦ ਸੰਧਯਾ ਸਮੇਂ ਦੇ ਬਦਲਾਂ ਦੀ ਚਮਕ (ਲਾਲ ਹੋ ਜਾਂਦੀ ਹੈ,ਤਾਂ ਇਉਂ ਮਲੂਮ ਹੁੰਦਾ ਹੈ ਜੋ ਰਾਖਸ਼ਨੀਆਂ ਦੇ ਸਿਰ ਦਾ ਸੰਧੂਰ ਸੰਧਯਾ ਦੇ ਬਦਲਾਂ ਦੀ ਲਾਲੀ ਨੂੰ) ਹਾਸੀ ਕਰਦਾ ਹੈ ਕਿ ਤੇਰੇ ਨਾਲੋਂ ਮੇਰੀ ਲਾਲੀ ਸਰੇਸ਼ਟ ਹੈ॥ ੧੩੪॥ ਉਸ ਸੰਧਯਾ ਦੀ ਲਾਲੀ ਨੂੰ ਦੂਰ ਕਰਨ ਵਾਸਤੇ (ਆਪ) ਮਾਨੋ ਸੂਰਜ ਰੂਪ ਹੋ। ਹੇ ਈਸਵਰ! ਆਪ ਦੀਆਂ ਭੁਜਾਂ ਰੂਪ ਦੰਡ (ਦੇ ਬਲ ਨੂੰ) ਪੰਡਿਤ ਲੋਕ ਕਥਨ ਕਰਦੇ ਹਨ।

**੧. ਸੁ ਦੈਤੇਂਦ੍ਰ ਵਖਯਾਤਟੀ ਪਾਟ ਨਾਰੀ॥**
**ਨਖੰ ਸ੍ਰੇਣਕਾ ਨਾਥ ਤੇਰੀ ਉਦਾਰੀ॥ ੧੩੫॥**

ਦੈਤੇਂਦ੍ਰ (=ਦੈਂਤ+ਇੰਦ੍ਰ) ਦੈਂਤ ਰਾਜ, ਹਰਨਾਖਸ਼। ਵਖਯਾਤਟੀ=(ਵਖੀ+ਤਟ) ਵਖੀ ਸਥਾਨ। ਨਾਰੀ=ਨਾੜੀਆਂ। ਸ੍ਰੇਣਕਾ=ਲੜੀ, ਕਤਾਰ।

੧. ਆਪ ਨੇ ਦੈਂਤ-ਰਾਜ ਹਰਨਾਖਸ਼ ਦੀ ਵਖੀ ਪਾੜ ਕੇ ਉਸ ਦੀਆਂ ਨਾੜੀਆਂ ਕਢ ਦਿਤੀਆਂ ਸਨ। ਹੇ ਨਾਥ! ਆਪ ਦੇ ਨੌਹਾਂ ਦੀ ਕਤਾਰ ਬੜੀ ਉਦਾਰ ਭਲਾ ਕਰਨ ਵਾਲੀ ਕਹੀ ਜਾਂਦੀ ਹੈ,(ਇਸੇ ਤਰ੍ਹਾਂ ਹੁਣ ਮੋਹ ਦੀ ਵਖੀ ਪਾੜ ਕੇ ਆਪਣੇ ਦਾਸ ਵਿਵੇਕ ਦੀ ਸਹਾਇਤਾ ਕਰੋ)॥ ੧੩੫॥

**੧. ਤ੍ਰਿਲੋਕੀ ਰਿਪੂ ਕੈਟਭੰ ਕੰਠ ਕਾਠੰ॥ ਕਟੇ ਚਕ੍ਰ ਧਾਰਾ ਕਰੇ ਭੂਮਿ ਮਾਠੰ॥**
**੨. ਫੁਰੇ ਜੋਤਿ ਰੁਲਕਾ ਭੁਜੋ ਦਮ ਤੇਜੰ॥ ਕਰੇ ਖੀਰ ਸੈਨੰ ਸਜੇ ਸੇਸ ਸੇਜੰ॥੧੩੬॥**

ਰੁਲਕਾ=ਚੁਆਤੀ ਦੀਆਂ ਚਿਣਗਾਂ। ਮਾਠੰ=ਸਥਿਰ, ਕਾਇਮ।

੧. ਤਿੰਨਾਂ ਲੋਕਾਂ ਦੇ ਵੈਰੀ (ਜੋ ਮਧੁ) ਕੈਟਭ (ਨਾਮ ਦੇ ਦੋ ਦੈਂਤ ਸਨ, ਉਨ੍ਹਾਂ ਦਾ) ਕੰਠ ਕਾਠ (ਵਾਂਗੂ ਕਠੋਰ ਸੀ, ਉਸ ਨੂੰ ਆਪ ਨੇ ਸੁਦਰਸ਼ਨ) ਚੱਕ੍ਰ ਦੀ ਧਾਰ ਨਾਲ ਕਟ ਦਿਤਾ ਸੀ, ਉਹਨਾਂ ਦੀ ਮਿਝ ਨੂੰ ਆਪ ਨੇ ਧਰਤੀ ਕਾਇਮ ਕਰ ਦਿਤਾ ਸੀ। ਇਹ ਕਥਾ ਪੁਰਾਣਾਂ ਵਿਚ ਵਿਸਥਾਰ ਨਾਲ ਲਿਖੀ ਹੈ। ਅਸੀਂ ਭੀ 'ਭਗਤ ਮਾਲ ਸਟੀਕ' ਤੇ ਦਸਮ ਗੁਰੂ ਗ੍ਰੰਥ ਸਾਹਿਬ ਸਟੀਕ ਵਿਚ ਲਿਖ ਚੁਕੇ ਹਾਂ, ਇਸੇ ਕਾਰਨ ਕਰਕੇ ਇਥੇ ਬਹੁਤਾ ਵਰਣਨ ਨਹੀਂ ਕੀਤਾ, ਪਰੇਮੀ ਪਾਠਕ ਉਥੇ ਵੇਖ ਲੈਣ। ੨. ਆਪ ਦੀਆਂ ਭੁਜਾਂ ਦੇ ਤੇਜ ਅਗੇ ਦਾਮਨੀ ਦਾ ਤੇਜ (ਇਸ ਤਰ੍ਹਾਂ ਮਲੂਮ ਹੁੰਦਾ ਹੈ, ਜਿਵੇਂ) (ਜੋਤਿ) ਸੂਰਜ ਦੇ ਸਾਹਮਣੇ ਚੁਆਤੀ ਦੀ ਚਿਣਗ ਤੁਛ ਹੁੰਦੀ ਹੈ, (ਆਪ ਸਦਾ ਹੀ) ਖੀਰ ਸਮੁੰਦਰ ਵਿਚ ਸ਼ੇਸ਼ਨਾਗ ਦੀ ਸੇਜਾ ਉਤੇ ਸੈਨ ਕਰਦੇ ਹੋ॥ ੧੩੬॥

**੧. ਸਦਾ ਸ਼ੰਭੁ ਪਜਾਰੇ ਮਹਾਂ ਤੇਜ ਧਾਰੀ॥ਭੁਜਾ ਦੰਡ ਸੰਭ੍ਰਾਂਤਿ ਸ਼ੈਲੰ ਮੁਰਾਰੀ॥**
**੨. ਮਥੇ ਖੀਰ ਸਿੰਧੰ ਭੁਮੇ ਬਾਹੁ ਪੀਨੇ॥ ਭਏ ਲਛਨੰ ਤਾਂਹਿ ਬੀਚੰ ਨਵੀਨੇ॥੧੩੭॥**

੧. ਹੇ ਮਹਾਂ ਤੇਜ ਧਾਰੀ ਪ੍ਰਭੂ! ਆਪ ਸਦਾ ਹੀ ਸ਼ਿਵਜੀ ਦੇ ਪਿਆਰੇ ਹੋ, ਹੇ ਮੁਰਾਰੀ (ਆਪਣੀਆਂ) ਭੁਜਾਂ ਦੰਡ ਨਾਲ ਆਪ ਨੇ (ਮੰਦਰਾਚਲ) ਪਹਾੜ ਨੂੰ (ਸੰਭ੍ਰਾਂਤਿ) ਚੰਗੀ ਤਰ੍ਹਾਂ ਉਠਾਇਆ ਸੀ। ੨. ਇਸ ਤਰ੍ਹਾਂ ਆਪਣੀਆਂ ਮਜ਼ਬੂਤ ਬਾਹਾਂ ਨਾਲ ਖੀਰ ਸਮੁੰਦਰ ਨੂੰ ਰਿੜਕਿਆ ਸੀ, ਤਦ ਉਸ ਵਿਚੋਂ ਨਵੇਂ ਹੀ ਲਛਣ ਪ੍ਰਗਟ ਹੋਏ ਸਨ (ਅਰਥਾਤ ਚੌਦਾਂ ਰਤਨ ਨਿਕਲੇ ਸਨ)॥ ੧੩੭॥

**੧. ਸੁ ਮੋਤੀ ਫਲੇਦਾਰ ਹਾਰੰ ਸੁਹਾਏ॥ ਪ੍ਰਭਾ ਕੰਠ ਮਧੇ ਸਕੇ ਕੋ ਬਤਾਏ॥**
**੨. ਮਹਾਂ ਮੋਹ ਛੇਦੀ ਦਿਜੇ ਬੋਧ ਨਾਥੰ॥ ਨਮੋ ਦੇਵ ਪਾਦੰ ਦੋਊ ਜੋਰ ਹਾਥੰ॥੧੩੮॥**

ਫਲੋਦਾਰ=(ਫਲ+ਉਦਾਰ) ਚੰਗੇ ਫਲਾਂ ਰੁਖ। ਪ੍ਰਭਾ=ਪ੍ਰਕਾਸ਼। ਛੇਤੀ=ਮਾਰਨ ਵਾਲਾ।

੧. ਜੋ ਸੁੰਦਰ ਫਲਾਂ ਰੂਪ ਮੋਤੀਆਂ ਦੇ ਹਾਰ ਆਪ ਦੇ ਗਲ ਵਿਚ ਸੋਭਾ ਪਾ ਰਹੇ ਹਨ, (ਉਨ੍ਹਾਂ ਦੀ) ਪ੍ਰਭਾ ਦੀ ਸੋਭਾ ਨੂੰ ਕੌਣ ਕੋਈ ਦਸ ਸਕਦਾ ਹੈ ? ਹੇ ਨਾਥ ! ਜੋ ਮਹਾਂ ਮੋਹ ਦੇ ਕਟਨ ਵਾਲਾ ਬੋਧ (ਨਾਮ ਦਾ ਪੁਤ੍ਰ ਹੈ, ਉਹ ਮੈਨੂੰ) ਬਖਸ਼ੋ। ਹੇ ਦੇਵ ! ਮੈਂ ਆਪ ਤੋਂ ਏਹੀ ਦਾਨ ਮੰਗਦਾ ਹਾਂ ਅਤੇ ਦੋਵੇਂ ਹਥ ਜੋੜ ਕੇ ਆਪ ਦੇ ਦੋਹਾਂ ਚਰਨਾਂ ਉਤੇ ਨਮਸਕਾਰ ਕਰਦਾ ਹਾਂ ॥ ੧੩੮ ॥

**ਦੋਹਰਾ—੧. ਆਦਿ ਨਰਾਇਣ ਦੀਨ ਵਰ, ਭਏ ਪ੍ਰਸੰਨ ਉਦਾਰ ॥**
**੨. ਬੋਧ ਬਲੀ ਸੁਤ ਹੋਇਗੋ ਭੂਪਤਿ ਭੌਨ ਤਿਹਾਰ ॥ ੧੩੯ ॥**

(ਜਦ ਵਿਵੇਕ ਰਾਜੇ ਨੇ ਇਸ ਤਰ੍ਹਾਂ ਉਸਤਤਿ ਰੂਪ ਅਸ਼ਟਕ ਪੜ੍ਹਿਆ ਤਦ) ੧. ਵਡੇ ਦਾਤਾਰ ਰੂਪ ਆਦਿ ਨਾਰਾਇਣ ਪ੍ਰਭੂ ਪਰਮ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ ਇਹ ਵਰ ਦਿਤਾ। ੨. ਹੇ ਰਾਜਨ ! 'ਬੋਧ' (ਨਾਮ ਵਾਲਾ) ਬੜਾ ਭਾਰੀ ਸੂਰਮਾ ਪੁਤ੍ਰ ਤੇਰੇ ਘਰ ਵਿਚ ਪੈਦਾ ਹੋਵੇਗਾ (ਅਤੇ ਤੇਰੇ ਸਾਰੇ ਵੈਰੀ ਨਸ਼ਟ ਹੋ ਜਾਣਗੇ) ॥ ੧੩੯ ॥

**ਦੋਹਰਾ—੧. ਮੰਦਰ ਨਿਕਸ ਬਿਬੇਕ ਪੁਨ, ਐਸੇ ਕੀਨ ਪ੍ਰਕਾਸ ॥**
**੨. ਯਹ ਨੀਕੋ ਅਸਥਾਨ ਹੈ, ਈਹਾਂ ਕਰੌਂ ਨਿਵਾਸ ॥ ੧੪੦ ॥**

੧. ਫਿਰ ਮੰਦਰ ਤੋਂ ਬਾਹਰ ਨਿਕਲ ਕੇ (ਅਤੇ ਬਾਹਰ ਦੀ ਸੁਹਾਵਣੀ ਜਗ੍ਹਾ) ਵੇਖ ਕੇ (ਉਸ ਨੇ ਆਪਣੇ ਮਨ ਦੇ ਆਸ਼ੇ ਨੂੰ ਇਸ ਤਰ੍ਹਾਂ) ਜ਼ਾਹਰ ਕੀਤਾ। ੨. ਕਿ ਇਹ ਜਗ੍ਹਾ ਹਰ ਤਰ੍ਹਾਂ ਕਰਕੇ ਚੰਗੀ ਹੈ, ਇਥੇ ਹੀ ਨਿਵਾਸ ਕਰ ਲੈਣਾ ਚਾਹੀਦਾ ਹੈ, (ਇਸ ਲਈ ਹੁਕਮ ਦੇ ਦਿਤਾ ਕਿ ਇਥੇ ਹੀ ਕੈਂਪ ਲਗ ਜਾਵੇ ਅਤੇ ਫੌਜਾਂ ਨੇ ਉਥੇ ਹੀ ਉਤਾਰਾ ਕਰਕੇ ਛਾਉਣੀ ਪਾ ਲਈ) ॥ ੧੪੦ ॥

ਕਵਿ ਉਵਾਚ ॥

**ਦੋਹਰਾ—੧. ਸਭਾ ਸਮੇਤ ਸੁ ਏਹੁ ਜਬੈ ਪੇਖੀ ਭੂਪਤਿ ਰੀਤਿ ॥**
**੨. ਕੀਰਤ ਵਰਮਾ ਦੇਵ ਤਬ, ਭਯੋ ਇਕਾਗਰ ਚੀਤ ॥ ੧੪੧ ॥**

ਗ੍ਰੰਥ ਕਰਤਾ ਜੀ ਕਹਿੰਦੇ ਹਨ ੧. ਜਦ ਸਾਰੀ ਸਭਾ ਸਮੇਤ ਰਾਜੇ ਨੇ ਇਹ ਸਾਰੀ ਰੀਤੀ ਵੇਖ ਲਈ। ੨. ਤਦ ਰਾਜੇ ਕੀਰਤ ਵਰਮਾ ਦੇਵ ਦਾ ਚਿਤ ਇਕਾਗਰ ਹੋ ਗਿਆ ॥ ੧੪੧ ॥

**ਦੋਹਰਾ—੧. ਉਪਜੇ ਗੋ ਵੈਰਾਗ ਮਨ, ਆਇ ਸੁਰਸਤੀ ਦਯਾਲ ॥**
**੨. ਬੋਧ ਕਰੇ ਮਨ ਕੋ ਭਲੇ, ਹ੍ਵੈ ਹੈ ਕਥਾ ਰਸਾਲ ॥ ੧੪੨ ॥**

(ਪੰਜਵੇਂ ਅਧਿਆਇ ਵਿਚ ਜੋ ਕਥਾ ਕਹਿਣੀ ਹੈ, ਉਸ ਦੀ ਸੂਚਨਾ ਕਰਦੇ ਹਨ)-

੧. ਮਨ ਨੂੰ ਵੈਰਾਗ ਪੈਦਾ ਹੋਵੇਗਾ, ਦਿਆਲ [ਸਰੂਪ] ਸੁਰਸ੍ਵਤੀ ਦੇਵੀ ਆਵੇਗੀ। ੨. ਉਹ ਮਨ ਨੂੰ ਚੰਗੀ ਤਰ੍ਹਾਂ ਨਾਲ [ਬੋਧ] ਉਪਦੇਸ਼ ਕਰੇਗੀ, ਅਗਲੇ ਅਧਿਆਇ ਵਿਚ ਰਸ ਦੀ ਭਰੀ ਹੋਈ ਇਹ ਕਥਾ ਹੋਵੇਗੀ ॥ ੧੪੨ ॥

----

ਚੌਪਈ—ਚੌਥਾ ਧਯਾਯ ਪੂਰਾ ਅਬ ਭਯੋ ॥ ਨਰੈਣ ਸਿੰਘ ਕਵਿ ਤਿਲਕ ਸੁ ਕਯੋ ॥
ਆਸੁਰ ਸੰਪਤਿ ਦੈਵੀ ਸੰਪਤਿ ॥ ਜੁਧ ਕਾਜ ਚੜ੍ਹ ਆਈ ਪੰਗਤਿ ॥ ੧ ॥
ਦੋਹਰਾ—ਆਸੁਰ ਸੰਪਤਿ ਤਯਾਗ ਕਰ, ਦੈਵੀ ਸੰਪਤਿ ਧਾਰ ॥
ਜਲ ਨਕੇਤ ਹਰਿ ਕੀ ਬਿਨੈ, ਸੁਖ ਪਾਵਹੁ ਸੰਸਾਰ ॥ ੨ ॥

* * *

੧ ਓ ਸਤਿਗੁਰ ਪ੍ਰਸਾਦਿ ॥

# ਅਥ ਪੰਚਮ ਅੰਕ ਲਿਖਯਤੇ

ਦੋਹਰਾ—ਗੁਰ ਅਰਜਨ ਪੰਚਮ ਗੁਰੂ, ਪਾਦ ਪਦਮ ਉਰ ਧਯਾਇ ॥
ਤਿਲਕ ਸੁ ਪੰਚਮ ਅੰਕ ਕੋ, ਅੰਕਤ ਹੋਂ ਮਨ ਲਾਇ ॥ ੧ ॥

**ਦੋਹਰਾ—੧. ਪਦ ਪ੍ਰਸਾਦਿ ਰਘੁਨਾਥ ਕੇ ਲਹੇ ਬੋਧ ਮਤਿ ਮਾਨ ॥**
**੨. ਹਨੇ ਮੋਹ ਬਲਵਾਨ ਕੋ ਤਿਹ ਬੰਦੌਂ ਭਗਵਾਨ ॥ ੧ ॥**

੧. ਜਿਸ ਸ੍ਰੀ ਰਾਮ ਚੰਦਰ ਜੀ ਦੇ ਚਰਨ ਕਮਲਾਂ ਦੀ ਕ੍ਰਿਪਾ ਨਾਲ ਬੁਧੀਵਾਨ [ਪੁਰਸ਼] ਗਿਆਨ ਨੂੰ ਪ੍ਰਾਪਤ ਕਰ ਲੈਂਦਾ ਹੈ। ੨. [ਅਤੇ ਫਿਰ ਗਿਆਨ ਦੇ ਬਲ ਕਰਕੇ] ਬਲਵਾਨ ਮਹਾਂ ਮੋਹ ਨੂੰ ਨਾਸ ਕਰ ਲੈਂਦਾ ਹੈ, ਮੈਂ ਉਸ ਭਗਵਾਨ ਨੂੰ ਨਮਸਕਾਰ ਕਰਦਾ ਹਾਂ ॥ ੧ ॥

**ਦੋਹਰਾ—ਕੀਰਤ ਵਰਮਾ ਭੂਮ ਕੇ, ਦੇਖਤ ਸਭਾ ਮਝਾਰ ॥**
**ਸਰਧਾ ਕੀਨ ਪ੍ਰਵੇਸ ਤਬ, ਲਾਗੀ ਕਰਨ ਉਚਾਰ ॥ ੨ ॥**

ਰਾਜੇ ਕੀਰਤ ਵਰਮਾ ਦੇ ਦੇਖਦਿਆਂ ਹੋਇਆਂ [ਉਸ ਦੀ] ਸਭਾ ਵਿਚ 'ਸਰਧਾ' ਨੇ ਆਣ ਕੇ ਪ੍ਰਵੇਸ਼ ਕਰ ਲਿਆ, ਤਦ ਫਿਰ ਉਹ ਇਸ ਤਰ੍ਹਾਂ ਕਥਨ ਕਰਨ ਲਗੀ ॥ ੨ ॥

ਸਰਧਾ ਉਵਾਚ ॥

**ਸਵੈਯਾ ॥**

**੧. ਪ੍ਰਸਿਧ ਸੁ ਪੰਥ ਅਹੇ ਜੱਗ ਮੈ ਯਹਿ ਜਾਤਿ ਕੋ ਵੈਰ ਬਡੋ ਦੁਖਦਾਈ ॥**
**੨. ਕ੍ਰੋਧ ਦਵਾਨਲ ਤੇਜ ਬਢੀ ਖਿਨ ਮੈਂ ਸਗਲੀ ਕੁਲ ਜਾਂਹਿ ਖਪਾਈ ॥**
**੩. ਜਿਉਂ ਬਨਬਾਂਸ ਸੰਘਟਨ ਤੇ ਪੁਨਿ ਪਾਵਕ ਕਾਨਨਿ ਖੇਹ ਰਲਾਈ ॥**
**੪. ਤਿਮ ਹੀ ਬਾਂਧਵ ਕ੍ਰੋਧ ਜਲੇ, ਦੁਖ ਭੂਰ ਭਯੋ ਦ੍ਰਿਗ ਤੇ ਜਲ ਜਾਈ ॥੩॥**

ਦਵਾਨਲ=[ਦਵ+ਅਨਲ] ਡੌ ਅੱਗ, ਲਕੜਾਂ ਵਿਚੋਂ ਨਿਕਲੀ ਅੱਗ। ਸੰਘਟਨ=ਆਪੋ ਵਿਚ ਰਗੜਨ ਨਾਲ। ਪਾਵਕ=ਅੱਗ। ਕਾਨਨ=ਬਨ ਨੂੰ।

੧. ਜਗਤ ਵਿਚ ਇਹ ਮਾਰਗ ਮਸ਼ਹੂਰ ਹੈ [ਕਿ] ਜਾਤੀ ਭਾਈਆਂ ਦਾ ਵੈਰ ਵਡਾ ਹੀ ਦੁਖ ਦੇਣ ਵਾਲਾ ਹੈ। ੨. ਕ੍ਰੋਧ ਰੂਪ ਡੌ ਅੱਗ ਬੜੀ ਤੇਜ਼ ਵਧ ਗਈ ਸੀ, ਜਿਸ ਨੇ ਸਾਡੀ ਕੁਲ ਇਕ ਖਿਨ ਵਿਚ ਹੀ ਨਸ਼ਟ ਕਰ ਦਿਤੀ ਹੈ। ੩. ਜਿਵੇਂ ਬਨ ਦੇ ਵਾਂਸ ਆਪੋ ਵਿਚ ਰਗੜਦੇ ਹਨ ਤੇ ਫਿਰ ਉਹਨਾਂ ਵਿਚੋਂ ਹੀ ਅਗ [ਪੈਦਾ ਹੋ ਕੇ ਉਨ੍ਹਾਂ ਵਾਂਸਾਂ ਸਣੇ ਸਾਰੇ ਹੀ] ਬਨ ਨੂੰ ਖੇਹ ਵਿਚ ਰਲਾ ਦੇਂਦੀ ਹੈ। ੪. ਤਿਵੇਂ ਹੀ ਕ੍ਰੋਧ ਨੂੰ ਗ੍ਰਹਿਣ ਕਰਕੇ ਸਾਰੇ ਸਨਬੰਧੀ ਸੜ ਮੋਏ ਹਨ, [ਜਿਸ ਕਰਕੇ ਮੇਰੇ ਤਨ ਨੂੰ] ਬੜਾ ਦੁਖ ਹੋਇਆ ਹੈ ਅਤੇ ਉਸ ਦੁਖ ਕਰਕੇ ਅਖਾਂ ਵਿਚੋਂ [ਫਰਨ ਫਰਨ] ਜਲ ਤੁਰਿਆ ਜਾਂਦਾ ਹੈ ॥ ੩ ॥

Sri Satguru Jagjit Singh Ji Elibrary NamdhariElibrary@gmail.com

## ਸਵੈਯਾ ॥

੧. ਦੁਖ ਦੇਖਨ ਅੰਕ ਲਿਖੇ ਬਿਧਿ ਭਾਲ, ਸੁ ਆਜ ਪਿਖੇ ਨਹਿ ਜਾਤ ਮਿਟਾਏ ॥
੨. ਮਮ ਸੋਦਰ ਬੰਧ ਹਤੇ ਰਣ ਮੈ ਤਨੁ ਭੂਮਿ ਰੁਲੇ ਕਿਹ ਠੌਰ ਸਿਧਾਏ ॥
੩. ਦੁਰ ਵਾਰਣ ਦਾਰੁਣ ਸੋਕ ਮਹਾਂ, ਅਤਿ ਪਾਵਕ ਮੇ ਉਰ ਭੂਰ ਜਲਾਏ ॥
੪. ਸੁ ਬਿਬੇਕ ਕੇ ਮੋਹ ਅਨੇਕ ਪਰੇ, ਖਿਨ ਪਾਵਕ ਸੋਕ ਨ ਲਾਏ ਬੁਝਾਏ ॥੪॥

ਸੋਦਰ=ਸਹੋਦਰ, ਸਕਾ ਭਰਾ । ਦੁਰ=ਕਠਨ । ਵਾਰਣ=ਹਟਾਣ । ਦਾਰੁਣ=ਭਿਆਨਕ ।

੧. ਇਹ ਦੁਖ ਦੇਖਣ ਦੇ ਲੇਖ ਬਿਧਾਤਾ ਨੇ ਮੇਰੇ ਮਥੇ ਵਿਚ ਲਿਖੇ ਹੋਏ ਸਨ ਜੋ ਦੁਖ ਅਜ ਵੇਖ ਲਿਆ ਹੈ, ਕਿਉਂਕਿ ਲਿਖੇ ਹੋਏ ਲੇਖ ਕਿਸੇ ਤੋਂ ਮਿਟਾਏ ਨਹੀਂ ਜਾਂਦੇ । ੨. ਮੇਰੇ ਸਕੇ ਸਬੰਧੀ ਜੰਗ ਵਿਚ ਮਾਰੇ ਗਏ ਹਨ, (ਜਿਨ੍ਹਾਂ ਦੇ) ਸਰੀਰ ਰਣ ਭੂਮੀ ਵਿਚ ਰੁਲ ਰਹੇ ਹਨ, ਉਹ ਆਪ ਕਿਸ ਜਗ੍ਹਾ ਨੂੰ ਚਲੇ ਗਏ ਹਨ ? ੩. ਇਸ ਭਯਾਨਕ ਸ਼ੋਕ ਦਾ ਨਿਵਾਰਨ ਕਰਨਾ ਭੀ ਕਠਨ ਹੈ, ਇਹ ਮਹਾਨ ਸੋਕ ਰੂਪ ਪ੍ਰਚੰਡ ਅਗਨੀ ਮੇਰੇ ਹਿਰਦੇ ਨੂੰ ਬੜਾ ਹੀ ਸਾੜ ਰਹੀ ਹੈ । ੪. ਉਸ ਉਤੇ ਵਿਚਾਰ ਦੇ ਮੀਂਹ ਭੀ ਅਨੇਕਾਂ ਵਸੇ ਹਨ ਪਰ ਉਹ ਸ਼ੋਕ ਅਗਨੀ ਦੀ ਲਾਟ ਨੂੰ ਖਿਨ ਭਰ ਲਈ ਭੀ ਨਹੀਂ ਬੁਝਾ ਸਕੇ (ਅਰਥਾਤ ਇਸ ਗੱਲ ਦੀ ਵਿਚਾਰ ਭੀ ਬੜੀ ਕੀਤੀ ਹੈ ਕਿ "ਜੋ ਉਪਜਿਓ ਸੋ ਬਿਨਸ ਹੈ", "ਚਿੰਤਾ ਤਾਕੀ ਕੀਜੀਐ ਜੋ ਅਨਹੋਣੀ ਹੋਇ" ਅਤੇ "ਸਭਨਾ ਮਰਣਾ ਆਇਆ ਵਿਛੋੜਾ ਸਭਨਾਂਹ" ਪਰ ਫਿਰ ਭੀ ਚਿਤ ਨੂੰ ਧੀਰਜ ਨਹੀਂ ਬਝਦਾ ਤੇ ਸ਼ੋਕ ਸਾਗਰ ਵਿਚ ਰੁੜ੍ਹਿਆ ਜਾਂਦਾ ਹੈ)।੪।

## ਸਵੈਯਾ ॥

੧. ਸਾਗਰ ਸੈਲ ਮਹੀ ਸਰਤਾ, ਸਭ ਅੰਤਕ ਅੰਤ ਸਮੇਂ ਸੁਖ ਪਾਏ ॥
੨. ਤੋ ਤ੍ਰਿਣ ਜੀਰਣ ਸੇ ਤਨੁ ਮੈਂ, ਜਨ ਕੋਵਿਦ ਕੋ ਭਵ ਮੇ ਪਤਯਾਏ ॥
੩. ਯਦਪਿ ਯੋਂ ਸੁ ਵਿਚਾਰ ਕਰੋਂ ਪੁਨ ਤਦਪਿ ਸ਼ੋਕ ਬਿਬੇਕ ਦਬਾਏ ॥
੪. ਦੀਰਘ ਸ਼ੋਕ ਕੀ ਜ੍ਵਾਲ ਬਢੇ, ਬਿਧ ਹਾ ਉਰ ਅੰਤਰ ਮੋਹ ਜਲਾਏ ॥੫॥

੧. ਜਦ ਕਿ ਸਾਰੇ ਸਮੁੰਦਰ, ਸਾਰੇ ਪਹਾੜ, ਸਾਰੀ ਧਰਤੀ ਅਤੇ ਸਾਰੀਆਂ ਨਦੀਆਂ (ਆਦਿਕ) ਸਾਰੇ ਪਦਾਰਥਾਂ ਨੂੰ [ਅੰਤਕ] ਯਮ ਰਾਜਾ ਅੰਤ ਸਮੇਂ ਨਾਸ ਕਰ ਦੇਵੇਗਾ । ੨. ਤਦ ਫਿਰ ਪੁਰਾਣੇ ਪੱਤ੍ਰ ਵਰਗੇ ਇਸ ਸਰੀਰ ਉਤੇ ਕਿਹੜਾ ਬੁਧੀਵਾਨ ਪੁਰਸ਼ ਸੰਸਾਰ ਵਿਚ ਭਰੋਸਾ ਕਰੇਗਾ ? [ਅਰਥਾਤ ਜਦ ਏਡੇ ਏਡੇ ਵਡੇ ਪਦਾਰਥ ਨਸ਼ਟ ਹੋ ਜਾਣੇ ਹਨ, ਤਦ ਇਹ ਸਰੀਰ ਤਾਂ ਪਹਿਲੇ ਹੀ ਨਸ਼ਟ ਰੂਪ ਹੈ, ਇਸ ਦਾ ਭਰੋਸਾ ਰਖਣਾ ਹੀ ਮਹਾਂ ਮੂਰਖਤਾ ਹੈ] । ੩. ਭਾਵੇਂ ਇਸ ਤਰ੍ਹਾਂ ਦੀ ਵਿਚਾਰ ਮੈਂ ਮੁੜ ਮੁੜ ਕੇ ਕਰਦੀ ਹਾਂ, ਪਰ ਸ਼ੋਕ [ਫਿਰ ਭੀ ਇਸ] ਵਿਚਾਰ ਨੂੰ ਦਬਾ ਦੇਂਦਾ ਹੈ । ੪. ਸ਼ੋਕ ਅਗਨੀ ਦੀ ਲਾਟ ਬਹੁਤ ਵਧ ਗਈ ਹੈ । ਹੇ ਬਿਧਾਤਾ ! ਉਸ ਕਰਕੇ ਬੜਾ ਭਾਰਾ ਕਸ਼ਟ ਹੋ ਰਿਹਾ ਹੈ, [ਕਿਉਂਕਿ ਉਸ ਸ਼ੋਕ ਅਗਨੀ ਦੀ 'ਦਾਹ ਸ਼ਕਤੀ' ਜੋ 'ਮੋਹ' ਹੈ ਉਹ] ਮੋਹ ਮੇਰੇ ਹਿਰਦੇ ਨੂੰ ਸਾੜ ਰਿਹਾ ਹੈ ॥ ੫ ॥

## ਸਵੈਯਾ ॥

੧. ਯੱਦਪਿ ਕ੍ਰੂਰ ਸੁਭਾਵ ਹੁਤੇ, ਮਮ ਭ੍ਰਾਤ ਚਲੇ ਸੁ ਕੁਪੰਥਨ ਮਾਂਹੀ ॥
੨. ਕਾਮ ਸੁ ਕ੍ਰੋਧ ਤਥਾ ਮਦ ਮਾਨ ਮੁਏ ਸਗਲੇ ਰਣ ਮੰਡਲ ਮਾਂਹੀ ॥

**੩. ਤੱਦਪਿ ਦੂਖ ਕਟੇ ਉਰ ਕੋ ਅਰੁ ਦੇਹ ਸੁਕਾਵਤ ਮੈਂ ਜਗ ਮਾਂਹੀ॥**
**੪. ਸ਼ੋਕ ਦਵਾਨਲ ਜਾਲ ਲਗੀ ਮਮ ਅੰਤਰ ਆਤਮ ਕਾਨਨ ਮਾਂਹੀ॥ ੬॥**

੧. ਭਾਵੇਂ ਮੇਰੇ ਭਰਾ ਖੋਟੇ ਸੁਭਾਵ ਵਾਲੇ ਹੈਗੇ ਸਨ ਅਤੇ ਸਾਰੇ ਹੀ ਪੁਠੇ ਰਾਹਾਂ ਵਿਚ ਚਲਦੇ ਸਨ ਅਤੇ ਮੈਨੂੰ ਸਦਾ ਹੀ ਦੁਖ ਦੇਂਦੇ ਸਨ, ਉਹ। ੨. ਕਾਮ, ਕ੍ਰੋਧ ਅਤੇ ਮਦ ਤੇ ਮਾਨ (ਆਦਿਕ) ਸਾਰੇ ਰਣ ਭੂਮੀ ਵਿਚ ਮਰ ਗਏ ਹਨ ਅਤੇ ਉਨ੍ਹਾਂ ਨੇ ਸੁਰਗਤੀ ਪਾਈ ਹੈ। ੩. ਤਦ ਭੀ (ਉਨ੍ਹਾਂ ਦੇ ਵਿਛੋੜੇ ਦਾ) ਦੁਖ ਮੇਰੇ ਕਲੇਜੇ ਨੂੰ ਚੀਰਦਾ ਜਾ ਰਿਹਾ ਹੈ ਅਤੇ ਜਗਤ ਵਿਚ ਮੇਰੀ ਦੇਹ ਨੂੰ ਸੁਕਾਈ ਜਾਂਦਾ ਹੈ। ੪. ਮੇਰੇ ਅੰਦਰ (ਆਤਮਾ) ਅੰਤਹਕਰਣ ਰੂਪ ਬਨ ਵਿਚ ਸ਼ੋਕ ਰੂਪ ਜੋ ਅਗਨੀ ਦੀ ਲਾਟ ਲਗੀ ਹੋਈ (ਮੈਨੂੰ ਸਾੜਦੀ ਤੁਰੀ ਜਾਂਦੀ ਹੈ ਅਤੇ ਇਕ ਖਿਨ ਭੀ ਸ਼ਾਂਤ ਨਹੀਂ ਹੁੰਦੀ) ॥ ੬ ॥

### ਚੌਪਈ॥

**੧. ਕਰਕੇ ਮਨ ਕੇ ਮਾਂਹਿ ਬਿਚਾਰ ॥ ਸਰਧਾ ਬਹੁਰੋ ਕੀਨ ਉਚਾਰ॥**
**੨. ਬਿਸ਼ਨ ਭਗਤਿ ਉਰ ਪਰਮ ਦਯਾਲ॥ਐਸੇ ਮੋ ਪ੍ਰਤਿ ਕਹਿਓ ਬਿਸਾਲ ॥ ੭॥**

੧. ਆਪਣੇ ਮਨ ਵਿਚ ਇਸ ਤਰ੍ਹਾਂ ਦੀ ਵਿਚਾਰ ਕਰਕੇ ਸਰਧਾ ਫੇਰ ਕਹਿਣ ਲਗੀ। ੨. ਜੋ ਵਿਸ਼ਨੂ ਭਗਤੀ ਹਿਰਦੇ ਵਿਚ ਪਰਮ ਦਿਆਲ ਹੈ, ਉਸ ਨੇ ਮੇਰੇ ਤਾਈਂ ਇਸ ਤਰ੍ਹਾਂ ਦੀ ਬਹੁਤ (ਹੀ ਤਾਕੀਦ ਕਰਕੇ) ਕਿਹਾ ਸੀ ॥ ੭ ॥

ਬਿਸ਼ਨੁ ਭਗਤੀ ਉਵਾਚ ॥

**ਸ਼ੰਕਰ ਛੰਦ—੧. ਇਹ ਠੌਰ ਸੰਘਰ ਹੋਇਗੋ ਭਟ ਕਰੋਂ ਕੁਲ ਕੋ ਨਾਸ॥**
**੨. ਮੈਂ ਹੇਰ ਸਾਕੋਂ ਪਾਪ ਨਹਿ ਮਨ ਭਯੋ ਮੋਹਿ ਉਦਾਸ॥**
**੩. ਅਬ ਛੋਡ ਕੇ ਬਨਾਰਸੀ ਮੈਂ ਸਾਲਗ੍ਰਾਮ ਸੁ ਜਾਉਂ॥**
**੪. ਭਗਵਾਨ ਕੇ ਅਸਥਾਨ ਬਸ ਕਰ ਕਾਲ ਤਾਂਹਿ ਬਿਤਾਉਂ ॥ ੮ ॥**

ਬਿਸ਼ਨੁ ਭਗਤੀ ਨੇ ਮੈਨੂੰ ਕਿਹਾ ਸੀ—ਹੇ ਸਰਧੇ ! ੧. ਇਸ ਜਗ੍ਹਾ ਉਤੇ ਜੰਗ ਹੋਵੇਗਾ, (ਜਿਸ ਜੁਧ ਵਿਚ) ਸੂਰਮੇ ਆਪਣੀ ਕੁਲ ਨੂੰ ਨਾਸ ਕਰਨਗੇ। ੨. ਮੈਂ ਉਸ ਪਾਪ ਨੂੰ ਵੇਖ ਨਹੀਂ ਸਕਦੀ, ਇਸ ਲਈ ਮੇਰਾ ਮਨ ਇਥੋਂ ਦੇ ਵਸੇਬੇ ਤੋਂ ਉਦਾਸ ਹੋ ਗਿਆ ਹੈ। ੩. ਹੁਣ ਮੈਂ ਇਸ ਕਾਂਸ਼ੀ ਪੁਰੀ ਨੂੰ ਛਡ ਕੇ ਸਾਲਗ੍ਰਾਮ ਪ੍ਰਭੂ (ਕੋਲ ਗੰਡਕੀ ਤੀਰਥ ਉਤੇ) ਜਾਂਦੀ ਹਾਂ। ੪. ਸ੍ਰੀ ਠਾਕੁਰ ਜੀ ਦੇ (ਜਨਮ) ਸਥਾਨ ਵਸ ਕੇ, ਆਪਣੀ ਜ਼ਿੰਦਗੀ ਦਾ ਸਮਾਂ ਉਥੇ ਹੀ ਬਿਤਾਵਾਂਗੀ ॥ ੮ ॥

**ਦੋਹਰਾ—੧. ਸਰਧੇ ਜੁਤ ਬਿਰਤਾਂਤ ਸਭ ਕਰੀ ਨਿਵੇਦਨ ਆਇ॥**
**੨, ਸੋ ਮੈਂ ਸਗਲੋ ਤਾਂਹਿ ਢਿਗ ਕਰੋਂ ਨਿਵੇਦਨ ਜਾਇ ॥ ੯॥**

੧. ਹੇ ਸਰਧਾ ! (ਉਸ ਜੰਗ ਦਾ) ਸਾਰਾ ਬ੍ਰਿਤਾਂਤ (ਵਿਸਥਾਰ) ਸਹਿਤ ਲਿਆ ਕੇ ਮੈਨੂੰ ਨਿਵੇਦਨ (ਭੇਟ) ਕਰ ਦੇਈਂ। ੨. ਇਸ ਲਈ ਉਹ ਸਾਰਾ ਬਿਰਤਾਂਤ (ਲਿਜਾ ਕੇ) ਉਸ ਦੇ ਕੋਲ ਭੇਟ ਕਰ ਦੇਵਾਂ ਅਰਥਾਤ ਜਿਸ ਤਰ੍ਹਾਂ ਜੰਗ ਹੋਇਆ ਤੇ ਉਸ ਦਾ ਸਿੱਟਾ ਕੀ ਹੋਇਆ ਹੈ ? ਇਹ ਸਭ ਵਿਸਥਾਰ ਨਾਲ ਉਸ ਨੂੰ ਜਾ ਕੇ ਸੁਣਾ ਦੇਵਾਂ ॥ ੯ ॥

## ਭੁਯੰਗ ਪ੍ਰਯਾਤ ਛੰਦ ॥

**੧. ਤਹਾਂ ਬੇਗ ਸਰਧਾ ਸੁ ਨੀਕੇ ਸਿਧਾਈ ॥ ਪਿਖੇ ਤੀਰਥੰ ਗੰਡਕੰ ਪਾਵਨਾਈ ॥**
**੨. ਜਹਾਂ ਆਪ ਦੇਵੇ ਸਦਾ ਵਾਸ ਧਾਰੇ ॥ ਸੁ ਸੰਸਾਰ ਸਿੰਧੰ ਜਨੰ ਪਾਰੁਤਾਰੇ॥੧੦॥**

੧. ਇਸ ਤਰ੍ਹਾਂ ਕਹਿ ਕੇ, ਸਰਧਾ ਬੜੀ ਕਾਹਲੀ ਨਾਲ ਭਲੀ ਪ੍ਰਕਾਰ ਉਧਰ ਨੂੰ ਤੁਰ ਪਈ, ਉਸ ਨੇ ਜਾ ਕੇ ਬੜੇ ਪਵਿਤ੍ਰ ਗੰਡਕੀ ਤੀਰਥ ਨੂੰ ਵੇਖ ਲਿਆ। ੨. ਜਿਥੇ (ਉਹ) ਪ੍ਰਮਾਤਮ ਦੇਵ ਸਦਾ ਹੀ ਆਪ ਨਿਵਾਸ ਰਖਦਾ ਹੈ, ਜੋ ਸੰਸਾਰ ਸਮੁੰਦਰ ਤੋਂ ਭਗਤ ਜਨਾਂ ਨੂੰ ਪਾਰ ਉਤਾਰਦਾ ਹੈ ॥ ੧੦ ॥

**੧. ਕਰੀ ਬੰਦਨਾ ਠੌਰ ਨੀਕੇ ਨਿਹਾਰੀ॥ਏਹੀ ਬਿਸ਼ਨੁ ਭਗਤੀ ਜਨੰ ਮੋਖ ਕਾਰੀ ॥**
**੨. ਮਿਲੀ ਸ਼ਾਂਤਿ ਸੰਗੰ ਕਛੂ ਸੋ ਬਿਚਾਰੇ॥ਚਲੋਂ ਯਾ ਸਮੀਪੰ ਕਹੋ ਸਰਬ ਸਾਰੇ॥੧੧॥**

੧. ਉਸ ਚੰਗੀ ਜਗ੍ਹਾ ਨੂੰ ਵੇਖ ਕੇ (ਸਰਧਾ ਨੇ ਉਥੇ) ਨਮਸਕਾਰ ਕੀਤੀ ਅਤੇ ਕਿਹਾ ਪੁਰਖਾਂ ਦੀ ਮੁਕਤਿ ਕਰਨ ਵਾਲੀ ਵਿਸ਼ਨੁ ਭਗਤੀ ਇਹ ਬੈਠੀ ਹੈ। ੨. ਜੋ ਸ਼ਾਂਤੀ ਨਾਲ ਮਿਲ ਕੇ ਕੁਝ ਵਿਚਾਰ ਕਰ ਰਹੀ ਹੈ, ਇਸ ਦੇ ਕੋਲ ਜਾਵਾਂ ਅਤੇ ਸਾਰੀ (ਸਾਰੇ) ਖਬਰ ਕਹਿ ਦੇਵਾਂ ॥ ੧੧ ॥

**ਦੋਹਰਾ—੧. ਬਿਸ਼ਨਭਗਤਿ ਅਰੁ ਸ਼ਾਂਤਿ ਪੁਰ ਬਰੀ ਸਭਾਮਹਿ ਆਇ ॥**
**੨. ਬਿਸ਼ਨ ਭਗਤਿ ਕੇ ਕਹੇਗੀ ਸ਼ਾਂਤਿ ਸੁ ਕਛੂ ਸੁਨਾਇ ॥ ੧੨ ॥**

(ਉਧਰ ਸਰਧਾ ਤਾਂ ਆਪਣੇ ਮਨ ਵਿਚ ਇਸ ਤਰ੍ਹਾਂ ਦੀ ਵਿਚਾਰ ਕਰ ਰਹੀ ਸੀ, ਇਧਰ ੧. ਵਿਸ਼ਨੁ ਭਗਤੀ ਤੇ ਸ਼ਾਂਤੀ (ਇਨ੍ਹਾਂ ਦੋਹਾਂ ਨੇ ਰਾਜੇ ਕੀਰਤ ਵਰਮਾ ਦੀ) ਸਭਾ ਵਿਚ ਪ੍ਰਵੇਸ਼ ਕਰ ਲਿਆ। ੨. ਵਿਸ਼ਨੁ ਭਗਤੀ ਦੇ ਕੋਲ ਸ਼ਾਂਤੀ ਕੋਈ ਸਮਾਚਾਰ ਕਹਿ ਸੁਣਾਏਗੀ ॥ ੧੨ ॥

ਸ਼ਾਂਤਿ ਉਵਾਚ ॥

**ਦੋਹਰਾ—੧. ਦੇਵੀ ਤੋਕੋ ਮੈਂ ਪਿਖੋਂ, ਚਿੰਤਾਕੁਲ ਉਰ ਮਾਂਹਿ ॥**
**੨. ਬਿਸ਼ਨੁ ਭਗਤਿ ਮੋਕੋ ਕਹੋ, ਕੌਨ ਹੇਤੁ ਮਨ ਮਾਂਹਿ ॥ ੧੩ ॥**

ਚਿੰਤਾਕੁਲ=(ਚਿੰਤਾ+ਆਕੁਲ) ਚਿੰਤਾ ਨਾਲ ਦੁਖੀ, ਗਮਗੀਨ।

ਸ਼ਾਂਤੀ ਨੇ ਕਿਹਾ—੧. ਦੇਵੀ ! ਮੈਂ ਤੈਨੂੰ (ਐਸਾ) ਵੇਖਦੀ ਹਾਂ (ਕਿ ਤੇਰੇ) ਹਿਰਦੇ ਵਿਚ ਚਿੰਤਾ ਦਾ ਦੁਖ ਹੋ ਰਿਹਾ ਹੈ। ੨. ਹੇ ਵਿਸ਼ਨੁ ਭਗਤੀ ! ਮੈਨੂੰ ਦਸ, ਮਨ ਵਿਚ (ਇਸ ਤਰ੍ਹਾਂ ਦੀ ਚਿੰਤਾ ਕਰਨ ਦਾ) ਕਾਰਨ ਕੀ ਹੈ ? ॥ ੧੩ ॥

ਬਿਸ਼ਨੁ ਭਗਤੀ ਉਵਾਚ ॥

## ਸਵੈਯਾ ॥

**੧. ਵਤਸੇ ਸੁ ਬਨਾਰਸ ਮਾਹਿ ਮਹਾਂ ਰਣ ਹੋਵੰਤ ਮੋਹ ਬਿਬੇਕਹ ਕੇਰੋ ॥**
**੨. ਜਿਹ ਠੌਰ ਸੁ ਬੀਰ ਅਨੇਕ ਮਰੇ ਸੁ ਮਨੋ ਜਮ ਰਾਜ ਕਰੇ ਸੁ ਨਿਬੇਰੋ ॥**
**੩. ਤਹ ਮੋਹ ਬਲੀ ਸਹਿ ਬਾਲ ਬਿਬੇਕ ਭਿਰੇ ਰਨ ਮੈਂ ਬਹੁ ਭਾਂਤ ਘਨੇਰੋ ॥**
**੪. ਨਹਿ ਜਾਨਤਿ ਤਾਂ ਗਤਿ ਕੌਨ ਭਈ ਇਹ ਕਾਰਣ ਤੇ ਉਰ ਕੰਪਤ ਮੇਰੋ॥੧੪॥**

ਵਤਸੇ=ਹੇ ਪਿਆਰੀ ! ਸਹਿ=ਸਾਥ। ਕੰਪਤ=ਕੰਬਦਾ ਹੈ।

Sri Satguru Jagjit Singh Ji Elibrary NamdhariElibrary@gmail.com

ਵਿਸ਼ਨੁ ਭਗਤੀ ਨੇ ਕਿਹਾ—੧. ਹੇ ਪਿਆਰੀ ਸ਼ਾਂਤੀ ! ਕਾਂਸ਼ੀ ਪੁਰੀ ਵਿਚ ਮੋਹ ਅਤੇ ਬਿਬੇਕ ਦਾ ਬੜਾ ਭਾਰਾ ਜੁਧ ਹੋ ਰਿਹਾ ਹੈ। ੨. ਇਸ ਜੰਗ ਉਤੇ ਅਨੇਕਾਂ ਸੂਰਮੇ ਮਰ ਗਏ ਹਨ, (ਉਸ ਜੰਗ ਨੂੰ ਵੇਖਕੇ ਅਨੁਮਾਨ ਹੁੰਦਾ ਹੈ) ਮਾਨੋ ਯਮ ਰਾਜਾ ਅਜੇ ਹੀ ਸਾਰੇ ਸੰਸਾਰ ਦਾ ਖਾਤਮਾ ਕਰ ਦੇਣਾ ਚਾਹੁੰਦਾ ਹੈ। ੩. ਉਥੇ ਮੋਹ ਬੜਾ ਬਲਵਾਨ ਹੈ, ਉਸ ਦੇ ਨਾਲ ਬਾਲ ਉਮਰਾ ਵਾਲਾ ਬਿਬੇਕ ਬਹੁਤ ਤਰ੍ਹਾਂ ਕਰਕੇ ਘਣਾਂ ਹੀ ਲੜ ਰਿਹਾ ਹੈ। ੪. ਮੈਂ ਨਹੀਂ ਜਾਣਦੀ ਕਿ ਉਸ ਬਿਬੇਕ ਦੀ ਕੀ ਹਾਲਤ ਹੋਈ ਹੈ, (ਕਿਉਂਕਿ ਮੋਹ ਤਾਂ ਪੂਰਾ ੨ ਬਲਵਾਨ ਹੈ ਅਤੇ ਬਿਬੇਕ ਵਿਚਾਰਾ ਅਜੇ ਛੋਟਾ ਜਿਹਾ ਬਾਲਕ ਹੈ, ਇਹ ਮੁਕਾਬਲਾ ਕਰਨ ਦੇ ਯੋਗ ਕਿਸੇ ਤਰ੍ਹਾਂ ਭੀ ਨਹੀਂ ਹੈ) ਇਸੇ ਕਾਰਨ ਕਰਕੇ ਮੇਰਾ ਕਲੇਜਾ ਕੰਬ ਰਿਹਾ ਹੈ ॥ ੧੪ ॥

**ਦੋਹਰਾ—੧. ਕਹਯੋ ਸ਼ਾਂਤਿ ਕਹਿ ਚਿੰਤ ਹੈ ਤੋਹਿ ਕ੍ਰਿਪਾ ਜਬ ਹੋਇ ॥**
**੨. ਤਬ ਬਿਬੇਕ ਜੀਤੇ ਸਹੀ ਮੈਂ ਜਾਨੋ ਯਹਿ ਲੋਇ ॥ ੧੫ ॥**

੧. ਸ਼ਾਂਤੀ ਨੇ ਕਿਹਾ--ਇਸ ਗੱਲ ਦੀ ਕੀ ਚਿੰਤਾ ਹੈ ? ਜਦ ਬਿਬੇਕ ਉਤੇ ਤੇਰੀ ਕ੍ਰਿਪਾ ਹੋਵੇ। ੨. ਮੈਂ ਇਹ ਗੱਲ ਨਿਸਚੇ ਯੁਤ ਜਾਣਦੀ ਹਾਂ, ਤਦ ਇਸ ਜਗਤ ਵਿਚ ਬਿਬੇਕ ਜ਼ਰੂਰ ਹੀ ਰਣ ਨੂੰ ਜਿਤੇਗਾ ਕਿਉਂਕਿ ਜਿਸ ਉਤੇ ਤੇਰੀ ਸਾਧਾਰਨ ਨਿਗਾਹ ਹੁੰਦੀ ਹੈ, ਉਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ ਫਿਰ ਬਿਬੇਕ ਉਤੇ ਤਾਂ ਤੇਰੀ ਖਾਸ ਕ੍ਰਿਪਾ ਹੈ ॥ ੧੫ ॥

**ਦੋਹਰਾ—੧. ਯਦਪਿ ਵਤਸੇ ਏਵ ਹੈ ਸੰਤਨ ਕੇ ਕਲਜਾਨ ॥**
**੨. ਜਾਪਤ ਹੈ ਅਨੁਮਾਨ ਤੇ ਤੱਦਪਿ ਸ਼ੰਕ ਮਹਾਨ ॥ ੧੬ ॥**

੧. ਹੇ ਪਿਆਰੀ ਸ਼ਾਂਤੀ ! ਭਾਵੇਂ ਇਸੇ ਤਰ੍ਹਾਂ ਹੀ ਹੈ (ਕਿ) ਸੰਤਾਂ ਨੂੰ ਸਦਾ ਹੀ ਸੁਖ ਹੈ ਅਤੇ ੨. ਅਨੁਮਾਨ ਤੋਂ ਇਹ ਗੱਲ ਜਾਣੀ ਜਾਂਦੀ ਹੈ, ਪਰ ਤਦ ਭੀ ਸ਼ੰਕਾ ਬੜੀ ਭਾਰੀ ਹੋ ਰਹੀ ਹੈ ॥ ੧੬ ॥

**ਦੋਹਰਾ--੧. ਅਬ ਲੌ ਸਰਧਾ ਨਹਿ ਅਈ ਸਮਾਚਾਰ ਲੈ ਪਾਹਿ ॥**
**੨. ਯਾਤੇ ਪੁਤ੍ਰੀ ਮਨ ਬਿਖੇ ਬਡੋ ਸੰਦੇਹ ਸੁ ਆਹਿ ॥ ੧੭ ॥**

੧. ਸਰਧਾ (ਉਸ ਜੰਗ ਦਾ ਸਮਾਚਾਰ ਲੈ ਕੇ ਹੁਣ ਤਕ ਮੇਰੇ ਕੋਲ ਨਹੀਂ ਆਈ। ੨. ਇਸ ਕਰਕੇ ਹੇ ਪੁਤ੍ਰੀ ਸ਼ਾਂਤੀ ! ਮੇਰੇ ਮਨ ਵਿਚ ਵਡਾ ਭਾਰਾ ਸੰਦੇਹ ਹੋ ਰਿਹਾ ਹੈ ॥ ੧੭ ॥

**ਦੋਹਰਾ—੧. ਤਾਂਹਿ ਸਮੇ ਸਰਧਾ ਅਈ, ਲਾਗੀ ਕਰਨ ਉਚਾਰ ॥**
**੨. ਬਿਸ਼ਨੁ ਭਗਤਿ ਮੋਕੇ ਮਿਲੋ, ਪੁਤ੍ਰੀ ਭੁਜਾ ਪਸਾਰ ॥ ੧੮ ॥**

੧. ਉਸ ਵੇਲੇ ਸਰਧਾ ਸਟੇਜ ਉਤੇ ਆ ਗਈ ਅਤੇ ਇਸ ਤਰ੍ਹਾਂ ਕਹਿਣ ਲਗੀ--੨. ਹੇ ਪੁਤ੍ਰੀ ਬਿਸ਼ਨੁ ਭਗਤੀ ! ਮੈਨੂੰ ਬਾਹਵਾਂ ਪਸਾਰ ਕੇ ਮਿਲ ਅਰਥਾਤ ਮੈਨੂੰ ਗਲਵਕੜੀ ਪਾ ਕੇ ਮਿਲ ॥ ੧੮ ॥

**ਦੋਹਰਾ—੧. ਬਿਸ਼ਨੁ ਭਗਤਿ ਸਰਧਾ ਕਹਯੋ ਸੁਖ ਸੋਂ ਆਈ ਮਾਇ ॥**
**੨. ਸਰਧਾ ਕਹਯੋ ਪ੍ਰਸਾਦ ਤਵ, ਕਹਿ ਕਲੇਸ਼ ਜਨ ਪਾਇ ॥ ੧੯ ॥**

(ਉਸ ਵੇਲੇ ਹੀ) ੧. ਵਿਸ਼ਨੁ ਭਗਤੀ ਸਰਧਾ ਨੂੰ ਜਫੀ ਪਾ ਕੇ. ਮਿਲੀ ਅਤੇ ਫੇਰ ਕਿਹਾ—ਹੇ ਮਾਤਾ ! ਸੁਖ ਨਾਲ ਆਈ ਹੈਂ ? ੨. ਸਰਧਾ ਨੇ ਉਤਰ ਵਿਚ ਕਿਹਾ—ਤੇਰੀ ਕ੍ਰਿਪਾ ਹੋ ਜਾਵੇ, (ਤਾਂ ਫੇਰ) ਪੁਰਸ਼ ਕਲੇਸ਼ ਕਿਵੇਂ ਪਾਏਗਾ ? ਅਰਥਾਤ ਜਿਸ ਉਤੇ ਤੇਰੀ ਕ੍ਰਿਪਾ ਹੋਈ ਹੈ,ਉਹ ਪੁਰਸ਼ ਕਦੇ ਭੀ ਦੁਖ ਨਹੀਂ ਪਾ ਸਕਦਾ।੧੯।

**ਦੋਹਰਾ—੧. ਕਹਯੋ ਸ਼ਾਂਤਿ ਕਰ ਜੋਰ ਤਬ, ਅੰਬ ਨਮੋ ਪਦ ਬਾਰ ॥**

**੨. ਸਰਧਾ ਕਹਯੋ ਸੁ ਗਲ ਮਿਲੋ, ਪੁਤ੍ਰੀ ਭੁਜਾ ਪਸਾਰ ॥ ੨੦ ॥**

ਅੰਬ=ਅੰਬਾ, ਅੰਮਾ, ਮਾਤਾ।

੧. ਉਸ ਵੇਲੇ ਸ਼ਾਂਤੀ ਨੇ ਕਿਹਾ–ਹੇ ਮਾਤਾ ਸਰਧਾ ! ਮੈਂ ਤੇਰੇ ਚਰਨਾਂ ਉਤੇ ਨਮਸਕਾਰ ਕਰਦੀ ਹਾਂ। ੨. ਅਗੋਂ ਸਰਧਾ ਨੇ ਉਸ ਨੂੰ ਕਿਹਾ—ਹੇ ਪੁਤ੍ਰੀ ਸ਼ਾਂਤੀ ! ਜਫੀ ਪਾ ਕੇ ਮੈਨੂੰ ਗਲ ਲਗ ਕੇ ਮਿਲ ॥ ੨੦ ॥

**ਦੋਹਰਾ–੧. ਸ਼ਾਂਤਿ ਮਿਲੀ ਗਲ ਮੈ ਤਬੈ, ਭਯਿਓ ਅਨੰਦ ਨ੍ਰਿਤਾਂਤ ॥**

**੨. ਬਿਸ਼ਨੁ ਭਗਤਿ ਬੋਲੀ ਤਬੈ, ਸਰਧੇ ਕਹਹੁ ਬ੍ਰਿਤਾਂਤ ॥ ੨੧ ॥**

ਨ੍ਰਿਤਾਂਤ=ਅਤਸ਼ੈ ਕਰਕੇ, ਬਹੁਤ ਭਾਰਾ।

੧. ਜਦ ਸ਼ਾਂਤੀ ਸਰਧਾ ਦੇ ਗਲ ਲਗ ਕੇ ਮਿਲੀ, ਤਦ (ਦੋਹਾਂ ਨੂੰ ਹੀ) ਬੜਾ ਭਾਰਾ ਅਨੰਦ ਪ੍ਰਾਪਤ ਹੋਇਆ। ੨. ਉਸ ਵੇਲੇ ਵਿਸ਼ਨੁ ਭਗਤੀ ਨੇ ਕਿਹਾ–ਹੇ ਸਰਧਾ ! ਜੁਧ ਦਾ ਸਾਰਾ ਬ੍ਰਿਤਾਂਤ ਤੂੰ ਮੈਨੂੰ ਦਸ ਦੇਹ ॥ ੨੧ ॥

**ਦੋਹਰਾ–੧. ਦੇਵੀ ਤੇ ਪ੍ਰਤਿਕੂਲ ਕੋ ਜੋ ਕਛੁ ਲਾਇਕ ਹੋਇ ॥**

**੨. ਸੋ ਬ੍ਰਿਤਾਂਤ ਉਹਾਂ ਭਯੋ ਔਰ ਨ ਜਾਨੇ ਕੋਇ ॥ ੨੨ ॥**

ਤੇ=ਤੇਰੇ। ਪ੍ਰਤਿਕੂਲ=ਉਲਟ ਰਹਿਣ ਵਾਲੇ, ਵੈਰੀ।

੧. ਸਰਧਾ ਨੇ ਕਿਹਾ–ਹੇ ਦੇਵੀ ! ਤੇਰੇ ਵੈਰੀਆਂ ਦੇ ਲਾਇਕ ਜੋ ਕੁਝ ਹੋਣਾ ਚਾਹੀਦਾ ਸੀ। ੨. ਓਹੀ ਬ੍ਰਿਤਾਂਤ ਉਥੇ ਹੋਇਆ ਹੈ, [ਇਸ ਤੋਂ ਵਧ ਮੈਂ] ਹੋਰ ਕੋਈ ਗੱਲ ਨਹੀਂ ਜਾਣਦੀ ॥ ੨੨ ॥

**ਦੋਹਰਾ–੧. ਬਿਸ਼ਨੁ ਭਗਤਿ ਪੁਨ ਤਿਹ ਕਹਯੋ ਮੋਕੋ ਕਹਿ ਬਿਸਥਾਰ ॥**

**੨. ਗੁਲਾਬ ਸਿੰਘ ਸਰਧਾ ਤਹਾਂ ਲਾਗੀ ਕਰਨ ਉਚਾਰ ॥ ੨੩ ॥**

੧. ਵਿਸ਼ਨੁ ਭਗਤੀ ਨੇ ਉਸਨੂੰ ਫੇਰ ਕਿਹਾ–੧. [ਸਾਰੀ ਗਲ] ਵਿਸਥਾਰ ਕਰਕੇ ਮੈਨੂੰ ਦਸ। ੨. ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਤਦ ਫਿਰ ਸਰਧਾ [ਇਸ ਤਰ੍ਹਾਂ] ਕਥਨ ਕਰਨ ਲਗੀ ॥ ੨੩ ॥

ਸਰਧਾ ਉਵਾਚ ॥

**ਸਵੈਯਾ ॥**

**੧. ਭਾਗਵਤੀ ਸੁਨ ਤੂੰ ਜਬ ਹੀ ਤਹ ਕੇ ਸ਼ਿਵ ਮੰਦਰ ਤੇ ਨਿਕਸਾਈ ॥**
**੨. ਪ੍ਰਾਤ ਭਯੋ ਪੁਨ ਤਾਂਹਿ ਸਮੇ ਰਸਮੀ ਰਵਿ ਕੋਮਲ ਜੋ ਨਿਸਰਾਈ ॥**
**੩. ਦੁੰਦਭਿ ਭੇਰਿ ਨਿਸ਼ਾਨ ਬਜੇ ਸੁ ਪ੍ਰਲੈ ਘਨ ਕੀ ਧੁਨਿ ਤਾਂਹਿ ਲਜਾਈ ॥**
**੪. ਬੀਰ ਸੁ ਸਿੰਘ ਸਮਾਨ ਗਜੇ ਵਰਤੀ ਮੁਖ ਕਾਤਰ ਕੇ ਪਿਯਰਾਈ ॥ ੨੪ ॥**

ਰਸਮੀ=ਰਿਸ਼ਮਾਂ, ਕਿਰਨਾਂ। ਨਿਸ਼ਾਨ=ਧੌਂਸੇ। ਦੁੰਦਭਿ=ਨਗਾਰੇ। ਪਿਯਰਾਈ=ਪਿਲਤਨ।

ਸਰਧਾ ਕਹਿਣ ਲਗੀ–੧. ਹੇ ਭਾਗਾਂ ਵਾਲੀਏ ! ਸੁਣ, ਜਦੋਂ ਹੀ ਤੂੰ ਉਸ ਸ਼ਿਵ ਮੰਦਰ ਤੋਂ ਨਿਕਲ ਕੇ ਚਲੀ ਆਈਓਂ। ੨. ਫਿਰ ਪ੍ਰਾਤਾਕਾਲ ਹੋਇਆ, ਉਸ ਵੇਲੇ ਜਦ ਕਿ ਸੂਰਜ ਦੀਆਂ ਕੋਮਲ ਕਿਰਨਾਂ ਚਾਰ ਚੁਫੇਰੇ ਪਸਰ [ਖਿਲਰ ਜਾਂ ਫੈਲ] ਗਈਆਂ। ੩. ਤਦ ਨਗਾਰੇ, ਭੇਰੀਆਂ ਤੇ ਧੌਂਸੇ [ਮਾਰੂ ਦੀ ਸੁਰ ਵਿਚ] ਵਜਣੇ ਸ਼ੁਰੂ ਹੋ ਗਏ, ਉਹਨਾਂ ਦੀ ਅਵਾਜ਼ ਅਗੇ ਪ੍ਰਲੈ ਕਾਲ ਦੇ ਬਦਲਾਂ ਦੀ ਗੜਗੱਜ ਭੀ ਸ਼ਰਮਿੰਦੀ ਹੁੰਦੀ ਸੀ। ੪. ਉਹਨਾਂ ਦੀ ਅਵਾਜ਼ ਸੁਣ ਕੇ ਬਹਾਦਰ ਜੋਧੇ ਤਾਂ ਸ਼ੇਰਾਂ ਵਾਂਗੂੰ ਭਬਕਣ ਲਗ ਪਏ ਅਤੇ ਕਾਇਰਾਂ ਦੇ ਮੂੰਹਾਂ ਉਤੇ ਪਿਲਤਨ ਛਾ ਗਈ ॥ ੨੪ ॥

Sri Satguru Jagjit Singh Ji Elibrary NamdhariElibrary@gmail.com

**ਸਵੈਯਾ ॥**

**੧. ਖੁਰ ਵਾਜਿਨ ਔ ਰਥ ਨੇਮਿ ਦਲੀ ਧਰ ਚੂਰਨ ਧੂਰ ਅਕਾਸ਼ ਉਡਾਈ ॥**
**੨. ਧਰਿ ਜਾਨ ਬਿਰੰਚਿ ਸੁ ਲੋਕ ਚਲੀ, ਨਹ ਜਾਨ ਪਰੇ ਰਵਿ ਲੀਨ ਛਪਾਈ ॥**
**੩. ਗਜ ਕੁੰਭ ਸੰਧੂਰ ਸੁ ਭੂਰ ਸਜੇ, ਤਿਨ ਕੀ ਇਹ ਭਾਂਤ ਸੁ ਕੋਰ ਬਨਾਈ ॥**
**੪. ਜਨੁ ਸਾਂਝ ਸਮੇ ਦਿਗ ਪੰਛਮ ਤੇ, ਯਹਿ ਲਾਲ ਘਟਾ ਉਮਡੀ ਅਧਕਾਈ॥੨੫॥**

ਵਾਜਿਨ=ਘੋੜਿਆਂ। ਨੇਮਿ=ਪੱਹੀਏ। ਬਿਰੰਚਿ=ਬ੍ਰਹਮਾ ਦੇ। ਕੁੰਭ=ਮਥੇ। ਕੋਰ=ਕਤਾਰ।

੧. ਘੋੜਿਆਂ ਦੇ ਖੁਰਾਂ ਤੇ ਰਥਾਂ ਦੇ ਪੱਹੀਆਂ ਨਾਲ ਧਰਤੀ ਪੀਸੀ ਜਾਕੇ ਚੂਰਣ (ਜਿਹੀ ਹੋ ਗਈ ਅਤੇ ਉਹ) ਧੂੜੀ ਅਕਾਸ਼ ਵਲ ਨੂੰ ਉਡ ਗਈ। ੨. ਇਹੋ ਮਲੂਮ ਹੁੰਦਾ ਸੀ ਕਿ ਧਰਤੀ ਦੇ ਲੋਕ ਨੂੰ ਤੁਰ ਚਲੀ ਹੈ ਉਸ ਨੇ ਜਾਕੇ ਸੂਰਜ ਨੂੰ ਛਪਾ ਲਿਆ (ਜੋ ਕਿਤੇ) ਮਲੂਮ ਹੀ ਨਹੀਂ ਪੈਂਦਾ ਸੀ। ੩. ਜਿਨ੍ਹਾਂ ਹਾਥੀਆਂ ਦੇ ਮਥੇ ਸੰਧੂਰ ਨਾਲ ਬਹੁਤ ਸਜਾਏ ਹੋਏ ਸਨ, ਉਨ੍ਹਾਂ (ਹਾਥੀਆਂ ਦੀ) ਕਤਾਰ ਇਸ ਤਰ੍ਹਾਂ ਨਾਲ ਬਣਾ ਕੇ ਖੜੀ ਕਰ ਦਿਤੀ। ੪. ਸੰਧਯਾ ਦੇ ਸਮੇਂ ਇਸ ਤਰ੍ਹਾਂ ਜਾਣੀ ਜਾਂਦੀ ਸੀ, ਪੱਛਮ ਦਿਸ਼ਾ ਤੋਂ ਇਹ ਲਾਲ ਰੰਗ ਦੇ ਬਦਲਾਂ ਦੀ ਬੜੀ ਘਟਾ ਉਮਡ ਕੇ ਚੜ੍ਹ ਆਈ ਹੈ ॥ ੨੫ ॥

**ਕਬਿੱਤ–੧. ਆਪਨੀ ਪਰਾਈ ਮਿਲ ਆਈ ਸੇਨ ਦੋਊ ਜਬ,**
**ਗਜੇ ਬੀਰ ਐਸੇ ਜਨ ਪ੍ਰਲੈ ਘਨ ਆਏ ਹੈਂ ॥**
**੨. ਭੇਦ ਕੇ ਬੇਲ ਮਾਨੋ ਲੋਗਨ ਕੇ ਖੇਦ ਹਿਤ,**
**ਪੱਛਮ ਸੁ ਪੂਰਬ ਕੇ ਸਿੰਧ ਉਛਲਾਏ ਹੈਂ ॥**
**੩. ਰਾਜਿਨ ਕੇ ਰਾਇ ਸੁ ਬਿਬੇਕ ਯੋ ਠਹਰਾਇ ਮਨ,**
**ਦਰਸਨ ਨਿਯਾਇ ਕੋ ਦੂਤ ਕੇ ਪਠਾਏ ਹੈਂ ॥**
**੪. ਜੈਸੇ ਰਾਮ ਚੰਦ ਸੁਤ ਬਾਲਿ ਕੋ ਪਠਾਏ ਤਿਨ,**
**ਜਾਇ ਮਹਾਂ ਮੋਹੁ ਕੋ ਵਾਕ ਯੌਂ ਸੁਨਾਏ ਹੈਂ ॥ ੨੬ ॥**

ਆਪਣੀ=ਬਿਬੇਕ ਦੀ। ਪਰਾਈ=ਮਹਾਂ ਮੋਹ ਦੀ। ਭੇਦ ਕੇ=ਤੋੜ ਕੇ। ਬੇਲ=ਕਿਨਾਰੇ, ਕੰਢੇ। ਦਰਸਨ ਨਿਯਾਇਕ=ਨਯਾਯ ਸ਼ਾਸਤ੍ਰ। ਦੂਤ ਕੈ=ਵਕੀਲ ਬਣਾਕੇ। ਸੁਤ ਬਾਲਿਕੇ=ਬਾਲੀ ਦੇ ਪੁਤ੍ਰ-ਅੰਗਦ।

੧. ਜਦੋਂ ਆਪਣੀ ਤੇ ਵੈਰੀ ਦੀ, ਦੋਵੇਂ ਫੌਜਾਂ ਕੱਠੀਆਂ ਹੋ ਕੇ ਆ ਗਈਆਂ, ਤਦ ਰਣ ਭੂਮੀ ਵਿਚ ਸੂਰਮੇ ਇਸ ਤਰ੍ਹਾਂ ਗੱਜਨ ਲਗੇ, (ਮਾਨੋ) ਪਰਲੈ ਕਾਲ ਦੇ ਬੱਦਲ ਗਜਦੇ ਹੋਏ ਆ ਗਏ ਹਨ। ੨. ਜਾਂ, ਲੋਕਾਂ ਨੂੰ ਦੁਖ ਦੇਣ ਦੇ ਵਾਸਤੇ ਪੂਰਬ ਤੇ ਪੱਛਮ ਦਿਸ਼ਾ ਦੇ ਸਮੁੰਦਰ ਆਪਣੇ ਕੰਢਿਆਂ ਨੂੰ ਭੰਨਕੇ, ਉਛਲਦੇ ਹੋਏ ਆਣ ਮਿਲੇ ਹਨ। ੩. ਰਾਜਿਆਂ ਦੇ ਰਾਜੇ ਬਿਬੇਕ ਨੇ ਉਸ ਵੇਲੇ ਆਪਣੇ ਮਨ (ਵਿਚ ਵਿਚਾਰ ਕਰਕੇ ਇਹ) ਨਿਸਚਾ ਕਰ ਲਿਆ (ਕਿ ਮਹਾਂ ਮੋਹ ਨੂੰ ਸਮਝਾਉਣ ਵਾਸਤੇ ਪਹਿਲੇ ਕਿਸੇ ਵਕੀਲ ਨੂੰ ਭੇਜਣਾ ਚਾਹੀਦਾ ਹੈ, ਜੇਕਰ ਉਹ ਸਮਝ ਗਿਆ ਤਦ ਤਾਂ ਜੰਗ ਦੀ ਲੋੜ ਹੀ ਨਾ ਪਏਗੀ,ਪਰ ਜੇ ਨਾ ਸਮਝਿਆ, ਤਦ ਇਸ ਤਰ੍ਹਾਂ ਉਸ ਨੂੰ ਸੋਧ ਲਿਆ ਜਾਏਗਾ, ਇਸ ਲਈ) ਨਯਾਯ ਸ਼ਾਸਤ੍ਰ ਨੂੰ ਵਕੀਲ ਬਣਾ ਕੇ ਉਸ ਦੇ ਕੋਲ ਭੇਜ ਦਿਤਾ।

੪. ਜਿਸ ਤਰ੍ਹਾਂ ਸ੍ਰੀ ਰਾਮ ਚੰਦ੍ਰ ਜੀ ਨੇ ਬਾਲੀ ਦੇ ਪੁਤ੍ਰ-ਅੰਗਦ ਨੂੰ [ਰਾਵਨ ਦੇ ਕੋਲ] ਭੇਜਿਆ ਸੀ, ਉਸ ਨਯਾਯ ਸ਼ਾਸਤ੍ਰ ਨੇ ਜਾਕੇ ਮਹਾਂ ਮੋਹ ਨੂੰ ਇਹ ਬਚਨ ਕਹਿ ਸੁਣਾਏ ॥ ੨੬ ॥ ਕਿ-

**ਸਵੈਯਾ ॥**

**੧. ਤਜਿ ਕੇ ਹਰਿ ਮੰਦਰ ਸੰਤ ਰਿਦੇ, ਸਰਿਤਾ ਤਟ ਪਾਵਨ ਕਾਨਨ ਸਾਰੇ ॥**
**੨. ਤੁਮ ਜਾਇ ਮਲੇਛਨ ਮਾਂਹਿ ਬਸੋ, ਇਹ ਭਾਂਤ ਸੁ ਰਾਇ ਬਿਬੇਕ ਉਚਾਰੇ ॥**
**੩. ਨਹਿ ਜੋ ਪੁਨ ਧਾਰ ਕ੍ਰਿਪਾਣ ਹਤੋਂ, ਸਭ ਅੰਗ ਗਿਰੇਂ ਧਰ ਮਾਂਹਿ ਤੁਮਾਰੇ ॥**
**੪. ਤਬ ਜੰਬੁਕ ਸ਼੍ਰੋਣਤ ਪਾਨ ਕਰੇਂ ਪਲ ਗੀਝ ਚਰੇਂ ਰਣ ਭੂਮਿ ਮਝਾਰੇ ॥੨੭॥**

੧. ਹੇ ਮਹਾਂ ਮੋਹ ਰਾਜਨ ! ਸੁਣੋ, ਹਰਿ ਮੰਦਰ, ਸੰਤਾਂ ਦੇ ਰਿਦੇ, ਨਦੀਆਂ ਦੇ ਕੰਢੇ ਉਪਰਲੇ ਪਵਿਤ੍ਰ ਬਨ [ਅਤੇ ਬਨਾਂ ਵਿਚਲੇ ਗੁਫਾ-ਕੰਦਰਾ ਆਦਿਕ ਇਕਾਂਤ ਸਥਾਨ, ਇਹ] ਸਾਰੇ ਸਥਾਨ ਆਪ ਛੱਡ ਜਾਓ। ੨. ਤੁਸੀਂ ਜਾਕੇ ਮਲੇਛਾਂ ਵਿਚ ਵਾਸ ਕਰੋ, ਇਸ ਤਰ੍ਹਾਂ ਨਾਲ ਬਿਬੇਕ ਰਾਜੇ ਨੇ ਕਿਹਾ ਹੈ। ੩. ਜੇਕਰ ਤੁਸੀਂ ਮੇਰੀ ਇਸ ਸਿਖਿਆ ਨੂੰ ਨਹੀਂ ਮੰਨੋਗੇ, [ਤਦ] ਫਿਰ ਤਲਵਾਰ ਦੀ ਧਾਰ ਨਾਲ ਤੇਰਾ ਨਾਸ ਕਰਾਂਗਾ, ਤੇਰੇ ਸਾਰੇ ਅੰਗ ਪ੍ਰਤਿਅੰਗ ਧਰਤੀ ਉਤੇ ਡਿਗ ਪੈਣਗੇ। ੪. ਤਦ [ਫਿਰ] ਗਿੱਦੜ ਤੇਰੇ ਲਹੂ ਨੂੰ ਖੁਸ਼ ਹੋਕੇ ਪੀਣਗੇ ਅਤੇ ਰਣ ਭੂਮੀ ਵਿਚ [ਤੇਰੇ] [ਪਲ] ਮਾਸ ਨੂੰ ਗਿਰਝ [ਚਰੇਂ] ਖਾਣਗੇ ॥ ੨੭ ॥

ਬਿਸ਼ਨ ਭਗਤੀ ਉਵਾਚ ॥

**ਦੋਹਰਾ-੧. ਮਾਤ ਪਿਆਰੀ ਸਸਿ ਮੁਖੀ ਮ੍ਰਿਗ ਨੈਨੀ ਬਲਿਹਾਰ ॥**
**੨. ਤਿਸਤੇ ਬਹੁਰੋ ਕਥਾ ਭਯਾ ਮੋਕੋ ਕਹੋ ਉਚਾਰ ॥ ੨੮ ॥**

ਬਿਸ਼ਨੁ ਭਗਤੀ ਨੇ ਕਿਹਾ-੧. ਹੇ ਪਿਆਰੀ ਮਾਤਾ ? ਹੇ ਚੰਦ੍ਰਮਾ ਸਮਾਨ ਮੁਖ ਵਾਲੀਏ ! ਹੇ ਹਰਨ ਜਿਹੀਆਂ ਅੱਖਾਂ ਵਾਲੀਏ ! ਮੈਂ ਤੈਥੋਂ ਸਦਕੇ ਜਾਵਾਂ। ੨. ਉਸ ਗੱਲ ਦੇ ਮਗਰੋਂ ਫੇਰ ਕੀ ਹੋਇਆ ਸੀ ? ਸਾਰੀ ਵਿਥਿਆ ਮੈਨੂੰ ਕਥਨ ਕਰਕੇ ਸੁਣਾਓ ॥ ੨੮ ॥

ਸਰਧਾ ਉਵਾਚ ॥

**ਸਵੈਯਾ ॥**

**੧. ਪੁਨ ਮੋਹ ਮਹੀਪ ਸੁਨਯੋ ਜਬ ਹੀ, ਭ੍ਰਿਕੁਟੀ ਭ੍ਰਿਕੁਟੀ ਖਲ ਤਾਂਹਿ ਚਢਾਈ ॥**
**੨. ਅਤਿ ਕ੍ਰੂਰ ਸੁ ਕ੍ਰੋਧ ਮਹਾਨ ਭਯੋ, ਦ੍ਰਿਗ ਲਾਲ ਕਰੇ ਇਹ ਬਾਤ ਅਲਾਈ ॥**
**੩. ਸੁ ਬਿਬੇਕ ਕਰੇ ਦੁਸ਼ਟਾਤਮਤਾ ਫਲ ਯਾਹਿ ਪਿਖੇ ਇਮ ਦੂਤ ਸੁਣਾਈ ॥**
**੪. ਰਣ ਹੇਤੁ ਪਖੰਡ ਕੋ ਆਗਮ ਜੋ, ਖਲ ਮੋਹ ਬਲੀ ਤਬ ਦੀਨ ਪਠਾਈ॥੨੯॥**

ਸਰਧਾ ਕਹਿਣ ਲੱਗੀ (ਹੇ ਦੇਵੀ ! ਨਯਾਯ ਸਾਸਤ੍ਰ ਦੇ ਪਾਸੋਂ ਮੋਹ ਰਾਜੇ ਨੇ ਵਿਵੇਕ ਰਾਜੇ ਦਾ ਇਹ ਸੁਨੇਹਾ) ੧. ਜਦੋਂ ਹੀ ਸੁਣਿਆ, ਉਸ ਮੂਰਖ ਮੋਹ ਰਾਜੇ ਨੇ ਉਸੇ ਵੇਲੇ ਹੀ ਭੱਵਾਂ ਟੇਢੀਆਂ ਚੜ੍ਹਾ ਲਈਆਂ। ੨. ਬੜਾ ਹੀ ਡਰਾਉਣਾ ਰੂਪ ਹੋ ਗਿਆ ਉਸ ਨੂੰ ਕ੍ਰੋਧ ਹੋ ਗਿਆ, ਅੱਖਾਂ ਲਾਲ ਲਾਲ ਕਰਕੇ ਉਸਨੇ ਇਹ ਗੱਲ ਕਹੀ। ੩. ਹੇ ਨਯਾਯ ਦਰਸਨ ਦੂਤ ! ਸੁਣ, ਉਹ ਬਿਬੇਕ (ਮੇਰੇ ਨਾਲ) ਦੁਸ਼ਟਪੁਣਾ ਕਰ ਰਿਹਾ ਹੈ, ਇਸਦਾ ਫਲ ਬਹੁਤ ਬੁਰਾ ਨਿਕਲੇਗਾ, ਆਪੇ ਅੱਖੀਂ ਵੇਖ ਲਏਗਾ (ਮੇਰੀ ਜ਼ਬਾਨੀ ਤੂੰ ਇਹ ਗੱਲ ਉਸਨੂੰ) ਸੁਣਾ ਦੇਈਂ। ੪. ਮੂਰਖ ਮੋਹ ਰਾਜੇ ਨੇ ਜੰਗ ਕਰਨ ਵਾਸਤੇ, ਜੋ 'ਪਖੰਡ ਸ਼ਾਸਤ੍ਰ' (ਨਾਮ ਦਾ) ਸੂਰਬੀਰ (ਸੀ,

Sri Satguru Jagjit Singh Ji Elibrary NamdhariElibrary@gmail.com

ਉਸ) ਉਸੇ ਵੇਲੇ ਹੀ ਭੇਜ ਦਿਤਾ ॥ ੨੯ ॥

**ਛਪੈ ਛੰਦ–੧. ਯਾ ਅਵਸਰ ਪੁਨ ਆਪਨੀ ਸੈਨ ਅਗਾਰੀ ਆਈ ॥**
**੨. ਸ੍ਰੀ ਸਰਸ੍ਵਤੀ ਪਦਮ ਹਾਥ ਸਸਿ ਕਾਂਤਿ ਸੁਹਾਈ ॥**
**੩. ਵੇਦ ਵੇਦਾਂਗ ਪੁਰਾਣ ਧਰਮ ਪੁਨ ਸ਼ਾਸਤ੍ਰ ਸੁ ਜੇਤੇ ॥**
**੪. ਭਾਰਤ ਲੈ ਇਤਿਹਾਸ ਸੰਗ ਮਿਲਿ ਆਏ ਤੇਤੇ ॥**
**੫. ਪਿਖ ਤਾਂ ਪ੍ਰਤਾਪ ਅਰਿ ਸੈਨ ਬਲ ਗਯੋ ਨਿਖਲ ਸਚੁ ਚਾਇ ਅਤਿ ॥**
**੬. ਸੁਨ ਜਿਉਂ ਅਤਿ ਪਾਵਨ ਧਾਰ ਪਿਖਦਿੱਬ ਧੁਨੀ ਜਗਪਾਪਗਤਿ॥੩੦।**

ਪਦਮ=ਕਮਲ। ਕਾਂਤਿ=ਕ੍ਰਾਂਤੀ। ਤੇਜ ਪ੍ਰਤਾਪ। ਵੇਦ=ਰਿਗ, ਯਜੁਰ, ਸਯਾਮ ਤੇ ਅਥਰਬਨ। ਵੇਦਾਂਗ=ਸਿਖਯਾ, ਕਲਪ, ਵਯਾਕਰਣ, ਨਿਰੁਕਤ, ਜੋਤਸ਼ ਤੇ ਪਿੰਗਲ ਇਹ ਛੇ ਵੇਦ ਦੇ ਅੰਗ ਕਹੇ ਜਾਂਦੇ ਹਨ। ਭਾਰਤ=ਮਹਾਂ ਭਾਰਤ, ਬਿਆਸ ਕ੍ਰਿਤ ਅਠਾਰਾਂ ਪੁਰਬ ਰੂਪ ਗ੍ਰੰਥ। ਦਿਬ=ਧੁਨੀ ਗੰਗਾ।

ਜਦ ਨਯਾਯ ਸ਼ਾਸਤ੍ਰ ਆਪਣੀ ਸੈਨਾ ਵਿਚ ਮੁੜ ਆਇਆ ਅਤੇ ਉਸ ਨੇ ਕਹਿ ਦਿਤਾ ਕਿ ਮਹਾਂ ਮੋਹ ਆਪ ਦੀ ਸਿਖਿਆ ਨੂੰ ਨਹੀਂ ਮੰਨਦਾ, ਜੁਧ ਕਰਨ ਲਈ ਤਿਆਰ ਖੜਾ ਹੈ, ਜਦ ਬਿਬੇਕ ਰਾਜੇ ਨੇ ਭੀ ਆਪਣੀ ਸੈਨਾ ਨੂੰ ਜੰਗ ਕਰਨ ਦੀ ਆਗਿਆ ਦੇ ਦਿਤੀ ਜਦ ਜੰਗ ਕਰਨ ਦੀ ਆਗਿਆ ਮਿਲ ਗਈ, ਤਦ ਆਪਣੀ ਸੈਨਾ ਦੇ ਜੋਧਿਆਂ ਨੂੰ ਲਾਲੀ ਚੜ੍ਹ ਗਈ ਅਤੇ–੧. ਉਸ ਵੇਲੇ ਫੇਰ ਆਪਣੀ ਸੈਨਾ (ਜੰਗ ਕਰਨ ਵਾਸਤੇ ਸਭਨਾਂ ਦੇ) ਅਗੇ ਨੂੰ ਨਿਕਲ ਆਈ। ੨. ਸ੍ਰੀ ਸਰਸ੍ਵਤੀ (ਜੀ ਸੈਨਾਪਤੀ ਸਨ, ਜਿਨ੍ਹਾਂ ਦੇ) ਹੱਥ ਵਿਚ 'ਪਦਮ' (ਸ਼ਸਤ੍ਰ ਫੜਿਆ ਹੋਇਆ ਸੀ ਅਤੇ) ਚੰਦ੍ਰਮਾ ਸਮਾਨ ਜਿਨ੍ਹਾਂ ਦਾ ਤੇਜ-ਪ੍ਰਤਾਪ ਸੋਭਾ ਪਾ ਰਿਹਾ ਸੀ। ੩. ਚਾਰ ਵੇਦ, ਛੇ ਵੇਦਾਂ ਦੇ ਅੰਗ, ਅਠਾਰਾਂ ਪੁਰਾਣ ਅਤੇ ਹੋਰ ਜਿੰਨੇ ਧਰਮ ਸ਼ਾਸਤ੍ਰ ਹਨ। ੪. ਮਹਾਂ ਭਾਰਤ ਤਕ ਸਾਰੇ ਇਤਿਹਾਸ ਉਸ ਦੇ ਨਾਲ ਮਿਲਕੇ (ਰਣਭੂਮੀ ਵਿਚ) ਆ ਗਏ। ੫. ਉਸ ਦੇ ਪ੍ਰਤਾਪ ਨੂੰ ਵੇਖਕੇ, ਦੁਸ਼ਮਨ ਦੀ ਸਾਰੀ ਫੌਜ ਦਾ ਜ਼ੋਰ ਘਟ ਗਿਆ ਅਤੇ ਸਭਨਾਂ ਦੇ ਚਿਹਰੇ (ਇਸ ਤਰ੍ਹਾਂ) ਮੁਰਝਾ ਗਏ। ੬. ਸੁਣੋ, ਜਿਸ ਤਰ੍ਹਾਂ ਗੰਗਾ ਦੀ ਪਵਿਤਰ ਧਾਰਾ ਨੂੰ ਵੇਖ ਕੇ ਜਗਤ ਵਿਚ ਪਾਪਾਂ ਦੀ ਜੋ ਹਾਲਤ ਹੁੰਦੀ ਹੈ ॥ ੩੦ ॥

ਬਿਸ਼ਨੁ ਭਗਤੀ ਉਵਾਚ ॥

**ਦੋਹਰਾ–੧. ਮਾਤ ਪਿਆਰੀ ਸਸਿ ਮੁਖੀ ਮ੍ਰਿਗ ਨੈਨੀ ਬਲਿਹਾਰ ॥**
**੨. ਤਿਸਤੇ ਬਹੁਰੋ ਕਯਾ ਭਯਾ ਮੋਕੋ ਕਰੋ ਉਚਾਰ ॥ ੩੧ ॥**

ਨੋਟ–ਪਿਛਲੇ ੨੮ ਅੰਕ ਦਾ ਅਰਥ ਵੇਖੋ, ਓਹੀ ਛੰਦ ਦੁਬਾਰਾ ਆਇਆ ਹੈ।

ਸਰਧਾ ਉਵਾਚ ॥

**ਦੋਹਰਾ–੧. ਤਬ ਦੇਵੀ ਅਗਮ ਜਿਤੇ, ਬੈਸ਼ਨਵ ਸੂਰਯ ਆਦਿ ॥**
**੨. ਗਏ ਸਰਸ੍ਵਤੀ ਪਾਸ ਸਭ, ਪੂਰ ਸੰਖ ਧੰਨਿ ਨਾਦ ॥ ੩੨ ॥**

ਸਰਧਾ ਨੇ ਕਿਹਾ–੧. ਹੇ ਦੇਵੀ! ਤਦ ਵੈਸ਼ਨਵ ਤੇ ਸੂਰਜ ਆਦਿਕ ਜਿੰਨੇ (ਭੀ ਧਰਮ) ਸ਼ਾਸਤ੍ਰ ਹਨ। ੨. ਉਹ ਸਾਰੇ ਹੀ ਸੰਖ ਪੂਰਦੇ ਹੋਏ ਤੇ [ਨਾਦ] ਨਰਸਿੰਘੇ ਦੀ ਧੁਨੀ ਕਰਦੇ ਹੋਏ ਸਰਸ੍ਵਤੀ ਦੇ ਕੋਲ ਚਲੇ ਗਏ ॥ ੩੨ ॥

ਵਿਸ਼ਨੁ ਭਗਤੀ ਉਵਾਚ ॥

ਦੋਹਰਾ-੧. ਮਾਤ ਪਿਆਰੀ ਸਸਿ ਮੁਖੀ ਮ੍ਰਿਗ ਨੈਨੀ ਬਲਿਹਾਰ ॥
੨. ਤਿਸਤੇ ਬਹੁਰੇ ਕਥਾ ਭਯਾ ਮੋਕੋ ਕਰੋ ਉਚਾਰ ॥ ੩੩ ॥

ਅੰਕ ੨੯ ਵਾਲਾ ਹੀ ਅਰਥ ਹੈ ।

ਸਰਧਾ ਉਵਾਚ ॥

ਕਬਿੱਤ-੧. ਸਾਂਖ ਔ ਨਯਾਯ ਸੁ ਕਣਾਦਿ ਕ੍ਰਿਤ ਭਾਸ਼ਯ ਪੁਨ,
ਆਗਮ ਅਨੇਕ ਸੁ ਮਿਮਾਂਸਾ ਸੰਗ ਲਯਾਈ ਹੈ ॥
੨. ਯੁਕਤਿ ਅਪਾਰ ਮਾਨੋ ਭੁਜਾ ਹੀਂ ਹਜ਼ਾਰ ਫੁਰੇ,
ਦਿਸ਼ਾ ਕੋ ਮਿਟਾਇ ਤਮ ਜੰਗ ਹੁਲਸਾਈ ਹੈ ॥
੩. ਧਰਮੇਂਦੂ ਆਨਨ ਸੁ ਬੇਦ ਤ੍ਰਈ ਸੰਗ ਲੀਨੋ,
ਮਾਨੋ ਤੀਨ ਨੈਨ ਸੁ ਕਾਂਤਯਾਯਨੀ ਸੁਹਾਈ ਹੈ ॥
੪. ਸਾਰਸ੍ਵਤੀ ਆਗੇ ਪ੍ਰਗਟਾਨੀ ਸੁ ਸੁਹਾਇ ਹਿਤ,
ਬਿਜੁਰੀ ਅਨੇਕ ਜਨ ਆਇ ਚਮਕਾਈ ਹੈ ॥ ੩੪ ॥

ਧਰਮੇਂਦੂ ਆਨਨ=(ਧਰਮ+ਇੰਦੁ+ਆਨਨ) ਚੰਦ੍ਰਮਾ (ਸਮਾਨ) ਮੁਖ ਵਾਲਾ ਧਰਮ । ਤੀਨ= ਨੈਨ=(ਤ੍ਰਿਨੈਨ) ਸ਼ਿਵਜੀ । ਕਾਤਯਾਯਨੀ=ਪਾਰਬਤੀ ।

੧. ਸਾਂਖ ਅਤੇ ਨਯਾਯ ਸ਼ਾਸਤ੍ਰ, ਕਣਾਦ ਮੁਨੀ ਦਾ ਬਣਾਇਆ ਹੋਇਆ ਵੈਸ਼ੇਖਕ ਸ਼ਾਸਤ੍ਰ ਅਤੇ ਸਰੀਰਕ ਮਹਾਂ ਭਾਸ਼ਯ (ਵੇਦਾਂਤ ਸ਼ਾਸਤ੍ਰ) ਅਤੇ ਹੋਰ ਭੀ ਅਨੇਕਾਂ ਧਰਮ ਸ਼ਾਸਤ੍ਰ ਤੇ ਮਿਮਾਂਸਾ ਨੂੰ ਭੀ ਨਾਲ ਲੈਕੇ ਆਈ ਹੈ । ੨. ਜੋ ਉਹਨਾਂ ਨੂੰ ਆਪਣੇ ਆਪਣੇ ਪੱਖ ਨੂੰ ਸਾਬਤ ਕਰਨ ਦੀਆਂ ਅਪਾਰ ਯੁਕਤੀਆਂ ਫੁਰਦੀਆਂ ਹਨ, ਏਹੋ ਹੀ ਮਾਨੋਂ ਉਹਨਾਂ ਦੀਆਂ ਹਜ਼ਾਰਾਂ ਬਾਹੀਆਂ ਹਨ, ਉਹਨਾਂ ਨੇ ਸਾਰੀਆਂ ਦਿਸ਼ਾ ਦੇ ਅਗਿਆਨ ਅੰਧਕਾਰ ਨੂੰ ਮਿਟਾ ਦਿਤਾ ਹੈ (ਅਤੇ ਸ਼ਾਸਤ੍ਰਰਥ ਰੂਪ) ਜੰਗ ਦੇ ਵਾਸਤੇ ਉਹਨਾਂ ਦੇ ਚਿੱਤ ਨੂੰ ਚਾਉ ਚੜ੍ਹਿਆ ਹੋਇਆ ਹੈ । ੩. ਚੰਦ੍ਰਮਾ ਸਮਾਨ ਮੁਖ ਵਾਲੇ ਧਰਮ ਨੇ [ਆਪਣੇ] ਨਾਲ ਤਿੰਨੇ ਵੇਦ ਲਏ ਹੋਏ ਹਨ, ਜੋ ਇਸ ਤਰ੍ਹਾਂ ਸੋਭਦੇ ਹਨ ਮਾਨੋਂ ਸ਼ਿਵਜੀ ਦੇ ਪਾਰਬਤੀ ਸੋਭਾ ਪਾ ਰਹੀ ਹੈ । ੪. ਇਹ ਸਾਰੇ ਸ਼ਾਸ਼ਤ੍ਰ ਸਹਾਇਤਾ ਕਰਨ ਦੇ ਵਾਸਤੇ ਸਰਸ੍ਵਤੀ ਦੇ ਸਾਹਮਣੇ ਆਣ ਪ੍ਰਗਟ ਹੋਏ, ਉਨ੍ਹਾਂ ਦੀਆਂ ਜੁਗਤੀਆਂ ਨਹੀਂ ਹਨ ਮਾਨੋਂ ਅਨੇਕ ਤਰ੍ਹਾਂ ਨਾਲ ਬਿਜਲੀ ਆਣ ਕੇ ਚਮਕ ਪਈ ਹੈ ॥ ੩੪ ॥

ਸ਼ਾਂਤਿ ਉਵਾਚ ॥

ਦੋਹਰਾ- ਸੁਭਾਵ ਵਿਰੋਧੀ ਆਗਮਾ ਤਰਕ ਤਥਾ ਪੁਨ ਜਾਨ ॥
ਮਿਲੇ ਕਥੰ ਰਣ ਹੇਤੁ ਸਭ ਮਾਤਾ ਕਰੋ ਬਖਾਨ ॥ ੩੫ ॥

ਸ਼ਾਂਤੀ ਨੇ ਪੁਛਿਆ-ਹੇ ਮਾਤਾ ! ਜਿਤਨੇ ਭੀ [ਤਰਕ] ਨਯਾਯ ਅਤੇ [ਜਾਨ] ਗਯਾਨ [ਵੇਦਾਂਤ] [ਆਦਿਕ] ਸਾਸਤ੍ਰ ਹਨ, ਇਹ ਸਾਰੇ ਸੁਭਾਵ ਤੋਂ ਹੀ ਇਕ ਦੂਜੇ ਦੇ ਵਿਰੋਧੀ ਹਨ । ਫਿਰ ਇਸ ਜੰਗ ਦੇ ਸਮੇਂ ਕਿਸ ਕਾਰਨ ਕਰਕੇ ਸਾਰੇ ਹੀ ਮਿਲ ਗਏ ਸਨ, ਇਹ ਸਾਰੀ ਵਾਰਤਾ ਮੇਰੇ ਤਾਈਂ ਸੁਣਾਓ ।

ਪ੍ਰਸ਼ਨ-ਛੇ ਸਾਸਤ੍ਰਾਂ ਦਾ ਪਰਸਪਰ ਵਿਰੋਧ ਕੀ ਹੈ ?

ਉਤਰ-ਸਾਂਖਯ, ਪਤੰਜਲ, ਨਯਾਯ, ਵਿਸੇਖਕ, ਪੂਰਵ ਮਿਮਾਂਸਾ, ਉਤਰ ਮਿਮਾਂਸਾ (ਵੇਦਾਂਤ) ਇਹ ਛੇ ਸਾਸਤਰਾਂ ਦੇ ਨਾਮ ਹਨ। ਇਹਨਾਂ ਦਾ ਆਪੋ ਵਿਚ ਦਾ ਭੇਦ ਇਸ ਤਰ੍ਹਾਂ ਦਾ ਹੈ ਕਿ-ਸਾਂਖਯ ਸ਼ਾਸਤਰ ਵਾਲੇ ਈਸ਼੍ਵਰ ਨੂੰ ਅੰਗੀਕਾਰ ਨਹੀਂ ਕਰਦੇ ਅਤੇ ਸਮਾਧੀ ਰੂਪ ਯੋਗ ਦੀ ਅਪੇਖਯਾ ਤੋਂ ਰਹਿਤ ਕੇਵਲ ਪ੍ਰਕ੍ਰਿਤੀ ਪੁਰਖ ਦੇ ਵਿਵੇਕ ਗਿਆਨ ਤੋਂ ਮੋਖ ਮੰਨਦੇ ਹਨ। ਪਤੰਜਲ ਸ਼ਾਸਤ੍ਰ ਵਾਲਿਆਂ ਨੇ ਈਸ਼ਵਰ ਨੂੰ ਅੰਗੀਕਾਰ ਕੀਤਾ ਹੈ ਅਤੇ ਸਮਾਧੀ ਤੋਂ ਮੋਖ ਮੰਨੀ ਹੈ। ਇਨ੍ਹਾਂ ਦੋਹਾਂ ਦਾ ਆਪੋ ਵਿਚ ਇਹ ਵਿਰੋਧ ਹੈ। ਨਯਾਯ ਮਤ ਵਿਚ ਚਾਰ ਪ੍ਰਮਾਨ-ਪ੍ਰਤਖ, ਅਨੁਮਾਨ, ਸਬਦ ਤੇ ਉਪਮਾਨ ਮੰਨੇ ਹਨ, ਪਰ ਵਿਸੇਖਕ ਮੱਤ ਵਿਚ ਕੇਵਲ ਦੋ ਹੀ ਪ੍ਰਮਾਨ ਪ੍ਰਤਖ ਅਤੇ ਅਨੁਮਾਨ ਮੰਨੇ ਹਨ, ਦੋਹਾਂ ਦਾ ਇਹ ਵਿਰੋਧ ਹੈ। ਪੂਰਬ ਮੀਮਾਂਸਾ ਵਿਚ ਈਸ਼ਵਰ ਦਾ ਅੰਗੀਕਾਰ ਨਹੀਂ ਕੀਤਾ ਅਤੇ ਮੋਖ ਰੂਪ ਨਿਤ ਸੁਖ ਦਾ ਅੰਗੀਕਾਰ ਭੀ ਨਹੀਂ ਕੀਤਾ ਕੇਵਲ ਫਲ ਪ੍ਰਦਾਤਾ ਹੀ ਮੰਨਿਆ ਹੈ। ਉਤਰ ਮੀਮਾਂਸਾ ਵਿਚ ਈਸ਼੍ਵਰ ਦਾ ਅੰਗੀਕਾਰ ਕੀਤਾ ਹੈ ਅਤੇ ਮੋਖ ਰੂਪ ਨਿਤ ਸੁਖ ਦਾ ਭੀ ਅੰਗੀਕਾਰ ਹੈ। ਵਿਸ਼ਯ ਸੁਖ ਪੁਰਸਾਰਥ ਨਹੀਂ ਹੈ। ਪੰਜਾਂ ਸ਼ਾਸਤ੍ਰਾਂ ਵਿਚ ਤਾਂ ਭੇਦ ਵਾਦ ਦਾ ਵਰਣਨ ਕੀਤਾ ਹੈ, ਪਰ ਉਤਰ ਮੀਮਾਂਸਾ ਵਿਚ ਭੇਦ ਵਾਦ ਦਾ ਖੰਡਨ ਤੇ ਅਭੇਦ ਦਾ ਮੰਡਨ ਹੈ। ਇਸ ਰੀਤੀ ਨਾਲ ਇਨ੍ਹਾਂ ਸਾਰੇ ਸ਼ਾਸਤ੍ਰਾਂ ਵਿਚ ਪਰਸਪਰ ਵਿਰੋਧ ਹੈ ॥੩੫॥

ਸਰਧਾ ਉਵਾਚ ॥

**ਦੋਹਰਾ-੧. ਸਮਾਨ ਵੰਸ ਤੇ ਜੋ ਭਏ ਲਰੇਂ ਪਰਸਪਰ ਸੋਇ ॥**
**੨. ਜੌ ਪਰਸੋਂ ਪੁਨ ਰਣ ਪਰੇ ਸੰਗਤ ਤਾਂਕੀ ਹੋਇ ॥ ੩੬ ॥**

੧. ਜਿਹੜੇ ਇਕੋ ਕੁਲ ਤੋਂ ਪੈਦਾ ਹੋਏ ਹਨ, ਉਹ ਭਾਵੇਂ ਆਪੋ ਵਿਚ ਸਦਾ ਹੀ ਲੜਦੇ ਰਹਿਣ ਅਤੇ ਇਕ ਦੂਜੇ ਦੇ ਪਿਆਸੇ ਭੀ ਬੇਸ਼ਕ ਹੋ ਜਾਣ। ੨. ਪਰ ਜਦ ਕਦੇ ਉਹਨਾਂ ਦੀ ਕਿਸੇ ਦੂਸਰੇ ਨਾਲ ਲੜਾਈ ਹੋ ਜਾਵੇ, ਤਦ ਉਹ ਇਕ ਕੁਲ ਦੇ ਸਾਰੇ ਹੀ ਆਪੋ ਵਿਚ ਮੇਲ ਕਰਕੇ ਦੁਸ਼ਮਨ ਦਾ ਮੁਕਾਬਲਾ ਕਰਿਆ ਕਰਦੇ ਹਨ (ਇਸ ਜਗਤ ਦੇ ਜੀਵਾਂ ਦੀ ਰੀਤੀ ਹੀ ਐਸੀ ਹੈ) ॥ ੩੬ ॥

**ਦੋਹਰਾ-੧. ਤਿਮ ਹਮ ਬੇਦ ਪ੍ਰਸੂਤ ਸਭ ਕਿਛੁ ਵਿਰੋਧ ਨਿਜ ਮਾਂਹਿ ॥**
**੨. ਬੇਦ ਸੁ ਰੱਛਨ ਹੇਤੁ ਪੁਨਿ ਸਭ ਇਕਤ੍ਰ ਹੋਇ ਜਾਂਹਿ ॥ ੩੭ ॥**

੧. ਉਸੇ ਤਰ੍ਹਾਂ ਅਸਾਂ ਸਾਰਿਆਂ ਦੀ ਵੇਦ ਤੋਂ ਹੀ ਉਤਪਤੀ ਹੋਈ ਹੈ ਅਤੇ ਅਸੀਂ ਸਾਰੇ ਆਪਸ ਵਿਚ ਕੁਝ ਕੁਝ ਵਿਰੋਧ ਰਖਦੇ ਹਾਂ। ੨. ਪਰ ਵੇਦ ਮੱਤ ਦੀ ਰਖਿਆ ਕਰਨ ਵਾਸਤੇ ਤਾਂ ਅਸੀਂ ਸਾਰੇ ਹੀ ਇਕਠੇ ਹੋ ਜਾਂਦੇ ਹਾਂ ॥ ੩੭ ॥

**ਦੋਹਰਾ-੧. ਨਾਸਤਕ ਪੱਖ ਨਿਖੇਧ ਹਿਤ ਸੰਗਤ ਭਈ ਹਮਾਰ ॥**
**੨. ਆਗਮ ਮਾਂਹਿ ਵਿਰੋਧ ਨਹਿ ਕੀਨੋ ਤਤ ਵਿਚਾਰ ॥ ੩੮ ॥**

੧. ਨਾਸਤਕ ਪੱਖ ਦਾ ਖੰਡਨ ਕਰਨ ਵਾਸਤੇ ਹੀ ਸਾਡੀ ਸੰਗਤ ਹੋਈ ਹੈ। ੨. ਸਾਰੇ ਸ਼ਾਸਤ੍ਰਾਂ ਵਿਚ ਤਾਂ ਵਿਰੋਧ ਹੈ ਹੀ ਨਹੀਂ, (ਬਹੁਤ ਵੇਰੀ) ਵਿਚਾਰ ਕਰਕੇ ਇਹ ਸਿਧਾਂਤ (ਨਿਸਚੇ) ਕੀਤਾ ਹੈ (ਕਿ ਵਾਸਤਵ ਵਿਚ ਇਨ੍ਹਾਂ ਸ਼ਾਸਤ੍ਰਾਂ ਵਿਚ ਕੋਈ ਵਿਰੋਧ ਨਹੀਂ ਹੈ, ਕੇਵਲ ਕਥਨ ਮਾਤ੍ਰ ਹੀ ਵਿਰੋਧ ਭਾਸਦਾ ਹੈ) ॥ ੩੮ ॥

**ਦੋਹਰਾ-੧. ਸ਼ਾਂਤਿ ਅਨੰਤ ਸੁ ਜੋਤਿ ਜੋ ਅਦ੍ਵੈ ਅਜ ਬਲ ਟੇਕ ॥**
**੨. ਮਾਯਾ ਕੇ ਵਹਿ ਸੰਗ ਮਿਲਿ ਭਾਸੇ ਰੂਪ ਅਨੇਕ ॥ ੩੯ ॥**

੧. ਤੇ ਸ਼ਾਂਤੀ, ਜੋ ਸ਼ਾਂਤੀ (ਰੂਪ ਹੈ) ਜੋ ਅਨੰਤ (ਰੂਪ ਹੈ), ਜੋ ਦਵੈਤ ਤੋਂ ਰਹਿਤ ਤੇ ਜਨਮ ਤੋਂ ਰਹਿਤ ਅਤੇ ਬਲ ਦਾ ਆਸਰਾ ਹੈ। ੨. ਓਹੀ (ਪਰਮਾਤਮ ਦੇਵ) ਮਾਯਾ ਦੇ ਨਾਲ ਮਿਲ ਕਰਕੇ ਅਨੇਕ ਤਰ੍ਹਾਂ ਦੇ ਰੂਪ ਹੋ ਕੇ ਭਾਸ ਰਿਹਾ ਹੈ, (ਮਾਯਾ ਉਪਾਧ ਤੋਂ ਰਹਿਤ ਹੋਣ ਕਰਕੇ ਕੇਵਲ ਇਕੋ ਇਕ ਹੈ) ॥ ੩੯ ॥

Sri Satguru Jagjit Singh Ji Elibrary NamdhariElibrary@gmail.com

ਦੋਹਰਾ—੧. ਨਾਨਾ ਆਗਮ ਪੰਥ ਬਹੁ ਏਕ ਜਨਾਵਤ ਈਸ ॥
੨. ਜਿਉ ਨਦੀ ਪ੍ਰਵਾਹ ਜਲ ਮਿਲੇ ਜਾਇ ਵਾਰੀਸ ॥ ੪੦ ॥

ਆਗਮ=ਧਰਮ ਸ਼ਾਸਤ੍ਰ। ਵਾਰੀਸ=(ਵਾਰ+ਈਸ) ਸਮੁੰਦਰ, ਨਦੀ-ਪਤਿ।

੧. ਜੋ ਅਨੇਕਾਂ ਧਰਮ ਸ਼ਾਸਤ੍ਰ ਹਨ ਅਤੇ ਜੋ ਬਹੁਤੇ ਹੀ ਧਰਮ-ਮਾਰਗ ਹਨ, ਇਹ ਸਾਰੇ ਇਕ ਈਸ਼ਵਰ ਨੂੰ ਹੀ ਜਣਾਉਂਦੇ ਹਨ। ੨. ਜਿਵੇਂ ਅਨੇਕਾਂ ਨਦੀਆਂ ਦਾ ਪ੍ਰਵਾਹ (ਰੂਪ) ਜਲ (ਅਨੇਕਾਂ ਮੋੜ ਘੇੜ ਖਾ ਕੇ ਅੰਤ ਨੂੰ) ਸਮੁੰਦਰ ਵਿਚ ਹੀ ਜਾ ਕੇ ਮਿਲ ਜਾਂਦਾ ਹੈ ॥ ੪੦ ॥

ਬਿਸ਼ਨੁ ਭਗਤੀ ਉਵਾਚ ॥

ਦੋਹਰਾ—ਮਾਤ ਪਜਾਰੀ ਸਸਿ ਮੁਖੀ ਮ੍ਰਿਗ ਨੈਨੀ ਬਲਿਹਾਰ ॥
ਤਿਸਤੇ ਬਹੁਰੋ ਕਥਾ ਭਯੋ ਮੋਕੋ ਕਰੋ ਉਚਾਰ ॥ ੪੧ ॥

ਪਿਛੇ ੨੯ ਅੰਕ ਛੰਦ ਦਾ ਅਰਥ ਵੇਖੋ।

ਸਰਧਾ ਉਵਾਚ ॥

ਸਵੈਯਾ ॥

੧. ਤਬ ਜੁਧ ਅਰੰਭ ਭਯੋ ਦੁਹਿ ਤੇ ਰਣ ਆਪਸ ਮੈਂ ਕਰਿ ਕੁੰਭ ਮਿਲਾਏ ॥
੨. ਸੁ ਤੁਰੰਗਮ ਸੰਗ ਤੁਰੰਗ ਜੁਟੇ ਰਥ ਸੰਗ ਰਥੀ ਸੁ ਪ੍ਰਹਾਰ ਲਗਾਏ ॥
੩. ਸਰ ਪੁੰਜ ਪਦਾਂਤ ਚਲਾਇ ਇਸੇ, ਜਨ ਤੋਇਕ ਰੋਖ ਭਰੇ ਬਰਖਾਏ ॥
੪. ਅਤਿ ਯੁਧ ਭਯਾਨਕ ਭੂਰ ਭਯੋ ਡਰ ਕਾਤਰ ਬੀਰ ਮਹਾਂ ਹਰਖਾਏ ॥੪੨॥

ਕਰਿ=ਕਰੀ, ਹਾਥੀ। ਕੁੰਭ=ਸਿਰ, ਮਥੇ। ਤੁਰੰਗਮ=ਘੋੜਿਆਂ। ਰਥੀ=ਰਥਾਂ ਵਾਲੇ। ਸਰ=ਤੀਰ। ਪੁੰਜ=ਝੁੰਡ, ਬਹੁਤੇ। ਪਦਾਂਤ=ਪੈਦਲ ਸੈਨਾ। ਤੋਇਕ=ਬੱਦਲ।

ਸਰਧਾ ਕਹਿਣ ਲਗੀ—੧. ਤਦ ਜੰਗ ਸ਼ੁਰੂ ਹੋ ਗਿਆ, ਦੋਹਾਂ ਪਾਸਿਆਂ ਦੀਆਂ ਫੌਜਾਂ ਅਗੇ ਵਧ ਕੇ ਆਪੋ ਵਿਚ ਆਹਮੋ ਸਾਹਮਣੇ ਹੋ ਕੇ ਹਾਥੀਆਂ ਦੇ ਸਿਰ ਜੋੜ ਦਿਤੇ। ੨. ਘੋੜਿਆਂ ਵਾਲਿਆਂ ਨਾਲ ਘੋੜਿਆਂ ਵਾਲੇ [ਜੰਗ ਕਰਨ ਲਈ] ਜੁਟ ਪਏ ਅਤੇ ਰਥਾਂ ਵਾਲਿਆਂ ਨੂੰ ਰਥਾਂ ਵਾਲੇ ਵੰਗਾਰ ੨ ਕੇ ਸ਼ਸਤ੍ਰ ਮਾਰਨ ਲਗ ਪਏ ॥ ੩. ਪੈਦਲ ਸੈਨਾ ਨੇ ਭੀ ਆਪੋ ਵਿਚ ਬਹੁਤ ਸਾਰੇ ਤੀਰ ਚਲਾਣੇ ਸ਼ੁਰੂ ਕਰ ਦਿਤੇ ਜੋ ਇਸ ਤਰ੍ਹਾਂ [ਮਲੂਮ ਹੁੰਦੇ ਸਨ] ਮਾਨੋ ਕ੍ਰੋਧ ਦੇ ਭਰੇ ਹੋਏ ਬਦਲ ਬਰਖਾ ਕਰ ਰਹੇ ਹਨ। ੪. ਬਹੁਤ ਹੀ ਡਰੌਣਾ ਤੇ ਬੜਾ ਭਾਰਾ ਜੰਗ ਹੋਇਆ, ਜਿਸ ਨੂੰ ਵੇਖ ਕੇ ਕਾਇਰ ਤਾਂ ਡਰ ਗਏ ਅਤੇ ਸੂਰਬੀਰ ਜੋਧੇ ਪਰਮ ਪ੍ਰਸੰਨ ਹੋ ਰਹੇ ਸਨ ॥ ੪੨ ॥

ਸਵੈਯਾ ॥

੧. ਤਹਿ ਸ੍ਰੋਣਤ ਕੀ ਸੁ ਭਈ ਤਟਿਣੀ ਬਹੁ ਭੂਤ ਪਿਸ਼ਾਚ ਸੁ ਕੰਕ ਸੁਹਾਏ ॥
੨. ਸਰਦਾਰ ਤੁਰੰਗ ਮਤੰਗ ਬਡੇ ਜਗਦੀਸ ਮਨੋ ਤਟ ਸੈਲ ਬਨਾਏ ॥
੩. ਸਿਰ ਛਤ੍ਰ ਸੁ ਹੰਸ ਸਮਾਨ ਫਿਰੇ ਸਿਤ ਪਾਗ ਸੁ ਫੇਰ ਮਨੋ ਚਮਕਾਏ ॥
੪. ਅਤਿ ਬੀਰ ਬਲੀ ਤਹਿ ਨੱਕ੍ਰ ਭਏ ਪਿਖ ਕਾਤਰਤਾ ਉਰ ਮੈਂ ਦਹਿਲਾਏ॥੪੩॥

ਨੋਟ—ਜੁਧ ਭੂਮੀ ਨੂੰ ਨਦੀ ਦੇ ਰੂਪਕ ਵਿਚ ਵਰਣਨ ਕਰਦੇ ਹਨ।

Sri Satguru Jagjit Singh Ji Elibrary NamdhariElibrary@gmail.com

ਤਟਿਨੀ=ਨਦੀ। ਕੰਕ=ਕਾਂ। ਮਤੰਗ=ਹਾਥੀ। ਤਟ=ਕੰਢੇ। ਸਿਤ=ਚਿਟੀ। ਨੱਕ੍ਰ-ਤੰਦੂਏ। ਦਹਿਲਾਏ=ਡਰ ਗਏ।

੧. ਉਥੇ ਲਹੂ ਦੀ ਨਦੀ ਬਣ ਗਈ, (ਜਿਵੇਂ ਨਦੀ ਦੇ ਕੰਢੇ ਤੇ ਕਾਂ ਹੁੰਦੇ, ਤਿਵੇਂ ਹੀ ਭੂਤ ਤੇ ਪਿਸਾਚ ਰੂਪ) ਕਾਂ ਉਥੇ ਬਹੁਤ ਸੋਭ ਰਹੇ ਹਨ। ੨. ਜੋ ਸਰਦਾਰ ਮੋਏ ਸਨ, ਉਹ ਇਸ ਨਦੀ ਦੇ ਕੰਢੇ ਸਨ, (ਜੋ) ਵਡੇ ਵਡੇ ਘੋੜੇ ਤੇ ਹਾਥੀ (ਮੋਏ ਸਨ, ਏਹੋ) ਮਾਨੋ ਬਿਧਾਤਾ ਨੇ ਕੰਢੇ ਉਤੇ ਪਹਾੜ ਬਣਾ ਦਿਤੇ ਸਨ। ੩. ਉਸ (ਲਹੂ ਵਿਚ ਜੋ ਰਥਾਂ ਦੀਆਂ) ਚਿਟੀਆਂ ਛਤਰੀਆਂ (ਡਿਗੀਆਂ ਪਈਆਂ ਸਨ,ਇਹ ਮਾਨੋ ਉਸ ਨਦੀ ਉਤੇ)ਹੰਸ ਫਿਰਦੇ ਸਨ, (ਜੋ ਲਹੂ ਵਿਚ ਸੂਰਮਿਆਂ ਦੀਆਂ) ਚਿਟੀਆਂ ਪਗਾਂ ਪਈਆਂ ਹੋਈਆਂ ਸਨ ਉਹ ਮਾਨੋ ਝਗ ਚਮਕ ਰਹੀ ਸੀ (ਅਰਥਾਤ ਜਿਵੇਂ ਨਦੀ ਦੇ ਜਲ ਉਤੇ ਝਗ ਆਈ ਹੁੰਦੀ ਹੈ, ਇਵੇਂ ਹੀ ਇਸ ਲਹੂ ਦੀ ਨਦੀ ਉਤੇ ਝਗ ਦੇ ਸਮਾਨ ਸੂਰਮਿਆਂ ਦੀਆਂ ਚਿਟੀਆਂ ਪਗਾਂ ਸਮਝਣੀਆਂ ਚਾਹੀਦੀਆਂ ਹਨ)। ੪. ਵਡੇ ਦੇ ਬਲਵਾਨ ਸੂਰਮੇ (ਮਰ ਕੇ ਉਸ ਲਹੂ ਵਿਚ ਡਿਗ ਪਏ ਸਨ, ਓਹ ਮਾਨੋ) ਉਸ ਨਦੀ ਵਿਚ ਤੰਦੂਏ ਫਿਰ ਰਹੇ ਸਨ, ਇਸ ਤਰ੍ਹਾਂ ਦੀ ਉਸ ਡਰੌਣੀ ਨਦੀ ਨੂੰ ਵੇਖ ਕੇ ਕਾਇਰ ਪੁਰਸ਼ਾਂ ਦੇ ਹਿਰਦੇ ਡਰ ਨਾਲ ਸਹਿਮ ਗਏ ਸਨ ॥ ੪੩ ॥

## ਚੌਪਈ॥

**੧. ਯਾ ਬਿਧਿ ਦਾਰੁਣ ਭਯੋ ਸੰਗ੍ਰਾਮਾ॥ਪਖੰਡਾਗਮ ਇਮ ਕੀਨ ਸੁ ਕਾਮਾ॥**
**੨. ਲੋਕਾਯਤ ਕੋ ਤੰਤ੍ਰ ਸੁ ਜੋਈ ॥ ਕੀਨੋ ਸੈਨ ਅਗਾਰੀ ਸੋਈ॥੪੪॥**

੧. ਹੇ ਦੇਵੀ! ਇਸ ਤਰ੍ਹਾਂ ਦਾ ਵਡਾ ਡਰੌਣਾ ਜੰਗ ਹੋਇਆ, ਉਸ ਵੇਲੇ ਪਖੰਡ ਸ਼ਾਸਤ੍ਰ ਨੇ ਇਹ ਕੰਮ ਕੀਤਾ। ੨. ਕਿ ਲੋਕਾਯਤ (ਮੱਤ ਦਾ ਧਰਮ ਗ੍ਰੰਥ) ਜੋ ਲੋਕਾਯਤ ਤੰਤ੍ਰ ਹੈ, [ਪਖੰਡ ਸ਼ਾਸਤ੍ਰ ਨੇ ਆਪਣੀ] ਸੈਨਾ ਦੇ ਅਗੇ ਉਸ ਨੂੰ ਕਰ ਦਿਤਾ ਸੀ ॥ ੪੪ ॥

## ਚੌਪਈ॥

**੧. ਪਰਸਪਰੰ ਦੋਨੋ ਦਲ ਜੂਟੇ ॥ ਮੁਏ ਲੁਕਾਯਤ ਪ੍ਰਾਣ ਸੁ ਛੂਟੇ॥**
**੨. ਬਹੁਰ ਪਖੰਡਾਗਮ ਹੈ ਜੋਈ॥ ਭਏ ਨਿਰਮੂਲ ਸਗਲ ਤਹਿ ਸੋਈ॥੪੫॥**

੧. ਜਦ ਦੋਵੇਂ ਫੌਜਾਂ ਆਪੋ ਵਿਚ ਜੁਟ ਗਈਆਂ ਤਦ ਲੁਕਾਯਤ ਤੰਤ੍ਰ ਮਰ ਗਿਆ, ਉਸ ਦੇ ਪ੍ਰਾਣ ਛੁਟ ਗਏ। ੨. ਤਾਂ ਫਿਰ ਹੋਰ ਜਿੰਨੇ ਭੀ ਪਖੰਡ ਸ਼ਾਸਤ੍ਰ ਸਨ, ਉਹ ਸਾਰੇ ਹੀ ਉਸ ਸਮੇਂ ਨਿਰਮੂਲ ਹੋ ਗਏ [ਕੋਈ ਭੀ ਜੀਊਂਦਾ ਨਾ ਰਿਹਾ] ॥ ੪੫ ॥

## ਚੌਪਈ॥

**੧. ਸੋਮ ਸਿਧਾਂਤ ਕਪਾਲਕ ਜੋਈ॥ ਸਤਿ ਆਗਮ ਪਿਖ ਭਾਗਜੋ ਸੋਈ ॥**
**੨. ਸਤਿ ਆਗਮ ਇਮ ਆਇ ਬਖਾਨੀ॥ ਸੁਨੋ ਤਾਹਿ ਕੀ ਸਾਚੀ ਬਾਨੀ॥੪੬॥**

੧. ਵਾਮ ਮਾਰਗੀਆਂ ਦਾ ਜੋ 'ਸੋਮ ਸਿਧਾਂਤ' ਹੈ, ਉਹ ਸੱਤ ਆਗਮ [ਧਰਮ ਸ਼ਾਸਤ੍ਰ] ਨੂੰ ਵੇਖਦਾ ਹੀ ਭਜ ਗਿਆ। ੨. ਧਰਮ ਸ਼ਾਸਤ੍ਰ ਨੇ ਰਣਭੂਮੀ ਵਿਚ ਆ ਕੇ ਇਸ ਤਰ੍ਹਾਂ ਕਹਿਣਾ ਸ਼ੁਰੂ ਕੀਤਾ, ਉਸ ਦੀ ਸੱਚੀ ਬਾਣੀ ਨੂੰ ਧਿਆਨ ਦੇ ਕੇ ਸੁਣੋ॥ ੪੬ ॥

## ਚੌਪਈ॥

**੧. ਮਦ ਭਵ ਭੇਖਜ ਕਰੌਂ ਬਖਾਨ ॥ ਤੇ ਮਤਿ ਮੰਦ ਸੁ ਮਹਾਂ ਅਜਾਨ ॥**

Sri Satguru Jagjit Singh Ji Elibrary NamdhariElibrary@gmail.com

**੨. ਮਨੁ ਸਿੰਮ੍ਰਿਤਿ ਲੌ ਆਗਮ ਜੇਤੇ ॥ ਸੁਨੇ ਨ ਮੂਢਨ ਕਾਨਨ ਤੇਤੇ ॥ ੪੭ ॥**

੧. ਜਿਹੜੇ ਪੁਰਸ਼ ਇਹ ਕਥਨ ਕਰਦੇ ਹਨ ਕਿ ਜਗਤ ਵਿਚ ਸ਼ਰਾਬ ਇਕ ਤਰ੍ਹਾਂ ਦੀ ਦਵਾਈ ਹੈ, (ਦਵਾਈ ਸਮਾਨ ਇਸ ਦਾ ਸੇਵਨ ਕੀਤਾ ਜਾਏ ਤਾਂ ਕੋਈ ਭੀ ਦੋਸ਼ ਨਹੀਂ ਹੈ, ਸਗੋਂ ਸੁਖ ਦੇਂਦੀ ਹੈ), ਉਹ (ਪੁਰਸ਼) ਬੜੇ ਹੀ ਬੇਸਮਝ ਹਨ ਅਤੇ ਖੋਟੀ ਬੁਧੀ ਵਾਲੇ ਹਨ। ੨. ਕਿਉਂਕਿ ਮਨੂ ਸਿੰਮ੍ਰਿਤੀ ਆਦਿਕ ਜਿੰਨੇ (ਭੀ ਧਰਮ) ਸ਼ਾਸਤ੍ਰ ਹਨ, ਉਨ੍ਹਾਂ ਬਦ-ਅਕਲਾਂ ਨੇ ਉਹ ਕੰਨ ਦੇ ਕੇ ਕਦੇ ਭੀ ਨਹੀਂ ਸੁਣੇ, (ਜੇ ਸੁਣੇ ਹੁੰਦੇ, ਤਦ ਉਹ ਕਦੇ ਭੀ ਇਸ ਤਰ੍ਹਾਂ ਨਾ ਕਹਿੰਦੇ, ਕਿਉਂਕਿ ਮਨੂੰ ਸਿੰਮ੍ਰਿਤੀ ਦੇ ਯਾਰ੍ਹਵੇਂ ਅਧਯਾਯ ਦੇ ਇਕਾਨਵੇਂ ਸਲੋਕ ਵਿਚ ਇਉਂ ਲਿਖਿਆ ਹੈ)-

**"ਸੂਰਾ ਪੀਤ੍ਵਾਦਿ ਜੋ ਮੋਹਾਤ ਅਗਨਿ ਵਰਣਾ ਸੁਰਾ ਪਿਵੇਤ੍ ॥**
**ਤਸਯ ਕਾਯੇ ਚ ਨਿਰਦਗਧੇ ਮੁਚਯਤੇ ਕਿਲਵਿਖਾਤ ਤਤ:" ॥੯੧॥੧੧॥**

ਪੀਤ੍ਵਾਦਿ=ਪੀ ਲੈਂਦਾ ਹੈ। ਮੋਹਾਤ=ਮੋਹ ਵਸ ਹੋ ਕੇ, ਭੁਲੇਖੇ ਨਾਲ। ਅਗਨਿ ਵਰਣਾ=ਅੱਗ ਦੇ ਰੰਗ ਵਾਗੂ। ਪਿਵੇਤ੍=ਪੀ ਲਵੇ। ਤਸਯ=ਉਸ ਦੀ ਨਿਰਦਗਧੇ=ਬਿਲਕੁਲ ਸੜ ਜਾਵੇ। ਮੁਚਯਤੇ=ਕਟੇ ਜਾਣਗੇ। ਕਿਲਵਿਖਾਤ=ਪਾਪ। ਤਤ੍=ਉਸ ਦੇ।

ਅਰਥਾਤ-ਜੋ ਪੁਰਸ਼ ਭੁਲੇਖੇ ਨਾਲ ਭੀ ਸ਼ਰਾਬ ਪੀ ਲੈਂਦਾ ਹੈ, (ਉਹ ਮਹਾਂ ਪਾਪੀ ਹੈ),ਉਸਦੇ ਮਹਾਂ ਪਾਪ ਦਾ ਪ੍ਰਾਸਚਿਤ ਇਹ ਹੈ ਕਿ ਉਹ ਸ਼ਰਾਬ ਨੂੰ ਅੱਗ ਉਤੇ ਧਰ ਦੇਵੇ, ਜਦ ਰਿਝ ਰਿਝ ਕੇ ਅੱਗ ਦੇ ਰੰਗ ਵਰਗੀ ਹੋ ਜਾਵੇ, ਤਦ ਉਹ ਅੱਗ ਦੇ ਰੰਗ ਵਾਲੀ ਸ਼ਰਾਬ ਪੀ ਲਵੇ, (ਜਿਸ ਦੇ ਪੀਂਦੇ ਸਾਰ ਹੀ) ਉਸ ਦੀ ਦੇਹ ਸੜ ਬਲ ਕੇ ਕੋਲੇ ਹੋ ਜਾਵੇ, ਤਦ ਉਸ ਦੇ ਮਹਾਂ ਪਾਪ ਕਟੇ ਜਾਣ ਵਿਚ ਸੰਸਾ ਨਹੀਂ ਹੈ ॥ ੯੧ ॥ ੧੧ ॥

**ਚੌਪਈ॥**

**੧. ਸਤ ਆਗਮ ਪ੍ਰਵਾਹ ਬਹਾਏ ॥ ਸੌਗਤਿ ਕਾਂਸ਼ੀ ਛਡਿ ਪਲਾਏ ॥**
**੨. ਪਾਰਸੀਕ ਸੁ ਸਿੰਧ ਗੰਧਾਰੇ ॥ ਅੰਗ ਵੰਗ ਪੁਨ ਮਗਧ ਪਧਾਰੇ ॥ ੪੮ ॥**
**੩. ਮਲੇਛ ਪ੍ਰਾਇ ਕਲਿੰਗਾਦਿਕ ਜੇਈ ॥ ਤਾਂ ਮੇ ਜਾਇ ਬਸੇ ਪੁਨ ਤੇਈ ॥**

੧. ਧਰਮ ਸ਼ਾਸਤ੍ਰ ਨੇ [ਜਦ ਇਸ ਤਰ੍ਹਾਂ ਪ੍ਰਮਾਣਾਂ ਦੇ] ਪ੍ਰਵਾਹ ਚਲਾ ਦਿਤੇ, ਤਦ ਬੋਧ ਤੇ ਜੈਨ ਮੱਤ ਕਾਂਸ਼ੀ ਨੂੰ ਛਡ ਕੇ ਭਜ ਗਏ। ੨. ਪਰਾਸੀਕ, ਸਿੰਧ, ਗੰਧਾਰ [ਕੰਧਾਰ], ਅੰਗ, ਵੰਗ ਅਤੇ ਮਗਧ ਆਦਿਕ ਦੇਸਾਂ ਵਿਚ ਚਲੇ ਗਏ ॥ ੪੮ ॥ ੩. ਹੋਰ ਜਿਹੜੇ ਮਲੇਛਾਂ [ਦੇ ਦੇਸ] ਪ੍ਰਾਯ ਤੇ ਕਲਿੰਗ ਆਦਿਕ ਹਨ, ਉਨ੍ਹਾਂ ਦੇਸਾਂ ਵਿਚ ਜਾ ਕੇ ਉਹ ਵਸਣ ਲਗ ਪਏ।

**੪. ਔਰ ਪਖੰਡ ਦਿਗੰਬਰ ਜੇਤੇ ॥ ਗਏ ਪੰਚਾਲ ਦੇਸ ਕੋ ਤੇਤੇ ॥ ੪੯ ॥**
**੫. ਮਾਲਵ ਔਰ ਅਭੀਰ ਅਨਿਰਤਾ ॥ ਸਾਗਰ ਮਾਰੂ ਦੇਸ ਤ੍ਰਿਗਰਤਾ॥**
**੬. ਬਿਚਰੇ ਤਾਂ ਮੇ ਮੂਢ ਸੁਭਾਏ ॥ ਮੰਦਰ ਸੇਵਕ ਦ੍ਵਾਰ ਬਨਾਏ ॥ ੫੦ ॥**

੪. ਹੋਰ ਜਿੰਨੇ ਭੀ [ਸ੍ਵੇਤਾਂਬਰ ਤੇ] ਦਿਗੰਬਰ ਆਦਿਕ ਨਾਵਾਂ ਵਾਲੇ ਪਖੰਡ ਮਤ ਸਨ, ਉਹ ਸਾਰੇ ਹੀ ਪੰਚਾਲ ਦੇਸ ਨੂੰ ਚਲੇ ਗਏ ॥ ੪੯ ॥ ੫. ਜੋ ਮਾਲਵਾ ਦੇਸ, ਅਭੀਰ ਦੇਸ, ਅਨਿਰਤਾ ਦੇਸ, ਸਾਗਰ ਮਾਰੂ ਤੇ ਤ੍ਰਿਗਰਤਾ [ਆਦਿਕ] ਦੇਸ ਹਨ। ੬. ਉਨ੍ਹਾਂ ਦੇਸਾਂ ਵਿਚ ਜਾਕੇ ਗੁਪਤ ਤ੍ਰੀਕੇ ਨਾਲ ਫਿਰਨ ਲਗੇ, ਸੇਵਕਾਂ ਦੇ ਬੂਹੇ ਹੀ ਉਨ੍ਹਾਂ ਨੇ ਆਪਣੇ ਮੰਦਰ ਬਣਾ ਲਏ ਹਨ ॥ ੫੦ ॥

Sri Satguru Jagjit Singh Ji Elibrary　　　　NamdhariElibrary@gmail.com

**੭. ਨਾਸਤਕ ਤਰਕ ਅਹੇ ਪੁਨ ਜੇਤੀ ॥ ਦਲੀ ਮਿਮਾਂਸਾ ਪਾਇਨ ਤੇਤੀ ॥**
**੮. ਤਾਂ ਅਨੁ ਪਥ ਮੈਂ ਵਹੀ ਸਿਧਾਈ ॥ ਜਹਾਂ ਪਖੰਡ ਦੁਰੇ ਜਗ ਜਾਈ ॥੫੧॥**

੭. ਹੋਰ ਜਿਹੜੇ ਨਾਸਤਕ ਤੇ ਤਰਕ ਮੱਤ ਸਨ, (ਉਨ੍ਹਾਂ) ਸਾਰਿਆਂ ਨੂੰ ਮਿਮਾਂਸਾ ਸ਼ਾਸਤ੍ਰ ਨੇ ਪੈਰਾਂ ਨਾਲ ਹੀ ਦਲ-ਮਲ ਸੁਟਿਆ ਹੈ। ੮. ਉਨ੍ਹਾਂ ਦੇ ਅਨੁਸਾਰ ਰਾਹ ਵਿਚ ਉਹ ਭੀ ਚਲੇ ਗਏ, ਜਿਥੇ ਪਖੰਡ ਮੱਤ ਜਾਕੇ ਜਗਤ ਵਿਚ ਲੁਕੇ ਸਨ (ਨਾਸਤਕ ਆਦਿਕ ਮੱਤ ਭੀ ਉਥੇ ਜਾਕੇ ਲੁਕ ਗਏ ਹਨ) ॥ ੫੧ ॥

ਬਿਸ਼ਨੁ ਭਗਤੀ ਉਵਾਚ ॥

**ਦੋਹਰਾ—੧. ਮਾਤ ਪਿਆਰੀ ਸਸਿ ਮੁਖੀ ਮ੍ਰਿਗ ਨੈਨੀ ਬਲਿਹਾਰ ॥**
**੨. ਤਿਸਤੇ ਬਹੁਰੋ ਕਥਾ ਭਯੋ ਮੋਕੇ ਕਰੋ ਉਚਾਰ ॥ ੫੨ ॥**

ਨੋਟ—ਪਿਛੇ ੨੯ ਨੰਬਰ ਤੇ ਏਹੋ ਹੀ ਛੰਦ ਆਇਆ ਹੈ, ਉਥੇ ਅਰਥ ਵੇਖੋ।

ਸਰਧਾ ਉਵਾਚ ॥

**ਚੌਪਈ ॥**

**੧. ਬਹੁਰੋ ਵਸਤੁ ਵਿਚਾਰ ਉਦਾਰੇ ॥ ਕਾਮ ਬਲੀ ਰਣ ਭੀਤਰ ਮਾਰੇ ॥**
**੨. ਖਿਮਾ ਕ੍ਰੋਧ ਗਹਿ ਕੇਸ ਪਛਾਰਯੋ ॥ ਹਿੰਸਾਦਿਕ ਕੋ ਮੂਲ ਉਖਾਰਯੋ ॥**
**੩. ਸੰਤੋਖਿ ਲੋਭ ਕੋ ਇਉ ਰਣ ਮਾਰਯੋ ॥ ਜਿਉ ਰਘੁਵਰ ਦਸ ਕੰਠ ਸੰਘਾਰਯੋ ॥**
**੪. ਤ੍ਰਿਸ਼ਨਾ ਚੋਰੀ ਮਿਥਯਾ ਬੈਨ ॥ ਪਰ ਗ੍ਰਹ ਸਹਿਤ ਉਡਾਏ ਗੈਨ ॥੫੪॥**

੧. ਫਿਰ ਜੋ ਬੜੀ ਬਹਾਦਰ 'ਵਸਤੂ ਵਿਚਾਰ' ਹੈ, ਉਸਨੇ 'ਕਾਮ' ਸੂਰਮੇ ਨੂੰ ਜੁਧ ਭੂਮੀ ਵਿਚ ਮਾਰ ਦਿਤਾ। ੨. ਖਿਮਾ ਨੇ ਕ੍ਰੋਧ ਨੂੰ ਕੇਸਾਂ ਤੋਂ ਫੜਕੇ ਪਟਕਾ ਦਿਤਾ ਅਤੇ ਹਿੰਸਾ ਆਦਿਕਾਂ ਦੀ ਜੜ੍ਹ ਹੀ ਪੁਟ ਘੱਤੀ। ੩. ਸੰਤੋਖ ਨੇ ਲੋਭ ਨੂੰ ਜੁਧ ਭੂਮੀ ਵਿਚ ਇਸ ਤਰ੍ਹਾਂ ਮਾਰ ਸੁਟਿਆ, ਜਿਵੇਂ ਸ੍ਰੀ ਰਾਮ ਜੀ ਨੇ ਰਾਵਨ ਨੂੰ ਮਾਰਿਆ ਸੀ। ੪. ਤ੍ਰਿਸਨਾ, ਚੋਰੀ, ਝੂਠ ਬੋਲਣਾ ਤੇ (ਪਰ ਗ੍ਰਹ) ਧਨ ਕੱਠਾ ਕਰਨਾ ਇਨ੍ਹਾਂ ਦੇ ਸਮੇਤ ਹੀ (ਦੰਭ ਨੂੰ ਤੂੰਬੇ ਤੂੰਬੇ ਕਰਕੇ) ਅਕਾਸ਼ ਵਿਚ ਉਡਾ ਦਿਤਾ ਅਰਥਾਤ ਲੋਭੀ ਪੁਰਸ਼ ਹੀ ਤ੍ਰਿਸ਼ਨਾ ਵੱਸ ਹੋਕੇ ਚੋਰੀ ਕਰਦਾ ਝੂਠ ਬੋਲਦਾ, ਧਨ ਕੱਠਾ ਕਰਦਾ ਤੇ ਦੰਭ ਕਰਦਾ ਹੈ, ਇਕ ਲੋਭ ਦੇ ਮਿਟ ਜਾਣ ਨਾਲ ਇਹ ਪੰਜ ਆਪੇ ਹੀ ਹਟ ਜਾਂਦੇ ਹਨ ॥ ੫੪ ॥

**ਦੋਹਰਾ—੧. ਅਨੁਸੂਆ ਮਤਸਰ ਜਿਤੀ, ਨੀਕੇ ਸੰਖ ਬਜਾਇ ॥**
**੨. ਪਰ ਉਤਕਰਖਹ ਭਾਵਨਾ, ਮਦ ਕੋ ਦੀਨ ਖਪਾਇ ॥ ੫੫ ॥**

ਅਨੁਸੂਆ=ਈਰਖਾ ਨਾ ਕਰਨ ਦਾ ਨਾਮ ਹੈ। ਮਤਸਰ=ਈਰਖਾ। ਪਰਉਤਕਰਖਹ=ਦੂਜੇ ਨੂੰ ਆਪਣੇ ਨਾਲੋਂ ਵਡਾ ਜਾਣ ਲੈਣ ਦਾ ਨਾਮ ਹੈ।

੧. 'ਅਨੁਸੂਆ' ਨੇ ਭਲੀ ਪ੍ਰਕਾਰ ਸੰਖ ਵਜਾ ਕੇ, 'ਮਤਸਰ' ਨੂੰ ਜਿੱਤ ਲਿਆ ਹੈ। ੨. 'ਪਰਉਤਕਰਖਕ' ਭਾਵਨਾ ਨੇ 'ਮਦ' ਨੂੰ ਨਸ਼ਟ ਕਰ ਦਿਤਾ ਹੈ ॥ ੫੫ ॥

ਬਿਸ਼ਨੁ ਭਗਤੀ ਉਵਾਚ ॥

**ਦੋਹਰਾ—੧, ਭਲਾ ਭਯਾ ਅਰਿ ਗਨ ਮੁਏ, ਸੰਘਰ ਭੂਮਿ ਮਿਝਾਰ ॥**

Sri Satguru Jagjit Singh Ji Elibrary NamdhariElibrary@gmail.com

**੨. ਮਹਾਂ ਮੋਹ ਬ੍ਰਿਤਾਂਤ ਜੋ, ਮੋਕੋ ਕਰੋ ਉਚਾਰ ॥ ੫੬ ॥**

ਵਿਸ਼ਨੂੰ ਭਗਤੀ ਕਹਿਣ ਲਗੀ-੧. ਚੰਗਾ ਹੋਇਆ, ਜੋ ਜੁਧ ਭੂਮੀ ਵਿਚ ਸਾਰੇ ਵੈਰੀ ਮਰ ਗਏ ਹਨ। ੨. ਮਹਾਂ ਮੋਹ ਦਾ ਜੋ ਬ੍ਰਿਤਾਂਤ ਹੈ, [ਹੇ ਮਾਤਾ ! ਹੁਣ ਤੂੰ] ਮੈਨੂੰ ਉਹ ਦੱਸ ਦੇਹ ॥ ੫੬ ॥

ਸਰਧਾ ਉਵਾਚ ॥

**ਦੋਹਰਾ-੧. ਯੋਗ ਉਪਸਰਗਨ ਸੰਗ ਪੁਨ, ਮਹਾਂ ਮੋਹ ਖਲ ਜੋਇ ॥**
**੨. ਲੀਨ ਭਯੋ ਕਹਿ ਕੰਦਰੇ ਜਾਪਤ ਨਾਹੀ ਸੋਇ ॥ ੫੭ ॥**

ਉਪਸਰਗਨ=ਸਿੱਧੀਆਂ।

ਸਰਧਾ ਨੇ ਉਤਰ ਦਿਤਾ-੧. ਮਹਾਂ ਮੋਹ ਜੋ [ਮਹਾਂ] ਮੂਰਖ ਹੈ, ਉਹ ਯੋਗ ਸਿੱਧੀਆਂ ਨੂੰ ਆਪਣੇ ਨਾਲ [ਲੈਕੇ]। ੨. ਪਹਾੜ ਦੀ ਕਿਸੇ ਕੰਦਰਾ ਵਿਚ ਜਾਕੇ ਲੁਕ ਗਿਆ ਹੈ ਅਤੇ ਉਹ [ਕਿਸੇ ਜਗ੍ਹਾ ਤੇ ਭੀ] ਮਲੂਮ ਨਹੀਂ ਹੁੰਦਾ [ਪਰ ਇਹ ਗੱਲ ਨਿਸਚਿਤ ਹੈ ਕਿ ਮਹਾਂ ਮੋਹ ਮੋਇਆ ਨਹੀਂ ਹੈ, ਕਿਸੇ ਜਗ੍ਹਾ ਉਤੇ ਜਾ ਕੇ ਲੁਕ ਹੀ ਗਿਆ ਹੈ] ॥ ੫੭ ॥

ਬਿਸ਼ਨੁ ਭਗਤੀ ਉਵਾਚ ॥

**ਚੌਪਈ ॥**

**੧. ਮੋਹ ਅਨਰਥਹਿ ਕਾਰਣ ਜੋਈ ॥ ਰਹਯੋ ਸ਼ੇਖ ਯਹਿ ਭਲੀ ਨ ਹੋਈ ॥**
**੨. ਪੁਰਖ ਵਿਵੇਕੀ ਜੋ ਸੁਰ ਗਿਆਨ ॥ ਜੌ ਚਾਹੇ ਅਪਨੀ ਕਲਿਆਨ ॥ ੫੮ ॥**

ਬਿਸ਼ਨੁ ਭਗਤੀ ਕਹਿਣ ਲਗੀ-੧. 'ਜੋ ਮਹਾਂ ਮੋਹ ਸਾਰੇ ਅਨਰਥਾਂ ਦਾ ਕਾਰਨ ਹੈ, ਉਹ ਬਾਕੀ ਜੀਉਂਦਾ ਰਹਿ ਗਿਆ ਹੈ,' ਇਹ ਗਲ ਚੰਗੀ ਨਹੀਂ ਹੋਈ (ਇਸ ਤਰ੍ਹਾਂ ਜੀਵ ਦੀ ਕਲਿਆਨ ਕਿਵੇਂ ਹੋਵੇਗੀ ? ਕਿਉਂਕਿ) ੨. ਜੋ ਸਰੇਸ਼ਟ ਗਿਆਨ ਵਾਲੇ ਵਿਵੇਕੀ ਪੁਰਸ਼ ਹਨ, (ਉਹ ਇਸ ਤਰ੍ਹਾਂ ਕਿਹਾ ਕਰਦੇ ਹਨ ਕਿ ਹੇ ਲੋਕੋ !) ਜੇਕਰ ਆਪਣੀ ਕਲਿਆਨ (ਸੁਖ) ਚਾਹੁੰਦੇ ਹੋ ॥ ੫੮ ॥ ਤਦ-

**ਦੋਹਰਾ-੧. ਅਗਨਿ ਰਿਣ ਅਰੁ ਸਤ੍ਰੂ ਕੋ ਦੇਵੇ ਮੂਲ ਉਖਾਰ ॥**
**੨. ਰਹੇ ਸ਼ੇਖ ਕਾਹੂੰ ਸਮੇ, ਬਹੁਰ ਦੇਇ ਦੁਖ ਭਾਰ ॥ ੫੯ ॥**

੧. ਅੱਗ, ਕਰਜ਼ਾ ਅਤੇ ਵੈਰੀ (ਇਨ੍ਹਾਂ ਤਿੰਨਾਂ) ਨੂੰ ਮੁਢ ਤੋਂ ਪੁਟ ਦੇਵੇ। ੨. ਜੇਕਰ ਕੁਝ ਬਾਕੀ ਰਹਿ ਗਿਆ ਤਾਂ ਇਹ ਫੇਰ ਹੋਰ ਕਿਸੇ ਸਮੇਂ ਬੜਾ ਭਾਰੀ ਦੁਖ ਦੇਵੇਗਾ। [ਇਸ ਲਈ ਮੋਹ ਦਾ ਜੀਉਂਦੇ ਰਹਿਣਾ ਜੀਵ ਦੇ ਹਕ ਵਿਚ ਚੰਗਾ ਨਹੀਂ ਹੋਇਆ, ਪਰ ਹੱਛਾ, ਪ੍ਰਭੂ ਦੀ ਮਰਜ਼ੀ ਹੀ ਇਵੇਂ ਹੋਵੇਗੀ] ॥ ੫੯ ॥

**ਚੌਪਈ ॥**

**੧. ਮਨ ਕੋ ਸਮਾਚਾਰ ਹੈ ਜੋਈ ॥ ਸਰਧਾ ਕਹੋ ਪ੍ਰਗਟ ਮੋਹਿ ਸੋਈ ॥**
**੨. ਸਰਧਾ ਲਾਗੀ ਕਰਨ ਬਖਾਨ ॥ ਬਿਸ਼ਨ ਭਗਤਿ ਸੁਨੀਐ ਦੇ ਕਾਨ ॥੬੦॥**

੧. ਹੇ ਸਰਧਾ ! ਜੋ ਮਨ ਦਾ ਸਮਾਚਾਰ ਹੈ, ਉਹ ਸਾਰਾ ਮੈਨੂੰ ਪ੍ਰਗਟ ਕਰਕੇ ਕਹੋ। ੨. ਸਰਧਾ ਕਥਨ ਕਰਨ ਲਗੀ ਤਾਂ ਉਸ ਨੇ ਕਿਹਾ ਹੇ ਵਿਸ਼ਨੁ ਭਗਤੀ ! ਕੰਨ ਦੇ ਕੇ ਸੁਣੋਂ ॥ ੬੦ ॥

**੧. ਮੂਏ ਪੂਤ ਅਰੁ ਪੋਤੇ ਸਾਰੇ ॥ ਭਯੋ ਦੂਖ ਮਨ ਚੀਤ ਮਝਾਰੇ ॥**

Sri Satguru Jagjit Singh Ji Elibrary NamdhariElibrary@gmail.com

**੨. ਸ਼ੋਕ ਵੇਗ ਮਨ ਭੂਰ ਬਹਾਯੋ ॥ ਜੀਵਨ ਤਯਾਗ ਸੁ ਤਹਿ ਠਹਰਾਯੋ ॥ ੬੧ ॥**

੧. (ਜਦ ਮਨ ਦੇ) ਸਾਰੇ ਪੁਤਰ ਅਤੇ ਪੋਤਰੇ ਮਰ ਗਏ, ਤਦ ਮਨ ਦੇ ਚਿਤ ਵਿਚ ਬੜਾ ਭਾਰੀ ਦੁਖ ਹੋਇਆ। ੨. ਸ਼ੋਕ ਦੇ ਮਹਾਂ ਵੇਗ (ਵਡੇ ਪ੍ਰਵਾਹ) ਵਿਚ ਮਨ ਰੁੜ ਤੁਰਿਆ ਅਤੇ ਉਸ ਨੇ ਜ਼ਿੰਦਗੀ ਨੂੰ ਤਿਆਗ ਦੇਣ ਦਾ ਪੱਕਾ ਨਿਸਚਾ ਕਰ ਲਿਆ ਹੈ ॥ ੬੧ ॥

## ਚੌਪਈ॥

**੧. ਬਿਸਨੁ ਭਗਤਿ ਮੁਖ ਮੈਂ ਮੁਸਕਾਨੀ॥ ਬਹੁਰੋ ਯਾ ਬਿਧਿ ਕੀਨ ਬਖਾਨੀ॥**
**੨. ਜੌ ਮਨ ਮਰੇ ਸੁ ਜਗਤ ਮਝਾਰੇ॥ ਤੌ ਸਭ ਕਾਰਯ ਹੋਹਿੰ ਹਮਾਰੇ॥ ੬੨॥**

੧. (ਮਨ ਦੇ ਮਰਨ ਦਾ ਇਰਾਦਾ ਸੁਣਕੇ) ਵਿਸ਼ਨੂੰ ਭਗਤੀ ਬੁਲ੍ਹਾਂ ਵਿਚ ਹੀ ਮੁਸਕ੍ਰਾਈ ਅਤੇ ਫਿਰ ਇਸ ਤਰ੍ਹਾਂ ਕਹਿਣ ਲੱਗੀ। ੨. ਜੇਕਰ ਜਗਤ ਵਿਚ [ਰਹਿੰਦਿਆਂ] ਮਨ ਮਰ ਜਾਵੇ, ਤਦ ਸਾਡੇ ਸਾਰੇ ਹੀ ਕੰਮ ਪੂਰੇ ਹੋ ਜਾਣਗੇ ॥ ੬੨ ॥

## ਚੌਪਈ॥

**੧. ਪੁਰਖ ਸਨਾਤਨ ਹੈ ਜਗ ਜੋਈ ॥ ਪਰਮਾਨੰਦ ਸੁ ਪਾਵੈ ਸੋਈ॥**
**੨. ਪਰ ਦੁਸ਼ਟਾਤਮ ਮਨ ਹੈ ਜੋਈ॥ ਜੀਵਨ ਤਯਾਗ ਕਹਾਂ ਤਿਨ ਹੋਈ॥੬੩॥**

੧. ਅਰਥਾਤ, ਜੋ ਜਗਤ ਵਿਚ ਸਨਾਤਨ ਪੁਰਖ ਹੈ, [ਬੰਧਨਾਂ ਤੋਂ ਰਹਿਤ ਹੋਕੇ] ਪਰਮਾਨੰਦ ਅਵਸਥਾ ਨੂੰ ਪਾ ਲਵੇਗਾ। ੨. ਪਰ ਇਹ ਜੋ ਦੁਸ਼ਟ ਸੁਭਾਵ ਵਾਲਾ ਮਨ ਹੈ, ਉਸ ਤੋਂ ਪ੍ਰਾਣਾਂ ਦਾ ਤਿਆਗ ਕਿਵੇਂ ਹੋ ਸਕਦਾ ਹੈ ? [ਇਹ ਮਨ ਮਰ ਨਹੀਂ ਸਕਦਾ, ਜੇ ਇਹ ਮਰ ਜਾਵੇ ਤਾਂ ਫਿਰ ਸਾਰੇ ਹੀ ਵੈਰੀ ਮਰ ਜਾਂਦੇ ਹਨ ਅਤੇ ਸਾਰਾ ਜਗਤ ਹੀ ਜਿਤਿਆ ਜਾ ਸਕਦਾ ਹੈ] ਯਥਾ–'ਮਨੁ ਰਿਪੁ ਜੀਤਾ, ਸਭ ਰਿਪੁ ਜੀਤੇ ॥ ਮਨ ਰਿਪੁ ਜੀਤੇ, ਸਭ ਰਿਪੁ ਜੀਤੇ' ਜਿਸਨੇ ਮਨ ਵੈਰੀ ਨੂੰ ਜਿੱਤ ਲਿਆ ਹੈ, ਉਸਨੇ ਸਾਰੇ ਵੈਰੀ ਜਿੱਤ ਲਏ ਹਨ, ਜੈਸਾ ਕਿ 'ਮਨ ਜੀਤੈ ਜਗੁ ਜੀਤ' ਗੁਰੂ ਜੀ ਦਾ ਹੁਕਮ ਹੈ ਅਤੇ ਜਿਸਦਾ ਮਨ ਵੈਰੀ ਜੀਉਂਦਾ ਹੈ, ਉਸਦੇ ਸਾਰੇ ਵੈਰੀ ਜੀਉਂਦੇ ਹਨ। ਇਹ ਦੁਸ਼ਟ ਮਨ ਕਹਿੰਦਾ ਤਾਂ ਜ਼ਰੂਰ ਹੈ, ਪਰ ਮਰਦਾ ਨਹੀਂ ਹੈ ॥ ੬੩ ॥

## ਚੌਪਈ ॥

**੧. ਸਰਧਾ ਬਹੁਰ ਸੁ ਕੀਨ ਬਖਾਨ ॥ ਬਿਸ਼ਨੁ ਭਗਤਿ ਮੇ ਭਾਖਯੋ ਮਾਨ ॥**
**੨. ਬੋਧ ਉਦੈ ਹਿਤ ਤੂੰ ਦ੍ਰਿਢ ਹੋਈ॥ ਬੇਗ ਮਰੈ ਮਨ ਰਹੇ ਨ ਕੋਈ॥ ੬੪ ॥**

੧. ਸਰਧਾ ਫੇਰ ਕਹਿਣ ਲੱਗੀ–ਹੇ ਵਿਸ਼ਨੂੰ ਭਗਤੀ ! ਤੂੰ ਮੇਰਾ ਕਿਹਾ ਮੰਨ। ੨. ਗਿਆਨ ਦੇ ਪੈਦਾ ਹੋਣ ਦੇ ਵਾਸਤੇ ਤੂੰ ਦ੍ਰਿੜ੍ਹ ਹੋਕੇ ਪੁਰਖ ਦੇ ਹਿਰਦੇ ਵਿਚ ਨਿਵਾਸ ਕਰ, ਤਦ ਮਨ ਛੇਤੀ ਹੀ ਮਰ ਜਾਵੇਗਾ [ਅਤੇ ਸਾਡਾ ਵਿਰੋਧੀ] ਹੋਰ ਕੋਈ ਭੀ ਜੀਉਂਦਾ ਨਾ ਰਹੇਗਾ ॥ ੬੪ ॥

**੩. ਬਿਸਨੁ ਭਗਤਿ ਕਰ ਅੰਗੀਕਾਰ ॥ ਬਹੁਰੋ ਲਾਗੀ ਕਰਨ ਉਚਾਰ॥**
**੪. ਵੈਰਾਗ ਉਤਪਤਿ ਹੇਤੁ ਯੌ ਕੀਜੈ ॥ ਬਯਾਸ ਸਰੁਸ੍ਤੀ ਤਹਾਂ ਪਠੀਜੈ ॥੬੫॥**

੩. ਵਿਸ਼ਨੂੰ ਭਗਤੀ [ਨੇ ਸਰਧਾ ਦਾ ਕਿਹਾ] ਪ੍ਰਵਾਨ ਕਰ ਲਿਆ ਅਤੇ ਫਿਰ [ਸਰਧਾ ਨੂੰ ਇਸ ਤਰ੍ਹਾਂ] ਕਹਿਣ ਲੱਗੀ। ੪. ਹੇ ਮਾਤਾ ! ਪਹਿਲੇ ਵੈਰਾਗ ਉਤਪੰਨ ਹੋਵੇਗਾ, ਤਾਂ ਗਿਆਨ ਹੋ ਸਕੇਗਾ, ਇਸ ਲਈ ਵੈਰਾਗ ਦੀ ਉਤਪਤੀ ਦੇ ਵਾਸਤੇ ਬਿਆਸ–ਸਰਸ੍ਵਤੀ ਨੂੰ ਮਨ ਦੇ ਕੋਲ ਭੇਜ ਦੇਵੋ ਕਿਉਂਕਿ ਵੈਰਾਗ ਪੈਦਾ ਹੋਏ

Sri Satguru Jagjit Singh Ji Elibrary NamdhariElibrary@gmail.com

ਤੋਂ ਬਿਨਾਂ ਗਿਆਨ ਦਾ ਪੈਦਾ ਹੋਣਾ ਅਸੰਭਵ ਹੈ ॥ ੬੫ ॥

**ਦੋਹਰਾ—੧. ਭਈ ਸੁ ਅੰਤਰ ਧਿਆਨ ਵਹੁ, ਐਸੇ ਮੁਖੋ ਅਲਾਇ ॥**
**ਮਨ ਸੰਕਲਪ ਸੁ ਦੋਨ ਪੁਨ, ਬਰੇ ਸਭਾ ਮਹਿ ਆਇ ॥ ੬੬ ॥**

ਇਸ ਤਰ੍ਹਾਂ ਕਹਿਕੇ ਉਹ ਦੋਵੇਂ ਸਰਧਾ ਤੇ ਵਿਸ਼ਨੂੰ ਭਗਤੀ ਅਖਾੜੇ ਵਿਚੋਂ ਚਲੀਆਂ ਗਈਆਂ, ਇਨ੍ਹਾਂ ਦੇ ਚਲੇ ਜਾਣ ਮਗਰੋਂ ਮਨ ਤੇ ਮਨ ਦਾ ਪੁਤ੍ਰ 'ਸੰਕਲਪ', ਦੋਵੇਂ ਹੀ ਰਾਜ ਸਭਾ (ਅਖਾੜੇ) ਵਿਚ ਆ ਗਏ ॥੬੬॥

## ਸਵੈਯਾ ॥

**੧. ਮਨ ਨੈਨਨਿ ਤੇ ਅਤਿ ਨੀਰ ਬਹੇ, ਪੁਨਿ ਮੂੰਡ ਧੁਨੇ ਮੁਖ ਏਹ ਅਲਾਈ ॥**
**੨. ਕਹਿ ਪੂਤ ਗਏ ਤਜਿ ਮੋਹਿ ਇਹਾਂ, ਇਕ ਬਾਰ ਸੁ ਦੇਵਹੁ ਫੇਰ ਦਿਖਾਈ ॥**
**੩. ਕਹਿੰ ਰਾਗ ਗਯੋ ਕਹਿੰ ਦੋਖ ਗਯੋ, ਮਦ ਮਾਨ ਮੁਏ ਕਛੁ ਸਾਰ ਨ ਪਾਈ ॥**
**੪. ਮਮ ਅੰਗਨ ਮੈਂ ਦੁਖ ਆਗ ਬਲੇ,ਇਕ ਬਾਰ ਮਿਲੋ ਗਲ ਭੀਤਰ ਆਈ॥੬੭॥**

੧. (ਜਿਸ ਵੇਲੇ ਮਨ ਸਭਾ ਵਿਚ ਆਇਆ, ਉਸ ਦੀ ਇਹ ਹਾਲਤ ਸੀ, ਕਿ) ਮਨ ਦੀਆਂ ਅੱਖਾਂ ਤੋਂ ਫਰਨ ਫਰਨ ਪਾਣੀ ਵਗਦਾ ਸੀ ਅਤੇ ਠੰਡੇ ਹਉਕੇ ਲੈਂਦਾ ਹੋਇਆ ਮਨ ਸਿਰ ਫੇਰਦਾ ਹੋਇਆ ਮੂੰਹੋਂ ਇਹ ਕਹਿ ਰਿਹਾ ਸੀ। ੨. ਹੇ ਮੇਰੇ ਪਿਆਰੇ ਪੁਤਰੋ ! ਮੈਨੂੰ ਇਥੇ ਛੱਡ ਕੇ ਤੁਸੀਂ ਕਿਥੇ ਚਲੇ ਗਏ ਹੋ ? ਬਚਿਓ ਇਕ ਵੇਰੀ (ਤਾਂ ਆਣਕੇ, ਮੈਨੂੰ) ਫੇਰ ਮੁਖ ਵਿਖਾਓ। ੩. (ਮੇਰਾ ਪੁਤ੍ਰ) ਕਿਥੇ ਚਲਾ ਗਿਆ ? (ਦੂਜਾ ਮੇਰਾ ਪੁਤ੍ਰ) 'ਦੋਖ' ਕਿਥੇ ਚਲਾ ਗਿਆ ? (ਹਾਇ ! ਮੇਰਾ ਪੁਤ੍ਰ 'ਮਦ-ਮਾਨ' ਭੀ ਮਰ ਗਿਆ ? ਕਿਸੇ ਦੀ ਭੀ ਕੁਝ ਖਬਰ ਨਹੀਂ ਮਿਲਦੀ, ਇਕ ਦਮ ਸਾਰੇ ਹੀ ਮਰ ਗਏ ? ੪. ਮੇਰੇ ਹਿਰਦੇ ਵਿਚ (ਤੁਹਾਡੇ ਵਿਛੋੜੇ ਦੇ) ਦੁਖ ਰੂਪ ਅੱਗ ਦਾ ਭਾਂਬੜ ਮੱਚ ਰਿਹਾ ਹੈ, [ਬਚਿਓ !] ਇਕ ਵੇਰੀ ਆਣਕੇ, ਮੈਨੂੰ ਗਲ ਲਗ ਕੇ ਮਿਲੋ ॥ ੬੭ ॥

## ਸਵੈਯਾ ॥

**੧. ਇਹ ਠੌਰ ਨ ਬ੍ਰਿਧ ਜਹਾਜ ਕੋਊ ਮਮ ਸੋਕ ਸਮੁੰਦਹਿ ਤੇ ਗਹਿ ਤਾਰੇ ॥**
**੨. ਸੁ ਅਸੂਯਾ ਤੇ ਆਦਿ ਸਭੇ ਦੁਹਿਤਾ ਕਿਹ ਠੌਰ ਗਈਂ ਨ ਅਹੇ ਕਛੁ ਸਾਰੇ ॥**
**੩. ਤ੍ਰਿਸ਼ਨਾਦਿਕ ਜੋ ਸੁਤ ਨਾਰਿ ਹੁਤੀ ਕਿਹ ਭਾਂਤਿ ਮੂਈ ਸਭ ਲੋਕ ਮਝਾਰੇ ॥**
**੪. ਬਿਨ ਭਾਗ ਸੁ ਮੈਂ ਦੁਖ ਭੂਰ ਭਏ ਇਕ ਬਾਰ ਮੂਏ ਸਭ ਬੰਧ ਹਮਾਰੇ॥੬੮॥**

੧. [ਹਾਇ !] ਇਸ ਥਾਂ ਤੇ ਕੋਈ ਵਡਾ ਜਹਾਜ ਭੀ ਨਹੀਂ ਹੈ ? ਜੋ ਫੜ ਕੇ, ਮੈਨੂੰ ਸ਼ੋਕ ਸਮੁੰਦਰ ਤੋਂ ਪਾਰ ਲੰਘਾ ਦੇਵੇ [ਮੈਂ ਤਾਂ ਇਸ ਸ਼ੋਕ ਸਮੁੰਦਰ ਵਿਚ ਹੀ ਡੁਬ ਰਿਹਾ ਹਾਂ]। ੨. 'ਈਰਖਾ' ਤੋਂ ਆਦਿ [ਲੈ ਕੇ ਜਿਹੜੀਆਂ ਮੇਰੀਆਂ] ਧੀਆਂ ਹੈਗੀਆਂ ਸਨ, ਉਹ ਸਾਰੀਆਂ ਭੀ ਕਿਧਰ ਨੂੰ ਚਲੀਆਂ ਗਈਆਂ, ਇਸ ਵੇਲੇ ਮੈਨੂੰ ਉਨ੍ਹਾਂ ਦੀ ਭੀ ਕੁਝ ਖਬਰ ਨਹੀਂ [ਤ੍ਰਿਸ਼ਨਾ, ਹਿੰਸਾ ਤੇ ਰਤੀ ਆਦਿਕ ਜਿਹੜੀਆਂ ਮੇਰੀਆਂ [ਸੁਤ-ਨਾਰ] ਨੂੰਹਾਂ ਸਨ, ਉਹ ਸਾਰੀਆਂ ਜਗਤ ਵਿਚੋਂ ਇਕੋ ਵੇਰੀ ਕਿਸ ਤਰ੍ਹਾਂ ਮਰ ਗਈਆਂ ? ੪. ਮੈਂ ਬਿਲਕੁਲ ਭਾਗਾਂ ਤੋਂ ਹੀਣ ਹਾਂ, ਮੈਨੂੰ ਬੜੇ ਦੁਖ ਹੋ ਗਏ ਹਨ, ਕਿਉਂਕਿ ਮੇਰੇ ਸਾਰੇ ਹੀ ਸਕੇ ਸਨਬੰਧੀ ਇਕੋ ਵੇਰੀ ਹੀ ਮਰ ਗਏ ਹਨ, ਅਤੇ ਇਕ ਭੀ ਜੀਉਂਦਾ ਨਹੀਂ ਰਿਹਾ ਹੈ ॥ ੬੮ ॥

Sri Satguru Jagjit Singh Ji Elibrary	NamdhariElibrary@gmail.com

**ਸਵੈਯਾ ॥**

**. ਅਬ ਬ੍ਯਾਕੁਲ ਮੈਂ ਉਰ ਭੂਰ ਭਯੋ ਬਿਖ ਪਾਵਕ ਜਾਨ ਲਗੀ ਉਰ ਆਏ ॥**
**. ਅਤਿ ਦੂਖ ਭਯੋ ਤਨ ਛੀਜਤ ਹੈ, ਦੁਖ ਸ਼ੋਕ ਦਵਾਨਲ ਦੇਹ ਤਪਾਏ ॥**
**. ਮਮ ਆਜ ਬਿਬੇਕ ਸੁ ਲੋਪ ਭਯੋ ਸੁਤ ਮੋਹ ਮਹਾਂ ਉਰ ਮਾਹਿ ਬਢਾਏ ॥**
**. ਅਬ ਜੀਵਨ ਮੈਂ ਜਗ ਦੂਰ ਭਯੋ ਤਨ ਤਾਪ ਬਡੋ ਉਰ ਮਾਂਹਿ ਤਪਾਏ॥੬੯॥**

੧. ਹੁਣ ਮੇਰਾ ਹਿਰਦਾ ਬੜਾ ਵਿਆਕੁਲ ਹੋ ਰਿਹਾ ਹੈ, (ਜਿਵੇਂ ਕੋਈ ਜ਼ਹਿਰ ਖਾ ਲਵੇ, ਤਾਂ ਉਸਦਾ ਲਜਾ ਸੜਦਾ ਹੈ, ਇਵੇਂ ਹੀ) ਮੇਰੇ ਕਲੇਜੇ ਨੂੰ ਆਕੇ ਵਿਛੋੜੇ ਦੇ ਦੁਖ ਦੀ ਅੱਗ ਲਗ ਗਈ ਹੈ, ਮਾਨੋਂ ਹਰ ਖਾਧੀ ਹੋਈ ਹੈ। ੨. ਏਨਾ ਵਡਾ ਦੁਖ ਹੋਇਆ ਹੈ ਕਿ ਸਰੀਰ ਖੁਸ ਰਿਹਾ ਹੈ ਅਤੇ (ਪੁਤਰਾਂ ਦੇ ਵਿਛੋੜੇ ) ਦੁਖ ਤੇ ਸ਼ੋਕ ਰੂਪ ਡੋ-ਅਗਨੀ ਮੇਰੀ ਦੇਹ ਨੂੰ ਤਪਾ ਰਹੀ ਹੈ। (ਮੈਂ ਜਾਣਦਾ ਸਾਂ ਜੋ ਜਗਤ ਦੇ ਸਾਰੇ ਪਦਾਰਥ ੇ ਹਨ, ਇਨ੍ਹਾਂ ਵਿਚੋਂ ਕੋਈ ਭੀ ਸਦਾ ਰਹਿਣ ਵਾਲਾ ਨਹੀਂ ਹੈ, ਕੇਵਲ ਇਕ ਆਤਮਾ ਹੀ ਸੱਤ ਹੈ ਅਤੇ ਉਹ ਤਮਾ ਦੁਖਾਂ ਕਲੇਸ਼ਾਂ ਤੋਂ ਰਹਿਤ ਹੈ)। ੩. ਪਰ ਅੱਜ ਮੇਰਾ ਉਹ ਵਿਵੇਕ ਭੀ ਲੋਪ ਹੋ ਗਿਆ ਹੈ, ਇਸ ਵੇਲੇ ਕੇਵਲ ਪੁਤ੍ਰਾਂ ਦਾ ਮੋਹ ਹੀ ਹਿਰਦੇ ਵਿਚ ਛਾ ਗਿਆ ਹੈ। ੪. (ਇਸ ਮੋਹ ਕਰਕੇ) ਹੁਣ ਮੇਰਾ ਜਗਤ ਦਾ ਉਣਾ ਦੂਰ ਹੋ ਗਿਆ ਹੈ,ਅਰਥਾਤ ਹੁਣ ਜਗਤ ਵਿਚ ਮੇਰਾ ਜੀਉਂਦਾ ਰਹਿਣਾ ਬਹੁਤ ਮੁਸ਼ਕਲ ਹੈ, ਕਿਉਂਕਿ ੇ ਸਰੀਰ ਵਿਚ ਸ਼ੋਕ ਰੂਪ ਤਾਪ ਵਧ ਗਿਆ ਹੈ ਅਤੇ ਉਹ ਤਾਪ ਮੇਰੇ ਸਾਰੇ ਸਰੀਰ ਨੂੰ ਤਪਾ ਰਿਹਾ ਹੈ ॥੬੯॥

**ਹਰਾ—੧. ਯੌਂ ਨ੍ਰਿਪ ਸਭਾ ਮਝਾਰ ਮਨ ਭਈ ਮੂਰਛਾ ਭਾਰ ॥**
**੨. ਆਇ ਸੰਕਲਪ ਸੁ ਤਿਹ ਕਹਯੋ ਰਾਜਨ ਦੇਹ ਸੰਭਾਰ ॥ ੭੦॥**

੧. (ਰਾਜੇ ਕੀਰਤ ਵਰਮਾ ਦੀ) ਸਭਾ ਵਿਚ ਇਸ ਤਰ੍ਹਾਂ ਵਿਰਲਾਪ ਕਰਦਿਆਂ ਕਰਦਿਆਂ ਮਨ ਨੂੰ ੜੀ ਭਾਰੀ ਮੂਰਛਾ ਹੋ ਗਈ ਅਤੇ ਉਹ ਬੇਸੁਧ ਹੋਕੇ ਧਰਤੀ ਉੱਤੇ ਡਿਗ ਪਿਆ। ੨. ਉਸ (ਵੇਲੇ ਉਸ ਦੇ ਤ੍ਰ) 'ਸੰਕਲਪ' ਨੇ ਆਕੇ ਉਸ ਨੂੰ ਕਿਹਾ—'ਹੇ ਰਾਜਨ ! (ਸਾਵਧਾਨ ਹੋਕੇ) ਦੇਹ ਨੂੰ ਸੰਭਾਲੋ' (ਕਿਵੇਂ ਮਿੱਟੀ ਟੇ ਵਿਚ ਡਿੱਗ ਕੇ ਆਪਣੀ ਦੇਹ ਨੂੰ ਰੁਲਾ ਰਹੇ ਹੋ ? ਉਠੋ, ਸੁਰਤ ਕਰੋ) ॥ ੭੦ ॥

**ਹਰਾ—੧. ਸਾਵਧਾਨ ਮਨ ਹੋਹਿ ਪੁਨ ਬੋਲਯੋ ਯੌਂ ਮੁਖ ਮਾਂਹਿ ॥**
**੨. ਕਹਾਂ ਪ੍ਰਵਿਰਤਿ ਸੁ ਨਾਰਿ ਮਮ ਦੇਤ ਦਿਲਾਸਾ ਨਾਂਹਿ ॥ ੭੧ ॥**

੧. (ਸੰਕਲਪ ਦੀ ਅਵਾਜ਼ ਨਾਲ) ਮਨ ਸਾਵਧਾਨ ਹੋਇਆ ਅਤੇ ਫਿਰ ਮੁਖ ਤੋਂ ਇਸ ਤਰ੍ਹਾਂ ਕਹਿਣ ਗਾ। ੨. ਮੇਰੀ ਇਸਤ੍ਰੀ ਜੋ ਪ੍ਰਵਿਤੀ (ਨਾਮ ਵਾਲੀ ਸੀ, ਅੱਜ) ਉਹ ਕਿਥੇ ਚਲੀ ਗਈ ਹੈ ? ਮੈਨੂੰ ਆਕੇ ਹ ਭੀ ਦਿਲਾਸਾ ਨਹੀਂ ਦੇਂਦੀ ॥ ੭੧ ॥

**ਹਰਾ—੧. ਸੁਨ ਸੰਕਲਪ ਦ੍ਰਿਗ ਨੀਰ ਅਤਿ ਲਾਗੋ ਕਰਨ ਉਚਾਰ ॥**
**੨. ਦੇਵ ! ਪ੍ਰਵਿਰਤਿ ਸੁ ਕਹਾਂ ਅਬ ਢੂੰਢੋ ਜਗਤ ਮਝਾਰ ॥ ੭੨ ॥**

੧. (ਮਨ ਦੇ ਮੂੰਹੋਂ ਇਸ ਤਰ੍ਹਾਂ ਦਾ ਵਿਰਲਾਪ) ਸੁਣਕੇ, ਸੰਕਲਪ ਦੀਆਂ ਅੱਖਾਂ ਵਿਚੋਂ ਬਹੁਤ ਜਲ ਤਣ ਲਗ ਪਿਆ ਅਤੇ ਰੋਂਦਾ ਹੋਇਆ ਕਹਿਣ ਲਗਾ— ੨. ਹੇ ਦੇਵ ! ਹੁਣ ਉਹ ਪਰਵਿਰਤੀ ਕਿਥੇ ਹੈ ? ਗਤ ਵਿਚ ਉਸਨੂੰ ਹੁਣ ਕਿਥੇ ਢੂੰਡੋਗੇ ? ॥ ੭੨ ॥

**ਦੋਹਰਾ-੧. ਕੁਟੰਬ ਸ਼ੋਕ ਦਵ ਦਾਹ ਸੋਂ ਦਗਧ ਰਿਦੈ ਅਤਿ ਹੋਇ ॥**
**੨. ਖੇਹ ਉਡੀ ਤਨ ਕੀ ਸੁਨੋ ਮਈ ਜਗਤ ਮੈਂ ਸੋਇ ॥ ੭੩ ॥**

੧. (ਹੇ ਦੇਵ ! ਸੁਣੋ) ਪਰਵਾਰ (ਵਿਛੋੜੇ ਦੇ ਦੁਖ ਤੇ) ਸ਼ੋਕ (ਰੂਪ) ਦਿਵ ਦਾਹ, ਅੱਗ ਦਾ ਭਾਂਬੜ ਮੱਚ ਰਿਹਾ ਹੈ, ਉਸ (ਨਾਲ ਮਾਤਾ ਪਰਵਿਰਤੀ ਦਾ) ਕਲੇਜਾ ਬਿਲਕੁਲ ਹੀ ਸੜ ਕੇ ਕੋਲੇ ਹੋ ਗਿਆ ਸੀ, ਇਸ ਤਰ੍ਹਾਂ ਉਸਦੇ ਤਨ ਦੀ ਖੇਹ ਉਡ ਗਈ ਹੈ (ਅਰਥਾਤ ਪਰਵਿਰਤੀ ਮਾਤਾ ਭੀ) ਮਰ ਗਈ ਹੈ, ਜਗਤ ਵਿਚ ਉਹ ਹੈ ਹੀ ਨਹੀਂ, ਤਾਂ ਆਪ ਨੂੰ ਦਿਲਾਸਾ ਕਿਵੇਂ ਦੇਵੇ ? ॥ ੭੩ ॥

**ਚੌਪਈ ॥**

**੧. ਹਾ ਪਿਆਰੀ ਕਹਿ ਠੌਰ ਸਿਧਾਈ ॥ ਭਯੋ ਦੁਖ ਮੋਕੋ ਅਧਿਕਾਈ ॥**
**੨. ਸੁਪਨੇ ਭੀ ਮੁਹਿ ਸੰਗ ਪਿਆਰੀ ॥ ਹਮੋ ਨ ਹੋਤੀ ਰੰਚ ਨਿਆਰੀ ॥ ੭੪ ॥**

ਮਨ ਕਹਿਣ ਲਗਾ-੧. ਹਾਇ ! ਪਿਆਰੀ ਪਰਵਿਰਤੀ ! ਤੂੰ ਕਿਸ ਜਗ੍ਹਾ ਤੇ ਚਲੀ ਗਈ ਹੈਂ ? ਮੈਨੂੰ ਹੁਣ ਬੜਾ ਭਾਰੀ ਦੁਖ ਹੋ ਰਿਹਾ ਹੈ। ੨. ਹੇ ਪਿਆਰੀ ! ਤੂੰ ਸੁਪਨੇ ਵਿਚ ਭੀ ਮੇਰੇ ਨਾਲ ਵੱਸਦੀ ਹੈਂ, ਛਿਨ ਭਰ ਵੀ ਵੱਖਰੀ ਨਹੀਂ ਹੁੰਦੀ ਸੈਂ ॥ ੭੪ ॥

**੩. ਆਜ ਭਾਗ ਬਿਨ ਦੂਰ ਸਿਧਾਈ ॥ ਜੀਵਨ ਮੋਹਿ ਭਯੋ ਦੁਖਦਾਈ ॥**
**੪. ਤੱਦਪਿ ਜੀਵੌਂ ਪਾਪੀ ਭਾਰਾ ॥ ਗਿਰਯੋ ਮੂਰਛਾ ਧਰਨਿ ਮਝਾਰਾ ॥ ੭੫ ॥**

੧. ਮੈਂ ਸੱਚ ਮੁਚ ਹੀ ਭਾਗਾਂ ਤੋਂ ਹੀਣਾ ਹਾਂ, (ਕਿਉਂਕਿ ਤੂੰ ਭੀ ਮੈਨੂੰ ਛਡਕੇ) ਅਜ ਦੂਰ ਚਲੀ ਗਈ ਹੈਂ ! ਮੇਰਾ ਜੀਉਣਾ ਹੀ ਮੈਨੂੰ ਦੁਖਦਾਈ ਹੋ ਗਿਆ ਹੈ। ੪. ਪਰ ਮੈਂ ਭਾਰਾ ਪਾਪੀ ਫਿਰ ਭੀ ਜੀਉਂਦਾ ਹਾਂ, (ਇਹ ਕਹਿੰਦਾ ਹੀ ਮਨ) ਮੂਰਛਾ (ਪਾਕੇ) ਧਰਤੀ ਉਤੇ ਡਿਗ ਪਿਆ ॥ ੭੫ ॥

ਸੰਕਲਪ ਉਵਾਚ ॥

**ਚੌਪਈ ॥**

**੧. ਰਾਜਨ ਸਵਧਾਨ ਅਤਿ ਹੂਜੇ ॥ ਹੋਨੀ ਮਾਂਹਿ ਵਿਖਾਦ ਨ ਕੀਜੇ ॥**
**੨. ਭਯੋ ਸੁਸਤ ਮਨ ਦੇਹ ਸੰਭਾਰ ॥ ਕਹੇ ਸੰਕਲਪਹ ਕੋ ਸੁ ਉਚਾਰ ॥ ੭੬ ॥**

ਸੰਕਲਪ ਕਹਿਣ ਲਗਾ-੧. ਹੇ ਰਾਜਨ ! ਆਪ ਵਡੇ ਸਾਵਧਾਨ ਹੋਵੋ, ਭਾਵੀ ਵਿਚ (ਸਥਿਰ ਹੋਕੇ) ਦੁਖ ਨਾ ਪ੍ਰਾਪਤ ਕਰੋ, (ਆਪ ਤਾਂ ਬੜੇ ਬੁਧੀਮਾਨ ਹੋ ਅਤੇ ਸਭ ਕੁਛ ਜਾਣਦੇ ਹੋ, ਕਿ ਭਾਵੀ ਅਮੇਟ ਹੈ, ਭਾਵੀ ਨੂੰ ਮੇਟਣ ਲਈ ਕੋਈ ਭੀ ਸਮਰਥ ਨਸੀਂ ਹੈ, ਤਾਂ ਫਿਰ ਦੁਖ ਕਿਸ ਗਲ ਦਾ ? ਜੋ ਹੋਣੀ ਹੈ, ਉਹ ਜ਼ਰੂਰ ਹੀ ਹੋਵੇਗੀ, ਫਿਰ ਦੁਖ ਕਿਸ ਗਲ ਦਾ ਪਉਣਾ ਹੋਇਆ ? ਸੁਚੇਤ ਹੋਵੋ। ੨. ਇਸ ਤਰ੍ਹਾਂ ਧੀਰਜ ਦੀ ਸਿਖਿਆ ਸੁਣ ਕੇ ਮਨ ਨੇ ਸੁਚੇਤ ਹੋਕੇ ਦੇਹ ਨੂੰ ਸੰਭਾਲਿਆ ਅਤੇ ਫਿਰ ਸੰਕਲਪ ਨੂੰ ਇਸ ਤਰ੍ਹਾਂ ਕਹਿਣ ਲਗਾ ॥ ੭੬ ॥

ਮਨ ਉਵਾਚ ॥

**ਚੌਪਈ ॥**

**੧. ਸੁਤ ਅਰੁ ਦਾਰ ਬਯੋਗ ਸੁ ਜੋਈ ॥ ਜਾਂਹਿ ਭਯੋ ਦੁਖ ਜਾਨਤ ਸੋਈ ॥**
**੨. ਅਬ ਜੀਵਨ ਕੀ ਚਾਹ ਨ ਮੋਕੋ ॥ ਮਰੋਂ ਬੇਗ ਇਮ ਭਾਖਤ ਤੋਕੋ ॥ ੭੭ ॥**

Sri Satguru Jagjit Singh Ji Elibrary NamdhariElibrary@gmail.com

੧. ਪੁਤ੍ਰ ਅਤੇ (ਦਾਰ=ਦਾਰਾ) ਇਸਤ੍ਰੀ ਵਿਛੋੜੇ ਦਾ ਜੋ (ਦੁਖ ਹੈ, ਇਸ) ਦੁਖ ਨੂੰ ਓਹੀ ਜਾਣਦਾ ਹੈ, ਜਿਸਨੂੰ ਹੋਇਆ ਹੁੰਦਾ ਹੈ। ਇਸ ਲਈ ਹੁਣ ਮੈਨੂੰ ਜੀਵਨ ਦੀ ਇੱਛਾ ਨਹੀਂ ਹੈ, ਮੈਂ ਹੁਣ ਛੇਤੀ ਹੀ ਮਰ ਜਾਵਾਂਗਾ, ਇਸ ਲਈ ਤੈਨੂੰ (ਇਕ ਗੱਲ) ਕਹਿੰਦਾ ਹਾਂ ॥ ੭੭ ॥

**ਦੋਹਰਾ—੧. ਚਿਤਾ ਬਨਾਵੋ ਬੇਗ ਅਬ ਕਰੌਂ ਅਨਲ ਪ੍ਰਵੇਸ਼ ॥**

**੨. ਸ਼ੋਕ ਅਨਲ ਦੁਖ ਚਾਹ ਜੋ, ਮੇਟੋ ਸਕਲ ਕਲੇਸ਼ ॥ ੭੮ ॥**

੧. ਹੇ ਪੁਤ੍ਰ ! ਹੁਣ ਛੇਤੀ ਨਾਲ ਚਿਖਾ ਬਣਾ ਦੇਹ ਅਤੇ (ਉਸ ਵਿਚ ਮੈਂ) ਪ੍ਰਵੇਸ਼ ਕਰਦਾ ਹਾਂ, ਤੂੰ ਫਿਰ ਅੱਗ ਲਗਾ ਦੇਹ। ੨. ਜੋ ਸ਼ੋਕ ਅਗਨੀ ਦਾ ਦੁਖ ਸਾੜ ਰਿਹਾ ਹੈ, (ਉਸ) ਸਾਰੇ ਕਲੇਸ਼ ਨੂੰ ਮੈਂ ਇਸ ਤਰ੍ਹਾਂ ਹੀ ਮਿਟਾ ਸਕਦਾ ਹਾਂ, (ਇਸ ਤੋਂ ਬਿਨਾਂ ਦੁਖ ਹੋਰ ਕਿਸੇ ਤਰ੍ਹਾਂ ਭੀ ਦੂਰ ਨਹੀਂ ਹੋਵੇਗਾ) ॥ ੭੮ ॥

**ਦੋਹਰਾ—੧. ਯਾ ਬਿਧ ਬਯਾਕੁਲ ਮਨ ਭਯੋ ਪਾਯੋ ਬਹੁਤ ਕਲੇਸ਼ ॥**

**੨. ਤਬੈ ਸਰੁਸ੍ਵਤੀ ਆਇ ਪੁਨ ਕੀਨੋ ਸਭਾ ਪ੍ਰਵੇਸ਼ ॥ ੭੯ ॥**

੧. ਜਦ ਇਸ ਤਰ੍ਹਾਂ ਨਾਲ ਮਨ ਵਿਆਕੁਲ ਹੋ ਗਿਆ ਅਤੇ ਉਸਨੇ ਬਹੁਤ ਹੀ ਦੁਖ ਪਾਇਆ। (ਤਦ ਫਿਰ ਉਸ ਵੇਲੇ ਸਰਸ੍ਵਤੀ ਨੇ ਆਣਕੇ (ਰਾਜੇ ਕੀਰਤ ਵਰਮਾ ਦੀ) ਸਭਾ ਵਿਚ ਪ੍ਰਵੇਸ਼ ਕੀਤਾ ॥ ੭੯ ॥

**ਸਵੈਯਾ ॥**

**੧. ਸ੍ਵੇਤ ਦੁਕੂਲ ਧਰੇ ਤਨ ਮੈਂ, ਮੁਖ ਸਾਰਦ ਚੰਦ ਸਮਾਨ ਸੁਹਾਏ ॥**

**੨. ਕਰ ਏਕ ਬਿਖੈ ਸਭ ਆਗਮ ਹੈਂ, ਪੁਨ ਏਕ ਬਿਖੈ ਮਣਿ ਮਾਲ ਫਿਰਾਏ ॥**

**੩. ਪੁਨ ਦੋਨ ਬਿਖੈ ਸੁ ਅਭੈ ਬਰ ਦਾਨ ਮਹਾਂ ਭੁਜ ਸੁੰਦਰ ਚਾਰ ਸੁਹਾਏ ॥**

**੪. ਬੈਨ ਮਯੂਖਨ ਆਤਮ ਕੇ ਤਮ ਦੂਰ ਕਰੇ ਉਰ ਤਾਪ ਮਿਟਾਏ ॥ ੮੦ ॥**

ਦੁਕੂਲ=ਦੁਪੱਟਾ। ਬੈਨ=ਬਚਨ। ਮਯੂਖਨ=ਕਿਰਣਾਂ। ਤਮ=ਅਗਿਆਨ।

੧. (ਜਿਸ ਸਰਸ੍ਵਤੀ ਨੇ) ਚਿੱਟਾ ਦੁਪੱਟਾ ਸਰੀਰ ਤੇ ਧਾਰਨ ਕੀਤਾ ਹੋਇਆ ਹੈ ਅਤੇ ਜਿਸ ਦਾ ਮੁਖ ਸਰਦ ਰੁਤ ਦੇ ਚੰਦ੍ਰਮਾ ਸਮਾਨ ਸ਼ੋਭਾ ਪਾ ਰਿਹਾ ਹੈ। ੨. ਜਿਸ ਦੇ ਇਕ ਹੱਥ ਵਿਚ ਸਾਰੇ ਸ਼ਾਸਤ੍ਰ ਫੜੇ ਹੋਏ ਹਨ ਅਤੇ ਇਕ ਹੱਥ ਨਾਲ ਮਣੀਆਂ ਦੀ ਮਾਲਾ ਫਿਰਾ ਰਹੀ ਹੈ। ੩. ਫਿਰ (ਜਿਸ ਦੀਆਂ ਦੂਜੀਆਂ) ਦੋਹਾਂ ਬਾਹਵਾਂ ਵਿਚ ਅਭੈ ਵਰ ਦਾਨ (ਧਾਰਨ ਕੀਤੇ ਹੋਏ ਹਨ, ਇਸ ਤਰ੍ਹਾਂ ਦੀਆਂ) ਮਹਾਂ ਸੁੰਦਰ ਬਾਹਵਾਂ ਸ਼ੋਭਾ ਪਾ ਰਹੀਆਂ ਹਨ। ੪. ਜੋ ਆਪਣੇ ਬਚਨਾਂ ਰੂਪੀ ਕਿਰਣਾਂ ਨਾਲ ਆਤਮ (ਸਰੂਪ) ਦੇ ਅਗਿਆਨ ਅੰਧਕਾਰ ਨੂੰ ਦੂਰ ਕਰਦੀ ਹੈ ਅਤੇ ਹਿਰਦੇ ਦੇ ਤਾਪ ਨੂੰ ਮਿਟਾਂਦੀ ਹੈ ॥ ੮੦ ॥

ਸਰੁਸ੍ਵਤੀ ਉਵਾਚ ॥

**ਚੌਪਈ ॥**

**੧. ਬਿਸ਼ਨੁ ਭਗਤਿ ਮੋਕੋ ਸੁ ਪਠਾਯੋ ॥ ਸਖੀ ਸਰੁਸ੍ਵਤੀ ਮਨ ਦੁਖ ਪਾਯੋ ॥**

**੨. ਸੰਤਾਨ ਵਿਜੋਗ ਭਯੋ ਦੁਖ ਭਾਰੀ ॥ ਕਰੋ ਜਾਇ ਤਿਹ ਬੋਧ ਉਦਾਰੀ ॥੮੧॥**

ਸਭਾ ਵਿਚ ਆਕੇ ਸਰੁਸ੍ਵਤੀ ਇਸ ਤਰ੍ਹਾਂ ਕਹਿਣ ਲਗੀ। ੧. ਵਿਸ਼ਨੂੰ ਭਗਤੀ ਨੇ ਮੈਨੂੰ ਏਥੇ ਭੇਜਿਆ ਹੈ, ਉਸਨੇ [ਮੈਨੂੰ ਕਿਹਾ ਸੀ] ਹੇ ਸਖੀ ਸਰਸ੍ਵਤੀ ! ਮਨ ਨੇ ਬੜਾ ਹੀ ਦੁਖ ਪਾਇਆ ਹੈ। ੨. ਉਲਾਦ ਦੇ ਵਿਛੋੜੇ ਦਾ ਮਨ ਨੂੰ ਬੜਾ ਭਾਰੀ ਦੁਖ ਹੋਇਆ ਹੈ, [ਤੂੰ] ਉਥੇ ਜਾਕੇ [ਮਨ ਨੂੰ ਇਸ ਤਰ੍ਹਾਂ ਦਾ ਸਰੇਸ਼ਟ ਸੁਬੋਧ ਕਰ]॥੮੧॥

**੩. ਮਨ ਕੋ ਜਿਹ ਬਿਧਿ ਹੁਇ ਵੈਰਾਗ॥ ਤੈਸੋ ਯਤਨ ਕਰੋ ਵਡਭਾਗਿ॥**
**੪. ਸੋ ਮੈਂ ਅਬ ਮਨ ਕੀ ਢਿਗ ਜਾਵੋਂ॥ ਤਹਾਂ ਜਾਇ ਵੈਰਾਗ ਉਪਾਵੋਂ॥੯੨॥**

੩. ਜਿਸ ਬਿਧੀ ਕਰਕੇ ਮਨ ਨੂੰ ਵੈਰਾਗ ਹੋ ਜਾਵੇ, ਹੇ ਵਡਭਾਗਣੇ! ਉਸੇ ਤਰ੍ਹਾਂ ਦਾ ਯਤਨ ਕਰ। ੪. ਇਸ ਲਈ ਹੁਣ ਮੈਂ ਮਨ ਦੇ ਕੋਲ ਜਾਂਦੀ ਹਾਂ ਅਤੇ ਉਥੇ ਜਾਕੇ (ਉਸਨੂੰ) ਵੈਰਾਗ ਪੈਦਾ ਕਰਾਵਾਂਗੀ॥ ੯੨॥

**ਚੌਪਈ॥**

**੧. ਗਈ ਸਰੁਸ੍ਵਤੀ ਮਨ ਢਿਗ ਆਕੁਲ॥ ਕਹਯੋ ਪੂਤ ਕਯੋਂ ਭਯੋ ਬਿਆਕੁਲ॥**
**੨. ਪੂਰਬ ਹੀ ਤੈਂ ਲਖਯੋ ਪ੍ਰਭਾਵ॥ ਸਭੈ ਅਨਿੱਤ ਅਹੈਂ ਜਗ ਭਾਵ॥ ੯੩॥**

ਆਕੁਲ=ਝੱਟ ਪਟ। ਬਿਆਕੁਲ=ਮਹਾਂ ਦੁਖੀ। ਭਾਵ=ਪਦਾਰਥ।

ਇਸ ਤਰ੍ਹਾਂ ਕਹਿਕੇ ੧. ਸਰਸਵਤੀ ਝੱਟ ਪੱਟ ਹੀ ਮਨ ਦੇ ਕੋਲ ਗਈ ਅਤੇ ਜਾਕੇ ਕਹਿਣ ਲਗੀ- ਹੇ ਪੁਤ੍ਰ! (ਤੂੰ ਇਸ ਤਰ੍ਹਾਂ ਨਾਲ) ਦੁਖੀ ਕਿਉਂ ਹੋਇਆ ਹੈਂ? ੨. ਤੂੰ ਪਹਿਲਾਂ ਤੋਂ (ਹੀ ਇਨ੍ਹਾਂ ਦੇ) ਪ੍ਰਭਾਵ ਨੂੰ ਜਾਣਦਾ ਹੈਂ, ਕਿ ਜਗਤ ਦੇ ਸਾਰੇ ਪਦਾਰਥ ਅਨਿੱਤ ਹਨ, ਇਨ੍ਹਾਂ ਵਿਚੋਂ ਕੋਈ ਸਥਿਰ ਰਹਿਣ ਵਾਲਾ ਨਹੀਂ ਹੈ॥ ੯੩॥

**ਚੌਪਈ॥**

**੧. ਅਧੇਨ ਕੀਯੋ ਤੈਂ ਨਿਖਲ ਇਤਿਹਾਸ॥ ਭਾਰਤ ਲੌ ਸਭ ਕਥਾ ਪ੍ਰਕਾਸ਼॥**
**੨. ਕਲਪ ਸ਼ਤਾਯੁ ਅਹੇ ਜਗ ਜੋਈ॥ ਮਰੇ ਅੰਤ ਚਤੁਰਾਨਨ ਸੋਈ॥ ੯੪॥**

ਅਧੇਨ=ਪੜ੍ਹਨਾ। ਨਿਖਲ=ਸਾਰੇ। ਕਲਪ=ਬ੍ਰਹਮਾ ਦੇ ਇਕ ਵਰਹੇ ਦਾ ਨਾਮ ਹੈ। ਸ਼ਤਾਯੁ= (ਸ਼ਤ+ਆਯੁ) ਸੌ, ਉਮਰਾ। ਚਤੁਰਾਨਨ=ਬ੍ਰਹਮਾ।

੧. ਤੂੰ ਸਾਰੇ ਇਤਿਹਾਸ ਪੜ੍ਹੇ ਹੋਏ ਹਨ, ਮਹਾਂ ਭਾਰਤ ਤਕ ਦੀਆਂ ਸਾਰੀਆਂ ਕਥਾ ਤੈਨੂੰ ਮਲੂਮ ਹਨ। ੨. ਜਗਤ ਵਿਚ ਜੋ ਸੌ ਕਲਪ ਦੀ ਉਮਰਾ ਵਾਲਾ ਹੈ, ਉਹ ਬ੍ਰਹਮਾ ਭੀ ਅੰਤ ਨੂੰ ਮਰ ਜਾਂਦਾ ਹੈ॥ ੯੪॥

ਪ੍ਰਸ਼ਨ-ਕਿੰਨੇ ਸਮੇਂ ਦਾ ਨਾਮ ਕਲਪ ਹੈ?

ਉੱਤਰ-ਸਤਾਰਾਂ ਲਖ ਅਠਾਈ ਹਜ਼ਾਰ ਵਰ੍ਹਾ ਸਤਿਜੁਗ ਦੀ ਉਮਰ।
ਬਾਰਾਂ ਲਖ ਛਿਆਨਵੇਂ ਹਜ਼ਾਰ ਵਰ੍ਹਾ ਤ੍ਰੇਤੇ ਦੀ ਉਮਰਾ।
ਅੱਠ ਲੱਖ ਚੌਹਨ ਹਜ਼ਾਰ ਵਰ੍ਹਾ ਦੁਆਪਰ ਦੀ ਉਮਰਾ।
ਚਾਰ ਲਖ ਬੱਤੀ ਹਜ਼ਾਰ ਵਰ੍ਹਾ ਕਲਿਜੁਗ ਦੀ ਉਮਰਾ।

ਏਨੇ ਸਮੇਂ ਦਾ ਨਾਮ ਇਕ ਚੌਕੜੀ ਕਹੀ ਜਾਂਦੀ ਹੈ।

ਇਸ ਤ੍ਰਿਤਾਲੀ ਲਖ ਤੇ ਵੀਹ ਹਜ਼ਾਰ ਵਰਹੇ ਦਾ ਨਾਮ ਇਕ ਚੌਕੜੀ ਹੈ, ਇਸ ਤਰ੍ਹਾਂ ਦੀਆਂ ੭੨ ਚੌਕੜੀਆਂ ਗੁਜ਼ਰ ਜਾਣ ਤਦ ਇੰਦ੍ਰ ਦੀ ਉਮਰਾ ਗੁਜ਼ਰਦੀ ਹੈ, ਚੌਦਾਂ ਇੰਦ੍ਰਾਂ ਦਾ ਰਾਜ ਗੁਜ਼ਰ ਜਾਵੇ ਤਾਂ ਬ੍ਰਹਮਾ ਦਾ ਇਕ ਦਿਨ ਗੁਜ਼ਰਦਾ ਹੈ, ਯਥਾ-

"ਚੌਦਾਂ ਇੰਦ੍ਰ ਵਿਨਾਸ ਕਾਲ ਬ੍ਰਹਮੇ ਦਾ ਇਕ ਦਿਵਸ ਬਿਤਾਵੇ॥" (ਭਾਈ ਗੁਰਦਾਸ)

ਦੂਜੇ ਹਿਸਾਬ ਨਾਲ ਉਪਰ ਦਸੀਆਂ ਚੌਕੜੀਆਂ ਇਕ ਹਜ਼ਾਰ ਗੁਜ਼ਰ ਜਾਣ ਤਾਂ ਬ੍ਰਹਮਾ ਦਾ ਇਕ ਦਿਨ ਖਤਮ ਹੁੰਦਾ ਹੈ ਅਤੇ ਇਕ ਹਜ਼ਾਰ ਚੌਕੜੀ ਹੋਰ ਗੁਜ਼ਰ ਜਾਵੇ ਤਾਂ ਉਸ ਦੀ ਰਾਤ ਗੁਜ਼ਰਦੀ ਹੈ। ਇਸ ਤਰ੍ਹਾਂ ਦੇ ਤੀਹਾਂ ਦਿਨਾਂ ਦੇ ਗੁਜ਼ਰਨ ਮਗਰੋਂ ਮਹੀਨਾ ਗੁਜ਼ਰਦਾ ਹੈ ਅਤੇ ਉਨ੍ਹਾਂ ਬਾਰਾਂ ਮਹੀਨਿਆਂ ਦੇ ਗੁਜ਼ਰ ਜਾਣ ਦਾ ਸਮਾਂ ਬ੍ਰਹਮਾ ਦਾ ਇਕ ਵਰ੍ਹਾ ਜਾਂ 'ਕਲਪ' ਗੁਜ਼ਰਦਾ ਹੈ।

Sri Satguru Jagjit Singh Ji Elibrary NamdhariElibrary@gmail.com

**ਚੌਪਈ ॥**

**੧. ਇੰਦ੍ਰ ਲੌ ਸੁਰ ਅਸੁਰ ਸੁ ਜੇਤੇ ॥ ਮਰੈਂ ਅੰਤ ਕੇ ਸਗਲੇ ਤੇਤੇ ॥**

**੨. ਮਨੁ ਆਦਿਕ ਮੁਨਿ ਮਹੀ ਸਮੁੰਦਾ॥ਨਸ਼ਟ ਕਰੇ ਖਿਣ ਕੋਟ ਮੁਕੰਦਾ ॥੯੫॥**

੧. ਇੰਦਰ ਤੋਂ ਲੈ ਕੇ ਜਿੰਨੇ ਭੀ ਦੇਵਤੇ ਤੇ ਦੈਂਤ ਹਨ, ਉਹ ਸਾਰੇ ਹੀ ਅੰਤ ਨੂੰ ਮਰ ਜਾਣਗੇ। ੨. ਮਨੁ ਆਦਿਕ ਮੁਨੀ ਧਰਤੀ ਤੇ ਸਮੁੰਦਰ ਆਦਿਕ ਜੋ ਕ੍ਰੋੜਾਂ (ਪਦਾਰਥ ਹਨ, ਇਨ੍ਹਾਂ ਸਭਨਾਂ ਨੂੰ) ਪਰਮਾਤਮਾ ਇਕ ਖਿਣ ਵਿਚ ਨਸ਼ਟ ਕਰ ਦੇਵੇਗਾ, ਇਸ ਸਾਰੀ ਵਿਚਾਰ ਨੂੰ ਤਾਂ ਤੂੰ ਪਹਿਲਾਂ ਤੋਂ ਹੀ ਜਾਣਦਾ ਹੈਂ ॥ ੯੫ ॥

**ਚੌਪਈ ॥**

**੧. ਅਹੋ ਮੋਹ ਕਾਂਤੇ ਤਵ ਭਯੋ ॥ ਜਾਂਤੇ ਬਡੋ ਸ਼ੋਕ ਉਰ ਛਯੋ ॥**

**੨. ਨਸ਼ਟ ਸਰੀਰ ਨਸ਼ਟ ਜਬ ਹੋਈ ॥ ਕੋਵਿਦ ਸ਼ੋਕ ਕਰੇ ਨਹਿ ਕੋਈ ॥੯੬॥**

੧. ਵਡੀ ਹੈਰਾਨੀ ਹੈ, ਤੈਨੂੰ (ਫਿਰ) ਮੋਹ ਕਿਸ ਕਾਰਨ ਤੋਂ ਹੋ ਗਿਆ? ਜਿਸ ਕਰਕੇ ਤੇਰੇ ਹਿਰਦੇ ਵਿਚ ਬੜਾ ਸ਼ੋਕ ਛਾ ਗਿਆ ਹੈ। ੨. ਨਾਸਵੰਤ ਸਰੀਰ ਜਦ ਨਾਸ ਹੋ ਜਾਵੇ, ਤਾਂ ਕੋਈ ਭੀ ਬੁਧੀਵਾਨ ਇਸਦਾ ਸ਼ੋਕ ਨਹੀਂ ਕਰਦਾ ॥ ੯੬ ॥

**੩. ਭਾਵ ਅਨਿੱਤ ਸਦਾ ਉਰ ਧਾਰੋ ॥ ਨਿੱਤ ਅਨਿੱਤ ਸੋ ਵਸਤੁ ਵਿਚਾਰੋ ॥**

**੪. ਨਿੱਤ ਅਨਿੱਤ ਬਿਬੇਕੀ ਜੋਈ ॥ ਸ਼ੋਕ ਬੇਗ ਤਿਹ ਛੁਹੇ ਨ ਕੋਈ ॥੯੭॥**

੩. ਜਗਤ ਦੇ ਸਾਰੇ ਪਦਾਰਥ ਅਨਿੱਤ ਹਨ, ਸਦਾ ਹੀ ਦਿਲ (ਵਿਚ ਇਹ ਨਿਸਚਾ) ਰਖ, ਅਤੇ ਨਿਤ ਤੇ ਅਨਿੱਤ ਵਸਤੂ ਦਾ ਵਿਚਾਰ ਕਰ (ਅਰਥਾਤ ਨਿਤ ਰਹਿਣ ਵਾਲੀ ਜੋ ਸੱਤ ਵਸਤੂ ਹੈ, ਉਸਦਾ ਗ੍ਰਹਿਣ ਕਰ ਅਤੇ ਜੋ ਸਦਾ ਨਹੀਂ ਰਹਿਣ ਵਾਲੀ, ਉਸ ਅਸੱਤ ਵਸਤੂ ਦਾ ਤਿਆਗ ਕਰ, ਜੇ ਅਨਿਤ ਦਾ ਤਿਆਗ ਹੋਵੇਗਾ ਤਾਂ ਫਿਰ ਉਸ ਦੇ ਚਲੇ ਜਾਣ ਦਾ ਸ਼ੋਕ ਕਦੇ ਭੀ ਨਹੀਂ ਹੋਵੇਗਾ)। ੪. ਜੋ ਪੁਰਸ਼ ਇਸ ਤਰ੍ਹਾਂ ਨਾਲ ਨਿਤ ਤੇ ਅਨਿਤ (ਵਸਤੂ ਦੀ) ਵਿਚਾਰ ਕਰਨ ਵਾਲਾ ਹੈ, ਉਸ ਨੂੰ ਕਦੇ ਭੀ ਸ਼ੋਕ ਦਾ ਬੇਗ ਨਹੀਂ ਛੋਹ ਸਕਦਾ (ਉਹ ਹਰ ਵੇਲੇ ਹਰਖ ਸ਼ੋਕ ਤੋਂ ਅਲੇਪ ਰਹਿੰਦਾ ਹੈ) ॥ ੯੭ ॥

**ਤਥਾ ਚ ਸ਼੍ਰੁਤਿ**

**ਏਕ ਮੇਵ ਯਦਾ ਬ੍ਰਹਮ ਸਤ੍ਯੰ ਮੰਨਯਾਦ੍ਵਿ ਕਲਿਪਤੰ ॥**

**ਤਦਾ ਕੋ ਮੋਹ: ਕ: ਸ਼ੋਕ ਏਕਤ੍ਵਮਨੁਪਸ਼ਯਤ: ॥ ੧ ॥**

ਪਦ ਛੇਦ–ਏਕੰ+ਏਵ ਬ੍ਰਹਮ ਸਤ੍ਯੰ+ਅਨਯਤ+ਵਿਕਲਿਪਤੰ ॥
ਤਦਾ ਕਾ: ਮੋਹ: ਕਾ:, ਸ਼ੋਕ: ਏਕਤ੍ਵੰ ਅਨੁ+ਪਸ਼ਯਤ: ॥

ਅਨਯ–ਏਕਤ੍ਵ ਮਨੁ ਪਸ਼ਯਤ: ਪੁਰਖਜਯਤ ਤਦਾ ਕੋ ਮੋਹ, ਕ: ਸ਼ੋਕ: ਯਦਾ ਬ੍ਰਹਮ ਸਤ੍ਯੰ ਏਕ ਮੇਵ ਅਨਯਤ ਵਿਕਲਿਪਤੰ।

ਅਰਥ–ਏਕ ਨੂੰ ਵੇਖਣ ਵਾਲਾ ਜੋ ਪੁਰਖ ਹੈ,ਉਸਨੂੰ ਮੋਹ ਕਿਸ ਦਾ ? ਤੇ ਸ਼ੋਕ ਕਿਸ ਦਾ ? ਜਦ ਕਿ ਇਕੋ ਬ੍ਰਹਮ ਹੀ ਸੱਤ ਹੈ ਅਤੇ ਹੋਰ ਸਾਰਾ ਕਲਪਣਾ ਮਾਤ੍ਰ। ਅਰਥਾਤ ਜਦ ਇਕੋ ਬ੍ਰਹਮ ਹੀ ਨਿਸਚੇ ਕਰਕੇ ਸੱਤ ਹੈ,ਉਸ ਤੋਂ ਭਿੰਨ ਹੋਰ ਸਾਰਾ ਜਗਤ ਹੀ ਕਲਪਣਾ ਮਾਤਰ ਹੈ, ਸੱਤ ਬ੍ਰਹਮ ਨੇ ਨਸ਼ਟ ਨਹੀਂ ਹੋਣਾ, ਕਲਪਣਾ ਰੂਪ ਜਗਤ ਨੇ ਸਥਿਰ ਨਹੀਂ ਰਹਿਣਾ ਤਾਂ ਫਿਰ ਮੋਹ ਕਿਸ ਦਾ ਤੇ ਵਿਯੋਗ ਕਾਲ ਵਿਚ ਸ਼ੋਕ ਕਿਸ ਦਾ ? ਜਿਹਾ ਕਿ–

Sri Satguru Jagjit Singh Ji Elibrary NamdhariElibrary@gmail.com

'ਨਾ ਕਿਛੁ ਆਇਬੋ ਨਾ ਕਛੁ ਜਾਇਬੋ।'

ਮਨ ਉਵਾਚ ॥

**ਦੋਹਰਾ–੧. ਸ਼ੋਕ ਬੇਗ ਦੂਖਤ ਭਯੋ ਦੇਵੀ ਚੀਤ ਹਮਾਰ ॥**
**੨. ਲਹੇ ਬਿਬੇਕ ਸੁ ਠੌਰ ਨਹਿ ਮੇਰੇ ਚੀਤ ਮਝਾਰ ॥ ੮੮ ॥**

ਮਨ ਕਹਿਣ ਲਗਾ–੧. ਹੇ ਦੇਵੀ! ਮੇਰਾ ਚਿੱਤ ਸ਼ੋਕ ਦੇ ਬੇਗ ਕਰਕੇ ਕਲੰਕੀ ਹੋ ਗਿਆ ਹੈ। ੨. ਇਸ ਕਾਰਨ ਕਰਕੇ ਮੇਰੇ ਚਿਤ ਵਿਚ ਵਿਵੇਕ ਜਗ੍ਹਾ ਨਹੀਂ ਪਾ ਸਕਦਾ (ਅਰਥਾਤ ਸੁਧ ਹਿਰਦੇ ਵਿਚ ਵਿਵੇਕ ਨੇ ਨਿਵਾਸ ਕਰਨਾ ਹੈ, ਪਰ ਮੇਰਾ ਚਿਤ ਸ਼ੋਕ ਦੇ ਬੇਗ ਕਰਕੇ ਦੂਸ਼ਨ ਵਾਲਾ ਹੋ ਚੁਕਾ ਹੈ, ਇਸ ਲਈ ਬਿਬੇਕ ਦੇ ਨਿਵਾਸ ਕਰਨ ਲਈ ਮੇਰੇ ਚਿਤ ਵਿਚ ਟਿਕਾਣਾ ਨਹੀਂ ਹੈ, ਤਦੇ ਹੀ ਮੇਰੇ ਹਿਰਦੇ ਵਿਚ ਵਿਵੇਕ ਨਿਵਾਸ ਨਹੀਂ ਕਰਦਾ, ਭਾਵੇਂ ਤੂੰ ਬਹੁਤ ਹੀ ਸੁੰਦਰ ਉਪਦੇਸ਼ ਕੀਤਾ ਹੈ, ਪਰ ਮੇਰੇ ਚਿਤ ਦੀ ਦੂਸ਼ਤਾ ਕਰਕੇ ਉਹ ਉਪਦੇਸ਼ ਮੇਰੇ ਹਿਰਦੇ ਵਿਚ ਟਿਕਿਆ ਨਹੀਂ ਹੈ) ॥ ੮੮ ॥

ਸਰੁਸ੍ਰਤੀ ਉਵਾਚ ॥

**ਚੌਪਈ ॥**

**੧. ਪੁਤ ਸਨੇਹ ਦੋਖ ਹੈ ਭਾਰੀ ॥ ਜਾਂਤੇ ਹੋਇ ਅਨਰਥ ਵਿਕਾਰੀ ॥**
**੨. ਵਿਖ ਵੱਲੀ ਬੀਜਨ ਸਮ ਜਾਨੋ ॥ ਕਰੇ ਕਲੇਸ਼ ਅੰਤ ਕੋ ਮਾਨੋ ॥ ੮੯ ॥**

ਸਰੁਸ੍ਰਤੀ ਕਹਿਣ ਲਗੀ–੧. ਹੇ ਪੁਤ੍ਰ (ਮਨ! ਜੋ ਇਸਤ੍ਰੀ-ਪੁਤ੍ਰ ਦਾ) ਸਨੇਹ ਹੈ, ਇਹੋ ਹੀ ਵਡਾ ਭਾਰੀ ਦੋਖ ਹੈ ਜਿਸ ਤੋਂ ਅਨਰਥ ਤੇ ਵਿਕਾਰ ਪੈਦਾ ਹੁੰਦੇ ਹਨ। ੨. (ਇਸ ਸਨੇਹ ਨੂੰ) ਜ਼ਹਿਰ ਦੀ ਵੇਲ ਦੇ ਬੀਜਾਂ ਦੇ ਸਮਾਨ ਹੀ ਜਾਨ ਹੈ (ਅਤੇ ਇਹ ਗੱਲ ਸੱਚ) ਮੰਨੀ ਹੈ, (ਕਿ ਇਹ ਸਨੇਹ) ਅੰਤ ਨੂੰ ਬੜਾ ਹੀ ਕਲੇਸ਼ ਖੜਾ ਕਰ ਦੇਂਦਾ ਹੈ ॥ ੮੯ ॥

**੩. ਸੁਤ ਅਰੁ ਨਾਰਿ ਪਯਾਰੇ ਜਾਨਿ ॥ ਕੀਜੇ ਤਾਂਹਿ ਸਨੇਹ ਮਹਾਨਿ ॥**
**੪. ਵੱਜ੍ਰ ਅਗਨਿ ਜਾਂਕੇ ਗਰਭੰਤਰ ॥ ਉਪਜੇ ਬੇਗ ਦੂਖ ਕੇ ਅੰਕੁਰ ॥ ੯੦ ॥**

ਵਜ੍ਰ=ਹੀਰਾ। ਗਰਭੰਤਰ=(ਗਰਭ+ਅੰਤਰ) ਪੇਟ ਵਿਚ। ਅੰਕੁਰ=ਅੰਗੂਰ।

੩. ਪੁਤ੍ਰ ਅਤੇ ਇਸਤ੍ਰੀ ਨੂੰ ਪਿਆਰੇ ਜਾਣ ਕੇ ਉਨ੍ਹਾਂ ਦੇ ਨਾਲ ਬੜਾ ਭਾਰੀ ਸਨੇਹ ਕਰਦਾ ਹੈ। ੪. ਜਿਸ ਦੇ ਪੇਟ ਵਿਚ ਹੀਰਾ ਜਾਂ ਅੱਗ (ਅਥਵਾ ਜਿਸ ਦੇ ਪੇਟ ਵਿਚ) ਬਜ੍ਰ ਅਗਨਿ (ਬਿਜਲੀ) ਪਰਵੇਸ਼ ਕਰ ਜਾਵੇ, ਉਸ ਦੇ ਸਰੀਰ ਵਿਚ ਝਟ ਪਟ ਹੀ ਦੁਖਾਂ ਦੇ ਅੰਗੂਰ ਫੁਟ ਪੈਂਦੇ ਹਨ [ਇਵੇਂ ਹੀ ਇਸਤ੍ਰੀ-ਪੁਤ੍ਰ ਨਾਲ ਸਨੇਹ ਕਰਨ ਵਾਲੇ ਪੁਰਖ ਨੂੰ ਝਟ ਪਟ ਹੀ ਕਲੇਸ਼ ਪ੍ਰਾਪਤ ਹੋ ਜਾਂਦੇ ਹਨ] ॥ ੯੦ ॥

**ਦੋਹਰਾ–੧. ਜਾਂਤੇ ਸ਼ੋਕ ਅਨੇਕ ਦ੍ਰੂਮ ਉਪਜੇ ਜਗਤ ਮਝਾਰ ॥**
**੨. ਦੂਖ ਅਨਲ ਤਨ ਦਾਹ ਕਰ ਕਰੇ ਚੀਤ ਕੋ ਛਾਰ ॥ ੯੧ ॥**

੧. ਜਗਤ ਵਿਚ ਜਿਨ੍ਹਾਂ ਅੰਗੂਰਾਂ ਤੋਂ ਸ਼ੋਕ ਦੇ ਅਨੇਕਾਂ ਬ੍ਰਿਛ ਪੈਦਾ ਹੋ ਜਾਂਦੇ ਹਨ। ੨. ਜੋ ਦੁਖਾਂ ਦੀ ਅੱਗ ਨਾਲ ਤਨ ਨੂੰ ਸਾੜਦੇ ਹਨ ਅਤੇ ਚਿਤ ਨੂੰ ਛਾਰ ਕਰ ਦੇਂਦੇ ਹਨ ॥ ੯੧ ॥ [ਇਸ ਲਈ ਹੇ ਪੁਤ੍ਰ! ਇਹ ਸਨੇਹ ਹੀ ਵੈਰਾਗ ਨੂੰ ਪੈਦਾ ਨਹੀਂ ਹੋਣ ਦੇਂਦਾ ਅਤੇ ਇਸ ਸਨੇਹ ਕਰਕੇ ਹੀ ਵਿਵੇਕ ਤੇਰੇ ਹਿਰਦੇ ਵਿਚ ਨਿਵਾਸ ਨਹੀਂ ਕਰਦਾ]।

Sri Satguru Jagjit Singh Ji Elibrary　　　　NamdhariElibrary@gmail.com

ਮਨ ਉਵਾਚ ॥

**ਦੋਹਰਾ—੧. ਦੇਵੀ ਯੱਦਪਿ ਏਵ ਹੈ, ਤੱਦਪਿ ਸ਼ੋਕ ਸੁ ਭਾਰ ॥**
**੨. ਮੋ ਉਰ ਅੰਤਰ ਕੋ ਦਹੇ, ਸਕੌਂ ਨ ਪ੍ਰਾਨ ਸੁ ਧਾਰ ॥ ੯੨ ॥**

ਮਨ ਨੇ ਕਿਹਾ–੧. ਹੇ ਦੇਵੀ ! ਭਾਵੇਂ ਆਪ ਦਾ ਕਹਿਣਾ ਹੀ ਸੱਤ ਹੈ, ਪਰ ਤਦ ਭੀ ਸ਼ੋਕ ਬਹੁਤ ਭਾਰਾ ਹੈ। ੨. ਜੋ ਮੇਰੇ ਹਿਰਦੇ ਨੂੰ ਅੰਦਰੋ ਅੰਦਰ ਸਾੜ ਰਿਹਾ ਹੈ, ਜਿਸ ਕਰਕੇ ਮੈਂ ਆਪਣੇ ਪ੍ਰਾਣਾਂ ਨੂੰ ਭੀ ਰਖ ਨਹੀਂ ਸਕਦਾ, ਅਤੇ ਇਸ ਸ਼ੋਕ ਦੇ ਕਾਰਨ ਹੀ ਮਰਨ ਲਈ ਤਿਆਰ ਹੋ ਰਿਹਾ ਹਾਂ ॥ ੯੨ ॥

**ਦੋਹਰਾ—੧. ਸਰੁਸ੍ਵਤੀ ਤੇ ਪਦ ਕੰਜ ਜੋ ਜੀਵਨ ਕੋ ਸੁਖ ਦੈਨ ॥**
**੨. ਭਲਾ ਭਯਾ ਪ੍ਰਾਣੰਤ ਮੈਂ ਸੋ ਪੇਖੇ ਨਿਜ ਨੈਨ ॥ ੯੩ ॥**

੧. ਹੇ ਸਰੁਸਵਤੀ ! ਤੇਰੇ ਜੋ ਚਰਨ ਕਮਲ ਹਨ,ਉਹ ਜੀਵਾਂ ਨੂੰ ਸੁਖ ਦੇਣ ਵਾਲੇ ਹਨ। ੨. ਚੰਗਾ ਹੋਯਾ ਹੈ, ਜੋ ਪ੍ਰਾਣਾਂ ਦੇ ਅੰਤ ਵੇਲੇ ਮੈਂ ਉਨ੍ਹਾਂ ਚਰਨ ਕਮਲਾਂ ਨੂੰ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ ॥ ੯੩ ॥

ਸਰੁਸ੍ਵਤੀ ਉਵਾਚ ॥

**ਦੋਹਰਾ—੧. ਯਹਿ ਇਕ ਔਰ ਅਕਾਜ ਸੁਤ ਚਾਹਤ ਹੈਂ ਵਸ ਮੋਹਿ ॥**
**੨. ਜੋ ਆਤਮ ਨਿਜ ਹਨਨ ਕੋ ਕੀਨੋ ਨਿਹਚੈ ਤੋਹਿ ॥ ੯੪ ॥**

ਸਰੁਸ੍ਵਤੀ ਨੇ ਕਿਹਾ–੧. ਹੇ ਪੁਤ੍ਰ ! ਇਹ ਤੂੰ ਮੋਹ ਦੇ ਵੱਸ ਹੋ ਕੇ, ਇਹ ਇਕ ਹੋਰ ਕੰਮ ਕਰਨਾ ਚਾਹੁੰਦਾ ਹੈਂ। ੨. ਜੋ ਤੂੰ ਆਪਣੇ ਆਪ ਨੂੰ ਮਾਰ ਸੁਟਣ ਦਾ ਨਿਸਚਾ ਕਰ ਲਿਆ ਹੈ ॥ ੯੪ ॥

**ਚੌਪਈ ॥**

**੧. ਕਾਮ ਸੁ ਲੋਭਾਦਿਕ ਸੁਤ ਜੇਤੇ ॥ ਅਤਿ ਅਪਕਾਰੀ ਜਾਨੋ ਤੇਤੇ ॥**
**੨. ਇਨ ਹਿਤ ਸੰਚੇ ਕੀਜੇ ਜੋਈ ॥ ਕਰੇ ਅਨਰਥ ਅੰਤ ਕੋ ਸੋਈ ॥ ੯੫ ॥**

੧. ਕਾਮ ਅਤੇ ਲੋਭ ਆਦਿਕ ਜਿੰਨੇ ਭੀ ਤੇਰੇ ਪੁਤਰ ਸਨ, ਉਨ੍ਹਾਂ ਸਾਰਿਆਂ ਨੂੰ ਵਡਾ ਅਪਕਾਰੀ [ਨਿਜ ਸਵਾਰਥ] ਜਾਣ ਲੈ। ੨. ਇਨ੍ਹਾਂ ਨਾਲ ਜੋ ਤੂੰ ਹਿਤ ਜੋੜਿਆ ਹੋਇਆ ਸੀ, ਓਹੀ [ਹਿਤ ਹੀ] ਅੰਤ ਨੂੰ ਤੇਰੇ ਨਾਲ ਜੁਲਮ ਕਰ ਰਿਹਾ ਹੈ, [ਅਥਵਾ ਇਨ੍ਹਾਂ ਸਵਾਰਥੀ ਪੁਤਰਾਂ ਵਾਸਤੇ ਜੋ ਤੂੰ ਧਨ ਕੱਠਾ ਕੀਤਾ ਸੀ, ਓਹੀ ਅੰਤ ਨੂੰ ਜੁਲਮ ਕਰਦੇ ਹਨ] ॥ ੯੫ ॥

**ਚੌਪਈ ॥**

**੧. ਸੰਚੇ ਹਿਤ ਜਨ ਅਤਿ ਦੁਖ ਪਾਏ ॥ ਕਾਮ ਲੋਭ ਬਹੁ ਪਾਪ ਕਮਾਏ ॥**
**੨. ਲੋਭ ਜਬੈ ਉਰ ਮੇ ਹੁਲਸਾਏ ॥ ਨਦੀ ਅਨੇਕ ਸੁ ਗਹਿਨ ਤਰਾਏ ॥ ੯੬ ॥**

੧. [ਪਹਿਲੋਂ] ਪੁਰਸ਼ ਧਨ ਦੇ ਕੱਠਾ ਕਰਨ ਵਾਸਤੇ ਮਹਾਂ ਦੁਖ ਪਾਂਦਾ ਹੈ ਫਿਰ ਕਾਮ ਤੇ ਲੋਭ ਦੇ ਵਸ ਹੋ ਕੇ ਬਹੁਤੇ ਪਾਪ ਕਮਾਂਦਾ ਹੈ। ੨. ਕਿਉਂਕਿ ਜਦੋਂ ਲੋਭ ਪੁਰਸ਼ ਦੇ ਹਿਰਦੇ ਵਿਚ ਉਤਸ਼ਾਹ ਦਿਵਾਂਦਾ ਹੈ, ਤਦ ਇਹ ਅਨੇਕਾਂ ਹੀ ਮਹਾਂ ਕਠਨ ਨਦੀਆਂ ਨੂੰ ਤਰ ਕੇ ਪਾਰ ਲੰਘ ਜਾਂਦਾ ਹੈ ॥ ੯੬ ॥

**੩. ਅਤਿ ਊਚੇ ਪੁਨ ਸੈਲ ਚਢਾਏ ॥ ਕਾਨਨ ਘੋਰਨ ਮਾਂਹਿ ਭ੍ਰਮਾਏ ॥**
**੪. ਧਨ ਮਦ ਮਲਨ ਕ੍ਰੂਰ ਮੁਖ ਰਾਜੇ ॥ ਖੜੇ ਕਰਾਏ ਤਿਹ ਦਰਵਾਜੇ ॥ ੯੭ ॥**

੩. ਫਿਰ ਵਡੇ ਉਚੇ ਪਹਾੜ ਦੇ ਉਤੇ ਚੜ੍ਹਵਾਉਂਦਾ ਹੈ ਅਤੇ ਬੜੇ ਭਾਰੇ ਡਰੌਣੇ ਜੰਗਲ ਵਿਚ ਫਿਰਵਾਂਦਾ ਹੈ। ੪. ਜੋ ਧਨ ਦੇ ਮਦ ਦੀ ਮੈਲ ਨਾਲ ਭੈੜੇ ਮੂੰਹ ਵਾਲੇ ਰਾਜੇ ਹਨ, ਧਨ ਦੀ ਇਛਾ ਵਿਚ ਲਾ ਕੇ ਉਨ੍ਹਾਂ ਦੇ ਦਰਵਾਜ਼ੇ ਉਤੇ ਖੜਾ ਕਰ ਛਡਦਾ ਹੈ ॥ ੯੭ ॥

**ਚੌਪਈ ॥**

**੧. ਭਨੇ ਕ੍ਰੂਰ ਭੂਪਤਿ ਮਦ ਭੀਨੇ ॥ ਹਾਥ ਜੁਰਾਇ ਕਰਾਵਤ ਦੀਨੇ ॥**
**੨. ਯੌ ਅਪਕਾਰੀ ਤੇ ਸੁਤ ਜੇਤੇ ॥ ਤਾਂ ਹਿਤ ਲਹੈਂ ਕਲੇਸ਼ ਸੁ ਏਤੇ ॥ ੯੮ ॥**

੧. ਜਦ ਹੰਕਾਰ ਦੇ ਭਰੇ ਹੋਏ ਰਾਜੇ ਬੁਰੇ ਬਚਨ ਬੋਲਦੇ ਹਨ (ਤਾਂ ਧਨ ਦੀ ਇਛਾ ਵਾਲੇ ਪੁਰਖ ਪਾਸੋਂ ਲੋਭ ਹੀ ਰਾਜੇ ਅਗੇ) ਹਥ ਜੁੜਵਾ ਕੇ ਬੜੀ ਨਿਮਰਤਾ ਨਾਲ ਬੇਨਤੀਆਂ ਕਰਵਾਂਦਾ ਹੈ, ਇਸ ਤਰ੍ਹਾਂ ਹੀ ਕਾਮੀ ਪੁਰਸ਼ ਨੂੰ ਕਾਮਨੀ ਦੇ ਅਗੇ ਹਥ ਜੁੜਵਾਂਦਾ ਤੇ ਕਾਮਨੀ ਪਾਸੋਂ ਉਸ ਨੂੰ ਤਾੜਨਾ ਕਰਵਾਂਦਾ ਹੈ)। ੨. ਜਿੰਨੇ ਭੀ ਤੇਰੇ ਪੁਤਰ ਸਨ, ਉਹ ਸਾਰੇ ਇਸ ਤਰ੍ਹਾਂ ਦਾ (ਅਪਕਾਰੀ) ਨਿਰਾਦਰ ਕਰਾਉਣ ਵਾਲੇ ਸਨ। ਹੇ ਪੁਤਰ (ਮਨ ! ਜ਼ਰਾ ਵਿਚਾਰ ਕਰ) ਉਨ੍ਹਾਂ ਵਾਸਤੇ ਕਿਤਨੇ ਕਸ਼ਟ ਲੈ ਰਿਹਾ ਹੈਂ ? ॥ ੯੮ ॥

ਮਨ ਉਵਾਚ ॥

**ਚੌਪਈ॥**

**੧. ਹੈ ਯੌਂਹੀ ਜਿਉਂ ਮੁਖੋਂ ਬਖਾਨੇ ॥ ਤਦਪਿ ਮੈਂ ਦੁਖ ਔਰ ਨ ਜਾਨੇ ॥**
**੨. ਤਿਨ ਕੇ ਲਲਤ ਬੋਲ ਰਿਦਹਾਰੀ॥ ਚਿਰੰਕਾਲ ਰਿਦ ਮਾਂਹਿ ਚਿਤਾਰੀ ॥੯੯॥**

ਮਨ ਨੇ ਕਿਹਾ-੧. ਹੇ ਦੇਵੀ ! ਹੈ ਤਾਂ ਇਸੇ ਤਰ੍ਹਾਂ ਹੀ, ਜਿਵੇਂ (ਤੁਸਾਂ ਆਪਣੀ) ਰਸਨਾ ਤੋਂ ਕਿਹਾ ਹੈ, ਪਰ ਫਿਰ ਭੀ ਜੋ ਦੁਖ ਮੈਂ (ਪਾ ਰਿਹਾ ਹਾਂ, ਉਸ ਨੂੰ) ਹੋਰ ਕੋਈ ਦੂਜਾ ਨਹੀਂ ਜਾਣ ਸਕਦਾ। ੨. ਉਨ੍ਹਾਂ ਦੇ ਬੜੇ ਮਿਠੇ ਤੇ ਤੋਤਲੇ ਬੋਲ (ਜੋ) ਹਿਰਦੇ ਨੂੰ ਚੁਰਾ ਲੈਣ ਵਾਲੇ ਸਨ, ਚਿਰ ਕਾਲ ਤੋਂ ਮੈਂ ਉਨ੍ਹਾਂ ਬੋਲਾਂ ਨੂੰ ਹੀ ਹਿਰਦੇ ਵਿਚ ਯਾਦ ਕਰ ਰਿਹਾ ਹਾਂ ॥ ੯੯ ॥

**ਚੌਪਈ ॥**

**੧. ਮਨੋ ਪ੍ਰਾਣ ਕੋ ਹੋਇ ਵਿਛੋਦਾ ॥ ਯਾ ਬ੍ਰਿਧ ਮੈਂ ਪਾਵੌਂ ਉਰ ਖੇਦਾ ॥**
**੨. ਯਾ ਬਿਧਿ ਸੁਨ ਮਨ ਕੀ ਦੁਖ ਬਾਨੀ ॥ ਕਹੇ ਸਰੁਸ੍ਵਤੀ ਮੁਖੋ ਭਵਾਨੀ॥੧੦੦।**

ਵਿਛੋਦਾ=ਵਿਯੋਗ ਹੋਣਾ। ਭਵਾਨੀ=ਦੇਵੀ।

[ਉਹਨਾਂ ਦੀਆਂ ਗਲਾਂ ਯਾਦ ਕਰ ਕਰ ਕੇ ਇਸ ਤਰ੍ਹਾਂ ਦਾ ਦੁਖ ਪਾ ਰਿਹਾ ਹਾਂ] ੧. ਮਾਨੋ ਪ੍ਰਾਣਾਂ ਦਾ ਵਿਯੋਗ ਹੋ ਰਿਹਾ ਹੈ [ਅਰਥਾਤ ਮਰਨ ਦੇ ਸਮੇਂ ਜਿੰਨਾ ਕੁ ਦੁਖ ਪੁਰਸ਼ ਨੂੰ ਹੁੰਦਾ ਹੈ, ਓਨਾ ਹੀ ਦੁਖ ਮੈਨੂੰ ਉਹਨਾਂ ਦੀ ਯਾਦ ਦੁਆ ਰਹੀ ਹੈ]। ੨. ਇਸ ਤਰ੍ਹਾਂ ਨਾਲ ਮਨ ਦੀ ਦੁਖ ਭਰੀ ਬਾਣੀ ਨੂੰ ਸੁਣ ਕਰਕੇ ਸਰੁਸਵਤੀ ਦੇਵੀ ਇਸ ਤਰ੍ਹਾਂ ਦੇ ਬਚਨ ਕਹਿਣ ਲਗੀ ॥ ੧੦੦ ॥

ਸਰੁਸ੍ਵਤੀ ਉਵਾਚ ॥

**ਦੋਹਰਾ—ਮਮਤਾ ਕੀ ਜਨ ਵਾਸਨਾ, ਪ੍ਰੇਮ ਸਹਿਤ ਦ੍ਰਿਢ ਹੋਇ ॥**
**ਤਿਹਿ ਮੂਲਕ ਅਤਿ ਮੋਹਿ ਵਸ ਦੁਖ ਪਾਵਤ ਜਨ ਲੋਇ ॥ ੧੦੧ ॥**

ਸਰਸਵਤੀ ਨੇ ਕਿਹਾ—ਜਿਨ੍ਹਾਂ ਦੇ ਹਿਰਦੇ ਵਿਚ ਜੋ ਮਮਤਾ ਦੀ ਵਾਸ਼ਨਾ ਪ੍ਰੇਮ ਸਹਿਤ ਦ੍ਰਿੜ ਹੋਈ ਹੋਈ

Sri Satguru Jagjit Singh Ji Elibrary NamdhariElibrary@gmail.com

ਹੈ। ਉਸ ਦਾ ਮੂਲ ਕਾਰਨ ਮਹਾਂ ਮੋਹ ਹੈ, ਉਸ ਦੇ ਵਸ ਹੋ ਕੇ ਜਗਤ ਦੇ ਲੋਕ ਦੁਖ ਪਾਉਂਦੇ ਹਨ (ਅਰਥਾਤ ਜਿਸ ਜਿਸ ਪਦਾਰਥ ਨਾਲ ਪੁਰਖ ਦੀ ਮਮਤਾ ਹੋ ਗਈ ਹੈ, ਉਸੇ ਉਸੇ ਪਦਾਰਥ ਦੇ ਵਿਯੋਗ ਕਰਕੇ ਪੁਰਖ ਦੁਖ ਪਾਉਂਦਾ ਹੈ) ॥ ੧੦੧ ॥ ਜੈਸਾ ਕਿ-

**ਦੋਹਰਾ--ਗ੍ਰਿਹਿ ਕੁਰਕਟ ਕੋ ਖਾਇ ਮਨ ਜਬ ਮੰਝਾਰ ਗ੍ਰਿਹਿ ਆਇ ॥**
**ਮਮਤਾ ਕੇ ਵਸ ਹੋਇ ਜਨ ਦੁਖ ਘਨੇ ਜਨ ਪਾਇ ॥ ੧੦੨ ॥**

ਕੁਰਕਟ=ਕੁਕੜ। ਮੰਝਾਰ=ਬਿੱਲਾ।

ਹੇ ਮਨ! ਜਦ ਘਰ ਦੇ ਕੁਕੜ ਨੂੰ ਘਰ ਦੇ ਅੰਦਰ ਆ ਕੇ ਬਿੱਲਾ ਖਾ ਲਵੇ। ਤਦ ਮਮਤਾ ਦੇ ਵਸ ਹੋ ਕੇ ਹੀ ਪੁਰਸ਼ ਬੜਾ ਭਾਰੀ ਦੁਖ ਪਾਉਂਦਾ ਹੈ ॥ ੧੦੨ ॥ (ਕਿਉਂਕਿ)

**ਦੋਹਰਾ—ਮਮਤਾ ਸੂਨ ਸੁ ਗ੍ਰਹ ਚਟਕ, ਮੂਸਾ ਖਾਇ ਬਿੜਾਲ ॥**
**ਬਿਨ ਸਨੇਹ ਦੁਖ ਨਾਂਹਿ ਸੁਤ, ਰੋਵਤ ਹਰਖ ਬਿਸਾਲ ॥ ੧੦੩ ॥**

ਸੂਨ=ਰਹਿਤ। ਚਟੱਕ=ਚਿੜੀ, ਚਿੜਾ। ਮੂਸਾ=ਚੂਹਾ। ਬਿੜਾਲ=ਬਿੱਲਾ।

ਘਰ ਦੇ ਵਿਚ ਹੀ ਚਿੜਾ ਚਿੜੀ ਤੇ ਚੂਹੇ ਵਸਦੇ ਹਨ, ਪਰ ਪੁਰਸ਼ ਦੀ ਉਨ੍ਹਾਂ ਨਾਲ ਮਮਤਾ ਨਹੀਂ ਹੈ, ਉਹ ਮਮਤਾ ਤੋਂ ਸੁੰਨ ਹਨ, ਜੇਕਰ ਚਿੜੀ ਜਾਂ ਚੂਹੇ ਨੂੰ ਬਿੱਲਾ ਖਾ ਲਵੇ, (ਤਦ ਘਰ ਵਾਲਿਆਂ ਨੂੰ ਕੋਈ) ਦੁਖ ਨਹੀਂ ਹੁੰਦਾ, ਸਗੋਂ ਖੁਸ਼ੀ ਹੁੰਦਾ ਤੇ ਹਸਦਾ ਹੈ, ਕਿਉਂਕਿ ਉਨ੍ਹਾਂ ਨਾਲ ਕਿਸੇ ਦੀ ਮਮਤਾ ਨਹੀਂ ਹੈ। ਇਸ ਲਈ ਹੇ ਪੁਤ੍ਰ ਮਨ! ਸਨੇਹ ਤੋਂ ਰਹਿਤ ਪਦਾਰਥ ਪਾਸੋਂ ਦੁਖ ਨਹੀਂ ਹੁੰਦਾ,ਸਗੋਂ ਬੜਾ ਭਾਰਾ ਹਰਖ ਪੈਦਾ ਹੁੰਦਾ ਹੈ ਤੇ ਮਮਤਾਵਾਨ ਪਦਾਰਥ ਤੋਂ ਦੁਖ ਹੁੰਦਾ ਹੈ, ਜਿਸ ਕਰਕੇ ਪੁਰਸ਼ (ਰੋਵਤ ਬਿਸਾਲ) ਬੜਾ ਹੀ ਰੋਂਦਾ ਹੈ ॥੧੦੩॥

**ਦੋਹਰਾ—ਸਰਬ ਅਨਰਥ ਸੁ ਬੀਜ ਸੁਤ, ਮਮਤਾ ਹੀ ਜਗ ਜਾਨ ॥**
**ਤਾਂ ਛੇਦਨ ਕੇ ਮਾਂਹਿ ਪੁਨ, ਕਰੋ ਯਤਨ ਮਤਿ ਮਾਨ ॥ ੧੦੪ ॥**

ਹੇ ਪੁਤਰ! ਸਾਰੇ ਦੁਖਾਂ ਦਾ ਕਾਰਨ ਜਗਤ ਵਿਚ ਮਮਤਾ ਹੈ,(ਇਹ ਗੱਲ ਤੂੰ ਸੱਚ) ਜਾਣ ਲੈ। ਹੇ ਬੁਧੀਵਾਨ ਮਨ! ਉਸ ਮਮਤਾ ਦੇ ਕਟਣ ਵਾਸਤੇ ਯਤਨ ਕਰ, (ਜਿਸ ਕਰਕੇ ਸੁਖਾਂ ਨੂੰ ਪ੍ਰਾਪਤ ਕਰ ਲਏਂਗਾ) ॥੧੦੪॥

ਮਨ ਉਵਾਚ ॥

**ਚੌਪਈ ॥**

**ਮੋ ਤਨ ਤੇ ਸੁਤ ਵੈ ਉਪਜਾਏ ॥ ਕੁਰਕਟ ਮੂਸਾ ਸਮ ਕਿਮ ਗਾਏ ॥**
**ਤਾਂਕੇ ਨਾਸ ਜਨੇ ਦੁਖ ਭਾਰ ॥ ਕਹੇ ਸਰੁਸ੍ਵਤੀ ਬਹੁਰ ਬਿਚਾਰ ॥੧੦੫॥**

ਮਨ ਨੇ ਕਿਹਾ–ਹੇ ਦੇਵੀ! ਉਹ ਪੁਤਰ ਮੇਰੇ ਸਰੀਰ ਤੋਂ ਪੈਦਾ ਹੋਏ ਸਨ, ਉਨ੍ਹਾਂ ਨੂੰ ਤੁਸਾਂ ਕੁਕੜ ਤੇ ਚੂਹੇ ਦੇ ਸਮਾਨ ਕਿਵੇਂ ਕਹਿ ਦਿਤਾ ਹੈ? ਉਨ੍ਹਾਂ ਦੇ ਨਾਸ ਹੋ ਜਾਣ ਨੇ ਹੀ ਮੇਰੇ ਸਰੀਰ ਵਿਚ ਬੜਾ ਭਾਰਾ ਦੁਖ ਪੈਦਾ ਕਰ ਦਿਤਾ ਹੈ, (ਉਨ੍ਹਾਂ ਨੂੰ ਚੂਹਿਆਂ ਦੀ ਮਿਸਾਲ ਦੇਣੀ ਯੁਕਤਿ ਸੰਗਤ ਨਹੀਂ ਹੈ), ਤਦ ਫਿਰ ਸਰੁਸਵਤੀ ਦੇਵੀ ਵਿਚਾਰ ਪੂਰਬਕ ਕਹਿਣ ਲਗੀ ॥ ੧੦੫ ॥

ਸਰੁਸ੍ਵਤੀ ਉਵਾਚ ॥

**ਚੌਪਈ ॥**

**ਯਾ ਤਨ ਤੇ ਯੂਕਾ ਉਪਜਾਏ ॥ ਔ ਬ੍ਰਿਣ ਕਿਰਮ ਨ ਜਾਤ ਗਿਨਾਏ ॥**

Sri Satguru Jagjit Singh Ji Elibrary NamdhariElibrary@gmail.com

**ਯਤਨ ਸਹਿਤ ਤਾਕੋ ਨਰ ਘਾਏ॥ ਦੂਖ ਨ ਰੰਚਕ ਉਰ ਮੈਂ ਪਾਏ॥ ੧੦੬॥**

ਸਰਸ੍ਵਤੀ ਨੇ ਕਿਹਾ-ਹੇ ਮਨ ! ਇਸੇ ਤਨ ਤੋਂ ਜੂੰਆਂ ਪੈਦਾ ਹੁੰਦੀਆਂ ਹਨ,ਜੇ ਸਰੀਰ ਵਿਚ ਫੋੜਾ ਹੋ ਜਾਵੇ ਤਾਂ ਉਸ ਵਿਚ ਅਨਗਿਣਤ ਕੀੜੇ ਪੈਦਾ ਹੋ ਜਾਂਦੇ ਹਨ। ਉਨ੍ਹਾਂ ਜੂੰਆਂ ਤੇ ਬ੍ਰਿਣ-ਕੀੜਿਆਂ ਨੂੰ ਪੁਰਸ਼ ਬੜੀ ਕੋਸ਼ਸ਼ ਕਰਕੇ ਆਪ ਮਾਰਦਾ ਹੈ ਤੇ ਹਿਰਦੇ ਵਿਚ ਰਤੀ ਜਿੰਨਾ ਭੀ ਦੁਖ ਨਹੀਂ ਪਾਂਦਾ (ਸਗੋਂ ਸੁਖ ਪਾਂਦਾ ਹੈ) ॥੧੦੬॥

## ਚੌਪਈ॥

**ਯੂਕਾ ਕ੍ਰਿਮ ਸੁਤ ਹੋਹਿ ਸਮਾਨ ॥ ਏਕਨ ਕੋ ਉਰ ਜਾਨ ਸੰਤਾਨ॥**
**ਮਹਾਂ ਮੋਹ ਏਕਨ ਮੇ ਧਾਰਾ ॥ ਮੂਏ ਮੂਢ ਦੁਖ ਲਹੇ ਅਪਾਰਾ॥ ੧੦੭॥**

ਜੂੰਆਂ, ਬ੍ਰਿਣ-ਕੀੜੇ ਤੇ ਪੁਤ੍ਰ (ਇਹ ਤਿੰਨੇ ਹੀ ਤਨ ਤੋਂ ਪੈਦਾ ਹੋਣ ਕਰਕੇ) ਇਕੋ ਜਿਹੇ ਹਨ, (ਪਰ ਪੁਰਖ) ਇਕਨਾਂ ਨੂੰ ਹਿਰਦੇ ਵਿਚ ਆਪਣੀ ਉਲਾਦ ਜਾਣ ਲੈਂਦਾ ਹੈ। ਇਸ ਕਰਕੇ ਇਕਨਾਂ ਪੁਤ੍ਰਾਂ ਨਾਲ ਹਿਰਦੇ ਵਿਚ ਮਹਾਂ ਮੋਹ ਧਾਰ ਲੈਂਦਾ ਹੈ, (ਪਰ ਜਿਨ੍ਹਾਂ ਇਕਨਾਂ) ਜੂੰਆਂ (ਆਦਿਕਾਂ) ਨਾਲ ਮਹਾਂ ਮੋਹ ਨਹੀਂ ਧਾਰਦਾ, ਉਨ੍ਹਾਂ ਦੇ ਮਰਨ ਉਤੇ ਮਨ ਵਿਚ ਬੜਾ ਪ੍ਰਸੰਨ ਹੁੰਦਾ ਹੈ, (ਇਸ ਕਰਕੇ ਜਾਣਿਆ ਜਾਂਦਾ ਹੈ ਕਿ ਮਮਤਾ ਹੀ ਸਾਰੇ ਦੁਖਾਂ ਦਾ ਕਾਰਨ ਹੈ) ॥ ੧੦੭॥

ਮਨ ਉਵਾਚ॥

## ਚੌਪਈ॥

**ਤਮ ਅਗਯਾਨ ਗ੍ਰੰਥ ਹੈ ਜੋਈ ॥ ਦੁਹ ਉਛੇਦ ਜਾਨੋ ਹੈ ਸੋਈ॥**
**ਸਰਸ੍ਵਤੀ ਤੂੰ ਸਰਬੱਗ ਉਦਾਰ॥ ਲੋਕਨ ਮੇ ਜਸ ਆਹਿ ਤੁਮਾਰ॥ ੧੦੮॥**

ਤਮ=ਮਹਾਂ, ਪੂਰਨ। ਗ੍ਰੰਥ=ਗੰਢ। ਦੁਹ=ਕਠਨ। ਉਛੇਦ=ਕਟਨੀ।

ਮਨ ਨੇ ਕਿਹਾ-ਹੇ ਸਰਸਵਤੀ ! ਜੋ ਮਹਾਂ ਅਗਯਾਨ ਦੀ ਗੰਢ ਹੈ ਉਸਦਾ ਕਟਨਾ ਬਹੁਤ ਕਠਨ ਜਾਣੀਦਾ ਹੈ। ਹੇ ਸਰਸਵਤੀ ਤੂੰ ਵਡੀ ਉਦਾਰ ਤੇ ਸਰਬੱਗ ਹੈਂ ਅਤੇ ਸਾਰੇ ਜਗਤ ਵਿਚ ਤੇਰਾ ਜਸ ਛਾਇਆ ਹੋਯਾ ਹੈ॥੧੦੮॥

## ਚੌਪਈ॥

**ਨਿਰੰਤਰ ਕੀਨੋ ਦ੍ਰਿੜ ਅਭ੍ਯਾਸ॥ ਸਨੇਹ ਸੂਤ ਜੀਵਨ ਕੇ ਫਾਸ॥**
**ਜਾਂਤੇ ਫਾਸ ਇਹੈ ਤੁਟ ਜਾਇ॥ ਦੇਵੀ ਕਹੋ ਸੁ ਮੋਹਿ ਉਪਾਇ॥ ੧੦੯॥**

ਬਹੁਤ ਚਿਰ ਕਾਲ ਤੋਂ ਜੋ ਇਕ ਸਾਰ ਦ੍ਰਿੜ ਅਭਿਆਸ ਕੀਤਾ ਗਿਆ ਹੈ, ਉਸ ਤੋਂ ਪੈਦਾ ਹੋਇਆ ਹੈ ਸਨੇਹ ਰੂਪ ਸੂਤਰ ਜੋ ਜੀਵਾਂ ਦੇ ਗਲ ਵਿਚ ਫਾਹੀ ਹੋ ਕੇ ਪਈ ਹੋਈ ਹੈ। ਜਿਸ ਕਰਕੇ ਇਹ ਫਾਹੀ ਟੁਟ ਜਾਵੇ, ਹੇ ਦੇਵੀ ! ਕੋਈ ਉਹ ਉਪਾਓ ਮੈਨੂੰ ਦਸੋ ॥ ੧੦੯॥

ਸਰੁਸ੍ਵਤੀ ਉਵਾਚ॥

## ਚੌਪਈ॥

**ਭਾਵ ਅਨਿਤ ਸੁ ਉਰ ਮੈਂ ਧਾਰੋ॥ ਪ੍ਰਿਥਮ ਉਪਾਵ ਸੁ ਇਹੀ ਨਿਹਾਰੋ॥**
**ਬੰਧ ਸਮਾਗਮ ਅਹੇ ਸੁ ਜੋਈ॥ ਬਿਜਲੀ ਚਮਤਕਾਰ ਸਮ ਹੋਈ॥ ੧੧੦॥**

ਸਰਸਵਤੀ ਨੇ ਕਿਹਾ-ਹੇ ਮਨ ! ਸਾਰੇ ਪਦਾਰਥ ਹਨ, ਇਹ ਨਿਸਚਾ ਹਿਰਦੇ ਵਿਚ ਧਾਰ ਲੈ,ਪਹਿਲਾ ਤਾਂ

Sri Satguru Jagjit Singh Ji Elibrary NamdhariElibrary@gmail.com

ਇਹੋ ਉਪਾਓ ਹੈ। ਜੋ ਸਬੰਧੀਆਂ ਦਾ ਮੇਲ ਮਿਲਾਪ ਹੈ, ਇਸ ਨੂੰ ਬਿਜਲੀ ਦੇ ਚਮਕਨ ਵਾਂਗੂੰ (ਛਿਨ ਪਲ ਦਾ ਝਲਕ) ਨਿਸਚਾ ਕਰਕੇ ਮੰਨ ॥ ੧੧੦ ॥

**ਦੋਹਰਾ—ਐਸੇ ਉਰ ਮੈਂ ਧਾਰ ਤੂੰ ਕਰੋ ਸੁ ਦ੍ਰਿਢ ਅਭ੍ਯਾਸ ॥**
**ਹੋਹੁ ਸੁਖੀ ਸੁਤ ਲੋਕ ਮੈਂ ਕਟੋ ਮੋਹ ਕੀ ਫਾਸ ॥ ੧੧੧ ॥**

ਤੂੰ ਇਸ ਤਰ੍ਹਾਂ ਦਾ ਨਿਸਚਾ ਹਿਰਦੇ ਵਿਚ ਧਾਰ ਕੇ ਉਸਦਾ ਦ੍ਰਿੜ ਅਭਯਾਸ ਕਰ। (ਤਦ) ਹੇ ਪੁਤਰ! ਮੋਹ ਦੀ ਫਾਹੀ ਕਟ ਕੇ ਜਗਤ ਵਿਚ ਸੁਖੀ ਹੋ ਜਾਵੇਂਗਾ ॥ ੧੧੧ ॥

ਮਨ ਉਵਾਚ ॥

**ਦੋਹਰਾ—ਦੇਵੀ ਤੋਹਿ ਪ੍ਰਸਾਦਿ ਤੇ ਨਾਸ ਭਯੋ ਮਮ ਮੋਹਿ ॥**
**ਪਰ ਉਰ ਮਾਂਹਿ ਸੰਦੇਹ ਇਕ ਪੂਛਤ ਹੌਂ ਅਬ ਤੋਹਿ ॥ ੧੧੨ ॥**

ਮਨ ਕਹਿਣ ਲਗਾ—ਹੇ ਦੇਵੀ! ਤੇਰੀ ਕਿਰਪਾ ਨਾਲ ਮੇਰਾ ਮੋਹ ਤਾਂ ਨਾਸ ਹੋ ਗਿਆ ਹੈ। (ਪਰ ਮੇਰੇ ਮਨ ਵਿਚ ਇਕ ਸੰਸਾ ਪੈਦਾ ਹੋ ਗਿਆ ਹੈ, ਉਹ) ਤੇਰੇ ਪਾਸੋਂ ਹੁਣ ਪੁਛਦਾ ਹਾਂ ॥ ੧੧੨ ॥

**ਦੋਹਰਾ—ਤਵ ਮੁਖ ਚੰਦ ਮਰੀਚ ਤੇ ਸੁਧਾ ਝਰੇ ਉਪਦੇਸ਼ ॥**
**ਖਯਾਲਤ ਮੇ ਉਰ ਮਲਨ ਪੁਨ ਹਰੇ ਸੁ ਨਿਖਲ ਕਲੇਸ਼ ॥ ੧੧੩ ॥**

ਮਰੀਚ=ਕਿਰਣਾਂ। ਸੁਧਾ=ਅੰਮ੍ਰਿਤ। ਖਯਾਲਤ=ਧੋਂਦਾ ਹੈ।

ਤੇਰਾ ਮੁਖ ਚੰਦ੍ਰਮਾ ਸਮਾਨ ਹੈ, ਇਸ ਤੋਂ ਜੋ ਉਪਦੇਸ਼ ਨਿਕਲਦਾ ਹੈ, ਉਹ ਮਾਨੋ ਚੰਦਰਮਾ ਦੀਆਂ ਕਿਰਨਾਂ ਤੋਂ ਅੰਮ੍ਰਿਤ ਝਰਦਾ ਹੈ। ੨. ਜੋ ਮੇਰੇ ਹਿਰਦੇ ਦੀ ਮੈਲ ਨੂੰ ਧੋਂਦਾ ਹੈ ਅਤੇ ਉਹ (ਉਪਦੇਸ਼ ਹੀ) ਸਾਰੇ ਕਲੇਸ਼ਾਂ ਨੂੰ ਨਸ਼ਟ ਕਰ ਰਿਹਾ ਹੈ ॥ ੧੧੩ ॥

**ਦੋਹਰਾ—ਸੋਕ ਸੋ ਮੈਲ ਪ੍ਰਹਾਰ ਕੋ ਔਖਧਿ ਜੋ ਜਗ ਹੋਇ ॥**
**ਤਾਪਤ ਮੇ ਉਰ ਮਲਨ ਕੋ ਮਾਤ ਬਤਾਵੋ ਸੋਇ ॥ ੧੧੪ ॥**

ਅਨ੍ਵੈ ਅਰਥ-ਸ਼ੋਕ ਰੂਪ ਮੈਲ ਮੇਰੇ ਹਿਰਦੇ ਨੂੰ ਤਪਾ ਰਹੀ ਹੈ, ਉਸ ਮੈਲ ਦੇ ਨਾਸ ਕਰਨ ਵਾਲੀ ਜੋ ਭੀ ਦਵਾਈ ਇਸ ਜਗਤ ਵਿਚ ਹੋਵੇ, ਹੇ ਮਾਤਾ! ਉਹ (ਦਵਾਈ) ਮੈਨੂੰ ਦਸ ਦੇਹ ॥ ੧੧੪ ॥

ਸਰੁਸ੍ਵਤੀ ਉਵਾਚ ॥

**ਚੌਪਈ ॥**

**ਕਹੇ ਮੁਨੀਸ਼ੁਰ ਸਰਬ ਵਿਚਾਰ ॥ ਮਰਮ ਭੇਦ ਸੋ ਸ਼ੋਕ ਪ੍ਰਹਾਰ ॥**
**ਤਾਂਹਿ ਨਿਵਾਰਣ ਔਖਧਿ ਇਹੈ ॥ ਚਿੰਤਾ ਉਰ ਮੈਂ ਮੂਲ ਨ ਗਹੈ ॥੧੧੫॥**

ਮਰਮ=ਮਰਮ ਸਥਲ, ਉਹ ਜਗ੍ਹਾ ਜਿਥੇ ਰਤਾ ਮਾਤ੍ਰ ਚੋਟ ਲਗ ਜਾਣ ਨਾਲ ਪ੍ਰਾਣਾਂ ਦਾ ਅੰਤ ਹੋ ਜਾਵੇ, ਇਸ ਤਰ੍ਹਾਂ ਦੇ ਮਰਮ ਸਥਲ ਇਸ ਮਨੁਖ ਸਰੀਰ ਵਿਚ ਪੰਜ ਤਰ੍ਹਾਂ ਦੇ ਹਨ, ਜੋ ਗਿਣਤੀ ਵਿਚ ੧੦੭ ਹਨ, ਜੈਸਾ ਕਿ—ਅਸ ਮਰਮ ੧੧, ਹੱਡੀ ਮਰਮ ੮, ਸੰਧਿ ਮਰਮ ੨੦, ਸਨਾਯੂ ਮਰਮ ੨੭, ਸ਼ਿਰਾ ਮਰਮ ੪੧। ਵੈਦਿਕ ਵਿਚ ਮਾਸ,ਸ਼ਿਰਾ, ਸਨਾਯੂ, ਹਡੀ ਤੇ ਸੰਧਿ ਤੇ ਸੰਨਪਾਤ ਸਥਾਨ ਦਾ ਨਾਮ ਮਰਮ ਕਿਹਾ ਗਿਆ ਹੈ। ਯਥਾ—ਸੰਨਿਪਾਤਾ! ਸ਼ਿਰਾ ਸਨਾਯੂ ਸੰਧਿ ਅਸ ਅਸਥਿ ਸੰਭਵ: ਪਰਮਾਣਿ ਤੇਸ਼ੂ ਤਿਸਠੰਤਿ ਪ੍ਰਾਣਾ ਖਲੁ ਵਿਸ਼ੇਸ਼ਤ: (ਭਾਵ ਪ੍ਰਕਾਸ਼) ਮਰਮ

ਭੇਦ=ਮਰਮ ਸਥਲ ਨੂੰ ਪਾੜਨ ਵਾਲਾ। ਸੋ=ਸਮਾਨ। ਪ੍ਰਹਾਰ=ਸੱਟ ਮਾਰਨੀ!

ਸਾਰੇ ਵਿਚਾਰ ਵਾਲੇ ਮੁਨੀਸ਼ਵਰ ਇਸ ਤਰ੍ਹਾਂ ਕਹਿੰਦੇ ਹਨ ਕਿ ਸ਼ੋਕ ਦਾ ਹਮਲਾ ਮਰਮ ਸਥਾਨ ਨੂੰ ਭੇਦਨ ਵਾਲਾ ਹੈ ਅਰਥਾਤ ਜਿਸ ਉਤੇ ਸ਼ੋਕ ਵਾਰ ਕਰਦਾ ਹੈ,ਉਹ ਪੁਰਸ਼ ਮਰਮ ਸਥਲ ਦੇ ਪਾਟ ਜਾਣ ਕਰਕੇ ਝਟ ਪਟ ਹੀ ਮਰ ਜਾਂਦਾ ਹੈ। ਉਸ ਦੇ ਨਾਸ ਕਰਨ ਦੀ ਇਹ ਦਵਾਈ ਹੈ, (ਕਿ ਪੁਰਸ਼) ਕਦੇ ਭੀ ਚਿੰਤਾ ਨਾ ਕਰੇ।

ਅਥਵਾ-੨. ਸਾਰੇ ਮੁਨੀਸ਼ਵਰ ਇਹ ਵਿਚਾਰ ਕਹਿੰਦੇ ਹਨ, ਮਰਮ ਸਥਲ ਦੇ ਭੇਦਨ ਨਾਲ ਹੀ ਸ਼ੋਕ ਦਾ (ਪ੍ਰਹਾਰ) ਨਾਸ ਹੁੰਦਾ ਹੈ (ਅਰਥਾਤ ਜਿਵੇਂ ਸਿਰ ਦੇ ਫੇਹ ਸੁਟਣ ਨਾਲ ਸੱਪ ਮਰਦਾ ਹੈ, ਸਿਰ ਫਿਸੇ ਤੋਂ ਬਿਨਾਂ ਸੱਪ ਨਹੀਂ ਮਰਦਾ, ਇਵੇਂ ਹੀ ਮਰਮ ਸਥਲ ਦੇ ਭੇਦਨ ਤੋਂ ਬਿਨਾਂ ਸ਼ੋਕ ਨਹੀਂ ਮਰਦਾ, ਸ਼ੋਕ ਦਾ ਨਾਸ ਕਰਨਾ ਚਾਹੁਣ ਵਾਲਾ ਪੁਰਸ਼ ਸ਼ੋਕ ਦੇ ਮਰਮ ਸਥਲ ਨੂੰ ਪਾੜ ਦੇਵੇ,ਫੇਰ ਸ਼ੋਕ ਦਾ ਨਾਸ ਹੁੰਦਿਆਂ ਦੇਰ ਹੀ ਨਹੀਂ ਲਗਦੀ ਅਤੇ ਸ਼ੋਕ ਦਾ ਮਰਮ ਸਥਲ ਚਿੰਤਾ ਹੈ,ਚਿੰਤਾ ਦਾ ਗ੍ਰਹਿਣ ਨਾ ਕਰਨਾ, ਮਾਨੋਂ ਸ਼ੋਕ ਦਾ ਮਰਮ ਸਥਲ ਦਾ ਭੇਦਨਾ ਹੈ, ਇਸ ਲਈ ਪੁਤ੍ਰ ਮਨ!) ਉਸ ਸ਼ੋਕ ਦੇ ਦੂਰ ਕਰਨ ਵਾਲੀ ਸਿਧ ਦਵਾਈ ਜਗਤ ਵਿਚ ਏਹੀ ਹੈ ਕਿ ਪੁਰਸ਼ ਕਦੇ ਭੀ ਚਿੰਤਾ ਨੂੰ ਗ੍ਰਹਿਣ ਹੀ ਨਾ ਕਰੇ ॥ ੧੧੫ ॥

ਮਨ ਉਵਾਚ ॥

**ਦੋਹਰਾ-ਕਹਯੋ ਤੁਮਾਰੋ ਸੱਤ ਹੈ, ਪਰ ਚਿੰਤਾ ਦੁਰਵਾਰ ॥**
**ਚਿੰਤਾ ਚਿੱਤ ਡੁਲਾਇ ਹੈ, ਜਿਉ ਜਲ ਇੰਦੁ ਬਿਆਰ ॥ ੧੧੬ ॥**

ਦੁਰ=ਕਠਨ, ਔਖਾ। ਵਾਰ=ਨਿਵਾਰਨਾ। ਇੰਦੂ=ਚੰਦ੍ਰਮਾ। ਬਿਆਰ=ਹਵਾ।

ਮਨ ਨੇ ਕਿਹਾ-ਹੇ ਮਾਤਾ! ਤੇਰਾ ਕਹਿਣਾ ਤਾਂ ਸੱਤ ਹੈ, ਪਰ ਚਿੰਤਾ ਦਾ ਨਿਵਾਰਨ ਕਰਨਾ ਬੜਾ ਔਖਾ ਹੈ। ਚਿੰਤਾ ਚਿੱਤ ਨੂੰ ਇਉਂ ਹਿਲਾ ਦੇਂਦੀ ਹੈ, ਜਿਵੇਂ ਪਾਣੀ ਵਿਚਲੇ ਚੰਦ੍ਰਮਾ ਨੂੰ ਹਵਾ ਹਿਲਾ ਦੇਂਦੀ ਹੈ।੧੧੬।

ਸਰਸ੍ਵਤੀ ਉਵਾਚ ॥

**ਦੋਹਰਾ-ਚਿੰਤਾ ਚਿੱਤ ਬਿਕਾਰ ਸੁਤ, ਦੇਵੈ ਬਹੁਤ ਕਲੇਸ਼ ॥**
**ਕਾਹੂ ਸ਼ਾਂਤਿ ਸੁ ਬਿਖੈ ਮੈਂ, ਕੀਜੈ ਤਾਂਹਿ ਨਿਵੇਸ਼ ॥ ੧੧੭ ॥**

ਸਰਸਵਤੀ ਨੇ ਕਿਹਾ-ਹੇ ਪੁਤ੍ਰ! ਚਿੰਤਾ ਦਾ ਵਿਕਾਰ ਚਿੱਤ ਨੂੰ ਬਹੁਤ ਕਲੇਸ਼ ਦੇਂਦਾ ਹੈ। ਇਸ ਨੂੰ ਦੂਰ ਕਰਨ ਵਾਸਤੇ ਮੁਖ ਸਾਧਨ ਇਹ ਹੈ ਕਿ ਸ਼ਾਂਤਿ (ਦੇਣ ਵਾਲਾ) ਜੋ ਵਿਸ਼ਾ (ਮਜ਼ਮੂਨ) ਹੈ ਉਸ ਦੇ ਵਿਚ ਪ੍ਰਵੇਸ਼ ਕਰ ਜਾਹ (ਅਰਥਾਤ ਸ਼ਾਂਤਿ ਰੂਪ ਜੋ (ਬਾਣੀ) ਮਜ਼ਮੂਨ ਹੈ, ਉਸ ਵਿਚ ਜੁੜਿਆ ਰਹੁ ਜਾਂ ਉਸ ਮਜ਼ਮੂਨ ਦੇ ਅਭਿਆਸ ਵਿਚ ਇਸ ਤਰ੍ਹਾਂ ਲਗਾ ਰਹੁ ਕਿ ਉਸ ਤੋਂ ਬਿਨਾਂ ਦੂਜੀ ਗੱਲ ਹੀ ਨਾ ਸੁਝੇ,ਉਸ ਅਭਿਆਸ ਨੂੰ ਕਰਦਾ ਹੋਇਆ ਉਸ ਦਾ ਹੀ ਰੂਪ ਹੋ ਜਾਹ, ਫਿਰ ਨਿਸਚੇ ਹੀ ਚਿੰਤਾ ਦਾ ਗ੍ਰਹਿਣ ਨਹੀਂ ਹੋਵੇਗਾ) ॥ ੧੧੭ ॥

ਮਨ ਉਵਾਚ ॥

**ਦੋਹਰਾ-ਤੁਮ ਪ੍ਰਸੰਨ ਅਤਿ ਹੋਇ ਉਰ, ਮੋਕੋ ਦੇਹੁ ਬਤਾਇ ॥**
**ਕੋ ਧਯਾਨ ਸੁ ਮੈਂ ਧਰੋਂ, ਦੁਖ ਪੁੰਜ ਮਿਟ ਜਾਇ ॥ ੧੧੮ ॥**

ਮਨ ਨੇ ਕਿਹਾ-ਹੇ ਮਾਤਾ! ਤੂੰ ਆਪਣੇ ਹਿਰਦੇ ਵਿਚ ਪਰਮ ਪ੍ਰਸੰਨ ਹੋ ਕੇ ਮੈਨੂੰ ਇਹ/ਦਸ ਕਿ ਮੈਂ ਕਿਸ ਧਿਆਨ ਨੂੰ ਧਰਾਂ, ਜਿਸ ਕਰਕੇ ਮੇਰੇ ਸਾਰੇ ਹੀ ਦੁਖ ਮਿਟ ਜਾਣ (ਤੇ ਆਤਮਾ ਸੁਖੀ ਹੋ ਜਾਵੇ) ॥ ੧੧੮ ॥

ਸਰਸ੍ਵਤੀ ਉਵਾਚ ॥

**ਦੋਹਰਾ-ਹੇ ਸੁਤ ਯਹ ਅਤਿ ਗੋਪ ਹੈ, ਕਰੇ ਜੁ ਬੰਧਨ ਮੋਖ ॥**
**ਪਰ ਆਰਿਤ ਉਪਦੇਸ਼ ਮੈਂ ਕਹੇ ਨ ਆਗਮ ਦੋਖ ॥ ੧੧੯ ॥**

Sri Satguru Jagjit Singh Ji Elibrary NamdhariElibrary@gmail.com

ਆਰਿਤ=ਦੁਖੀਏ ਨੂੰ। ਆਗਮ=ਧਰਮ ਸ਼ਾਸਤ੍ਰ।

ਸਰਸਵਤੀ ਨੇ ਕਿਹਾ–ਹੇ ਪੁਤ੍ਰ! ਜੋ ਬੰਧਨ ਤੋਂ ਮੋਖ ਕਰਨ ਵਾਲਾ (ਸਾਧਨ ਹੈ) ਇਹ ਬਹੁਤ (ਗੁਪਤ ਰਖਣ ਵਾਲਾ ਹੈ,ਇਸਤਰ੍ਹਾਂ ਜਣੇ ਖਣੇ ਨੂੰ ਦਸਣ ਨਾਲ ਪਾਪ ਲਗਦਾ ਹੈ,ਇਸ ਲਈ ਧਰਮ ਸ਼ਾਸਤ੍ਰ ਦੀ ਆਗਿਆ ਹੈ, ਇਸਨੂੰ ਪ੍ਰਗਟ ਨਹੀਂ ਕਰਨਾ ਚਾਹੀਦਾ)। ਪਰ ਦੁਖੀ ਪੁਰਸ਼ ਨੂੰ ਉਪਦੇਸ਼ ਦੇਣ ਵਿਚ ਧਰਮ ਸ਼ਾਸਤ੍ਰ ਨੇ ਦੋਖ ਭੀ ਕੋਈ ਨਹੀਂ ਕਿਹਾ (ਅਰਥਾਤ ਕਿਸੇ ਲੋੜਵੰਦ ਅਧਿਕਾਰੀ ਨੂੰ ਇਹ ਸਾਧਨ ਦੱਸ ਭੀ ਦਿਤਾ ਜਾਏ, ਤਾਂ ਫਿਰ ਧਰਮ ਸ਼ਾਸਤ੍ਰ ਨੇ ਕੋਈ ਪਾਪ ਨਹੀਂ ਦਸਿਆ, ਇਸ ਲਈ ਅਧਿਕਾਰੀ ਪੁਰਸ਼ ਜੋ ਇਨ੍ਹਾਂ ਬੰਧਨਾਂ ਕਰਕੇ ਹੀ ਆਪਣੇ ਆਪ ਨੂੰ ਦੁਖੀ ਅਨੁਭਵ ਕਰ ਰਿਹਾ ਹੈ ਅਤੇ ਇਨ੍ਹਾਂ ਬੰਧਨਾਂ ਤੋਂ ਮੁਕਤ ਹੋਣਾ ਚਾਹੁੰਦਾ ਹੈ, ਓਹੀ ਇਸ ਗੁਪਤ ਸਾਧਨ ਦੇ ਕਰਨ ਅਤੇ ਸੁਣਨ ਦਾ ਅਧਿਕਾਰੀ ਹੈ, ਐਸੀ ਧਰਮ ਸ਼ਾਸਤ੍ਰ ਦੀ ਆਗਿਆ ਹੈ) ॥੧੧੯॥

## ਸਵੈਯਾ ॥

**੧. ਨਵ ਨੀਰਦ ਸ਼ਾਮ ਬਿਸਾਲ ਮਹਾਂ, ਉਰ ਹਾਰ ਭੁਜਾ ਸੁ ਕਜੂਰ ਸੁਹਾਏ ॥**
**੨. ਮਕਰਾਕ੍ਰਿਤ ਕੁੰਡਲ ਕਾਨਨ ਮੈ ਜੁਗ ਨੈਨ ਸਰੋਜ ਮਨੋ ਬਿਗਸਾਏ ॥**
**੩. ਜਨ ਮਾਂਹਿ ਨਿਦਾਘ ਸੁ ਸੀਤ ਸਰੋਵਰ ਬੇਦ ਸਦਾ ਜਿਹ ਬ੍ਰਹਮ ਬਤਾਏ ॥**
**੪. ਹਰਿ ਧਯਾਵ ਸਦਾ ਮਨ ਤੂੰ ਉਰ ਮੈਂ ਨਿਜ ਸੂਖ ਲਹੇ ਦੁਖ ਪੁੰਜਮਿਟਾਏ੧੨੦।**

ਨਵ ਨੀਰਦ ਸ਼ਾਮ=ਨਵੇਂ ਜਲ ਦੇ ਭਰੇ ਹੋਏ ਕਾਲੇ ਬੱਦਲ। ਉਰ=ਗਲ। ਕਜੂਰ=ਅੰਗਦ, ਬੁਹੱਟਾ, ਡੌਲੇ ਉਤੇ ਬੰਨ੍ਹਣ ਵਾਲਾ ਇਕ ਖਾਸ ਗਹਿਣਾ ਮਕਰਾਕ੍ਰਿਤ=ਮੱਛੀ ਦੀ ਸ਼ਕਲ ਵਰਗੇ।
ਸਰੋਜ=ਕਮਲ। ਬਿਗਸਾਏ=ਖਿੜੇ ਹੋਏ। ਨਿਦਾਘ=ਜੇਠ ਹਾੜ ਦੀ ਕੜਕਵੀਂ ਧੁਪ।

੧. ਨੀਲੇ ਬੱਦਲਾਂ ਸਮਾਨ ਜੋ ਬਹੁਤ ਸ਼ਾਮ ਸਰੂਪ ਹੈ, ਜਿਸਨੇ ਗਲ ਵਿਚ (ਮੋਤੀਆਂ ਦੇ) ਹਾਰ (ਤੇ ਬੈਜੰਤੀ ਮਾਲਾ ਪਾਈ ਹੋਈ ਹੈ ਅਤੇ ਬਾਂਹਵਾਂ ਵਿਚ (ਡੌਲਿਆਂ ਉਤੇ) ਬੁਹੱਟੇ ਸੋਭਾ ਪਾ ਰਹੇ ਹਨ। ੨. ਮੱਛੀ ਦੀ ਸ਼ਕਲ ਵਰਗੇ ਕੁੰਡਲ ਜਿਸਦੇ ਕੰਨਾਂ ਵਿਚ ਸੋਭਦੇ ਹਨ ਅਤੇ ਦੋਵੇਂ ਨੇਤ੍ਰ (ਇਸ ਤਰ੍ਹਾਂ ਹਨ) ਮਾਨੋਂ ਕਮਲ ਖਿੜੇ ਹੋਏ ਹਨ। ੩. ਰੂਪ ਐਸਾ ਸ਼ਾਂਤਿ ਹੈ ਮਾਨੋਂ ਗ੍ਰੀਖਮ ਰੁਤ ਦੀ ਪ੍ਰਚੰਡ ਧੁਪ ਦੇ ਵਿਚ ਠੰਡੇ ਜਲ ਦਾ ਗੰਭੀਰ ਸਰੋਵਰ ਹੈ, ਫਿਰ ਜਿਸਨੂੰ ਵੇਦ ਸਦਾ ਹੀ ਬ੍ਰਹਮ ਨਾਮ ਨਾਲ ਉਚਾਰਨ ਕਰਦਾ ਹੈ। ੪. ਹੇ ਮਨ! ਤੂੰ ਸਦਾ ਹਿਰਦੇ ਵਿਚ ਉਸ ਹਰੀ ਦਾ ਧਿਆਨ ਤੇ ਸਿਮਰਨ ਕਰ, (ਤਬ) ਨਿਜ ਸੁਖ ਪਾ ਲਵੇਂਗਾ ਅਤੇ ਦੁਖਾਂ ਦਾ ਪੁੰਜ ਮਿਟ ਜਾਏਗਾ ॥ ੧੨੦ ॥

## ਸਵੈਯਾ ॥

**੧. ਸੁਨ ਕੈ ਮਨ ਦੀਰਘ ਸਾਸ ਲਯੋ ਕਰ ਜੋਰ ਦੋਊ ਪਦ ਸੀਸ ਝੁਕਾਯੋ ॥**
**੨. ਭਵ ਭੇਖਜ ਮਾਤ ਸੁ ਤੋਹਿ ਕਹਯੋ ਭਵ ਸਿੰਧ ਕਹਯੋ ਤਵ ਮੋਹਿ ਬਚਾਯੋ ॥**
**੩. ਕਰੁਣਾ ਰਸ ਨੈਨ ਬਿਸਾਲ ਦੁਵੇ ਪੁਨ ਸਾਰਸੁਤੀ ਗਹਿ ਹਾਥ ਉਠਾਯੋ ॥**
**੪. ਸੁਤ ਲਾਇਕ ਤੂੰ ਉਪਦੇਸਹਿ ਕੀ ਅਬ ਨੀਰ ਭਯੋ ਇਮ ਮੋ ਮਨਆਯੋ॥੧੨੧।**

੧. ਇਹ ਸੁਣਕੇ, ਮਨ ਨੇ ਠੰਡਾ ਹਉਕਾ ਲਿਆ ਅਤੇ ਫਿਰ ਦੋਵੇਂ ਹੱਥ ਜੋੜਕੇ, (ਸਰਸ੍ਵਤੀ ਦੇ) ਚਰਨਾਂ ਉਤੇ ਉਸਨੇ ਸਿਰ ਧਰ ਦਿਤਾ ਅਤੇ ਮੂੰਹੋਂ ਇਸ ਤਰ੍ਹਾਂ ਕਿਹਾ। ੨. ਹੇ ਮਾਤਾ! ਤੂੰਹੀ ਸੰਸਾਰ ਤੋਂ ਉਧਾਰਨ ਵਾਲੀ ਦਵਾਈ ਦੱਸੀ ਹੈ, (ਮੈਂ ਤਾਂ) ਸੰਸਾਰ ਸਮੁੰਦਰ ਵਿਚ ਰੁੜ੍ਹਿਆ ਜਾਂਦਾ ਸਾਂ, ਤੂੰ ਮੈਨੂੰ ਬਚਾ ਲਿਆ ਹੈ।

ਭ. ਉਸਦੀ ਇਹ ਬੇਨਤੀ ਸੁਣਕੇ ਸਰਸਵਤੀ ਦੇ ਨੈਨ ਕਰੁਣਾ ਰਸ ਨਾਲ ਪੂਰਤ ਹੋਕੇ ਫਰਨ ਫਰਨ ਵਗਨ ਲਗ ਪਏ, (ਉਸਨੇ ਉਸੇ ਵੇਲੇ ਹੀ ਮਨ ਨੂੰ) ਬਾਂਹ ਤੋਂ ਫੜਕੇ ਪੈਰਾਂ ਤੋਂ ਉਠਾ ਲਿਆ ਅਤੇ ਕਿਹਾ ਹੇ ਪੁਤ੍ਰ! ਹੁਣ ਮੇਰੇ ਮਨ ਵਿਚ ਇਸ ਤਰ੍ਹਾਂ ਦਾ (ਨੀਠ) ਨਿਸਚਾ ਆ ਗਿਆ ਹੈ ਕਿ ਤੂੰ ਉਪਦੇਸ਼ ਨੂੰ ਸੁਣਨ ਦੇ ਲਾਇਕ ਹੈਂ ਅਰਥਾਤ ਤੂੰ ਉਤਮ ਅਧਿਕਾਰੀ ਹੈਂ, ਇਸ ਲਈ ਮੈਂ ਤੈਨੂੰ ਉਪਦੇਸ਼ ਕਰਦੀ ਹਾਂ ॥ ੧੨੧ ॥

## ਚੌਪਈ॥

**ਹੇ ਸੁਤ ਔਰ ਪ੍ਰਕਾਰਹਿ ਕਹੌਂ ॥ ਤਵ ਸੰਸਾਰ ਮੋਹ ਸਭ ਢਹੌਂ ॥**
**ਜੇਤੋ ਮੋਹ ਸੁ ਜਾ ਮੈ ਹੋਈ ॥ ਅੰਤ ਜਨੇ ਤੇਤੇ ਦੁਖ ਕਦੇ ਨਾ ਸੋਈ ॥ ੧੨੨ ॥**

ਹੇ ਪੁਤ੍ਰ! (ਮਨ! ਸੁਣ, ਤੈਨੂੰ) ਹੋਰ ਤਰੀਕੇ ਨਾਲ ਦਸਦੀ ਹਾਂ ਅਤੇ ਤੇਰਾ ਸੰਸਾਰਕ ਮੋਹ ਸਾਰਾ ਹੀ ਨਾਸ ਕਰਦੀ ਹਾਂ। ਜਿਸ ਪਦਾਰਥ ਵਿਚ ਜਿੰਨਾ ਮੋਹ ਹੁੰਦਾ ਹੈ, ਅੰਤ ਦੇ ਸਮੇਂ ਉਹ ਪਦਾਰਥ ਉਨ੍ਹਾਂ ਹੀ ਦੁਖ ਪੈਦਾ ਕਰਦਾ ਹੈ ॥ ੧੨੨ ॥

## ਚੌਪਈ॥

**ਪਿਤਾ ਤਨੈ ਬਾਂਧਵ ਪਤਿ ਭਾਈ ॥ ਕਾਲ ਜਬੈ ਗਹਿ ਸੀਸ ਲਿਜਾਈ ॥**
**ਤਬ ਮੂਰਖ ਜਨ ਅਤਿ ਦੁਖ ਪਾਵੈ ॥ ਖੋਹ ਸਿਰੋਰੁਹਿ ਧੂੜ ਰੁਲਾਵੈ॥੧੨੩॥**

ਤਨੈ=ਪੁਤ੍ਰ। ਸਿਰੋਰੁਹਿ=ਸਿਰ ਦੇ ਵਾਲ, ਕੇਸ।

ਪਿਉ, ਪੁਤ੍ਰ, ਸੰਨਬੰਧੀ, ਪਤੀ-ਸਵਾਮੀ ਜਾਂ ਭਰਾ (ਆਦਿਕ ਨੂੰ) ਜਦੋਂ ਕਾਲ ਸਿਰ ਦੇ ਵਾਲਾਂ ਤੋਂ ਫੜਕੇ ਜਮਲੋਕ ਨੂੰ ਲੈ ਜਾਂਦਾ ਹੈ। ਤਦ ਮੂਰਖ ਪੁਰਸ਼ (ਉਨ੍ਹਾਂ ਦਾ ਵਿਛੋੜਾ ਮੰਨਕੇ) ਬੜਾ ਭਾਰਾ ਦੁਖ ਪਾਉਂਦਾ ਹੈ ਅਤੇ ਸਿਰ ਤੋਂ ਕੇਸਾਂ ਨੂੰ ਪੁਟ ਕੇ ਮਿੱਟੀ ਵਿਚ ਰੁਲਾ ਦੇਂਦਾ ਹੈ (ਅਥਵਾ ਸਿਰ ਤੋਂ ਕੇਸ ਪੁਟਦਾ ਹੈ ਅਤੇ ਕੇਸਾਂ ਵਿਚ ਮਿੱਟੀ ਪਾ ਲੈਂਦਾ ਹੈ) ॥ ੧੨੩ ॥

## ਚੌਪਈ॥

**ਤਾੜੈਂ ਉਰ ਦ੍ਰਿਗ ਤੇ ਜਲ ਬਹੇ ॥ ਪੇਖਿ ਬਿਬੇਕੀ ਯੌਂ ਉਰ ਕਹੇ ॥**
**ਯਹਿ ਸੰਸਾਰ ਬਡੋ ਦੁਖਦਾਈ ॥ ਯਾ ਮੈ ਚੀਤ ਗਡੋ ਮਤ ਰਾਈ ॥ ੧੨੪ ॥**

ਛਾਤੀ ਨੂੰ ਪਿੱਟਦਾ ਹੈ ਅਤੇ ਅੱਖਾਂ ਤੋਂ ਪਾਣੀ ਵਗਦਾ ਹੈ, ਉਨ੍ਹਾਂ ਦੀ ਅਜਿਹੀ ਹਾਲਤ ਵੇਖ ਕੇ ਵਿਚਾਰਵਾਨ ਪੁਰਸ਼ ਇਸ ਤਰ੍ਹਾਂ ਕਹਿੰਦਾ ਹੈ। ਕਿ ਇਹ ਸੰਸਾਰ ਬੜਾ ਹੀ ਦੁਖ ਦੇਣ ਵਾਲਾ ਹੈ, ਇਸ ਵਿਚ ਰਾਈ ਜਿੰਨਾ ਭੀ ਚਿੱਤ ਨਾ ਗਡੋ, ਅਰਥਾਤ ਰਾਈ ਜਿੰਨਾ ਭੀ ਕਿਸੇ ਨਾਲ ਮੋਹ ਨਾ ਕਰੋ ॥ ੧੨੪ ॥

## ਚੌਪਈ॥

**ਦ੍ਰਿਢ ਵੈਰਾਗ ਸੁਤਾ ਉਰ ਹੋਈ ॥ ਸਮ ਸੁਖ ਲਹੇ ਆਪ ਮੈਂ ਸੋਈ ॥**
**ਸਾਰਸੁਤੀ ਇਮ ਜਬੈ ਅਲਾਯੋ ॥ ਤਾਹੀ ਖਿਣ ਵੈਰਾਗ ਸੁ ਆਯੋ ॥ ੧੨੫ ॥**

ਪ੍ਰਪੱਕ ਵੈਰਾਗ ਫਿਰ ਉਸ ਦੇ ਹਿਰਦੇ ਵਿਚ ਹੋ ਜਾਂਦਾ ਹੈ,(ਜਿਸ ਕਰਕੇ ਫਿਰ) ਉਹ ਆਪਣੇ ਆਪ ਵਿਚ ਇਕ ਸਾਰ ਸੁਖ ਪ੍ਰਾਪਤ ਕਰ ਲੈਂਦਾ ਹੈ। ਜਦੋਂ ਸਰਸਵਤੀ ਨੇ ਇਸ ਤਰ੍ਹਾਂ ਕਿਹਾ, ਉਸੇ ਖਿਣ ਵਿਚ ਵੈਰਾਗ (ਭੀ ਰਾਜ ਸਭਾ ਵਿਚ) ਆ ਗਿਆ, ਅਤੇ ਕਹਿਣ ਲਗਾ ॥ ੧੨੫ ॥

Sri Satguru Jagjit Singh Ji Elibrary　　　　NamdhariElibrary@gmail.com

ਵੈਰਾਗ ਉਵਾਚ ॥

## ਸਵੈਯਾ ॥

**੧. ਹਾ ਬਿਧਿ ਏਕ ਬਿਡੰਬ ਕੀਯੋ, ਜਿਹ ਤੇ ਸਭ ਲੋਗ ਸੁ ਤੋਹਿ ਠਗਾਏ ॥**
**੨. ਏ ਨਵ ਨੀਲ ਸੁ ਨੀਰਜ ਪੇਸਲ ਪਾਂਤ ਦਲੰ ਸਮ ਦੇਹ ਬਨਾਏ ॥**
**੩. ਸ੍ਰੋਣਤ ਮਾਸ ਸੁ ਮੇਦ ਵਸਾ ਤਨ ਊਪਰ ਤੇ ਤੁਚ ਅੰਬਰ ਛਾਏ ॥**
**੪. ਕੈ ਕਰੁਨਾ ਬਸ ਨਾਤੁਰ ਵਾਯਸ ਚੀਲ੍ਹ ਬਿਆਘਰ ਜਾਤ ਸੁ ਖਾਏ॥ ੧੨੬ ॥**

ਬਿਡੰਬ=ਠੱਗੀ । ਨੀਰਜ=ਕਮਲ । ਪੇਸਾਲ=ਕੋਮਲ । ਪਾਂਤ=ਲੜੀ । ਦਲੰ=ਪੱਤ੍ਰ । ਮੇਦ=ਉਹ ਚਿੱਟੀ ਰਤੂਬਤ ਜੋ ਸਰੀਰ ਨੂੰ ਮੋਟਾ ਕਰਦੀ ਹੈ । ਵਸਾ=ਚਰਬੀ । ਅੰਬਰ=ਕਪੜਾ । ਵਾਜਸ=ਕਾਂ । ਬਿਆਘਰ=ਬਘਿਆੜ ।

੧. ਵੈਰਾਗ ਕਹਿਣ ਲਗਾ—ਹੇ ਬ੍ਰਹਮਾ ! ਤੂੰ ਇਕ ਬੜੀ ਭਾਰੀ ਠੱਗੀ ਕੀਤੀ ਹੈ, ਜਿਸ ਕਰਕੇ ਸਾਰੇ ਜਗਤ ਦੇ ਲੋਗ ਤੂੰ ਹੀ ਠੱਗ ਲਏ ਹਨ । ੨. ਨੀਲੇ ਕਮਲ ਦੇ ਨਵੇਂ ਨਵੇਂ ਕੋਮਲ ਪੁਤ੍ਰਾਂ ਦੇ ਸਮਾਨ ਹੀ ਇਹ ਦੇਹ ਬਣਾਈ (ਹੋਈ ਨਜ਼ਰ ਆ ਰਹੀ ਹੈ) । ੩. ਪਰ ਅਸਲ ਵਿਚ ਇਸ ਸਰੀਰ ਦੇ ਵਿਚ ਲਹੂ, ਮਾਸ, ਮੇਦ ਤੇ ਚਰਬੀ ਭਰੀ ਹੋਈ ਹੈ ਅਤੇ ਉਪਰ ਖਲੜੀ ਰੂਪ ਕਪੜਾ ਚੜ੍ਹਾਇਆ ਹੋਇਆ ਹੈ । ੪. ਜਾਂ (ਇਹ ਕਹੋ ਕਿ) ਕਰੁਣਾ ਦੇ ਵੱਸ (ਹੋ ਕੇ ਹੀ ਤੂੰ ਇਸ ਨੂੰ ਉਪਰੋਂ ਕੱਜ ਦਿਤਾ ਹੈ) ਨਹੀਂ ਤਾਂ (ਇਸ ਲਹੂ-ਮਾਸ ਦੇ ਥੈਲੇ ਨੂੰ) ਕਾਂ, ਇੱਲਾਂ ਤੇ ਬਘਿਆੜਾਂ ਨੇ ਹੀ ਖਾ ਜਾਣਾ ਸੀ ॥ ੧੨੬ ॥

**ਦੋਹਰਾ—ਸਰਬ ਓਰ ਤੇ ਸ੍ਰੋਣਤ ਮਿਲਯੋ, ਆਮਿਖ ਪਿੰਡ ਨਿਹਾਰ ॥**
**ਪਰੇ ਸੁ ਵਾਇਸ ਚੀਲ ਬਹੁ, ਕੋਕਰ ਸਕੇ ਨਿਵਾਰ ॥ ੧੨੭ ॥**

ਆਮਿਖ=ਮਾਸ । ਪਿੰਡ=ਲੋਥੜਾ । ਨਿਹਾਰ=ਵੇਖਣਾ । ਵਾਯਸ=ਕਾਂ ।

ਮਾਸ ਦਾ ਲੋਥੜਾ ਸਭ ਪਾਸਿਆਂ ਤੋਂ ਲਹੂ ਨਾਲ ਲਿਬੜਿਆ ਹੋਇਆ ਵੇਖਕੇ (ਇਸ ਨੂੰ ਖਾਣ ਵਾਸਤੇ) ਕਾਵਾਂ ਤੇ ਇੱਲਾਂ ਨੇ ਬੜੇ ਬੜੇ ਝੱਪਟੇ ਮਾਰ ਕੇ ਪੈਣਾ ਸੀ ਅਤੇ ਉਨ੍ਹਾਂ ਦੇ ਝਪਟਿਆਂ ਨੂੰ ਕਿਸ ਨੇ ਦੂਰ ਕਰ ਸਕਣ ਸੀ ? (ਇਸ ਲਈ ਬ੍ਰਹਮਾ ਨੇ ਕ੍ਰਿਪਾ ਕਰਕੇ ਇਸ ਨੂੰ ਚਮੜੇ ਰੂਪ ਕਪੜੇ ਨਾਲ ਉਪਰੋਂ ਢੱਕ ਦਿਤਾ ਹੈ)॥੧੨੭॥

## ਸਵੈਯਾ ॥

**੧. ਹੈ ਮਲ ਮੂਤ ਕਸੂਤ ਸਭੈ, ਪੁਨ ਔਰ ਸਲੇਖਮ ਭਾਂਜਨ ਭਾਰੀ ॥**
**੨. ਨਾਕ ਕੀ ਮੈਲ ਜਬੈ ਨਿਕਸੈ ਅਰੁ ਨਾਹਿ ਸੰਭਾਰ ਸੁ ਪੋਚ ਉਤਾਰੀ ॥**
**੩. ਤੌ ਮੁਖ ਚੰਦ ਕਹੇ ਜਿਹ ਕੋ ਵਹਿ ਨਾਂਹਿ ਨਿਹਾਰ ਸਕੈ ਤਬ ਨਾਰੀ ॥**
**੪. ਪਿਖ ਰੰਚਕ ਮੈਲ ਗਿਲਾਨ ਕਰੇ ਸਠ ਜਾਨਤ ਨਹਿ ਇਹੈ ਕਛੁ ਸਾਰੀ॥੧੨੮।**

ਕਸੂਤ=ਗੰਦ-ਕੂੜੇ ਦਾ ਢੇਰ । ਸਲੇਖਮ=ਬਲਗਮ । ਭਾਂਜਨ=ਭਾਂਡਾ ।

੧. ਇਹ ਸਾਰਾ ਸਰੀਰ ਹੀ ਗੂੰਹ-ਮੂਤ [ਆਦਿਕ] ਗੰਦ ਤੇ ਕੂੜੇ ਦਾ ਢੇਰ ਹੈ ਅਤੇ ਹੋਰ ਰੇਸ਼ੇ-ਬਲਗਮ ਦਾ ਭਰਿਆ ਹੋਇਆ ਭਾਂਡਾ ਹੈ । ੧. ਜਦੋਂ ਨੱਕ ਦੀ ਮੈਲ [ਸੀਂਢ] ਨੱਕ ਵਿਚੋਂ ਨਿਕਲੇ ਅਤੇ ਉਸ ਨੂੰ ਸੰਭਾਲਕੇ ਪੂੰਜਕੇ ਨਾ ਲਾਇਆ ਜਾਵੇ । ੩. ਤਾਂ ਜਿਸ ਇਸਤ੍ਰੀ ਦੇ ਮੂੰਹ ਨੂੰ ਚੰਦ ਵਰਗਾ ਕਹਿੰਦਾ ਹੈ ਤਦ ਫਿਰ ਉਸ ਇਸਤ੍ਰੀ ਵਲ ਪੁਰਖ ਵੇਖ ਭੀ ਨਹੀਂ ਸਕਦਾ । ੪. ਮੂਰਖਾ ! ਰਤਾ ਜਿੰਨੀ ਮੈਲ [ਮੂੰਹ ਤੇ ਲਗੀ ਹੋਈ]

ਵੇਖਕੇ (ਇਸਤ੍ਰੀ ਵਲੋਂ) ਨਫਰਤ ਕਰਦਾ ਹੈਂ ? [ਤੂੰ] ਨਹੀਂ ਜਾਣਦਾ ਜੋ ਇਸ ਦੀ ਸਾਰੀ ਦੇਹ ਹੀ ਏਹੋ ਕੁਝ ਹੈ ? [ਅਰਥਾਤ ਤੂੰ ਤਾਂ ਨੱਕ ਦੀ ਨਲੀ ਲਮਕਦਾ ਵੇਖਕੇ, ਕਹਿੰਦਾ ਹੈਂ ਜੋ ਔਰਤ ਕੇਹੀ ਗੰਦੀ ਹੈ, ਜਿਸ ਨੂੰ ਨੱਕ ਸਾਫ ਕਰਨ ਦੀ ਭੀ ਅਕਲ ਨਹੀਂ ਹੈ, ਇਹ ਕਹਿਕੇ ਹੀ ਉਸ ਤੋਂ ਮੂੰਹ ਮੋੜ ਲੈਂਦਾ ਹੈਂ,ਇਸ ਦੀ ਤਾਂ ਸਾਰੀ ਦੇਹ ਹੀ ਗੰਦ ਦਾ ਢੇਰ ਹੈ, ਇਸਨੂੰ ਕਿਹੜੀ ਥਾਂ ਤੋਂ ਸੁਧ ਵੇਖਕੇ ਇਸ ਉਤੇ ਲੋਭਿਆ ਫਿਰਦਾ ਹੈਂ ?] ॥ ੧੨੮ ॥

**ਚੌਪਈ ॥**

**ਲੋਲ ਦੋਲ ਸਮ ਭੋਗ ਸੁਹਾਏ ॥ ਜਰਾ ਪ੍ਰਨਾਮ ਭਏ ਦੁਖਦਾਏ ॥**
**ਬਿਪਦਾ ਕੋ ਯਹਿ ਗੇਹ ਪਛਾਨੇ ॥ ਧਨ ਕੇ ਨਾਸ ਪਰਮ ਦੁਖ ਮਾਨੋ ॥੧੨੯॥**

ਦੋਲ=ਹਿੰਡੋਲਾ, ਪੰਘੂੜਾ ਜੋ ਗੋਲ ਚੱਕਰ ਕੱਟਦਾ ਹੈ । ਲੋਲ=ਚੰਚਲ, ਫਿਰਨ ਵਾਲੇ ।
ਜਰ=ਬੁਢੇਪਾ । ਪ੍ਰਨਾਮ=ਤਬਦੀਲੀ ਦੀ ਹਾਲਤ, ਬਦਲ ਜਾਣਾ ।

ਇਹ ਸੁਹਾਵਣੇ ਭੋਗ ਹਿੰਡੋਲੇ ਵਾਂਗੂ ਫਿਰਦੇ ਰਹਿਣ ਵਾਲੇ ਹਨ । [ਜਦ ਸਰੀਰ] ਬੁਢੇਪੇ ਕਰਕੇ ਤਬਦੀਲ ਹੋ ਗਿਆ ਤਦ ਇਹ ਸਾਰੇ ਭੋਗ ਹੀ ਦੁਖ ਦਾਤੇ ਹੋ ਜਾਂਦੇ ਹਨ । ਇਹ [ਜੋ ਭੋਗ ਹਨ । ਇਨ੍ਹਾਂ ਨੂੰ] ਬਿਪਦਾ ਦਾ ਘਰ ਪਛਾਣ ਲਵੇ, ਧਨ ਦਾ ਨਾਸ ਕਰਕੇ ਇਨ੍ਹਾਂ ਨੂੰ ਪਰਮ ਦੁਖ [ਦੇਣ ਵਾਲਾ] ਮੰਨ ਲਵੇ ॥ ੧੨੯ ॥

**ਚੌਪਈ ॥**

**ਜਿਤੇ ਲੋਕ ਸਭ ਦੇਵਹਿ ਸ਼ੋਕ ॥ ਅਬਲਾ ਅਹੇ ਅਨਰਥਨ ਓਕ ॥**
**ਯਾਹਿ ਘੋਰ ਸੰਕਟ ਪਥ ਮਾਂਹੀ ॥ ਹਾ ਹਾ ਜੀਵ ਅੱਗਧ ਲਪਟਾਹੀ ॥੧੩੦॥**

(ਇੰਦ੍ਰ ਲੋਕ, ਬ੍ਰਹਮ ਲੋਕ ਤੇ ਸ਼ਿਵ ਲੋਕ ਆਦਿਕ) ਜਿੰਨੇ ਭੀ ਲੋਕ (ਹਨ, ਉਹ ਸਾਰੇ ਹੀ) ਸ਼ੋਕ ਦੇਣ ਵਾਲੇ ਹਨ, ਪਰ ਇਨ੍ਹਾਂ ਸਾਰੇ ਅਨਰਥਾਂ (ਦੁਖਾਂ) ਦਾ (ਓਕ) ਘਰ ਇਸਤ੍ਰੀ ਹੈ। (ਇਸਤ੍ਰੀ ਦੇ ਭੋਗ ਰੂਪ) ਤਿਸ ਮਹਾਂ ਡਰਾਉਣੇ ਰਸਤੇ ਦੇ ਵਿਚ ਅਗਿਆਨੀ ਜੀਵ ਲੰਪਟਤ ਹੋ ਰਹੇ ਹਨ, ਇਹ ਵੇਖਕੇ ਬੜਾ ਹੀ ਕਸ਼ਟ ਹੋ ਰਿਹਾ ਹੈ ॥ ੧੩੦ ॥

**ਚੌਪਈ ॥**

**ਯੌ ਭਾਖਤ ਵੈਰਾਗ ਸੁ ਆਯੋ ॥ ਸਾਰਸੁਤੀ ਤਬ ਬੈਨ ਅਲਾਯੋ ॥**
**ਹੇ ਸੁਤ ਆਇਓ ਯਹਿ ਵੈਰਾਗ ॥ ਆਦਰ ਕਰੋ ਸੁ ਤਿਹ ਵਡਭਾਗ॥੧੩੧॥**

ਇਸ ਤਰ੍ਹਾਂ ਦੇ ਬਚਨ ਕਹਿੰਦਾ ਹੋਇਆ ਵੈਰਾਗ ਉਥੇ ਆ ਗਿਆ, ਤਦ ਸਰੁਸ੍ਵਤੀ ਨੇ ਇਹ ਬਚਨ ਕਿਹਾ । ਹੇ ਪੁਤ੍ਰ ਮਨ ! ਇਹ ਵੈਰਾਗ ਆਇਆ ਹੈ, ਹੇ ਵਡਭਾਗੀ ! ਉਸਦਾ ਆਦਰ ਕਰੋ ।' ੧੩੧ ॥

**ਚੌਪਈ ॥**

**ਕਹਾਂ ਪੂਤ ਮਨ ਏਹੁ ਉਚਾਰਯੋ ॥ ਵੈਰਾਗ ਸਮੀਪ ਸੁ ਤਿਹ ਅਨੁਸਾਰਯੋ ॥**
**ਤਾਤ ਚਰਣ ਅਬ ਤੇ ਦਰਸਾਏ ॥ ਯਹਿ ਵੈਰਾਗ ਸੁ ਲਾਗਤ ਪਾਏ ॥੧੩੨॥**

ਹੇ ਪੁਤ੍ਰ (ਵੈਰਾਗ ! ਤੂੰ) ਕਿਥੇ ਹੈਂ ? ਮਨ ਨੇ ਜਦ ਇਹ ਕਿਹਾ-ਤਦ ਵੈਰਾਗ ਉਸਦੇ ਕੋਲ (ਅਨੁਸਰਯੋ) ਚਲਾ ਗਿਆ ਅਤੇ ਕਹਿਣ ਲੱਗਾ । ਹੇ ਪਿਤਾ ਜੀ ! ਬੜੇ ਚਿਰਾਂ ਪਿਛੋਂ ਆਪਦੇ ਚਰਨ (ਕਮਲਾਂ ਦੇ) ਦਰਸ਼ਨ ਨਸੀਬ ਹੋਏ ਹਨ, ਅਜ ਮੇਰੇ ਧਨ ਭਾਗ ਹਨ ਇਹ ਵੈਰਾਗ ਆਪਦੇ ਚਰਨੀਂ ਲੱਗਦਾ ਹੈ, [ਇਹ ਕਹਿੰਦਿਆਂ ਹੀ ਵੈਰਾਗ ਮਨ ਦੇ ਚਰਨਾਂ ਉਤੇ ਡਿੱਗ ਪਿਆ] ॥ ੧੩੨ ॥

Sri Satguru Jagjit Singh Ji Elibrary NamdhariElibrary@gmail.com

**ਚੌਪਈ॥**

**ਜਨਮ ਸਮੇ ਤਵ ਦਰਸਨ ਪਾਏ॥ ਫੇਰ ਪੂਤ ਕਹੁ ਕਹਾਂ ਸਿਧਾਏ॥**
**ਮੇਰੇ ਕੰਠ ਮਿਲੋ ਸੁਤ ਪਿਆਰੇ॥ ਮਿਲੇ ਵੈਰਾਗ ਸੁ ਭੁਜਾ ਪਸਾਰੇ॥ ੧੩੩॥**

(ਮਨ ਨੇ ਵੈਰਾਗ ਨੂੰ ਪੈਰਾਂ ਤੋਂ ਚੁਕ ਲਿਆ ਅਤੇ ਕਿਹਾ–ਹੇ ਪੁਤ੍ਰ ! ਤੇਰੇ ਜਨਮ ਦੇ ਸਮੇਂ ਹੀ ਤੇਰੇ ਦਰਸ਼ਨ ਹੋਏ ਸਨ। ਦਸ ਪੁਤ੍ਰ ! ਤੂੰ ਫੇਰ ਕਿਥੇ ਚਲਾ ਗਿਆ ਸੀ ? ਹੇ ਪਿਆਰੇ ਪੁਤ੍ਰ ! ਮੇਰੇ ਗਲ ਲਗਕੇ ਮਿਲ, ਵੈਰਾਗ ਉਸੇ ਵੇਲੇ ਹੀ ਬਾਹਵਾਂ ਫੈਲਾ ਕੇ ਮਨ ਨੂੰ ਜੱਫੀ ਪਾ ਕੇ ਮਿਲਿਆ॥ ੧੪੩॥

**ਚੌਪਈ॥**

**ਤਬ ਮਨ ਯਾ ਬਿਧਿ ਬੈਨ ਅਲਾਯੋ॥ ਤੋ ਪੇਖਤ ਮਮ ਸ਼ੋਕ ਅਲਾਯੋ॥**
**ਵੈਰਾਗ ਬਹੁਤ ਮਨ ਕੋ ਯੌਂ ਕਹੈ॥ ਕਹਾਂ ਸ਼ੋਕ ਕੇ ਅਵਸਰ ਅਹੈ॥ ੧੩੪॥**

ਜਦ ਮਨ ਨੇ ਇਸ ਤਰ੍ਹਾਂ ਦਾ ਬਚਨ ਕਿਹਾ–(ਹੇ ਵੈਰਾਗ !) ਤੇਰੇ ਵੇਖਣ ਨਾਲ ਹੀ ਮੇਰਾ ਸ਼ੋਕ ਦੂਰ ਹੋ ਗਿਆ ਹੈ। ਵੈਰਾਗ ਨੇ ਫੇਰ ਮਨ ਨੂੰ ਇਸ ਤਰ੍ਹਾਂ ਕਿਹਾ–ਸ਼ੋਕ ਕਰਨ ਦਾ ਕਿਹੜਾ ਸਮਾਂ ਹੈ ? ॥ ੧੩੪॥

**ਚੌਪਈ॥**

**ਜਿਉ ਪਥ ਭੀਤਰ ਪਥਕ ਮਿਲਾਏ॥ ਸਮਾ ਪਾਇ ਪੁਨ ਬਿਛੁਰ ਜਾਏ॥**
**ਜਿਉਂ ਤ੍ਰਿਣ ਕਾਠ ਸੁ ਨਦੀ ਪ੍ਰਵਾਹਾ॥ ਕਬੀ ਮਿਲੇ ਕਬਿ ਹੋਇ ਦੁਰਾਹਾ॥੧੩੫॥**

ਜਿਵੇਂ ਰਾਹ ਵਿਚ ਰਾਹੀ ਕਠੇ ਹੋ ਜਾਂਦੇ ਹਨ ਅਤੇ ਫਿਰ ਸਮਾਂ ਪਾ ਕੇ ਆਪੇ ਹੀ ਵਿਛੜ ਕੇ (ਆਪੋ ਆਪਣੇ ਘਰਾਂ ਨੂੰ) ਚਲੇ ਜਾਂਦੇ ਹਨ। ਜਿਵੇਂ ਨਦੀ ਦੇ ਪ੍ਰਵਾਹ ਵਿਚ ਕੱਠ ਕਾਠ ਕਦੇ ਮਿਲ ਜਾਂਦਾ ਹੈ ਅਤੇ ਕਦੇ ਫਿਰ ਵਖੋ ਵਖ ਹੋ ਜਾਂਦਾ ਹੈ॥ ੧੩੫॥

**ਜਿਉ ਜਲ ਬੂੰਦ ਮੇਘ ਕੀ ਧਾਰਾ॥ ਯਥਾ ਜਹਾਜ ਸੁ ਸਿੰਧ ਮਝਾਰਾ॥**
**ਪਿਤਾ ਮਾਤ ਸੁਧ ਬੰਧ ਸੁ ਦਾਰਾ॥ ਮਿਲ ਬਿਛਰੇ ਯਾ ਜਗਤ ਮਝਾਰਾ॥੧੩੬॥**

ਜਿਵੇਂ ਬਦਲ ਦੀਆਂ ਧਾਰਾਂ ਹੇਠਾਂ ਆਉਂਦੀਆਂ ਹੋਈਆਂ ਜਲ ਦੀਆਂ ਬੂੰਦਾਂ (ਰਾਹ ਵਿਚ ਕਦੇ ਵਿਛੜਦੀਆਂ ਅਤੇ ਕਦੇ ਮਿਲਦੀਆਂ ਹਨ) ਫਿਰ ਜਿਵੇਂ ਸਮੁੰਦਰ ਦੇ ਜਹਾਜ਼ ਵਿਚ (ਅਨੇਕਾਂ ਦੇਸਾਂ ਦੇ ਲੋਕ ਇਕਠੇ ਹੋ ਜਾਂਦੇ ਹਨ, ਪਰ ਜਦ ਜਹਾਜ਼ ਟਿਕਾਣੇ ਤੇ ਜਾ ਕੇ ਲਗਦਾ ਹੈ ਤਾਂ ਸਾਰੇ ਹੀ ਵਿਛੜ ਜਾਂਦੇ ਹਨ)। ਇਵੇਂ ਹੀ ਪਿਉ, ਮਾਂ, ਪੁਤਰ, ਸਨਬੰਧੀ ਤੇ ਇਸਤਰੀ ਹੈ, (ਜੋ) ਇਸ ਜਗਤ ਵਿਚ (ਕਦੇ) ਮਿਲ ਜਾਂਦੇ ਹਨ ਅਤੇ (ਕਦੇ) ਵਿਛੜ ਜਾਂਦੇ ਹਨ॥ ੧੩੬॥

**ਯਾਂ ਜੋ ਹੋਇ ਬਿਯੋਗ ਸੁ ਜਬ ਹੀ॥ ਸ਼ੋਕ ਨ ਹੋਇ ਬਿਬੇਕੀ ਤਬ ਹੀ॥**
**ਇਹਾ ਜਗਤ ਕੀ ਗਤਿ ਹੈ ਜੋਇ॥ ਕੋਟਿਨ ਮਾਂਹਿ ਲਖੈ ਨਰ ਕੋਈ॥ ੧੩੭॥**

ਜਦ ਕਦੇ ਇਹਨਾਂ ਦਾ ਵਿਛੋੜਾ ਹੋ ਜਾਂਦਾ ਹੈ, ਤਨ ਵਿਵੇਕੀ ਪੁਰਸ਼ ਨੂੰ (ਇਨ੍ਹਾਂ ਦੇ ਵਿਛੋੜੇ ਦਾ) ਸ਼ੋਕ ਨਹੀਂ ਹੁੰਦਾ। ਇਸ ਜਗਤ ਦੀ ਜਿਹੜੀ ਚਾਲ ਤੁਰੀ ਆਉਂਦੀ ਹੈ, ਕਰੋੜਾਂ ਵਿਚੋਂ ਕੋਈ ਇਕ ਵਿਰਲਾ ਹੀ ਉਸ ਨੂੰ ਜਾਣਦਾ ਹੈ॥ ੧੩੭॥

Sri Satguru Jagjit Singh Ji Elibrary NamdhariElibrary@gmail.com

ਚੌਪਈ ॥

**ਪੂਰਬ ਹੁਤੇ ਹਾਤ ਨਰ ਜੋਈ ॥ ਮਰ ਕਰ ਭਯੋ ਪੂਤ ਸੁਤ ਸੋਈ ॥**
**ਪੂਤ ਤਾਤ ਹਿਤ ਪਿੰਡ ਕਰਾਏ ॥ ਤਾਤ ਪੂਤ ਕਹਿ ਗੋਦ ਖਿਡਾਏ ॥ ੧੩੮ ॥**

ਉਹ ਚਾਲ ਇਹ ਹੈ ਕਿ ਪਹਿਲੇ ਸਮੇਂ ਵਿਚ ਜਿਹੜਾ ਪੁਰਸ਼ ਪਿਤਾ ਹੁੰਦਾ ਸੀ, ਓਹੀ ਮਰ ਕੇ ਪੁਤਰ ਦੇ ਘਰ ਵਿਚ ਆਣ ਕੇ ਪੁਤਰ ਹੋ ਜਾਂਦਾ ਹੈ। ਪੁਤਰ (ਤਾਂ ਮਰ ਚੁਕੇ) ਪਿਉ (ਦੇ ਉਧਾਰ) ਵਾਸਤੇ ਪਿੰਡ ਭਰਾਉਂਦਾ ਹੈ, ਪਰ ਅਸਲ ਵਿਚ ਪਿਤਾ ਨੂੰ ਹੀ ਪੁਤਰ (ਰੂਪ ਵਿਚ) ਗੋਦੀ ਵਿਚ ਲੈ ਕੇ ਖਿਡਾਂਦਾ ਹੈ ॥ ੧੩੮ ॥

**ਦੋਹਰਾ—ਤੋਹਿ ਪਿਤਾਮਹਿ ਮੁਏ ਕੋ ਭਏ ਬਰਖ ਸੁਤ ਤੀਨ ॥**
**ਹਮ ਭੂ ਮੰਡਲ ਮੈਂ ਬਸੇ ਵਹਿ ਭਏ ਅਮਰ ਪੁਰ ਲੀਨ ॥ ੧੩੯ ॥**

(ਅਤੇ ਕਦੇ ਕਦੇ ਕਹਿੰਦਾ ਹੈ) ਹੇ ਪੁਤਰ ! ਅਜ ਤੇਰੇ ਬਾਬੇ ਨੂੰ ਮੋਇਆਂ ਪੂਰੇ ਹੀ ਤਿੰਨ ਵਰ੍ਹੇ ਹੋ ਗਏ ਹਨ। ਅਸੀਂ ਤਾਂ ਇਸ ਧਰਤੀ ਵਿਚ ਦੁਖ ਝਾਗ ਰਹੇ ਹਾਂ ਅਤੇ ਉਹ ਦੇਵ ਲੋਕ ਦੇ ਅਨੰਦ ਵਿਚ ਮਗਨ ਹੋ ਰਹੇ ਹਨ ॥ ੧੩੯ ॥

ਚੌਪਈ ॥

**ਕਬਹੂੰ ਮਰ ਪਰਲੋਕ ਸਿਧਾਵੈ ॥ ਕਬਹੂੰ ਗ੍ਰਹ ਭੀਤਰ ਉਪਜਾਵੈ ॥**
**ਬਿਨ ਗਤਿ ਜਾਨੇ ਮੂਰਖ ਰੋਵੈ ॥ ਵਿਵੇਕੀ ਸ਼ੋਕ ਨ ਰੰਚਕ ਜੋਵੈ ॥ ੧੪੦ ॥**

ਕਦੇ ਤਾਂ ਮਰ ਕੇ ਪਰਲੋਕ ਵਿਚ ਚਲਾ ਜਾਂਦਾ ਹੈ ਅਤੇ ਕਦੇ ਫਿਰ ਘਰ ਦੇ ਵਿਚ ਆਣ ਕੇ ਪੈਦਾ ਹੋ ਜਾਂਦਾ ਹੈ। (ਇਸ) ਹਾਲਤ ਨੂੰ ਜਾਣੇ ਤੋਂ ਬਿਨਾਂ ਹੀ ਮੂਰਖ ਪੁਰਸ਼ ਰੋਂਦਾ ਹੈ ਪਰ ਵਿਵੇਕੀ ਪੁਰਖ ਰਤੀ ਜਿੰਨਾ ਭੀ ਸੋਕ ਨਹੀਂ ਵੇਖਦਾ ॥ ੧੪੦ ॥

**ਐਸੇ ਬਚਨ ਸੁਨੇ ਮਨ ਜਬ ਹੀ ॥ ਭਯੋ ਅਨੰਦ ਚੀਤ ਮੈ ਤਬ ਹੀ ॥**
**ਸਾਰਸ੍ਵਤੀ ਜੈਸੇ ਯਹਿ ਕਹੇ ॥ ਸਤਯ ਬਾਤ ਐਵੇ ਹੀ ਅਹੇ ॥ ੧੪੧ ॥**

ਜਦ ਮਨ ਨੇ ਇਸ ਤਰ੍ਹਾਂ ਦੇ ਬਚਨ ਸੁਣੇ, ਉਸੇ ਵੇਲੇ ਹੀ ਉਹ ਚਿਤ ਵਿਚ ਅਨੰਦ ਹੋ ਗਿਆ, ਅਤੇ ਕਹਿਣ ਲਗਾ ਹੇ ਸਰਸਵਤੀ ! ਜਿਸ ਤਰ੍ਹਾਂ ਨਾਲ ਇਹ ਵੈਰਾਗ ਕਹਿੰਦਾ ਹੈ, ਗੱਲ ਇਸੇ ਤਰ੍ਹਾਂ ਹੀ ਸਚ ਹੈ, (ਇਸ ਨੇ ਰਤਾ ਭਰ ਵੀ ਝੂਠ ਨਹੀਂ ਕਿਹਾ) ॥ ੧੪੧ ॥

**ਅਬ ਮੈ ਨੀਕੇ ਲਯੋ ਨਿਹਾਰ ॥ ਝੂਠੋ ਅਹੇ ਸਕਲ ਸੰਸਾਰ ॥**
**ਨਵ ਜੋਬਨ ਨਾਰੀ ਹੈ ਜੇਈ ॥ ਮਧੁ ਕਰ ਸਹਿਤ ਖਿਰੇ ਦ੍ਰੁਮ ਤੇਈ ॥ ੧੪੨ ॥**

ਹੁਣ ਮੈਂ ਚੰਗੀ ਤਰ੍ਹਾਂ ਨਾਲ ਵੇਖ ਲਿਆ ਹੈ ਕਿ ਸਾਰਾ ਸੰਸਾਰ ਹੀ ਝੂਠਾ ਹੈ। ਚੜ੍ਹਦੀ ਜੁਆਨੀ ਵਾਲੀ ਜੋ ਇਸਤ੍ਰੀ ਹੈ ਅਤੇ ਭੌਰਿਆਂ (ਦੇ ਗੁੰਜਾਰ) ਸਹਿਤ ਜੋ ਖਿੜੇ ਹੋਏ ਫੁਲਾਂ ਵਾਲੇ ਬ੍ਰਿਛ ਹਨ ॥ ੧੪੨ ॥

**ਫੂਲ ਮਾਲਤੀ ਬਹੁਤ ਸੁਗੰਧ ॥ ਮੰਦ ਸੁਗੰਧ ਪੌਣ ਸਨਬੰਧ ॥**
**ਮ੍ਰਿਗ ਤ੍ਰਿਸ਼ਨਾ ਸਾਇਰ ਜਲ ਜੈਸੇ ॥ ਭਯੋ ਬਿਬੇਕ ਪਿਖੋਂ ਅਬ ਤੈਸੇ ॥ ੧੪੩ ॥**

ਵਡੀ ਸੁਗੰਧੀ ਵਾਲੇ ਜੋ ਮਾਲਤੀ ਦੇ ਫੁਲ ਹਨ, ਫਿਰ ਮੰਦ, ਸੁਗੰਧ ਤੇ ਸੀਤਲ ਦੇ ਸਬੰਧ ਵਾਲੀ ਪੌਣ ਹੈ (ਇਤਆਦਿਕ ਜਿੰਨੇ ਭੀ ਸੁਖਦਾਈ ਪਦਾਰਥ ਹਨ)। ਜਿਸ ਤਰ੍ਹਾਂ ਮ੍ਰਿਗ ਤ੍ਰਿਸ਼ਨਾ ਦੇ ਜਲ ਦਾ ਸਮੁੰਦਰ ਹੁੰਦਾ

Sri Satguru Jagjit Singh Ji Elibrary　　　　NamdhariElibrary@gmail.com

ਹੈ, ਹੁਣ ਮੈਨੂੰ ਵਿਵੇਕ ਹੋ ਗਿਆ ਹੈ, ਇਸ ਲਈ ਹੁਣ (ਮੈਂ ਉਨ੍ਹਾਂ ਸਾਰੇ ਸੁਖਦਾਈ ਪਦਾਰਥਾਂ ਨੂੰ) ਇਸ ਤਰ੍ਹਾਂ ਵੇਖ ਰਿਹਾ ਹਾਂ ॥ ੧੪੩ ॥

**ਚੌਪਈ॥**

**ਬਹੁਰ ਸਰੁਸ੍ਵਤੀ ਕਰੁਨਾਵਾਨ ॥ ਮਨ ਪ੍ਰਤਿ ਲਾਗੀ ਕਰਨ ਬਖਾਨ ॥**
**ਯੱਦਪਿ ਯੌਂ ਭਵ ਭਜੋ ਸੁ ਭਾਨ ॥ ਤਦਪਿ ਵਤਸ ਕਹਜੋ ਮਮ ਮਾਨ ॥ ੧੪੪ ॥**

ਦਇਆਵਾਨ ਸਰਸਵਤੀ ਫੇਰ ਮਨ ਨੂੰ ਇਸ ਤਰ੍ਹਾਂ ਕਹਿਣ ਲਗੀ–ਭਾਵੇਂ ਤੈਨੂੰ ਇਸ ਤਰ੍ਹਾਂ ਨਾਲ ਪ੍ਰਗਟ ਹੋ ਗਿਆ ਹੈ, ਪਿਆਰੇ ਪੁਤਰ ! ਫਿਰ ਭੀ ਮੇਰਾ ਕਿਹਾ ਮੰਨ, (ਜੋ ਮੈਂ ਕਹਿੰਦੀ ਹਾਂ, ਉਸ ਤਰ੍ਹਾਂ ਕਰ) ॥ ੧੪੪ ॥

**ਗਿਰਹੀ ਏਕ ਮਹੂਰਤ ਵੀਰ ॥ ਬਿਨ ਆਸ੍ਰਮ ਨਹਿ ਹੋਵੈ ਧੀਰ ॥**
**ਤਾਂਤੇ ਅਹੇ ਨ੍ਰਿਵਿਰਤਿ ਸੁ ਜੋਈ ॥ ਧਰਮਚਾਰਿਣੀ ਕੀਜੈ ਸੋਈ ॥ ੧੪੫ ॥**

ਹੇ ਵੀਰ ! ਜੋ ਗ੍ਰਿਹਸਥੀ ਪੁਰਸ਼ ਹੈ, (ਉਹ ਗ੍ਰਿਹਸਥ) ਆਸ਼ਰਮ ਤੋਂ ਬਿਨਾਂ ਇਕ ਮਹੂਰਤ ਵੀ ਧੀਰਜ ਨਹੀਂ ਧਾਰ ਸਕਦਾ। ਇਸ ਕਰਕੇ ਨ੍ਰਿਵਿਰਤੀ ਨਾਮ ਦੀ ਜੋ ਇਸਤਰੀ ਹੈ, ਉਸ ਨੂੰ ਤੂੰ ਧਰਮ ਵਿਧੀ ਅਨੁਸਾਰ ਇਸਤਰੀ ਬਣਾ ਲੈ ॥ ੧੪੫ ॥

**ਜੈਸੇ ਮੰਗਲ ਕਰਿ ਇਸਨਾਨ ॥ ਫੂਲ ਮਾਲ ਸਿਰ ਊਪਰਿ ਠਾਨ ॥**
**ਮਲੇ ਕਪੂਰ ਕੁੰਕਮ ਪਟ ਭੀਨੇ ॥ ਬਾਜੇ ਸੰਗ ਅਨੇਕ ਸੁ ਲੀਨੇ ॥ ੧੪੬ ॥**

ਜਿਸ ਤਰ੍ਹਾਂ ਤੂੰ ਪਹਿਲੇ ਮੰਗਲ ਦੇ ਇਸ਼ਨਾਨ ਕਰਕੇ, ਸਿਰ ਉਤੇ ਫੁਲਾਂ ਦੇ ਸਿਹਰੇ ਬੰਨ੍ਹ ਕੇ। ਤਨ ਉਤੇ ਕਪੂਰ (ਆਦਿਕ ਵਟਨਾ) ਮਲ ਕੇ ਤੇ ਕਪੜਿਆਂ ਨੂੰ ਕੇਸਰ ਨਾਲ ਭਿਉਂ ਕੇ ਅਤੇ ਅਨੇਕ ਤਰ੍ਹਾਂ ਦੇ ਵਾਜਿਆਂ ਨੂੰ ਨਾਲ ਲਿਜਾ ਕੇ ॥ ੧੪੬ ॥

**ਬਯਾਹੀ ਤਬ ਪਰਵਿਰਤਿ ਸੁ ਨਾਰਿ॥ਤਯੋ ਨ੍ਰਿਵਿਰਤਿ ਕਰਿ ਅੰਗੀਕਾਰ ॥**
**ਸਿਖਾ ਸੂਤ ਅਬ ਤਜੋ ਬਿਸਾਲ ॥ ਹੋਇ ਦਿਗੰਬਰ ਕੈ ਮ੍ਰਿਗ ਛਾਲ ॥ ੧੪੭ ॥**

ਤੂੰ ਪਰਵਿਰਤੀ ਨਾਮ ਦੀ ਇਸਤਰੀ ਵਿਆਹੀ ਸੀ, ਉਸੇ ਤਰ੍ਹਾਂ ਹੀ ਹੁਣ ਨਿਰਵਿਰਤੀ ਨੂੰ ਅੰਗੀਕਾਰ ਕਰ ਲੈ। ਹੁਣੇ ਹੀ ਬੋਦੀ ਤੇ ਜੰਞੂ ਆਦਿਕ ਬਹੁਤੇ (ਕਰਮ ਧਰਮ) ਛਡ ਦੇਹ ਅਤੇ ਸੰਨਿਆਸ ਧਰਮ ਧਾਰਨ ਕਰਕੇ ਨੰਗ-ਧੜੰਗਾ ਹੋ ਜਾਹ ਜਾਂ ਕੇਵਲ ਮ੍ਰਿਗਛਾਲਾ (ਨੂੰ ਧਾਰਨ ਕਰ ਲੈ) ॥ ੧੪੭ ॥

**ਸੰਤਨ ਸੰਗ ਸੁ ਭਲੇ ਬਿਚਾਰ ॥ ਬਸੋ ਇਕੰਤ ਸੁ ਬਿਪਨ ਮਝਾਰ ॥**
**ਬਨ ਨਵ ਨੀਲ ਸਰੋਜ ਸੁ ਲੋਚਨ॥ਗਹੋ ਨ੍ਰਿਵਿਰਤਿ ਹੋਇ ਭਵ ਮੋਚਨ ॥੧੪੮॥**

ਭਲੇ ਵਿਚਾਰ ਵਾਲੇ ਸੰਤਾਂ ਦੇ ਸੰਗ ਮਿਲ ਕੇ, ਸੁੰਦਰ ਬਨ ਦੇ ਵਿਚ ਜਾ ਕੇ ਇਕਾਂਤ ਵਾਸ ਕਰ ਲੈ। ਜਲ ਦੇ ਵਿਚ (ਉੱਗੇ ਹੋਏ) ਨੀਲੇ ਕਮਲ ਵਾਂਗੂ ਸੁੰਦਰ ਜਿਸ ਦੇ ਨੈਣ ਹਨ, ਉਹ ਨਿਰਵਿਰਤੀ ਇਸਤ੍ਰੀ ਨੂੰ ਗ੍ਰਹਿਣ ਕਰ ਲੈ, ਤਦ ਤੇਰੇ ਗਲੋਂ ਸੰਸਾਰ ਦੇ ਬੰਧਨ ਕਟੇ ਜਾਣਗੇ ॥ ੧੪੮ ॥

**ਚੌਪਈ॥**

**ਲਾਜ ਸਹਿਤ ਮਨ ਕਰੇ ਉਚਾਰ॥ ਦੇਵੀ ਕਹੰ ਸੁ ਅੰਗੀਕਾਰ ॥**
**ਬਹੁਰ ਸਰੁਸ੍ਵਤੀ ਕਰੇ ਅਲਾਪ॥ ਮਨ ਕੇ ਨਿਖਲ ਮਿਟਾਵੈ ਤਾਪ॥ ੧੪੯ ॥**

Sri Satguru Jagjit Singh Ji Elibrary NamdhariElibrary@gmail.com

ਲਜਾ ਨਾਲ ਨੀਵਾਂ ਜਿਹਾ ਮੂੰਹ ਕਰਕੇ ਮਨ ਕਹਿਣ ਲਗਾ-ਹੇ ਦੇਵੀ ! ਜੋ ਤੂੰ ਕਹਿੰਦੀ ਹੈਂ, ਮੈਨੂੰ ਮਨਜ਼ੂਰ ਹੈ, [ਆਪ ਦੇ ਬਚਨ ਦੀ ਪਾਲਣਾ ਕਰਨੀ ਮੇਰਾ ਪਰਮ ਧਰਮ ਹੈ] । ਫੇਰ ਸਰਸਵਤੀ ਅਜਿਹਾ ਬਚਨ ਕਹਿਣ ਲਗੀ [ਮਾਨੋ] ਮਨ ਦੇ ਸਾਰੇ ਹੀ ਤਾਪ ਮਿਟਾਉਣ ਲਗੀ ਹੈ ॥ ੧੪੯ ॥

**ਦੋਹਰਾ-ਸਮ ਦਮ ਸਤ ਸੰਤੋਖ ਲੌ ਉਪਜੇ ਪੂਤ ਤੁਹਾਰ ॥**
**ਸੇਵਾ ਤੇਰੀ ਵੈ ਕਰੇਂ ਸਗਲੇ ਦੂਖ ਨਿਵਾਰ ॥ ੧੫੦ ॥**

[ਹੇ ਮਨ ! ਉਸ ਨਿਰਵਿਰਤੀ ਇਸਤ੍ਰੀ ਤੋਂ] ਸਮ, ਦਮ, ਸਤ ਤੇ ਸੰਤੋਖ ਆਦਿਕ ਤੇਰੇ ਪੁਤਰ ਪੈਦਾ ਹੋਣਗੇ । ਉਹ ਤੇਰੀ ਸੇਵਾ ਕਰਨਗੇ ਅਤੇ ਤੇਰੇ ਸਾਰੇ ਦੁਖ ਦੂਰ ਹੋ ਜਾਣਗੇ ॥ ੧੫੦ ॥

**ਚੌਪਈ ॥**

**ਯਮ ਅਰੁ ਨੇਮ ਆਦਿਕ ਹੈਂ ਜੇਤੇ ॥ ਤੋਹਿ ਵਜ਼ੀਰ ਹੋਹਿੰਗੇ ਤੇਤੇ ॥**
**ਬ੍ਰਹਮ ਚਰਜ ਜੋ ਅਹੇ ਮਹਾਨ ॥ ਮੰਤ੍ਰ ਕਹੇਗੋ ਤੋ ਢਿਗ ਆਨ ॥ ੧੫੧ ॥**

ਯਮ, ਨੇਮ; [ਆਸਨ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਨਾ, ਧਿਆਨ ਤੇ ਸਮਾਧੀ, ਇਹ] ਸਾਰੇ ਹੀ ਤੇਰੇ ਵਜ਼ੀਰ ਹੋਣਗੇ । ਜੋ ਮਹਾਂ ਪਵਿਤਰ ਬ੍ਰਹਮਚਰਯ ਹੈ, ਉਹ ਤੇਰੇ ਪਾਸ ਆ ਕੇ ਤੈਨੂੰ ਚੰਗੀ ਚੰਗੀ ਸਲਾਹ ਦਿਤਾ ਕਰੇਗਾ ॥ ੧੫੧ ॥ ਅਤੇ-

**ਦੋਹਰਾ-ਬਿਬੇਕ ਉਪਨਿਖਦ ਸੁ ਸੰਗ ਮਿਲ ਯੋਵਰਾਜ ਸੁਖ ਸਾਰ ॥**
**ਤੋਹਿ ਅਨੁਗ੍ਰਹ ਤੇ ਲਹੇਂ ਸਾਂਤਿ ਪੂਤ ਉਰ ਧਾਰ ॥ ੧੫੨ ॥**

'ਬਿਬੇਕ' ਉਪਨਿਖਦ ਦੇ ਨਾਲ ਮਿਲ ਕੇ 'ਯੁਵਰਾਜ' [ਪਦਵੀ ਨੂੰ] ਪ੍ਰਾਪਤ ਹੋ ਕੇ ਤੇਰੀ ਕ੍ਰਿਪਾ ਨਾਲ ਸਰੇਸ਼ਟ ਸੁਖ ਨੂੰ ਪਾਏਗਾ, ਇਸ ਲਈ ਹੇ ਪੁਤ੍ਰ ! [ਹੁਣ ਤੂੰ] ਸ਼ਾਂਤਿ ਨੂੰ ਹਿਰਦੇ ਵਿਚ ਧਾਰਨ ਕਰ ॥੧੫੨॥ਅਤੇ-

**ਦੋਹਰਾ-ਮੈਤ੍ਰੀ ਆਦਿਕ ਚਾਰ ਪਹਿ, ਬਹਿਨ ਮਨੋ ਮਲਹਾਰ ॥**
**ਬਿਸ਼ਨੁ ਭਗਤਿ ਤੋ ਮੈ ਪਠੀ ਆਦਰ ਇਨ੍ਹੈ ਸੁ ਧਾਰ ॥ ੧੫੩ ॥**

ਮੈਤ੍ਰੀ [ਮੁਦਿਤਾ, ਕਰੁਣਾ ਤੇ ਉਪੇਖਯਾ] ਇਹ ਚਾਰੇ ਭੈਣਾਂ [ਜੋ] ਮਨ ਦੀ ਮੈਲ ਦੂਰ ਕਰਨ ਵਾਲੀਆਂ ਹਨ । ਬਿਸ਼ਨੁ ਭਗਤੀ ਨੇ ਇਨ੍ਹਾਂ ਨੂੰ ਤੇਰੇ ਕੋਲ ਭੇਜਿਆ ਹੈ, ਹੇ ਪੁਤ੍ਰ ! ਇਨ੍ਹਾਂ ਦਾ ਆਦਰ ਕਰ ॥ ੧੫੩ ॥

**ਦੋਹਰਾ-ਸਰਸ੍ਵਤੀ ਆਇਸ ਜੋ ਕਰੋ, ਧਰੋਂ ਸੀਸ ਮਮ ਸੋਇ ॥**
**ਯੌ ਕਹਿ ਸੀਸ ਝੁਕਾਇਓ, ਗਹੇ ਚਰਨ ਕਰ ਦੋਇ ॥ ੧੫੪ ॥**

ਮਨ ਨੇ ਕਿਹਾ-ਹੇ ਸਰਸਵਤੀ ! ਜੋ ਆਗਿਆ ਤੂੰ ਕਰੇਂਗੀ,ਮੈਂ ਉਸ ਨੂੰ ਸਿਰ ਤੇ ਧਰਾਂਗਾ । ਇਹ ਕਹਿ ਕੇ ਮਨ ਨੇ ਸਰਸਵਤੀ ਅਗੇ ਸਿਰ ਝੁਕਾ ਦਿਤਾ ਅਤੇ ਦੋਹਾਂ ਹਥਾਂ ਨਾਲ [ਸਰਸਵਤੀ ਦੇ] ਚਰਨ ਫੜ ਲਏ॥੧੫੪।

**ਦੋਹਰਾ-ਆਯੁਖ ਮਤ ਸਾਦਰ ਪਿਖੋ ਯਹਿ ਸੰਗਤ ਸੁਖ ਸਾਰ ॥**
**ਯਮ ਨੇਮ ਆਸਨ ਸਹਿਤ ਪ੍ਰਾਣਾਯਾਮ ਸੁ ਧਾਰ ॥ ੧੫੫ ॥**

ਸਰਸਵਤੀ ਨੇ ਕਿਹਾ-ਹੇ ਵਡੀ ਉਮਰਾ ਵਾਲੇ ! [ਇਨ੍ਹਾਂ ਨੂੰ] ਸਤਿਕਾਰ ਨਾਲ ਵੇਖ, ਕਿਉਂਕਿ ਇਨ੍ਹਾਂ ਦੀ ਸੰਗਤ [ਤੈਨੂੰ] ਸਾਰ ਸੁਖ [ਦੇਵੇਗੀ । ਤਾਂਤੇ] ਯਮ, ਨੇਮ, ਆਸਨ, ਪ੍ਰਾਣਾਯਾਮ, [ਪ੍ਰਤਯਾਹਾਰ, ਧਾਰਨਾ, ਧਿਆਨ ਤੇ ਸਵਿਕਲਪ ਸਮਾਧੀ, ਇਨ੍ਹਾਂ ਅਠਾਂ ਨੂੰ ਆਪਣੇ ਨਾਲ] ਧਾਰਨ ਕਰ ਲੈ ॥ ੧੫੫ ॥

ਦੋਹਰਾ—ਦੀਰਘਾਯੁ ਇਨ ਸੰਗ ਤੁਮ ਅਬੈ ਲਹੋ ਸੁਖ ਕਾਰਿ॥
ਸਾਮਰਾਜ ਨਿਜ ਲੋਕ ਮੈਂ ਨੀਕੇ ਕਰੋ ਉਦਾਰ॥੧੫੬॥

ਇਹਨਾਂ ਦੀ ਸੰਗਤ ਕਰਕੇ ਤੇਰੀ ਉਮਰਾ ਵਡੀ ਹੋਵੇਗੀ, ਅਤੇ ਤੂੰ ਹੁਣੇ ਹੀ ਪਰਮ ਸੁਖਕਾਰੀ (ਆਤਮ ਆਨੰਦ) ਨੂੰ ਪ੍ਰਾਪਤ ਕਰ ਲਏਂਗਾ। ਇਸ ਤਰ੍ਹਾਂ (ਸਾਮਰਾਜ) ਚਕ੍ਰਵਰਤੀ ਰਾਜ ਨੂੰ ਤੂੰ ਆਪਣ ਲੋਕ ਵਿਚ ਚੰਗੀ ਉਦਾਰਤਾ ਨਾਲ ਕਰ। ੧੫੬।

ਦੋਹਰਾ—ਤੋਹਿ ਇਕਾਗਰ ਹੂੰ ਭਏ ਜੀਵ ਲਹੇ ਸੁਖ ਸਾਰਿ॥
ਤਵ ਚੰਚਲਤਾ ਸੰਗ ਬਸ ਪਾਏ ਬਹੁਤ ਬਿਕਾਰ॥੧੫੭॥

ਹੇ ਮਨ! ਤੇਰੇ ਇਕਾਗਰ ਹੋਣ ਨਾਲ ਜੀਵ ਸਾਰ ਸੁਖ ਨੂੰ ਪਾ ਲਏਗਾ। (ਅਗੇ) ਤੇਰੀ ਚੰਚਲਤਾ ਦੇ ਸੰਗ ਵਸ ਕੇ (ਜੀਵ ਨੇ) ਬਹੁਤ ਤਰ੍ਹਾਂ ਦੇ ਵਿਕਾਰ ਕਰਕੇ ਬਹੁਤ ਕਲੇਸ਼ ਪਾਏ ਹਨ। ੧੫੭।

ਦੋਹਰਾ—ਸਾਗਰ ਵੀਚੀ ਭੇਦ ਤੇ ਜਿਉ ਰਵਿ ਨਾਨਾ ਹੋਇ॥
ਬੁਧਿ ਬ੍ਰਿਤਿ ਬਸ ਜੀਵ ਬਹੁ ਭਯੋ ਪਰਾਤਮ ਸੋਇ॥੧੫੮॥

ਜਿਵੇਂ ਸਮੁੰਦਰ ਦੀਆਂ ਲਹਿਰਾਂ ਦੇ ਭੇਦ ਕਰਕੇ ਸੂਰਜ ਅਨੇਕਾਂ ਰੂਪਾਂ ਵਾਲਾ ਹੋ ਜਾਂਦਾ ਹੈ। ਇਵੇਂ ਹੀ ਬੁਧੀ ਦੀ ਬ੍ਰਿਤੀ ਦੇ ਵੱਸ ਹੋ ਕੇ, ਉਹ ਪਰਮਾਤਮਾ ਹੀ ਬਹੁਤੇ ਜੀਵ ਬਣਿਆ ਹੋਇਆ ਹੈ। ੧੫੮।

ਦੋਹਰਾ—ਬ੍ਰਿਤਾਂਤ ਸਕਲ ਸੰਕੋਚ ਕਰ ਵਤਸ ਤੂਸ਼ਨੀ ਧਾਰ॥
ਸਹਜਾਨੰਦ ਸੁ ਆਤਮਾ ਲਹੇ ਸੁਖ ਨਿਜ ਸਾਰ॥੧੫੯॥

ਵਤਸ=ਪਿਆਰੇ। ਤੂਸ਼ਨੀ=ਚੁਪ, ਮੋਨ, ਇਕਾਗਰਤਾ। ਬ੍ਰਿਤਾਂਤ=ਬ੍ਰਿਤੀਆਂ।

ਹੇ ਪਿਆਰੇ ਮਨ! ਇਨ੍ਹਾਂ ਸਾਰੀਆਂ ਬ੍ਰਿਤੀਆਂ ਨੂੰ ਸੰਕੋਚ ਕੇ ਇਕਾਗਰਤਾ ਨੂੰ ਧਾਰਨ ਕਰ (ਕਿਉਂਕਿ ਜਿਵੇਂ ਸਮੁੰਦਰ ਦੀਆਂ ਲਹਿਰਾਂ ਮਿਟ ਜਾਣ ਨਾਲ ਸੂਰਜ ਜਿਉਂ ਦਾ ਤਿਉਂ ਇਕੋ ਹੀ ਪ੍ਰਤੀਤ ਹੁੰਦਾ ਹੈ, ਇਵੇਂ ਹੀ ਜਦ ਤੂੰ ਸਾਰੀਆਂ ਬ੍ਰਿਤੀਆਂ ਨੂੰ ਸੰਕੋਚ ਕਰਕੇ ਇਕਾਗ੍ਰਤਾ ਧਾਰਨ ਕਰ ਲਏਂਗਾ, ਤਦ ਸਰਬ ਸਰੇਸ਼ਟ ਜੋ ਨਿਜ ਆਤਮ ਸੁਖ ਸਹਜਾਨੰਦ ਹੈ, ਉਸ ਨੂੰ ਪ੍ਰਾਪਤ ਕਰ ਲਏਂਗਾ (ਅਰਥਾਤ ਬ੍ਰਿਤੀਆਂ ਦੇ ਸੰਕੋਚ ਹੋ ਜਾਣ ਕਰਕੇ ਜੀਵ ਨੂੰ ਆਪਣਾ ਪ੍ਰਮਾਤਮ ਰੂਪ ਨਜ਼ਰ ਆ ਜਾਏਗਾ ਅਤੇ ਫਿਰ ਆਪਣੇ ਆਪ ਨੂੰ ਪਰਮਾਤਮ ਰੂਪ ਅਨੁਭਵ ਕਰ ਕੇ ਸਹਿਜੇ ਹੀ ਅਨੰਦ ਹੋ ਰਹੇਗਾ)। ੧੫੯।

ਚੌਪਈ॥

ਗਯਾਤੀ ਬੰਧ ਜਿਤੇ ਰਣ ਮਾਰੇ॥ ਪ੍ਰੇਤ ਪਤੀ ਕੇ ਭੌਨ ਸਿਧਾਰੇ॥
ਜਲ ਤਿਲਾਂਜੁਲੀ ਤਾਂਕੋ ਦੀਜੇ॥ ਦੇਵ ਨਦੀ ਮੇ ਮੱਜਨ ਕੀਜੇ॥੧੬੦॥

ਗਯਾਤੀ ਬੰਧ=ਜਾਤ-ਭਾਈ। ਪ੍ਰੇਤ ਪਤੀ=ਯਮ ਰਾਜਾ। ਦੇਵ ਨਦੀ=ਗੰਗਾ।

ਹੇ ਮਨ! ਤੇਰੇ ਜਿੰਨੇ ਭੀ ਜਾਤਿ ਭਾਈ ਜੰਗ ਵਿਚ ਮਾਰੇ ਗਏ ਹਨ, ਉਹ ਸਾਰੇ ਯਮ ਰਾਜਾ ਦੇ ਘਰ ਯਮ ਲੋਕ ਵਿਚ ਗਏ ਹਨ। ਉਹਨਾਂ ਨੂੰ (ਪਹਿਲੋਂ) ਜਲ ਤਿਲਾਂਜਲੀ ਦੇਹ ਅਤੇ ਮਗਰੋਂ ਸ੍ਰੀ ਗੰਗਾ ਜੀ ਵਿਚ ਇਸ਼ਨਾਨ ਕਰ। ੧੬੦।

ਸੁਨ ਮਨ ਨੈਨਨ ਨੀਰ ਬਹਾਯੋ॥ ਬਹੁਰੋ ਯਾ ਬਿਧਿ ਬੈਨ ਅਲਾਯੋ॥

Sri Satguru Jagjit Singh Ji Elibrary NamdhariElibrary@gmail.com

**ਜੋ ਕਛੁ ਆਇਸ ਅਹੇ ਤਿਹਾਰੀ ॥ ਕਰੋਂ ਸਕਲ ਮੈਂ ਸਿਰ ਪਰ ਧਾਰੀ ॥੧੬੧॥**

ਇਹ ਸੁਣ ਕੇ ਮਨ ਦੀਆਂ ਅੱਖਾਂ ਤੋਂ ਆਂਸੂ ਵਗਣ ਲਗ ਪਏ, ਫਿਰ ਉਸਨੇ ਇਸ ਤਰ੍ਹਾਂ ਦੇ ਬਚਨ ਕਹੇ। ਜੋ ਕੁਝ ਭੀ ਆਪ ਦੀ ਆਗਿਆ ਹੈ, ਉਹ ਸਾਰੀ ਹੀ ਮੈਂ ਆਪਣੇ ਸਿਰ ਤੇ ਧਾਰਨ ਕੀਤੀ ਹੋਈ ਹੈ (ਅਰਥਾਤ ਆਪ ਦੀ ਹਰੇਕ ਗੱਲ ਮੈਨੂੰ ਪ੍ਰਵਾਨ ਹੈ) ॥ ੧੬੧ ॥

**ਦੋਹਰਾ--ਸਾਰਸ੍ਵਤੀ ਮਨ ਭਾਖਿਓ ਤਜੀ ਰੰਗ ਪਰਵਿਰਤਿ ॥**
**ਕੀਰਤ ਵਰਮਾ ਦੇਵ ਤਬ ਗਹੀ ਚੀਰ ਨਿਰਵਿਰਤਿ ॥ ੧੬੨ ॥**

ਸਰਸਵਤੀ ਨੇ ਜਿਸ ਤਰ੍ਹਾਂ ਮਨ ਨੂੰ ਕਿਹਾ ਸੀ, (ਮਨ ਨੇ ਉਸ ਦੇ ਅਨੁਸਾਰ ਹੋ ਕੇ ਪਹਿਲੇ) ਪਰਵਿਰਤੀ ਦੀ (ਰੰਗ) ਪ੍ਰੀਤੀ ਛਡ ਦਿਤੀ ਅਤੇ ਮਗਰੋਂ ਨਿਰਵਿਰਤੀ ਧਾਰਨ ਕਰ ਲਈ (ਅਰਥਾਤ ਸੰਨਿਆਸ ਧਰਮ ਧਾਰਨ ਕਰ ਲਿਆ)। ਏਨਾ ਤਮਾਸ਼ਾ ਵੇਖ ਕੇ ਰਾਜੇ ਕੀਰਤ ਵਰਮਾ ਦੇਵ ਨੇ ਭੀ ਚਿਤ ਵਿਚ ਨਿਰਵਿਰਤੀ ਧਾਰਨ ਕਰ ਲਈ (ਅਰਥਾਤ ਰਾਜੇ ਕੀਰਤ ਵਰਮਾ ਦੇਵ ਨੇ ਭੀ ਆਪਣੇ ਚਿਤ ਵਿਚੋਂ ਸੰਸਾਰ ਵਾਸ਼ਨਾ ਦੀ ਪ੍ਰੀਤ ਦੂਰ ਕਰ ਦਿਤੀ) ॥ ੧੬੨ ॥

**ਸੋਰਠਾ--ਜਣ ਹੈ ਪੂਤ ਪ੍ਰਬੋਧ, ਉਪਨਿਖਦ ਸੰਗ ਸੁ ਬਿਬੇਕ ਮਿਲ ॥**
**ਸਾਧਨ ਬਡੋ ਨਿਰੋਧ, ਜੀਵਨ ਮੁਕਤਿ ਸੁ ਹੋਇਗੀ ॥੧੬੩॥**

ਅਗਲੇ ਛੇਵੇਂ ਅਧਿਆਇ ਵਿਚ ਇਹ ਕਥਾ ਆਵੇਗੀ--

੧. ਬਿਬੇਕ ਰਾਜਾ (ਆਪਣੀ ਇਸਤ੍ਰੀ) ਉਪਨਿਖਦ ਨਾਲ ਮਿਲ ਕੇ 'ਪ੍ਰਬੋਧ' ਨਾਮ ਵਾਲੇ ਪੁਤਰ ਨੂੰ ਪੈਦਾ ਕਰੇਗਾ।

੨. ਚਿਤ ਦਾ ਨਿਰੋਧ (ਕਰਨਾ ਹੀ ਇਸ ਦਾ ਪਰਮ) ਸਾਧਨ ਹੈ।

੩. ਉਸ ਚਿਤ ਨਿਰੋਧ ਤੋਂ ਹੀ ਜੀਵਣ ਮੁਕਤੀ ਪ੍ਰਗਟ ਹੋਵੇਗੀ, (ਇਹਨਾਂ ਤਿੰਨਾਂ ਗੱਲਾਂ ਦਾ ਵਰਣਨ ਅਗਲੇ ਅਧਿਆਇ ਵਿਚ ਹੋਵੇਗਾ)।

-- o --

ਦੋਹਰਾ--ਇਤਿ ਪੰਚਮ ਅਧਯਾਯ ਮੈਂ ਸਾਰਸ੍ਵਤੀ ਉਪਦੇਸ਼ ॥
ਮਨ ਕੋ ਜਿਉ ਜਿਉ ਭਾਖਯੋ ਟੀਕਾ ਕੀਨ ਵਿਸੇਸ਼ ॥ ੧ ॥
ਜਲ ਨਕੇਤ ਹਰਿ ਕੀ ਬਿਨੈ, ਸੁਨ ਹੋ ਮੀਤ ਸੁਜਾਨ ॥
ਜੋ ਧਾਰੇ ਮਨ ਆਪਣੇ, ਤੌ ਪਾਵੇ ਕਲਿਆਨ ॥ ੨ ॥

Sri Satguru Jagjit Singh Ji Elibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

# ਅਬ ਖਸ਼ਟਮੋ ਅੰਕ ਲਿਖਯਤੇ

ਦੋਹਰਾ--ਸਨਧ ਬਧ ਖਸਟਮ ਗੁਰੂ ! ਬਾਜ ਸੁਵਾਰੋ ਸਾਜ ॥
ਖਸ਼ਟਮ ਅੰਕ ਟੀਕਾ ਲਿਖੋਂ ਬ੍ਰਿਤ ਮਧ ਰਿਦੇ ਬਾਜ ॥

**ਦੋਹਰਾ--ਯਾ ਉਪਰੰਤ ਸੁ ਹੋਇਗੀ ਜੀਵਨ ਮੁਕਤਿ ਰਸਾਲ ॥**
**ਸਭਾ ਮਾਂਹਿ ਪਰਵੇਸ ਤਬ ਕੀਨੋ ਸ਼ਾਂਤਿ ਬਿਸਾਲ ॥ ੧ ॥**

ਇਸ ਦੇ ਮਗਰੋਂ ਮਹਾਂ ਸੁੰਦਰ ਜੀਵਨ - ਮੁਕਤੀ (ਪ੍ਰਗਟ) ਹੋਵੇਗੀ । ਤਦ ਮਨ ਨੂੰ ਵੈਰਾਗ ਪ੍ਰਾਪਤ ਹੋ ਗਿਆ ਤਦ [ਰਾਜੇ ਕੀਰਤ ਵਰਮਾ ਦੀ] ਸਭਾ ਵਿਚ ਆਣ ਕੇ ਮਹਾਂ ਸੁੰਦਰ ਸ਼ਾਂਤੀ ਨੇ ਪ੍ਰਵੇਸ਼ ਕੀਤਾ ॥੧॥

ਪ੍ਰਸ਼ਨ--ਜੀਵਨ ਮੁਕਤੀ ਦਾ ਰੂਪ ਕੀ ਹੈ ?

ਉੱਤਰ--ਸਰੀਰ ਦੇ ਹੁੰਦਿਆਂ ਰਤੀ ਭਰ ਵੀ ਦੁਖ ਪ੍ਰਤੀਤ ਨਾ ਹੋਣਾ, ਆਪਣੇ ਸ੍ਰੀਰ ਆਪਣੇ ਪਾਪ ਤੋਂ ਇਸ ਤਰ੍ਹਾਂ ਵਖ ਨਿਸਚਿਤ ਹੋਣਾ ਜਿਵੇਂ ਮੇਰੇ ਨਾਲੋਂ ਮੰਦਰ ਵਖਰਾ ਹੈ, ਮੰਦਰ ਵਿਚ ਰਹਿਣ ਵਾਲਾ ਮੈਂ ਇਸ ਤੋਂ ਵਖ ਹਾਂ, ਉਸ ਆਪਣੇ ਸਰੂਪ ਨੂੰ ਇਉਂ ਵੇਖਣਾ, ਜਿਵੇਂ ਹਥ ਉਤੇ ਪਏ ਹੋਏ ਬੇਰ ਨੂੰ ਚੰਗੀ ਤਰ੍ਹਾਂ ਵੇਖ ਸਕੀਦਾ ਹੈ ਅਰਥਾਤ ਕਰਤਾਪਣ ਤੇ ਭੋਗਤਾਪਣ ਰੂਪ ਬੰਧਨਾਂ ਦੀ ਨਿਰਵਿਰਤੀ ਹੋ ਜਾਣ ਦਾ ਨਾਮ ਹੀ ਜੀਵਨ ਮੁਕਤੀ ਹੈ ।

ਸ਼ਾਂਤਿ ਉਵਾਚ ॥

**ਚੌਪਈ ॥**

**ਨ੍ਰਿਪ ਵਿਵੇਕ ਇਮ ਮੋਹ ਅਲਾਯੋ ॥ ਸਮਾਚਾਰ ਸ਼ਾਂਤਿ ਤੈ ਪਾਯੋ ॥**
**ਮਨ ਸੁਤ ਕਾਮਾਦਿਕ ਥੇ ਜੋਈ ॥ ਮੂਏ ਮਹਾਂ ਰਣੁ ਭੀਤਰ ਸੋਈ ॥ ੨ ॥**

ਸਭਾ ਵਿਚ ਪਹੁੰਚ ਕੇ ਸ਼ਾਂਤਿ ਕਹਿਣ ਲਗੀ--ਵਿਵੇਕ ਰਾਜੇ ਨੇ ਮੈਨੂੰ ਇਸ ਤਰ੍ਹਾਂ ਕਿਹਾ ਹੈ ਕਿ ਹੇ ਸ਼ਾਂਤੀ ! ਤੂੰ ਸਾਰਾ ਸਮਾਚਾਰ ਪਾ ਲਿਆ ਹੋਵੇਗਾ । [ਕਿ] ਕਾਮ ਆਦਿਕ ਜਿਹੜੇ ਮਨ ਦੇ ਪੁਤਰ ਸਨ, ਮਹਾਂ ਜੰਗ ਵਿਚ ਉਹ ਸਾਰੇ ਹੀ ਮਰ ਗਏ ਹਨ ॥ ੨ ॥

**ਮੋਹ ਵਿਲੀਨ ਵੈਰਾਗ ਉਪਾਏ ॥ ਪੰਚ ਕਲੇਸ ਸੁ ਦੂਰ ਮਿਟਾਏ ॥**
**ਮਨ ਪ੍ਰਸ਼ਾਂਤਿ ਕੀ ਸੰਗਤਿ ਧਾਰ ॥ ਤੱਤ ਬੋਧ ਨਰ ਕਰੇ ਬਿਚਾਰ ॥ ੩ ॥**

ਜਿਸ ਮੋਹ ਵਿਚ ਮਨ ਲੀਣ ਰਹਿੰਦਾ ਸੀ, ਉਸ ਦੇ ਮਰ ਜਾਣ ਕਰਕੇ ਵੈਰਾਗ ਪੈਦਾ ਹੋ ਗਿਆ ਹੈ ਅਤੇ [ਅਵਿਦਯਾ, ਅਸੰਮਤਾ,ਰਾਗ, ਦਵੈਖ ਤੇ ਅਭਨਿਵੇਸ ਇਹ] ਪੰਜ ਕਲੇਸ਼ ਭੀ ਦੂਰ ਮਿਟ ਗਏ ਹਨ । ਹੁਣ ਪਰਮ ਸ਼ਾਂਤੀ ਦੀ ਸੰਗਤ ਧਾਰਨ ਕਰਕੇ ਪੁਰਖ ਤੱਤ ਬੋਧ ਦਾ ਵਿਚਾਰ ਕਰੇਗਾ ॥ ੩ ॥

**ਤੁਮ ਉਪਨਿਖਦ ਪਾਸ ਅਬ ਜਾਵੋ ॥ ਆਦਰ ਕਰ ਤਿਹ ਮਮ ਢਿਗ ਲਯਾਵੋ ॥**
**ਯੌ ਕਹਿ ਸ਼ਾਂਤਿ ਸੁ ਜਬੈ ਪਧਾਰੀ ॥ ਸਰਧਾ ਆਵਤ ਤਹਾਂ ਨਿਹਾਰੀ ॥ ੪ ॥**

Sri Satguru Jagjit Singh Ji Elibrary NamdhariElibrary@gmail.com

ਹੇ ਸ਼ਾਂਤੀ ! ਤੂੰ ਹੁਣ ਉਪਨਿਖਦ ਦੇ ਕੋਲ ਜਾਹ ਅਤੇ ਆਦਰ ਸਤਿਕਾਰ ਕਰਕੇ ਉਸ ਨੂੰ ਮੇਰੇ ਕੋਲ ਲੈ ਆਓ (ਇਸ ਲਈ ਮੈਂ ਹੁਣ ਉਪਨਿਖਦ ਕੋਲ ਜਾਂਦੀ ਹਾਂ) । ਇਸ ਤਰਾਂ ਕਹਿ ਕੇ ਜਦ ਸ਼ਾਂਤੀ ਤੁਰ ਪਈ ਤਾਂ ਉਸ ਨੇ ਸਰਧਾ ਨੂੰ ਆਉਂਦਿਆਂ ਹੋਇਆਂ ਵੇਖ ਲਿਆ ॥ ੪ ॥

**ਚੌਪਈ ॥**

**ਹਰਖ ਹੋਰ ਇਮ ਸ਼ਾਂਤਿ ਉਚਾਰੇ ॥ ਯੌ ਸਰਧਾ ਕਛੁ ਮੰਤ੍ਰ ਬਿਚਾਰੇ ॥**
**ਇਹੀ ਓਰ ਇਹ ਆਵਤ ਨੀਕੀ ॥ ਸੁਨੋ ਭਲੇ ਅਬ ਯਾਕੇ ਜੀ ਕੀ ॥ ੫ ॥**

ਉਸ ਨੂੰ ਵੇਖ ਕੇ, ਸ਼ਾਂਤੀ ਖੁਸ਼ ਹੋ ਕੇ ਇਸ ਤਰ੍ਹਾਂ ਕਹਿਣ ਲਗੀ, (ਮਲੂਮ ਹੁੰਦਾ ਹੈ) ਸਰਧਾ ਇਸ ਵੇਲੇ ਕੁਝ ਸਲਾਹ - ਮਸ਼ਵਰਾ ਸੋਚ ਰਹੀ ਹੈ । ਚੰਗੀ ਤਰ੍ਹਾਂ ਮਲੂਮ ਹੁੰਦਾ ਹੈ, ਜੋ ਉਹ ਇਸੇ ਪਾਸੇ ਵਲ ਆ ਰਹੀ ਹੈ । ਚੰਗੀ ਗੱਲ ਹੈ, ਜੋ ਮੈਂ ਹੁਣ ਇਸ ਦੇ ਦਿਲ ਦੀ ਗਲ ਨੂੰ ਸੁਣਾਂ (ਕਿ ਇਹ ਕੀ ਸੋਚ ਰਹੀ ਹੈ) ॥ ੫ ॥

**ਦੋਹਰਾ—ਸਰਧਾ ਤਬੈ ਪ੍ਰਵੇਸ ਕਰਿ ਕੀਨੋ ਇਹੈ ਬਿਚਾਰ ॥**
**ਨੈਨ ਸੁਧਾ ਪੂਰਤ ਭਏ ਭੂਪਤਿ ਕੁਲਹਿ ਨਿਹਾਰ ॥ ੬ ॥**

(ਜਦ ਕਿ ਸ਼ਾਂਤੀ ਇਸ ਤਰ੍ਹਾਂ ਸੋਚ ਰਹੀ ਸੀ) ਤਦ ਉਸੇ ਹੀ ਸਰਧਾ ਰਾਜ ਸਭਾ ਦੇ ਵਿਚ ਪ੍ਰਵੇਸ਼ ਕਰ ਕੇ ਇਸ ਤਰ੍ਹਾਂ ਨਾਲ ਆਪਣੀ ਵਿਚਾਰ ਪ੍ਰਗਟ ਕਰਨ ਲਗੀ । (ਰਾਜ ਕੁਲ ਨੂੰ ਵੇਖ ਕੇ ਜਿਸ ਸਰਧਾ ਦੇ) ਨੇਤਰ ਅੰਮ੍ਰਿਤ ਜਲ ਨਾਲ ਭਰੇ ਹੋਏ ਹਨ (ਅਰਥਾਤ ਪੁਰਖ ਰੂਪ ਰਾਜੇ ਦੇ ਪਰਵਾਰ ਨੂੰ ਵੇਖ ਕੇ ਖੁਸ਼ੀ ਨਾਲ ਸਰਧਾ ਦੀਆਂ ਅੱਖਾਂ ਵਿਚ ਪ੍ਰੇਮਾਂਸੂ ਭਰ ਕੇ ਆਏ ਹੋਏ ਹਨ) ॥ ੬ ॥

**ਦੋਹਰਾ—ਜਹਾਂ ਦੁਸ਼ਟ ਨੀਕੇ ਹਨੇ, ਪੂਜੇ ਸੰਤ ਸਮਾਦਿ ॥**
**ਵਸ ਅਨੁਜੀਵੀ ਸੇਵ ਹੈ, ਸੁਾਮੀ ਦੇਵ ਅਨਾਦਿ ॥ ੭ ॥**

ਜਿਥੋਂ (ਕਾਮ, ਕ੍ਰੋਧ ਆਦਿਕ) ਦੁਸ਼ਟ ਚੰਗੀ ਤਰ੍ਹਾਂ ਮਾਰੇ ਗਏ ਹਨ, ਉਥੇ ਸਮ ਦਮ ਆਦਿਕ ਸੰਤ ਅੱਜ ਪੂਜੇ ਜਾ ਰਹੇ ਹਨ, (ਇਥੋਂ ਸਾਬਤ ਹੋ ਰਿਹਾ ਹੈ ਕਿ) ਮਨ ਜੀਵ ਦੇ ਅਨੁਸਾਰ ਵਸ ਕੇ (ਸਭ ਦਾ) ਸਵਾਮੀ ਜੋ ਅਨਾਦੀ ਦੇਵ (ਬ੍ਰਹਮ) ਹੈ, ਉਸ ਦੀ ਸੇਵਾ ਕਰ ਰਿਹਾ ਹੈ (ਅਰਥਾਤ ਜਿਹੜਾ ਮਨ ਅਗੇ ਕਾਮ ਆਦਿਕਾਂ ਦੇ ਵਸ ਹੋ ਕੇ ਹੰਕਾਰ ਆਦਿਕਾਂ ਦੀ ਸੇਵਾ ਕਰਦਾ ਸੀ, ਉਹ ਮਨ ਇਸ ਵੇਲੇ ਸੁਤੰਤਰ ਨਹੀਂ ਰਿਹਾ, ਸਗੋਂ ਜੀਵ ਦੇ ਅਧੀਨ ਹੋ ਕੇ ਅਨਾਦੀ ਬ੍ਰਹਮ ਦੀ ਸੇਵਾ - ਸਿਮਰਨ ਕਰ ਰਿਹਾ ਹੈ ॥ ੭ ॥

**ਦੋਹਰਾ—ਸ਼ਾਂਤਿ ਕਹੇ ਅੰਬਾ ਸੁਨੋ, ਕੌਨ ਸੁ ਮੰਤ੍ਰ ਵਿਚਾਰ ॥**
**ਕਰੋ ਚੀਤ ਕਹਿ ਹੈ ਚਲੀ, ਮੋਕੋ ਕਹੋ ਉਚਾਰ ॥ ੮ ॥**

ਸ਼ਾਂਤੀ ਨੇ (ਸਰਧਾ ਨੂੰ) ਕਿਹਾ—ਹੇ ਮਾਤਾ ! ਸੁਣ, ਤੂੰ ਇਸ ਵੇਲੇ ਆਪਣੇ ਚਿਤ ਵਿਚ ਕੀ ਵਿਚਾਰ ਕਰ ਰਹੀ ਹੈਂ ? ਅਤੇ ਕਿਥੇ ਚਲੀ ਹੈਂ ? ਮੈਨੂੰ ਸਾਰੀ ਗੱਲ ਕਹਿ ਕੇ ਸੁਣਾ ਦੇਹ ॥ ੮ ॥

॥ ਸਰਧਾ ਉਵਾਚ ॥

**ਦੋਹਰਾ—ਮੈ ਬਿਬੇਕ ਕੇ ਢਿਗ ਚਲੀ, ਪਠੀ ਪੁਰਖ ਮਤਿ ਮਾਨ ॥**
**ਮੈ ਬਿਬੇਕ ਮਿਲਾਊਂਗੀ, ਮੰਤ੍ਰ ਇਹੈ ਉਰ ਠਾਨ ॥ ੯ ॥**

ਸਰਧਾ ਨੇ ਕਿਹਾ—ਹੇ ਪੁਤ੍ਰੀ ਸ਼ਾਂਤੀ ! ਮੈਂ ਬਿਬੇਕ ਦੇ ਕੋਲ ਚਲੀ ਹਾਂ, ਮੈਨੂੰ ਬੁਧਿਵਾਨ ਪੁਰਖ ਨੇ ਭੇਜਿਆ ਹੈ । ਮੈਂ ਪੁਰਖ ਤੇ ਬਿਬੇਕ ਦਾ ਮਿਲਾਪ ਕਰਾ ਦੇਵਾਂਗੀ, ਇਹੋ ਹਿਰਦੇ ਵਿਚ ਪਕੀ ਕਰ ਰਹੀ ਸਾਂ (ਕਿ ਕਿਸ ਤ੍ਰੀਕੇ

ਨਾਲ ਬਿਬੇਕ ਤੇ ਪੁਰਖ ਦਾ ਮੇਲ ਹੋ ਸਕਦਾ ਹੈ ?) ॥ ੯ ॥

ਸ਼ਾਂਤਿ ਉਵਾਚ ॥

**ਦੋਹਰਾ—ਕਹੋ ਪੁਰਖ ਕੋ ਕੌਨ ਬਿਧ, ਮਨ ਸੋ ਬਰਤਨ ਆਹਿ ॥**
**ਕਾਰਾਗ੍ਰਹਿ ਬਾਂਧੇ ਬਿਖੇ ਜਿਉਂ, ਬਰਤੇ ਨਰ ਨਾਹਿ ॥ ੧੦ ॥**

ਸਾਂਤਿ ਨੇ ਪੁਛਿਆ—ਹੇ ਮਾਤਾ ! ਮੈਨੂੰ ਦਸ ਮਨ ਦੇ ਨਾਲ ਪੁਰਖ ਹੁਣ ਕਿਸ ਤਰ੍ਹਾਂ ਦਾ ਵਰਤਾਵ ਕਰਦਾ ਹੈ ? ਅਗੋਂ ਸ਼ਰਧਾ ਨੇ ਉੱਤਰ ਦਿਤਾ ਕੋਈ ਦੁਸ਼ਟ ਪੁਰਸ਼ (ਕਾਰਾਗ੍ਰਹਿ) ਕੈਦਖਾਨੇ ਵਿਚ ਬੱਧਾ ਹੋਇਆ ਹੋਵੇ ਤਾਂ ਰਾਜਾ ਜਿਸ ਤਰ੍ਹਾਂ ਦਾ ਉਸ ਨਾਲ ਵਰਤਾਵ ਕਰਦਾ ਹੈ, ਮਨ ਨਾਲ ਭੀ ਪੁਰਖ ਦਾ ਉਸੇ ਤਰ੍ਹਾਂ ਦਾ ਵਰਤਾਵ ਹੈ ਅਰਥਾਤ ਮਨ ਇਸ ਵੇਲੇ ਪੂਰਾ ਪੂਰਾ ਜੀਵਾਤਮਾ ਦੇ ਅਧੀਨ ਹੈ, ਮਨ ਕਿਸੇ ਤਰ੍ਹਾਂ ਦੀ ਚੂੰ ਚਰਾਂ ਨਹੀਂ ਕਰ ਸਕਦਾ, ਜੀਵਾਤਮਾ ਦੇ ਅਧੀਨ ਹੋ ਕੇ ਹੀ ਸਮਾਂ ਗੁਜ਼ਾਰ ਰਿਹਾ ਹੈ ॥ ੧੦ ॥

**ਦੋਹਰਾ—ਕਹੋ ਪੁਰਖ ਹੀ ਕਰੈਗੋ, ਸਾਮਰਾਜ ਜਗ ਮਾਂਹਿ ॥**
**ਅਹੇ ਸ਼ਾਂਤਿ ਇਉਂ ਹੀ ਸੁਨੋ, ਜਿਉਂ ਸਮਝੇ ਮਨ ਮਾਂਹਿ ॥ ੧੧ ॥**

ਸ਼ਾਂਤਿ ਨੇ ਫੇਰ ਪੁਛਿਆ—ਮਾਤਾ ! ਤੂੰ ਦਸ, (ਕੀ ਇਸ ਵੇਲੇ) ਪੁਰਖ (ਆਪ) ਹੀ ਜਗਤ ਵਿਚ ਚਕ੍ਰਵਰਤੀ ਰਾਜ ਨੂੰ ਕਰੇਗਾ ? ਤਾਂ ਸਰਧਾ ਨੇ ਕਿਹਾ—ਹੇ ਸ਼ਾਂਤੀ ! ਜਿਵੇਂ ਤੂੰ ਆਪਣੇ ਮਨ ਵਿਚ ਸਮਝਿਆ ਹੈ (ਇਹ ਗੱਲ) ਇਸੇ ਤਰ੍ਹਾਂ ਹੀ ਠੀਕ ਹੈ (ਅਰਥਾਤ ਪੁਰਖ ਆਪ ਹੀ ਜਗਤ ਵਿਚ ਚਕ੍ਰਵਰਤੀ ਰਾਜ ਨੂੰ ਭੋਗਣਾ ਕਰੇਗਾ)॥੧੧॥

**ਦੋਹਰਾ—ਕੈਸੋ ਮਾਯਾ ਮਾਂਹਿ ਅਬ, ਦੇਵ ਅਨੁਗ੍ਰਹ ਆਹਿ ॥**
**ਨਿਗ੍ਰਹ ਯੌ ਕਹਿਬੋ ਰਹਯੋ, ਕਹੇ ਅਨੁਗ੍ਰਹ ਕਾਹਿ ॥ ੧੨ ॥**

(ਸ਼ਾਂਤੀ ਨੇ ਫੇਰ ਪੁਛਿਆ—ਹੇ ਮਾਤਾ !) ਹੁਣ ਮਾਯਾ ਵਿਚ ਪ੍ਰਮਾਤਮ ਦੇਵ ਦੀ ਕਿਸ ਤਰ੍ਹਾਂ ਦੀ(ਅਨੁਗ੍ਰਹ) ਕਿਰਪਾ ਹੈ ? ਤਾਂ ਸਰਧਾ ਨੇ ਉੱਤਰ ਦਿਤਾ—ਹੇ ਸ਼ਾਂਤੀ ! ਤੈਨੂੰ ਕਹਿਣਾ ਚਾਹੀਦਾ ਸੀ, ਮਾਯਾ ਨੂੰ ਕਿਸ ਤਰ੍ਹਾਂ ਨਾਲ ਪ੍ਰਮਾਤਮ ਦੇਵ ਨੇ (ਨਿਗ੍ਰਹ) ਕਾਬੂ ਕੀਤਾ ਹੋਇਆ ਹੈ ? ਇਸ ਤਰ੍ਹਾਂ ਦਾ (ਤਾਂ ਤੇਰੇ ਪਾਸੋਂ) ਭੁਲ ਗਿਆ ਹੈ, (ਉਲਟਾ ਤੂੰ ਇਉਂ ਕਿਉਂ) ਕਹਿੰਦੀ ਹੈਂ ਕਿ ਕਿਸ ਤਰ੍ਹਾਂ ਦੀ ਕ੍ਰਿਪਾ ਰਖਦਾ ਹੈ ? ॥ ੧੨ ॥

**ਦੋਹਰਾ—ਦੇਵ ਮਾਹਿ ਮਾਯਾ ਅਹੈ, ਸਰਬ ਅਨਰਥਨ ਮੂਲ ॥**
**ਤਾਂਕੋ ਨਿਗ੍ਰਹ ਭਲੇ ਕਰਿ, ਕਰਯੋ ਚਹੇ ਨਿਰਬੀਜ ॥ ੧੩ ॥**

ਉਹ ਮਾਯਾ ਹੀ ਪ੍ਰਮਾਤਮ ਦੇਵ ਵਿਚ ਸਾਰੇ ਅਨਰਥਾਂ ਦਾ (ਮੂਲ) ਕਾਰਨ ਹੈ। ਉਸ ਮਾਯਾ ਨੂੰ ਕਾਬੂ ਕਰਕੇ ਉਸ ਨੂੰ ਚੰਗੀ ਤਰ੍ਹਾਂ ਨਾਲ ਨਿਰਬੀਜ ਕੀਤਾ ਚਾਹੁੰਦਾ ਹੈ ॥ ੧੩ ॥

**ਦੋਹਰਾ—ਕਾਰਾਗ੍ਰਹਿ ਮੇਂ ਡਾਰ ਮਨ, ਮਾਯਾ ਨਿਗ੍ਰਹ ਕੀਨ ॥**
**ਕਹੋ ਕਾਹਿ ਮੇ ਅਬ ਅਹੇ ਭੂਪਤਿ ਕੋ ਮਨ ਲੀਨ ॥ ੧੪ ॥**

(ਸਰਧਾ ਨੇ ਕਿਹਾ—ਹੇ ਪੁਤ੍ਰੀ ਸ਼ਾਂਤਿ ! ਵੈਰਾਗ ਰੂਪੀ) ਕੈਦਖਾਨੇ ਵਿਚ ਮਨ ਨੂੰ ਪਾ ਕੇ ਮਾਯਾ ਵਲ ਜਾਣੋਂ ਤੋਂ ਕਾਬੂ ਕਰ ਲਿਆ ਹੈ। (ਸ਼ਾਂਤੀ ਨੇ ਫੇਰ ਪੁਛਿਆ—ਹੇ ਮਾਤਾ ਸਰਧਾ ! ਮੈਨੂੰ) ਦਸ, ਹੁਣ (ਪੁਰਖ ਰੂਪ) ਰਾਜੇ ਦਾ ਮਨ ਕਿਸ ਕੰਮ ਵਿਚ ਲੀਨ (ਪ੍ਰਵਿਰਤਿ) ਰਹਿੰਦਾ ਹੈ ? ॥ ੧੪ ॥

ਸਰਧਾ ਉਵਾਚ ॥

**ਦੋਹਰਾ—ਨਿੱਤ ਅਨਿੱਤ ਬਿਚਾਰ ਮੇ, ਸਦਾ ਚਿਤ੍ ਪਰਵਾਹਿ ॥**

**ਇਹ ਅਮੁੱਤ੍ਰ ਵੈਰਾਗ ਜੋ, ਵਹੀ ਸੁਹਿਰਦ ਸੁਆਹਿ ॥ ੧੫ ॥**

ਨਿਤ ਤੇ ਅਨਿਤ (ਵਸਤੂ ਦੇ) ਵਿਚਾਰ ਵਿਚ ਸਦਾ ਹੀ ਚਿੱਤ ਦਾ ਪ੍ਰਵਾਹ ਲਗਾ ਹੋਇਆ ਹੈ। ਇਸ ਲੋਕ ਤੇ (ਅਮੁਤ੍ਰ) ਪਰਲੋਕ ਦੇ ਪਦਾਰਥਾਂ ਨੂੰ ਕਾਂ ਦੀ ਵਿਠ ਵਾਂਗੂ ਸਮਝਣ ਰੂਪ ਜੋ ਵੈਰਾਗ ਹੈ, ਓਹੀ ਉਸ ਦਾ ਸੁਹਿਰਦ ਸਖਾ ਹੈ ॥ ੧੫ ॥

**ਦੋਹਰਾ—ਮਿਤ੍ਰ ਅਹੇ ਯਮ ਨੇਮ ਹੀ ਸਮ ਦਮ ਸਖਾ ਸੁ ਜਾਨ ॥**
**ਮੈਤ੍ਰੀ ਕਰੁਣਾਦਿਕ ਸਭੈ ਯਹਿ ਗ੍ਰਹਿ ਦਾਸੀ ਮਾਨ ॥ ੧੬ ॥**
**ਹੈ ਮੁਕਤੇਛਾ ਸਹਚਰੀ ਭਏ ਪੁਰਖ ਬਲਵੰਤ ॥**
**ਮਮਤਾ ਮੋਹ ਸੰਕਲਪ ਸਹਿ ਹਨੇ ਕ੍ਰਿਪਾ ਭਗਵੰਤ ॥ ੧੭ ॥**

ਯਮ, ਨੇਮ, ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨਾ, ਧਿਆਨ ਤੇ ਸਮਾਧੀ ਇਹੋ ਹੀ ਅਠ ਮਿਤ੍ਰ ਹਨ ਅਤੇ ਸਮ ਤੇ ਦਮ ਨੂੰ ਉਸ ਦੇ ਪਿਆਰੇ ਸਾਥੀ ਜਾਣ ਲੈ। ਮੈਤ੍ਰੀ, ਮੁਦਤਾ, ਕਰੁਣਾ ਤੇ ਉਪੇਖਯਾ ਇਹ ਚਾਰੇ ਉਸ ਦੇ ਘਰ ਦੀਆਂ ਦਾਸੀਆਂ ਮੰਨ ਲੈ ॥ ੧੬ ॥

'ਮੁਕਤ ਦੀ ਇਛਾ' ਉਸ ਦੀ ਸਹੇਲੀ ਹਰ ਵੇਲੇ ਨਾਲ ਰਹਿਣ ਵਾਲੀ ਹੈ,ਇਸ ਤਰ੍ਹਾਂ ਹੁਣ ਪੁਰਖ ਬਲਵਾਨ ਹੋ ਰਿਹਾ ਹੈ, ਮਮਤਾ ਤੇ ਮੋਹ ਨੂੰ ਸੰਕਲਪ ਦੇ ਸਮੇਤ ਹੀ ਭਗਵੰਤ ਦੀ ਕਿਰਪਾ ਨਾਲ ਨਾਸ ਕਰ ਦਿਤਾ ਹੈ॥੧੭॥

ਸ਼ਾਂਤਿ ਉਵਾਚ ॥

**ਦੋਹਰਾ—ਕਹੋ ਸੁਆਮੀ ਪੁਰਖ ਕੀ ਧਰਮ ਕਰਮ ਫਲ ਮਾਂਹਿ ॥**
**ਕਿਹ ਬਿਧਿ ਅਹੇ ਪ੍ਰਵਿਰਤਿ ਅਬ ਮੈਂ ਸਮਝੋ ਮਨ ਮਾਂਹਿ ॥ ੧੮ ॥**

ਸ਼ਾਂਤੀ ਪੁਛਣ ਲਗੀ—ਹੇ ਮਾਤਾ ! ਦਸ, ਧਰਮ ਕਰਮ ਦੇ ਫਲ ਵਿਚ ਇਸ ਵੇਲੇ ਸੁਆਮੀ ਪੁਰਖ ਦੀ ਕਿਸ ਤਰ੍ਹਾਂ ਦੀ ਪਰਵਿਰਤੀ ਹੈ ? (ਅਰਥਾਤ ਧਰਮ ਦੇ ਕਰਮਾਂ ਦਾ ਫਲ ਸੰਸਾਰ ਦੇ ਸੁਖ ਚਾਹੁੰਦਾ ਹੈ ? ਜਾਂ ਪਰਲੋਕ ਦੇ ਸੁਖ ਫਲ ਇਛਦਾ ਹੈ ? ਜਾਂ ਦੋਹਾਂ ਸੁਖਾਂ ਦੀ ਇਛਾ ਤੋਂ ਰਹਿਤ ਹੋ ਕੇ ਧਰਮ ਦੇ ਕਰਮ ਕਰਦਾ ਹੀ ਨਹੀਂ ?) ਮੈਂ ਹੁਣ ਇਸ ਭੇਦ ਨੂੰ ਮਨ ਵਿਚ ਸਮਝਣਾ ਚਾਹੁੰਦੀ ਹਾਂ ॥ ੧੮ ॥

ਸਰਧਾ ਉਵਾਚ ॥

**ਸੋਰਠਾ—ਜਾਂ ਦਿਨ ਭਯੋ ਵੈਰਾਗ, ਪੁਤ੍ਰੀ ਲੇ ਦਿਨ ਤਾਂਹਿ ਤੇ ॥**
**ਏਹ ਅਮੁੱਤ੍ਰ ਫਲ ਤਯਾਗ, ਸਾਮੀ ਧਾਰੇ ਤਾਂਹਿ ਤੇ ॥ ੧੯ ॥**

ਸਰਧਾ ਨੇ ਉੱਤਰ ਦਿਤਾ- ਹੇ ਪੁਤ੍ਰੀ ਸ਼ਾਂਤੀ ! ਜਿਸ ਦਿਨ ਤੋਂ ਮਨ ਨੂੰ ਵੈਰਾਗ ਹੋ ਗਿਆ ਹੈ ਉਸ ਦਿਨ ਤੋਂ ਲੈ ਕੇ, ਇਸ ਲੋਕ ਤੇ ਪ੍ਰਲੋਕ ਦੇ ਸੁਖ ਦਾ ਫਲ ਤਿਆਗ ਕਰਕੇ ਉਸ ਸਵਾਮੀ ਦੇ ਹਿਤ ਵਾਸਤੇ (ਧਰਮ ਦੇ ਕਰਮ ਕਰਨੇ) ਧਾਰੇ ਹੋਏ ਹਨ (ਅਰਥਾਤ ਨਿਸ਼ਕਾਮ ਭਾਵ ਨਾਲ ਪਰਮੇਸ਼ਰ ਅਰਥ ਧਰਮ ਦੇ ਕਰਮ ਕਰਦਾ ਹੈ, ਹੋਰ ਕਿਸੇ ਫਲ ਨੂੰ ਨਹੀਂ ਚਾਹੁੰਦਾ) ॥ ੧੯ ॥

**ਦੋਹਰਾ—ਪਾਪਨ ਕੇ ਫਲ ਨਰਕ ਤੇ ਜੈਸੇ ਡਰ ਪੈ ਨੀਤ ॥**
**ਤਿਉਂ ਹੀ ਸੁਖ ਹੈ ਪੁੰਨ ਫਲ ਸੁਰਗ ਭਯੋ ਭਯ ਭੀਤ ॥ ੨੦ ॥**

ਪਾਪਾਂ ਦੇ ਫਲ ਰੂਪ ਨਰਕ ਤੋਂ ਜਿਸ ਤਰ੍ਹਾਂ ਡਰਦਾ ਹੈ, ਤਿਵੇਂ ਹੀ ਪੁੰਨਾਂ ਦਾ ਫਲ ਰੂਪ ਜੋ ਸਵਰਗ ਸੁਖ ਹੈ, ਉਸ ਤੋਂ ਭੀ ਭੈ ਭੀਤ ਹੋ ਰਿਹਾ ਹੈ (ਕਿਉਂਕਿ ਸਵਰਗ ਸੁਖ ਭੀ ਨਿਤ ਨਹੀਂ ਹੈ,ਪੁੰਨਾਂ ਦੇ ਖੀਣ ਹੋ ਜਾਣ ਮਗਰੋਂ

Sri Satguru Jagjit Singh Ji Elibrary　　　　NamdhariElibrary@gmail.com

ਸਵਰਗ ਤੋਂ ਧਕਾ ਮਿਲ ਜਾਂਦਾ ਹੈ, ਇਸ ਕਰਕੇ 'ਪਾਪ-ਪੁੰਨ' ਦਾ ਫਲ 'ਨਰਕ-ਸੁਰਗ' ਦੋਹਾਂ ਨੂੰ ਦੁਖ ਰੂਪ ਜਾਣ ਕੇ ਦਿਨ੍ਹਾਂ ਤੋਂ ਡਰ ਮੰਨ ਕੇ ਦਿਨ੍ਹਾਂ ਦੀ ਚਾਹ ਤੋਂ ਅਚਾਹ ਹੋ ਰਿਹਾ ਹੈ) ॥ ੨੦ ॥

**ਦੋਹਰਾ--ਸੁ ਕ੍ਰਿਤ ਕੋ ਫਲ ਭੋਗ ਸੁਖ ਮਿਲੇ ਕਦਾਚਿਤ ਜੋਇ ॥**
**ਕਰੇ ਗਿਲਾਨ ਸੁ ਉਰ ਬਿਖੇ ਅਧਿਕ ਨ ਮਾਨੈ ਸੋਇ ॥ ੨੧ ॥**

(ਹੇ ਸ਼ਾਂਤੀ ! ਕਿਸੇ ਪਹਿਲੇ ਕੀਤੇ ਹੋਏ) ਪੁੰਨ ਕਰਮ ਦਾ ਫਲ, ਜੇਕਰ ਕੋਈ ਸੁਖ ਭੋਗ ਆ ਕੇ ਮਿਲ ਜਾਵੇ, ਤਾਂ ਹਿਰਦੇ ਵਿਚ ਉਸ ਤੋਂ ਭੀ ਗਿਲਾਨੀ ਕਰਦਾ ਹੈ, ਉਸ ਦੀ ਪ੍ਰਾਪਤੀ ਦਾ ਕੋਈ ਬਹੁਤਾ ਅਨੰਦ ਨਹੀਂ ਮੰਨਦਾ (ਸਗੋਂ ਉਸਨੂੰ ਦੁਖ ਦਾ ਕਾਰਨ ਮੰਨ ਕੇ ਉਸ ਤੋਂ ਨਫਰਤ ਮੰਨਦਾ ਹੈ) ॥ ੨੧ ॥

**ਦੋਹਰਾ--ਪ੍ਰਤਿਕ ਪ੍ਰਣਵ ਪਿਖ ਪੁਰਖ ਕੋ ਸਫਲ ਆਪ ਨਿਰਧਾਰ ॥**
**ਧਰਮ ਆਪ ਹੀ ਹੋਇਓ ਸਨੇ ਸਿਥਲ ਬਯਾਪਾਰ ॥ ੨੨ ॥**

ਪ੍ਰਤਿਕ=ਹਰ ਇਕ ਦੇ ਅੰਦਰ ਜੋ ਸਾਖੀ ਚੇਤਨ ਹੈ। ਪ੍ਰਣਵ=ਪ੍ਰਾਇਣ ਆਸਰੇ। (੨) ਪ੍ਰਣਵ= ਓਅੰਕਾਰ ਰੂਪ। ਨਿਰਧਾਰ=ਜਾਣ ਲਿਆ।

ਹਰ ਇਕ ਦੇ ਅੰਦਰ ਵਸਣ ਵਾਲੇ ਸਾਖੀ ਚੇਤਨ ਓਅੰਕਾਰ ਨੂੰ ਵੇਖ ਕੇ ਪੁਰਖ ਆਪਣੇ ਆਪ ਨੂੰ ਸਫਲ ਮੰਨ ਰਿਹਾ ਹੈ। (ਇਸ ਲਈ) ਧਰਮ ਆਪ ਹੀ ਬਯਾਪਾਰ ਦੇ ਸਨੇ ਸਿਥਲ (ਸੁਸਤ) ਹੋ ਰਿਹਾ ਹੈ (ਕਿਉਂਕਿ ਬਿਬੇਕੀ ਪੁਰਸ਼ ਦਾ ਧਰਮ ਕਰਮ ਖੁਦ ਬਖੁਦ ਹੋ ਜਾਂਦਾ ਹੈ) ॥ ੨੨ ॥

ਸ਼ਾਂਤਿ ਉਵਾਚ ॥

**ਦੋਹਰਾ--ਜੋ ਉਪਸਰਗ ਸੁ ਸੰਗ ਲੈ ਭਯੋ ਲੀਨ ਖਲ ਮੋਹਿ ॥**
**ਕਹੋ ਬ੍ਰਿਤਾਂਤ ਸੁ ਤਾਂਹਿ ਕੋ ਜਨਨੀ ਪੂਛੌਂ ਤੋਹਿ ॥ ੨੩ ॥**

ਸ਼ਾਂਤੀ ਨੇ ਫੇਰ ਪੁਛਿਆ-ਹੇ ਮਾਤਾ ! ਜੋ ਮੂਰਖ ਮੋਹ ਸਿਧੀਆਂ ਨੂੰ ਨਾਲ ਲੈ ਕੇ ਕਿਸ ਜਗ੍ਹਾ ਤੇ ਲੀਨ (ਗੁਪਤ) ਹੋ ਗਿਆ ਸੀ, ਉਸ ਦਾ ਭੀ ਕੁਝ ਬ੍ਰਿਤਾਂਤ ਕਹੁ, ਹੇ ਮਾਤਾ ! ਮੈਂ ਤੈਥੋਂ ਪੁਛਦੀ ਹਾਂ ॥ ੨੩ ॥

ਸਰਧਾ ਉਵਾਚ ॥

**ਦੋਹਰਾ--ਮਦ ਮਤ ਵਿਦਯਾ ਸਹਿਤ ਪੁਨ ਪਠੇ ਮੋਹ ਉਪਸਰਗ ॥**
**ਲੋਭ ਨਮਿਤ ਸੁ ਪੁਰਖ ਕੋ ਦਿਖਲਾਏ ਬਹੁ ਸੁਰਗ ॥ ੨੪ ॥**

ਮਦ ਮਤ ਵਿਦਯਾ=ਇੰਦਰ ਜਾਲ ਦੀ ਵਿਦਯਾ, ਜਾਦੂ ਟੂਣੇ ਰੂਪ ਹਥ-ਨਾਟਕ ਦੀ ਵਿਦਯਾ। ਉਪਸਰਗ=ਸਿਧੀਆਂ, ਮਾਦਿਕੀ ਕਰਾਮਾਤਾ।

ਸਰਧਾ ਨੇ ਉੱਤਰ ਦਿਤਾ-(ਹੇ ਸ਼ਾਂਤੀ !) ਮੋਹ ਨੇ ਇੰਦ੍ਰ ਜਾਲ ਵਿਦਯਾ ਸਣੇ ਸਾਰੀਆਂ ਸਿਧੀਆਂ ਨੂੰ ਪੁਰਖ ਕੋਲ ਇਸ ਲਈ ਭੇਜਿਆ ਸੀ ਕਿ ਪੁਰਖ ਨੂੰ ਭਰਮਾ ਕੇ ਫੇਰ ਆਪਣੇ ਵਸ ਵਿਚ ਕਰ ਲਵੇ, ਇਸ ਲਈ ਉਨ੍ਹਾਂ ਨੇ ਪੁਰਖ ਨੂੰ ਲੁਭਾਉਣ ਲਈ (ਪੁਰਖ ਦੇ ਕੋਲ ਆਕੇ ਉਸਨੂੰ) ਬਹੁਤ ਤਰ੍ਹਾਂ ਦੇ ਸਵਰਗ (ਸੁਖ) ਵਿਖਾਏ ਸਨ।੨੪।

**ਦੋਹਰਾ--ਜੌ ਤਿਨ ਮਾਂਹਿ ਅਸੁਕਤਿ ਪੁਨ ਪੁਰਖ ਕਦਾਚਿਤ ਹੋਇ ॥**
**ਤੌ ਬਿਬੇਕ ਉਪਨਿਖਦ ਕੋ ਸਿਮਰਨ ਕਰੇ ਨ ਕੋਇ ॥ ੨੫ ॥**

ਅਸ਼ਕਤਿ=ਸ਼ਕਤੀ ਤੋਂ ਹੀਣਾ ਹੋ ਜਾਣਾ, ਉਸ ਦੇ ਵਸੀ ਭੂਤ ਹੋ ਜਾਣਾ, ਫਸ ਜਾਣਾ।

ਜੇਕਰ ਫਿਰ ਕਦੀ ਪੁਰਖ ਉਨ੍ਹਾਂ ਦੇ ਵਸੀ ਭੂਤ ਹੋ ਜਾਂਦਾ। ਤਦ ਬਿਬੇਕ ਰਾਜਾ ਉਪਨਿਸ਼ਦ ਨੂੰ ਕੋਈ ਚੇਤੇ ਹੀ ਨਾ ਕਰਦਾ ॥ ੨੫ ॥

Sri Satguru Jagjit Singh Ji Elibrary NamdhariElibrary@gmail.com

ਸ਼ਾਂਤਿ ਉਵਾਚ ॥

**ਦੋਹਰਾ--ਮਾਤ ਪਿਆਰੀ ਸਸਿ ਮੁਖੀ ਮ੍ਰਿਗ ਨੈਨੀ ਬਲਿਹਾਰ ॥**
**ਤਿਸ ਤੇ ਬਹੁਰੋ ਕਥਾ ਭਯੋ ਮੋਕੋ ਕਰੋ ਉਚਾਰ ॥ ੨੬ ॥**

ਹੇ ਪਿਆਰੀ ਮਾਤਾ ! ਹੇ ਚੰਦ੍ਰਮਾ ਸਮਾਨ ਮੁਖ ਵਾਲੀਏ ! ਹੇ ਮ੍ਰਿਗ ਵਰਗੀਆਂ ਅਖਾਂ ਵਾਲੀਏ ! ਮੈਂ ਸਦਕੇ ਜਾਵਾਂ । ਉਸ ਤੋਂ ਪਿਛੋਂ ਫੇਰ ਕੀ ਹੋਇਆ ? ਸਾਰੀ ਗੱਲ ਮੈਨੂੰ ਕਹਿ ਕੇ ਸੁਣਾਓ ॥ ੨੬ ॥

ਸਰਧਾ ਉਵਾਚ ॥

**ਚੌਪਈ ॥**

**ਤਬ ਉਪਸਰਗ ਪੁਰਖ ਢਿਗ ਗਏ ॥ ਕੌਤਕ ਏਕ ਕਰਤ ਪੁਨ ਭਏ ॥**
**ਇੰਦ੍ਰ ਜਾਲ ਕੀ ਵਿਦਯਾ ਜੋਈ ॥ ਕੌਤਕ ਹੇਤ ਦਿਖਲਾਈ ਸੋਈ ॥ ੨੭ ॥**

ਸਰਧਾ ਨੇ ਉੱਤਰ ਦਿਤਾ-ਤਦ ਸਾਰੀਆਂ ਸਿਧੀਆਂ ਪੁਰਖ ਦੇ ਕੋਲ ਗਈਆਂ ਅਤੇ ਉਥੇ ਫਿਰ ਉਨ੍ਹਾਂ ਨੇ ਇਕ ਨਵਾਂ ਤਮਾਸ਼ਾ ਕਰਕੇ ਵਿਖਾਇਆ । ਜੋ ਇੰਦਰ ਜਾਲ ਦੀ ਵਿਦਯਾ ਹੈ, ਓਹ ਭੀ ਪੁਰਖ ਨੂੰ ਭਰਮਾਉਣ ਵਾਸਤੇ (ਕਈ ਤਰ੍ਹਾਂ ਦੇ) ਕੌਤਕ ਕਰਕੇ ਵਿਖਾਈ ਗਈ ॥ ੨੭ ॥

**ਦੋਹਰਾ--ਨਿਖਲ ਸਿਧਿ ਪ੍ਰਗਟੀ ਤਹਾਂ ਪਿਖੀ ਪੁਰਖ ਮਨ ਲਾਇ ॥**
**ਗੁਲਾਬ ਸਿੰਘ ਪ੍ਰਭਾਵ ਤਹਿੰ ਨੀਕੇ ਦੇਤ ਸੁਨਾਇ ॥ ੨੮ ॥**

ਸਾਰੀਆਂ ਸਿਧੀਆਂ ਭੀ ਉਥੇ ਪ੍ਰਗਟ ਆਣ ਹੋਈਆਂ ਅਤੇ ਪੁਰਖ ਨੇ ਮਨ ਲਾ ਕੇ ਸਾਰੀਆਂ ਵੇਖੀਆਂ । ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਉਨ੍ਹਾਂ ਦੇ ਪ੍ਰਭਾਵ ਨੂੰ ਚੰਗੀ ਤਰ੍ਹਾਂ ਸੁਣਾ ਦੇਂਦਾ ਹੈ ॥ ੨੮ ॥

**ਸਵੈਯਾ ॥**

**੧. ਸਤ ਯੋਜਨ ਤੇ ਸਭ ਬਾਤ ਸੁਨੇ ਪੁਨ ਨੀਰਨ ਪੈ ੨ਬਿਨ ਨਾਵ ਚਲਾਏ ॥**
**੨. ਬਿਨ ਧੇਨ ਕੀਏ ਸਭ ਬੇਦ ਪੁਰਾਨ ਸੁ ਭਾਰਤ ਲੈ ਇਤਿਹਾਸ ਸੁ ਆਏ ॥**
**੩. ਬਿਨ ਛੰਦ ਪਢੇ ਸਭ ਛੰਦਨ ਕੋ ਭਵ ਮੰਡਲ ਮੈਂ ਸਭ ਕਾਬਯ ਬਨਾਏ ॥**
**੪. ਸੁ ਜਰਾਉ ਜਰੇ ਸੁਭ ਥਾਨ ਪਿਖੇ ਸਭ ਲੋਕਨ ਕੋ ਰੁਚਿ ਪ੍ਰੇਰ ਚਲਾਏ ॥੨੯॥**

ਸਤ=ਸੌ । ਯੋਜਨ=ਚਾਰ ਕੋਹ ਦਾ ਨਾਮ ਜੋਜਨ ਹੈ । ਧੇਨ=ਪੜ੍ਹਨਾ ।

੧. ਇਥੇ ਬੈਠੇ ਹੋਇਆਂ ਹੀ ਚਾਰ ਸੌ ਕੋਹ ਤਕ ਦੀ ਗੱਲ ਸੁਣ ਲੈਣੀ ।

੨. ਪਾਣੀ ਉਤੇ ਬੇੜੀ ਤੋਂ ਬਿਨਾਂ ਹੀ ਪੈਰਾਂ ਨਾਲ ਤੁਰ ਕੇ ਪਾਰ ਲੰਘ ਜਾਣਾ ।

੩. ਵਿਦਯਾ ਪੜ੍ਹੇ ਤੋਂ ਬਿਨਾਂ ਹੀ ਸਾਰੇ ਵੇਦ, ਪੁਰਾਣ ਤੇ ਮਹਾਂ ਭਾਰਤ ਆਦਿਕ ਇਤਿਹਾਸ (ਸਾਰੇ ਗ੍ਰੰਥ ਮੂੰਹ ਜ਼ਬਾਨੀ ਹੀ) ਸੁਣਾ ਦੇਣੇ ।

੪. ਛੰਦ ਸ਼ਾਸਤਰ ਪੜ੍ਹੇ ਤੋਂ ਬਿਨਾਂ ਹੀ ਸੁੰਦਰ ਛੰਦ ਸੁਣਾ ਦੇਣੇ ਅਤੇ ਸੰਸਾਰ ਮੰਡਲ ਵਿਚ ਬੜੇ ਸੁੰਦਰ ਕਾਵਯ ਰਚ ਦੇਣੇ ।

੫. ਮਣੀਆਂ ਨਾਲ ਜੜੇ ਹੋਏ ਸੁੰਦਰ ਸਥਾਨ ਵੇਖਣੇ,

੬. ਅਤੇ ਸਾਰੇ ਲੋਕਾਂ ਨੂੰ ਆਪਣੀ ਮਰਜ਼ੀ ਅਨੁਸਾਰ ਤੋਰਨਾ ॥ ੨੯ ॥

**ਸਵੈਯਾ॥**

**੧. ਦਿਢ ਭੀਤਨ ਤੇ ਨਿਕਸੇ ਖਿਨ ਮੈ ਤਨ ਮੇਰ ਸਮਾਨ ਸੁ ਭੂਰ ਬਨਾਏ॥**
**੨. ਤਨ ਕੰਟਕ ਮੈ ਸਮ ਤੂਲ ਰਹੇ ਖਿਨ ਮੈਂ ਰਵਿ ਮੰਡਲ ਮਾਂਹਿ ਸੁ ਜਾਏ॥**
**੩. ਇਹ ਭਾਂਤ ਨਿਹਾਰਤ ਦੇਵਨ ਜੁ ਢਿਗ ਆਨ ਭਲੇ ਪਦ ਮੌਲ ਝੁਕਾਏ॥**
**੪. ਇਹ ਠੌਰ ਸੁਾਮਿਨਿ ਵਾਸ ਕਰੋ ਦੁਖ ਦੂੰਦ ਸਭੈ ਅਬ ਤੋਹਿ ਮਿਟਾਏ॥੩੦॥**

੭. ਪਕੀਆਂ ਕੰਧਾਂ ਵਿਚੋਂ ਇਕ ਛਿਨ ਵਿਚ ਬਾਹਰ ਨਿਕਲ ਆਉਣਾ,
੮. ਆਪਣੇ ਸਰੀਰ ਨੂੰ ਸੁਮੇਰ ਪਹਾੜ ਵਾਂਗੂ ਬਹੁਤ ਵਡਾ ਸਾਰਾ ਬਣਾ ਲੈਣਾ।
੯. ਕੰਡਿਆਂ ਉਤੇ ਸਰੀਰ ਨੂੰ ਰੂਈ ਵਾਂਗੂ ਅਡੋਲ ਟਿਕਾਈ ਰਖਣਾ,
੧੦. ਇਕ ਛਿਨ ਵਿਚ ਹੀ ਸੂਰਜ ਮੰਡਲ ਵਿਚ ਚਲੇ ਜਾਣਾ।

ਇਸ ਤਰ੍ਹਾਂ ਦੀਆਂ (ਦਸ ਸਿਧੀਆਂ ਸਾਰਿਆਂ ਦੇ) ਵੇਖਦਿਆਂ ਹੀ (ਦੇਵਨ) ਪ੍ਰਕਾਸ਼ ਰੂਪ ਪੁਰਖ ਦੇ ਕੋਲ ਆ ਕੇ ਉਸ ਦੇ ਚਰਨਾਂ ਉਤੇ ਸਿਰ ਨੂੰ ਚੰਗੀ ਤਰਾਂ ਝੁਕਾ ਕੇ ਕਹਿਣ ਲਗੀਆਂ। ਹੇ ਸਵਾਮੀ ਜੀ ! ਆਪ ਇਸੇ ਜਗ੍ਹਾ ਤੇ ਨਿਵਾਸ ਕਰੋ। ਹੁਣ ਤੁਹਾਡੇ ਸਾਰੇ ਹੀ ਹਰਖ ਸੋਗ ਅਤੇ ਜੰਮਣ ਮਰਨ ਆਦਿਕ ਦੇ ਦੂੰਦ ਦੁਖ ਮਿਟ ਗਏ ਹਨ।੩੦।

**ਦੋਹਰਾ—ਈਹਾਂ ਜਨਮ ਨਾ ਮ੍ਰਿਤ ਅਹੇ ਯਹਿ ਅਤਿ ਸੁੰਦਰ ਦੇਸ॥**
**ਈਹਾਂ ਬੈਠ ਕਲੋਲ ਕਰਿ ਮਨ ਕੇ ਹਰੋ ਕਲੇਸ॥੩੧॥**

ਇਥੇ ਜਨਮ ਤੇ ਮਰਨ (ਰੂਪ ਦੁਖ) ਨਹੀਂ ਹੈ, ਇਹ ਦੇਸ ਬਹੁਤ ਹੀ ਸੁੰਦਰ ਹੈ। ਤੁਸੀਂ ਇਥੇ ਬੈਠ ਕੇ ਮੌਜਾਂ ਕਰੋ ਅਤੇ ਮਨ ਦੇ ਦੁਖ ਦੂਰ ਕਰ ਲਵੋ।੩੧।

**ਦੋਹਰਾ—ਵਿਦਜਾਧਰੀ ਅਪਛਰਾ ਵਿਵਿਧ ਮੁਗਧ ਸੁਰ ਨਾਰਿ॥**
**ਤੇ ਪਦ ਬੰਦਨ ਕਰਤ ਹੈਂ ਹਾਥ ਉਪਾਇਨ ਧਾਰਿ॥੩੨॥**

ਮੁਗਧ=ਮੁਗਧਾ, ਸੋਲਾਂ ਵਰ੍ਹੇ ਦੀ ਉਮਰਾ ਵਾਲੀ ਇਸਤ੍ਰੀ। ਉਪਾਇਨ=ਭੇਟਾ। ... ਨਾਰ

ਵਿਦਯਾਧਰ ਨਾਮ ਵਾਲੇ ਦੇਵਤੇ ਦੀ ਇਸਤ੍ਰੀ, ਅਪਛਰਾ ਨਾਮ ... ਇਸਤ੍ਰੀਆਂ ਹੱਥਾਂ ਵਿਚ ਭੇਟਾ ਧਾਰਨ ਕਰਕੇ ਇਸਤ੍ਰੀਆਂ ਤੇ ਹੋਰ ਭੀ ਅਨੇਕਾਂ ਹੀ ਸੋਲਾਂ ੨ ਵਰ੍ਹਿਆਂ ...
ਤੇਰੇ ਚਰਨਾਂ ਤੇ ਨਮਸ਼ਕਾਰ ਕਰ... ।੩੨।

**ਸਵੈਯਾ॥**

**੧. ਯਾਹਿ ਪਿਖੋ ਤਨੁ ਤੁਮ ਸੁੰਦ੍ਰਤਾ ਮਦਮੱਤ ਵਿਲੋਚਨ ਰੂਪ ਅਪਾਰੇ॥**
**੨. ਦੀਰਘ ਵਾਰਿਜ ਗੰਧ ਮਿਲੀ ਅਲਿਕੇ ਕਚ ਘੁੰਘਰ ਹੈਂ ਤਿਸੁ ਕਾਰੇ॥**
**੩. ਪੀਨ ਪਯੋਧਰ ਰੰਭ ਉਰੂ ਕਮਲਾਨਨ ਅੰਜਨ ਨੈਨ ਸਵਾਰੇ॥**
**੪. ਦਾੜਮ ਸੀ ਰਦ ਪਾਂਤਿ ਬਨੀ ਸਮ ਦਾਮਨਿ ਰਾਸ ਕਰੋ ਤਮ ਭਾਰੇ॥੩੩॥**

ਵਾਰਿਜ=ਕਮਲ। ਕਚ=ਕੇਸ। ਰੰਭ=ਕੇਲਾ। ਕਮਲਾਨਨ=ਕਮਲ ਮੁਖ। ਰਦ=ਦੰਦ।

Sri Satguru Jagjit Singh Ji Elibrary NamdhariElibrary@gmail.com

੧. ਉਹ ਸਿਧੀਆਂ ਜੀਵ ਨੂੰ ਕਹਿਣ ਲਗੀਆਂ ਇਨ੍ਹਾਂ (ਦੇਵ - ਇਸਤ੍ਰੀਆਂ) ਦੇ ਸਰੀਰ ਦੀ ਸੁੰਦਰਤਾ ਤਾਂ ਆਪ ਵੇਖੋ ! (ਇਨ੍ਹਾਂ ਦੇ) ਮਦ ਨਾਲ ਮਤੇ ਹੋਏ ਵਡੇ ਮੋਟੇ ੨ ਨੈਨ ਹਨ ਅਤੇ ਰੂਪ ਤਾਂ ਅਪਾਰ ਸੁੰਦਰ ਹੈ । ੨. ਵਡੇ ਭਾਰੇ ਕਮਲ ਫੁਲ ਦੀ ਸੁਗੰਧੀ ਇਨ੍ਹਾਂ ਦੇ ਸਰੀਰ ਵਿਚ ਮਿਲੀ ਹੋਈ ਹੈ (ਅਰਥਾਤ ਇਨ੍ਹਾਂ ਦੇ ਤਨ ਵਿਚੋਂ ਹੀ ਕਮਲ ਫੁਲ ਦੀ ਵਾਸ਼ਨਾ ਬੜੇ ਜ਼ੋਰ ਨਾਲ ਆ ਰਹੀ ਹੈ ਅਤੇ ਵਡੇ ਕਾਲੇ ਤੇ ਘੁੰਗਰ ਵਾਲੇ ਕੇਸਾਂ ਦੀਆਂ ਜ਼ੁਲਫਾਂ (ਇਉਂ ਲਟਕ ਰਹੀਆਂ ਹਨ ਜਿਵੇਂ ਚੰਦਨ ਬ੍ਰਿਛ ਨਾਲ ਕਾਲੇ ੨ ਨਾਗ ਬਚੇ ਲਟਕ ਰਹੇ ਹੁੰਦੇ ਹਨ । ੩. ਸਰੀਰ ਦੇ ਸਭ ਅੰਗ ਸੁੰਦਰ ਤੇ ਮੋਹਨ ਵਾਲੇ ਹਨ । ਕਮਲ ਵਰਗਾ ਮੂੰਹ ਹੈ ਅਤੇ ਅੱਖਾਂ ਵਿਚ ਸੁਰਮਾ (ਭੀ ਕੈਸਾ) ਸਵਾਰ ਕੇ ਪਾਇਆ ਹੋਇਆ ਹੈ । ੪. ਅਨਾਰ ਦੇ ਦਾਣਿਆਂ ਵਾਂਗੂ ਦੰਦਾਂ ਦੀ ਕਤਾਰ ਬਣੀ ਹੋਈ ਹੈ (ਅਤੇ ਜਿਸ ਤਰ੍ਹਾਂ ਵਡੇ ਭਾਰੇ ਹਨੇਰੇ ਵਿਚ ਬਿਜਲੀ ਦੀ ਚਮਕ ਬੜੀ ਸੁਹਾਵਣੀ ਹੁੰਦੀ ਹੈ, ਉਸੇ ਦੇ ਸਮਾਨ ਹੀ ਇਹਨਾਂ ਦਾ ਹਾਸਾ ਹਨੇਰੇ ਨੂੰ ਦੂਰ ਕਰਨ ਵਾਲਾ ਹੈ ।। ੩੩ ॥

## ਸਵੈਯਾ ॥

**੧. ਹਾਟਕ ਕੀ ਸਿਕਤਾ ਧਰਨੀ ਪੁਨ ਇੰਦ੍ਰ ਸੁ ਨੀਲ ਮਣੀ ਘਨ ਲਾਈ ॥**
**੨. ਇਹ ਬਨ ਪਾਂਤਿਨਿ ਪਾਂਤ ਖਿਰੀ ਬਹੁ ਫੂਲ ਸੁਗੰਧਿ ਚਹੂੰ ਦਿਸ ਛਾਈ ॥**
**੩. ਗੁੰਜਤ ਏ ਮਧੁ ਪਾਵਲਿਯਾਂ ਮਨ ਬਾਵਲਿਯਾਂ ਸੁ ਮਨੋਜ ਚਲਾਈ ॥**
**੪. ਸੰਗ ਬਿਲਾਸਨਿ ਕੇਲ ਕਰੋ ਤਪ੍ਰਸਾ ਤਵ ਪੁੰਨ ਫਲੇ ਅਬ ਆਈ ॥ ੩੪ ॥**

ਹਾਟਕ=ਸੋਨਾ । ਸਿਕਤਾ=ਰੇਤ । ਪਾਂਤਿਨਿ ਪਾਂਤਿ=ਕਤਾਰ ਦੀ ਕਤਾਰ । ਮਧੁਪਾਵਲਿਯਾ= (ਮਧੁਪ+ਆਵਲਿਆ) ਭੌਰਿਆਂ ਦੀਆਂ ਡਾਰਾਂ । ਬਾਵਲਿਯਾ=ਬਾਵਰ, ਫਾਹੀ ।

੧. (ਹੇ ਦੇਵ ! ਦੇਖੋ,ਇਹ ਦੇਸ ਕੈਸਾ ਰਮਣੀਕ ਹੈ) ਸੋਨੇ ਦੀ ਰੇਤ ਵਾਲੀ ਇਥੋਂ ਦੀ ਧਰਤੀ ਹੈ ਅਰਥਾਤ ਇਥੋਂ ਦੀ ਰੇਤ* ਵਿਚੋਂ ਸੋਨਾ ਨਿਕਲਦਾ ਹੈ ਅਤੇ ਇੰਦਰ ਮਣੀ ਤੇ ਨੀਲ ਮਣੀ ਆਦਿਕ ਅਨੇਕ ਤਰ੍ਹਾਂ ਦੀਆਂ (ਮਣੀਆਂ) ਬਹੁਤ ਹੀ ਧਰਤੀ ਵਿਚ ਲਗੀਆਂ ਹੋਈਆਂ ਹਨ (ਅਰਥਾਤ ਇਸ ਧਰਤੀ ਵਿਚ ਮਣੀਆਂ ਦੀ ਖਾਣਿ ਹੈ) । ੨. ਇਹ ਬਨ ਕਤਾਰ ਖਿੜਿਆ ਹੋਇਆ ਹੈ, ਇਸ ਵਿਚ ਬਹੁਤ ਤਰ੍ਹਾਂ ਦੇ ਫੁਲ (ਹਨ, ਜਿਨ੍ਹਾਂ ਦੀ) ਸੁਗੰਧੀ ਚੌਹੀਂ ਪਾਸੀਂ ਫੈਲੀ ਹੋਈ ਹੈ । ੩. ਉਹਨਾਂ ਫੁਲਾਂ ਉਤੇ ਭੌਰਿਆਂ ਦੀਆਂ ਡਾਰਾਂ ਗੂੰਜਦੀਆਂ ਫਿਰਦੀਆਂ ਹਨ, ਉਹ ਮਾਨੋ ਕਾਮਦੇਵ ਨੇ ਮਨ ਨੂੰ ਫਸਾਉਣ ਵਾਸਤੇ ਬਾਵਰੀਆਂ (ਫਾਹੀਆਂ) ਖਲੇਰੀਆਂ ਹੋਈਆਂ ਹਨ । ੪. (ਹੇ ਕੀਤਾਂ ਹੋਇਆਂ) ਉਸੇ ਕਰਕੇ (ਇਨ੍ਹਾਂ) ਬਿਲਾਸਨੀਆਂ ਨਾਲ ਕਾਮ - ਕਲੋਲ ਕਰੋ, (ਤੁਹਾਡਾ ਕੋਈ ਪਿਛਲਾ ਸੁਖ ਅਸਥਾਨ ਆਪ ਦੇ ਹਥ ਆਣ ਲਗਾ ਹੈ, ਆਪ [illegible] ਪਿਆ ਹੈ, (ਜਿਸ ਕਰ ਕੇ ਇਸ ਤਰ੍ਹਾਂ ਦਾ ਸੁਖਦਾਈ ਸਾਧਨ ਤੇ [illegible] ਇਨ੍ਹਾਂ ਸੁਖਾਂ ਦਾ ਅਨੰਦ ਮਾਣੋ) ॥੩੪॥

ਸ਼ਾਂਤਿ ਉਵਾਚ ॥

**ਦੋਹਰਾ–ਮਾਤ ਪਿਆਰੀ ਸਸਿ ਮੁਖੀ ਮ੍ਰਿਗ ਨੈਨੀ ਬਲਿਹਾਰ ॥**
**ਤਿਸ ਤੇ ਬਹੁਰੋ ਕਯਾ ਭਯੋ ਮੋ ਕੋ ਕਰੋ ਉਚਾਰ ॥ ੩੫ ॥**

ਨੋਟ–ਪਿਛੇ ੨੬ ਨੰਬਰਾਂ ਦਾ ਦੋਹਰਾ ਇਹੋ ਹੈ, ਅਰਥ ਉਥੇ ਵੇਖੋ ।

* ਮੇਰੀ ਟੀਕਾ ਕੀਤੀ ਹੋਈ 'ਗਿਆਨ ਰਤਨ ਮਾਲਾ ਸਟੀਕ' ਪੁਸਤਕ ਦੀ ਚੌਥੀ ਲੜੀ ਦੇ ਮਣਕਾ ੧੨ ਦਾ ਫੁਟ ਨੋਟ ਪੜ੍ਹੋ । ਉਸ ਵਿਚ ਇਹ ਦਸਿਆ ਹੈ ਕਿ ਰੇਤ ਵਿਚੋਂ ਸੋਨਾ ਕਿਵੇਂ ਨਿਕਲਦਾ ਹੈ ? ਸੋਨੇ ਵਾਲੀ ਰੇਤ ਕਿਸ ਤਰ੍ਹਾਂ ਦੀ ਤੇ ਕਿਥੇ ਹੁੰਦੀ ਹੈ ?

Sri Satguru Jagjit Singh Ji Elibrary NamdhariElibrary@gmail.com

॥ ਸਰਧਾ ਉਵਾਚ ॥

**ਦੋਹਰਾ–ਸੁਨ ਉਪਸਰਗਨ ਵਾਕ ਕੌ ਕੀਨੋ ਪੁਰਖ ਉਚਾਰ॥**
**ਅਤਿ ਸੁੰਦਰ ਯਹਿ ਭੋਗ ਸੁਖ ਮੋ ਮਨ ਬਾਢਯੋ ਪਿਆਰ ॥ ੩੬ ॥**

(ਸਰਧਾ ਨੇ ਉੱਤਰ ਦਿਤਾ–ਹੇ ਸ਼ਾਂਤੀ !) ਸਿਧੀਆਂ ਦੇ ਬਚਨ ਸੁਣ ਕੇ ਪੁਰਖ ਨੇ ਬਚਨ ਕੀਤਾ ਕਿ ਇਹ ਭੋਗ ਬੜੇ ਸੁੰਦਰ ਤੇ ਸੁਖ ਦੇਣ ਵਾਲੇ ਹਨ, ਇਨ੍ਹਾਂ ਦਾ ਗ੍ਰਹਿਣ ਕਰਾਂਗਾ, ਤਿਆਗ ਨਹੀਂ ਕਰਾਂਗਾ ਮੇਰੇ ਮਨ ਵਿਚ ਇਹਨਾਂ ਲਈ ਪਿਆਰ ਵਧਿਆ ਹੈ ॥ ੩੬ ॥

**ਦੋਹਰਾ–ਸੰਕਲਪ ਕੀਯੋ ਉਤਸ਼ਾਹ ਮਨ ਸੁਾਮੀ ਪੁਰਖ ਉਦਾਰ ॥**
**ਯੌ ਮਤ ਸੁਨ ਉਰ ਖੇਦ ਗਹਿ ਕਰੈ ਸੁ ਸ਼ਾਂਤਿ ਉਚਾਰ ॥ ੩੭ ॥**

ਫਿਰ ਉਦਾਰ ਪੁਰਖ ਸਵਾਮੀ ਨੇ ਮਨ ਦੇ ਉਤਸ਼ਾਹ (ਨਾਲ ਉਨ੍ਹਾਂ ਸੁਖ ਭੋਗਾਂ ਨੂੰ ਗ੍ਰਹਿਣ ਕਰਨ ਦਾ) ਸੰਕਲਪ ਕੀਤਾ। (ਸਰਧਾ ਪਾਸੋਂ ਪੁਰਖ ਦੀ) ਇਹ ਸਲਾਹ ਸੁਣ ਸ਼ਾਂਤੀ ਨੇ ਆਪਣੇ ਹਿਰਦੇ ਵਿਚ ਦੁਖ ਪਾ ਕੇ ਕਥਨ ਕੀਤਾ ॥ ੩੭ ॥

**ਦੋਹਰਾ–ਹਾ ਧਿਗ ਹਾ ਦੁਖ ਕਸ਼ਟ ਅਤਿ ਭਈ ਬਡੀ ਅਬ ਹਾਨ ॥**
**ਪੁਨਰਪਿ ਜਗ ਫਾਹੀ ਬਿਖੇ ਪਰਿਓ ਸੁ ਪੁਰਖ ਮਹਾਨ ॥ ੩੮ ॥**

ਹਾਇ ! ਧ੍ਰਿਕਾਰ ਹੈ, ਹਾਇ ! ਵਡਾ ਤੇ ਭਾਰਾ ਦੁਖ ਤੇ ਕਸ਼ਟ ਹੈ, ਹੁਣ ਬੜਾ ਭਾਰਾ ਨੁਕਸਾਨ ਹੋ ਗਿਆ ਹੈ। ਉਹ ਮਹਾਨ ਪੁਰਖ ਫਿਰ ਮੁੜ ਕੇ ਜਗਤ ਦੀ ਫਾਹੀ ਵਿਚ ਪੈ ਗਿਆ ਹੈ, ਇਹ ਦੁਖ ਕਦੇ ਭੀ ਮਿਟਣ ਵਾਲਾ ਨਹੀਂ ਹੈ ॥ ੩੮ ॥

**ਦੋਹਰਾ–ਮਾਤ ਪਿਆਰੀ ਸਸਿ ਮੁਖੀ ਮ੍ਰਿਗ ਨੈਨੀ ਬਲਿਹਾਰ ॥**
**ਤਿਸ ਤੇ ਬਹੁਰੋ ਕਥਾ ਭਯੋ ਮੋਕੋ ਕਰੋ ਉਚਾਰ ॥ ੩੯ ॥**

ਨੋਟ–ਵੇਖੋ ੨੬ ਨੰਬਰ ਦੇ ਦੋਹਰੇ ਦਾ ਅਰਥ।

ਸਰਧਾ ਉਵਾਚ ॥

**ਚੌਪਈ ॥**

**ਤਬ ਤਾਂ ਮੀਤ ਪੁਰਖ ਇਕ ਸਾਰ ॥ ਸੁ ਤਰਕ ਨਾਮ ਤਿਹ ਕਰੇ ਉਚਾਰ ॥**
**ਕ੍ਰੋਧ ਭਰੇ ਦ੍ਰਿਗ ਤਾਂਹਿ ਸੁ ਲਾਲ ॥ ਮਨੋ ਸਮੀਰ ਸਖਾ ਸੁ ਬਿਸਾਲ ॥ ੪੦ ॥**

(ਸ਼ਾਂਤੀ ਨੂੰ ਨਿਰਾਸ, ਉਦਾਸ ਅਤੇ ਦੁਖੀ ਹੋਇਆਂ ਵੇਖ ਕੇ ਸਰਧਾ ਨੇ ਕਿਹਾ–ਹੇ ਪੁਤ੍ਰੀ ! ਤੂੰ ਕੋਈ ਚਿੰਤਾ ਨਾ ਕਰ, ਕਿਉਂਕਿ ਜਦੋਂ ਪੁਰਖ ਦਾ ਰੁਖ ਭੋਗਾਂ ਵਲ ਹੋਇਆ ਵੇਖਿਆ) ਤਦੋਂ ਹੀ ਉਸ ਪੁਰਖ ਦੇ ਇਕ ਸ਼ਰੇਸ਼ਟ ਮਿਤਰ ਨੇ, ਜਿਸ ਦਾ ਨਾਮ ਤਰਕ ਹੈ, ਉਸ ਨੇ ਉਚਾਰਨ ਕੀਤਾ। ਕ੍ਰੋਧ ਦੇ ਨਾਲ ਭਰੇ ਹੋਣ ਕਰਕੇ ਉਸ ਦੇ ਨੇਤ੍ਰ ਇਸ ਤਰ੍ਹਾਂ ਲਾਲ ਹੋ ਗਏ, ਮਾਨੋ ਪਵਨ ਦਾ ਮਿਤਰ ਪ੍ਰਚੰਡ ਹੋ ਗਿਆ (ਅਰਥਾਤ ਪੌਣ ਦਾ ਮਿਤਰ ਅਗਨੀ ਹੈ, ਜਦ ਕਿਤੇ ਅਗ ਲਗਦੀ ਹੈ ਤਾਂ ਪੌਣ ਉਸ ਦੀ ਮਦਦ ਕਰਦੀ ਹੈ, ਪੌਣ ਦੇ ਬੇਗ ਨਾਲ ਹੀ ਅਗਨਿ ਦੇਵਤਾ ਬੜੇ ਜ਼ੋਰਾਂ ਤੇ ਹੋ ਜਾਂਦਾ ਹੈ। ਜਿਵੇਂ ਪੌਣ ਦੇ ਜ਼ੋਰ ਨਾਲ ਅਗਨਿ ਤੇਜ਼ ਹੋ ਜਾਂਦੀ ਹੈ, ਇਵੇਂ ਹੀ ਕ੍ਰੋਧ ਨਾਲ ਅੱਖਾਂ ਲਾਲ ਕਰਕੇ ਅਗ ਵਾਂਗੂ ਪ੍ਰਚੰਡ ਹੋ ਗਿਆ) ॥ ੪੦ ॥ ਅਤੇ ਫਿਰ–

Sri Satguru Jagjit Singh Ji Elibrary NamdhariElibrary@gmail.com

**ਚੌਪਈ॥**

**ਤਿਨ ਉਪਸਰਗ ਓਰ ਨਿਹਾਰ॥ ਬਹੁਰ ਪੁਰਖ ਕੋ ਕੀਨ ਉਚਾਰ॥**
**ਯਿਹ ਅਸਥਾਨੀ ਦੇਵ ਸੁ ਜੇਤੇ॥ ਬਿਘਨ ਕਰੇਂ ਤੁਮ ਕੋ ਸਭ ਤੇਤੇ॥੪੧॥**

(ਉਸ ਨੇ) ਉਨ੍ਹਾਂ ਸਿਧੀਆਂ ਵਲ ਵੇਖਿਆ ਅਤੇ ਫਿਰ ਪੁਰਖ ਨੂੰ ਸੰਬੋਧਨ ਕਰਕੇ ਇਸ ਤਰਾਂ ਕਥਨ ਕੀਤਾ। ਹੇ ਦੇਵ! ਇਸ ਜਗ੍ਹਾ ਵਿਚ ਰਹਿਣ ਵਾਲੇ ਜਿੰਨੇ ਭੀ ਹਨ, ਇਹ ਸਾਰੇ ਦੇ ਸਾਰੇ ਤੁਹਾਡੇ (ਕਾਰਜ-ਸਫਲ ਵਿਚ) ਬਿਘਨ ਕਰਦੇ ਹਨ, ਅਰਥਾਤ ਤੁਹਾਡਾ ਕਾਰਜ ਰਾਸ ਹੋਣ ਵਿਚ ਕੋਈ ਭੀ ਖੁਸ਼ ਨਹੀਂ ਹੈ, ਇਸ ਕਰਕੇ ਇਹ ਤੁਹਾਡੇ ਕੰਮ ਵਿਚ ਰੁਕਾਵਟਾਂ ਪਾਂਦੇ ਹਨ।੪੧।

**ਚੌਪਈ॥**

**ਸਰਧਾ ਯਾ ਬਚਨਨ ਕੇ ਮਾਂਹੀ॥ ਮੀਤ ਕਦਾਚਿਤ ਕੀਜੇ ਨਾਂਹੀ॥**
**ਥਾਨਿ ਅਭਿਮਾਨੀ ਦੇਵ ਸੁ ਜੇਤੇ॥ ਹੈਂ ਅਤਿ ਧੂਰਤ ਵੰਚਕ ਤੇਤੇ॥੪੨॥**

ਹੇ ਮਿਤ੍ਰ! ਇਨ੍ਹਾਂ ਦੇ ਬਚਨਾਂ ਉਤੇ ਕਦੇ ਭੂਲ ਕੇ ਭੀ ਯਕੀਨ (ਇਤਬਾਰ) ਨਾ ਕਰੀਂ, ਕਿਉਂਕਿ ਇਸ ਜਗ੍ਹਾ ਦੀ ਮਨੌਤ ਰਖਣ ਵਾਲੇ ਜਿੰਨੇ ਭੀ ਦੇਵਤੇ ਹਨ (ਅਰਥਾਤ ਗੋਲਕਾਂ ਰੂਪ ਜਗ੍ਹਾਂ ਨੂੰ ਆਪਣਾ ਘਰ ਸਮਝ ਕੇ ਉਸਦਾ ਅਭਿਮਾਨ ਰਖਣ ਵਾਲੇ, ਜੋ ਥਾਨ ਅਭਮਾਨੀ ਦੇਵਤੇ (ਇੰਦ੍ਰੇ) ਹਨ, ਇਨ੍ਹਾਂ ਦੇ ਕਥਨ ਉਤੇ ਕਦੇ ਭੀ ਇਤਬਾਰ ਨਹੀਂ ਕਰਨਾ, ਕਿਉਂਕਿ ਇਹ ਸੱਚ ਬੋਲਣ ਵਾਲੇ ਨਹੀਂ ਹਨ, ਇਹ ਸਾਰੇ ਦੇ ਸਾਰੇ ਹੀ ਵਡੇ (ਧੂਰਤ) ਧੋਖੇਬਾਜ਼ ਅਤੇ ਠਗ ਹਨ (ਹੇ ਮਿਤਰ! ਇਨ੍ਹਾਂ ਧੋਖੇ ਬਾਜ਼ਾਂ ਦੇ ਧੋਖੇ ਤੋਂ ਸਦਾ ਹੀ ਹੁਸ਼ਿਆਰ ਰਹੀਂ, ਨਹੀਂ ਤਾਂ ਮਾਰਿਆ ਜਾਏਂਗਾ)।੪੨।

**ਚੌਪਈ॥ ਬਿਖੈ ਵ੍ਰਿਛਸ ਪਿੰਡੀ ਕੋ ਡਾਰੈਂ॥ ਮੀਨ ਸਮਾਨ ਨਿਖਲ ਜਨ ਮਾਰੈਂ॥**
**ਭੋਗਨ ਕੀ ਚਿੰਤਾ ਦੁਖ ਆਗ॥ ਡਾਰੈਂ ਤੋਹਿ ਨ ਲਖੈਂ ਅਭਾਗ॥੪੩॥**

ਵ੍ਰਿਛਸ ਪਿੰਡੀ=ਮਾਸ ਵਾਲੀ ਕੁੰਡੀ, ਜਿਸ ਨਾਲ ਮਛੀਮਾਰ ਮਛੀ ਫੜਦਾ ਹੈ।

(ਇਹ ਧੋਖੇ ਬਾਜ਼ ਇੰਦਰੈ) ਭੋਗਾਂ ਰੂਪ ਮਾਸ ਦੀ ਕੁੰਡੀ ਨੂੰ ਸੁਟ ਕੇ ਮਛੀ ਵਾਂਗੂ ਹੀ ਸਾਰੇ ਜੀਵਾਂ ਨੂੰ ਮਾਰੀ ਜਾਂਦੇ ਹਨ। ਇਹ ਭੋਗਾਂ ਦੀ ਚਿੰਤਾ ਰੂਪ ਅਗ ਵਿਚ ਤੈਨੂੰ ਸੁਟ ਦੇਣਗੇ। ਹੇ ਭਾਗਾਂ ਤੋਂ ਹੀਣੇ! ਤੂੰ (ਅਜੇ ਤਕ ਭੀ ਇਨ੍ਹਾਂ ਨੂੰ ਜਾਣਿਆ ਨਹੀਂ ਹੈ?।੪੩।

**ਸਵੈਯਾ॥**

**੧. ਏ ਅਤਿ ਸੁੰਦਰ ਨਾਰਿ ਜਿਤੀ ਨਰਕਾਗਨਿ ਕੀ ਸੁ ਸਿਖਾ ਪਹਿਚਾਨੋ॥**
**੨. ਤਾਹਿ ਕਿ ਸੰਗਮ ਤੇ ਦੁਖ ਜੋ ਬਹੁ ਬਾਰ ਲਯੋ ਕਹਿ ਤੋਹਿ ਭੁਲਾਨੋ॥**
**੩. ਤੈ ਤਪ ਦੀਰਘ ਨੀਤ ਕਰੇ ਸਭ ਲੋਕ ਬਖਾਨਤ ਤੋਹਿ ਸਿਆਨੋ॥**
**੪. ਭੋਗਨ ਪਾਵਕ ਤੇ ਹਟਿਯੋ ਦੁਖ ਨਾਹਿ ਭਰੋ ਸੁ ਕਹਯੋ ਮਮ ਮਾਨੋ॥੪੪॥**

੧. (ਤਰਕ ਕਹਿਣ ਲਗਾ) ਇਹ ਜਿੰਨੀਆਂ ਭੀ ਵਡੀਆਂ ਸੁੰਦਰ ਇਸਤ੍ਰੀਆਂ ਹਨ, ਇਨ੍ਹਾਂ ਨੂੰ ਨਰਕ ਦੀ ਅਗ ਦੀ ਲਾਟ ਪਛਾਣ ਲੈ। ੨. ਉਨ੍ਹਾਂ ਦੇ ਸੰਗ ਭੋਗ ਕਰਨ ਕਰਕੇ ਜੋ ਦੁਖ ਹੁੰਦਾ ਹੈ, ਉਹ ਤੂੰ ਬਹੁਤ ਵੇਰੀ ਪਾ

Sri Satguru Jagjit Singh Ji Elibrary NamdhariElibrary@gmail.com

ਚੁਕਾ ਹੈਂ, ਕੀ ਤੈਨੂੰ ਉਹ ਦੁਖ ਭੁਲ ਗਿਆ ਹੈ ? ੩. ਤੂੰ ਰੋਜ਼ ਹੀ ਮਹਾਂ ਕਠਨ ਤਪ ਕਰਦਾ ਹੈਂ ਅਤੇ ਸਾਰੇ ਲੋਕ ਤੈਨੂੰ ਵਡਾ ਸਿਆਣਾ ਕਹਿੰਦੇ ਹਨ। ੪. ਇਸ ਭੋਗਾਂ ਦੀ ਅਗ ਤੋਂ ਬਚ ਜਾਹ ਨਹੀਂ ਤਾਂ ਦੁਖ ਪਾਏਂਗਾ, ਮੇਰਾ ਕਿਹਾ ਮੰਨ ਤੇ ਇਨ੍ਹਾਂ ਭੋਗਾਂ ਤੋਂ ਕੰਨਾਂ ਨੂੰ ਹਥ ਲਾਓ ॥ ੪੪ ॥

## ਸਵੈਯਾ॥

**੧. ਭਵ ਸਾਗਰ ਤਾਰਨ ਜੋਗ ਜਹਾਜ ਸੁ ਤੈ ਚਿਰ ਕਾਲਹ ਤੇ ਅਬ ਪਾਯੋ ॥**
**੨. ਮਦ ਮੱਤ ਵਿਲੋਚਨ ਨਾਰਿ ਦਿਖਾਇ ਸੁ ਚਾਹਤ ਹੈ ਅਬ ਤੋਹਿ ਛੁਡਾਯੋ ॥**
**੩. ਅਬ ਛੋਡ ਜਹਾਜ ਸੁ ਅੰਗਾਰ ਨਦੀ ਸੁ ਚਹੇ ਕਿਮ ਆਤਮ ਆਪ ਬਹਾਯੋ ॥**
**੪. ਇਹ ਸੀਖ ਸੁਨੋ ਸਮ ਪੀਕ ਮਲੀਨ ਸੁ ਭੋਗਨ ਹੇਰ ਕਹਾਂ ਹੁਲਸਾਯੋ ॥੪੫॥**

੧. ਸੰਸਾਰ ਸਮੁੰਦਰ ਤੋਂ ਤਾਰਨ ਦੇ ਯੋਗ ਜੋ ਜਹਾਜ਼ ਈਸ਼ਵਰ ਦਾ ਸਿਮਰਨ ਹੈ,ਬਹੁਤ ਚਿਰ ਪਿਛੋਂ ਉਹ ਤੂੰ ਅਜ ਪਾਇਆ ਹੈ। ੨. ਮਦ ਨਾਲ ਮਤੇ ਹੋਏ ਮੋਟੇ ਮੋਟੇ ਨੈਣਾਂ ਨੂੰ ਵਿਖਾ ਕੇ ਇਸਤ੍ਰੀ ਤੇਰੇ ਪਾਸੋਂ ਉਹ ਜਹਾਜ ਹੁਣ ਛੁਡਾਉਣਾ ਚਾਹੁੰਦੀ ਹੈ। ੩.ਹੁਣ ਤੂੰ ਜਹਾਜ਼ ਨੂੰ ਛਡ ਕੇ (ਅਗ ਦੇ) ਅੰਗਿਆਰਾਂ ਦੀ ਨਦੀ ਵਿਚ ਆਪਣੀ ਆਤਮਾ ਨੂੰ ਕਿਵੇਂ ਰੁੜ੍ਹਾ ਦੇਣਾ ਚਾਹੁੰਦਾ ਹੈਂ ? ੪. ਮੇਰੀ ਇਸ ਸਿਖਿਆ ਨੂੰ ਸੁਣ, ਥੁਕ ਦੇ ਸਮਾਨ ਜੋ ਗੰਦੇ ਭੋਗ ਹਨ, ਉਨ੍ਹਾਂ ਨੂੰ ਵੇਖਣ ਲਈ ਉਤਸ਼ਾਹਤ ਕਿਉਂ ਹੋਇਆ ਫਿਰਦਾ ਹੈਂ ? ॥ ੪੫ ॥

## ਸਵੈਯਾ॥

**੧. ਡਾਰ ਪਟੰਬਰ ਅੰਬਰ ਧਾਰ ਦਿਗੰਬਰ ਜਾਂ ਬਨ ਬਾਸ ਕਏ ਹੈਂ ॥**
**੨. ਮਾਂਹਿ ਅਰੰਨ ਕਰੇ ਤਪ ਦੀਰਘ ਭੋਗ ਮਹਾਂਨਲ ਪਾਰ ਭਏ ਹੈਂ ॥**
**੩. ਨਾਮ ਮਹਾਂ ਮੁਨਿ ਜਾਂਹਿ ਕਹੇ ਅਰਿ ਕਾਂਪਤੁ ਭੂਪਤਿ ਪਾਇ ਪਏ ਹੈਂ ॥**
**੪. ਨਾਰਿ ਸੁ ਘੂਮਨ ਘੇਰ ਬਿਖੇ ਪਰ ਫੇਰ ਰਸਾਤਲ ਮਾਂਹਿ ਗਏ ਹੈਂ ॥ ੪੬ ॥**

੧. ਰੇਸ਼ਮ ਦੇ ਕਪੜੇ ਉਤਾਰ ਕੇ ਤੇ ਸੂਤੀ ਕਪੜੇ ਸੁਟਕੇ ਭੋਜ ਪਤ੍ਰ ਪਹਿਨ ਕੇ ਜਾਂ ਦਿਗੰਬਰੰ ਰੂਪ ਧਾਰ ਕੇ (ਜਿਨ੍ਹਾਂ ਨੇ) ਜਾ ਕੇ ਬਨ ਵਿਚ ਵਾਸ ਕਰ ਲਿਆ ਸੀ। ੨. ਘੋਰ ਬਨ ਵਿਚ ਜਾ ਕੇ ਜੋ ਬੜੇ ਭਾਰੇ ਤਪ ਨੂੰ ਕਰਦੇ ਸਨ ਅਤੇ ਭੋਗਾਂ ਰੂਪ ਪ੍ਰਚੰਡ ਅਗਨੀ ਤੋਂ ਪਾਰ ਹੋ ਗਏ ਸਨ। ੩.ਜਿਨ੍ਹਾਂ ਦਾ ਨਾਮ ਮਹਾਂ ਮੁਨੀ ਕਿਹਾ ਜਾਂਦਾ ਸੀ ਅਤੇ ਰਾਜੇ ਲੋਕ (ਜਿਨ੍ਹਾਂ ਦੇ ਤੇਜ ਪ੍ਰਤਾਪ ਅਗੇ) ਕੰਬਦੇ ਹੋਏ ਚਰਨਾਂ ਤੇ ਡਿਗਦੇ ਸਨ। ੪. (ਉਹ ਸ੍ਰਿੰਗੀ ਰਿਖੀ ਵਰਗੇ ਮਹਾਂ ਮੁਨੀ) ਇਸਤ੍ਰੀ ਰੂਪ ਘੁਮਨ ਘੇਰੀ ਵਿਚ ਪੈਕੇ ਫੇਰ ਰਸਾਤਲ ਵਿਚ ਚਲੇ ਗਏ ਹਨ ॥ ੪੬ ॥

## ਸਵੈਯਾ॥

**੧. ਬਹੁ ਬਾਰਿ ਭਯੋ ਨਰ ਨਾਰਿ ਤੁਹੀ ਇਹ ਬਾਰ ਕਹਾਂ ਸੁ ਅਘਾਇ ਰਹੈਗੋ ॥**
**੨. ਅਬ ਯਾਹਿ ਜਹਾਜ ਤੇ ਪਾਉਂ ਖਿਸੇ, ਭਵ ਸਾਗਰ ਧਾਰ ਸੁ ਫੇਰ ਬਹੈਗੋ ॥**
**੩. ਅਬ ਹਾਥ ਅਲੰਬਤ ਮੋਖ ਅਹੇ ਇਹ ਔਸਰ ਮੀਤ ਨ ਫੇਰ ਲਹੈਗੋ ॥**
**੪. ਕਵਿ ਸਿੰਘ ਗੁਲਾਬ ਨ ਮਾਨਤ ਜੋ ਨਰਕਾਗਨਿ ਮੈ ਬਹੁ ਦੂਖ ਸਹੈਗੋ ॥੪੭॥**

੧. ਅਗੇ ਬਹੁਤ ਵੇਰੀ ਤੂੰ ਪੁਰਖ ਤੇ ਬਹੁਤ ਵੇਰੀ ਇਸਤਰੀ ਹੋਇਆ ਹੈਂ ਅਤੇ ਇਨ੍ਹਾਂ ਭੋਗਾਂ ਨੂੰ ਅਨੇਕਾਂ

Sri Satguru Jagjit Singh Ji Elibrary NamdhariElibrary@gmail.com

ਜਨਮਾਂ ਵਿਚ ਭੋਗਦਾ ਭੋਗਦਾ ਅਜੇ ਤਕ ਰਜਿਆ ਨਹੀਂ ਹੈਂ ? ਤਾਂ ਇਸ ਵੇਰੀ (ਭੋਗਾਂ ਨੂੰ ਭੋਗ ਲੈਣ ਕਰਕੇ) ਕੀ ਤੂੰ ਭੋਗਾਂ ਨਾਲ ਰਜ ਜਾਵੇਂਗਾ ? ੨. ਜੇਕਰ ਹੁਣ ਇਸ ਜਹਾਜ਼ ਉਤੋਂ ਤੇਰਾ ਪੈਰ ਖਿਸਕ ਗਿਆ ਤਾਂ ਸੰਸਾਰ ਸਮੁੰਦਰ ਦੀ ਧਾਰ ਵਿਚ ਤੂੰ ਫੇਰ ਰੁੜ੍ਹ ਜਾਏਂਗਾ। ੩. ਹੁਣ ਤੇਰੇ ਹਥ ਵਿਚ ਮੋਖ ਦਾ ਆਸਰਾ ਹੈ, ਹੇ ਮਿਤ੍ਰ! ਇਸ ਤਰ੍ਹਾਂ ਦਾ ਸਮਾਂ ਫੇਰ ਕਦੇ ਭੀ ਨਹੀਂ ਪਾ ਸਕੇਂਗਾ। ੪. ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ, ਸੁਤਰਕ ਨੇ ਕਿਹਾ-ਹੇ ਮਿਤ੍ਰ! ਜੇਕਰ ਮੇਰਾ ਕਹਿਣਾ ਨਹੀਂ ਮੰਨੇਂਗਾ ਤਾਂ ਨਰਕਾਂ ਦੀ ਅਗ ਵਿਚ ਪੈ ਕੇ ਬਹੁਤ ਭਾਰਾ ਦੁਖ ਸਹਾਰੇਂਗਾ ॥ ੪੭ ॥

ਸ਼ਾਂਤਿ ਉਵਾਚ ॥

**ਦੋਹਰਾ-ਮਾਤ ਪਿਆਰੀ ਸਸਿ ਮੁਖੀ ਮ੍ਰਿਗ ਨੈਨੀ ਬਲਿਹਾਰ ॥**
**ਤਿਸ ਤੇ ਬਹੁਰੋ ਕਥਾ ਭਯੋ ਮੋਕੋ ਕਰੋ ਉਚਾਰ ॥ ੪੮ ॥**

ਨੋਟ-ਵੇਖੋ ੨੬ ਨੰਬਰ ਦੇ ਦੋਹਰੇ ਦਾ ਅਰਥ।

ਸਰਧਾ ਉਵਾਚ ॥

**ਦੋਹਰਾ-ਤਬ ਤਾਂ ਵਚਨਨ ਕਾਨ ਧਰ, ਵਿਖਯਨ ਸੁਸਤਿ ਉਚਾਰ ॥**
**ਮਦ ਮਤਿ ਵਿਦਯਾ ਮੋਹ ਤਜਿ, ਭਯੋ ਵੈਰਾਗ ਉਦਾਰ ॥ ੪੯ ॥**

ਸਰਧਾ ਨੇ ਉਤਰ ਦਿਤਾ-(ਹੇ ਪੁਤ੍ਰੀ! ਜਦ ਸੁਤਰਕ ਮਿਤ੍ਰ ਨੇ ਤਾੜਨਾ ਕਰਕੇ ਇਹ ਬਚਨ ਕਹੇ) ਤਦ ਉਨ੍ਹਾਂ ਬਚਨਾਂ ਨੂੰ ਕੰਨ ਧਰ ਕੇ, ਪੁਰਖ ਨੇ ਕਿਹਾ-(ਹੇ ਪ੍ਰਮਾਤਮ ਦੇਵ! ਇਨ੍ਹਾਂ) ਵਿਸ਼ਯਾਂ ਤੋਂ ਮੇਰੀ (ਸੁਸਤਿ) ਰਖਿਆ ਕਰੋ। ਇਹ ਕਹਿ ਕੇ ਇੰਦਰ ਜਾਲ ਵਿਦਯਾ ਦੇ ਮੋਹ ਨੂੰ ਛਡ ਦਿਤਾ, (ਜਿਸ ਕਰਕੇ) ਉਦਾਰ (ਪੁਰਖ ਨੂੰ ਫਿਰ) ਪੂਰਨ ਵੈਰਾਗ ਹੋ ਗਿਆ ॥ ੪੯ ॥

**ਸਵੈਯਾ ॥**

**੧. ਭੋਗਨ ਕੇ ਦੁਖ ਚੀਤ ਚਿਤਾਰ, ਸੁ ਸੀਸ ਧੁਨਯੋ ਮਨ ਤਾਂਹਿ ਉਠਾਯੋ ॥**
**੨. ਆਜ ਮਹਾਂ ਦੁਖ ਸਿੰਧ ਬਿਖੇ, ਪਰਤੇ ਮਮ ਮੀਤ ਸੁ ਤੋਹਿ ਬਚਾਯੋ ॥**
**੩. ਫੇਰ ਭਜੋਂ ਨਹਿ ਭੋਗ ਕਬੀ, ਇਹ ਮੀਤ ਸੁਨੋ ਤਬ ਸਾਚ ਬਤਾਯੋ ॥**
**੪. ਇਮ ਭਾਖ ਭਲੋ ਦ੍ਰਿਗ ਲਾਜ ਬਡੀ, ਭਰ ਅੰਕ ਭਲੇ ਸੁ ਸਖਾ ਗਲ ਲਾਯੋ।੫੦।**

੧. ਭੋਗਾਂ ਦੇ ਦੁਖ ਨੂੰ ਚਿਤ ਵਿਚ ਚੇਤੇ ਕਰਕੇ ਪੁਰਖ ਨੇ ਆਪਣਾ ਸਿਰ ਫੇਰਿਆ ਅਤੇ ਮਨ ਨੂੰ ਉਨ੍ਹਾਂ ਵਲੋਂ ਹਟਾ ਲਿਆ। ੨. (ਕਹਿਣ ਲਗਾ) ਅਜ ਮੈਂ ਵਡੇ ਭਾਰੇ ਦੁਖਾਂ ਦੇ ਸਮੁੰਦਰ ਵਿਚ ਡਿਗ ਪੈਣ ਲਗਾ ਸਾ, ਹੇ ਮੇਰੇ ਮਿਤਰ! ਉਸ ਤੋਂ ਤੂੰ ਮੈਨੂੰ ਬਚਾ ਲਿਆ ਹੈ। ੩. ਫੇਰ ਮੈਂ ਕਦੇ ਭੀ ਇਨ੍ਹਾਂ ਭੋਗਾਂ ਨੂੰ ਯਾਦ ਨਹੀਂ ਕਰਾਂਗਾ, ਹੇ ਮਿਤ੍ਰ! ਸੁਣ, ਮੈਂ ਤੈਨੂੰ ਸਚ ਦਸ ਦਿਤਾ ਹੈ। ੪. ਇਹ ਚੰਗੀ ਗੱਲ ਕਹਿ ਕੇ ਪੁਰਖ ਦੀਆਂ ਅਖਾਂ ਵਿਚ ਲਜਾ ਭਰ ਆਈ, ਫਿਰ ਉਸ ਨੇ ਮਿਤਰ ਨੂੰ ਜਫੀ ਭਰ ਕੇ ਗਲ ਨਾਲ ਲਾ ਲਿਆ ॥ ੫੦ ॥

ਸ਼ਾਂਤਿ ਉਵਾਚ ॥

**ਚੌਪਈ ॥**

**ਭਲਾ ਭਯਾ ਵਹੁ ਪੁਰਖ ਉਦਾਰਾ ॥ ਭਯੋ ਵਿਰਕਤ ਕਟੇ ਦੁਖ ਭਾਰਾ ॥**
**ਤੂੰ ਅਬ ਮਾਤ ਸੁ ਕਹਾਂ ਸਿਧਾਈ ॥ ਮੋਕੋ ਨੀਕੇ ਦੇਹੁ ਬਤਾਈ ॥ ੫੧ ॥**

ਸ਼ਾਂਤੀ ਕਹਿਣ ਲਗੀ—ਚੰਗਾ ਹੋਇਆ ਹੈ, ਜੋ ਉਹ ਉਦਾਰ ਪੁਰਖ (ਭੋਗਾਂ ਤੋਂ) ਵਿਰਕਤ (ਉਦਾਸ) ਹੋ ਗਿਆ ਹੈ, ਹੁਣ ਉਸ ਦੇ ਵਡੇ ਭਾਰੇ ਦੁਖ ਕਟੇ ਜਾਣਗੇ। ਹੇ ਮਾਤਾ! ਹੁਣ ਤੂੰ ਕਿਥੇ ਚਲੀ ਹੈਂ ? ਮੈਨੂੰ ਚੰਗੀ ਤਰ੍ਹਾਂ ਸਮਝਾ ਕੇ ਦਸ ਦੇਹ ॥ ੫੧ ॥

ਸਰਧਾ ਉਵਾਚ ॥

**ਦੋਹਰਾ—ਪੁਰਖ ਪਠਾਈ ਮੈਂ ਚਲੀ, ਹੇਰਨ ਆਜ ਬਿਬੇਕ ॥**
**ਜਾਵੋਂ ਭੂਪ ਬਿਬੇਕ ਢਿਗ, ਮੇਟ ਸੁ ਬਿਘਨ ਅਨੇਕ ॥ ੫੨ ॥**

ਸਰਧਾ ਨੇ ਉਤਰ ਦਿਤਾ—ਮੈਨੂੰ ਪੁਰਖ ਨੇ ਭੇਜਿਆ ਹੈ, ਮੈਂ ਬਿਬੇਕ ਨੂੰ ਵੇਖਣ ਚਲੀ ਹਾਂ। ਮੈਂ ਬਿਬੇਕ ਰਾਜੇ ਕੋਲ ਜਾਵਾਂਗੀ ਅਤੇ ਅਨੇਕਾਂ ਵਿਘਨਾਂ ਨੂੰ ਮੇਟ ਕੇ ਉਸ ਦਾ (ਪੁਰਖ ਨਾਲ ਮੇਲ ਕਰਾਵਾਂਗੀ) ॥ ੫੨ ॥

ਸ਼ਾਂਤਿ ਉਵਾਚ ॥

**ਚੌਪਈ ॥**

**ਮੋਕੋ ਭੀ ਪੁਨ ਰਾਇ ਬਿਬੇਕ ॥ ਪਠਯੋ ਸੁ ਕਾਰਜ ਭਾਖਯੋ ਏਕ ॥**
**ਉਪਨਿਖਦ ਲਿਆਵਨ ਹੇਤ ਪਠਾਈ॥ ਚਲੋਂ ਸੁ ਬੇਗ ਬਿਲੰਬ ਮਿਟਾਈ ॥੫੩॥**

(ਸਰਧਾ ਨੇ ਪੁਛਿਆ—ਤੂੰ ਕਿਥੇ ਚਲੀ ਹੈਂ ? ਤਾਂ ਸ਼ਾਂਤੀ ਨੇ ਕਿਹਾ--) ਮੈਨੂੰ ਭੀ ਬਿਬੇਕ ਰਾਜੇ ਨੇ ਇਕ ਕੰਮ ਨੂੰ ਕਹਿ ਕੇ ਭੇਜਿਆ ਹੈ (ਅਰਥਾਤ ਮੈਨੂੰ) ਉਪਨਿਖਦ (ਦੇਵੀ ਨੂੰ) ਲਿਆਉਣਾ ਵਾਸਤੇ ਭੇਜਿਆ ਹੈ, ਹੁਣ ਦੇਰ ਨੂੰ ਛਡ ਕੇ ਛੇਤੀ ਨਾਲ ਤੁਰ ਚਲੀਦੇ ॥ ੫੩ ॥

ਕਵਿ ਉਵਾਚ ॥

**ਦੋਹਰਾ—ਬਿਬੇਕ ਉਪਨਿਖਦ ਸਮੀਪ ਵਹਿ, ਸਰਧਾ ਸ਼ਾਂਤਿ ਉਦਾਰ ॥**
**ਗਈ ਜਬੈ ਵਹੁ ਪੁਰਖ ਪੁਨ, ਆਯੋ ਸਭਾ ਮਝਾਰ ॥ ੫੪ ॥**
**ਕਰ ਬਿਚਾਰ ਉਰ ਹਰਖ ਅਤਿ, ਲਾਗੇ ਕਰਨ ਉਚਾਰ ॥**
**ਗੁਲਾਬ ਸਿੰਘ ਵਹੁ ਵਾਕ ਪੁਨ, ਸੁਨੋ ਸਾਧ ਉਰ ਧਾਰ ॥ ੫੫ ॥**

ਜਦ ਉਹ ਸਰਧਾ ਬਿਬੇਕ ਕੋਲ ਅਤੇ ਸ਼ਾਂਤੀ ਉਪਨਿਖਦ ਵਲ ਨੂੰ ਚਲੀ ਗਈ ਤਦ (ਰਾਜੇ ਦੀ) ਸਭਾ ਵਿਚ ਉਹ ਉਦਾਰ ਪੁਰਖ ਆ ਗਿਆ ॥ ੫੪ ॥

(ਅਤੇ ਮਨ ਵਿਚ) ਵਿਚਾਰ ਕਰਕੇ ਅਤੇ ਹਿਰਦੇ ਵਿਚ ਪ੍ਰਸੰਨ ਹੋ ਕੇ ਇਸ ਤਰ੍ਹਾਂ ਕਥਨ ਕਰਨ ਲਗਾ। ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ, ਹੇ ਸੰਤੋ! ਉਸ ਦੇ ਬਚਨਾਂ ਨੂੰ ਸੁਣੋ ਅਤੇ ਹਿਰਦੇ ਵਿਚ ਧਾਰਨ ਕਰੋ ॥ ੫੫ ॥

ਪੁਰਖ ਉਵਾਚ ॥

**ਦੋਹਰਾ--ਅਹੋ ਮਹਾਤਮ ਹੈ ਬਡੋ, ਬਿਸ਼ਨ ਭਗਤਿ ਕੋ ਲੋਇ ॥**
**ਜਾਂ ਪ੍ਰਸਾਦਿ ਬੰਧਨ ਮਿਟੇ, ਮੁਕਤਿ ਜੀਵ ਜਗ ਹੋਇ ॥ ੫੬ ॥**

ਪੁਰਖ ਕਹਿਣ ਲਗਾ—ਹੇ ਸੰਤੋ! ਸੁਣੋ, ਇਸ ਜਗਤ ਵਿਚ ਵਿਸ਼ਨੂੰ ਭਗਤੀ ਦਾ ਵਡਾ ਅਚਰਜ ਮਹਾਤਮ ਹੈ, ਜਿਸ ਦੀ ਕ੍ਰਿਪਾ ਕਰਕੇ ਜੀਵ ਦੇ (ਸੰਸਾਰਕ) ਬੰਧਨ ਕਟੇ ਜਾਂਦੇ ਹਨ ਅਤੇ ਜੀਵ ਜਗਤ ਦੇ ਦੁਖਾਂ ਤੋਂ ਮੁਕਤ ਹੋ ਜਾਂਦਾ ਹੈ ॥ ੫੬ ॥

Sri Satguru Jagjit Singh Ji Elibrary NamdhariElibrary@gmail.com

ਸਵੈਯਾ ॥

੧. ਜਿਹ ਮਾਂਹਿ ਕਲੇਸ਼ ਬਡੀ ਲਹਰੀ, ਸੁ ਭਯਾਨਕ ਯਾਹਿ ਕੇ ਪੰਥ ਅਪਾਰਾ ॥
੨. ਸੁਤ ਮੀਤ ਕਲਿਤ੍ਰ ਸੁ ਬੰਧੁ ਸਖਾ, ਮਕਰਾਗ੍ਰਹਿ ਗ੍ਰੰਥ ਬਡੇ ਸੁ ਵਿਕਾਰਾ ॥
੩. ਨਿਜ ਕ੍ਰੋਧ ਮਹਾਂ ਬੜਵਾਨਲ ਹੈ, ਤ੍ਰਿਸ਼ਨਾ ਨਿਜ ਨਾਗਨਿ ਰੂਪ ਸੁ ਕਾਰਾ ॥
੪. ਹਰਿ ਕੀ ਭਗਤੀ ਪਦ ਕੰਜ ਪ੍ਰਸਾਦਿ ਤਰਯੋ ਭਵ ਸਾਗਰ ਮੈਂ ਅਜ ਭਾਰਾ॥੫੭॥

ਨੋਟ–ਸੰਸਾਰ ਨੂੰ ਸਮੁੰਦਰ ਦੇ ਰੂਪਕ ਨਾਲ ਵਰਣਨ ਕਰਦੇ ਹਨ–

੧. ਜਿਸ ਸੰਸਾਰ ਸਮੁੰਦਰ ਵਿਚ ਪੰਜ ਕਲੇਸ਼–ਅਵਿਦਯਾ ਅਸਮਤਾ, ਰਾਗ, ਦਵੇਤ ਤੇ ਅਭਿਨਿਵੇਸ ਵਡੀਆਂ ਲਹਿਰਾਂ ਹਨ (ਅਤੇ ਇਸ ਵਿਚ ਜੋ) ਅਪਾਰਾ ਪੰਥ (ਧਾਰਮਕ ਰਸਤੇ) ਹਨ, ਇਹੋ ਇਸ ਵਿਚ ਭਿਆਨਕ ਪਣਾ ਹੈ। ੨. ਪੁਤ੍ਰ, ਇਸਤ੍ਰੀ, ਸਨਬੰਧੀ ਤੇ ਪਿਆਰੇ ਬੇਲੀ ਜੋ ਹਨ, ਇਹੋ ਇਸ ਸਮੁੰਦਰ ਵਿਚ ਮਛ ਤੇ (ਗ੍ਰਹਿ) ਤੰਦੂਏ ਹਨ ਅਤੇ ਜੋ ਵਿਕਾਰ ਹਨ, ਏਹੀ ਇਸ ਸਮੁੰਦਰ ਵਿਚ (ਗ੍ਰੰਥ) ਕੱਛੂ ਕੁੰਮੇ (ਜਾ ਪਾਣੀ ਦੀਆਂ ਗੰਢਾਂ–ਘੁਮਨ ਘੇਰੀਆਂ) ਹਨ। ੩. ਜੋ ਆਪਣੇ ਅੰਦਰ ਕ੍ਰੋਧ ਹੈ, (ਏਹੋ ਇਸ ਸਮੁੰਦਰ ਵਿਚ) ਬੜੀ ਭਾਰੀ ਬੜਵਾ ਅੱਗ ਹੈ ਅਤੇ ਜੋ ਆਪਣੇ ਅੰਦਰ ਤ੍ਰਿਸ਼ਨਾ ਹੈ (ਏਹੋ) ਕਾਲੀ ਨਾਗਨੀ ਇਸ ਸਮੁੰਦਰ ਵਿਚ ਵਸਦੀ ਹੈ। ੪. ਬਿਸ਼ਨੁ ਭਗਤੀ ਦੇ ਚਰਨ ਕਮਲਾਂ ਦੀ ਕ੍ਰਿਪਾ ਨਾਲ ਹੀ ਮੈਂ ਅਜ ਇਸ ਵਡੇ ਭਾਰੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਿਆ ਹਾਂ ॥ ੫੭ ॥

ਦੋਹਰਾ–ਤਰਕ ਬਡੋ ਮਮ ਮੀਤ ਹੈ, ਹੋਯੋ ਮੋਹਿ ਸਹਾਇ ॥
ਪਾਵਕ ਭੋਗ ਕਰਾਲ ਤੇ, ਲੀਨੋ ਮੋਹਿ ਬਚਾਇ ॥ ੫੮ ॥

(ਪੁਰਖ ਨੇ ਫੇਰ ਕਿਹਾ) 'ਤਰਕ' ਮੇਰਾ ਧਰਮ ਮਿਤ੍ਰ ਹੈ, ਉਹ ਮੈਨੂੰ ਸਹਾਈ ਆਣ ਹੋਇਆ ਹੈ, (ਜਿਸ ਨੇ) ਭੋਗਾਂ ਰੂਪ ਭਿਆਨਕ ਅਗਨੀ ਤੋਂ ਮੈਨੂੰ ਬਚਾ ਲਿਆ ਹੈ ॥ ੫੮ ॥

ਕਵਿ ਉਵਾਚ ॥

ਦੋਹਰਾ–ਉਪਨਿਖਦ ਸ਼ਾਂਤਿ ਦੋਨੋ ਤਬੈ, ਕੀਨੋ ਸਭਾ ਪ੍ਰਵੇਸ਼ ॥
ਕੀਰਤ ਵਰਮਾ ਮੌਲ ਮਣਿ, ਬੈਠੋ ਜਹਾਂ ਨਰੇਸ ॥ ੫੯ ॥

ਗ੍ਰੰਥ ਕਰਤਾ ਜੀ ਕਹਿੰਦੇ ਹਨ, ਉਪਨਿਖਦ ਤੇ ਸ਼ਾਂਤੀ ਨੇ ਆਣ ਕੇ ਉਸੇ ਵੇਲੇ ਉਸ ਸਭਾ ਵਿਚ ਪ੍ਰਵੇਸ਼ ਕੀਤਾ, ਜਿਥੇ ਸ਼ਰੋਮਣੀ ਮਹਾਰਾਜਾ ਕੀਰਤ ਵਰਮਾ ਬੈਠਾ ਹੋਇਆ ਸੀ ॥ ੫੯ ॥

ਸ਼ਾਂਤਿ ਉਵਾਚ ॥

ਦੋਹਰਾ–ਚਲੋ ਸਖੀ ਸੁ ਬਿਬੇਕ ਕਾ, ਬਦਨ ਨਿਹਾਰੋ ਆਜ ॥
ਭਾਲ ਤੁਮਾਰੇ ਜਾਗਿਆ, ਹੋਹਿ ਸਭੇ ਤਵ ਕਾਜ ॥ ੬੦ ॥

ਸ਼ਾਂਤੀ ਨੇ ਕਿਹਾ–(ਹੇ ਉਪਨਿਖਦ) ਸਖੀ ! ਚਲ ਅਤੇ ਅਜ ਬਿਬੇਕ (ਰਾਜੇ ਦੇ ਚੰਦ) ਮੁਖੜੇ ਨੂੰ ਵੇਖ ਲੈ। ਤੇਰੇ ਭਾਗ ਜਾਗ ਪਏ ਹਨ, (ਕਿਉਂਕਿ ਉਹ ਤੈਨੂੰ ਯਾਦ ਕਰ ਰਿਹਾ ਹੈ, ਇਸ ਲਈ) ਤੇਰੇ ਸਾਰੇ ਕੰਮ ਪੂਰੇ ਹੋ ਜਾਣਗੇ ॥ ੬੦ ॥

ਉਪਨਿਖਦ ਉਵਾਚ ॥

ਦੋਹਰਾ–ਸਖੀ ਸ੍ਵਾਮੀ ਨਿਰਦਈ, ਜਾਇ ਤਿਆਗਯੋ ਮੋਹਿ ॥

**ਤਾਂਕੋ ਮੁਖ ਕਿਹ ਬਿਧ ਪਿਖੋਂ, ਤੂੰ ਮਨ ਭੀਤਰ ਜੋਹਿ ॥ ੬੧ ॥**

ਅਗੋਂ ਉਪਨਿਖਦ ਨੇ ਕਿਹਾ–(ਹੇ ਸ਼ਾਂਤੀ ! ਮੇਰਾ) ਸਵਾਮੀ ਵਿਵੇਕ ਰਾਜਾ ਬੜਾ ਹੀ ਨਿਰਦਈ ਹੈ, ਜਿਸ ਨੇ ਮੈਨੂੰ ਬਿਨਾਂ ਹੀ ਕਿਸੇ ਕਸੂਰ ਤੋਂ ਤਿਆਗ ਦਿਤਾ ਹੈ। ਹੁਣ ਮੈਂ ਜਾ ਕੇ ਉਸ ਦੇ ਮੁਖ ਨੂੰ ਕਿਸ ਤਰ੍ਹਾਂ ਵੇਖਾਂ ? ਤੂੰ ਹੀ ਆਪਣੇ ਮਨ ਵਿਚ ਸੋਚ ਕੇ ਵੇਖ ॥ ੬੧ ॥

ਸ਼ਾਂਤਿ ਉਵਾਚ ॥

**ਦੋਹਰਾ–ਦੇਵੀ ਸੁਾਮੀ ਪਰੋ ਥੋ, ਪਰਮ ਵਿਪਦ ਕੇ ਮਾਂਹਿ ॥**
**ਕਿਹ ਬਿਧ ਏਹ ਉਲਾਹਨੋ, ਤੂੰ ਭਾਖਤ ਹੈਂ ਤਾਂਹਿ ॥ ੬੨ ॥**

ਸ਼ਾਂਤੀ ਨੇ ਕਿਹਾ-(ਹੇ ਉਪਨਿਖਦ) ਦੇਵੀ ! ਤੇਰਾ ਸਵਾਮੀ ਬੜੀ ਭਾਰੀ ਬਿਪਤਾ ਵਿਚ ਪਿਆ ਹੋਇਆ ਸੀ (ਜਿਸ ਕਰਕੇ ਤੇਰੀ ਸਾਰ ਨਹੀਂ ਲੈ ਸਕਿਆ, ਇਸ ਬੇਬਸੀ ਦੇ ਕਾਰਨ ਐਸਾ ਹੋ ਗਿਆ ਹੈ, ਤਾਂ ਫਿਰ) ਤੂੰ ਕਿਸ ਤਰੀਕੇ ਨਾਲ ਉਸ ਨੂੰ ਇਹ ਉਲਾਂਭਾ ਕਹਿ ਸਕਦੀ ਹੈਂ ? ॥ ੬੨ ॥

ਉਪਨਿਖਦ ਉਵਾਚ ॥

**ਦੋਹਰਾ–ਸਖੀ ਨ ਦੇਖੀ ਦੁਰਦਸ਼ਾ, ਮੋ ਪਰ ਬੀਤੀ ਜੋਇ ॥**
**ਜਾਕਰ ਤੂੰ ਐਸੇ ਕਹੈਂ, ਸੁਨੋ ਬਖਾਨੋ ਸੋਇ ॥ ੬੩ ॥**

ਉਪਨਿਖਦ ਨੇ ਕਿਹਾ--ਹੇ ਸਖੀ ! ਜੋ ਮੇਰੇ ਉਤੇ ਗੁਜ਼ਰੀ ਹੈ, ਉਹ ਮੇਰੀ ਦੁਰਦਸ਼ਾ ਤੂੰ ਨਹੀਂ ਵੇਖੀ, ਜਿਸ ਕਰਕੇ ਤੂੰ ਇਸ ਤਰ੍ਹਾਂ ਕਹਿ ਰਹੀ ਹੈਂ। ਸੁਣ, ਮੈਂ ਉਹ ਸਾਰੀ ਵਿਥਿਆ ਕਹਿੰਦੀ ਹਾਂ ॥ ੬੩ ॥

**ਚਿਤ੍ਰਪਦਾ ਛੰਦ ॥**

**੧. ਭੁਜ ਦੰਡ ਤੋੜ ਕੁਪੰਡਿਤਾ ਮਣਿ ਕੰਠ ਕੀ ਬਹੁ ਫੋਰ ॥**
**੨. ਕਰ ਕਾਢ ਕੰਙਣ ਲੀਤਿਆ ਕਰ ਰਹੀ ਮੈਂ ਬਹੁ ਸ਼ੋਰ ॥**
**੩. ਚੂੜਾ ਮਨੀ ਮਮ ਸੀਸ ਤੇ ਕਟ ਦੀਤ ਬਹੁਤ ਕਲੇਸ਼ ॥**
**੪. ਸਮ ਦ੍ਰੋਪਤੀ ਕੇ ਸ਼ਾਂਤਿ ਮੇਰੇ ਖੈਂਚਿਆ ਤਿਨ ਕੇਸ਼ ॥ ੬੪ ॥**

ਭੁਜ ਦੰਡ=ਸੰਧੀ ਤੇ ਵਿਭਕਤੀ ਉਪਨਿਖਦ ਦੀਆਂ ਦੋਵੇਂ ਬਾਹਵਾਂ ਹਨ। ਸੰਧੀ ਸਜੀ ਬਾਂਹ ਅਤੇ ਵਿਭਕਤੀ ਖਬੀ ਬਾਂਹ ਹੈ।

੧. (ਵਿਆਕਰਣ ਵਿਦਯਾ ਤੋਂ ਹੀਣੇ ਕਥਾ ਵਾਚਕ) ਕੁਪੰਡਿਤਾਂ ਨੇ ਮੇਰੀਆਂ ਦੋਵੇਂ ਬਾਹਵਾਂ ਤੋੜ ਸੁਟੀਆਂ ਸਨ (ਅਰਥਾਤ ਸੰਧੀ ਦੀ ਥਾਂ ਤੇ ਵਿਭਕਤੀ ਤੇ ਵਿਭਕਤੀ ਦੀ ਥਾਂ ਤੇ ਸੰਧੀ ਦਾ ਜੋੜਨਾ ਹੀ ਬਾਹਵਾਂ ਦਾ ਭੰਨ ਦੇਣਾ ਹੈ) ਅਤੇ ਮੇਰੇ ਗਲ ਦੀ ਮਣੀ ਨੂੰ ਫੋੜਕੇ ਬਹੁਤ ਟੁਕੜੇ ਕਰ ਦਿਤਾ ਹੈ ਅਰਥਾਤ ਅਹੰਗ੍ਰਹਿ ਉਪਾਸ਼ਨਾ ਵਾਲੇ ਵਾਕ ਹੀ ਮੇਰਾ ਕੰਠ ਹੈ, ਉਸ ਅਹੰਗ੍ਰਹਿ ਉਪਾਸ਼ਨਾ ਦੇ ਕਰਨ ਨਾਲ ਜੋ ਚਿਤ ਦੀ ਇਕਾਗਰਤਾ ਹੋ ਜਾਣੀ ਹੈ ਇਹੋ ਹੀ ਮੇਰੇ ਕੰਠ ਦੀ ਮਣੀ ਹੈ, 'ਇਸ ਉਪਾਸ਼ਨਾ ਦੇ ਕਰਨ ਨਾਲ ਬ੍ਰਹਮ ਲੋਕ ਦੀ ਪ੍ਰਾਪਤੀ ਹੁੰਦੀ ਹੈ' ਇਹ ਜੋ ਆਖਿਆ ਜਾਂਦਾ ਹੈ, ਏਹੀ ਮਾਨੋ ਮੇਰੇ ਕੰਠ ਦੀ ਮਣੀ ਦਾ ਤੋੜ ਫੋੜ ਦੇਣਾ ਹੈ।

੨. ਮੇਰੇ ਹਥਾਂ ਵਿਚੋਂ ਉਨ੍ਹਾਂ ਨੇ ਕੰਙਣ ਕਢ ਲਏ ਹਨ, ਮੈਂ ਬਥੇਰਾ ਰੌਲਾ ਪਾ ਰਹੀ ਸਾਂ, ਪਰ ਉਨ੍ਹਾਂ ਨੇ ਮੇਰੀ ਹਾਲ ਦੁਹਾਈ ਦੀ ਕੋਈ ਪਰਵਾਹ ਹੀ ਨਹੀਂ ਕੀਤੀ ਅਤੇ ਮੇਰੇ ਹਥਾਂ ਵਿਚੋਂ ਕੜੇ ਉਤਾਰ ਲਏ ਸਨ(ਅਰਥਾਤ ਨਿਸ਼ਕਾਮ ਕਰਮ ਮੇਰੇ ਹਥ ਹਨ, ਨਿਸ਼ਕਾਮ ਕਰਮਾਂ ਨਾਲ ਅੰਤਹਕਰਣ ਦੀ ਸ਼ੁਧੀ ਹੁੰਦੀ ਹੈ,ਏਹੀ ਮਾਨੋ ਮੇਰੇ ਹਥਾਂ ਵਿਚ ਜੜਾਊ ਕੜੇ ਪਾਏ ਹੋਏ ਹਨ। ਜੋ ਕਥਾ ਵਾਚਕ ਪੰਡਤ ਆਖਦੇ ਹਨ ਕਿ ਨਿਸ਼ਕਾਮ ਕਰਮਾਂ ਦੇ

Sri Satguru Jagjit Singh Ji Elibrary NamdhariElibrary@gmail.com

ਕਰਨ ਕਰਕੇ ਸਵਰਗ ਸੁਖ ਦੀ ਪ੍ਰਾਪਤੀ ਹੁੰਦੀ ਹੈ,ਏਹੀ ਮਾਨੋ ਮੇਰੇ ਹਥ ਵਿਚੋਂ ਕੜਿਆਂ ਦਾ ਉਤਾਰ ਦੇਣਾ ਹੈ)।

੩. ਮੇਰੇ ਸਿਰ ਵਿਚੋਂ ਚੂੜਾ ਮਣੀ (ਜਾਂ ਚੌਂਕ ਫੂਲ) ਕਟ ਕੇ (ਲਾਹ ਲਿਆ ਹੈ, (ਇਸ ਤਰ੍ਹਾਂ ਨਾਲ) ਮੈਨੂੰ ਬਹੁਤ ਹੀ ਕਲੇਸ਼ ਦਿਤਾ ਹੈ(ਅਰਥਾਤ ਜੋ ਵੇਦ ਦੇ ਮਹਾਂ ਵਾਕ ਹਨ ਇਹੋ ਮੇਰਾ ਸਿਰ ਹੈ,ਜੋ ਜੀਵ ਬ੍ਰਹਮ ਦੀ ਏਕਤਾ ਦਾ ਨਿਸਚੇ ਕਰਾਣਾ ਹੈ ਇਹੋ ਮੇਰੇ ਸਿਰ ਤੇ 'ਚੂੜਾ ਮਣੀ' (ਜਾਂ ਚੌਂਕ ਫੂਲ) ਨਾਮ ਦਾ ਗਹਿਣਾ ਹੈ।ਕਥਾ ਵਾਚਕਾਂ ਨੇ ਜੋ ਜੀਵ ਬ੍ਰਹਮ ਦਾ ਭੇਦ ਕਥਨ ਕਰਨਾ ਸ਼ੁਰੂ ਕੀਤਾ ਹੋਇਆ ਹੈ ਏਹੀਮਾਨੋਂ ਉਨ੍ਹਾਂ ਨੇ ਮੇਰੇਸਿਰ ਤੋਂ ਚੂੜਾਮਣੀ ਗਹਿਣਾ ਕਟ ਲਿਆ ਹੈ,ਇਸ ਤਰ੍ਹਾਂ ਨਾਲ ਉਨ੍ਹਾਂ ਨੇ ਮੈਨੂੰ ਬੜਾ ਭਾਰੀ ਕਲੇਸ਼ ਦੇਣਾ ਸ਼ੁਰੂ ਕੀਤਾ ਹੋਇਆ ਸੀ)।

੪. ਹੇ ਸ਼ਾਂਤੀ ! ਉਨ੍ਹਾਂ ਮੂਰਖ ਪੰਡਿਤਾਂ ਨੇ ਦਰੋਪਤੀ ਦੇ ਸਮਾਨ ਹੀ ਮੇਰੇ ਸਿਰ ਦੇ ਕੇਸਾਂ ਨੂੰ ਖਿਚਿਆ ਸੀ (ਅਰਥਾਤ ਜਿਵੇਂ ਦੁਹਸਾਸਨ ਨੇ ਦਰੋਪਤੀ ਦੇ ਕੇਸਾਂ ਨੂੰ ਖਿਚਿਆ ਸੀ,ਤਿਵੇਂ ਕੁਪੰਡਿਤਾਂ ਨੇ ਮੇਰੇ ਸਿਰ ਦੇ ਕੇਸਾਂ ਨੂੰ ਖਿਚਿਆ ਸੀ। ਇਸਦਾ ਭਾਵ ਏਹ ਹੈ ਕਿ ਜੋ ਵੇਦਾਂਤ ਦੇ ਅਵਤਾਰ ਵਾਕ ਹਨ ਏਹੀ ਮਾਨੋ ਮੇਰੇ ਸਿਰ ਦੇ ਕੇਸ ਹਨ ਜੈਸਾ ਕਿ 'ਸਤਯੰ ਗਯਾਨ ਮਨੰਤੰ ਬ੍ਰਹਮ' ਇਹ ਅਵਤਾਰ ਵਾਕ ਹੈ ਅਤੇ ਇਸ ਦਾ ਅਰਥ ਹੈ ਕਿ ਬ੍ਰਹਮ ਸਤਯ ਹੈ, ਗਿਆਨ ਸਰੂਪ ਤੇ ਅਨੰਤ ਹੈ, ਪਰ ਉਹ ਮੂਰਖ ਪੰਡਿਤ ਇਸ ਦਾ ਅਰਥ ਕਰਦੇ ਹਨ ਕਿ ਸੱਤਾ ਇਕ ਜਾਤੀ ਹੈ, ਗਿਆਨ ਇਕ ਗੁਣ ਅਤੇ ਅਨੰਦ ਭੀ ਇਕ ਗੁਣ ਹੈ। ਇਸ ਤਰ੍ਹਾਂ ਨਾਲ ਜੋ ਅਰਥ ਦਾ ਅਨਰਥ ਕਰਨਾ ਹੈ ਏਹੀ ਮਾਨੋ ਮੇਰੇ ਕੇਸਾਂ ਦਾ ਖਿਚਣਾ ਹੈ, ਇਸ ਤਰ੍ਹਾਂ ਨਾਲ ਉਨ੍ਹਾਂ ਨੇ ਮੈਨੂੰ ਬੜਾ ਭਾਰੀ ਕਸ਼ਟ ਦਿਤਾ ਹੈ, ਜੋ ਮੈਥੋਂ ਕਿਹਾ ਹੀ ਨਹੀਂ ਜਾਂਦਾ) ॥ ੬੪ ॥

ਨੋਟ–ਕਈ ਮਹਾਤਮਾ ਜਨ ਇਸ ਦਾ ਅਰਥ ਹੋਰ ਕਰਦੇ ਹਨ, ਜੋ ਇਸ ਤਰ੍ਹਾਂ ਹੈ–

੧. ਜੀਵ ਬ੍ਰਹਮ ਦੇ ਭੇਦ ਨੂੰ ਦੂਰ ਕਰਨ ਵਾਲੀ ਅਤੇ ਅਭੇਦ ਦੀ ਸਾਧਕ ਯੁਕਤੀਆਂ ਨਾਲ ਜੋ ਅਦ੍ਵੈਤ ਬ੍ਰਹਮ ਦਾ ਚਿੰਤਨ ਰੂਪ ਮੰਨਣ ਹੈ,ਇਹ ਮੇਰੀ ਖਬੀਬਾਂਹ ਹੈ ਅਤੇ ਅਨਾਤਮਾ ਕਾਰਪਟਲ ਤੋਂ ਰਹਿਤ ਹੋਕੇ ਬ੍ਰਹਮਾ-ਕਾਰ ਬ੍ਰਿਤੀ ਦੀ ਇਸਥਿਤੀ ਰੂਪ ਜੋ ਨਿਧਯਾਸਨ ਹੈ, ਇਹ ਮੇਰੀ ਸੱਜੀ ਬਾਂਹ ਹੈ। ਬ੍ਰਹਮ ਰੂਪ ਵਿਸ਼ਯ ਤੋਂ ਭਿੰਨ ਅਨਾਤਮ ਪਦਾਰਥਾਂ ਦਾ ਜੋ ਮੰਨਣ ਅਤੇ ਨਿਧਯਾਸਨ ਕਰਨਾ ਹੈ, ਇਹੋ ਹੀ ਮੇਰੀਆਂ ਬਾਹਾਂ ਦਾ ਤੋੜ ਦੇਣਾ ਹੈ ਅਤੇ ਜੋ ਧਾਰਨਾ ਧਿਆਨ ਤੇ ਸਮਾਧੀ ਹੈ ਇਹ ਮੇਰਾ ਕੰਠ ਹੈ, ਇਨ੍ਹਾਂ ਦੇ ਕਰਨ ਕਰਕੇ ਜੋ ਬ੍ਰਹਮ ਦੇ ਵਿਚ ਚਿਤ ਦੀ ਇਸਥਿਤੀ ਹੋ ਜਾਣੀ ਹੈ, ਏਹੋ ਹੀ ਮੇਰੇ ਕੰਠ ਵਿਚ ਮਣੀ ਪਈ ਹੋਈ ਹੈ। ਜੋ ਬ੍ਰਹਮ ਰੂਪ ਵਿਸਯ ਤੋਂ ਰਹਿਤ ਹੋ ਕੇ ਹੋਰਨਾਂ ਵਿਸ਼ਯਾਂ ਦਾ ਧਾਰਨਾ ਧਿਆਨ ਤੇ ਸਮਾਧੀ ਕਰਨਾ ਜਾਂ ਅਨਾਤਮ ਪਦਾਰਥਾਂ ਵਿਚ ਜੋ ਚਿਤ ਦੀ ਸਥਿਰਤਾ ਕਰਨੀ ਹੈ, ਏਹੀ ਇਸ ਮਣੀ ਦਾ ਤੋੜ ਫੋੜ ਦੇਣਾ ਹੈ।

੨. ਉਪਕਰਮ, ਉਪਸੰਹਾਰ, ਅਭਯਾਸ, ਅਪੂਰਬਤਾ ਫਲ, ਅਰਥਵਾਦ ਤੇ ਉਤਪਤੀ ਇਹ ਖਟਲਿੰਗ ਹੀ ਮੇਰੇ ਹਥ ਹਨ। ਇਨ੍ਹਾਂ ਦਵਾਰਾ ਜੋ ਯਥਾਰਥ ਅਰਥ ਨਿਸਚੇ ਕਰਨਾ ਹੈ ਇਹ ਮੇਰੇ ਹਥ ਦੇ ਕੰਙਣ ਹਨ। ਵੇਦਾਂਤ ਦੇ ਸਿਧਾਂਤ ਨੂੰ ਤਿਆਗ ਕੇ ਜੋ ਹੋਰਨਾਂ ਅਰਥਾਂ ਵਿਚ ਇਨ੍ਹਾਂ ਦਾ ਲਾਉਣਾ ਹੈ, ਏਹੋ ਹੀ ਇਨ੍ਹਾਂ ਕੰਙਣਾਂ ਦਾ ਉਤਾਰ ਲੈਣਾ ਹੈ।

੩. ਵੇਦਾਂ ਦੇ ਜੋ ਚਾਰ ਮਹਾਂ ਵਾਕ ਹਨ, ਉਹਨਾਂ ਤੋਂ ਜੋ ਏਕਤ੍ਰ ਨਿਸਚੇ ਕਰਨਾ ਹੈ, ਏਹੋ ਮੇਰੇ ਸਿਰ ਦਾ ਭੂਖਣ ਚੂੜਾ ਮਣੀ ਹੈ। ਦੇਹ ਆਦਿਕ ਪ੍ਰਪੰਚ ਸਭ ਸਤ ਰੂਪ ਹੈ ਅਤੇ ਜੀਵ ਬ੍ਰਹਮ ਦਾ ਭੇਦ ਭੀ ਸੱਤ ਹੈ। ਇਹ ਜੋ ਉਲਟ ਨਿਸਚੇ ਕਰਾਣਾ ਹੈ ਏਹੋ ਹੀ ਮੇਰੇ ਸਿਰ ਤੋਂ ਚੂੜਾ ਮਣੀ ਦਾ ਕਟ ਦੇਣਾ ਹੈ।

੪. ਜੀਵ-ਬ੍ਰਹਮ ਨੂੰ ਅਭੇਦ ਸਿਧ ਕਰਨ ਵਾਲਾ ਜੋ ਉਪਨਿਖਦ ਦਾ ਭਾਗ ਹੈ, ਏਹੋ ਹੀ ਮੇਰੇ ਸਿਰ ਦੇ ਕੇਸ ਹਨ। ਇਸ ਨੂੰ ਹੋਰਨਾਂ ਅਰਥਾਂ ਵਿਚ ਲਾਉਣਾ ਹੈ, ਏਹੋ ਹੀ ਮਾਨੋ ਕੇਸਾਂ ਦਾ ਖਿਚਣਾ ਹੈ। (ਹੇ ਸ਼ਾਂਤੀ ਦੇ ਜਿਵੇਂ ਕੌਰਵਾਂ ਦੀ ਸਭਾ ਵਿਚ ਦੁਹਸਾਸਨ ਨੇ ਦਰੋਪਤੀ ਨੂੰ ਬੜਾ ਭਾਰੀ ਕਸ਼ਟ ਦਿਤਾ ਸੀ, ਇਵੇਂ ਵਿਆਕਰਣ ! ਗਿਆਨ ਤੋਂ ਹੀਣ ਕਥਾ ਵਾਚਕ ਮੂਰਖ ਪੰਡਿਤਾਂ ਨੇ ਮੈਨੂੰ ਬੜਾ ਭਾਰੀ ਦੁਖ ਦਿਤਾ ਸੀ, ਜੋ ਮੈਂ ਕਦੇ ਭੀ ਵਰਣਨ ਨਹੀਂ ਕਰ ਸਕਦੀ) ॥ ੬੪ ॥

Sri Satguru Jagjit Singh Ji Elibrary　　　　NamdhariElibrary@gmail.com

## ਚਿਤ੍ਰਪਦਾ ਛੰਦ ॥

੧. ਕਛੁ ਅਰਥ ਮੇਰੇ ਔਰ ਥੇ, ਵਹਿ ਕਰੈਂ ਔਰ ਪ੍ਰਕਾਰ ॥
੨. ਜੀਵਕਾ ਕੇ ਹੇਤੁ ਮੂਰਖ ਤੋੜ ਫੋੜ ਉਚਾਰ ॥
੩. ਅਰਥ ਕੇ ਸੁ ਅਨਰਥ ਭਾਖੈਂ ਦੇਹੇ ਬਹੁ ਸੰਤਾਪ ॥
੪. ਬਹੁਤ ਭਾਂਤਿ ਮੈਂ ਦੁਖ ਪਾਇਓ ਨਹਿ ਡਰੇ ਤੇ ਸਠ ਪਾਪ ॥ ੬੫ ॥

੧. ਮੇਰਾ ਅਰਥ ਤਾਂ ਕੁਝ ਹੋਰ ਸੀ, ਪਰ ਉਹ ਹੋਰ ਤਰ੍ਹਾਂ ਕਹਿੰਦੇ ਸਨ।

੨. (ਆਪਣੀ) ਰੋਜ਼ੀ ਵਾਸਤੇ ਉਹ ਮੂਰਖ (ਵਿਆਕਰਣ ਦੇ ਗਿਆਨ ਤੋਂ ਹੀਣੇ) ਤੋੜ ਫੋੜ ਕਰਕੇ ਮੈਨੂੰ ਉਚਾਰਨ ਕਰਦੇ ਸਨ।

੩. ਉਹ ਅਰਥ ਦਾ ਅਨਰਥ ਕਹਿੰਦੇ ਸਨ, (ਇਸ ਤਰ੍ਹਾਂ ਨਾਲ ਉਹ ਮੈਨੂੰ) ਬਹੁਤ ਹੀ ਦੁਖ-ਕਲੇਸ਼ ਦੇਂਦੇ ਸਨ।

੪. ਉਨ੍ਹਾਂ ਦੀ ਅਜਿਹੀ ਅਨੀਤੀ ਨਾਲ ਮੈਂ ਬਹੁਤ ਤਰ੍ਹਾਂ ਦਾ ਦੁਖ ਪਾਇਆ ਸੀ, ਪਰ ਉਹ ਮੂਰਖ ਪਾਪ ਤੋਂ ਭੀ ਨਹੀਂ ਡਰਦੇ ਸਨ ਅਰਥਾਤ ਅਰਥ ਦਾ ਅਨਰਥ ਕਰਨਾ ਮਹਾਂ ਪਾਪ ਹੈ, ਪਰ ਉਹ ਮੂਰਖ ਇਸ ਪਾਪ ਤੋਂ ਰਤਾ ਭੀ ਡਰਦੇ ਨਹੀਂ ਸਨ ॥ ੬੫ ॥

## ਚਿਤ੍ਰਪਦਾ ਛੰਦ ॥

੧. ਦੁਰ ਵਿਦਗਧ ਅਨੇਕ ਮੋਕੋ ਮਿਲੇ ਲੋਕ ਮਲੀਨ ॥
੨. ਵਿਵੇਕ ਪਤਿ ਬਿਨ ਜਾਨ ਮੋਕੋ ਚਹੈਂ ਦਾਸੀ ਕੀਨ ॥
੩. ਕੋਚਿਤ ਕਹੇ ਜਗ ਸੱਤ ਤੂੰ ਮੁਖ ਕਹੋ ਏਹ ਪ੍ਰਕਾਸ਼ ॥
੪. ਕੋਚਿਤ ਕਹੈਂ ਮੱਤ ਦ੍ਵੈਤ ਮੈਂ ਉਪਨਿਖਦ ਤੂੰ ਕਰਿ ਬਾਸ ॥ ੬੬ ॥

ਦੁਰ ਵਿਦਗਧ=ਮਹਾਂ ਖੋਟੇ ਪੰਡਿਤ।

੧. ਮਹਾਂ ਖੋਟੇ ਪੰਡਿਤ ਤੇ ਮਲੀਨ ਲੋਕ ਮੈਨੂੰ ਅਨੇਕਾਂ ਹੀ ਮਿਲੇ ਸਨ।

੨. ਵਿਵੇਕ ਸਵਾਮੀ ਤੋਂ ਹੀਣੀ ਜਾਣ ਕੇ ਮੈਨੂੰ ਆਪਣੀ ਦਾਸੀ ਬਨਾਉਣਾ ਚਾਹੁੰਦੇ ਸਨ।

੩. ਕਿਸੇ ਨੇ ਕਿਹਾ-(ਹੇ ਉਪਨਿਖਦ! ਤੂੰ ਆਪਣੇ) ਮੂੰਹੋਂ ਇਸ ਤਰ੍ਹਾਂ ਦੇ ਬਚਨ ਪ੍ਰਗਟ ਕਰ ਕਿ ਇਹ ਜਗ ਸੱਤ ਹੈ।

੪. ਕਿਸੇ ਨੇ ਕਿਹਾ-ਹੇ ਉਪਨਿਖਦ! ਤੂੰ ਦਵੈਤ ਮਤ ਵਿਚ ਵਾਸਾ ਕਰਕੇ (ਇਸੇ ਦਾ ਵਰਣਨ ਕਰ)।੬੬।

## ਚਿਤ੍ਰਪਦਾ ਛੰਦ ॥

੧. ਇਕ ਕਹੈਂ ਜੀਵ ਪਰੇਸ਼ ਕੋ ਹੈ ਭੇਦ ਏਹ ਬਖਾਨ ॥
੨. ਇਕ ਕਹੈਂ ਭੇਦਾ ਭੇਦ ਕੋ ਉਪਨਿਖਦ ਤੂੰ ਉਰ ਮਾਨ ॥
੩. ਇਹ ਭਾਂਤ ਬਯਾਕੁਲ ਮੈਂ ਕਰੀ ਨਹਿ ਲਖੇ ਮੂਰਖ ਬਾਤ ॥
੪. ਜਿਉਂ ਦੁਸ਼ਟ ਕੌਰਵ ਸਭਾ ਮੈਂ ਭਈ ਦ੍ਰੋਪਤੀ ਬਖਯਾਤ ॥ ੬੭ ॥

Sri Satguru Jagjit Singh Ji Elibrary NamdhariElibrary@gmail.com

ਜੀਵ=ਵਯਾਸ਼ਟੀ ਅਵਿਦਯਾ ਦੀ ਅੰਸ, ਉਸ ਵਿਚ ਚੇਤਨ ਦਾ ਅਭਾਸ ਅਤੇ ਅਧਿਸ਼ਟਾਨ ਕੂਟਸਥ, ਇਨ੍ਹਾਂ ਤਿੰਨ੍ਹਾਂ ਦੇ ਮੇਲ ਦਾ ਨਾਮ ਜੀਵ ਹੈ। ਪਰੇਸ਼=ਈਸ਼ਵਰ। ਸਮਸਟੀ ਸੁਧ ਮਾਯਾ, ਉਸ ਵਿਚ ਬ੍ਰਹਮ ਦਾ ਅਭਾਸ, ਅਧਿਸ਼ਟਾਨ, ਇਨ੍ਹਾਂ ਤਿੰਨਾਂ ਦੇ ਮਿਲਾਪ ਦਾ ਨਾਮ ਈਸ਼ਵਰ ਹੈ।

੧. ਕਈ ਇਕ (ਰਾਮਾਨੁਜ, ਮਾਧਵਾਚਾਰਜ, ਸਾਂਖ ਤੇ ਨਯਾਯ ਆਦਿਕ) ਮੈਨੂੰ ਕਹਿਣ ਲਗੇ, ਤੂੰ ਜੀਵ ਤੇ ਈਸਵਰ ਦੇ ਭੇਦ ਨੂੰ ਕਥਨ ਕਰ।

੨. ਅਤੇ ਕਈ ਇਕਨਾਂ-ਜੈਨੀ ਅਤੇ ਪੂਰਬ ਮਿਮਾਂਸਾ ਦੇ ਕਰਤਾ ਭਟ ਆਦਿਕ ਨੇ ਮੈਨੂੰ ਕਿਹਾ-ਹੇ ਉਪਨਿਖਦ! ਤੂੰ ਜੀਵ ਈਸ਼ਵਰ ਦੇ ਭੇਦਾ ਭੇਦ ਨੂੰ ਹਿਰਦੇ ਵਿਚ ਸੱਤ ਮੰਨ ਲੈ ਅਤੇ ਇਸੇ ਦਾ ਵਰਣਨ ਕਰ।

੩. ਇਸ ਤਰ੍ਹਾਂ ਨਾਲ ਉਨ੍ਹਾਂ ਸਾਰਿਆਂ ਨੇ ਮੈਨੂੰ ਮਹਾਂ ਦੁਖੀ ਕਰ ਦਿਤਾ ਅਤੇ ਮੇਰੀ ਗੱਲ ਨੂੰ ਮੂਰਖਾਂ ਨੇ ਨਾ ਜਾਣਿਆ।

੪. ਜਿਵੇਂ ਦੁਸ਼ਟ ਕੌਰਵਾਂ ਦੀ ਸਭਾ ਵਿਚ ਦਰੋਪਤੀ ਨੰਗੀ ਹੋਣ ਸਮੇਂ ਦੁਖੀ ਹੋਈ ਸੀ, ਇਹੋ ਮੇਰੀ ਹਾਲਤ ਸੀ ॥ ੬੭ ॥

ਸ਼ਾਂਤਿ ਉਵਾਚ ॥

## ਚਿਤ੍ਰਪਦਾ ਛੰਦ ॥

**੧. ਮਹਾਂ ਮੋਹ ਕੇ ਅਪਰਾਧ ਤੇ ਤੈਂ ਲਯੋ ਹੈ ਦੁਖ ਸੋਇ ॥**
**੨. ਦੇਵ ਕੇ ਅਪਰਾਧ ਨਾਹੀਂ ਹੋਨਹਾਰੀ ਹੋਇ ॥**
**੩. ਮੋਹ ਮਨ ਉਪਜਾਇ ਕਾਮ ਸੁ ਪੁਰਖ ਕੋ ਗਹਿ ਲੀਨ ॥**
**੪. ਡਾਰਿ ਬਿਖੈ ਅਰੰਨ ਮੈਂ ਸੁ ਬਿਬੇਕ ਦੂਰਹਿ ਕੀਨ ॥ ੬੮ ॥**

੧. ਸ਼ਾਂਤੀ ਨੇ ਕਿਹਾ-ਹੇ ਉਪਨਿਖਦ ਦੇਵੀ! ਮਹਾਂ ਮੋਹ ਦੇ ਅਪ੍ਰਾਧ ਕਰਕੇ ਹੀ ਤੂੰ ਦੁਖ ਪਾਇਆ ਸੀ।

੨. ਇਸ ਵਿਚ ਬਿਬੇਕ ਰਾਜੇ ਦਾ ਕੁਝ ਦੋਸ਼ ਨਹੀਂ, (ਸਚ ਇਹ ਹੈ ਕਿ) ਹੋਣਹਾਰ ਹੀ ਐਸੀ ਸੀ।

੩. ਮੋਹ ਨੇ ਪੁਰਖ ਦੇ ਮਨ ਵਿਚ ਕਾਮਨਾ (ਵਾਸ਼ਨਾ) ਨੂੰ ਪੈਦਾ ਕਰਕੇ ਉਸਨੂੰ ਕਾਬੂ ਕਰ ਲਿਆ ਸੀ।

੪. ਅਤੇ ਵਿਸ਼ਿਆਂ ਰੂਪ ਘੋਰ ਬਨ ਵਿਚ ਸੁਟ ਕੇ ਬਿਬੇਕ ਨੂੰ ਉਸ ਤੋਂ ਦੂਰ ਕਰ ਦਿਤਾ ਸੀ (ਅਰਥਾਤ ਪੁਰਖ ਨਾਲੋਂ ਬਿਬੇਕ ਦਾ ਵਿਛੋੜਾ ਪਾ ਦਿਤਾ ਸੀ) ॥ ੬੮ ॥

## ਚਿਤ੍ਰਪਦਾ ਛੰਦ ॥

**੧. ਕੁਲ ਨਾਰਿ ਕੋ ਯਹਿ ਧਰਮ ਦੇਵੀ ਰਚਯੋ ਹੈ ਭਗਵਾਨ ॥**
**੨. ਸੰਪਦ ਸੁ ਆਪਦ ਮੈ ਸਦਾ ਵਹਿ ਚਹੈ ਨਿਜ ਪਤਿ ਪ੍ਰਾਨ ॥**
**੩. ਅਬ ਆਉ ਦਰਸਨ ਦੇਹੁ ਨੀਕੇ ਮਿਸ੍ਟ ਪ੍ਰਤਿ ਬੋਲ ॥**
**੪. ਅਬ ਫਲੇ ਤੋਹਿ ਮਨੋਰਥਾ ਸਭ ਹਤੇ ਦ੍ਵੇਖੀ ਟੋਲ ॥ ੬੯ ॥**

੧. ਹੇ ਦੇਵੀ! ਉੱਤਮ ਕੁਲ ਵਾਲੀ ਇਸਤ੍ਰੀ ਦਾ ਇਹੋ ਹੀ ਧਰਮ ਪ੍ਰਮਾਤਮਾ ਨੇ ਬਣਾਇਆ ਹੈ।

੨. ਸੁਖ ਦੇ ਸਮੇਂ ਤੇ ਦੁਖ ਦੇ ਸਮੇਂ ਵਿਚ ਉਹ ਸਦਾ ਹੀ ਆਪਣੇ ਪਤੀ ਦੇ ਪ੍ਰਾਣਾਂ ਨੂੰ ਚਾਹੁੰਦੀ ਹੈ ਅਰਥਾਤ ਹਰ ਸਮੇਂ ਵਿਚ ਪਤੀ ਦੇ ਸੁਖੀ ਜੀਵਨ ਦੀ ਆਸਾ ਕਰਦੀ ਹੈ।

੩. ਹੁਣ (ਤਾਂ ਤੇਰੇ ਪਤੀ ਦਾ ਦੋਸ਼ ਹੀ ਕੋਈ ਨਹੀਂ ਹੈ, ਇਸ ਲਈ) ਆਓ (ਚਲ ਕੇ) ਪਤੀ ਨੂੰ ਦਰਸ਼ਨ ਦੇਹੁ ਅਤੇ ਉਸ ਨਾਲ ਚੰਗੇ ਤੇ ਮਿਠੇ ਬਚਨ ਬੋਲੋ।

Sri Satguru Jagjit Singh Ji Elibrary　　　　NamdhariElibrary@gmail.com

੪. ਹੁਣੇ ਤੇਰੇ ਸਾਰੇ ਮਨੋਰਥ ਪੂਰੇ ਹੋ ਜਾਣਗੇ, ਕਿਉਂਕਿ ਪਰਮਾਤਮਾ ਨੇ ਤੇਰੇ ਸਾਰੇ ਹੀ ਦੋਖੀ ਚੁਣ ੨ ਕੇ ਮਾਰ ਦਿਤੇ ਹਨ (ਇਸ ਕਰਕੇ ਤੈਨੂੰ ਬੜੀ ਭਾਰੀ ਖੁਸ਼ੀ ਹੋਣੀ ਚਾਹੀਦੀ ਹੈ, ਜਦ ਕਿ ਇਸ ਵੇਲੇ ਸਾਰੇ ਹੀ ਬ੍ਰਹਿਮੰਡ ਵਿਚ ਤੇਰਾ ਇਕ ਭੀ ਦੋਖੀ ਨਹੀਂ ਰਿਹਾ, ਤਦ ਤੇਰਾ ਮਨੋਰਥ ਪੂਰਾ ਹੋਣ ਵਿਚ ਢਿਲ ਹੀ ਕੀ ਹੈ) ?॥ ੬੯॥

ਉਪਨਿਖਦ ਉਵਾਚ ॥

**ਦੋਹਰਾ—ਪੁਤ੍ਰੀ ਗੀਤਾ ਜੋ ਕਹਯੋ ਮੋਹਿ ਇਕੰਤ ਬਿਠਾਇ ॥**
**ਸ੍ਵਾਮੀ ਭਰਤਾ ਪੁਰਖ ਕੋ ਕਰੋ ਤੋਖ ਅਬ ਜਾਇ ॥ ੭੦ ॥**
**ਪ੍ਰਬੋਧ ਪੂਤ ਤਵ ਹੋਇਗੋ ਬੰਧਨ ਦਏ ਨਿਵਾਰ ॥**
**ਪਰ ਸ੍ਵਾਮੀ ਪ੍ਰਤਿ ਕਹਿਨ ਤੇ ਆਵਤ ਲਾਜ ਸੁ ਭਾਰ ॥ ੭੧ ॥**

ਉਪਨਿਖਦ ਕਹਿਣ ਲਗੀ—ਹੇ ਸਖੀ ਸ਼ਾਂਤੀ ! ਗੀਤਾ ਪੁਤ੍ਰੀ ਨੇ ਮੈਨੂੰ ਇਕਾਂਤ ਜਗ੍ਹਾ ਵਿਚ ਬੈਠ ਕੇ ਇਹ ਗੱਲ ਸਮਝਾ ਕੇ ਕਹੀ ਹੈ ਕਿ ਹੇ ਮਾਤਾ ! ਤੂੰ ਹੁਣ ਜਾਕੇ ਆਪਣੇ ਪਤੀ ਸਵਾਮੀ ਪੁਰਖ ਨੂੰ ਪ੍ਰਸੰਨ ਕਰ ॥ ੭੦ ॥ ਫਿਰ ਤੇਰੇ ਘਰ 'ਪ੍ਰਬੋਧ' (ਨਾਮ ਦਾ) ਪੁਤ੍ਰ ਹੋਵੇਗਾ ਜੋ ਤੇਰੇ ਸਾਰੇ ਹੀ ਬੰਧਨ ਨਿਵਾਰ ਦੇਵੇਗਾ। ਪਰ ਇਹ ਗੱਲ ਸਵਾਮੀ ਨੂੰ ਕਹਿਣ ਵਾਸਤੇ ਮੈਨੂੰ ਬੜੀ ਲੱਜਾ ਆ ਰਹੀ ਹੈ, ਇਸ ਲਈ ਤੂੰ ਹੀ ਇਸ਼ਾਰੇ ਨਾਲ ਸਮਝਾ ਦੇਵੀਂ।੭੧।

ਸ਼ਾਂਤਿ ਉਵਾਚ ॥

**ਦੋਹਰਾ—ਬਿਸ਼ਨੁ ਭਗਤਿ ਸੁ ਬਿਬੇਕ ਕੋ ਕੀਨੋ ਇਹੈ ਉਚਾਰ ॥**
**ਪੇਖੋ ਸ੍ਵਾਮੀ ਪੁਰਖ ਅਬ ਕਾਹੇ ਕਰੋਂ ਬਿਚਾਰ ॥ ੭੨ ॥**

ਸ਼ਾਂਤੀ ਨੇ ਕਿਹਾ—ਬਿਸ਼ਨੁ ਭਗਤੀ ਨੇ ਬਿਬੇਕ ਨੂੰ ਇਹੋ ਗੱਲ ਕਹਿ ਦਿਤੀ ਹੋਈ ਹੈ। ਤੂੰ ਜਾ ਕੇ, ਹੁਣ ਸਵਾਮੀ ਪੁਰਖ ਦਾ ਦਰਸ਼ਨ ਕਰ, ਸੋਚਾਂ ਕਿਉਂ ਕਰ ਰਹੀ ਹੈਂ ? ॥ ੭੨ ॥

**ਦੋਹਰਾ—ਉਪਨਿਖਦ ਕਹਯੋ ਜਿਉਂ ਕਹਿਤ ਹੈਂ ਸੋਇ ਕਰੋਂ ਵਡਭਾਗਿ ॥**
**ਗੁਲਾਬ ਸਿੰਘ ਦੋਨੋ ਤਬੀ ਗਈ ਅਖਾੜੇ ਤਿਆਗਿ ॥ ੭੩ ॥**

ਉਪਨਿਖਦ ਨੇ ਕਿਹਾ—ਹੇ ਵਡਭਾਗੀਏ ! ਜਿਵੇਂ ਕਹਿੰਦੀ ਹੈਂ, ਮੈਂ ਓਵੇਂ ਕਰਦੀ ਹਾਂ। ਗ੍ਰੰਥ ਕਰਤਾ ਜੀ ਕਹਿੰਦੇ ਹਨ(ਜਦ ਇਹ ਗੱਲ ਨਿਸਚੇ ਹੋ ਗਈ)ਤਦ ਦੋਵੇਂ ਹੀ ਅਖਾੜੇ ਨੂੰ ਤਿਆਗ ਕੇ ਚਲੀਆਂ ਗਈਆਂ।੭੩।

**ਦੋਹਰਾ—ਤਬ ਬਿਬੇਕ ਰਾਜਾ ਸੁਨੋ ਸਰਧਾ ਸਹਿਤ ਸੁਹਾਇ ॥**
**ਮੋਹ ਪਟਲ ਕੋ ਦੂਰ ਕਰ ਬਰਯੋ ਸਭਾ ਮਹਿ ਆਇ ॥ ੭੪ ॥**

(ਜਦ ਉਹ ਚਲੀਆਂ ਗਈਆਂ) ਤਦ ਅਗਲੀ ਕਥਾ ਸੁਣੋ ਕਿ ਬਿਬੇਕ ਰਾਜਾ ਸਰਧਾ ਦੇ ਸਮੇਤ ਸੋਭਾ ਪਾਂਦਾ ਹੋਇਆ, ਮੋਹ ਰੂਪ ਪੜਦੇ ਨੂੰ ਦੂਰ ਕਰਕੇ ਸਭਾ ਦੇ ਵਿਚ ਆ ਵੜਿਆ (ਅਰਥਾਤ ਸਰਧਾ ਸਮੇਤ ਬਿਬੇਕ ਰਾਜੇ ਨੇ ਅਖਾੜੇ ਵਿਚ ਪ੍ਰਵੇਸ਼ ਆਣ ਕੀਤਾ) ॥ ੭੪ ॥

ਵਿਵੇਕ ਉਵਾਚ ॥

**ਦੋਹਰਾ—ਸਰਧੇ ਸ਼ਾਂਤਿ ਸੁ ਗਈ ਹੈ ਉਪਨਿਖਦ ਨਿਹਾਰਨ ਕਾਜ ॥**
**ਕਿਹ ਬਿਧ ਪਯਾਰੀ ਕੋ ਪਿਖੋਂ ਮੋਹਿ ਪਖਾਨੋ ਆਜ ॥ ੭੫ ॥**

ਬਿਬੇਕ ਰਾਜਾ ਸਭਾ ਵਿਚ ਆ ਕੇ ਕਹਿਣ ਲਗਾ—ਹੇ ਸਰਧਾ ! ਉਪਨਿਖਦ ਨੂੰ ਲਭ ਕੇ ਲੈ ਆਉਣ ਦੇ, ਕੰਮ ਵਾਸਤੇ ਸ਼ਾਂਤੀ ਗਈ ਹੋਈ ਹੈ। ਪਰ ਤੂੰ ਮੈਨੂੰ ਦਸ, ਮੈਂ ਆਪਣੀ ਪਿਆਰੀ ਉਪਨਿਖਦ ਨੂੰ ਕਿਸੇ ਯੁਕਤੀ

ਨਾਲ ਅਜ ਵੇਖ ਸਕਦਾ ਹਾਂ ? ॥ ੭੫ ॥

ਸਰਧਾ ਉਵਾਚ ॥

**ਦੋਹਰਾ—ਦੇਵ ਸੁ ਆਦਿਸ ਬਾਰੀਆ ਗਈ ਸੀਸ ਪਰ ਮਾਨ ॥**
**ਬਿਸ਼ਨੁ ਭਗਤਿ ਪੁਨ ਸ਼ਾਂਤਿ ਕੋ ਕੀਨੋ ਏਹੁ ਬਖਾਨ ॥ ੭੬ ॥**

ਸਰਧਾ ਨੇ ਉੱਤਰ ਦਿਤਾ—ਹੇ ਦੇਵ ! ਆਪ ਦੀ ਆਗਯਾ ਨੂੰ ਸਿਰ ਪੁਰ ਮੰਨ ਕੇ ਉਹ ਗਈ ਹੈ। ਪਰ ਨਾਲ ਹੀ ਬਿਸ਼ਨੁ ਭਗਤੀ ਨੇ ਸ਼ਾਂਤੀ ਨੂੰ ਇਹ ਗੱਲ ਕਹਿ ਦਿਤੀ ਸੀ ॥ ੭੬ ॥ ਕਿ—

**ਦੋਹਰਾ—ਮੰਦਰ ਨਾਮ ਸੁ ਸੈਲ ਮੇ, ਹੈ ਹਰਿ ਕੋ ਅਸਥਾਨ ॥**
**ਤਹਿ ਗੀਤਾ ਕੇ ਨਿਕਟ ਵਹਿ, ਬਸਤ ਤਰਕ ਡਰ ਮਾਨ ॥ ੭੭ ॥**

(ਡੰਡਕ ਬਨ ਵਿਚ ਇਕ) 'ਮੰਦਰ' ਨਾਮ ਦਾ ਪਹਾੜ (ਮੰਦਰਾਚਲ) ਹੈ, ਉਸ ਦੇ ਵਿਚ ਇਕ ਹਰੀ ਦਾ ਅਸਥਾਨ ਹੈ, (ਜਿਥੇ ਉਸ ਦੀ ਪੁਤ੍ਰੀ ਗੀਤਾ ਰਹਿੰਦੀ ਹੈ। ਉਪਨਿਖਦ ਭੀ) ਤਰਕ ਵਿਦਯਾ ਤੋਂ ਡਰ ਮੰਨ ਕੇ ਉਥੇ ਹੀ ਗੀਤਾ ਦੇ ਕੋਲ ਰਹਿੰਦੀ ਹੈ ॥ ੭੭ ॥

**ਦੋਹਰਾ—ਤਰਕ ਵਿਦਯਾ ਤੇ ਕਹੋ ਕੈਸੇ ਤਿਹ ਡਰ ਭਾਰ ॥**
**ਦੇਵ ਉਪਨਿਖਦ ਸੁ ਕਰੇਗੀ ਤੋਕੋ ਏਹੁ ਉਚਾਰ ॥ ੭੮ ॥**

(ਇਹ ਗੱਲ ਸੁਣ ਕੇ ਬਿਬੇਕ ਰਾਜੇ ਨੇ ਪੁਛਿਆ—ਹੇ ਸਰਧਾ ! ਤੂੰ) ਦਸ, ਉਪਨਿਖਦ ਨੂੰ ਤਰਕ ਵਿਦਯਾ ਤੋਂ ਇਸ ਤਰ੍ਹਾਂ ਦਾ ਵਡਾ ਭਾਰਾ ਡਰ ਕਿਉਂ ਹੋ ਰਿਹਾ ਹੈ ? ਤਾਂ ਸਰਧਾ ਨੇ ਕਿਹਾ—ਹੇ ਦੇਵ ! ਇਸ ਦਾ ਉੱਤਰ ਤੁਹਾਨੂੰ ਆਪ ਹੀ ਉਪਨਿਖਦ ਕਹੇਗੀ ॥ ੭੮ ॥

**ਦੋਹਰਾ—ਅਬ ਤੁਮ ਚਲੋ ਸਮੀਪ ਪ੍ਰਭੁ ਲੇਵੋ ਪੁਰਖ ਨਿਹਾਰ ॥**
**ਬੈਠ ਇਕੰਤ ਸੁ ਧਯਾਇ ਹੈ ਤੋਹਿ ਆਗਮਨ ਉਦਾਰ ॥ ੭੯ ॥**

ਹੇ ਪ੍ਰਭੋ ! ਹੁਣ ਆਪ ਨੇੜੇ ਚਲੋ ਅਤੇ ਪੁਰਖ ਨੂੰ ਵੇਖ ਲਵੋ। ਕਿਉਂਕਿ ਹੇ ਉਦਾਰਾਤਮਾ ਬਿਬੇਕ ! ਉਹ ਇਕਾਂਤ ਸਥਾਨ ਵਿਚ ਬੈਠ ਕੇ ਤੁਹਾਡੇ ਆਉਣ ਦੇ ਹੀ ਵਿਚਾਰ ਨੂੰ ਵਿਚਾਰ ਰਿਹਾ ਹੈ ॥ ੭੯ ।

**ਦੋਹਰਾ—ਤਬ ਬਿਬੇਕ ਢਿਗ ਜਾਇ ਕੇ ਕੀਨੋ ਪੁਰਖ ਪ੍ਰਨਾਮ ॥**
**ਕਹਯੋ ਪੁਰਖ ਤਵ ਏਹ ਸੁਤ ਕੀਨੋ ਭਲੋ ਨ ਕਾਮ ॥ ੮੦ ॥**

ਤਦ ਬਿਬੇਕ ਨੇ ਕੋਲ ਜਾ ਕੇ ਪੁਰਖ ਨੂੰ ਨਮਸ਼ਕਾਰ ਕੀਤੀ। ਤਾਂ ਅਗੋਂ ਪੁਰਖ ਨੇ ਕਿਹਾ—ਹੇ ਪੁਤ੍ਰ ! ਤੂੰ ਇਹ ਚੰਗਾ ਕੰਮ ਨਹੀਂ ਕੀਤਾ ॥ ੮੦ ॥

**ਦੋਹਰਾ—ਗਿਆਨ ਬ੍ਰਿਧ ਤੁਮ ਹੋ ਬਡੇ, ਹਮ ਕੋ ਪਿਤਾ ਸਮਾਨ ॥**
**ਯਹੀ ਅਰਥ ਰਿਖ ਦੇਵਤਾ, ਪੂਰਬ ਕੀਨ ਬਖਾਨ ॥ ੮੧ ॥**

ਹੇ ਬਿਬੇਕ ! ਗਿਆਨ ਵਿਚ ਤੁਸੀਂ ਵਡੇ ਹੋਣ ਕਰਕੇ ਵਡੇ ਹੋ ਅਤੇ ਮੈਨੂੰ ਪਿਤਾ ਸਮਾਨ (ਤੁਹਾਡਾ ਸਤਿਕਾਰ ਕਰਨਾ) ਚਾਹੀਦਾ ਸੀ, ਪਰ ਉਲਟਾ ਤੁਸਾਂ ਮੈਨੂੰ ਨਮਸ਼ਕਾਰ ਕੀਤਾ ਹੈ, ਇਸ ਲਈ ਇਹ ਕੰਮ ਅਯੋਗ ਹੈ)। ਇਹੋ ਹੀ ਅਰਥ ਪਹਿਲੇ ਸਮੇਂ ਵਿਚ ਰਿਖੀਆਂ ਅਤੇ ਦੇਵਤਿਆਂ ਨੂੰ (ਬ੍ਰਹਮਾ ਨੇ) ਕਥਨ ਕੀਤਾ ਸੀ, ਉਹ ਪ੍ਰਸੰਗ ਮੈਂ ਕਥਨ ਕਰਦਾ ਹਾਂ ॥ ੮੧ ॥

Sri Satguru Jagjit Singh Ji Elibrary　　　　NamdhariElibrary@gmail.com

ਚੌਪਈ॥

ਏਕ ਸਮੇ ਆਪਦ ਕੇ ਮਾਰੇ ॥ ਭੂਲੇ ਨਿਗਮ ਦੇਵ ਰਿਖਿ ਸਾਰੇ ॥
ਤਿਨ ਕੋ ਏਕ ਬਾਲ ਥੋ ਜੋਈ ॥ ਤੀਰ ਸੁਰਸ੍ਵਤੀ ਬਸਿਓ ਸੋਈ ॥ ੯੨ ॥

ਇਕ ਸਮੇਂ (ਕਾਲ ਪੈ ਗਿਆ, ਉਸ ਕਾਲ ਦੇ ਸਮੇਂ ਅੰਨ ਦੇ ਨਾ ਮਿਲਣ ਕਰਕੇ ਅਨੇਕਾਂ ਹੀ ਜੀਵ ਭੁਖ ਨਾਲ ਵਿਆਕੁਲ ਹੋ ਕੇ ਮਰ ਗਏ,ਉਸ)ਬਿਪਤਾ ਦੇ ਮਾਰੇ ਹੋਏ,ਸਾਰੇ ਰਿਖੀ ਮੁਨੀ ਤੇ ਦੇਵਤੇ ਵੇਦਾਂ ਦਾ ਪਾਠ ਭੁਲ ਗਏ। ਪਰ ਉਨ੍ਹਾਂ ਰਿਖੀਆਂ ਦਾ ਇਕ ਬਾਲਕ ਸੀ, ਜੋ ਉਸ ਸਮੇਂ ਸਰਸਵਤੀ ਨਦੀ ਦੇ ਕੰਢੇ ਵਸਦਾ ਸੀ ॥੯੨॥

ਦੋਹਰਾ--ਦਧੀਚ ਰਿਖੀਸੁਰ ਪੂਤ ਵਹਿ, ਜਨਯੋ ਸੁਰਸ੍ਵਤੀ ਮਾਂਹਿ ॥
ਨਾਮ ਸਾਰੁਸ੍ਵਤ ਤਾਂਹਿ ਕੋ ਧਰਯੋ ਜਗਤ ਕੇ ਮਾਂਹਿ ॥ ੯੩ ॥

ਉਹ ਦਧੀਚ ਰਿਖੀਸ਼ਵਰ ਦਾ ਪੁਤ੍ਰ ਅਤੇ ਸਰਸਵਤੀ (ਦੇਵੀ) ਵਿਚੋਂ ਜੰਮਿਆ ਸੀ। ਇਸ ਲਈ ਉਸਦਾ ਨਾਮ ਜਗਤ ਵਿਚ ਸਾਰਸ੍ਵਤ ਰਖਿਆ ਹੋਇਆ ਸੀ ॥ ੯੩ ॥

ਚੌਪਈ॥

ਮਾਤ ਸੁਰਸ੍ਵਤੀ ਤਿਹ ਪ੍ਰਤਿਪਾਲ ॥ ਰਹੇ ਕੰਠ ਤਿਹ ਬੇਦ ਬਿਸਾਲ ॥
ਤਬ ਤੇ ਸਮਾ ਪਾਇ ਰਿਖਿ ਜੇਤੇ ॥ ਪੂਛੇਂ ਪਰਸਪਰ ਬੇਦ ਰ੍ਰਿਸ ਤੇਤੇ ॥ ੯੪ ॥

ਸਰਸਵਤੀ ਮਾਤਾ ਨੇ ਉਸ ਦੀ ਪ੍ਰਤਿਪਾਲਾ (ਕੀਤੀ ਸੀ ਇਸ ਕਰਕੇ) ਉਸਨੂੰ ਸਾਰੇ ਹੀ ਵੇਦ ਕੰਠ ਰਹੇ ਸਨ। ਜਦ ਉਹ ਅਪਦਾ ਦਾ ਸਮਾਂ ਗੁਜ਼ਰ ਗਿਆ ਅਤੇ ਸੁਖ ਦਾ ਸਮਾਂ ਪਾਇਆ, ਤਦ ਉਹ ਜਿੰਨੇ ਭੀ ਰਿਖੀ (ਮੁਨੀ ਤੇ ਦੇਵਤੇ ਸਨ, ਉਹ ਸਾਰੇ ਹੀ) ਆਪੋ ਵਿਚ (ਇਕ ਦੂਜੇ ਪਾਸੋਂ) ਵੇਦ ਵਿਦਯਾ ਪੁਛਣ ਲਗੇ ॥ ੯੪ ॥

ਚੌਪਈ॥

ਜਬ ਤਿਨ ਕੰਠ ਨ ਕਿਨੇ ਨਿਹਾਰੇ ॥ ਤਬ ਤੇ ਬਾਲਕ ਪਾਸ ਪਧਾਰੇ ॥
ਕਹਯੋ ਬਾਲ ਕੋ ਬੇਦ ਪੜੱਯੇ ॥ ਕਹਿਓ ਬਾਲ ਪੂਤ ਸੁਨ ਲੱਯੇ ॥ ੯੫ ॥

ਜਦ ਉਨ੍ਹਾਂ ਨੇ ਵੇਖ ਲਿਆ ਕਿ ਸਾਡੇ ਵਿਚੋਂ ਕਿਸੇ ਨੂੰ (ਭੀ ਵੇਦ ਵਿਦਯਾ) ਕੰਠ ਨਹੀਂ ਹੈ, ਤਦ ਸਾਰੇ ਰਿਖੀ ਤੇ ਦੇਵਤੇ ਉਸ ਬਾਲਕ ਦੇ ਕੋਲ ਗਏ। (ਉਸ ਸਾਰਸ੍ਵਤ) ਬਾਲਕ ਨੂੰ ਸਾਰਿਆਂ ਨੇ ਜਾ ਕੇ ਕਿਹਾ–ਸਾਨੂੰ ਵੇਦ ਵਿਦਯਾ ਪੜ੍ਹਾਓ, ਤਾਂ ਅਗੋਂ ਉਸ ਬਾਲਕ ਨੇ ਕਿਹਾ–ਹੇ ਪੁਤਰੋ! ਪਹਿਲੇ ਮੇਰੀ ਗੱਲ ਸੁਣ ਲਵੋ ॥ ੯੫ ॥

ਚੌਪਈ॥

ਮੇਰੇ ਸਿਖ ਹੋਹੁਗੇ ਜਬ ਹੀ ॥ ਬੇਦ ਪੜਾਵੌਂ ਤੁਮ ਕੋ ਤਬ ਹੀ ॥
ਕ੍ਰੋਧ ਭਰੇ ਉਰ ਮੈਂ ਰਿਖਿ ਸਾਰੇ ॥ ਤਬ ਬ੍ਰਹਮਾ ਕੇ ਪਾਸ ਪਧਾਰੇ ॥ ੯੬ ॥

ਜਦੋਂ ਤੁਸੀਂ ਮੇਰੇ ਚੇਲੇ ਹੋਵੋਗੇ, ਤਦੋਂ ਹੀ ਮੈਂ ਤੁਹਾਨੂੰ ਵੇਦ ਵਿਦਯਾ ਪੜ੍ਹਾਵਾਂਗਾ। ਇਹ ਗੱਲ ਸੁਣ ਕੇ ਸਾਰੇ ਰਿਖੀ ਹਿਰਦੇ ਵਿਚ ਕ੍ਰੋਧ ਨਾਲ ਭਰ ਗਏ ਅਤੇ ਉਸੇ ਵੇਲੇ ਹੀ ਉਠ ਕੇ ਬ੍ਰਹਮਾ ਕੋਲ ਚਲੇ ਗਏ ॥ ੯੬ ॥

ਚੌਪਈ॥

ਦੇਵ ਦਧੀਚ ਪੂਤ ਹੈ ਜੋਈ ॥ ਹਮ ਅਤਿ ਬ੍ਰਿਧ ਬਾਲ ਅਤਿ ਸੋਈ ॥

Sri Satguru Jagjit Singh Ji Elibrary NamdhariElibrary@gmail.com

**ਬੇਦ ਪੜਨ ਹਿਤ ਹਮ ਢਿਗ ਗਏ॥ ਪੂਤ ਪੂਤ ਕਰਿ ਮੁਖੋਂ ਅਲਏ॥ ੮੭॥**

ਬ੍ਰਹਮਾ ਨੂੰ ਜਾ ਕੇ ਕਹਿਣ ਲਗੇ ਹੇ ਦੇਵ! ਉਹ ਜਿਹੜਾ ਦਧੀਚ ਰਿਖੀ ਦਾ ਪੁਤ੍ਰ ਸਾਰਸ੍ਵਤ ਹੈ, ਅਸੀਂ ਤਾਂ ਬਹੁਤ ਬੁਢੇ ਹਾਂ ਅਤੇ ਉਹ ਬਹੁਤ ਛੋਟੀ ਉਮਰ ਦਾ ਬਾਲਕ ਹੈ। ਅਸੀਂ ਵੇਦ ਪੜ੍ਹਨ ਵਾਸਤੇ ਉਸ ਦੇ ਕੋਲ ਗਏ ਸਾਂ, ਉਹ ਸਾਨੂੰ ਪੁਤ੍ਰ ੨ ਕਰਕੇ ਮੂੰਹੋਂ ਕਹਿਣ ਲਗ ਪਿਆ ॥੮੭॥ ਫਿਰ ਉਸ ਨੇ ਅਸਾਂ ਸਾਰਿਆਂ ਨੂੰ ਕਿਹਾ–

**ਦੋਹਰਾ–ਮੇਰੇ ਹੋਵੈ ਸਿਖ ਜਬ ਤਬੀ ਪੜ੍ਹਾਵੌਂ ਵੇਦ॥**
**ਯੌਂ ਸੁਨ ਬਾਲਕ ਬੈਨ ਪ੍ਰਭ ਮਨ ਮੈ ਬਢਯੋ ਸੁ ਖੇਦ॥ ੮੮॥**

ਜਦ ਤੁਸੀਂ ਸਾਰੇ ਮੇਰੇ ਚੇਲੇ ਹੋਵੋਗੇ, ਤਦੋਂ ਮੈਂ ਤੁਹਾਨੂੰ ਵੇਦ ਵਿਦਯਾ ਪੜ੍ਹਾਵਾਂਗਾ। ਹੇ ਪ੍ਰਭੂ! ਉਸ ਬਾਲਕ ਦੇ ਮੂੰਹੋਂ ਇਸ ਤਰ੍ਹਾਂ ਦੇ ਅਨੀਤੀ ਦੇ ਭਰੇ ਹੋਏ ਬਚਨ ਸੁਣ ਕੇ, ਸਾਡੇ ਮਨ ਵਿਚ ਬੜਾ ਭਾਰਾ ਦੁਖ ਵਧ ਗਿਆ ਹੈ॥ ੮੮॥

**ਚੌਪਈ॥**

**ਤਬ ਚਤੁਰਾਨਨ ਬੈਨ ਬਖਾਨੇ॥ ਬਿਦਯਾ ਬ੍ਰਿਧ ਬ੍ਰਿਧ ਸੁਰ ਮਾਨੇ॥**
**ਤੁਮ ਅਤਿ ਬਾਲ ਬ੍ਰਿਧ ਸੋ ਕਹੀਯੇ॥ ਹੋਇ ਸਿੱਖ ਵਿਦਯਾ ਕੋ ਲਹੀਯੇ॥ ੮੯॥**

ਤਦ ਬ੍ਰਹਮਾ ਨੇ ਸਾਰੇ ਰਿਖੀਆਂ ਨੂੰ ਇਹ ਬਚਨ ਕਹੇ (ਕਿ ਜੋ ਕੋਈ) ਵਿਦਯਾ ਕਰਕੇ ਵਡਾ ਹੈ, ਦੇਵਤੇ ਉਸ ਨੂੰ ਵਡਾ ਕਰਕੇ ਮੰਨਦੇ ਹਨ, (ਉਮਰਾ ਕਰਕੇ ਵਡਾ ਪੁਰਸ਼ ਵਡਾ ਨਹੀਂ ਹੋ ਸਕਦਾ)। ਤੁਸੀਂ ਬਿਲਕੁਲ ਛੋਟੇ ਬਾਲਕ ਹੋ ਕਿਉਂਕਿ ਤੁਸੀਂ ਸਾਰੇ ਵੇਦ ਵਿਦਯਾ ਤੋਂ ਸੁੰਨ ਹੋ ਅਤੇ ਉਹ ਵੇਦ ਵਿਦਯਾ ਨਿਪੁੰਨ ਹੈ, ਇਸ ਲਈ ਉਸ ਨੂੰ ਬ੍ਰਿਧ ਪੁਰਸ਼ ਕਹਿਣਾ ਚਾਹੀਦਾ ਹੈ ਤਾਂਤੇ ਹੰਕਾਰ ਨੂੰ ਛਡ ਦਿਓ ਅਤੇ ਉਸ ਦੇ ਚੇਲੇ ਹੋ ਕੇ ਉਸ ਪਾਸੋਂ ਵੇਦ ਵਿਦਯਾ ਲੈ ਲਵੋ॥ ੮੯॥

**ਦੋਹਰਾ–ਯੌ ਚਤੁਰਾਨਨ ਬੈਨ ਸੁਨ, ਗਏ ਰਿਖੀਸੁਰ ਸਰਬ॥**
**ਦਧੀਚ ਪੂਤ ਕੇ ਸਿਖ ਵਹੁ, ਭਏ ਮਿਟਾਇ ਸੁ ਗਰਬ॥ ੯੦॥**

ਬ੍ਰਹਮਾ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਸਾਰੇ ਰਿਖੀਸ਼ਰ (ਸਾਰਸਵਤ ਦੇ ਕੋਲ ਚਲੇ) ਗਏ ਅਤੇ ਆਪਣਾ ਹੰਕਾਰ ਮਿਟਾ ਕੇ ਉਹ ਸਾਰੇ ਹੀ ਦਧੀਚ ਰਿਖੀ ਦੇ ਪੁਤਰ (ਸਾਰਸਵਤ) ਦੇ ਚੇਲੇ ਹੋ ਗਏ ਅਤੇ ਵੇਦ ਵਿਦਯਾ ਪੜ੍ਹਨ ਲਗੇ॥ ੯੦॥

**ਚੌਪਈ॥**

**ਤਾਂਤੇ ਤੁਮ ਹੋ ਪਿਤਾ ਸਮਾਨ॥ ਯੌ ਬਿਬੇਕ ਪ੍ਰਤਿ ਪੁਰਖ ਬਖਾਨ॥**
**ਹਮ ਪਰ ਐਸੀ ਦਯਾ ਸੁ ਕੀਜੇ॥ ਸਕਲੋ ਮੋਹ ਦੂਰ ਕਰ ਦੀਜੇ॥ ੯੧॥**

ਇਸ ਕਰਕੇ ਤੁਸੀਂ ਮੇਰੇ ਪਿਤਾ ਦੇ ਸਮਾਨ ਹੀ ਬਜ਼ੁਰਗ ਹੋ, ਇਸ ਤਰ੍ਹਾਂ ਨਾਲ ਬਿਬੇਕ ਦੇ ਕੋਲ ਪੁਰਖ ਨੇ ਕਿਹਾ। ਮੇਰੇ ਉਤੇ ਅਜਿਹੀ ਦਇਆ ਕਰੋ ਕਿ ਮੇਰੇ ਹਿਰਦੇ ਵਿਚੋਂ ਸਾਰਾ ਹੀ ਮੋਹ ਦੂਰ ਕਰ ਦਿਓ॥ ੯੧॥

**ਚੌਪਈ॥**

**ਯਾ ਅਵਸਰ ਪੁਨ ਸਾਂਤਿ ਸੁ ਆਈ॥ ਉਪਨਿਖਦ ਸੁ ਤਾਂਕੇ ਸੰਗ ਸੁਹਾਈ॥**
**ਸਾਂਤਿ ਪੁਰਖ ਕੋ ਕੀਨ ਉਚਾਰ॥ ਉਪਨਿਖਦ ਕਰੋ ਪਦ ਬੰਦਨ ਬਾਰ॥ ੯੨॥**

ਇਸੇ ਵੇਲੇ ਸ਼ਾਂਤੀ ਫੇਰ ਆ ਗਈ, ਉਪਨਿਖਦ ਭੀ ਉਸ ਦੇ ਨਾਲ ਸੋਭਾ ਪਾ ਰਹੀ ਸੀ। ਸ਼ਾਂਤੀ ਨੇ ਪੁਰਖ ਨੂੰ ਇਸ ਤਰ੍ਹਾਂ ਉਚਾਰਨ ਕੀਤਾ–ਉਪਨਿਖਦ ਆਪ ਦੇ ਚਰਨਾਂ ਉਤੇ ਨਮਸਕਾਰ ਕਰਦੀ ਹੈ ॥ ੯੨ ॥

**ਚੌਪਈ॥**

**ਸ਼ਾਂਤਿ ਨ ਐਸੇ ਕਰੋ ਬਖਾਨ॥ ਉਪਨਿਖਦ ਅਹੇ ਮਮ ਮਾਤ ਸਮਾਨ॥**
**ਤਤੁ ਬੋਧ ਕੋ ਦਏ ਉਪਾਇ॥ ਤਾਂਤੇ ਹਮ ਇਨ ਲਾਗਤ ਪਾਇ॥ ੯੩॥**

(ਅਗੋਂ ਪੁਰਖ ਨੇ ਕਿਹਾ) ਹੇ ਸ਼ਾਂਤੀ ! ਇਸ ਤਰ੍ਹਾਂ ਦਾ (ਬਚਨ) ਕਥਨ ਨਾ ਕਰ,(ਕਿਉਂਕਿ) ਉਪਨਿਖਦ ਮੇਰੀ ਮਾਤਾ ਦੇ ਸਮਾਨ ਹੈ। ਉਹ ਤਤ ਗਿਆਨ ਨੂੰ ਪੈਦਾ ਕਰੇਗੀ, ਇਸ ਲਈ ਅਸੀਂ ਇਸ ਦੇ ਚਰਨੀਂ ਲਗਦੇ ਹਾਂ ॥ ੯੩ ॥

**ਦੋਹਰਾ--ਮਾਤਾ ਔ ਉਪਨਿਖਦ ਮੈ, ਵਡੋ ਅੰਤਰੋ ਜਾਨ॥**
**ਵਹਿ ਦਿਢ ਬੰਧਨ ਕੋ ਕਰੇ, ਯਹਿ ਕਰੇ ਬੰਧ ਸਭ ਹਾਨ॥ ੯੪॥**

ਉਪਨਿਖਦ ਨੂੰ ਮਾਤਾ ਸਮਾਨ ਕਹਿਣਾ ਭੀ ਮਹਾਂ ਪਾਪ ਹੈ, ਕਿਉਂਕਿ ਮਾਤਾ ਅਤੇ ਉਪਨਿਖਦ ਵਿਚ ਬੜਾ ਭਾਰੀ ਫਰਕ ਹੈ। ਮਾਤਾ (ਆਪਣੇ ਪੁਤਰਾਂ ਦੇ ਗਲ ਵਿਚ ਮੋਹ ਦੇ) ਪਕੇ ਬੰਧਨ ਪਾ ਦੇਂਦੀ ਹੈ ਪਰ ਉਪਨਿਖਦ (ਜਗਯਾਸੂ ਦੇ) ਬੰਧਨਾਂ ਦਾ ਨਾਸ ਕਰਦੀ ਹੈ (ਇਸ ਲਈ ਇਹ ਮਾਤਾ ਨਾਲੋਂ ਭੀ ਪਰਮ ਸਰੇਸ਼ਟ ਹੈ, ਇਸ ਕਰਕੇ ਇਸ ਦਾ ਨਮਸਕਾਰ ਕਰਨਾ ਯੋਗ ਨਹੀਂ, ਸਾਨੂੰ ਹੀ ਆਪਣੀ ਕਲਿਆਣ ਦੇ ਵਾਸਤੇ ਇਸ ਨੂੰ ਨਮਸਕਾਰ ਕਰਨੀ ਚਾਹੀਦੀ ਹੈ) ॥ ੯੪ ॥

**ਦੋਹਰਾ—ਪੁਨ ਉਪਨਿਖਦ ਬਿਬੇਕ ਪਿਖ,ਅਭਿ ਬੰਧਨ ਤਿਹ ਧਾਰ॥**
**ਬੈਠੀ ਕਿੰਚਿਤ ਦੂਰ ਤਿਹ, ਪੂਛਤ ਪੁਰਖ ਬਿਚਾਰ॥ ੯੫॥**

ਫੇਰ ਉਪਨਿਖਦ (ਦੇਵੀ ਆਪਣੇ ਪਤੀ) ਬਿਬੇਕ ਨੂੰ ਵੇਖ ਕੇ ਉਸ ਨੂੰ ਹਿਰਦੇ ਕਰਕੇ ਬੰਦਨਾ ਕਰਕੇ ਥੋੜੀ ਕੁ ਵਿਥ ਤੇ ਬੈਠ ਗਈ। ਤਦ ਪੁਰਖ ਨੇ ਉਸ ਤੋਂ ਇਹ ਵਿਚਾਰ ਪੁਛਣਾ ਸ਼ੁਰੂ ਕੀਤਾ ॥ ੯੫ ॥

**ਦੋਹਰਾ--ਕਹੋ ਅੰਬ ਏਤੇ ਦਿਵਸ, ਕਹਿ ਕਹਿ ਕਰੇ ਬਿਤੀਤ॥**
**ਉਪਨਿਖਦ ਬਖਾਨੇ ਪੁਰਖ ਕੋ, ਸੁਨੋ ਇਕਾਗਰ ਚੀਤ॥ ੯੬॥**

ਹੇ ਮਾਤਾ ! ਤੂੰ ਏਨੇ ਦਿਨ ਕਿਥੇ ਕਿਥੇ ਅਤੇ ਕਿਸ ਤਰ੍ਹਾਂ ਨਾਲ ਬਤੀਤ ਕੀਤੇ ਹਨ ? ਉਪਨਿਖਦ ਨੇ ਪੁਰਖ ਨੂੰ ਜੋ ਕਿਹਾ ਹੈ (ਉਹ ਤੁਸੀਂ) ਚਿਤ ਨੂੰ ਇਕਾਗਰ ਕਰਕੇ ਸੁਣੋ ॥ ੯੬ ॥

**ਚੌਪਈ॥**

**ਮਠ ਮਝਾਰ ਪੁਨਿ ਸੂੰਨ ਅਗਾਰ॥ ਮੂਰਖ ਜਨ ਕੀ ਸੰਗਤ ਧਾਰ॥**
**ਆਪਦ ਦਿਨ ਇਹ ਭਾਂਤ ਬਿਤਾਏ॥ ਕਹੌਂ ਕਹਾਂ ਮੈਂ ਅਤਿ ਦੁਖ ਪਾਏ॥ ੯੭॥**

ਮਠਾਂ ਵਿਚ ਤੇ ਉਜੜੇ ਹੋਏ ਘਰਾਂ ਵਿਚ ਅਤੇ ਮੂਰਖ ਪੁਰਸ਼ਾਂ ਦੀ ਸੰਗਤ ਕਰਕੇ, ਬਿਪਤਾ ਦੇ ਦਿਨ ਮੈਂ ਇਸ ਤਰ੍ਹਾਂ ਨਾਲ ਗੁਜ਼ਾਰੇ ਹਨ। ਕਿਥੋਂ ਤਕ ਕਹਾਂ ? ਮੈਂ ਬਹੁਤ ਹੀ ਦੁਖ ਪਾਇਆ ਹੈ ॥ ੯੭ ॥

**ਦੋਹਰਾ—ਕਹਯੋ ਪੁਰਖ ਵਹਿ ਤਤੁ ਕਛੁ ਜਾਨਤ ਥੋ ਪੁਨ ਤੋਹਿ॥**
**ਉਪਨਿਖਦ ਕਹਯੋ ਕਹਿ ਜਾਨ ਹੈ, ਸਕਲ ਬਯਾਪੇ ਮੋਹਿ॥ ੯੮॥**

Sri Satguru Jagjit Singh Ji Elibrary NamdhariElibrary@gmail.com

ਪੁਰਖ ਨੇ ਪੁਛਿਆ-ਉਹ ਤੇਰੇ ਸਿਧਾਂਤ ਨੂੰ ਕੁਝ ਜਾਣਦੇ ਸਨ ? ਉਪਨਿਖਦ ਨੇ ਕਿਹਾ-ਉਨ੍ਹਾਂ ਨੇ ਕੀ ਜਾਣਨਾ ਸੀ ? ਸਾਰੇ ਲੋਕ ਮੋਹ ਵਿਚ ਫਸੇ ਹੋਏ ਸਨ ॥ ੯੮ ॥

**ਚੌਪਈ ॥**

**ਤੇ ਨਿਜ ਇਛਾ ਕੇ ਅਨੁਸਾਰ ॥ ਮੇਰੋ ਅਰਥ ਸੁ ਕਰੇਂ ਉਚਾਰ ॥**
**ਅਰਥ ਵਿਚਾਰ ਬਿਨਾਂ ਇਉਂ ਕਲਪੇਂ॥ਦੂਵੜਾ ਗਣ ਜਿਉਂ ਬਾਨੀ ਜਲਪੇਂ ॥੯੯॥**

ਕਲਪੇਂ=ਜੋੜ ਲੈਂਦੇ, ਕਰਨ ਲਗ ਪੈਂਦੇ। ਦੂਵੜਾ ਗਣ=ਡਡੂਆਂ ਦਾ ਝੁੰਡ। ਜਲਪੇਂ=ਬੋਲਦਾ।

ਉਹ ਸਾਰੇ ਆਪਣੀ ਇਛਾ ਦੇ ਅਨੁਸਾਰ (ਅਰਥਾਤ ਆਪਣੀ ਮਨ ਮਰਜ਼ੀ ਮੁਤਾਬਕ ਹੀ) ਮੇਰੇ ਅਰਥ ਕਰਨ ਲਗ ਪੈਂਦੇ ਸਨ। ਵਿਚਾਰ ਤੋਂ ਹੀਣੇ ਇਸ ਤਰ੍ਹਾਂ ਅਰਥ ਕਲਪ ਲੈਂਦੇ ਸਨ, ਜਿਵੇਂ ਡਡੂਆਂ ਦਾ ਝੁੰਡ ਗੁੜੈਂ ਕਰਕੇ ਬੋਲਣ ਲਗ ਪੈਂਦਾ ਹੈ ॥ ੯੯ ॥

**ਚੌਪਈ ॥**

**ਪਰ ਕੋ ਠਾਗ ਦਰਬ ਤਿਹ ਹਰੇਂ ॥ ਯਾ ਹਿਤ ਮੋਹ ਬਿਚਾਰਨ ਕਰੇਂ ॥**
**ਮੈਂ ਉਪਨਿਖਦ ਮੋਖ ਕੋ ਕਾਰਣ ॥ ਪੇਟ ਹੇਤੁ ਸਠ ਕਰੇਂ ਸੁ ਧਾਰਣ ॥ ੧੦੦ ॥**

ਦੂਜਿਆਂ ਨੂੰ ਠਗ ਕੇ ਉਨ੍ਹਾਂ ਦਾ ਧਨ ਲੁਟਦੇ ਸਨ ਇਸੇ ਵਾਸਤੇ ਹੀ ਉਹ ਮੇਰਾ ਵਿਚਾਰਨਾ ਕਰਦੇ ਸਨ। ਮੈਂ ਉਪਨਿਖਦ (ਜੋ) ਮੋਖ ਦਾ ਕਾਰਨ ਹਾਂ (ਉਨ੍ਹਾਂ) ਮੂਰਖਾਂ ਨੇ ਮੈਨੂੰ ਆਪਣੇ ਪੇਟ ਦੇ ਵਾਸਤੇ ਧਾਰਨ ਕੀਤਾ ਹੋਇਆ ਸੀ ॥ ੧੦੦ ॥

**ਦੋਹਰਾ-ਪੁਰਖ ਕਹਯੋ ਸੁਨ ਮਾਤ ਪੁਨ, ਮੋ ਪ੍ਰਤਿ ਕਰੋ ਉਚਾਰ ॥**
**ਕਿਹ ਬਿਧ ਬਾਸਰ ਤੇ ਬਿਤੇ, ਭਾਖੋ ਸਕਲ ਉਚਾਰ ॥ ੧੦੧ ॥**

ਪੁਰਖ ਨੇ ਪੁਛਿਆ-ਹੇ ਮਾਤਾ ! ਮੈਨੂੰ ਇਹ ਦਸ ਕਿ ਤੇਰੇ ਦਿਨ ਕਿਸ ਤਰ੍ਹਾਂ ਗੁਜ਼ਰੇ ਸਨ ? ਸਾਰਾ ਬ੍ਰਿਤਾਂਤ ਕਥਨ ਕਰ ॥ ੧੦੧ ॥

**ਦੋਹਰਾ-ਪੁਰਖ ਪ੍ਰਸ਼ਨ ਉਪਨਿਖਦ ਸੁਨ, ਲਾਗੀ ਕਰਨ ਬਖਾਨ ॥**
**ਗੁਲਾਬ ਸਿੰਘ ਵਹਿ ਵਾਕ ਪੁਨ, ਸਾਧ ਧਰੋ ਨਿਜ ਕਾਨ ॥ ੧੦੨ ॥**

ਪੁਰਖ ਦੇ ਪ੍ਰਸ਼ਨ ਸੁਣ ਕੇ ਉਪਨਿਖਦ (ਜੋ ਕੁਝ ਉੱਤਰ) ਕਥਨ ਕਰਨ ਲਗੀ। ਗ੍ਰੰਥ ਕਰਤਾ ਪੰਡਤ ਗੁਲਾਬ ਸਿੰਘ ਜੀ ਕਹਿੰਦੇ ਹਨ ਕਿ ਹੇ ਸੰਤੋ ! ਉਨ੍ਹਾਂ ਬਚਨਾਂ ਨੂੰ ਆਪਣੇ ਕੰਨਾਂ ਵਿਚ ਧਾਰਨ ਕਰੋ (ਅਰਥਾਤ ਉਨ੍ਹਾਂ ਬਚਨਾਂ ਨੂੰ ਯਾਦ ਰਖੋ) ॥ ੧੦੨ ॥

ਉਪਨਿਖਦ ਉਵਾਚ ॥

**ਚੌਪਈ ॥**

**ਤਬ ਮੈਂ ਚਲੀ ਬਡੋ ਪਥ ਜਹਾਂ ॥ ਦੇਖੀ ਯਗ ਵਿਦਯਾ ਤਹਾਂ ॥**
**ਇਤ ਕ੍ਰਿਸ਼ਨਾਜਨ ਅਗਨਿ ਜਲਾਈ॥ਇਤ ਸਮਧਾ ਘ੍ਰਿਤ ਜੂਹ ਸੁਹਾਈ ॥੧੦੩॥**

ਕ੍ਰਿਸ਼ਨਾਜਨ=ਚਿਟੇ ਕਾਲੇ ਹਰਨ ਦੀ ਮ੍ਰਿਗਾਨ। ਸਮਧਾ=ਲਕੜਾਂ। ਜੂਹ=ਸਮਗਰੀ।

(ਜਦ ਕਿ ਮੂਰਖ ਪੰਡਤਾਂ ਨੇ ਮੈਨੂੰ ਬਹੁਤ ਦੁਖ ਦਿਤਾ,ਜਿਹਾ ਕਿ ਮੈਂ ਅਗੇ ਕੁਝਕੁ ਦਸ ਚੁਕੀ ਹਾਂ) ਤਦ ਮੈਂ

ਉਥੋਂ ਅਗੇ ਨੂੰ ਲੰਮੇ ਰਾਹ ਉਤੇ ਤੁਰ ਪਈ, ਅਗੇ ਇਕ ਜਗ੍ਹਾ ਉਤੇ ਜਗ ਵਿਦਯਾ ਵੇਖੀ। ਇਕ ਪਾਸੇ ਅਗ ਬਲ ਰਹੀ ਸੀ ਤੇ ਕਾਲਾ ਮ੍ਰਿਗ-ਚਰਮ ਵਿਛਿਆ ਹੋਇਆ ਸੀ ਅਤੇ ਦੂਜੇ ਪਾਸੇ ਲਕੜੀਆਂ, ਘਿਓ ਤੇ ਹੋਰ ਹਵਨ ਸਮਗ੍ਰੀ ਸੋਭਾ ਪਾ ਰਹੀ ਸੀ ॥ ੧੦੩ ॥

**ਸ੍ਰੋਆ ਲੌ ਸਭ ਭਾਂਜਨ ਹਾਥਾ ॥ ਇਸ਼ਟ ਪਸ਼ੁ ਮਖੁ ਸੋਮ ਸੁ ਸਾਥਾ ॥**
**ਕਰਮ ਕਾਂਡ ਕੀ ਪਧਤਿ ਜੋਈ ॥ ਨੀਕੇ ਮੁਖੋਂ ਅਲਾਏਂ ਸੋਈ ॥ ੧੦੪ ॥**

ਇਸ਼ਟੁ ਪਸ਼ੁ ਮਖੁ=ਹੋਮ ਵਿਚ ਜਿਸ ਪਸ਼ੂ ਦੀ ਬਲੀ ਦੇਣੀ ਯੋਗ ਹੋਵੇ। ਸੋਮ=ਗਲੋਇ ਹਰੀ।

ਸ੍ਰੋਵਾ ਤਕ ਸਾਰੇ ਬਰਤਨ (ਯੱਗ ਵਿਦਯਾ ਨੇ) ਹਥ ਵਿਚ ਫੜੇ ਹੋਏ ਸਨ, ਬਲੀ ਦੇਣ ਵਾਲੇ ਪਸ਼ੂ ਤੇ ਸੋਮ ਬਲੀ (ਹਰੀ ਗਲੋਇ) ਭੀ ਸਾਥ (ਇਕ ਪਾਸੇ ਪਈ ਹੋਈ ਸੀ)। ਕਰਮ ਕਾਂਡ ਦੀ ਜਿਹੜੀ ਮਰਯਾਦਾ ਸੀ, ਚੰਗੀ ਤਰ੍ਹਾਂ ਨਾਲ ਮੂੰਹ ਤੋਂ ਓਹੀ ਕਹਿ ਰਹੇ ਸੀ ॥ ੧੦੪ ॥

**ਚੌਪਈ ॥**

**ਤਬ ਮੈਂ ਮਨ ਮੇ ਕੀਨ ਵਿਚਾਰਾ ॥ ਏਹ ਧਰੇ ਬਹੁ ਪੁਸਤਕ ਭਾਰਾ ॥**
**ਏ ਕਛੁ ਤਤੁ ਪਛਾਨੈ ਮੇਰਾ ॥ ਕੋ ਦਿਨ ਈਹਾਂ ਕਰੌਂ ਬਸੇਰਾ ॥ ੧੦੫ ॥**

ਤਦ ਮੈਂ ਮਨ ਵਿਚ ਵਿਚਾਰ ਕੀਤਾ ਕਿ ਇਸ ਨੇ ਬੜੇ ਵਡੇ ੨ ਪੁਸਤਕ ਰਖੇ ਹੋਏ ਹਨ। ਇਹ ਮੇਰਾ ਭੀ ਕੁਝ ਸਿਧਾਂਤ ਜਾਣਦੀ ਹੋਵੇਗੀ, ਇਸ ਲਈ ਕੁਝ ਕੁ ਦਿਨ ਇਸ ਦੇ ਕੋਲ ਗੁਜ਼ਾਰ ਲਵਾਂ ਤਾਂ ਚੰਗਾ ਹੈ ॥੧੦੫॥

**ਤਬ ਮੈਂ ਤਾਂ ਢਿਗ ਸੀਸ ਝੁਕਾਯੋ ॥ ਤਿਨ ਮੋਕੋ ਪੁਨ ਏਹੁ ਅਲਾਯੋ ॥**
**ਕਹੁ ਕਲਯਾਨੀ ਵਾਂਛਤ ਸਾਰ ॥ ਤਬ ਮੈਂ ਤਿਨ ਸੌਂ ਕੀਨ ਉਚਾਰ ॥ ੧੦੬ ॥**

(ਜਦ ਮੈਂ ਆਪਣੇ ਮਨ ਵਿਚ ਇਹ ਖਿਆਲ ਕਰ ਲਿਆ) ਤਦ ਮੈਂ ਉਸ ਦੇ ਕੋਲ ਜਾਕੇ ਸਿਰ ਝੁਕਾਯਾ, ਫਿਰ ਉਸ ਨੇ ਮੈਨੂੰ ਇਹ ਕਿਹਾ। ਹੇ ਕਲਯਾਣੀ ! ਜੋ ਤੇਰੇ ਮਨ ਦੀ ਇੱਛਾ ਹੈ ਉਹ ਦਸ, (ਕਿ ਤੂੰ ਕੀ ਚਾਹੁੰਦੀ ਹੈ ?) ਤਦ ਮੈਂ ਉਸ ਨੂੰ ਇਹ ਕਿਹਾ ॥ ੧੦੬ ॥

**ਚੌਪਈ ॥**

**ਮੈਂ ਅਨਾਥ ਦੂਰ ਮਮ ਨਾਹ ॥ ਤੋਹਿ ਸਮੀਪ ਬਸਨ ਕੀ ਚਾਹ ॥**
**ਤਬ ਤਿਨ ਮੋਕੋ ਇਹ ਬਖਾਨੀ ॥ ਕੌਨ ਕਾਜ ਤੂੰ ਕਰੇ ਕਲਯਾਨੀ ॥ ੧੦੭ ॥**

ਮੈਂ ਅਨਾਥ (ਅਬਲਾ ਪਤੀ ਤੋਂ ਵਿਛੜੀ ਹੋਈ ਹਾਂ ਅਤੇ) ਮੇਰਾ ਪਤੀ ਬਹੁਤ ਦੂਰ ਹੋ ਗਿਆ ਹੈ, ਮੈਂ ਕੁਝ ਦਿਨ ਤੇਰੇ ਕੋਲ ਵਸਣ ਦੀ ਇਛਾ ਨਾਲ ਇਥੇ ਆਈ ਹਾਂ। ਤਦ ਫਿਰ ਉਸ ਨੇ ਮੈਨੂੰ ਪੁਛਿਆ-ਹੇ ਕਲਿਆਣੀ ! ਤੂੰ ਮੇਰਾ ਕੀ ਕੰਮ ਕਰੇਂਗੀ ? ॥ ੧੦੭ ॥

**ਚੌਪਈ ॥**

**ਤਬ ਮੈ ਕਹਯੋ ਜੁ ਪੁਰਖ ਉਦਾਰ ॥ ਤਾਂਕੋ ਰੂਪ ਸੁ ਕਰੌਂ ਉਚਾਰ ॥**
**ਜਾਤੇ ਵਿਸ਼੍ਵ ਉਦੇ ਯਹਿ ਹੋਈ ॥ ਜਾ ਮੇ ਰਹੇ ਲੀਨ ਪੁਨ ਸੋਈ ॥ ੧੦੮ ॥**

ਤਦ ਮੈਂ ਉਸ ਨੂੰ ਕਿਹਾ ਕਿ ਜੋ ਉਦਾਰ ਪੁਰਖ ਹੈ,ਮੈਂ ਉਸਦੇ ਰੂਪ ਦਾ ਵਰਣਨ ਕਰਾਂਗੀ,ਜਿਸ ਤੋਂ ਇਹ ਸਾਰਾ ਜਗਤ ਉਦੇ ਹੋਯਾ ਹੈ ਤੇ ਜਿਸ ਵਿਚ ਹੀ ਉਹ (ਜਗਤ) ਫਿਰ ਲੀਨ ਹੋਇਆ ਰਹਿੰਦਾ ਹੈ ॥ ੧੦੮ ॥

Sri Satguru Jagjit Singh Ji Elibrary NamdhariElibrary@gmail.com

## ਚੌਪਈ ॥

**ਜਾਕੋ ਭਾਸ ਨਿਖਲ ਜਗ ਭਾਸੇ ॥ ਸਹਜਾਨੰਦ ਸੁ ਜੋਤਿ ਪ੍ਰਕਾਸੇ ॥**
**ਸ਼ਾਂਤਿ ਨਿਰੰਤਰ ਅਕ੍ਰੇ ਰੂਪਾ ॥ ਨਿਰਾਵੇਵ ਸੁ ਅੰਗ ਅਨੂਪਾ ॥ ੧੦੯ ॥**

ਜਿਸ ਦਾ ਪਰਛਾਵਾਂ ਹੀ ਸਾਰਾ ਜਗਤ ਭਾਸ ਰਿਹਾ ਹੈ, ਜੋ ਸਹਿਜੇ ਹੀ ਅਨੰਦ ਰੂਪ ਤੇ ਪ੍ਰਕਾਸ਼ ਜੋਤੀ ਹੈ। ਜੋ ਇਕ ਰਸ ਸ਼ਾਂਤਿ ਰੂਪ ਅਤੇ ਕਿਰਿਆ ਤੋਂ ਰਹਿਤ ਰੂਪ ਹੈ, ਜੋ ਅਵੇਵਾਂ (ਅੰਗਾਂ) ਤੋਂ ਰਹਿਤ ਹੈ, ਸੰਗ ਤੋਂ ਰਹਿਤ ਅਤੇ ਉਪਮਾ ਤੋਂ ਰਹਿਤ ਹੈ ॥ ੧੦੯ ॥

**ਦ੍ਵੈਤ ਅੰਧੇਰੋ ਦੂਰ ਮਿਟਾਇ ॥ ਜਾਂ ਮੇ ਮਿਲੈ ਮਮੋਖੀ ਜਾਇ ॥**
**ਤੱਤ ਗਯਾਨ ਤੇ ਪਾਵੇ ਮੋਖ ॥ ਪੁਰਖ ਪੁਰਾਤਨ ਹੈ ਨਿਰਦੋਖ ॥ ੧੧੦ ॥**

ਦਵੈਤ ਰੂਪ ਹਨੇਰਾ ਦੂਰ ਮਿਟ ਜਾਵੇ ਤਦ ਮੋਖ ਦੀ ਇਛ ਵਾਲਾ ਪੁਰਖ ਜਿਸ ਵਿਚ ਜਾ ਕੇ ਮਿਲਦਾ ਹੈ। (ਜਿਸ ਦੇ) ਤੱਤ ਗਿਆਨ ਤੋਂ ਪੁਰਸ਼ ਮੁਕਤੀ ਪਾਵੇਗਾ, ਉਹ ਸਨਾਤਮ ਪੁਰਖ ਦੋਖਾਂ ਤੋਂ ਰਹਿਤ ਹੈ ਇਸ ਤਰ੍ਹਾਂ ਨਾਲ ਮੈਂ ਪੁਰਖ ਦੇ ਰੂਪ ਦਾ ਵਰਣਨ ਕਰਾਂਗੀ, ਮੇਰਾ ਇਹੀ ਕੰਮ ਹੋਵੇਗਾ ॥ ੧੧੦ ॥

## ਚੌਪਈ ॥

**ਯਹੀ ਪੁਰਖ ਉਰ ਬ੍ਰਹਮ ਪਛਾਨੋ ॥ ਬ੍ਰਹਮ ਨ ਯਾਂਤੇ ਭਿੰਨ ਸੁ ਮਾਨੋ ॥**
**ਬਿਨਾ ਗਯਾਨ ਭਾਸੇ ਪੁਨ ਭੇਦ ॥ ਗਯਾਨ ਜਨਾਵੇ ਬ੍ਰਹਮ ਅਭੇਦ ॥ ੧੧੧ ॥**

ਹਿਰਦੇ ਵਿਚ ਇਹ ਪਛਾਣੋ ਕਿ ਇਹ ਪੁਰਖ ਹੀ ਬ੍ਰਹਮ ਹੈ, ਇਸ ਤੋਂ ਵਖਰਾ ਹੋਰ ਕਿਸੇ ਬ੍ਰਹਮ ਨੂੰ ਨਾ ਮੰਨੋ। (ਪਰ) ਗਿਆਨ ਤੋਂ ਬਿਨਾਂ ਹੋਣ ਕਰਕੇ ਪੁਰਖ ਤੇ ਬ੍ਰਹਮ ਦਾ ਭੇਦ ਪ੍ਰਤੀਤ ਹੁੰਦਾ ਹੈ, ਗਿਆਨ ਹੋ ਜਾਵੇ ਤਾਂ ਉਹ ਜੀਵ ਤੇ ਬ੍ਰਹਮ ਨੂੰ ਇਕ ਰੂਪ ਜਣਾ ਦੇਂਦਾ ਹੈ (ਮੈਂ ਜੀਵ-ਬ੍ਰਹਮ ਦੀ ਏਕਤਾ ਰੂਪ ਗਿਆਨ ਦਾ ਵਰਣਨ ਕਰਾਂਗੀ, ਇਹੀ ਮੇਰਾ ਕੰਮ ਹੋਵੇਗਾ) ॥ ੧੧੧ ॥

## ਚੌਪਈ ॥

**ਐਸੇ ਵਚਨ ਸੁ ਮੇ ਉਰ ਧਾਰ ॥ ਯਗ ਵਿਦਯਾ ਕੀਨ ਉਚਾਰ ॥**
**ਨਿਖਲ ਕ੍ਰਿਯਾ ਕੋ ਕਰਤਾ ਜੋਈ ॥ ਕੈਸੇ ਪੁਰਖ ਬ੍ਰਹਮ ਪੁਨ ਹੋਈ ॥ ੧੧੨ ॥**

ਮੇਰੇ ਇਸ ਤਰ੍ਹਾਂ ਦੇ ਬਚਨਾਂ ਨੂੰ ਹਿਰਦੇ ਵਿਚ ਵਸਾ ਕੇ ਯੱਗ ਵਿਦਯਾ ਨੇ ਮੈਨੂੰ ਪੁਛਿਆ। ਜੋ ਕੋਈ ਸਾਰੀਆਂ ਕਿਰਿਆਂ ਨੂੰ ਕਰਨ ਵਾਲਾ ਹੈ,ਉਹ ਪੁਰਖ ਫਿਰ ਬ੍ਰਹਮ ਕਿਵੇਂ ਹੋ ਸਕਦਾ ਹੈ ? (ਕਿਉਂਕਿ ਬ੍ਰਹਮ ਅਕ੍ਰੈ ਹੈ ਅਤੇ ਜੀਵ ਨਿਖਲ ਕ੍ਰਿਆ ਦਾ ਕਰਤਾ ਹੈ, ਪਰਸਪਰ ਵਿਰੋਧੀ ਧਰਮਵਾਨ ਹੋਣ ਕਰਕੇ ਦੋਵੇਂ ਇਕ ਰੂਪ ਕਿਵੇਂ ਹੋ ਸਕਦੇ ਹਨ ?) ॥ ੧੧੨ ॥

## ਚੌਪਈ ॥

**ਕ੍ਰਿਯਾ ਸੁਭਾਵ ਫਾਸੀ ਪਰਹਰੇ ॥ ਗਯਾਨ ਨ ਮੁਕਤਿ ਸੁ ਕਾਹੂ ਕਰੇ ॥**
**ਬੇਦ ਕਹੇ ਨਿਜ ਕਰਮ ਸੁ ਕਰੇ ॥ ਜੋ ਲੌ ਜੀਵੇ ਨਾਹਿ ਪਰਹਰੈ ॥ ੧੧੩ ॥**

ਫਿਰ ਤੂੰ ਕਿਹਾ ਹੈ, ਜੋ ਗਿਆਨ ਕਰਕੇ ਮੁਕਤੀ ਹੋਣੀ ਹੈ, ਇਹ ਭੀ ਠੀਕ ਨਹੀਂ, ਕਿਉਂਕਿ ਜੋ ਕ੍ਰਿਯਾ ਹੈ, ਫਾਂਸੀ ਨੂੰ ਦੂਰ ਕਰਨਾ ਹੀ ਉਸਦਾ ਸੁਭਾਵ ਹੈ (ਅਰਥਾਤ ਕਰਮਾਂ ਦੇ ਕਰਨ ਨਾਲ ਸੁਤੇ ਹੀ ਫਾਂਸੀ ਦੇ ਮਿਟ ਜਾਣ

Sri Satguru Jagjit Singh Ji Elibrary NamdhariElibrary@gmail.com

ਕਰਕੇ ਜੀਵ ਮੁਕਤ ਨਹੀਂ ਕਰ ਸਕਦਾ। ਇਸ ਲਈ ਤਾਂ) ਵੇਦ ਕਹਿੰਦਾ ਹੈ, ਪੁਰਸ਼ ਆਪਣੇ ਧਰਮ ਅਨੁਸਾਰ ਕਰਮ ਸਦਾ ਹੀ ਕਰੇ ਅਤੇ ਜਦ ਤਕ ਜੀਊਂਦਾ ਰਹੇ ਕਰਮਾਂ ਦਾ ਤਿਆਗ ਕਦੇ ਭੀ ਨਾ ਕਰੇ (ਕਿਉਂਕਿ ਕਰਮਾਂ ਦੇ ਕਰਨ ਕਰਕੇ ਹੀ ਪੁਰਸ਼ ਮੁਕਤ ਰੂਪ ਹੋ ਜਾਵੇਗਾ। ਮੋਖ ਦੀ ਪ੍ਰਾਪਤੀ ਵਾਸਤੇ ਜੋ ਤੂੰ ਗਿਆਨ ਦਾ ਹੋਣਾ ਕਿਹਾ ਹੈ, ਇਹ ਤੇਰਾ ਕਥਨ ਬਿਲਕੁਲ ਹੀ ਝੂਠਾ ਹੈ) ॥ ੧੧੩ ॥

**ਦੋਹਰਾ--ਤਾਂਤੇ ਤੇ ਗ੍ਰਹ ਰਾਖਣੇ ਸਰੇ ਨ ਮੇਰੋ ਕਾਜ॥**
**ਪਰ ਤੱਦਪਿ ਤੂੰ ਏਵ ਕਰ ਜਿਉਂ ਮਮ ਭਾਖੋਂ ਆਜ॥ ੧੧੪॥**

ਇਸ ਕਰਕੇ ਤੈਨੂੰ ਘਰ ਵਿਚ ਰਖਣ ਕਰਕੇ ਮੇਰਾ ਕੰਮ ਤੇਰੇ ਪਾਸੋਂ ਨਹੀਂ ਹੋ ਸਕੇਗਾ। ਪਰ ਤਦ ਭੀ ਤੂੰ ਇਸ ਤਰ੍ਹਾਂ ਕਰ, ਜਿਵੇਂ ਮੈਂ ਤੈਨੂੰ ਆਖਦੀ ਹਾਂ ॥ ੧੧੪ ॥

**ਦੋਹਰਾ-- ਕਰਤਾ ਔ ਪੁਨ ਭੋਗਤਾ ਪੁਰਖ ਜੁ ਅਹੇ ਬਿਸਾਲ॥**
**ਐਸੇ ਨਿਸ ਬਾਸਰ ਕਹੋ ਬਸੋ ਸੁ ਕਿੰਚਤ ਕਾਲ॥ ੧੧੫॥**

ਇਹ ਪੁਰਖ ਹੀ ਕਰਮਾਂ ਦੇ ਕਰਨ ਵਾਲਾ ਹੈ ਅਤੇ ਫਿਰ ਇਹੋ ਹੀ ਇਨ੍ਹਾਂ ਦਾ ਫਲ ਭੋਗਣ ਵਾਲਾ ਹੈ। ਇਸ ਤਰ੍ਹਾਂ ਦਾ ਉਪਦੇਸ਼ ਦਿਨੇ ਰਾਤ ਕਹਿੰਦੀ ਰਹੁ ਤਦ ਬੇਸ਼ਕ ਕੁਝ ਸਮਾਂ ਮੇਰੇ ਕੋਲ ਵਸ ॥ ੧੧੫ ॥

**ਦੋਹਰਾ--ਯਾ ਮੈਂ ਕਹੋ ਸੁ ਕੌਨ ਤਵ ਲਾਗਤ ਯਾ ਜਗ ਦੋਖ॥**
**ਯੌ ਸੁਨ ਰਾਇ ਬਿਬੇਕ ਪੁਨ ਬੋਲਯੋ ਧਾਰ ਸੁ ਰੋਖ॥ ੧੧੬॥**

ਜਾਂ ਇਸ ਦੇ ਕਹਿਣ ਵਿਚ ਦਸ ਤੈਨੂੰ ਜਗਤ ਵਿਚ ਕੀ ਪਾਪ ਲਗਦਾ ਹੈ ? ਏਨੀ ਗੱਲ ਸੁਣ ਕੇ ਬਿਬੇਕ ਰਾਜਾ ਕ੍ਰੋਧ ਧਾਰ ਕੇ ਕਹਿਣ ਲਗਾ ॥ ੧੧੬ ॥

**ਚੌਪਈ॥**

**ਅਹੋ ਯਗਨ ਕੋ ਧੂਮ ਸੁ ਕਾਰਾ॥ ਯੱਗ ਵਿਦਯਾ ਕੇ ਨੈਨ ਮਝਾਰਾ॥**
**ਤਾਂ ਕਰ ਮਲਣ ਦ੍ਰਿਸਟਿ ਵਹੁ ਭਈ॥ ਯੌ ਕੁਤਰਕ ਤਾਂਤੇ ਨਿਰਮਈ॥ ੧੧੭॥**

ਆਹਾ ! ਯੱਗਾਂ ਦਾ ਜੋ ਕਾਲਾ ਧੂੰਆਂ ਨਿਕਲਦਾ ਹੈ,ਯਗ ਵਿਦਯਾ ਦੀਆਂ ਅਖਾਂ ਵਿਚ (ਉਹ ਪੈਂਦਾ ਹੈ)। ਉਸੇ ਕਰਕੇ ਉਸਦੀ ਨਿਗਾਹ ਕਮਜ਼ੋਰ ਹੋ ਗਈ ਹੈ,ਇਸੇ ਕਰਕੇ ਉਸਨੇ ਇਹ ਕੁਤਰਕ ਪੈਦਾ ਕਰ ਲਈ ਹੈ।੧੧੭।

**ਯੱਗ ਵਿਦਯਾ ਹੈ ਨਿਰਬੁੱਧਿ ॥ ਈਸ਼ੁਰ ਪੁਰਖ ਅਕਰਤਾ ਸੁੱਧ॥**
**ਚੁੰਬਕ ਮਣਿ ਜਿਉਂ ਨਿਹਚਲ ਅਹੇ॥ ਤਾਂ ਸਮੀਪ ਲੋਹਾ ਕ੍ਰਿਤ ਗਹੇ॥ ੧੧੮ ॥**

ਯਗ ਵਿਦਯਾ ਅਕਲ ਤੋਂ ਹੀਣੀ ਹੈ, ਉਹ ਨਹੀਂ ਸਮਝਦੀ ਜੋ ਈਸ਼ਵਰ ਪੁਰਖ ਅਕਰਤਾ ਅਤੇ ਸੁਧ ਹੈ। ਜਿਵੇਂ ਚੁੰਬਕ ਮਣੀ ਅਚੱਲ ਹੁੰਦੀ ਹੈ, ਪਰ ਉਸਦੇ ਕੋਲ ਹੋਣ ਕਰਕੇ ਲੋਹਾ ਚੰਚਲਤਾ ਧਾਰ ਲੈਂਦਾ ਹੈ :।੧੧੮॥

**ਤਿਉਂ ਈਸ਼ੁਰ ਕੀ ਸੰਗਤ ਪਾਇ॥ ਮਾਇਆ ਲੇਵੇ ਨਿਖਲ ਉਪਾਇ॥**
**ਅਗਿਆਨ ਜਨਤ ਬੰਧਨ ਹੈ ਜੋਈ ॥ ਕੈਸੇ ਕਰਮ ਨਿਵਾਰੇ ਸੋਈ॥ ੧੧੯ ॥**

ਤਿਵੇਂ ਹੀ ਈਸ਼ਵਰ ਦੀ ਸੰਗਤ ਪਾ ਕੇ ਮਾਯਾ ਹੀ ਸਾਰੇ ਜਗਤ ਨੂੰ ਪੈਦਾ ਕਰ ਲੈਂਦੀ ਹੈ। ਜਿਹੜਾ ਬੰਧਨ ਅਗਿਆਨ ਤੋਂ ਪੈਦਾ ਹੋਇਆ ਹੈ, ਉਸ ਨੂੰ ਕਰਮ ਕਿਵੇਂ ਨਿਵਾਰ ਸਕਦਾ ਹੈ ? ॥ ੧੧੯ ॥

**ਤਮ ਜਿਉਂ ਤਮ ਕੋ ਦੂਰ ਨ ਕਰੇ॥ ਤਿਉਂ ਨਹਿ ਕਰਮ ਸੁ ਬੰਧਨ ਹਰੇ॥**

Sri Satguru Jagjit Singh Ji Elibrary NamdhariElibrary@gmail.com

**ਤਾਂਤੇ ਯੱਗ ਵਿਦਯਾ ਹੈ ਜੋਈ ॥ ਸੰਮਕ ਅਰਥ ਨ ਜਾਨੇ ਸੋਈ ॥ ੧੨੦ ॥**

ਜਿਵੇਂ ਹਨੇਰਾ ਹਨੇਰੇ ਨੂੰ ਦੂਰ ਨਹੀਂ ਕਰ ਸਕਦਾ, ਤਿਵੇਂ ਹੀ ਕਰਮ ਬੰਧਨਾਂ ਨੂੰ ਨਾਸ ਨਹੀਂ ਕਰ ਸਕਦਾ। ਇਸ ਕਰਕੇ ਜੋ ਯੱਗ ਵਿਦਯਾ ਹੈ, ਉਹ ਯਥਾਰਥ ਅਰਥ ਨੂੰ ਜਾਣ ਨਹੀਂ ਸਕਦੀ ॥ ੧੨੦ ॥

**ਦੋਹਰਾ—ਨੀਲ ਅੰਧੇਰੋ ਭਵਨ ਸਭ ਕਰੇ ਸੁ ਜਬ ਪਰਕਾਸ਼ ॥**
**ਤਬ ਬਿਨ ਗਿਆਨ ਸੁ ਕਰਮ ਤੇ ਹੋਵੇ ਬੰਧਨ ਨਾਸ ॥ ੧੨੧ ॥**

ਜੇਕਰ ਨੀਲਾ ਰੰਗ ਹਨੇਰੇ ਘਰ ਵਿਚ ਸਭ ਪਾਸੇ ਚਾਨਣ ਕਰ ਦੇਵੇਗਾ, ਤਦ ਤਾਂ ਗਿਆਨ ਤੋਂ ਬਿਨਾਂ ਕਰਮ ਭੀ ਬੰਧਨਾਂ ਨੂੰ ਨਾਸ ਕਰ ਦੇਵੇਗਾ। ਨੀਲ ਵਰਨ ਜਿਵੇਂ ਆਪ ਹਨੇਰਾ ਰੂਪ ਹੈ ਤੇ ਉਹ ਹਨੇਰੇ ਨੂੰ ਦੂਰ ਨਹੀਂ ਕਰ ਸਕਦਾ, ਇਵੇਂ ਹੀ ਕਰਮ ਆਪ ਹੀ ਬੰਧਨ ਨਾਸ ਨਹੀਂ ਕਰ ਸਕਦਾ ॥ ੧੨੧ ॥

**ਦੋਹਰਾ—ਬਿਨ ਆਤਮ ਕੇ ਗਿਆਨ ਤੇ ਮੁਕਤਿ ਪੰਥ ਨਹਿ ਆਨ ॥**
**ਐਸੇ ਬਦਨ ਸਰੋਜ ਤੇ ਕਰੇ ਸੁ ਬੇਦ ਬਖਾਨ ॥ ੧੨੨ ॥**

ਆਤਮਾ ਦੇ ਗਿਆਨ ਤੋਂ ਬਿਨਾਂ ਮੁਕਤੀ ਦਾ ਹੋਰ ਕੋਈ ਰਸਤਾ ਨਹੀਂ ਹੈ। ਇਸ ਤਰ੍ਹਾਂ ਵੇਦ ਭਗਵਾਨ ਆਪਣੇ ਕਮਲ ਮੁਖ ਤੋਂ ਉਚਾਰਨ ਕਰ ਰਿਹਾ ਹੈ ॥ ੧੨੨ ॥

ਤਥਾਚ ਸ਼੍ਰੁਤੀ ॥

"ਗਯਾਨਾਦੇਵ ਕੈਵਲਯੰ ਨਾਨਯ ਪੰਥਾ ਵਿਦਯਤੇ ਅਯਨਾਸ।"

(ਗਯਾਨਾਤ+ਏਵ ਕੈਵਲਯੰ ਨ+ਅਨਯ ਪੰਥਾ ਵਿਦਯਤੇ ਅਯਨਾਯ।) ਅਰਥਾਤ ਨਿਸਚੇ ਕਰਕੇ ਕੇਵਲ ਗਿਆਨ ਹੀ ਮੁਕਤੀ ਦਾ ਸਾਧਨ ਹੈ, ਇਸ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਜਾਣੀਦਾ।

**ਦੋਹਰਾ—ਕਹਯੋ ਪੁਰਖ ਉਪਨਿਖਦ ਕੋ ਬਹੁਰੋ ਕਹੋ ਬਿਚਾਰ ॥**
**ਯੱਗ ਵਿਦਯਾ ਤੋਹਿ ਕੋ ਕੈਸੇ ਕੀਨ ਉਚਾਰ ॥ ੧੨੩ ॥**

ਪੁਰਖ ਨੇ ਉਪਨਿਖਦ ਨੂੰ ਫੇਰ ਕਿਹਾ—ਮੈਨੂੰ ਉਹ ਵਿਚਾਰ ਦਸ ਕਿ ਯੱਗ ਵਿਦਯਾ ਨੇ ਤੈਨੂੰ ਫੇਰ ਕਿਸ ਤਰ੍ਹਾਂ ਕਿਹਾ ਸੀ ॥ ੧੨੩ ॥

ਉਪਨਿਖਦ ਉਵਾਚ ॥

**ਚੌਪਈ ॥**

**ਯੱਗ ਵਿਦਯਾ ਬਹੁਤ ਬਿਚਾਰ ॥ ਮੋਕੋ ਯਾ ਬਿਧ ਕੀਨ ਉਚਾਰ ॥**
**ਸਖੀ ਸੁ ਤੇਰੀ ਸੰਗਤ ਜੋਈ ॥ ਹਮਰੇ ਸਿਖ ਬਿਗਾਰੇ ਸੋਈ ॥ ੧੨੪ ॥**

ਯੱਗ ਵਿਦਯਾ ਨੇ ਫੇਰ ਵਿਚਾਰ ਕਰਕੇ ਮੈਨੂੰ ਇਸ ਤਰ੍ਹਾਂ ਕਥਨ ਕੀਤਾ—ਹੇ ਸਖੀ! ਜੋ ਤੇਰੀ ਸੰਗਤ ਹੈ, ਉਹ ਸਾਡੇ ਸੇਵਕਾਂ ਨੂੰ ਵਿਗਾੜ ਦੇਵੇਗੀ ॥ ੧੨੪ ॥

**ਦੋਹਰਾ—ਫਲ ਅਨਿੱਤ ਸੋ ਜਾਨ ਕੇ ਕਰੇ ਨ ਸਾਦਰ ਕਰਮ ॥**
**ਤੇਰੀ ਸੰਗਤ ਪਾਇ ਕੇ ਜਾਨੇ ਨਿਖਲ ਸੁ ਭਰਮ ॥ ੧੨੫ ॥**

(ਕਰਮਾਂ ਦੇ) ਫਲ ਰੂਪ ਸੁਰਗ ਸੁਖ ਨੂੰ ਅਨਿੱਤ ਜਾਣ ਕੇ ਸਤਿਕਾਰ ਨਾਲ ਕਰਮ ਨਹੀਂ ਕਰਨਗੇ। (ਕਿਉਂਕਿ) ਤੇਰੀ ਸੰਗਤ ਨੂੰ ਪਾ ਕੇ, ਉਹ ਸਾਰੇ ਕਰਮ ਤੇ ਉਨ੍ਹਾਂ ਦੇ ਫਲ ਰੂਪ ਸਵਰਗ ਇਨ੍ਹਾਂ ਸਭਨਾਂ ਨੂੰ ਭਰਮ ਸਰੂਪ ਜਾਣ ਲੈਣਗੇ ॥ ੧੨੫ ॥

Sri Satguru Jagjit Singh Ji Elibrary NamdhariElibrary@gmail.com

**ਦੋਹਰਾ–ਤਾਂਤੇ ਵਾਂਛਤ ਦੇਸ ਕੋ, ਗਮਨ ਕਰੋ ਤਤਕਾਲ ॥**
**ਤਬ ਮੈ ਤਾਂਕੋ ਛੋਡ ਕੇ ਚਾਲੀ ਬਹੁਰ ਉਤਾਲ ॥ ੧੨੬ ॥**

ਇਸ ਕਰਕੇ ਜਿਧਰ ਤੇਰੀ ਇਛਾ ਹੋਵੇ, ਛੇਤੀ ਨਾਲ ਉਸੇ ਦੇਸ ਨੂੰ ਚਲੀ ਜਾਹ। ਮੈਂ ਫਿਰ ਉਨ੍ਹਾਂ ਨੂੰ ਛਡ ਕੇ ਛੇਤੀ ਨਾਲ ਓਥੋਂ ਅਗਾਂਹ ਤੁਰ ਪਈ। ੧੨੬।

**ਦੋਹਰਾ–ਕਰਮ ਕਾਂਡ ਕੀ ਸਹਚਰੀ ਪਿਖੀ ਮੀਮਾਂਸਾ ਜਾਇ ॥**
**ਬਹੁਰ ਪ੍ਰਕਾਰ ਭਾਖੇ ਕਰਮ ਬਹੁ ਅਧਿਕਾਰੀ ਪਾਇ ॥ ੧੨੭ ॥**

(ਉਥੋਂ ਤੁਰ ਕੇ ਅਗੇ ਗਈ ਤਾਂ ਫਿਰ ਮੈਂ) ਕਰਮ ਕਾਂਡ ਦੀ ਸਹੇਲੀ ਜੋ ਮਿਮਾਂਸਾ ਹੈ,ਉਸਨੂੰ ਜਾ ਵੇਖਿਆ। ਉਹ ਮੱਤ ਦੇ ਬਹੁਤ ਸਾਰੇ ਅਧਕਾਰੀਆਂ ਨੂੰ ਪਾ ਕੇ ਅਨੇਕ ਤਰ੍ਹਾਂ ਦੇ ਕਰਮਾਂ ਦਾ ਵਰਣਨ ਕਰ ਰਹੀ ਸੀ॥੧੨੭॥

**ਦੋਹਰਾ–ਤਬ ਮੈਂ ਕਹਯੋ ਸਮੀਪ ਤਵ ਵਸੋਂ ਸੁ ਕਿੰਚਤ ਕਾਲ ॥**
**ਤਬ ਉਨ ਕਹਯੋ ਸੁ ਕਰਮ ਮੁਹਿ ਭਾਖੋ ਸਖੀ ਬਿਸਾਲ ॥ ੧੨੮ ॥**

ਹੇ ਦੇਵ ! ਜਦ ਮੈਂ ਉਸ ਨੂੰ ਉਪਦੇਸ਼ ਕਰਦੇ ਹੋਇਆਂ ਵੇਖਿਆ ਤਦ ਮੈਂ ਉਸ ਨੂੰ ਕਿਹਾ–ਮੈਂ ਕੁਝ ਕੁ ਸਮਾਂ ਤੇਰੇ ਕੋਲ ਰਹਿਣਾ ਚਾਹੁੰਦੀ ਹਾਂ ? (ਤਦ ਫਿਰ ਉਸ ਨੇ ਮੈਨੂੰ ਕਿਹਾ–ਹੇ ਬਜ਼ੁਰਗ ਸਖੀ ! ਤੂੰ ਜੋ ਕੰਮ ਕਰਿਆ ਕਰੇਂਗੀ) ਉਹ ਮੈਨੂੰ ਦਸ ॥ ੧੨੮ ॥

**ਚੌਪਈ ॥**

**ਤਬ ਮੈਂ ਕਹਯੋ ਪੁਰਖ ਕੋ ਰੂਪ ॥ ਮੈਂ ਭਾਖੋਂਗੀ ਪਰਮ ਅਨੂਪ ॥**
**ਨਿਜ ਸਿਖਨ ਕੇ ਬਦਨ ਨਿਹਾਰ ॥ ਬਹੁਰ ਮਿਮਾਂਸਾ ਕੀਨ ਉਚਾਰ ॥ ੧੨੯ ॥**

(ਜਦ ਉਸ ਨੇ ਮੇਰੇ ਪਾਸੋਂ ਪੁਛਿਆ) ਤਦ ਮੈਂ ਕਿਹਾ–ਜੋ ਪਰਮ ਅਨੂਪ ਪੁਰਖ ਹੈ, ਮੈਂ ਉਸ ਦੇ ਰੂਪ ਦਾ ਵਰਣਨ ਕਰਿਆ ਕਰਾਂਗੀ। ਮੇਰੀ ਇਹ ਗੱਲ ਸੁਣ ਕੇ ਫਿਰ ਮਿਮਾਂਸਾ ਵਿਦਯਾ ਆਪਣੇ ਚੇਲਿਆਂ ਦੇ ਮੂੰਹ ਵਲ ਵੇਖ ਕੇ ਇਸ ਤਰ੍ਹਾਂ ਕਹਿਣ ਲਗੀ ॥ ੧੨੯ ॥

**ਚੌਪਈ ॥**

**ਫਲ ਉਪਭੋਗ ਜੋਗ ਹੈ ਜੋਈ ॥ ਪੁਰਖ ਬਖਾਨੇਗੀ ਯਹਿ ਸੋਈ ॥**
**ਕਰੋ ਕਰਮ ਇਮ ਤਾਂਹਿ ਉਚਾਰਿਓ॥ਤਬ ਤਾਂ ਸਿਖ ਅਨਮੋਦਨ ਧਾਰਿਓ॥੧੩੦॥**

ਨੋਟ–ਜਦ ਉਪਨਿਖਦ ਨੇ ਇਹ ਕਿਹਾ ਕਿ ਮੈਂ ਧਰਮ ਪੁਰਖ ਦਾ ਰੂਪ ਵਰਣਨ ਕਰਾਂਗੀ ਤਦ ਮਿਮਾਂਸਾ ਵਿਦਿਆ ਉਪਨਿਖਦ ਦੇ ਕਥਨ ਨੂੰ ਆਪਣੇ ਸਿਧਾਂਤ ਦੀ ਪੁਸ਼ਟੀ ਵਾਸਤੇ ਹੀ ਆਪਣੇ ਸੇਵਕਾਂ ਨੂੰ ਸੰਬੋਧਨ ਕਰਕੇ ਕਹਿਣ ਲਗੀ–

ਜੋ ਕਰਮ ਕੀਤੇ ਜਾਂਦੇ ਹਨ, ਉਨ੍ਹਾਂ ਦੇ ਫਲ ਭੋਗਣ ਨੂੰ ਜੋ ਸਮਰਥ ਹੈ, ਇਹ (ਉਪਨਿਖਦ ਭੀ) ਉਸੇ ਪੁਰਖ ਦਾ ਵਰਣਨ ਕਰੇਗੀ (ਅਰਥਾਤ ਜੋ ਕਰਤਾ ਤੇ ਭੋਗਤਾ ਹੈ ਉਸੇ ਦਾ ਨਾਮ ਉਪਨਿਖਦ ਨੇ ਪੁਰਖ ਕਿਹਾ ਹੈ)। ਇਸ ਕਰਕੇ ਹੇ ਸੇਵਕੋ ! ਤੁਸੀਂ ਸਦਾ ਹੀ ਕਰਮ ਕਰੋ, (ਵੇਖੋ ਉਪਨਿਖਦ ਦਾ ਭੀ ਏਹੋ ਮੱਤ ਹੈ। ਮੀਮਾਂਸਕ ਨੇ ਜਦ) ਇਸ ਤਰ੍ਹਾਂ ਕਿਹਾ, ਤਦ ਉਸ ਦੇ ਸੇਵਕਾਂ ਨੇ (ਅਨਮੋਦਨ) ਬੜੀ ਖੁਸ਼ੀ ਪ੍ਰਾਪਤ ਕੀਤੀ ਅਰਥਾਤ ਉਹ ਸਾਰੇ ਹੀ ਖੁਸ਼ ਪ੍ਰਸੰਨ ਹੋ ਗਏ ॥ ੧੩੦ ॥

Sri Satguru Jagjit Singh Ji Elibrary NamdhariElibrary@gmail.com

**ਚੌਪਈ॥**

**ਤਬ ਤਾਂ ਸਿਖ ਏਕ ਥੋ ਜੋਈ ॥ ਮਿਮਾਂਸਾ ਕੋ ਰਿਦ ਅੰਗਮ ਸੋਈ॥**
**ਨਾਮ ਕੁਮਾਰਲ ਸੁਾਮੀ ਵਾਂਕੋ ॥ ਕਰ ਬਿਚਾਰ ਤਿਨ ਭਾਖਯੋ ਤਾਂਕੋ ॥ ੧੩੧॥**

(ਜਦ ਮੀਮਾਂਸਾ ਨੇ ਇਸ ਤਰ੍ਹਾਂ ਕਰਮਾਂ ਦੀ ਪੁਸ਼ਟੀ ਵਾਸਤੇ ਹੀ ਉਪਨਿਖਦ ਦਾ ਮੱਤ ਵਰਣਨ ਕੀਤਾ) ਤਦ ਉਸ ਦਾ ਇਕ ਸਿਖ ਜੋ ਉਸ ਦੇ ਕੋਲ ਬੈਠਾ ਸੀ ਅਤੇ ਉਹ ਮੀਮਾਂਸਾ ਦੇ ਮਨ ਨੂੰ ਬਹੁਤ ਹੀ ਪਿਆਰਾ ਸੀ। ਉਸ ਦਾ ਨਾਮ 'ਕੁਮਾਰਲ ਸਵਾਮੀ' ਸੀ, ਉਹ ਕੁਝ ਕੁ ਵਿਚਾਰ ਕਰਕੇ ਮੀਮਾਂਸਾ ਨੂੰ ਕਹਿਣ ਲਗਾ ॥ ੧੩੧ ॥

**ਚੌਪਈ॥**

**ਕਰਮਨ ਫਲ ਉਪਭੁਗਤਾ ਜੋਈ॥ਉਪਨਿਖਦ ਕਹਿ ਨਹਿ ਆਤਮ ਸੋਈ॥**
**ਕਿੰਤੁ ਅਹੇ ਅਕਰਤਾ ਸੋਇ ॥ ਭੁਗਤਾ ਨਾਂਹਿ ਕਦਾਚਿਤ ਹੋਇ ॥ ੧੩੨ ॥**
**ਐਸੇ ਆਤਮ ਰੂਪ ਸੁ ਜੋਈ॥ ਕਰਮ ਉਪਜੋਗ ਕਰੇ ਨਹਿ ਸੋਈ ॥**
**ਬਹੁਰੋ ਬੋਲਯੋ ਅਪਰ ਬਿਚਾਰ ॥ ਜਿਉਂ ਹੈ ਤਿਉਂ ਮਮ ਕਰੋ ਉਚਾਰ ॥ ੧੩੩ ॥**

ਹੇ ਸਵਾਮੀ! ਕਰਮਾਂ ਦਾ ਫਲ ਜੋ ਨੇੜੇ ਹੋ ਕੇ ਭੋਗਣ ਵਾਲਾ ਹੈ ਉਪਨਿਖਦ ਉਸ ਨੂੰ ਆਤਮਾ (ਪੁਰਖ) ਨਹੀਂ ਕਹੇਗੀ। ਉਪਨਿਖਦ ਕਹਿੰਦੀ ਹੈ ਕਿ ਜੋ ਕਰਮਾਂ ਦਾ ਫਲ ਭੋਗਣ ਵਾਲਾ ਹੈ,ਉਹ ਆਤਮਾ ਨਹੀਂ ਹੈ,ਸਗੋਂ ਉਹ ਕਹਿੰਦੀ ਹੈ ਕਿ (ਆਤਮਾ)ਅਕਰਤਾ ਹੈ। (ਜੋ ਅਕਰਤਾ ਹੈ) ਉਹ ਭੋਗਤਾ ਕਦੇ ਨਹੀਂ ਹੋ ਸਕਦਾ(ਅਰਥਾਤ ਉਪਨਿਖਦ ਦੇ ਮੱਤ ਅਨੁਸਾਰ ਆਤਮਾ ਅਕਰਤਾ ਤੇ ਅਭੋਗਤਾ ਹੈ ਅਤੇ ਇਸੇ ਹੀ ਸਿਧਾਂਤ ਨੂੰ ਉਹ ਕਹੇਗੀ ਤੇ ਕਹਿੰਦੀ ਹੈ)। ਇਸ ਤਰ੍ਹਾਂ ਦਾ ਨਿਰਵਿਕਾਰ ਰੂਪ ਜੋ ਆਤਮਾ ਹੈ ਉਹ ਕਰਮਾਂ ਦੇ ਕਰਨ ਜੋਗ ਤੇ ਫਲ ਭੋਗਣ ਜੋਗ ਨਹੀਂ ਹੋ ਸਕਦਾ (ਅਰਥਾਤ ਆਤਮਾ ਨਾ ਕਰਮ ਕਰਦਾ ਹੈ ਤੇ ਨਾ ਹੀ ਉਸ ਦੇ ਫਲ ਨੂੰ ਭੋਗਦਾ ਹੈ) ॥੧੩੨।

(ਕੁਮਾਰਲ ਸਵਾਮੀ ਪਾਸੋਂ ਇਸ ਤਰ੍ਹਾਂ ਸੁਣਕੇ) ਫਿਰ ਇਕ ਹੋਰ (ਮੀਮਾਂਸਾ ਦਾ ਚੇਲਾ) ਕਹਿਣ ਲਗਾ- ਇਹ ਵਿਚਾਰ ਜਿਸ ਤਰ੍ਹਾਂ ਹੈ, ਮੈਂ ਉਸ ਤਰ੍ਹਾਂ ਵਰਣਨ ਕਰਦਾ ਹਾਂ ॥ ੧੩੩ ॥

**ਚੌਪਈ॥**

**ਪੁਰਖ ਦੋਇ ਜਗ ਭੀਤਰ ਗਾਏ ॥ ਏਕ ਜੀਵ ਇਕ ਈਸ਼ ਬਤਾਏ ॥**
**ਮੋਹ ਅੰਧੇਰੇ ਜੀਵ ਦਬਾਯੋ ॥ ਈਸੁਰ ਸਗਲ ਸੁ ਸਾਖੀ ਗਾਯੋ ॥ ੧੩੪ ॥**

ਜਗਤ ਵਿਚ ਪੁਰਖ ਦੋ ਕਹੇ ਜਾਂਦੇ ਹਨ,ਇਕ ਦਾ ਨਾਮ ਜੀਵ ਤੇ ਦੂਜੇ ਦਾ ਨਾਮ ਈਸੁਰ ਦਸਿਆ ਜਾਂਦਾ ਹੈ। ਅਗਿਆਨ ਦੇ ਹਨੇਰੇ ਨੇ ਜੀਵ ਨੂੰ ਦਬਾ ਲਿਆ ਹੈ ਅਤੇ ਈਸ਼ਵਰ ਨੂੰ ਸਾਰਿਆਂ ਦਾ ਸਾਖੀ ਕਿਹਾ ਜਾਂਦਾ ਹੈ (ਇਸ ਦਾ ਭਾਵ ਇਹ ਕਿ ਮਲਿਣ ਸਤੁ ਗੁਣ ਪ੍ਰਧਾਨ ਅਵਿਦਯਾ ਜੀਵ ਦੀ ਉਪਾਧੀ ਹੈ, ਇਸ ਕਾਰਨ ਕਰਕੇ ਜੀਵ ਨੂੰ ਆਪਣਾ ਸਰੂਪ ਭੁਲ ਗਿਆ ਹੈ ਅਤੇ ਸੁਧ ਸੱਤੁ ਗੁਣ ਪ੍ਰਧਾਨ ਮਾਯਾ ਈਸ਼ਵਰ ਦੀ ਉਪਾਧੀ ਹੈ, ਇਸ ਕਾਰਨ ਕਰਕੇ ਈਸ਼ਵਰ ਨੂੰ ਆਪਣਾ ਸਰੂਪ ਨਹੀਂ ਭੁਲਾ) ॥ ੧੩੪ ॥

**ਚੌਪਈ॥**

**ਵਾਂਛੇ ਕਰਮ ਜੀਵ ਸੁ ਜੇਤੇ ॥ ਈਸ਼ੁਰ ਦੇਵੇ ਤਾਂਕੋ ਤੇਤੇ ॥**
**ਜੀਵ ਕਰਮ ਮੇ ਹੈ ਅਧਿਕਾਰੀ ॥ ਈਸ ਅਕਰਤਾ ਬੇਦ ਉਚਾਰੀ ॥ ੧੩੫ ॥**

**ਕਲਪਤ ਬੰਧ ਜੀਵ ਮੈ ਅਹੇ ॥ ਨਿੱਤ ਮੁਕਤ ਪਰਮੇਸ਼ਰ ਕਹੇ॥**
**ਸੁਨ ਬਿਬੇਕ ਭੂਪਤਿ ਹਰਖਾਨੇ॥ ਸਾਧ ਸਾਧ ਮੁਖ ਮਾਂਹਿ ਬਖਾਨੇ॥੧੩੬॥**

ਜੀਵ ਜਿੰਨੇ ਭੀ ਕਰਮਾਂ ਦੇ ਫਲ ਦੀ ਇਛਾ ਕਰਦਾ ਹੈ,ਈਸ਼ਵਰ ਉਸਨੂੰ ਓਨੇ ਹੀ ਫਲ ਦੇਂਦਾ ਹੈ। ਜੀਵ ਕਰਮਾਂ ਦੇ ਕਰਨ ਦਾ ਅਧਿਕਾਰੀ (ਅਰਥਾਤ ਜੀਵ ਕਰਮਾਂ ਨੂੰ ਕਰਨ ਦਾ ਹੱਕਦਾਰ ਹੈ, ਪਰ) ਈਸ੍ਵਰ ਕਰਮਾਂ ਦੇ ਕਰਨ ਦਾ ਅਧਿਕਾਰੀ ਨਹੀਂ ਹੈ ਇਸ ਤਰ੍ਹਾਂ ਵੇਦ ਦਾ ਕਥਨ ਹੈ॥੧੩੫॥ ਜੀਵ ਵਿਚ ਏਹੋ ਕਲਪਤ ਬੰਧਨ ਪਏ ਹੋਏ ਹਨ (ਅਰਥਾਤ ਜੀਵ ਨੂੰ ਆਪਣਾ ਸਰੂਪ ਭੁਲ ਚੁਕਾ ਹੈ, ਜਿਵੇਂ ਕੋਈ ਰੱਸੀ ਨੂੰ ਸਪ ਸਮਝ ਕੇ ਰੱਸੀ ਤੋਂ ਡਰ ਮੰਨ ਕੇ ਖਲੋ ਰਹਿੰਦਾ ਹੈ, ਇਵੇਂ ਹੀ ਜੀਵ ਨੇ ਆਪਣੇ ਆਪ ਨੂੰ ਬਝਾ ਹੋਇਆ ਸਮਝ ਛਡਿਆ ਹੈ। ਇਹ ਕਲਪਨਾ ਰੂਪ ਬੰਧਨ ਜੀਵ ਦੇ ਗਲ ਵਿਚ ਪਏ ਹੋਏ ਹਨ) ਈਸ਼ਵਰ ਸਦਾ ਹੀ ਮੁਕਤ ਰੂਪ ਕਿਹਾ ਜਾਂਦਾ ਹੈ। ਇਹ ਵਿਚਾਰ ਸੁਣਕੇ ਬਿਬੇਕ ਰਾਜਾ ਖੁਸ਼ ਹੋ ਗਿਆ ਤੇ ਮੂੰਹੋਂ ਸ਼ਾਬਾਸ਼! ਸ਼ਾਬਾਸ਼! ਕਹਿਣ ਲਗ ਪਿਆ॥੧੩੬॥

**ਚੌਪਈ॥**

**ਹੋਵੈ ਭਲਾ ਸੁ ਦੀਰਘ ਆਯੋ॥ ਜਾਨੇ ਯਾ ਬਿਧਿ ਅਰਥ ਅਲਾਯੋ॥**
**ਦੋਨ ਸੁਪਰਣ ਬੇਦ ਮੈ ਗਾਏ ॥ ਰਹੇ ਇਕਠੇ ਸਖਾ ਬਤਾਏ॥੧੩੭॥**
**ਸਮਾਨ ਬ੍ਰਿਖ ਮੈ ਕੀਨ ਸੁ ਬਾਸਾ॥ ਏਕ ਖਾਇ ਫਲ ਏਕ ਉਦਾਸਾ॥**
**ਬਹੁਰ ਪੁਰਖ ਉਪਨਿਖਦ ਅਲਾਯੋ॥ ਕਹੁ ਮਾਤ ਤਹਿ ਬਹੁਰ ਸੁ ਭਾਯੋ॥੧੩੮॥**

ਉਸ ਦਾ ਭਲਾ ਹੋਵੇ ਤੇ ਵਡੀ ਉਮਰਾ ਹੋਵੇ, ਜਿਸ ਨੇ ਇਸ ਤਰ੍ਹਾਂ ਦਾ ਅਰਥ ਕਿਹਾ ਹੈ। ਵੇਦ ਵਿਚ ਭੀ ਇਸ ਤਰ੍ਹਾਂ ਕਿਹਾ ਹੈ, ਕਿ ਦੋ (ਸੁਪਰਣ) ਪੰਛੀ ਹਨ, ਜੋ ਸਦਾ ਇਕਠੇ ਰਹਿੰਦੇ ਹਨ ਅਤੇ ਦੋਵੇਂ ਆਪੋ ਵਿਚ ਪਰਮ ਮਿਤ੍ਰ ਦਸੇ ਜਾਂਦੇ ਹਨ॥੧੩੭॥ ਇਕ ਬ੍ਰਿਛ ਉਤੇ ਇਕੋ ਜਗ੍ਹਾ ਤੇ ਵਾਸਾ ਰਖਦੇ ਹਨ,ਇਕ ਤਾਂ ਫਲ ਖਾਂਦਾ ਹੈ ਅਤੇ ਦੂਜਾ (ਫਲਾਂ ਦੇ ਖਾਣ ਵਲੋਂ) ਉਦਾਸ ਰਹਿੰਦਾ ਹੈ ਅਰਥਾਤ ਸਰੀਰ ਬ੍ਰਿਛ ਹੈ,ਜੀਵ ਤੇ ਈਸ਼੍ਵਰ ਦੋ ਪੰਛੀ ਹਨ, ਜੀਵ ਪੰਛੀ ਕਰਮਾਂ ਦਾ ਫਲ ਭੋਗਦਾ ਹੈ, ਪਰ ਈਸ਼੍ਵਰ ਫਲ ਭੋਗਨ ਤੋਂ ਉਦਾਸ ਰਹਿੰਦਾ ਹੈ। ਫੇਰ ਪੁਰਖ ਨੇ ਉਪਨਿਖਦ ਨੂੰ ਕਿਹਾ–ਹੇ ਮਾਤਾ! ਦਸ, ਫੇਰ ਉਸ ਮੀਮਾਂਸਾ ਨੂੰ ਕੀ ਕੁਝ ਚੰਗਾ ਲਗਾ? ॥੧੩੮॥

**ਚੌਪਈ॥**

**ਸੁਨ ਸਿਖਨ ਕੋ ਏਹੁ ਬਿਚਾਰ॥ ਮਿਮਾਂਸਾ ਮੋ ਪ੍ਰਤਿ ਕੀਨ ਉਚਾਰ॥**
**ਜਹਿ ਇਛਾ ਤਹਿ ਕੀਜੈ ਗੌਨ ॥ ਲਾਇਕ ਨਾਹਿ ਹਮਾਰੇ ਭੌਨ॥ ੧੩੯॥**

ਆਪਣੇ ਚੇਲਿਆਂ ਪਾਸੋਂ ਇਹ ਵਿਚਾਰ ਸੁਣ ਕੇ ਮਿਮਾਂਸਾ ਨੇ ਮੈਨੂੰ ਕਿਹਾ–ਤੇਰੀ ਜਿਥੇ ਇਛਾ ਹੋਵੇ, ਉਥੇ ਚਲੀ ਜਾਹ, ਤੂੰ ਮੇਰੇ ਘਰ ਵਿਚ ਰਹਿਣ ਦੇ ਲਾਇਕ ਨਹੀਂ ਹੈਂ॥ ੧੩੯॥

**ਚੌਪਈ॥**

**ਮੀਮਾਂਸਾ ਤੇ ਮੈਂ ਚਲੀ ਅਗਾਰੀ॥ ਤਰਕ ਵਿਦਯਾ ਔਰ ਨਿਹਾਰੀ॥**
**ਬਹੁਤੇ ਸਿਖ ਸੁ ਸੰਗ ਸੁਹਾਏ ॥ ਸੇਵਤ ਤਾਂਹਿ ਨਿਰੰਤਰ ਪਾਏ॥੧੪੦॥**

ਮੈਂ ਫਿਰ ਮੀਮਾਂਸਾ ਪਾਸੋਂ ਅਗੇ ਨੂੰ ਚਲੀ ਗਈ ਤਾਂ ਇਕ ਹੋਰ ਜਗ੍ਹਾ ਤੇ ਜਾਕੇ 'ਤਰਕ ਵਿਦਯਾ' ਵੇਖੀ। ਉਸਦੇ ਨਾਲ ਭੀ ਬਹੁਤ ਸਾਰੇ ਸੇਵਕ ਸੋਭਾ ਪਾ ਰਹੇ ਸਨ,ਜੋ ਸਦਾ ਹੀ ਉਸਦੇ ਚਰਨਾਂ ਦੀ ਸੇਵਾ ਕਰਦੇ ਸਨ।੧੪੦

Sri Satguru Jagjit Singh Ji Elibrary NamdhariElibrary@gmail.com

## ਚੌਪਈ॥

**ਧਨ ਕੀ ਇਛਾ ਉਰ ਮੈਂ ਧਾਰ ॥ ਬੈਠੀ ਭੂਪਤਿ ਸਭਾ ਮਝਾਰ ॥**
**ਜਲਪ ਵਿਤੰਡਾ ਵਾਦ ਵਿਸਾਲ ॥ ਛਲ ਨਿਗ੍ਰਹ ਬਹੁ ਕਰੇ ਕਰਾਲ ॥੧੪੧॥**

(ਜੋ) ਹਿਰਦੇ ਵਿਚ ਧਨ ਦੀ ਇਛਾ ਧਾਰ ਕੇ ਰਾਜੇ ਦੀ ਸਭਾ ਵਿਚ ਬੈਠੀ ਹੋਈ ਸੀ। ਜਲਪ, ਵਿਤੰਡਾ, ਵਾਦ, ਛਲ ਤੇ ਨਿਗ੍ਰਹ (ਆਦਿਕ) ਬਹੁਤ ਡਰੋਣੇ ਕਰਮ ਕਰ ਰਹੀ ਸੀ॥ ੧੪੧ ॥

ਪ੍ਰਸ਼ਨ-ਜਲਪ ਕੀ ਹੁੰਦਾ ਹੈ ?

ਉੱਤਰ-ਆਪਣੇ ਪੱਖ ਦੀ ਸਿਧੀ ਵਾਸਤੇ ਦੂਸਰੇ ਦੇ ਪੱਖ ਨੂੰ ਖੰਡਨ ਕਰਨ ਦਾ ਨਾਮ ਜਲਪ ਹੈ।

ਪ੍ਰਸ਼ਨ-ਵਿਤੰਡਾ ਕੀ ਹੈ ?

ਉੱਤਰ-ਜਿਸ ਕਥਨ ਵਿਚ ਅਗਲੇ ਦਾ ਮੱਤ ਖੰਡਨ ਹੁੰਦਾ ਜਾਏ,ਆਪਣਾ ਮੱਤ ਭਾਵੇਂ ਸਿਧ ਨਾ ਭੀ ਹੋਵੇ, ਉਸ ਨੂੰ ਸਿਧ ਕਰਨ ਦੀ ਲੋੜ ਕੋਈ ਨਹੀਂ, ਕੇਵਲ ਦੂਜੇ ਦੇ ਮੱਤ ਨੂੰ ਖੰਡਨ ਕਰੀ ਜਾਣ ਦਾ ਨਾਮ ਵਿਤੰਡਾ ਹੈ।

ਪ੍ਰਸ਼ਨ-ਵਾਦ ਕਿਸ ਨੂੰ ਕਹਿੰਦੇ ਹਨ ?

ਉੱਤਰ-ਜਿਵੇਂ ਮਖਣ ਦੀ ਪ੍ਰਾਪਤੀ ਵਾਸਤੇ ਦੁਧ ਰਿੜਕਿਆ ਜਾਂਦਾ ਹੈ, ਤਿਵੇਂ ਸੱਚ ਝੂਠ ਦਾ ਨਿਤਾਰਾ ਕਰਨ ਰੂਪ ਚਰਚਾ ਕਰਨੀ, ਚਰਚਾ ਕਰਨ ਵੇਲੇ ਕਿਸੇ ਪੱਖ ਪਾਤ ਵਿਚ ਨਾ ਪੈਣਾ, ਕੇਵਲ ਸੱਚ ਦੀ ਪ੍ਰਾਪਤੀ ਵਾਸਤੇ ਜੋ ਸ਼ਾਂਤਿ ਚਿਤ ਹੋ ਕੇ ਵਿਚਾਰ ਕਰਨੀ ਹੈ, ਉਸ ਦਾ ਨਾਮ ਵਾਦ ਹੈ।

ਪ੍ਰਸ਼ਨ-ਛਲ ਕਿਸ ਨੂੰ ਕਹਿੰਦੇ ਹਨ ?

ਉੱਤਰ-ਛਲ ਦੋ ਤਰ੍ਹਾਂ ਦਾ ਹੁੰਦਾ ਹੈ-(੧) ਅਰਥ ਛਲ ਤੇ (੨) ਵਾਕ ਛਲ। ਆਪਣੇ ਵਿਰੋਧੀ ਪੱਖ ਵਾਲੇ ਦੇ ਪ੍ਰਮਾਣ ਰੂਪ ਵਾਕ ਦੇ ਅਰਥ ਨੂੰ ਅਜਿਹਾ ਕਰਨਾ ਜਿਸ ਨਾਲ ਆਪਣਾ ਪੱਖ ਸਿੱਧ ਹੋਵੇ ਅਤੇ ਉਸ ਦਾ ਪੱਖ ਖੰਡਨ ਹੋ ਜਾਵੇ, ਇਸ ਦਾ ਨਾਮ ਅਰਥ ਛਲ ਹੈ। ਵਾਕ ਛਲ ਉਹ ਹੁੰਦਾ ਹੈ ਕਿ ਇਸ ਤਰ੍ਹਾਂ ਦੇ ਮੋਹਮਲ ਜਾਂ ਵਾਕ (ਸ਼ਬਦ) ਵਰਤਣੇ, ਜਿਨ੍ਹਾਂ ਸ਼ਬਦਾਂ ਦੇ ਕਈ ਕਈ ਅਰਥ ਨਿਕਲ ਸਕਦੇ ਹੋਣ। ਉਨ੍ਹਾਂ ਵਾਕਾਂ ਨਾਲ ਆਪਣਾ ਪੱਖ ਸਿਧ ਕਰੀ ਜਾਣਾ, ਅਰਥ ਭਾਵੇਂ ਉਸ ਦੇ ਕੁਝ ਹੋਰ ਹੀ ਹੋਣ, ਅਰਥਾਂ ਵਲ ਵੇਖਣਾ ਹੀ ਨਹੀਂ। ਇਸ ਦਾ ਨਾਮ ਵਾਕ ਛਲ ਹੈ।

ਪ੍ਰਸ਼ਨ-ਨਿਗ੍ਰਹ ਕਿਸ ਨੂੰ ਕਹਿੰਦੇ ਹਨ ?

ਉੱਤਰ-ਝੂਠੇ ਹਠ ਦਾ ਨਾਮ ਨਿਗ੍ਰਹ ਹੈ। ਇਹ ਗੱਲ ਚਿਤ ਵਿਚ ਜਾਣ ਲੈਣੀ ਜੋ ਮੇਰਾ ਪਖ ਝੂਠਾ ਹੈ, ਪਰ ਫੇਰ ਭੀ ਹਠ ਨਾ ਹਾਰਨਾ, ਇਸ ਦਾ ਨਾਮ ਨਿਗ੍ਰਹ ਹੈ।

## ਚੌਪਈ॥

**ਸਾਂਖ ਵਿਦਯਾ ਬਹੁਰ ਨਿਹਾਰੀ ॥ ਬੈਠੀ ਲਾਂਬੀ ਭੁਜਾ ਪਸਾਰੀ ॥**
**ਪੁਰਖਨ ਕੋ ਬਹੁ ਭੇਖ ਬਖਾਨੇ ॥ ਤੱਤਨ ਕੀ ਗਣਨਾ ਉਰ ਠਾਨੇ ॥੧੪੨॥**
**ਕਹੇ ਪ੍ਰਕ੍ਰਿਤਿ ਸੁ ਜਗਤ ਉਪਾਏ ॥ ਮਹਿਦਾਦਿਕ ਕ੍ਰਮ ਭਾਖ ਸੁਨਾਏ ॥**

ਫੇਰ ਉਥੇ ਹੀ ਸਾਂਖ ਵਿਦਯਾ ਵੇਖੀ, ਜੋ ਲੰਮੀਆਂ ਬਾਹਵਾਂ ਪਸਾਰ ਕੇ ਬੈਠੀ ਹੋਈ ਸੀ। ਪੁਰਖਾਂ ਦੇ, ਬਹੁਤੇ ਭੇਦ ਦਸ ਰਹੀ ਸੀ ਅਤੇ ਤੱਤਾਂ ਦੀ ਗਿਣਤੀ ਭੀ ਹਿਰਦੇ ਵਿਚ ਕਰ ਰਹੀ ਸੀ ॥ ੧੪੨ ॥

ਉਸ ਨੇ ਕਿਹਾ-ਪ੍ਰਕਿਰਤੀ ਨੇ ਹੀ ਜਗਤ ਨੂੰ ਪੈਦਾ ਕੀਤਾ ਹੈ ਅਤੇ ਮਹਿਤਤ ਆਦਿਕ ਦਾ ਸਿਲਸਿਲਾ ਕਹਿ ਕੇ ਸੁਣਾ ਰਹੀ ਸੀ, ਅਰਥਾਤ ਸਾਂਖ ਵਿਦਿਆ ਰਾਜ ਸਭਾ ਵਿਚ ਕਹਿ ਰਹੀ ਕਿ ਸਾਰੇ ਚਵੀ ਪਦਾਰਥ ਹਨ, ਜੈਸਾ ਕਿ-ਪੰਜ ਸੂਖਮ ਤਤ (ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ)। ਪੰਜ ਤਤ (ਪ੍ਰਿਥਵੀ, ਜਲ, ਤੇਜ, ਵਾਯੂ ਤੇ

Sri Satguru Jagjit Singh Ji Elibrary NamdhariElibrary@gmail.com

ਅਕਾਸ)। ਪੰਜ ਕਰਮ ਇੰਦਰੇ (ਵਾਕ, ਪਾਨ, ਪਾਦ, ਗੁਦਾ ਤੇ ਲਿੰਗ)। ਪੰਜ ਗਿਆਨ ਇੰਦਰੇ (ਅਖਾਂ, ਨਕ, ਕੰਨ, ਰਸਨਾ ਤੇ ਤ੍ਵਚਾ)। ਪੁਰਖ, ਪ੍ਰਕ੍ਰਿਤੀ, ਤ੍ਰਿਸਾ ਹੰਕਾਰ ਤੇ ਮਨ। ਇਨ੍ਹਾਂ ਰਵੀ ਪਦਾਰਥਾਂ ਤੋਂ ਹੀ ਸਾਰੀ ਰਚਨਾ ਹੈ, ਪਰ ਉਹ ਰਚਨਾ ਕੀਤੀ ਪ੍ਰਕ੍ਰਿਤੀ ਨੇ ਹੈ, ਕਿਉਂਕਿ ਪੁਰਖ ਤਾਂ ਅਸੰਗ ਹੈ।

ਪ੍ਰਕ੍ਰਿਤੀ ਨੇ ਜਿਵੇਂ ਰਚਨਾ ਕੀਤੀ ਹੈ, ਉਹ ਸਿਲਸਿਲਾ ਇਸ ਤਰ੍ਹਾਂ ਹੈ–

ਪ੍ਰਧਾਨ ਤੋਂ ਮਹਿਤਤ, ਮਹਿਤਤ ਤੋਂ ਤ੍ਰਿਸਾ ਹੰਕਾਰ, ਤ੍ਰਿਸਾ ਹੰਕਾਰ ਤੋਂ ਪੰਜ ਸੂਖਮ ਭੂਤ, ਪੰਜ ਸੂਖਮ ਭੂਤਾਂ ਤੋਂ ਕ੍ਰਮ ਅਨੁਸਾਰ ਸੋਲਾਂ ਵਿਕਾਰ–ਦਸ ਇੰਦਰੇ, ਯਾਰ੍ਹਵਾਂ ਮਨ ਤੇ ਪੰਜ ਮਹਾਂ ਭੂਤ। ਇਨ੍ਹਾਂ ਦਾ ਨਾਮ ਹੀ ਸੋਲਾਂ ਵਿਕਾਰ ਹੈ। ਇਸ ਤਰ੍ਹਾਂ ਨਾਲ ਪ੍ਰਕ੍ਰਿਤੀ ਤੋਂ ਜਗਤ ਉਤਪੰਨ ਹੋਇਆ ਹੈ।

ਮਹਿਤਤ, ਹੰਕਾਰ ਤੇ ਪੰਜ ਤਨ ਮਾਤ੍ਰਾਂ,ਇਹ ਸਤੇ ਪ੍ਰਕ੍ਰਿਤੀ ਤੇ ਵਿਕ੍ਰਿਤੀ ਰੂਪ ਹਨ। ਸਾਂਖ ਮਤ ਅਨੁਸਾਰ ਇਨ੍ਹਾਂ ਦੇ ਅਰਥ 'ਪ੍ਰਕ੍ਰਿਤੀ=ਕਾਰਣ' ਤੇ 'ਵਿਕ੍ਰਿਤੀ=ਕਾਰਜ' ਹਨ। ਇਹ ਸੱਤ ਆਪਣੇ ਤੋਂ ਪਹਿਲਿਆਂ ਦੇ ਕਾਰਜ ਤੇ ਮਗਰਲਿਆਂ ਦੇ ਕਾਰਣ ਹਨ। ਸੋਲਾਂ ਵਿਕਾਰ ਵਿਕ੍ਰਿਤੀ ਹਨ,ਪ੍ਰਕ੍ਰਿਤੀ ਨਹੀਂ ਹਨ। ਪ੍ਰਧਾਨ ਪ੍ਰਕ੍ਰਿਤੀ ਹੈ, ਵਿਕ੍ਰਿਤੀ ਨਹੀਂ ਹੈ। ਪੁਰਖ ਪ੍ਰਕ੍ਰਿਤੀ ਤੇ ਵਿਕ੍ਰਿਤੀ ਦੋਹਾਂ ਤੋਂ ਰਹਿਤ ਹੈ।

**ਬਹੁਰ ਪਤੰਜਲ ਵਿਦਯਾ ਦੇਖੀ ॥ ਪੁਰਖ ਭੇਦ ਬਹੁ ਕਹੇ ਬਿਸੇਖੀ ॥੧੪੩॥**

ਫਿਰ ਮੈਂ ਉਸੇ ਹੀ ਰਾਜ ਸਭਾ ਵਿਚ ਪਤੰਜਲ ਵਿਦਯਾ ਭੀ ਵੇਖੀ, ਜੋ ਖਾਸ ਕਰਕੇ ਬਹੁਤ ਤਰ੍ਹਾਂ ਨਾਲ ਪੁਰਖ ਦੇ ਭੇਦ ਕਹਿ ਰਹੀ ਸੀ ॥ ੧੪੩ ॥

**ਚੌਪਈ ॥**

**ਮੈ ਸਭਹਨ ਕੇ ਨਿਕਟ ਸੁ ਗਈ ॥ ਭਾਖਯੋ ਇਹਾਂ ਵਾਸ ਹਿਤ ਅਈ ॥**
**ਤਬ ਤਿਨ ਕਹਯੋ ਸੁ ਕਰਮ ਅਲਾਇ॥ਮੈਂ ਪੁਨ ਵਹੀ ਸੁ ਦਯੋ ਬਤਾਇ ॥੧੪੪॥**
**ਈਸ਼੍ਵਰ ਨਿਖਲ ਸੁ ਜਗਤ ਉਪਾਏ ॥ ਪੁਰਖ ਨਾਮ ਪੁਨ ਵਹੀ ਕਹਾਏ ॥**
**ਕ੍ਰੋਧ ਯੁਕਤ ਤਾਂ ਮੈ ਇਕ ਭਈ ॥ ਫੁਰੇ ਹੋਠ ਯੋ ਬਾਤ ਅਲਈ ॥੧੪੫॥**

ਮੈਂ ਵਾਰੀ ਵਾਰੀ ਉਨ੍ਹਾਂ ਸਾਰੀਆਂ ਕੋਲ ਗਈ ਅਤੇ ਕਿਹਾ–ਇਥੇ ਕੁਝ ਚਿਰ ਤੁਹਾਡੇ ਕੋਲ ਰਹਿਣ ਵਾਸਤੇ ਆਈ ਹਾਂ। ਫਿਰ ਉਨ੍ਹਾਂ ਕਹਿਣਾ ਤੂੰ ਆਪਣਾ ਕੰਮ ਦਸ,।ਮੈਂ ਫਿਰ ਓਹੀ ਦਸ ਦੇਣਾ ॥ ੧੪੪ ॥

(ਕਿ) ਉਹ ਈਸ਼ਵਰ ਹੀ ਸਾਰੇ ਜਗਤ ਨੂੰ ਪੈਦਾ ਕਰਦਾ ਹੈ, ਫਿਰ ਉਸੇ ਦਾ ਨਾਮ 'ਪੁਰਖ' ਕਿਹਾ ਜਾਂਦਾ ਹੈ। ਮੇਰੀ ਇਸ ਗੱਲ ਨੂੰ ਸੁਣ ਕੇ ਉਨ੍ਹਾਂ ਵਿਚੋਂ ਇਕ ਤਾਂ ਬੜੀ ਕ੍ਰੋਧਵਾਨ ਹੋ ਗਈ। ਉਸ ਦੇ ਹੋਠ ਫੁਰਕਨ ਲਗ ਪਏ ਅਤੇ ਉਹ ਇਸ ਤਰ੍ਹਾਂ ਕਹਿਣ ਲਗੀ ॥ ੧੪੫ ॥

**ਚੌਪਈ॥**

**ਕੌਨ ਬਲਾਇ ਕਹਾ ਤੇ ਆਈ ॥ ਜਾਨੇ ਐਸੀ ਬਾਤ ਅਲਾਈ ॥**
**ਐਸੀ ਬੁਧਿ ਤੁਮਾਰੀ ਯਾਂਤੇ ॥ ਧਕੇ ਖਾਤ ਫਿਰਤ ਹੈਂ ਤਾਂਤੇ ॥੧੪੬॥**

ਨੀ ! ਤੂੰ ਕਿਹੜੀ ਬਲਾ ਹੈਂ ? ਅਤੇ ਕਿਥੋਂ ਆਈ ਹੈਂ ? ਜਿਸ ਨੇ ਇਸ ਤਰ੍ਹਾਂ ਦੀ ਗੱਲ ਆਖੀ ਹੈ। ਤੇਰੀ ਇਸੇਤਰ੍ਹਾਂ ਦੀ ਅਕਲ ਹੈ,ਤਦੇ ਹੀ ਧਕੇ ਖਾਂਦੀ ਫਿਰਦੀ ਹੈਂ ਕਿਤੇ ਖੜੇ ਹੋਣ ਨੂੰ ਭੀ ਤੈਨੂੰ ਥਾਂਨਹੀਂ ਮਿਲਦੀ।੧੪੬।

**ਚੌਪਈ॥**

**ਹਾ ਪਾਪਨਿ ਈਸ਼ਰ ਹੈ ਜੋਈ ॥ ਕਿਹ ਬਿਧਿ ਜਗਤ ਉਪਾਵੈ ਸੋਈ ॥**

Sri Satguru Jagjit Singh Ji Elibrary NamdhariElibrary@gmail.com

**ਏਕ ਕਹੈ ਪ੍ਰਧਾਨ ਉਪਾਯੋ ॥ ਔਰ ਕਹੈਂ ਪਰਮਾਣੂ ਜਾਯੋ ॥ ੧੪੭ ॥**

ਹਾਇ ਪਾਪਣੇ ! ਜੋ ਈਸ਼ਵਰ ਹੈ,ਉਹ ਜਗਤ ਨੂੰ ਕਿਸ ਤਰ੍ਹਾਂ ਨਾਲ ਪੈਦਾ ਕਰ ਸਕਦਾ ਹੈ ? ਇਕ ਸ਼ਾਸਤ੍ਰ ਵਾਲੇ ਕਹਿੰਦੇ ਹਨ ਕਿ ਪ੍ਰਧਾਨ ਨੇ ਜਗਤ ਨੂੰ ਪੈਦਾ ਕੀਤਾ ਹੈ । ਦੂਜੇ ਕਹਿੰਦੇ ਹਨ ਕਿ ਪ੍ਰਮਾਣੂਆਂ ਨੇ ਜਗਤ ਨੂੰ ਪੈਦਾ ਕੀਤਾ ਹੈ ॥ ੧੪੭ ॥

### ਚੌਪਈ ॥

**ਯੌ ਸੁਨ ਰਾਇ ਬਿਬੇਕ ਸੁ ਜੋਈ ॥ ਲਾਗੇ ਕਰਨ ਉਚਾਰਨ ਸੋਈ ॥**
**ਤਰਕ ਵਿਦਯਾ ਲੌ ਸਭ ਜੇਤੀ ॥ ਦੁਸ਼ਟ ਬੁਧਿ ਜਾਨੀ ਸਭ ਤੇਤੀ ॥੧੪੮॥**

ਇਹ ਗੱਲ ਸੁਣ ਕਰਕੇ ਜੋ ਰਾਜਾ ਬਿਬੇਕ ਸੀ, ਉਹ ਇਸ ਤਰ੍ਹਾਂ ਕਥਨ ਕਰਨ ਲਗਾ । ਤਰਕ ਵਿਦਿਆ ਆਦਿਕ ਜਿੰਨੀਆਂ ਵਿਦਯਾਂ ਹਨ, ਉਹ ਸਾਰੀਆਂ ਹੀ ਸਭ ਤਰ੍ਹਾਂ ਕਰਕੇ ਦੁਸ਼ਟ ਬੁਧੀ ਵਾਲੀਆਂ ਹਨ (ਅਜਿਹਾ ਮੈਂ ਆਪਣੇ ਮਨ ਵਿਚ) ਜਾਣ ਲਿਆ ਹੈ ॥ ੧੪੮ ॥ ਕਿਉਂਕਿ-

### ਚੌਪਈ ॥

**ਕਾਰਜ ਅਹੇ ਨਿਖਲ ਜਗ ਜੇਤੇ ॥ ਈਸ਼ੁਰ ਸਗਲ ਉਪਾਯੋ ਤੇਤੇ ॥**
**ਏਤੀ ਬਾਤ ਨ ਜਾਨਤ ਜੋਈ ॥ ਹੈਂ ਅਤਿ ਮੂਰਖ ਜਗ ਮਹਿ ਤੋਈ ॥੧੪੯॥**

ਇਹ ਸਾਰਾ ਜਗਤ,ਜਿੰਨਾ ਭੀ ਕਾਰਜ ਰੂਪ ਹੈ,ਇਹ ਸਾਰੇ ਦਾ ਸਾਰਾ ਹੀ ਈਸ਼ਵਰ ਨੇ ਪੈਦਾ ਕੀਤਾ ਹੋਯਾ ਹੈ । ਜਿਹੜੇ (ਪੁਰਸ਼) ਏਨੀ ਗੱਲ ਨੂੰ ਭੀ ਨਹੀਂ ਜਾਣਦੇ, ਓਹ ਜਗਤ ਵਿਚ ਮਹਾਂ ਮੂਰਖ ਹਨ ॥ ੧੪੯ ॥

ਵਿਚਾਰ-ਜੇ ਕੋਈ ਏਥੇ ਸ਼ੰਕਾ ਕਰੇ ਕਿ ਜੇ ਈਸ਼ਵਰ ਜਗਤ ਦਾ ਕਾਰਨ ਹੈ ਤਾਂ ਉਪਾਦਾਨ ਕਾਰਜ ਆਪਣੇ ਕਾਰਯ ਰੂਪ ਪਦਾਰਥ ਨਾਲ ਸੰਮਵੇਤ ਰੂਪ ਹੋਕੇ ਪ੍ਰਤੀਤ ਹੁੰਦਾ ਹੈ, ਤੁਹਾਡਾ ਈਸ਼ਵਰ ਕਿਉਂ ਨਹੀਂ ਪ੍ਰਤੀਤ ਹੁੰਦਾ ? ਤਾਂ ਅਸੀਂ ਉਨ੍ਹਾਂ ਦੇ ਇਸੇ ਹੀ ਸਸੇ ਨੂੰ ਅਨੁਮਾਨ ਨਾਲ ਜਾਣ ਕੇ ਉਨ੍ਹਾਂ ਨੂੰ ਮਹਾਂ ਮੂਰਖ ਕਹਿ ਰਹੇ ਹਾਂ, ਕਿਉਂਕਿ ਈਸ਼ਵਰ ਦਾ ਸਰੂਪ 'ਅਸਤੀ, ਭਾਤੀ ਤੇ ਪ੍ਰੇਯ' ਹੈ । ਉਹ ਈਸ਼ਵਰ ਅਸਤੀ, ਭਾਂਤੀ ਤੇ ਪ੍ਰੇਯ ਰੂਪ ਹੋ ਕ ਸਾਰੇ ਹੀ ਪਦਾਰਥਾਂ ਵਿਚ ਸੰਮਵੇਤ ਹੋ ਰਿਹਾ ਹੈ ਜੈਸਾ ਕਿ ਘਟੋ ਅਸਤੀ=ਘਟ ਹੈ ਘਟੋ ਭਾਂਤੀ-ਘਟ ਦੀ ਪ੍ਰਤੀਤ ਹੁੰਦੀ ਹੈ ਅਤੇ ਘਟੋ ਪ੍ਰੇਯ ਅਸਤੀ=ਘਟ ਪਿਆਰਾ ਹੈ । ਇਸੇ ਤਰ੍ਹਾਂ ਹੀ ਸਾਰੇ ਪਦਾਰਥਾਂ ਵਿਚ ਈਸ਼ੁਰ ਅਸਤੀ, ਭਾਂਤੀ ਤੇ ਪ੍ਰੇਯ ਰੂਪ ਹੋ ਕੇ ਵਿਆਪਕ ਹੋ ਰਿਹਾ ਹੈ ਅਤੇ ਪ੍ਰਤੀਤ ਭੀ ਹੋ ਰਿਹਾ ਹੈ, ਸਗੋਂ ਜਿਹੜੇ ਪ੍ਰਧਾਨ ਤੇ ਪ੍ਰਮਾਣੂ ਆਦਿਕਾਂ ਨੂੰ ਜਗਤ ਦਾ ਕਾਰਨ ਮੰਨਦੇ ਹਨ, ਅਸੀਂ ਉਨ੍ਹਾਂ ਤੋਂ ਪੁਛਦੇ ਹਾਂ ।

### ਚੌਪਈ ॥

**ਪ੍ਰਧਾਨ ਪ੍ਰਮਾਣੁ ਲੌ ਸਭ ਜੇਤੇ ॥ ਕਲਪਤ ਅਹੇ ਸਗਲ ਪੁਨ ਤੇਤੇ ॥**
**ਭੂਮਿ ਨੀਰ ਅਰੁ ਪਾਵਕ ਪੌਨ ॥ ਕਲਪਤ ਸਗਲ ਸੁਪਨ ਪੁਰ ਭੌਨ ॥੧੫੦॥**
**ਗੰਧਰਬ ਨਗਰ ਪੁਨ ਇੰਦ੍ਰ ਸੁ ਜਾਲਾ॥ਤਾਂ ਸਮ ਜਾਨ ਅਸੱਤ ਬਿਸਾਲਾ॥**
**ਸੀਪ ਰੂਪ ਜਿਉ ਰਜੁ ਭੁਜੰਗਾ ॥ ਬ੍ਰਹਮ ਅਗਯਾਨ ਜਨਜੋ ਜਗ ਅੰਗਾ ॥੧੫੧॥**

ਪ੍ਰਧਾਨ ਤੇ ਪ੍ਰਮਾਣੂ ਆਦਿਕ ਜਿੰਨੇ ਵੀ (ਸਾਰੇ ਜਗਤ ਦੇ ਕਾਰਨ ਮੰਨੇ ਜਾਂਦੇ ਹਨ ਅਤੇ ਫਿਰ)ਉਹ ਸਾਰੇ ਹੀ ਕਲਪਤ ਮੰਨੇ ਜਾਂਦੇ ਹਨ । ਧਰਤੀ, ਪਾਣੀ ਤੇ ਹਵਾ, ਸ਼ਹਿਰ ਤੇ ਘਰ ਇਹ ਸਾਰੇ ਹੀ ਸੁਪਨੇ ਦੇ ਪਦਾਰਥ ਵਾਂਗੂੰ ਕਲਪਤ ਹਨ ॥ ੧੫੦ ॥

Sri Satguru Jagjit Singh Ji Elibrary          NamdhariElibrary@gmail.com

ਜਿਵੇਂ ਗੰਧਰਬ ਨਗਰ ਤੇ ਇੰਦਰ ਜਾਲ ਦੀ ਖੇਡ ਹੈ,ਉਸ ਦੇ ਸਮਾਨ ਇਹ ਸਾਰੇ ਪਦਾਰਥ ਹੀ ਅਸੱਤ ਹਨ। ਇਹ ਨਿਯਮ ਹੈ ਕਿ ਜੋ ਅਸਤ (ਮਿਥਯਾ) ਵਸਤੂ ਹੈ, ਉਹ ਕਿਸੇ ਦਾ ਕਾਰਨ ਨਹੀਂ ਹੋ ਸਕਦੀ, ਜਦ ਪ੍ਰਧਾਨ ਤੇ ਪ੍ਰਮਾਣੂ ਕਲਪਤ ਜਾਂ ਮਿਥਯਾ ਹਨ, ਤਾਂ ਇਹ ਜਗਤ ਦੇ ਕਾਰਨ ਨਹੀਂ ਹੋ ਸਕਦੇ। ਜਿਵੇਂ ਮ੍ਰਿਗ ਤ੍ਰਿਸ਼ਨਾ ਦਾ ਜਲ ਮਿਥਯਾ ਹੈ ਪਰ ਮ੍ਰਿਗਤ੍ਰਿਖਾ ਨਿਵਿਰਤੀ ਦਾ ਕਾਰਨ ਨਹੀਂ ਹੋ ਸਕਦਾ। ਜੇ ਹੋ ਸਕਦਾ ਹੋਵੇ, ਤਾਂ ਮ੍ਰਿਗ ਦੀ ਤ੍ਰਿਖਾ ਨਿਵਿਰਤ ਹੋਣੀ ਚਾਹੀਦੇ, ਪਰ ਨਹੀਂ ਹੁੰਦੀ। ਇਸ ਕਰਕੇ ਮੰਨਣਾ ਪਏਗਾ ਕਿ ਮਿਥਯਾ ਵਸਤੂ ਕਦੇ ਕਾਰਨ ਨਹੀਂ ਹੋ ਸਕਦੀ। ਬਾਕੀ ਰਿਹਾ ਈਸ਼੍ਵਰ ਜਗਤ ਦਾ ਕਾਰਨ ਕਿਵੇਂ ਹੈ ? ਅਤੇ ਉਸ ਤੋਂ ਜਗਤ ਰੂਪ ਕਾਰਜ ਕਿਵੇਂ ਪੈਦਾ ਹੋਇਆ ਹੈ ? ਅਸੀਂ ਦ੍ਰਿਸ਼ਟਾਂਤ ਦੇ ਕੇ ਇਸ ਗੱਲ ਨੂੰ ਸਮਝਾਉਂਦੇ ਹਾਂ-

ਜਿਵੇਂ ਸਿੱਪ ਦੇ ਰੂਪ (ਦਾ ਅਗਿਆਨ ਚਾਂਦੀ ਰੂਪ ਭਰਮ ਦੇ ਪੈਦਾ ਕਰਨ ਦਾ ਕਾਰਨ ਹੈ ਅਤੇ ਜਿਵੇਂ) ਰੱਸੀ (ਦੇ ਰੂਪ ਦਾ ਅਗਿਆਨ ਭਰਮ ਰੂਪ) ਸੱਪ (ਦਾ ਕਾਰਨ ਹੈ, ਤਿਵੇਂ ਹੀ) ਬ੍ਰਹਮ (ਦੇ ਰੂਪ) ਅਗਿਆਨ ਨੇ ਹੀ ਜਗਤ ਨੂੰ ਜਾਣਿਆ ਹੈ, ਹੇ (ਅੰਗਾ) ਪਿਆਰੇ ! ॥ ੧੫੧ ॥

**ਦੋਹਰਾ--ਬ੍ਰਹਮ ਗਿਆਨ ਦੇ ਉਦੇ ਤੇ ਹੋਵਤ ਹੈ ਪੁਨ ਲੀਨ ॥**
**ਜਿਉ ਜਾਗੇ ਤੇ ਹੋਤ ਹੈ ਸੁਪਨ ਸਗਲ ਭ੍ਰਮ ਖੀਨ ॥ ੧੫੨ ॥**

(ਜਿਵੇਂ ਸਿਪੀ ਦੇ ਗਿਆਨ ਤੋਂ ਰੁਪਾ ਤੇ ਰੱਸੀ ਦੇ ਗਿਆਨ ਤੋਂ ਸਪ ਦੂਰ ਹੋ ਜਾਂਦਾ ਹੈ, ਤਿਵੇਂ ਹੀ)ਬ੍ਰਹਮ ਗਿਆਨ ਦੇ ਪ੍ਰਗਟ ਹੋਣ ਤੋਂ ਇਹ ਜਗਤ ਭਰਮ ਦੂਰ ਹੋ ਜਾਂਦਾ ਹੈ, ਜਿਸ ਤਰ੍ਹਾਂ ਪੁਰਸ਼ ਦੇ ਜਾਗ ਪੈਣ ਤੋਂ ਸੁਪਨੇ ਦਾ ਭਰਮ ਨਾਸ ਹੋ ਜਾਂਦਾ ਹੈ ਅਰਥਾਤ-ਇਕ ਆਦਮੀ ਸੁਤਾ ਹੋਇਆ ਕਈ ਤਰ੍ਹਾਂ ਦੇ ਦੁਖ ਕਲੇਸ਼ ਸੁਪਨੇ ਵਿਚ ਵੇਖਦਾ ਹੈ ਅਤੇ ਉਸ ਸੁਪਨੇ ਦੇ ਭਰਮ ਕਰਕੇ ਹੀ ਉਹ ਸੁਪਨ ਅਵਸਥਾ ਵਿਚ ਦੁਖੀ ਹੋ ਰਿਹਾ ਹੈ ਪਰ ਜਦ ਉਹ ਜਾਗ ਪੈਂਦਾ ਹੈ ਤਦ ਆਪਣੇ ਰਾਜ ਭਾਗ ਨੂੰ ਜਿਉਂ ਦਾ ਤਿਉਂ ਵੇਖ ਕੇ ਉਸ ਦਾ ਸੁਪਨਾ ਤੇ ਭਰਮ ਦੂਰ ਹੋ ਜਾਂਦਾ ਹੈ, ਤੈਸੇ ਹੀ ਇਹ ਭੇਦ ਸਮਝੋ ॥ ੧੫੨ ॥

**ਚੌਪਈ ॥**

**ਵਿਕਾਰ ਸ਼ੰਕ ਤਿਹ ਭੀਤਰ ਜੋਈ ॥ ਮੂਢ ਮਤੀ ਉਰ ਕਲਪੀ ਸੋਈ ॥**
**ਸ਼ਾਂਤਿ ਸਦਾ ਵਹਿ ਜੋਤਿ ਪ੍ਰਕਾਸ਼ੀ ॥ ਨਿੱਤ ਪ੍ਰਕਾਸ਼ ਸਦਾ ਅਬਿਨਾਸ਼ੀ ॥ ੧੫੩ ॥**

ਭਲਾ ਜੇ ਕੋਈ ਇਥੇ ਇਹ ਸ਼ੰਕਾ ਕਰੇ ਕਿ ਜੇ ਈਸ਼੍ਵਰ ਨੂੰ ਸੰਸਾਰ ਉਤਪਤੀ ਦਾ ਕਾਰਨ ਮੰਨਦੇ ਹੋ ਤਾਂ ਉਹ ਵਿਕਾਰੀ ਹੋ ਜਾਏਗਾ, ਪਰ ਤੁਸਾਂ ਨੇ ਈਸ਼੍ਵਰ ਨੂੰ ਅਸੰਗ ਮੰਨਿਆ ਹੈ। ਜੇ ਈਸ਼੍ਵਰ ਜਗਤ ਦਾ ਕਾਰਨ ਹੈ ਤਾਂ ਇਹ ਜਗਤ ਵਿਕਾਰ ਹੈ ਤੇ ਈਸ਼੍ਵਰ ਵਿਕਾਰੀ ਹੋਣ ਕਰਕੇ ਉਸ ਦਾ ਅਸੰਗ ਪਣਾ ਦੂਰ ਹੋ ਜਾਏਗਾ। ਇਸ ਦਾ ਉੱਤਰ ਇਉਂ ਹੈ ਕਿ-

ਉਸ ਈਸ਼੍ਵਰ ਵਿਚ ਵਿਕਾਰ ਦੀ ਸ਼ੰਕਾ ਉਨ੍ਹਾਂ ਮੂਰਖ ਬੁਧੀ ਵਾਲਿਆਂ ਨੇ ਕਲਪੀ ਹੈ, ਜਿਨ੍ਹਾਂ ਦੀ ਰਤਾ ਜਿੰਨੀ ਭੀ ਵਿਚਾਰ ਵਾਲੀ ਬੁਧੀ ਨਹੀਂ ਹੈ, ਕਿਉਂਕਿ ਉਹ ਈਸ਼੍ਵਰ ਸ਼ਾਂਤਿ ਰੂਪ ਤੇ ਜੋਤਿ ਪ੍ਰਕਾਸ਼ੀ ਹੈ, ਉਸ ਦਾ ਨਿਤ ਪ੍ਰਕਾਸ਼ ਸਦਾ ਹੀ ਨਾਸ ਤੋਂ ਰਹਿਤ ਹੈ ॥ ੧੫੩ ॥ ਜੈਸਾ ਕਿ-

**ਚੌਪਈ ॥**

**ਜਗਤ ਗੰਧਰਬ ਨਗਰ ਸੁ ਉਪਾਏ ॥ ਰੰਚਕ ਨਾਹਿ ਵਿਕਾਰ ਸੁ ਪਾਏ ॥**
**ਨੀਲ ਮੇਘ ਅਰੁ ਧੂਲ ਅਪਾਰਾ ॥ ਨਭ ਮੈਂ ਕਰੇ ਨ ਰੰਚ ਬਿਕਾਰਾ ॥ ੧੫੪ ॥**

ਜੇਕਰ ਈਸ਼੍ਵਰ ਤੋਂ ਸੱਤ ਰੂਪ ਜਗਤ ਪੈਦਾ ਹੋਵੇ ਤਾਂ ਈਸ਼੍ਵਰ ਵਿਕਾਰੀ ਹੋ ਸਕਦਾ ਹੈ, ਅਤੇ ਉਸ ਦਾ ਅਸੰਗ ਪੁਣਾ ਦੂਰ ਹੋ ਜਾਂਦਾ ਹੈ। ਈਸ਼੍ਵਰ ਸਤ ਰੂਪ ਜਗਤ ਨੂੰ ਪੈਦਾ ਨਹੀਂ ਕਰਦਾ, ਉਹ ਗੰਧਰਬ ਨਗਰ ਰੂਪ

Sri Satguru Jagjit Singh Ji Elibrary NamdhariElibrary@gmail.com

ਜਗਤ ਨੂੰ ਪੈਦਾ ਕਰਦਾ ਹੈ, ਇਸ ਕਰਕੇ ਉਹ ਰਤੀ ਜਿੰਨਾ ਭੀ ਵਿਕਾਰ ਪ੍ਰਾਪਤ ਨਹੀਂ ਕਰਦਾ। (ਜੈਸਾ ਕਿ ਅਕਾਸ਼) ਅਕਾਸ਼ ਵਿਚ ਨੀਲਤਾ ਅਪਾਰ (ਨਜ਼ਰ ਆ ਰਹੀ ਹੈ ਪਰ ਨੀਲਤਾ ਤੋਂ ਅਸੰਗ ਫਿਰ ਅਕਾਸ਼ ਵਿਚ) ਅਪਾਰ ਹੀ ਮੇਘ ਫਿਰਦੇ ਵਿਖਾਈ ਦੇਂਦੇ ਹਨ, ਉਨ੍ਹਾਂ ਬੱਦਲਾਂ ਕਰਕੇ ਭੀ ਅਕਾਸ਼ ਦੀ ਅਸੰਗਤਾ ਨਾਸ ਨਹੀਂ ਹੋਈ,ਫਿਰ ਅਕਾਸ਼ ਵਿਚ ਅਪਾਰਾਂ ਹੀ ਧੂੜੀਆਂ ਗਮਨ ਕਰ ਰਹੀਆਂ ਹਨ,ਉਨ੍ਹਾਂ ਕਰਕੇ ਭੀ ਅਕਾਸ਼ ਨਾ ਵਿਕਾਰੀ ਹੋਇਆ ਹੈ ਤੇ ਨਾ ਹੀ ਉਸ ਦੀ ਅਸੰਗਤਾ ਨਾਸ ਹੋਈ ਹੈ, ਐਸੇ ਹੀ ਈਸ਼ਵਰ ਤੋਂ ਮਿਥਯਾ ਰੂਪ ਜਗਤ ਦੇ ਪੈਦਾ ਹੋਣ ਕਰਕੇ ਈਸ਼ਵਰ ਦੀ ਅਸੰਗਤਾ ਨਹੀਂ ਮਾਰੀ ਜਾਂਦੀ ਅਤੇ ਨਾ ਹੀ ਉਹ ਵਿਕਾਰੀ ਹੋ ਸਕਦਾ ਹੈ ॥੧੫੪॥

ਪੁਰਖ ਉਵਾਚ ॥

**ਚੌਪਈ॥**

**ਸੰਦੇਹ ਦਵਾਨਲ ਚੀਤ ਮਝਾਰੀ ॥ ਅੰਮ੍ਰਿਤ ਸੰਚਿ ਬਿਬੇਕ ਨਿਵਾਰੀ॥**
**ਮੇਰੇ ਚੀਤ ਸੁ ਅਤਿ ਹਰਖਯੋ॥ ਭਲੋ ਬਿਚਾਰ ਸੁ ਬਿਬੇਕ ਅਲਯੋ ॥੧੫੫॥**

(ਬਿਬੇਕ ਦੀ ਇਹ ਗੱਲ ਸੁਣ ਕੇ) ਪੁਰਖ ਕਹਿਣ ਲਗਾ–ਮੇਰੇ ਚਿਤ ਵਿਚ ਸੰਸੇ ਰੂਪ ਬਨ ਅਗਨੀ (ਬਲ ਉਠੀ ਸੀ, ਪਰ) ਬਿਬੇਕ ਨੇ ਅੰਮ੍ਰਿਤ ਦਾ ਛੱਟਾ ਦੇ ਕੇ ਉਸ ਅੱਗ ਨੂੰ ਦੂਰ ਕਰ ਦਿਤਾ ਹੈ। ਮੇਰੇ ਚਿਤ ਵਿਚ ਬੜੀ ਭਾਰੀ ਖੁਸ਼ੀ ਪੈਦਾ ਹੋ ਗਈ ਹੈ, ਬਿਬੇਕ ਨੇ ਬਹੁਤ ਸੁੰਦਰ ਵਿਚਾਰ ਕਥਨ ਕੀਤਾ ਹੈ ॥ ੧੫੫ ॥

**ਦੋਹਰਾ–ਪੁਰਖ ਕਹਯੋ ਉਪਨਿਖਦ ਕੋ ਬਹੁਰੋ ਕਰੋ ਪ੍ਰਕਾਸ਼ ॥**
**ਤਰਕ ਵਿਦਯਾ ਪਾਸ ਤੇ ਕੈਸੇ ਭਈ ਉਦਾਸ ॥੧੫੬॥**

ਪੁਰਖ ਨੇ ਉਪਨਿਖਦ ਨੂੰ ਫੇਰ (ਕਿਹਾ–ਮੈਨੂੰ ਇਹ ਗੱਲ) ਜ਼ਾਹਰ ਕਰ। ਕਿ ਤੂੰ ਤਰਕ ਵਿਦਯਾ ਪਾਸੋਂ ਕਿਸ ਤਰ੍ਹਾਂ ਉਦਾਸ ਹੋਈ ਸੈਂ ? ॥ ੧੫੬ ॥

ਉਪਨਿਖਦ ਉਵਾਚ ॥

**ਦੋਹਰਾ–ਸਰਬ ਭਈ ਤੇ ਕ੍ਰੋਧ ਮਨ ਐਸੇ ਕੀਨ ਬਖਾਨ ॥**
**ਕਹੇ ਜੀਵ ਕੀ ਮੁਕਤਿ ਯਹਿ ਸਗਲ ਵਿਸ਼ੁ ਕਰਿ ਹਾਨ ॥੧੫੭॥**
**ਤਾਂਤੇ ਨਾਸਤਕ ਪੰਥ ਕੋ ਏ ਅਬ ਕਰੇ ਉਚਾਰ ॥**
**ਕੇਸਨ ਤੇ ਯਾਂਕੋ ਗਹੋ ਕਰੋ ਭਲੀ ਬਿਧਿ ਮਾਰ ॥੧੫੮॥**

ਉਪਨਿਖਦ ਕਹਿਣ ਲਗੀ (ਮੇਰੀਆਂ ਗਲਾਂ ਸੁਣ ਕੇ) ਉਨ੍ਹਾਂ ਸਾਰੀਆਂ ਦੇ ਮਨ ਵਿਚ ਕ੍ਰੋਧ ਹੋ ਗਿਆ ਅਤੇ ਉਹ ਇਸ ਤਰ੍ਹਾਂ ਕਹਿਣ ਲਗੀਆਂ, (ਕਿ) ਇਹ ਉਪਨਿਖਦ ਜੀਵ ਦੀ ਮੁਕਤੀ ਦਾ ਕਥਨ ਕਰਦੀ ਹੈ ਜੋ ਸਾਰਾ ਹੀ ਜਗਤ ਨਾਸ ਰੂਪ ਹੈ ॥ ੧੫੭ ॥

ਇਸ ਕਰਕੇ ਇਹ ਹੁਣ ਨਾਸਤਕ ਮੱਤ ਦਾ ਵਰਣਨ ਕਰ ਰਹੀ ਹੈ, (ਇਸ ਗੱਲ ਦਾ ਇਸ ਵਾਸਤੇ ਇਹੋ ਹੀ ਦੰਡ ਹੈ ਕਿ) ਇਸ ਨੂੰ ਕੇਸਾਂ ਤੋਂ ਫੜ ਕੇ ਚੰਗੀ ਤਰ੍ਹਾਂ ਮਾਰ ਕਰੋ ਤਾਂਕਿ ਅਗੇ ਨੂੰ ਫੇਰ ਇਹ ਇਸ ਤਰ੍ਹਾਂ ਦੀ ਗੱਲ ਨੂੰ ਕਦੇ ਭੀ ਆਖਣ ਦਾ ਹੌਸਲਾ ਨਾ ਕਰੇ, ਜਿਸ ਕਰਕੇ ਜਗਤ ਦਾ ਹੀ ਧਵੰਸ ਹੋ ਜਾਵੇ ॥ ੧੫੮ ॥

ਨੋਟ–ਜੋ ਜਗਤ ਨੂੰ ਸੱਤ ਮੰਨਦੇ ਹਨ, ਉਨ੍ਹਾਂ ਦੇ ਮੱਤ ਦੇ ਉਲਟ ਆਖਣਾ ਮਾਨੋ ਨਾਸਤਕਪੁਣਾ ਹੈ, ਇਸੇ ਕਰਕੇ ਉਨ੍ਹਾਂ ਨੇ ਕਿਹਾ ਹੈ,ਜੋ ਇਹ ਜੀਵ ਦੀ ਮੁਕਤੀ ਦਾ ਵਰਣਨ ਕਰਦੀ ਹੈ। ਇਹ ਮੁਕਤੀ ਨਾ ਸਮਝੋ,ਨਾਸਤਕ ਪੁਣੇ ਦਾ ਪ੍ਰਚਾਰ ਕਰ ਰਹੀ ਹੈ, ਜੋ ਸਾਡੇ ਮਤ ਦੇ ਸਿਧਾਂਤ ਅਨੁਸਾਰ ਨਾਸਤਕ ਪੁਣੇ ਦਾ ਪ੍ਰਚਾਰ ਕਰ ਰਹੀ ਹੈ।

Sri Satguru Jagjit Singh Ji Elibrary NamdhariElibrary@gmail.com

ਚੌਪਈ ॥

ਪੁਰਖ ਨਾਰਾਇਣ ਈਸ਼ਵਰ ਜੋਈ ॥ ਤਬ ਮੈਂ ਚੀਤ ਚਿਤਾਰਯੋ ਸੋਈ ॥
ਕਹਯੋ ਪੁਰਖ ਈਸ਼ਵਰ ਹੈ ਕੋਈ ॥ ਤਵ ਕਰੁਨਾ ਕਰ ਜਾਨੋ ਸੋਈ ॥੧੫੯॥

(ਜਦ ਮੈਂ ਉਨ੍ਹਾਂ ਸਾਰੀਆਂ ਨੂੰ ਆਪਣਾ ਦੁਸ਼ਮਣ ਵੇਖਿਆ) ਤਦ ਜੋ ਨਾਰਾਇਣ ਪੁਰਖ ਈਸ਼ਵਰ ਹੈ, ਉਸ ਨੂੰ ਮੈਂ ਚਿਤ ਵਿਚ ਯਾਦ ਕੀਤਾ। ਅਗੋਂ ਪੁਰਖ (ਜੀਵਾਤਮਾ) ਨੇ ਪੁਛਿਆ-ਉਹ ਈਸ਼ਵਰ ਪੁਰਖ ਕੌਣ ਹੈ ? (ਹੇ ਮਾਤਾ ! ਤੇਰੀ ਕ੍ਰਿਪਾ ਨਾਲ ਹੀ ਮੈਂ ਉਸ ਨੂੰ ਜਾਣ ਲਵਾਂਗਾ ॥ ੧੫੯ ॥

ਚੌਪਈ ॥ ਉਪਨਿਖਦ ਕਹਯੋ ਜੋ ਆਪ ਨ ਜਾਨੇ ॥ ਤਾਂਕੋ ਉੱਤਰ ਕੌਨ ਬਖਾਨੇ ॥
ਹਰਖ ਸੰਯੁਕਤ ਪੁਰਖ ਪੁਨ ਕਹੇ ॥ ਕਿਹ ਬਿਧਿ ਮੈਂ ਪਰਮੇਸ਼ੁਰ ਅਹੇ ॥੧੬੦॥

ਉਪਨਿਖਦ ਨੇ ਉੱਤਰ ਦਿਤਾ-ਜੋ ਆਪਣੇ ਰੂਪ ਨੂੰ ਆਪ ਹੀ ਨਾ ਜਾਣੇ, ਉਸ ਨੂੰ ਉੱਤਰ ਕੌਣ ਦੇ ਸਕਦਾ ਹੈ ? ਖੁਸ਼ੀ ਨਾਲ ਭਰ ਕੇ ਪੁਰਖ ਨੇ ਫੇਰ ਕਿਹਾ-ਮੈਂ ਕਿਸ ਬਿਧੀ ਕਰਕੇ ਪ੍ਰਮੇਸ਼ਰ ਹਾਂ ? ॥ ੧੬੦ ॥

ਚੌਪਈ ॥

ਉਪਨਿਖਦ ਕਹਯੋ ਪਰਮੇਸ਼ੁਰ ਜੋਈ ॥ ਤੋ ਤੇ ਭਿੰਨ ਨਹੀਂ ਪੁਨ ਸੋਈ ॥
ਤੂ ਪਰਮੇਸ਼ਰ ਤੇ ਨਹਿ ਨਿਆਰੋ ॥ ਐਸੇ ਸਦਾ ਚੀਤ ਨਿਰਧਾਰੋ ॥੧੬੧॥

ਉਪਨਿਖਦ ਨੇ ਕਿਹਾ-ਜੋ ਪਰਮੇਸ਼ਵਰ ਹੈ, ਉਹ ਤੈਥੋਂ ਭਿੰਨ ਹੋਰ ਕੋਈ ਨਹੀਂ ਹੈ। ਤੂੰ ਭੀ ਪਰਮੇਸ਼ਰ ਤੋਂ ਵਖਰਾ ਨਹੀਂ ਹੈਂ। ਇਸ ਤਰ੍ਹਾਂ ਦੀ ਵਿਚਾਰ ਨੂੰ ਸਦਾ ਹੀ ਚਿਤ ਵਿਚ ਯਾਦ ਕਰ ॥ ੧੬੧ ॥

ਦੋਹਰਾ-ਮਾਯਾ ਅਹੇ ਅਨਾਦਿ ਜੋ ਤਾਂਕੀ ਸੰਗਤਿ ਪਾਇ ॥
ਜਲ ਸੂਰਜ ਪ੍ਰਤਿਬਿੰਬ ਜਿਉ ਭੇਦਵੰਤ ਦਿਖਲਾਇ ॥੧੬੨॥

ਜੋ ਅਨਾਦੀ ਮਾਇਆ ਹੈ, ਉਸ ਦੀ ਸੰਗਤ ਨੂੰ ਪਾ ਕੇ (ਤੂੰ ਆਪ ਹੀ ਇਸ ਤਰ੍ਹਾਂ ਨਾਲ) ਭੇਦ ਵੰਤ ਹੋ ਕੇ ਨਜ਼ਰ ਆ ਰਿਹਾ ਹੈਂ, ਜਿਵੇਂ ਜਲ ਦੀ ਉਪਾਧੀ ਨੂੰ ਪਾ ਕੇ ਸੂਰਜ ਅਨੇਕਾਂ ਰੂਪ ਹੋ ਕੇ ਨਜ਼ਰ ਆਉਂਦਾ ਹੈ, ਜਦੋਂ ਉਪਾਧੀ ਮਿਟ ਜਾਏ ਤਾਂ ਸੂਰਜ ਇਕ ਹੈ, ਇਵੇਂ ਹੀ ਮਾਇਆ ਦੀ ਉਪਾਧੀ ਮਿਟ ਜਾਏ ਤਾਂ ਤੂੰ ਭੀ ਈਸ਼ਵਰ ਤੋਂ ਵਖਰਾ ਨਹੀਂ ਹੈਂ, ਉਸੇ ਦਾ ਹੀ ਰੂਪ ਹੈਂ ॥ ੧੬੨ ॥

ਦੋਹਰਾ--ਬਹੁਰੋ ਪੁਰਖ ਬਿਬੇਕ ਪ੍ਰਤਿ ਕਹਯੋ ਜੋਰ ਕਰ ਦੋਇ ॥
ਭਗਵਨ ਅਰਥ ਉਪਨਿਖਦ ਕੋ ਕਹਯੋ ਨ ਨਿਹਚੇ ਹੋਇ ॥੧੬੩॥

ਫੇਰ ਪੁਰਖ ਨੇ ਦੋਵੇਂ ਹਥ ਜੋੜ ਕੇ ਬਿਬੇਕ ਨੂੰ ਕਿਹਾ-ਹੇ ਭਗਵਾਨ ! ਉਪਨਿਖਦ ਨੇ ਜੋ ਅਰਥ ਕਿਹਾ ਹੈ, ਉਸ ਉਤੇ ਨਿਸਚਾ ਨਹੀਂ ਬਝਦਾ ॥ ੧੬੩ ॥ (ਕਿਉਂਕਿ)-

ਚੌਪਈ ॥

ਮੈਂ ਅਵਿਛਿੰਨ ਭਿੰਨ ਪੁਨ ਜੋਈ ॥ ਜਰਾ ਮਰਨ ਧਰਮਾਪਨ ਸੋਈ ॥
ਨਿਤ ਅਨੰਦ ਚੇਤਨਾਤਮ ਗਾਏ ॥ ਪਰੰ ਬ੍ਰਹਮ ਮਮ ਰੂਪ ਬਤਾਏ ॥੧੬੪॥

ਅਵਿਛਿੰਨ=ਦੇਹ ਇੰਦ੍ਰਿਆਂ ਨਾਲ ਮਿਲਿਆ ਹੋਇਆ। ਭਿੰਨ=ਵਖਰਾ। ਧਰਮਾਪਨ=ਧਰਮ ਵਾਲਾ।

(ਉਪਨਿਖਦ ਨੇ ਕਿਹਾ ਹੈ ਕਿ ਹੇ ਪੁਰਖ! ਤੂੰ ਹੀ ਬ੍ਰਹਮ ਹੈਂ, ਸੋ ਮੈਂ ਬ੍ਰਹਮ ਕਿਸ ਤਰ੍ਹਾਂ ਹਾਂ ? ਕਿਉਂਕਿ) ਮੈਂ ਦੇਹ ਤੇ ਇੰਦਰੇ ਆਦਿਕ ਸਾਰਿਆਂ ਨਾਲ ਮਿਲਿਆ ਹੋਇਆ ਹਾਂ ਅਤੇ ਉਹ ਬ੍ਰਹਮ ਇਨ੍ਹਾਂ ਸਾਰਿਆਂ ਤੋਂ ਅਸੰਗ ਹੋਣ ਕਰਕੇ ਵਖਰਾ ਹੈ (ਫੇਰ ਮੈਂ ਬ੍ਰਹਮ ਕਿਵੇਂ ਹੋਇਆ ?) ਮੈਂ ਬੁਢੇਪਾ ਤੇ ਮਰਨ ਆਦਿਕ ਧਰਮ ਵਾਲਾ ਹਾਂ, (ਮੈਨੂੰ ਭੁਖ, ਤ੍ਰੇਹ ਆਦਿਕ ਦੁਖ ਹੁੰਦੇ ਹਨ, ਮੇਰੇ ਵਿਚ ਜਾਤੀ ਤੇ ਵਰਣ ਪ੍ਰਤੀਤ ਹੁੰਦੇ ਹਨ, ਮੈਂ ਪੁੰਨ ਤੇ ਪਾਪ ਕਰਨ ਵਾਲਾ ਹਾਂ, ਮੈਂ ਅਲਪਗਯ ਤੇ ਪੰਜਾਂ ਕਲੇਸ਼ਾਂ ਯੁਕਤ ਹਾਂ, ਮੇਰੇ ਵਿਚ ਉਤਪਤ, ਪਾਲਣਾ ਤੇ ਸੰਹਾਰ ਕਰਨ ਆਦਿਕ ਕੋਈ ਭੀ ਸ਼ਕਤੀ ਨਹੀਂ ਹੈ,ਮੈਂ ਦੁਖ ਰੂਪ ਹਾਂ)। (ਉਹ ਬ੍ਰਹਮ) ਨਿਤ ਹੈ,ਅਨੰਦ ਰੂਪ ਹੈ,ਚੇਤਨ ਆਤਮਾ ਹੈ, (ਪਾਪ ਪੁੰਨ ਤੋਂ ਰਹਿਤ, ਸਰਬਗਯ ਤੇ ਸਰਬ ਸ਼ਕਤੀਮਾਨ ਹੈ, ਉਸ) ਪਰੰ ਬ੍ਰਹਮ ਦਾ ਰੂਪ (ਉਪਨਿਖਦ ਨੇ) ਮੈਨੂੰ ਕਿਵੇਂ ਕਿਹਾ ਹੈ ? (ਇਸ ਗਲ ਦਾ ਮੈਨੂੰ ਬੜਾ ਭਾਰੀ ਸੰਦੇਹ ਹੋ ਰਿਹਾ ਹੈ, ਕਿ ਜੋ ਸਤ ਚਿਤ ਤੇ ਅਨੰਦ ਰੂਪ ਪ੍ਰਮਾਤਮਾ ਕਿਹਾ ਜਾਂਦਾ ਹੈ, ਉਸ) ਪਾਰਬ੍ਰਹਮ ਦਾ ਰੂਪ ਮੈਨੂੰ (ਉਪਨਿਖਦ ਨੇ ਕਿਵੇਂ) ਕਹਿ ਦਿਤਾ ਹੈ ॥੧੯੪॥

**ਚੌਪਈ॥**

**ਕਹਯੋ ਵਿਵੇਕ ਪਦਾਰਥ ਗਯਾਨ ॥ ਅਬ ਲਗ ਤੋਹਿ ਭਯੋ ਨਹਿ ਭਾਨ ॥**
**ਪਦਾਰਥ ਗਯਾਨ ਉਪਾਇ ਸੁ ਜੋਈ ॥ ਕਹਯੋ ਪੁਰਖ ਅਬ ਭਾਖੋ ਸੋਈ ॥੧੯੫॥**

(ਪੁਰਖ ਦੇ ਇਸ ਪ੍ਰਸ਼ਨ ਨੂੰ ਸੁਣ ਕੇ) ਵਿਵੇਕ ਰਾਜੇ ਨੇ ਕਿਹਾ-ਹੇ ਪੁਰਖ! ਅਜੇ ਤਕ ਤੈਨੂੰ ਪਦਾਂ ਦਾ ਅਰਥ ਮਲੂਮ ਨਹੀਂ ਹੋਇਆ (ਇਸ ਕਰਕੇ ਤੂੰ ਇਹ ਸੰਸਾ ਕਰ ਰਿਹਾ ਹੈਂ, ਜਿਸ ਵੇਲੇ ਤੈਨੂੰ 'ਤਤ' ਪਦ ਦੇ ਅਰਥ ਦਾ ਪਤਾ ਲਗ ਜਾਏਗਾ, ਫਿਰ ਤੂੰ ਅਜਿਹਾ ਸੰਸਾ ਨਾ ਕਰੇਂਗਾ)। ਪੁਰਖ ਨੇ ਫੇਰ ਕਿਹਾ-ਉਨ੍ਹਾਂ ਪਦਾਂ ਦੇ ਅਰਥ ਦਾ ਗਿਆਨ ਜਨਾਉਣ ਦਾ ਜਿਹੜਾ ਭੀ ਯਤਨ ਹੈ,ਉਹ ਕ੍ਰਿਪਾ ਕਰਕੇ ਮੈਨੂੰ ਦਸੋ ਤਾਂਕਿ ਮੈਂ ਉਸ ਉਪਾਓ ਨੂੰ ਕਰਕੇ 'ਪਦਾਂ ਦੇ ਅਰਥ ਬੋਧ' ਨੂੰ ਪ੍ਰਾਪਤ ਕਰਕੇ ਇਸ ਸੰਸੇ ਨੂੰ ਮੇਟ ਲਵਾਂ ॥ ੧੯੫ ॥

**ਚੌਪਈ॥**

**ਕਹਯੋ ਬਿਬੇਕ ਸੁਨੋ ਮਨ ਲਾਈ॥ ਤੋ ਕੋ ਦੇਉਂ ਉਪਾਇ ਬਤਾਈ॥**
**ਤਤੂੰ ਪਦ ਕੇ ਅਰਥ ਭਨੀਜੇ ॥ ਏਕ ਵਾਚ ਪੁਨ ਲਖਯ ਕਹੀਜੇ ॥੧੯੬॥**

ਬਿਬੇਕ ਰਾਜੇ ਨੇ ਕਿਹਾ-ਮਨ ਲਾ ਕੇ ਸੁਣ, ਮੈਂ ਤੈਨੂੰ ਉਪਾਓ ਦਸ ਦੇਂਦਾ ਹਾਂ। 'ਤਤ' ਤੇ 'ਤਵੰ' ਪਦ ਦੇ ਅਰਥ ਕਹਿੰਦਾ ਹਾਂ (ਇਨ੍ਹਾਂ ਪਦਾਂ ਦੇ ਅਰਥ ਦੋ ਹੁੰਦੇ ਹਨ) ਇਕ ਅਰਥ 'ਵਾਚਯ' ਹੁੰਦਾ ਹੈ ਅਤੇ ਦੂਜਾ 'ਲਖਯ' ਕਿਹਾ ਜਾਂਦਾ ਹੈ। (ਸੋ ਉਨ੍ਹਾਂ ਦੋਹਾਂ ਅਰਥਾਂ ਨੂੰ ਧਿਆਨ ਦੇ ਕੇ ਸੁਣ-ਅਭਾਸ ਸਹਿਤ ਮਾਯਾ ਵਸ਼ਿਸ਼ਟ ਚੈਤੰਨ ਦਾ ਨਾਮ ਈਸ਼ਵਰ ਹੈ, ਇਹ 'ਤਤ' ਪਦ ਦਾ 'ਵਾਚਯ ਅਰਥ' ਹੈ ਅਤੇ ਅਭਾਸ ਸਹਿਤ ਅਵਿਦਯਾ ਵਿਸਿਸਟ ਚੈਤੰਨ ਦਾ ਨਾਂ ਜੀਵ ਹੈ, ਇਹ 'ਤਵੰ' ਪਦ ਦਾ ਅਰਥ ਹੈ। ਸਤ ਚਿਤ ਅਨੰਦ ਰੂਪ ਬ੍ਰਹਮ, ਤਤ ਪਦ ਦਾ 'ਲਖਯ ਅਰਥ' ਹੈ ਅਤੇ ਸਾਖੀ ਚੈਤੰਨ 'ਤਵੰ' ਪਦ ਦਾ 'ਲਖਯ ਅਰਥ' ਹੈ) ॥ ੧੯੬ ॥

**ਚੌਪਈ॥**

**ਵਾਚਯ ਅਭਿੰਨ ਕਦਾਚਿਤ ਨਾਹੀ॥ ਲੱਖਯ ਮਾਂਹਿ ਵਿਰੋਧ ਸੁ ਨਾਹੀ॥**
**ਲੱਖਯ ਚਿਦਾਤਮ ਹਯੋ ਜੋਈ॥ ਸੋ ਮੈਂ ਧੌਂ ਉਰ ਚਿਤਵੋ ਸੋਈ॥੧੯੭॥**

(ਜੋ 'ਤਤ' ਪਦ ਤੇ 'ਤਵੰ' ਪਦ ਦੇ) ਵਾਚਯ ਅਰਥ ਹਨ, ਉਹ ਤਾਂ ਕਦੇ ਭੀ ਅਭਿੰਨ ਨਹੀਂ ਹੋ ਸਕਦੇ ਅਰਥਾਤ 'ਵਾਚਯ ਅਰਥ' ਕਰਕੇ ਤਾਂ ਦੋਵੇਂ ਪਦਾਰਥ ਇਕ ਨਹੀਂ ਹੋ ਸਕਦੇ,ਪਰ 'ਲਖਯ ਅਰਥ' ਵਿਚ (ਦੋਹਾਂ

Sri Satguru Jagjit Singh Ji Elibrary NamdhariElibrary@gmail.com

ਦੇ ਇਕ ਹੋਣ ਵਿਚ ਕੋਈ ਵਿਰੋਧ ਹੀ ਨਹੀਂ ਹੈ। ਲਖਯ ਅਰਥ ਵਿਚ ਜੋ 'ਤਤ' ਪਦ ਬੋਧਕ 'ਸਤ ਚਿਤ ਅਨੰਦ ਰੂਪ ਬ੍ਰਹਮ' ਹੈ, ਲਖਯ ਅਰਥ ਵਿਚ ਹੀ ਉਹ 'ਤਵੰ' ਪਦ ਬੋਧਕ 'ਸਾਖੀ ਚੇਤੰਨ ਆਤਮਾ' ਮੈਂ ਹਾਂ, (ਇਸ ਤਰ੍ਹਾਂ ਨਾਲ ਆਪਣੇ ਮਨ ਵਿਚ) ਚਿੰਤਨ ਕਰ ॥ ੧੯੭ ॥

**ਚੌਪਈ–ਨਿਖਲ ਉਪਾਧਿ ਸੁ ਦੂਰ ਨਿਵਾਰੇ ॥ ਬਹੁਰੋ ਤਤ ਅਰਥ ਨਿਰਧਾਰੇ ॥**
**ਤੱਤ੍ਵਮਸੀ ਯੌ ਭਾਖੇ ਬੇਦ ॥ ਤਾਂਤੇ ਨਿਖਲ ਮਿਟਾਵੇ ਖੇਦ ॥੧੯੮॥**

(ਪਹਿਲੇ) ਸਾਰੀਆਂ ਉਪਾਧੀਆਂ ਨੂੰ ਦੂਰ ਕਰੋ,ਫੇਰ 'ਤਤ' ਪਦ ਦੇ ਅਰਥ ਦਾ ਨਿਰਣਾ ਕਰੋ। 'ਤੱਤ੍ਵਮਸੀ' ਵੇਦ ਭੀ ਇਸੇ ਤਰ੍ਹਾਂ ਉਚਾਰਨ ਕਰਦਾ ਹੈ, ਉਸ ਕਰਕੇ ਉਪਾਧੀ ਨੂੰ ਦੂਰ ਕਰਕੇ ਆਪਣੇ ਆਪ ਨੂੰ ਬ੍ਰਹਮ ਰੂਪ ਨਿਸਚੇ ਕਰਕੇ ਸਾਰੇ ਦੁਖਾਂ ਨੂੰ ਦੂਰ ਕਰ ਲੈ।

ਪ੍ਰਸ਼ਨ–ਹੇ ਭਗਵਾਨ ! ਜੋ ਆਪ ਨੇ 'ਵਾਕਯ ਅਰਥ' ਤੇ 'ਲਖਯ ਅਰਥ' ਕਹੇ ਹਨ, ਮੈਨੂੰ ਇਨ੍ਹਾਂ ਦੀ ਸਮਝ ਨਹੀਂ ਆਈ, ਆਪ ਚੰਗੀ ਤਰ੍ਹਾਂ ਸਮਝਾਉਣ ਦੀ ਕ੍ਰਿਪਾ ਕਰੋ।

ਉੱਤਰ–ਹੇ ਪੁਰਖ ! ਅਖਰਾਂ ਦੇ ਜੋੜ ਦਾ ਨਾਮ ਪਦ, ਸ਼ਬਦ ਜਾਂ ਵਚਨ ਹੈ, ਉਸ ਦਾ ਜੋ ਅਖਰੀ ਅਰਥ ਹੋਵੇ ਉਹ 'ਵਾਚਯ ਅਰਥ' ਹੁੰਦਾ ਹੈ, ਜਿਵੇਂ 'ਘ+ਟ' ਦੋ ਅਖਰਾਂ ਦੇ ਜੁੜਨ ਤੋਂ 'ਘਟ' ਪਦ ਬਣ ਗਿਆ ਅਤੇ ਇਸ ਘਟ ਦਾ ਵਾਚਯ ਅਰਥ 'ਘੜਾ' ਹੈ ਅਤੇ 'ਲਖਛਯਣਾਬ੍ਰਿਤੀ' ਕਰਕੇ ਜੋ ਅਰਥ ਹੋਵੇ, ਉਸ ਦਾ ਨਾਮ 'ਲਖਯ ਅਰਥ' ਹੈ, ਜੈਸਾ ਕਿ 'ਘਟ' ਪਦ ਦਾ ਅਰਥ 'ਵਾਚਯ ਅਰਥ ਘੜਾ' ਹੈ, ਪਰ 'ਲਖਛਯ ਅਰਥ' ਵਿਚ ਇਸ ਦਾ ਅਰਥਾ 'ਹਿਰਦਾ' ਹੈ।

ਪ੍ਰਸ਼ਨ–ਹੇ ਪ੍ਰਭੋ ! ਉਹ ਬ੍ਰਿਤੀ ਕੀ ਚੀਜ਼ ਹੈ ? ਉਸ ਦਾ ਵਰਣਨ ਕਰਕੇ ਸਮਝਾਓ।

ਉੱਤਰ–ਹੇ ਪੁਰਖ ! ਵੇਦ ਦੇ ਜੋ ਮਹਾਂ ਵਾਕ ਹਨ, ਇਹ ਭੀ 'ਭਾਗ ਤਿਆਗ ਲਖਣਾ' ਕਰਕੇ ਹੀ ਜੀਵ-ਈਸ਼ਵਰ ਦੀ ਏਕਤਾ ਰੂਪ ਵਰਣਨ ਕਰਦੇ ਹਨ,ਪਦ ਦਾ ਜੋ ਅਰਥ ਨਾਲ ਸਬੰਧ ਹੈ, ਉਸ ਦਾ ਨਾਮ ਹੈ 'ਬ੍ਰਿਤੀ'। ਬ੍ਰਿਤੀ ਦੋ ਤਰ੍ਹਾਂ ਦੀ ਹੈ–ਇਕ ਦਾ ਨਾਮ ਹੈ 'ਸ਼ਕਤੀ ਬ੍ਰਿਤੀ' ਤੇ ਦੂਜੀ ਦਾ ਨਾਮ ਹੈ'ਲਖਯਣਾ ਬ੍ਰਿਤੀ'। ਪਦ ਦਾ ਜੋ ਵਾਚਯ ਅਰਥ ਨਾਲ ਸਬੰਧ ਹੈ, ਉਹ 'ਸ਼ਕਤੀ ਬ੍ਰਿਤੀ' ਕਹੀ ਜਾਂਦੀ ਹੈ ਅਤੇ ਜੋ ਲਖਯ ਅਰਥ ਨਾਲ ਸਬੰਧ ਹੈ, ਉਹ 'ਲਖਯਣਾ ਬ੍ਰਿਤੀ' ਕਹਾਉਂਦੀ ਹੈ। ਪਦ ਦਾ ਜੋ 'ਵਾਚਯ ਵਾਚਕ' ਭਾਵ ਸਬੰਧ ਹੈ, ਉਸ ਨੂੰ 'ਸ਼ਕਤੀ' ਕਹਿੰਦੇ ਹਨ, ਜੈਸਾ ਕਿ 'ਘਟ' ਸ਼ਬਦ ਵਿਚ ਜੋ ਘੜੇ ਦੇ ਸਰੂਪ ਦਾ ਗਿਆਨ ਕਰਾਉਣ ਵਾਲੀ ਤਾਕਤ ਹੈ, ਉਸ ਦਾ ਨਾਮ ਹੀ ਸ਼ਕਤੀ ਹੈ। ਜੋ ਅਰਥ ਸ਼ਕਤੀ ਬ੍ਰਿਤੀ ਕਰਕੇ ਸਿਧ ਹੁੰਦਾ ਹੈ, ਉਸ ਦਾ ਨਾਮ ਹੀ ਵਾਚਯ ਅਰਥ ਹੈ ਅਤੇ ਉਸ ਨੂੰ 'ਸ਼ਕਯ-ਅਰਥ' ਭੀ ਕਹਿੰਦੇ ਹਨ।

ਪ੍ਰਸ਼ਨ–ਲਖਯਣਾ ਬ੍ਰਿਤੀ ਦਾ ਸਰੂਪ ਕੀ ਹੈ ?

ਉੱਤਰ–ਜਿਥੇ ਸ਼ਕਤੀ ਬ੍ਰਿਤੀ ਕਰਕੇ ਸ਼ਬਦ ਦਾ ਅਰਥ ਨਾ ਬਣ ਸਕੇ, ਉਥੇ ਲਖਯਣਾ ਬ੍ਰਿਤੀ ਗ੍ਰਹਿਣ ਕੀਤੀ ਜਾਂਦੀ ਹੈ ਅਤੇ ਲਖਣਾ ਬ੍ਰਿਤੀ ਕਰਕੇ ਜਿਹੜਾ ਅਰਥ ਸਿਧ ਹੋਵੇ, ਉਹ ਲਖਯ ਅਰਥ ਕਿਹਾ ਜਾਂਦਾ ਹੈ। ਅਗੇ ਉਹ ਲਖਣਾ ਤਿੰਨ ਤਰ੍ਹਾਂ ਦੀ ਹੈ–(੧) ਜਹਤੀ ਲਖਣਾ, (੨) ਅਜਹਤੀ ਲਖਣਾ (੩) ਭਾਗ ਤਿਆਗ ਲਖਣਾ। ਜਿਸ ਤਰ੍ਹਾਂ ਕਿਸੇ ਨੇ ਕਿਹਾ–ਮੇਰਾ ਘਰ ਗੰਗਾ ਵਿਚ ਹੈ। ਇਸ 'ਗੰਗਾ' ਪਦ ਦਾ ਅਰਥ 'ਪ੍ਰਵਾਹ ਰੂਪ ਨਦੀ' ਹੈ ਅਤੇ ਨਦੀ ਵਿਚ ਘਰ ਬਣ ਨਹੀਂ ਸਕਦਾ, ਇਸ ਕਰਕੇ ਇਥੇ ਅਨੁਮਾਨ ਕੀਤਾ ਜਾਏਗਾ ਕਿ ਗੰਗਾ ਨਿਕਟ ਵਰਤੀ, ਜੋ ਗੰਗਾ ਦੇ ਕਿਨਾਰੇ ਵਾਲਾ ਦੇਸ ਜਾਂ ਸ਼ਹਿਰ ਹੈ, ਉਥੇ ਇਸ ਦਾ ਘਰ ਹੈ। ਇਸ ਤਰ੍ਹਾਂ ਦੇ ਅਨੁਮਾਨ ਕਰਕੇ ਜੋ ਅਰਥ ਕੀਤਾ ਜਾਏਗਾ ਉਹ 'ਜਹਤੀ ਲਖਣਾ' ਹੈ।

ਜਿਵੇਂ ਕੋਈ ਆਖ ਦੇਵੇ ਭਗਤ ਰਾਮ ਲਾਲ-ਲਾਲ ਧੋਂਦਾ ਹੈ, ਲਾਲ ਪਦ ਦੀ ਸ਼ਕਤੀ ਲਾਲ ਰੰਗ ਵਿਚ ਹੈ, ਉਹ ਲਾਲ ਰੰਗ ਧੋਤਾ ਨਹੀਂ ਜਾ ਸਕਦਾ, ਇਸ ਕਰਕੇ ਵਾਚਯ ਅਰਥ ਇਸ ਦਾ ਠੀਕ ਨਾ ਬਣ ਸਕਿਆ,

Sri Satguru Jagjit Singh Ji Elibrary NamdhariElibrary@gmail.com

ਤਦ 'ਲਾਲ' ਪਦ ਦਾ ਅਰਥ 'ਲਾਲ ਰੰਗ ਵਾਲੇ ਕਪੜੇ' ਵਿਚ ਲਖਯਣਾ ਹੈ, ਇਸ ਤਰ੍ਹਾਂ ਦੇ ਅਨਮਾਨ ਦਾ ਨਾਮ 'ਅਜਹਤੀ ਲਖਣਾ' ਹੈ।

ਜਿਵੇਂ ਕੋਈ ਕਹਿ ਦੇਵੇ ਕਿ 'ਇਹ ਭਗਤ ਰਾਮ ਓਹੀ ਹੈ', ਇਥੇ 'ਇਹ' ਪਦ ਕੋਲ ਖੜੋਤੇ ਹੋਏ ਕਿਸੇ ਖਾਸ ਪੁਰਖ ਵਲ ਇਸ਼ਾਰਾ ਕਰ ਰਿਹਾ ਹੈ, ਜੋ ਨਿਕਟ ਦੇਸ ਵਰਤੀ ਤੇ ਨਿਕਟ ਕਾਲ ਵਰਤੀ ਹੈ, ਪਰ 'ਓਹੀ' ਪਦ ਕਿਸੇ ਬੀਤ ਚੁਕੇ ਸਮੇਂ ਦੀ ਸੂਚਨਾ ਕਰ ਰਿਹਾ ਹੈ,ਜਿਸ ਨੂੰ ਕਿਸੇ ਦੂਜੇ ਸਥਾਨ ਉਤੇ ਅਤੇ ਕਿਤੇ ਬਹੁਤ ਚਿਰ ਪਹਿਲੋਂ ਦੇ ਸਮੇਂ ਵਿਚ ਵੇਖਿਆ ਸੀ। ਉਸ ਦੇ ਰੂਪ ਨੂੰ ਵੇਖ ਕੇ ਸਿਮ੍ਰਤੀ ਗਿਆਨ ਨੇ ਨਿਸਚੇ ਕਰਾ ਦਿਤਾ ਹੈ ਕਿ 'ਇਹ ਭਗਤ ਰਾਮ ਓਹੀ ਹੈ' ਜੋ ਪਹਿਲੇ ਕਦੇ ਮਿਲ ਚੁਕਾ ਹੋਇਆ ਹੈ। ਇਸ ਜਗ੍ਹਾ ਉਤੇ ਭਗਤ ਰਾਮ ਦੇ ਸਬੰਧ ਵਾਲੇ ਦੇਸ, ਕਾਲ ਤੇ ਵਸਤੂ ਦਾ ਤਿਆਗ ਕਰਕੇ ਕੇਵਲ ਵਯਕਤੀ ਵਿਸ਼ੇਸ਼ ਨਾਲ ਹੀ ਸਬੰਧ ਜ਼ਾਹਰ ਕਰਕੇ 'ਇਹ ਭਗਤ ਰਾਮ ਓਹੀ ਹੈ', ਕਿਉਂਕਿ ਅਗੇ ਜਦੋਂ ਭਗਤ ਰਾਮ ਮਿਲਿਆ ਹੈ, ਉਸ ਵੇਲੇ ਸਿਆਲ ਦਾ ਸਮਾਂ ਤੇ ਪਹਾੜੀ ਦੇਸ ਹੋਣ ਕਰਕੇ ਉਸ ਨੇ ਗਰਮ ਕਪੜੇ ਪਾਏ ਹੋਏ ਸਨ, ਉਹ ਬਾਲ ਜਾਂ ਜੁਬਾ ਅਵਸਥਾ ਵਾਲਾ ਸੀ, ਪਰ ਅਜ ਗਰਮ ਦੇਸ਼ ਤੇ ਗਰਮੀ ਦੇ ਮੌਸਮ ਵਿਚ ਮਿਲਿਆ ਹੈ। ਉਸ ਕੋਲ ਨਾ ਓਹ ਕਪੜੇ ਹਨ, ਨਾ ਦੇਸ ਹੈ ਤੇ ਨਾ ਹੀ ਉਹ ਸਰੀਰਕ ਅਵਸਥਾ ਹੈ, ਪਰ ਕੇਵਲ ਸਰੀਰ ਮਾਤਰ ਓਹੀ ਹੋਣ ਕਰਕੇ 'ਇਹ ਭਗਤ ਰਾਮ ਓਹੀ ਹੈ' ਕਿਹਾ ਜਾ ਸਕਿਆ ਹੈ ਇਸ ਕਰਕੇ ਇਥੇ ਭਾਗ ਤਿਆਗ ਲਖਣਾ ਦਾ ਗ੍ਰਹਿਣ ਹੈ।

ਇਵੇਂ ਹੀ 'ਤਤਵੰਮਸੀ' ਮਹਾਂ ਵਾਕ ਵਿਚ ਭਾਗ ਤਿਆਗ ਲਖਣਾ ਦਾ ਗ੍ਰਹਣ ਹੈ ਅਰਥਾਤ ਭਾਗ ਤਿਆਗ ਲਖਣਾ ਕਰਕੇ ਇਸ ਦਾ ਅੰਗੀਕਾਰ ਕੀਤਾ ਜਾਂਦਾ ਹੈ। ਜੈਸਾ ਕਿ-

'ਤੱਤ' ਪਦ ਦਾ ਵਾਚਯ ਅਰਥ ਹੈ-ਸਰਬ ਸ਼ਕਤੀ ਸੰਪੰਨ, ਸਰਬਗਯਤਾ ਵਿਆਪਕ ਆਦਿਕ ਧਰਮਾਂ ਵਾਲਾ ਮਾਯਾ ਵਸ਼ਿਸ਼ਟ ਈਸ਼ਵਰ ਚੇਤਨ। ਅਤੇ

'ਤਵੰ' ਪਦ ਦਾ ਵਾਚਯ ਅਰਥ-'ਏਕਤਾ' ਹੈ। ਇਸ ਤਰ੍ਹਾਂ ਨਾਲ 'ਈਸ਼ਵਰ ਤੇ ਜੀਵ ਇਕ ਹੈ' ਇਹ ਵਾਚਯ ਅਰਥ ਵਿਚ ਤਾਂ ਇਕ ਹੋ ਨਹੀਂ ਸਕਦੇ, ਕਿਉਂਕਿ ਜੀਵ ਅਲਪੱਗ ਤੇ ਈਸ਼ਵਰ ਸਰਬੱਗ, ਜੀਵ ਪ੍ਰਛਿੰਨ ਤੇ ਈਸ਼ਵਰ ਅਸੰਗ, ਜੀਵ ਅਵਿਦਯਾ ਯੁਕਤ ਤੇ ਈਸ਼ਵਰ ਅਵਿਦਯਾ ਮਲ ਰਹਿਤ ਆਦਿਕ ਪਰਸਪਰ ਵਿਰੋਧੀ ਧਰਮਾਂ ਵਾਲਾ ਹੋਣ ਕਰਕੇ ਜੀਵ ਈਸ਼ਵਰ ਦੀ ਏਕਤਾ ਹੋ ਨਹੀਂ ਸਕਦੀ ਅਤੇ ਵੇਦ ਵਚਨ ਭੀ ਅੰਨਥਾ ਨਹੀਂ ਹੈ, ਇਸ ਕਰਕੇ ਇਥੇ ਭਾਗ ਤਿਆਗ ਲਖਣਾ ਬ੍ਰਿਤੀ ਕਰਕੇ ਜੀਵ ਨੂੰ ਈਸ਼ਵਰ ਰੂਪ ਵਰਣਨ ਕੀਤਾ ਮੰਨ ਲੈਣ ਵਿਚ ਕੋਈ ਵਿਰੋਧ ਨਹੀਂ ਰਹਿੰਦਾ। ਜੈਸਾ ਕਿ ਜੀਵ ਦੀ ਅਲਪਗਤਾ ਤੇ ਈਸ਼ਵਰ ਦੀ ਸਰਬੱਗਤਾ, ਜੀਵ ਦੀ ਪ੍ਰਛੰਨਤਾ ਤੇ ਈਸ਼ਵਰ ਦੀ ਵਿਆਪਕਤਾ ਆਦਿਕ ਭਾਗਾਂ ਦਾ ਤਿਆਗ ਕਰ ਦੇਣ ਤੋਂ ਦੋਵੇਂ ਇਕ ਰੂਪ ਹਨ. ਇਸ ਵਿਚ ਕਿਸੇ ਤਰ੍ਹਾਂ ਦਾ ਵਿਰੋਧ ਹੀ ਨਹੀਂ ਹੈ।

ਪ੍ਰਸ਼ਨ-ਮਹਾਂ ਵਾਕ ਦੇ ਅਰਥ ਬੋਧਨ ਕਰਨ ਵਿਚ ਜਹਤੀ ਅਜਹਤੀ ਲਖਣ ਦਾ ਗ੍ਰਹਣ ਕਿਉਂ ਨਹੀਂ ਕੀਤਾ ਜਾਂਦਾ ? ਭਾਗ ਤਿਆਗ ਦਾ ਹੀ ਗ੍ਰਹਿਣ ਕਿਉਂ ਕੀਤਾ ਜਾਂਦਾ ਹੈ ?

ਉੱਤਰ-ਜਿਥੇ ਵਾਚਯ ਅਰਥ ਸਾਰੇ ਦਾ ਤਿਆਗ ਕਰਕੇ ਵਾਚਯ ਸਬੰਧੀ ਅਰਥ ਗ੍ਰਹਿਣ ਕੀਤਾ ਜਾਏ, ਉਥੇ ਜਹਤੀ ਲਖਣਾ ਹੁੰਦੀ ਹੈ, ਜੈਸਾ ਕਿ 'ਗੰਗਾ ਵਿਚ ਘਰ' ਦਾ ਸਾਰਾ ਹੀ ਵਾਚਯ ਅਰਥ ਤਿਆਗ ਦੇਣ ਮਗਰੋਂ 'ਗੰਗਾ ਨਦੀ ਦੇ ਕੰਢੇ ਦੇ ਦੇਸ ਜਾਂ ਸ਼ਹਿਰ ਵਿਚ ਘਰ ਹੈ' ਅਰਥ ਗ੍ਰਹਿਣ ਕੀਤਾ ਗਿਆ ਸੀ। ਇਥੇ ਮਹਾਂ ਵਾਕ ਵਿਚ ਐਸਾ ਅਰਥ ਬਣ ਨਹੀਂ ਸਕਦਾ,ਇਸੇ ਕਰਕੇ ਜਹਤਾ ਲਖਣਾ ਦਾ ਗ੍ਰਹਿਣ ਨਹੀਂ ਹੈ। ਜਿਥੇ ਵਾਚਯ ਅਰਥ ਸਹਿਤ ਹੀ ਅਧਿਕ ਅਨੁਮਾਨ ਕੀਤਾ ਜਾਵੇ, ਉਥੇ ਅਜਹਤਾ ਲਖਣਾ ਹੁੰਦੀ ਹੈ, ਜੈਸਾ ਕਿ 'ਲਾਲ ੨ ਧੋ ਦਾ' ਦੇ ਅਰਥ ਵਿਚ 'ਲਾਲ ਰੰਗ ਦੇ ਸਮੇਤ ਹੀ ਕਪੜੇ ਦਾ ਗ੍ਰਹਿਣ' ਕੀਤਾ ਜਾਂਦਾ ਹੈ। ਇਸ ਕਰਕੇ ਮਹਾਂ ਵਾਕ ਦੇ ਅਰਥ ਵਿਚ ਇਹ ਦੋਵੇਂ ਲਖਣਾ ਨਹੀਂ ਆ ਸਕਦੀਆਂ,ਤੀਸਰੀ ਭਾਗ ਲਖਣਾ ਤੋਂ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ। ਤਤ ਤੇ ਤਵੰ ਪਦ ਦੇ ਜੋ ਜੋ ਵਿਰੋਧੀ ਭਾਗ ਹਨ, ਉਨ੍ਹਾਂ ੨ ਦਾ ਤਿਆਗ ਕਰ ਦੇਣ ਤੋਂ ਬਾਕੀ ਦੋਹਾਂ ਦੀ ਏਕਤਾ ਹੀ ਪਿਛੇ ਰਹਿ ਜਾਂਦੀ ਹੈ, ਇਸੇ ਕਰਕੇ ਭਾਗ ਤਿਆਗ ਲਖਣਾ ਹੀ ਗ੍ਰਹਿਣ ਕਰਨੀ ਯੋਗ ਹੈ। ਅਰਥਾਤ-

ਜੀਵ-ਈਸ਼ਵਰ ਦਾ ਦੇਸ, ਕਾਲ ਤੇ ਵਸਤੂ ਤਿਆਗ ਕਰ ਦਿਤਾ ਜਾਏ ਤਾਂ ਪਿਛੇ ਕੇਵਲ ਚੇਤਨ ਇਕ ਰੂਪ ਰਹਿ ਜਾਂਦਾ ਹੈ।

ਪ੍ਰਸਨ—ਈਸ਼ਵਰ ਦਾ ਦੇਸ ਕਾਲ ਤੇ ਵਸਤੂ ਕੀ ਹੈ, ਜਿਸ ਦਾ ਤਿਆਗ ਕਰਨਾ ਯੋਗ ਹੈ ?

ਉੱਤਰ—ਉਤਪਤੀ, ਪਾਲਣਾ ਤੇ ਸੰਚਾਰ ਇਹ ਈਸ਼ਵਰ ਦਾ ਦੇਸ ਹੈ, ਭੂਤ, ਭਵਿਖਤ ਤੇ ਵਰਤਵਾਨ ਇਹ ਈਸ਼ਵਰ ਦਾ ਕਾਲ ਹੈ ਤੇ ਵੈਰਾਟ, ਹਿਰਨ ਤੇ ਗਰਭ ਇਹ ਤਿੰਨ ਈਸ਼ਵਰ ਦੀ ਵਸਤੂ ਹਨ। ਇਵੇਂ ਹੀ ਰਿਦਾ ਕੰਠ ਤੇ ਨੇਤਰ ਇਹ ਤਿੰਨ ਜੀਵ ਦੇ ਦੇਸ ਹਨ। ਜਾਗਤ, ਸੁਪਨ ਤੇ ਸਖੋਪਤੀ ਇਹ ਤਿੰਨ ਜੀਵ ਦੇ ਕਾਲ ਹਨ ਤੇ ਵਿਸ਼ਵ, ਤੇਜਸ ਤੇ ਪ੍ਰਾਗਯ ਜੀਵ ਦੇ ਵਸਤੂ ਹਨ। ਇਨ੍ਹਾਂ ਪਰਸਪਰ ਵਿਰੋਧੀ ਧਰਮਾਂ ਦੇ ਦੂਰ ਕਰ ਦੇਣ ਨਾਲ ਦੋਹਾਂ ਦਾ ਲਖਯ ਅਰਥ ਬੋਧਕ ਤੂੰ ਆਪਣਾ ਸਰੂਪ ਜਾਣ ਲੈ ॥ ੧੬੮ ॥

**ਚੌਪਈ ॥**

**ਨਿਖਲ ਦ੍ਵੈਤ ਕੋ ਦੂਰ ਨਿਵਾਰੋ ॥ ਚਿਦਾ ਨੰਦ ਉਰ ਆਤਮ ਧਾਰੋ ॥**
**ਬਹੁਰ ਪੁਰਖ ਉਪਨਿਖਦ ਅਲਯੋ ॥ ਤਿਹ ਉਪਰੰਤ ਕਹੋ ਕਯਾ ਭਯੋ ॥੧੬੯॥**

(ਇਸ ਤਰ੍ਹਾਂ ਵੇਦ ਦੇ ਮਹਾਂ ਵਾਕ ਦੇ ਅਰਥ ਨੂੰ ਜਾਣ ਕਰਕੇ) ਸਾਰੇ ਦਵੈਤ ਨੂੰ ਦੂਰ ਕਰ ਦੇਹ ਅਤੇ ਸਤ ਚਿਤ ਅਨੰਦ ਰੂਪ ਆਤਮਾ ਆਪਣੇ ਹਿਰਦੇ ਵਿਚ ਧਾਰਨ ਕਰ ਲੈ। ਇਸ ਸੁੰਦਰ ਸਿਧਾਂਤ ਨੂੰ ਸੁਣ ਕੇ ਪੁਰਖ ਬੜਾ ਹੀ ਅਨੰਦ ਹੋਇਆ ਅਤੇ ਫੇਰ ਪੁਰਖ ਨੇ ਉਪਨਿਖਦ ਨੂੰ ਕਿਹਾ—(ਹੇ ਮਾਤਾ ! ਤੂੰ) ਦਸ ਉਸ ਦੇ ਮਗਰੋਂ ਕੀ ਹੋਇਆ ਸੀ ? ॥੧੬੯॥

ਉਪਨਿਖਦ ਉਵਾਚ ॥

**ਦੋਹਰਾ—ਤਬ ਤੇ ਸਰਬ ਸੁ ਦੁਸ਼ਟ ਮਤਿ ਮੋਹਿ ਫਰਨ ਕੇ ਕਾਜ ॥**
**ਦੌਰੀ ਚਾਰੋਂ ਓਰ ਤੇ ਮੈਂ ਤਬ ਚਾਲੀ ਭਾਜ ॥੧੭੦॥**

ਉਪਨਿਖਦ ਕਹਿਣ ਲਗੀ—ਹੇ ਦੇਵ ! ਤਦ ਉਹ ਸਾਰੀਆਂ ਦੁਸ਼ਟ ਬੁਧੀ ਵਾਲੀਆਂ ਮੈਨੂੰ ਫੜਨ ਵਾਸਤੇ ਚੌਹਾਂ ਪਾਸਿਆਂ ਤੋਂ ਦੌੜ ਕੇ ਆਈਆਂ, ਜਦ ਮੈਂ ਉਨ੍ਹਾਂ ਨੂੰ ਆਪਣੇ ਵਲ ਆਉਂਦਿਆਂ ਵੇਖਿਆ ਤਦ ਮੈਂ ਉਥੋਂ ਭਜ ਤੁਰੀ ॥ ੧੭੦ ॥

**ਦੋਹਰਾ—ਸੀਤਾ ਪਤਿ ਰਘੁਵੰਸ ਮਣਿ ਰਾਮ ਸੀਲ ਜਸ ਭੌਨ ॥**
**ਜਿਹ ਦੰਡਕ ਬਨ ਮੈ ਗਏ ਤਿਹ ਮੈ ਕੀਨੋ ਗੌਨ ॥੧੭੧॥**

ਜੋ ਰਾਘਵ ਕੁਲ ਦੇ ਮਣੀ ਰੂਪ, ਸੀਤਾ ਦੇ ਸਵਾਮੀ, ਸੀਲ ਤੇ ਜਸ ਦੇ ਘਰ ਹਨ, ਉਹ ਰਾਮ ਚੰਦ੍ਰ ਜੀ ਜਿਸ ਦੰਡਕ ਬਨ ਵਿਚ (ਬਨਬਾਸ ਦਾ ਸਮਾਂ ਕਟਣ ਵਾਸਤੇ) ਗਏ ਸਨ,ਉਸੇ ਬਨ ਵਿਚ ਮੈਂ ਚਲੀ ਗਈ।੧੭੧।

**ਦੋਹਰਾ—ਤਿਹ ਮੰਦਰ ਪਰਬਤ ਬਿਖੇ ਮਧੁ ਸੂਦਨ ਅਸਥਾਨ ॥**
**ਤਾਂਹਿ ਨਿਕਟ ਜੋ ਦਸ਼ਾ ਮੈ ਭਈ ਸੁ ਕਰੋਂ ਬਖਾਨ ॥੧੭੨॥**

ਉਥੇ 'ਮੰਦਰ' ਨਾਮ ਵਾਲੇ ਪਹਾੜ ਵਿਚ 'ਮਧੁ ਸੂਦਨ' (ਸਵਾਮੀ ਦਾ) ਅਸਥਾਨ ਹੈ, ਉਸ ਦੇ ਕੋਲ ਮੇਰੀ ਜੋ ਦੁਰਦਸ਼ਾ ਹੋਈ ਸੀ, ਉਹ ਮੈਂ ਕਥਨ ਕਰਦੀ ਹਾਂ, (ਆਪ ਧਿਆਨ ਦੇ ਕੇ ਸੁਣੋ) ॥ ੧੭੨ ॥

**ਚੌਪਈ ॥**

**ਕਿਨਹੂੰ ਮੈਂ ਭੁਜਦੰਡ ਪ੍ਰਹਾਰੇ ॥ ਤੋਰ ਮਣੀ ਕਰ ਕੰਕਣ ਡਾਰੇ ॥**
**ਚੂੜਾਮਣੀ ਸੀਸ ਤੇ ਲੀਨੋ ॥ ਖੈਂਚੇ ਕੇਸ ਬਹੁਤ ਦੁਖ ਦੀਨੋ ॥੧੭੩॥**

**ਦੁਰ ਵਿਦਗਧ ਬਹੁ ਤਾ ਬਨ ਮਾਂਹੀ ॥ ਦਾਸੀ ਕਰਨ ਸੁ ਮੋ ਉਰ ਚਾਹੀ ॥**
**ਬਿਛਰੀ ਮਮ ਬਿਬੇਕ ਤੇ ਜਾਨ ॥ ਬਹੁ ਬਿਧ ਮੋ ਦੁਖ ਦਯੋ ਅਜਾਨ ॥੧੭੪॥**

ਕਿਸੇ ਨੇ ਮੇਰੀਆਂ ਸੁੰਦਰ ਬਾਹਵਾਂ ਤੋੜ ਦਿਤੀਆਂ ਅਰਥਾਤ ਸੰਧੀ ਵਿਭਕਤੀ ਨੂੰ ਖੰਡ ੨ ਕਰ ਦਿਤਾ, ਕਿਸੇ ਨੇ ਮੇਰੇ ਗਲ ਦੀ ਮਣੀ ਤੋੜ ਲਈ, (ਕਿਸੇ ਨੇ) ਹਥਾਂ ਵਿਚੋਂ ਕੜੇ (ਤਾਰੇ) ਉਤਾਰ ਲਏ (ਅਰਥਾਤ ਉਪਾਸ਼ਨਾ ਦੇ ਵਾਕ ਰੂਪ ਜੋ ਮੇਰਾ ਕੰਠ ਹੈ, ਉਸ ਵਿਚ ਜੋ ਚਿੱਤ ਦੀ ਇਕਾਗਰਤਾ ਰੂਪ ਮਣੀ ਸੀ, ਉਸ ਨੂੰ ਤੋੜ ਦਿਤਾ ਅਰਥਾਤ ਉਪਾਸ਼ਨਾ ਤੋਂ ਚਿੱਤ ਦੀ ਇਕਾਗਰਤਾ ਨਹੀਂ ਹੁੰਦੀ, ਇਸ ਤਰ੍ਹਾਂ ਦਾ ਜੋ ਕਥਨ ਕਰਾ ਹੈ, ਏਹੀ ਮਾਨੋ ਮੇਰੇ ਗਲ ਦੀ ਮਣੀ ਦਾ ਉਤਾਰ ਲੈਣਾ ਹੈ), ਕਿਸੇ ਨੇ ਮੇਰੇ ਸਿਰ ਵਿਚੋਂ ਚੂੜਾਮਨੀ ਨਾਮ ਵਾਲਾ ਗਹਿਣਾ ਉਤਾਰ ਲਿਆ, ਕਿਸੇ ਨੇ ਮੇਰੇ ਕੇਸਾਂ ਨੂੰ ਪੁਟ ਕੇ ਬੜਾ ਭਾਰਾ ਦੁਖ ਦਿਤਾ (ਅਰਥਾਤ ਮਹਾਂ ਵਾਕਾਂ ਰੂਪ ਜੋ ਮੇਰਾ ਸਿਰ ਹੈ, ਉਸ ਵਿਚ ਜੋ ਜੀਵ-ਬ੍ਰਹਮ ਦੀ ਏਕਤਾ ਦਾ ਵਰਣਨ ਹੈ,ਏਹੀ ਮਾਨੋ ਮੇਰੇ ਸਿਰ ਵਿਚ ਚੂੜਾਮਣੀ (ਜਾਂ ਚੌਂਕ ਫੁਲ) ਗਹਿਣਾ ਸੋਭ ਰਿਹਾ ਹੈ ਅਤੇ ਜੋ ਅਵਾਂਤਰ ਵਾਕ ਹਨ, ਉਹ ਮੇਰੇ ਕੇਸ ਹਨ। ਜੋ ਮਹਾਂ ਵਾਕਾਂ ਜੀਵ-ਬ੍ਰਹਮ ਦੀ ਏਕਤਾ ਅਤੇ ਅਵਾਂਤਰ ਵਾਕਾਂ ਦਾ ਖੰਡਨ ਕਰਨਾ ਹੈ, ਏਹੀ ਮਾਨੋ ਮੇਰੇ ਸਿਰ ਤੋਂ ਚੂੜਾਮਣੀ ਦਾ ਉਤਾਰਨਾ ਅਤੇ ਕੇਸਾਂ ਦਾ ਪੁਟਣਾ ਹੈ) ॥ ੧੭੩ ॥

ਉਸ ਦੰਡਿਕ ਬਨ ਵਿਚ ਕੁਟਲ ਪੰਡਿਤ ਬਹੁਤ ਸਨ, ਉਨ੍ਹਾਂ ਸਾਰਿਆਂ ਨੇ ਹੀ ਮੈਨੂੰ ਆਪਣੀ ਦਾਸੀ ਬਨਾਣਾ ਚਾਹਿਆ। ਜਦ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲਗ ਗਿਆ ਕਿ ਇਹ ਆਪਣੇ ਪਤੀ ਵਿਵੇਕ ਤੋਂ ਵਿਛੜੀ ਹੋਈ ਹੈ, ਤਦ ਤਾਂ ਉਨ੍ਹਾ ਮੈਨੂੰ ਆਪੋ ਆਪਣੀ ਚਾਲ ਵਿਚ ਫਸਾਉਣ ਵਾਸਤੇ ਬੜਾ ਭਾਰਾ ਦੁਖ ਦਿਤਾ ॥ ੧੭੪ ॥

**ਚੌਪਈ॥**

**ਕਹਯੋ ਪੁਰਖ ਬਹੁਰੋ ਭਯੋ ਜੋਈ ॥ ਮੋਕੋ ਸਗਲ ਸੁਨਾਵੋ ਸੋਈ ॥**
**ਕਹਿ ਉਪਨਿਖਦ ਸੁਨੋ ਮਨ ਲਾਈ ॥ ਤਬ ਮੇਰੇ ਹਰਿ ਭਏ ਸਹਾਈ ॥੧੭੫॥**

ਪੁਰਖ ਨੇ ਫਿਰ ਕਿਹਾ–ਮਾਤਾ ! ਜੋ ਤੇਰੇ ਨਾਲ ਫੇਰ ਵਰਤਾਓ ਹੋਇਆ ਸੀ, ਮੈਨੂੰ ਉਹ ਸਾਰਾ ਹੀ ਸੁਣਾ ਦੇਹ। ਉਪਨਿਖਦ ਨੇ ਕਿਹਾ–ਹੇ ਦੇਵ ! ਚੰਗੀ ਤਰ੍ਹਾਂ ਮਨ ਲਾਕੇ ਸੁਣ।(ਜਦ ਉਨ੍ਹਾਂ ਮੈਨੂੰ ਬੜਾ ਭਾਰਾ ਦੁਖ ਦਿਤਾ ਤੇ ਮੈਂ ਦੁਖੀ ਹੋਕੇ ਪ੍ਰਮਾਤਮ ਦੇਵ ਦੇ ਚਰਨਾਂ ਵਿਚ ਪੁਕਾਰ ਕੀਤੀ)ਤਦ ਹਰਿ ਪ੍ਰਭੂ ਮੇਰੇ ਸਹਾਈ ਆਨ ਹੋਏ।੧੭੫।

**ਚੌਪਈ ॥**

**ਤਬ ਮਧੁ ਸੂਦਨ ਕੇ ਅਸਥਾਨ ॥ ਨਿਕਸੇ ਪੁਰਖ ਪਰਮ ਬਲਵਾਨ ॥**
**ਲੈ ਕਰ ਗਦਾ ਸਗਲ ਤੇ ਡਾਨੀ ॥ ਤਬ ਮੋਕੋ ਵਹਿ ਛਾਡਿ ਪਲਾਨੀ ॥੧੭੬॥**

ਜਦ ਮੈਂ ਇਕ ਮਨ ਹੋ ਕੇ ਪੁਕਾਰ ਕੀਤੀ ਤਦ ਮਧੁ ਸੂਦਨ (ਸਵਾਮੀ ਦੇ) ਸਥਾਨ ਵਿਚੋਂ ਮਹਾਂ ਬਲਵਾਨ ਪੁਰਖ ਪ੍ਰਭੂ ਬਾਹਰ ਨਿਕਲੇ। ਉਨ੍ਹਾਂ ਨੇ ਹਥ ਵਿਚ ਗਦਾ ਲੈ ਕੇ ਉਨ੍ਹਾਂ ਸਾਰੀਆਂ ਨੂੰ ਡਾਂਟਿਆ। ਫਿਰ ਤਾਂ ਉਹ ਮੈਨੂੰ ਛਡ ਕੇ (ਆਪੋ ਆਪਣੇ ਘਰਾਂ ਨੂੰ) ਭਜ ਗਈਆਂ ॥ ੧੭੬ ॥

ਰਾਜ ਉਵਾਚ ॥

**ਦੋਹਰਾ–ਭਾਗ ਵਿਹੀਨ ਵਿਮੂਢ ਜੋ ਕਰੋਂ ਸੁ ਤੇ ਅਪਮਾਨ ॥**
**ਸਹੇ ਨ ਉਰ ਮੈਂ ਰੰਚ ਵਹੁ ਜਗ ਸਾਖੀ ਭਗਵਾਨ ॥੧੭੭॥**

ਬਿਬੇਕ ਰਾਜੇ ਨੇ ਕਿਹਾ–ਜਿਹੜੇ ਮਹਾਂ ਮੂਰਖ ਭਾਗਾਂ ਤੋਂ ਹੀਣੇ ਪੁਰਸ਼ ਹਨ,ਓਹੋ ਹੀ ਤੇਰਾ ਨਿਰਾਦਰ ਕਰਦੇ ਹਨ। ਉਨਾਂ ਵਲੋਂ ਕੀਤੀ ਗਈ ਤੇਰੀ ਨਿਰਾਦਰੀ ਨੂੰ ਜਗਤ ਦੇ ਸਾਖੀ ਰੂਪ ਭਗਵਾਨ ਪ੍ਰਭੂ ਆਪਣੇ ਹਿਰਦੇ ਵਿਚ

Sri Satguru Jagjit Singh Ji Elibrary NamdhariElibrary@gmail.com

ਭਰ ਵੀ ਸਹਾਰ ਨਹੀਂ ਸਕਦੇ (ਇਸ ਲਈ ਝਟ ਹੀ ਪ੍ਰਗਟ ਹੋ ਕੇ ਦੁਸ਼ਟਾਂ ਦੀ ਸੋਧਨਾ ਕਰਦੇ ਹਨ)।੧੭੭।

ਪੁਰਖ ਉਵਾਚ ॥

**ਦੋਹਰਾ—ਵੇ ਦੁਸ਼ਟਾ ਦਸ ਦਿਸ ਗਈਂ ਦੰਡਕ ਬਿਪਨ ਮਝਾਰ ॥**
**ਤਬ ਤੇ ਕੌਨ ਸੁ ਬਿਧ ਭਈ ਮੋਕੋ ਕਰੋ ਉਚਾਰ ॥ ੧੭੮ ॥**

ਪੁਰਖ ਨੇ ਪੁਛਿਆ-(ਹੇ ਮਾਤਾ ! ਜਦ ਕਿ) ਉਹ ਬਦਮਾਸ਼ ਔਰਤਾਂ ਦੰਡਕ ਬਨ ਵਿਚੋਂ ਦਸਾਂ ਦਿਸਾਂ ਨੂੰ ੋਆਂ ਗਈਆਂ । ਤਦ ਫਿਰ ਤੇਰੀ ਕੀ ਹਾਲਤ ਹੋਈ ? ਉਹ ਭੀ ਵਰਣਨ ਕਰਕੇ ਮੈਨੂੰ ਸੁਣਾਓ ॥ ੧੭੮ ॥

ਉਪਨਿਖਦ ਉਵਾਚ ॥

**ਚੌਪਈ ॥**

**ੀਤਾ ਕੇ ਆਸ਼੍ਰਮ ਕੀ ਓਰਾ ॥ ਦੌਰੀ ਮੈਂ ਉਰ ਡਰਯੋ ਸੁ ਮੋਰਾ ॥**
**ਪਰ ਟੂਟ ਪਰੇ ਪਥ ਮਾਂਹੀ ॥ ਬਰੀ ਜਾਇ ਆਸ਼੍ਰਮ ਕੇ ਮਾਂਹੀ ॥੧੭੯॥**
**ਬ ਗੀਤਾ ਦਹਿਤਾ ਮਮ ਪਿਆਰੀ ॥ ਪੇਖ ਕਹਯੋ ਆਈ ਮਹਤਾਰੀ ॥**
**ਤ ਮਾਤ ਯੋ ਮੁਖੋਂ ਅਲਾਯੋ ॥ ਮੇ ਪਦ ਪੰਕਜ ਸੀਸ ਝੁਕਾਯੋ ॥੧੮੦॥**

ਗੀਤਾ ਦੀ ਆਸ਼ਰਮ ਦੀ ਤਰਫ ਨੂੰ ਮੈਂ ਦੋੜ ਪਈ, ਮੇਰਾ ਚਿਤ ਬਹੁਤ ਡਰਿਆ ਹੋਇਆ ਸੀ । ਰਾਹ 'ਚ ਮੇਰੇ ਪੈਰਾਂ ਦੀਆਂ ਝਾਂਜਰਾਂ ਵੀ ਟੁਟ ਕੇ ਡਿਗ ਪਈਆਂ (ਪਰ ਮੈਂ ਭਜੀ ਗਈ ਅਤੇ) ਜਾ ਕੇ (ਗੀਤਾ ਦੇ) 'ਸ਼ਰਮ ਵਿਚ ਵੜ ਗਈ ॥ ੧੭੯ ॥ (ਜਦ ਮੈਨੂੰ ਅੰਦਰ ਵੜਦਿਆਂ ਵੇਖ ਲਿਆ) ਤਦ ਮੇਰੀ ਪਿਆਰੀ ਧੀ ੀਤਾ' ਨੇ (ਮੈਨੂੰ) ਵੇਖਦਿਆਂ ਹੀ ਕਿਹਾ-'ਆਹ, ਮੇਰੀ ਪਿਆਰੀ ਮਾਤਾ ਆ ਗਈ ਹੈ, ਮਾਤਾ ! ਜੀ ਆਇਆਂ ਮਾਤਾ ! ਸੁਖ ਨਾਲ ਆਈ ਹੈਂ ?' ਇਸ ਤਰ੍ਹਾਂ ਦੇ ਬਚਨ ਉਸ ਨੇ ਮੂੰਹੋਂ ਆਖੇ ਅਤੇ ਮੇਰੇ ਚਰਨ ਕਮਲਾਂ ਉਤੇ ਸ ਨੇ ਆਪਣਾ ਸਿਰ ਧਰ ਦਿਤਾ ॥ ੧੮੦ ॥

**ਚੌਪਈ ॥**

**ਲੀ ਭਾਂਤਿ ਮੁਹਿ ਅੰਕ ਮਿਲਾਇ ॥ ਹੇਮ ਪੀਠ ਮੈਂ ਲਯੋ ਬਿਠਾਇ ॥**
**ਯੋ ਬ੍ਰਿਤਾਂਤ ਨਿਖਲ ਤਿਨ ਜਾਨਿਓ ॥ ਬਹੁਰ ਸੁ ਮੋਕੋ ਏਹੁ ਬਖਾਨਿਓ॥੧੮੧॥**

(ਗੀਤਾ) ਚੰਗੀ ਤਰ੍ਹਾਂ ਨਾਲ ਘੁਟ ਕੇ ਮੈਨੂੰ ਗਲ ਨਾਲ ਮਿਲੀ ਅਤੇ ਫੇਰ ਉਸ ਨੇ ਮੈਨੂੰ ਸੋਨੇ ਦੇ ਪੀੜੇ ਤੇ ਬਿਠਾ ਲਿਆ । ਜੋ ਕੁਝ ਮੇਰਾ ਹਾਲ ਹੋਇਆ ਸੀ, ਉਹ ਸਾਰਾ ਉਸ ਨੇ ਜਾਣ ਲਿਆ, ਤਦ ਫਿਰ ਉਸ ਮੈਨੂੰ ਇਸ ਤਰ੍ਹਾਂ ਕਿਹਾ ॥ ੧੮੧ ॥

**ਦੋਹਰਾ--ਮਾਤ ਡਰੋ ਨਹਿ ਚੀਤ ਮੈਂ ਤੇਰੋ ਕਰਿ ਅਪਮਾਨ ॥**
**ਦੁਸ਼ਟ ਯਥੇਸ਼ਟ ਰਮੇ ਜੋ ਤਾਂਹਿ ਹਨੇ ਭਗਵਾਨ ॥ ੧੮੨ ॥**

ਹੇ ਮਾਤਾ ! ਤੂੰ ਚਿਤ ਵਿਚ ਡਰ ਨਾ ਅਤੇ ਚੇਤੇ ਰਖ ਕਿ ਤੇਰਾ ਨਿਰਾਦਰ ਕਰਕੇ ਜਿਹੜੇ ਪੁਰਸ਼ ਆਪਣੀ ਨ ਮਰਜ਼ੀ ਕਰਦੇ ਫਿਰਦੇ ਹਨ, ਭਗਵਾਨ ਉਨ੍ਹਾਂ ਨੂੰ ਜ਼ਰੂਰ ਹੀ ਨਾਸ ਕਰੇਗਾ ॥ ੧੮੨ ॥

**ਚੌਪਈ ॥**

**ੀ ਪਤਿ ਯੋ ਮੁਖ ਆਪ ਬਖਾਨੇ ॥ ਦੁਸਟ ਸੁ ਜੋ ਉਪਨਿਖਦ ਨ ਮਾਨੇ ॥**

**ਕ੍ਰੂਰ ਨਰਾਧਮ ਯਾ ਜਗ ਜੇਤੇ ॥ ਅਸੁਰ ਜੋਨਿ ਮੈਂ ਡਾਰੋਂ ਤੇਤੇ ॥੧੯੩॥**

ਹੇ ਮਾਤਾ ! ਲਛਮੀ ਦੇ ਸਵਾਮੀ ਸ੍ਰੀ ਵਿਸ਼ਨ ਭਗਵਾਨ ਨੇ ਆਪਣੇ ਪਵਿਤ੍ਰ ਮੁਖ ਤੋਂ ਇਸ ਤਰ੍ਹਾਂ ਕਥਨ ਕੀਤਾ ਹੈ ਕਿ ਜਿਹੜੇ ਦੁਸ਼ਟ ਪੁਰਖ ਉਪਨਿਖਦ ਦਾ ਸਨਮਾਨ ਨਹੀਂ ਕਰਦੇ, ਇਸ ਜਗਤ ਵਿਚ ਜਿੰਨੇ ਭੀ ਹਨ, ਉਨ੍ਹਾਂ ਸਾਰਿਆਂ ਨੂੰ ਮੈਂ ਦੈਂਤ ਜੂਨੀ ਵਿਚ ਪਾਵਾਂਗਾ ॥ ੧੯੩ ॥

**ਚੌਪਈ ॥**

**ਸੁਨ ਕਰਿ ਪੁਰਖ ਅਨੰਦਤ ਭਯੋ ॥ ਯੌ ਮੁਖ ਮਾਂਹਿ ਸੁ ਬੈਨ ਅਲਯੋ ॥**
**ਸੁਨਯੋ ਅਰਥ ਮੈਂ ਪੂਰਬ ਜੋਈ ॥ ਉਪਨਿਖਦ ਕਰਾਵਤ ਨਿਹਚੈ ਸੋਈ ॥੧੯੪॥**

ਇਸ ਗੱਲ ਨੂੰ ਸੁਣ ਕਰਕੇ ਪੁਰਖ ਬੜਾ ਖੁਸ਼ ਹੋਇਆ ਅਤੇ ਇਸ ਤਰ੍ਹਾਂ ਨਾਲ ਮੂੰਹੋਂ ਕਹਿਣ ਲਗਾ-ਜੋ ਅਰਥ ਮੈਂ ਪਹਿਲੇ ਸੁਣਿਆ ਹੋਇਆ ਸੀ, ਉਪਨਿਖਦ ਦੇਵੀ ਉਸੇ ਅਰਥ ਨੂੰ ਨਿਸਚੇ ਕਰਾਉਂਦੀ ਹੈ ॥੧੯੪॥

ਕਵਿ ਉਵਾਚ ॥

**ਦੋਹਰਾ-ਸ੍ਰਵਣ ਮਨਨ ਪੂਰਨ ਭਯੇ ਨਿਖਲ ਸੰਦੇਹ ਨਿਵਾਰ ॥**
**ਨਿਧਯਾਸਨ ਕੀ ਚਾਹ ਉਰ ਭਈ ਸੁ ਪੁਰਖ ਉਦਾਰ ॥ ੧੯੫ ॥**

ਗ੍ਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ-ਇਸ ਤਰ੍ਹਾਂ ਸ੍ਰਵਣ, ਮੰਨਣ ਦੇ ਪੂਰਾ ਹੋ ਜਾਣ ਨਾਲ (ਪੁਰਖ ਦੇ ਮਨ ਵਿਚੋਂ) ਸਾਰੇ ਸੰਦੇਹ ਦੂਰ ਹੋ ਗਏ ਅਤੇ ਉਦਾਰ ਪੁਰਖ ਦੇ ਹਿਰਦੇ ਵਿਚ ਨਿਧਯਾਸਨ ਦੀ ਚਾਹ ਹੋ ਗਈ ਹੈ ॥ ੧੯੫ ॥

ਪ੍ਰਸ਼ਨ-ਸ੍ਰਵਣ ਕੀ ਹੈ ?

ਉੱਤਰ-ਛੇ ਯੁਕਤੀਆਂ ਕਰਕੇ ਵੇਦਾਂਤ ਵਾਕ ਦਾ ਸਿਧਾਂਤ ਚਿਤ ਵਿਚ ਨਿਸਚੇ ਕਰਨ ਦਾ ਨਾਮ ਸ੍ਰਵਣ ਹੈ।

ਪ੍ਰਸ਼ਨ-ਮੰਨਣ ਦਾ ਰੂਪ ਕੀ ਹੈ ?

ਉੱਤਰ-ਜੀਵ ਬ੍ਰਹਮ ਦੀ ਅਭੇਦ ਸਾਧਕ ਤੇ ਅਭੇਦ ਬਾਧਕ ਯੁਕਤੀਆਂ ਨਾਲ ਪ੍ਰਮਾਤਮਾ ਦਾ ਚਿੰਤਨ ਕਰਨ ਦਾ ਨਾਮ ਮੰਨਣ ਕਰਨਾ ਹੈ।

ਪ੍ਰਸ਼ਨ-ਸ੍ਰਵਣ ਤੇ ਮੰਨਣ ਨਾਲ ਕਿਹੜੇ ੨ ਸੰਦੇਹ ਦੂਰ ਹੁੰਦੇ ਹਨ ?

ਉੱਤਰ-ਵੇਦਾਂਤ ਵਾਕ ਅਦੁਤ੍ਰੀਯ ਬ੍ਰਹਮ ਦਾ ਵਰਣਨ ਕਰਦੇ ਹਨ ਜਾਂ ਕਿਸੇ ਹੋਰ ਦਾ ਵਰਣਨ ਕਰਦੇ ਹਨ, ਇਹ ਪ੍ਰਮਾਦ ਗਤ ਸੰਦੇਹ ਸ੍ਰਵਣ ਤੋਂ ਦੂਰ ਹੁੰਦਾ ਹੈ, ਅਤੇ ਜੀਵ ਬ੍ਰਹਮ ਦਾ ਭੇਦ ਸੱਤ ਹੈ ਜਾਂ ਅਭੇਦ ਸੱਤ ਹੈ, ਇਹ ਪ੍ਰਮੇਯ ਗਤ ਸੰਦੇਹ ਮੰਨਣ ਤੋਂ ਦੂਰ ਹੁੰਦਾ ਹੈ।

**ਚੌਪਈ ॥**

**ਯਾ ਅਵਸਰ ਨਿਧਯਾਸਨ ਆਯੋ ॥ ਬੈਠ ਸਭਾ ਮੈ ਏਹੁ ਅਲਾਯੋ ॥**
**ਵਿਸ਼ਨੁ ਭਗਤਿ ਨੇ ਮੋਹਿ ਪਠਾਯੋ ॥ ਤਾਂਤੇ ਮੈਂ ਈਹਾਂ ਚਲਿ ਆਯੋ ॥੧੯੬॥**

ਉਸੇ ਵੇਲੇ (ਹੀ ਰਾਜਾ ਦੀ ਸਭਾ ਵਿਚ ਨਿਧਯਾਸਨ) ਆ ਗਿਆ ਤੇ ਰਾਜ ਸਭਾ ਵਿਚ ਬੈਠ ਕੇ ਉਸ ਨੇ ਇਹ ਕਿਹਾ-ਮੈਨੂੰ ਵਿਸ਼ਨੂ ਭਗਤੀ ਨੇ ਭੇਜਿਆ ਹੈ, ਇਸੇ ਕਰਕੇ ਮੈਂ ਇਥੇ ਚਲ ਕੇ ਆਇਆ ਹਾਂ ॥ ੧੯੬ ॥

**ਚੌਪਈ ॥**

**ਗੂਢ ਹਮਾਰਾ ਆਸ਼ਯ ਜੋਈ ॥ ਉਪਨਿਖਦ ਵਿਵੇਕ ਪ੍ਰਤਿ ਭਾਖੋ ਸੋਈ ॥**

ਦੋਨੋ ਕੇ ਯਹਿ ਬਾਤ ਪ੍ਰਕਾਸ਼ ॥ ਪੁਰਖ ਮਾਂਹਿ ਤੂੰ ਕਰੀਂ ਨਿਵਾਸ ॥੧੮੭॥
ਬਹੁਰ ਬਿਲੋਕ ਸੁ ਏਹੁ ਬਖਾਨੀ ॥ ਯਹਿ ਬੈਠੀ ਉਪਨਿਖਦ ਸੁ ਰਾਨੀ ॥
ਪੁਰਖ ਵਿਵੇਕ ਸੁ ਸੰਗ ਸੁਹਾਏ ॥ ਚਲੋ ਨਜੀਕ ਸੁ ਦੇਹੁ ਸੁਨਾਏ ॥੧੮੮॥

(ਵਿਸ਼ਨੂੰ ਭਗਤੀ ਨੇ ਕਿਹਾ ਹੈ ਕਿ) ਜੋ ਮੇਰਾ ਗੂੜ੍ਹ ਆਸ਼ਾ ਹੈ, ਤੂੰ ਜਾਕੇ ਉਪਨਿਖਦ ਤੇ ਵਿਵੇਕ ਨੂੰ ਉਹ ਗੂੜ੍ਹ ਆਸ਼ਾ ਕਹਿ ਦੇਹ। ਦੋਹਾਂ ਨੂੰ ਇਹ ਗੱਲ ਜ਼ਾਹਰ ਕਰਕੇ ਫਿਰ ਤੂੰ ਪੁਰਖ ਦੇ ਹਿਰਦੇ ਵਿਚ ਨਿਵਾਸ ਕਰ ਲਵੀਂ ॥ ੧੮੭ ॥

ਫਿਰ ਉਸ ਨੇ ਚਾਰ ਚੁਫੇਰੇ ਵੇਖਕੇ ਕਿਹਾ-ਉਹ ਉਪਨਿਖਦ ਰਾਣੀ ਤਾਂ ਇਹ ਬੈਠੀ ਹੋਈ ਹੈ। ਵਿਵੇਕ ਪੁਰਖ ਭੀ ਉਸ ਨਾਲ ਸੋਭਾ ਪਾ ਰਿਹਾ ਹੈ। ਇਨ੍ਹਾਂ ਦੇ ਕੋਲ ਜਾਕੇ ਉਸਦਾ (ਸੁਨੇਹਾ ਇਨ੍ਹਾਂ ਨੂੰ) ਸੁਣਾ ਦੇਵਾਂ।੧੮੮।

## ਚੌਪਈ॥

ਐਸੇ ਬਖਾਨ ਨਿਕਟ ਵਹੁ ਗਯੋ॥ਉਪਨਿਖਦ ਸਮੀਪ ਸੁ ਵਾਕ ਅਲਯੋ॥
ਦੇਵੀ ਬਿਸ਼ਨ ਭਗਤਿ ਹੈ ਜੋਈ ॥ ਤਾਂਹਿ ਬਖਾਨਿਓ ਸੁਨੀਏ ਸੋਈ ॥੧੮੯॥
ਸੰਕਲਪ ਯੋਨਿ ਦੇਵਤਾ ਸਾਰੀ ॥ ਯਹਿ ਨੀਕੇ ਮੈਂ ਆਪ ਨਿਹਾਰੀ ॥
ਉਪਨਿਖਦ ਸਗਰਭਾ ਤੂੰ ਅਬ ਭਈ॥ ਕੰਨਯਾ ਤੇ ਉਰ ਮੈਂ ਨਿਰਮਈ ॥੧੯੦॥

ਇਸ ਤਰ੍ਹਾਂ ਕਹਿ ਕੇ ਉਹ ਉਪਨਿਖਦ ਦੇ ਕੋਲ ਚਲਾ ਗਿਆ ਅਤੇ ਉਪਨਿਖਦ ਦੇ ਕੋਲ ਜਾ ਕੇ ਉਸ ਨੇ ਇਹ ਵਾਕ ਉਚਾਰਿਆ-ਹੇ ਉਪਨਿਖਦ ਦੇਵੀ ! ਜੋ ਵਿਸ਼ਨੂ ਭਗਤੀ ਹੈ, ਉਸ ਨੇ ਜੋ ਤੈਨੂੰ ਸੁਨੇਹਾ ਕਿਹਾ ਹੈ, ਉਹ ਸੁਨੇਹਾ ਤੂੰ ਸੁਣ ਲੈ ॥ ੧੮੯ ॥

ਸਾਰੇ ਦੇਵਤਿਆਂ ਦੀ ਉਤਪਤੀ ਸੰਕਲਪ ਤੋਂ ਹੁੰਦੀ ਹੈ, (ਮੈਥਨ ਕਰਨ ਤੋਂ ਦੇਵਤਾ ਦੀ ਉਤਪਤੀ ਨਹੀਂ ਹੈ, ਕੇਵਲ ਸੰਕਲਪ ਮਾਤਰ ਤੋਂ ਹੀ ਪੈਦਾਇਸ਼ ਹੁੰਦੀ ਹੈ)। ਇਹ ਗੱਲ ਮੈਂ ਆਪ ਚੰਗੀ ਤਰ੍ਹਾਂ ਵੇਖ ਲਈ ਹੈ। ਇਸ ਲਈ ਹੇ ਉਪਨਿਖਦ ! ਤੂੰ ਹੁਣ ਵਿਵੇਕ ਦੇ ਸੰਕਲਪ ਮਾਤਰ ਤੋਂ ਹੀ ਗਰਭ ਸਹਿਤ ਹੋ ਗਈ ਹੈਂ। ਤੇਰੇ ਪੇਟ ਵਿਚ ਇਹ ਕੰਨਯਾ ਪੈਦਾ ਹੋ ਗਈ ਹੈ ॥ ੧੯੦ ॥

## ਚੌਪਈ॥

ਔਰ ਪ੍ਰਬੋਧ ਚੰਦ੍ਰ ਸੁਤ ਜਾਨ ॥ ਮੇਰੋ ਕਹਯੋ ਸੁ ਸਤਿ ਪਛਾਨ ॥
ਕ੍ਰੂਰ ਸੁਭਾਵ ਕੰਨਯਾ ਅਹੇ ॥ ਉਪਜੀ ਨਿਖਲ ਸਬੰਧੀ ਦੇਹ ॥੧੯੧॥

(ਇਕ) ਹੋਰ ਚੰਦਰ (ਸਮਾਨ ਪ੍ਰਕਾਸ਼ ਵਾਲਾ) 'ਪ੍ਰਬੋਧ' ਨਾਮ ਦਾ ਪੁਤਰ ਪੈਦਾ ਹੋਵੇਗਾ, ਮੇਰਾ ਕਿਹਾ ਜੋ ਬਚਨ ਹੈ ਉਹ ਸੱਤ ਪਛਾਣ ਲੈ। (ਉਹ) ਕੰਨਯਾ ਬੜੇ ਕਰੂਰ ਸੁਭਾਵ ਵਾਲੀ ਹੋਵੇਗੀ, ਕਿਉਂਕਿ ਉਹ ਪੈਦਾ ਹੁੰਦੀ ਹੀ ਸਾਰੇ ਸਨਬੰਧੀਆਂ ਨੂੰ ਨਾਸ ਕਰ ਦੇਵੇਗੀ ॥ ੧੯੧ ॥

## ਚੌਪਈ॥

ਬ੍ਰਹਮ ਵਿਦਯਾ ਕੰਨਯਾ ਜੋਈ ॥ ਮਨ ਮੈਂ ਕਰੋ ਸੰਚਾਰਣ ਸੋਈ ॥
ਸੰਕਰਖਣ ਵਿਦਯਾ ਕੋ ਉਰ ਧਾਰ ॥ ਮਨ ਕੇ ਉਦਰ ਕੰਨਯਾ ਡਾਰ ॥੧੯੨॥

**ਪ੍ਰਬੋਧ ਚੰਦ੍ਰ ਪੂਤ ਪੁਨ ਜੋਈ ॥ ਪੁਰਖ ਸਮਰਪਣ ਕੀਜੈ ਸੋਈ ॥**
**ਵਿਵੇਕ ਸਹਿਤ ਤੂੰ ਮੇਰੇ ਪਾਸ ॥ ਉਪਨਿਖਦ ਕਰੋ ਅਬ ਸਹਜ ਨਿਵਾਸ॥੧੯੩॥**

ਬ੍ਰਹਮ ਵਿਦਯਾ=ਆਤਮਾ ਨੂੰ ਸਾਖਯਾਤਕਾਰ ਕਰ ਲੈਣ ਦਾ ਨਾਮ ਹੈ। ਪ੍ਰਬੋਧ=ਨਿਰਤਸਯ ਬ੍ਰਹਮ ਪ੍ਰਕਾਸ਼ ਦਾ ਨਾਮ ਹੈ।

ਬ੍ਰਹਮ ਵਿਦਯਾ ਨਾਮ ਦੀ ਜੋ ਕੰਨਯਾਂ (ਤੇਰੇ ਉਦਰ ਵਿਚ ਨਿਪਜੀ ਹੈ) ਉਸ ਨੂੰ ਮਨ ਦੇ ਵਿਚ ਸੰਚਾਰਣ ਕਰ ਦੇਹ (ਅਰਥਾਤ ਸੰਕਰਖਣ ਵਿਦਯਾ ਨੂੰ ਹਿਰਦੇ ਵਿਚ ਧਾਰਨ ਕਰਕੇ ਉਹ ਕੰਨਯਾ ਆਪਣੇ ਪੇਟ ਵਿਚ ਚਲਾਇਮਾਨ ਕਰਕੇ) ਮਨ ਦੇ ਉਦਰ ਵਿਚ ਪਾ ਦੇਹ ॥ ੧੯੨ ॥

ਅਤੇ ਫਿਰ ਜੋ ਪ੍ਰਬੋਧ ਚੰਦ੍ਰ (ਨਾਮ ਦਾ) ਪੁਤਰ (ਨਿਪਜਿਆ ਹੈ) ਉਹ ਪੁਰਖ ਨੂੰ ਭੇਟਾ ਕਰ ਦੇਹ। ਇਸ ਤਰ੍ਹਾਂ ਦਾ ਕੰਮ ਕਰ ਲੈਣ ਮਗਰੋਂ ਹੇ ਉਪਨਿਖਦ! ਤੂੰ ਹੁਣ ਸਹਿਜੇ ਹੀ ਵਿਵੇਕ ਦੇ ਸਹਿਤ ਆ ਕੇ ਮੇਰੇ ਪਾਸ ਨਿਵਾਸ ਕਰ ਲੈ ॥ ੧੯੩ ॥

ਪ੍ਰਸ਼ਨ-ਸੰਕਰਖਣ ਵਿਦਯਾ ਕੀ ਵਸਤੂ ਹੈ ?

ਉੱਤਰ-ਸੰਕਰਖਣ ਦਾ ਅਰਥ ਹੈ ਖਿਚ ਲੈਣਾ। 'ਜੋਗ ਸ਼ਕਤੀ ਨਾਲ ਉਹ ਤਾਕਤ ਪ੍ਰਾਪਤ ਕਰ ਲੈਣੀ ਕਿ ਆਪਣੀ ਮਰਜ਼ੀ ਅਨੁਸਾਰ ਕਿਸੇ ਵਸਤੂ ਨੂੰ ਇਕ ਜਗ੍ਹਾ ਤੋਂ ਖਿਚ ਕੇ ਦੂਜੀ ਜਗ੍ਹਾ ਤੇ ਪਹੁੰਚਾ ਦੇਣਾ, ਇਸ ਤਾਕਤ ਦਾ ਨਾਮ 'ਸੰਕਰਖਣ ਵਿਦਯਾ' ਹੈ। ਇਸੇ 'ਸੰਕਰਖਣ ਵਿਦਯਾ' ਦੇ ਬਲ ਨਾਲ ਹੀ ਬਲਿਰਾਮ ਜੀ ਨੂੰ ਦੇਵਕੀ ਦੇ ਉਦਰ ਤੋਂ ਮੋਹਣੀ ਦੇ ਉਦਰ ਵਿਚ ਪਹੁੰਚਾਇਆ ਗਿਆ ਸੀ।

**ਦੋਹਰਾ-ਵਿਸ਼ਨੁ ਭਗਤਿ ਜੋ ਭਾਖਿਓ ਸੋਈ ਕਰੋਂ ਨ ਔਰ ॥**
**ਯੌਂ ਕਹਿ ਸੰਗ ਬਿਬੇਕ ਕੇ ਗਈ ਇਕੰਤ ਸੁ ਠੌਰ ॥ ੧੯੪ ॥**

ਉਪਨਿਖਦ ਕਹਿਣ ਲਗੀ-ਮੈਨੂੰ ਜੋ ਕੁਝ ਵਿਸ਼ਨੁ ਭਗਤੀ ਨੇ ਕਿਹਾ ਹੈ, ਹੁਣ ਮੈਂ ਓਹੀ ਕੰਮ ਕਰਦੀ ਹਾਂ। ਇਸ ਤਰ੍ਹਾਂ ਕਹਿ ਕੇ ਬਿਬੇਕ ਰਾਜੇ ਦੇ ਨਾਲ ਇਕਾਂਤ ਜਗ੍ਹਾ ਵਿਚ ਚਲੀ ਗਈ ॥ ੧੯੪ ॥

**ਦੋਹਰਾ--ਨਿਧਯਾਸਨ ਤਬ ਪੁਰਖ ਨੇ ਕੀਨੋ ਆਨ ਪ੍ਰਵੇਸ ॥**
**ਧਰਯੋ ਪੁਰਖ ਧਿਆਨ ਤਬ ਜਾਂ ਕਰ ਹਰੇ ਕਲੇਸ਼ ॥ ੧੯੫ ॥**

ਨਿਧਯਾਸਨ=ਅਨਾਤਮਕਾਰ ਬ੍ਰਿਤੀ ਦਾ ਨਿਸ-ਭ੍ਰਮ ਰੂਪ ਹੋ ਕੇ ਬ੍ਰਹਮਾਕਾਰ ਬ੍ਰਿਤੀ ਦਾ ਇਸਥਿਰ ਹੋ ਜਾਣ ਦਾ ਨਾਮ ਹੈ।

ਜਦ ਉਪਨਿਖਦ ਵਿਵੇਕ ਦੇ ਨਾਲ ਅਖਾੜੇ ਵਿਚੋਂ ਚਲੀ ਗਈ ਤਦ ਨਿਧਯਾਸਨ ਰੂਪ ਪੁਰਖ ਨੇ ਅਖਾੜੇ ਵਿਚ ਆਣ ਕੇ ਪ੍ਰਵੇਸ਼ ਕਰ ਲਿਆ। ਉਸੇ ਵੇਲੇ ਹੀ 'ਪੁਰਖ' ਨੇ (ਉਸ ਸਰੂਪ ਦਾ) ਧਿਆਨ ਧਰਿਆ, ਜਿਸ ਕਰਕੇ ਸਾਰੇ ਕਲੇਸ਼ ਨਾਸ ਹੋ ਜਾਂਦੇ ਹਨ ਅਰਥਾਤ ਜਦ ਜੀਵ ਦੇ ਅੰਤਹਕਰਣ ਵਿਚ ਨਿਧਯਾਸਨ ਦਾ ਨਿਵਾਸ ਹੋ ਜਾਵੇ, ਤਦ ਸਹਿਜੇ ਹੀ ਸਮਾਧੀ ਲਗ ਜਾਂਦੀ ਹੈ ॥ ੧੯੫ ॥

**ਦੋਹਰਾ-ਨੇਪਥ ਮਾਂਹਿ ਪ੍ਰਵੇਸ਼ ਕਰ ਦੋਨੋ ਨੈਨ ਮਿਲਾਇ ॥**
**ਅਦਭੁਤ ਰੂਪ ਧਿਆਇ ਉਰ ਬੋਲਯੋ ਸਹਜ ਸੁਭਾਇ ॥ ੧੯੬ ॥**

'ਪੁਰਖ' ਸਟੇਜ ਉਪਰਲ ਪੜਦੇ ਅੰਦਰ ਜਾ ਕੇ, ਦੋਵੇਂ ਅਖਾਂ ਮੀਟ ਕੇ ਸਮਾਧੀ ਲਾ ਕੇ ਬੈਠ ਗਿਆ। ਅਸਚਰਜ ਰੂਪ ਦਾ ਹਿਰਦੇ ਵਿਚ ਧਿਆਨ ਧਰ ਕੇ ਸਹਿਜ ਸੁਭਾਵ ਹੀ ਕਹਿਣ ਲਗਾ ॥ ੧੯੬ ॥

**ਦੋਹਰਾ-ਮਨ ਵਖਯਸਥਲ ਕੋ ਫੋੜ ਕੇ ਕੰਨਯਾ ਭਈ ਪ੍ਰਕਾਸ਼ ॥**

Sri Satguru Jagjit Singh Ji Elibrary NamdhariElibrary@gmail.com

ਸਹਿਤ ਸਮਗ੍ਰੀ ਮੋਹ ਕੇ ਕੀਨੋ ਏਕ ਗ੍ਰਾਸ ॥ ੧੯੭ ॥
ਤੜਿਤਾ ਸਮ ਦਮਕੀ ਮਹਾਂ ਦਿਸ ਕੇ ਤਿਮਰ ਮਿਟਾਇ ॥
ਅੰਤਰ ਧਯਾਨ ਖਿਨ ਮੈਂ ਭਈ ਐਸੋ ਰੂਪ ਦਿਖਾਇ ॥ ੧੯੮ ॥

ਵਖਯਸਥਲ=ਵਖੀ ਵਾਲੀ ਜਗ੍ਹਾ। ਪ੍ਰਕਾਸ਼=ਪ੍ਰਗਟ। ਤੜਿਤਾ=ਬਿਜਲੀ। ਦਮਕੀ=ਪ੍ਰਕਾਸ਼ ਯੁਕਤ ਹੋਈ, ਚਮਕੀ। ਤਿਮਰ=ਹਨੇਰਾ। ਅੰਤਰ ਧਯਾਨ=ਲੋਪ।

ਮਨ ਦੀ ਵਖੀ ਵਾਲੀ ਜਗ੍ਹਾ ਨੂੰ ਪਾੜ ਕੇ ਇਕ ਲੜਕੀ ਪ੍ਰਗਟ ਹੋਈ ਹੈ। ਜਿਸ ਨੇ ਸਾਰੀ ਸਮਗਰੀ ਦੇ ਮੇਤ ਹੀ ਮੋਹ ਨੂੰ ਇਕ ਗ੍ਰਾਹੀ ਕਰ ਲਿਆ ਹੈ ॥ ੧੯੭ ॥

ਉਹ ਲੜਕੀ ਬਿਜਲੀ ਸਮਾਨ ਬਹੁਤ ਚਮਕੀ ਹੈ, ਜਿਸ ਦੇ ਚਮਤਕਾਰੇ ਕਰਕੇ ਚੋਹਾਂ ਪਾਸਿਆਂ ਦਾ ਹਨੇਰਾ ਟ ਗਿਆ ਹੈ। (ਪਰ) ਇਕ ਖਿਨ ਵਿਚ ਹੀ ਇਸ ਤਰ੍ਹਾਂ ਦਾ ਅਲੌਕਿਕ ਰੂਪ ਵਿਖਾ ਕਰਕੇ ਫਿਰ ਲੋਪ ਹੋ ਈ ਹੈ ॥ ੧੯੮ ॥

ਦੋਹਰਾ—ਯਹਿ ਪ੍ਰਬੋਧ ਸਸਿ ਉਪਜਿਓ ਤਾਂਕੇ ਭ੍ਰਾਤ ਬਿਸਾਲ ॥
ਸਭਾ ਪ੍ਰਵੇਸ਼ ਪ੍ਰਬੋਧ ਤਬ ਕੀਨੋ ਵਾਹੂ ਕਾਲ ॥ ੧੯੯ ॥

ਇਹ ਉਸ ਮਹਾਂ (ਅਚਰਜ ਰੂਪ ਕੰਨਯਾ ਦਾ) ਭਰਾ ਪ੍ਰਬੋਧ ਚੰਦ੍ਰ ਪੈਦਾ ਹੋ ਗਿਆ ਹੈ। (ਜਦ ਪੁਰਖ ਨੇ ਹ ਕੁਝ ਆਖਿਆ) ਤਦ ਉਸੇ ਵੇਲੇ ਹੀ ਰਾਜੇ ਕੀਰਤ ਵਰਮਾ ਦੀ ਸਭਾ ਵਿਚ ਪ੍ਰਬੋਧ ਨੇ ਪ੍ਰਵੇਸ਼ ਕਰ ਲਿਆ, ਤੇ ਸਭਾ ਵਿਚ ਖੜਾ ਹੋ ਕੇ ਆਪਣੇ ਆਪ ਹੀ ਇਸ ਤਰ੍ਹਾਂ ਕਹਿਣ ਲਗਾ ॥ ੧੯੯ ॥

ਦੋਹਰਾ—ਕਹਾਂ ਗਯੋ ਕਿਨ ਭਯੋ ਭਵ ਲੀਨ ਭਯੋ ਤਤਕਾਲ ॥
ਜਾਂ ਉਪਜੇ ਤੇ ਭਯੋ ਯੌਂ ਸੋ ਮੈਂ ਬੋਧ ਬਿਸਾਲ ॥ ੨੦੦ ॥

(ਅਗਯਾਨ ਸਹਿਤ ਪ੍ਰਪੰਚ ਹੁਣ) ਕਿਥੇ ਚਲਾ ਗਿਆ ? (ਅਥਵਾ ਅਗਯਾਨ ਸਹਿਤ ਪ੍ਰਪੰਚ)ਹੋਇਆ ਹੀ ਦ ਸੀ ? ਉਹ ਪ੍ਰਪੰਚ (ਹੁਣ) ਝਟ ਪਟ ਹੀ ਲੀਣ ਹੋ ਗਿਆ ਹੈ। ਜਿਸਦੇ ਪੈਦਾ ਹੋਣ ਨਾਲ ਜਗਤ ਇਸ ਤਰ੍ਹਾਂ ਧੂੰਏਂ ਦੇ ਪਹਾੜ ਸਮਾਨ) ਹੋ ਗਿਆ ਹੈ, ਮੈਂ ਓਹੀ 'ਬੋਧ' ਪ੍ਰਗਟ ਹੋ ਗਿਆ ਹਾਂ ॥੨੦੦॥ ਇਸਦੇ ਮਗਰੋਂ—

ਦੋਹਰਾ—ਪ੍ਰਾਕ੍ਰਮ ਦੇ ਪਿਖ ਭਾਖਿਓ ਯਹ ਹੈ ਪੁਰਖ ਉਦਾਰ ॥
ਚਲੋ ਸਮੀਪ ਸੁ ਯਾਹਿ ਕੇ ਕਰੌਂ ਸੁ ਪਾਦ ਜੁਹਾਰ ॥ ੨੦੧ ॥

ਪੁਰਖ ਨੂੰ ਵੇਖ ਕੇ ਕਹਿਣ ਲਗਾ—ਹੈਂ ! ਇਹ ਤਾਂ ਉਦਾਰ ਪੁਰਖ (ਬੈਠਾ ਹੈ), ਇਸ ਦੇ ਕੋਲ ਜਾਵਾਂ ਅਤੇ ਜਾ ਕੇ ਪ੍ਰਕਰਮਾ ਕਰਾਂ ਤੇ ਇਨ੍ਹਾਂ ਦੇ ਚਰਨਾਂ ਉਤੇ ਨਮਸਕਾਰ ਕਰਾਂ ॥ ੨੦੧ ॥

ਦੋਹਰਾ—ਜਾਇ ਸਮੀਪ ਸੁ ਪੁਰਖ ਕੇ ਭਗਵਨ ਮੁਖੌਂ ਉਚਾਰ ॥
ਹੌਂ ਪ੍ਰਬੋਧ ਉਪਨਿਖਦ ਸੁਤ ਬੰਦੌਂ ਪਾਦ ਤਿਹਾਰ ॥ ੨੦੨ ॥

ਇਹ ਕਹਿ ਕੇ ਪੁਰਖ ਕੋਲ ਜਾਕੇ ਮੂੰਹੋਂ ਕਹਿਣ ਲਗਾ-ਹੇ ਭਗਵਾਨ ! ਮੈਂ ਉਪਨਿਖਦ ਦਾ ਪੁਤ੍ਰ ਪ੍ਰਬੋਧ ਆਪ ਦੇ ਚਰਨਾਂ ਉਤੇ ਨਮਸਕਾਰ ਕਰਦਾ ਹਾਂ,ਇਹ ਗੱਲ ਕਹਿੰਦੇ ਨੇ ਹੀ ਚਰਨਾਂ ਉਤੇ ਸਿਰ ਧਰ ਦਿਤਾ।੨੦੨।

ਦੋਹਰਾ—ਪੁਰਖ ਵਿਲੋਕ ਅਨੰਦ ਉਰ ਹੇ ਸੁਤ ਪਰਮ ਅਨੂਪ ॥
ਮਿਲੋ ਸੁ ਮੇਰੇ ਅੰਕ ਮੈਂ ਕੀਜੇ ਸੀਤਲ ਰੂਪ ॥ ੨੦੩ ॥

Sri Satguru Jagjit Singh Ji Elibrary NamdhariElibrary@gmail.com

ਪੁਰਖ (ਪ੍ਰਬੋਧ ਨੂੰ) ਵੇਖ ਕੇ ਹਿਰਦੇ ਵਿਚ ਅਨੰਦ ਹੋ ਕੇ ਕਹਿਣ ਲਗਾ ਹੇ ਪਰਮ ਅਨੂਪ ਪੁਤਰ ! ਮੇਰੇ ਗਲ ਮਿਲ ਕੇ, ਮੇਰੇ ਕਲੇਜੇ ਨੂੰ ਸ਼ਾਂਤੀ ਰੂਪ ਕਰ ਦੇਹੁ ॥ ੨੦੩ ॥

**ਦੋਹਰਾ-ਮਿਲਯੋ ਪ੍ਰਬੋਧ ਸੁ ਪੁਰਖ ਕੋ ਸੀਤਲ ਚੰਦ ਉਦਾਰ ॥**
**ਪੁਰਖ ਅਨੰਦ ਸੁ ਹੋਇ ਉਰ ਲਾਗੋ ਕਰਨ ਉਚਾਰ ॥ ੨੦੪ ॥**

ਜੋ ਚੰਦਰਮਾ ਨਾਲੋਂ ਵੀ ਮਹਾਨ ਸੀਤਲ ਹੈ, ਉਹ ਪ੍ਰਬੋਧ (ਝਟ ਹੀ) ਪੁਰਖ ਦੇ ਗਲ ਮਿਲ ਗਿਆ। ਉਸ ਵੇਲੇ ਪੁਰਖ ਹਿਰਦੇ ਵਿਚ ਅਨੰਦ ਹੋ ਕੇ ਇਸ ਤਰ੍ਹਾਂ ਕਥਨ ਕਰਨ ਲਗਾ ॥ ੨੦੪ ॥

**ਦੋਹਰਾ-ਅਹੋ ਤਿਮਰ ਪਟ ਫਾਟਿਓ ਭਯੋ ਪ੍ਰਭਾਤ ਅਨੂਪ ॥**
**ਨਿਖਲ ਕਲੇਸ਼ ਬਿਨਾਸਿਆ ਪਾਯੋ ਪਰਮ ਸਰੂਪ ॥ ੨੦੫ ॥**

ਆਹਾ ! (ਅਗਯਾਨ ਰੂਪ) ਹਨੇਰੇ ਦਾ ਪੜਦਾ ਪਾਟ ਗਿਆ ਹੈ ਅਤੇ ਪ੍ਰਭਾਤ ਦੇ ਚਾਨਣ ਵਰਗਾ ਮਹਾਂ ਸੁੰਦਰ ਚਾਨਣ ਹੋ ਗਿਆ ਹੈ। ਪਰਮ (ਸੁਖਦਾਈ) ਸਰੂਪ ਗਿਆਨ ਪਾ ਲਿਆ ਹੈ, ਇਸ ਲਈ ਸਾਰੇ ਕਲੇਸ਼ਾਂ ਦਾ ਨਾਸ ਹੋ ਗਿਆ ਹੈ ॥ ੨੦੫ ॥

**ਦੋਹਰਾ-ਮੋਹ ਅੰਧੇਰ ਬਿਨਾਸ ਕਰ ਨੀਂਦ ਵਿਕਲਪ ਸੁ ਮਾਰ ॥**
**ਬੋਧ ਸਸੀ ਯਹਿ ਉਪਜਿਓ ਜਾਂਕੀ ਪ੍ਰਭਾ ਅਪਾਰ ॥ ੨੦੬ ॥**

ਮੋਹ ਰੂਪ ਹਨੇਰੇ ਦਾ ਨਾਸ ਕਰਕੇ ਅਤੇ (ਵਿਕਲਪ) ਭ੍ਰਮ ਰੂਪ ਨੀਂਦ ਨੂੰ ਮਾਰ ਕਰਕੇ ਚੰਦਰਮਾ ਵਰਗਾ ਸੀਤਲ ਇਹ 'ਪ੍ਰਬੋਧ' ਰੂਪ ਦਿਨ ਚੜ੍ਹ ਪਿਆ ਹੈ, ਜਿਸ ਦਾ ਪ੍ਰਕਾਸ਼ (ਉਜਾਲਾ) ਬੇਹੱਦ ਹੀ ਹੈ ॥ ੨੦੬ ॥

ਇਸੇ ਤਰ੍ਹਾਂ ਕਥਨ ਭੀ ਹੈ ਕਿ-

**ਸੰਸਾਰ ਰਤ੍ਰਯਪਗਮਾ ਦ੍ਵੇ ਧਾ: ਪ੍ਰਾਤ: ਖਿਣੌ ਮਤ: ॥**

ਅਰਥਾਤ-ਸੰਸਾਰ ਰੂਪ ਰਾਤਰੀ ਦਾ ਭਰਮ ਰੂਪ ਅੰਧਕਾਰ ਵਿਲੀਣ ਹੋਣ ਤੋਂ ਹੀ ਬੋਧ ਰੂਪ ਪ੍ਰਾਤਾਕਾਲ ਦੀ ਖਿਨ ਅਸਮਾਨ ਮੰਨਿਆ ਜਾਂਦਾ ਹੈ।

**ਸਵੈਯਾ ॥**

**੧. ਆਜ ਪਰਾਤਮ ਪੂਰਨ ਜੋ ਵਹਿ ਪੂਰਨ ਰੂਪ ਸੁ ਦੇਖ ਦਿਖਾਈ ॥**
**੨. ਬੰਧਨ ਜੋ ਸਭ ਦੂਰ ਭਏ ਰਵਿ ਸੀ ਉਰ ਅੰਦਰ ਉੱਜਲਤਾਈ ॥**
**੩. ਆਜ ਕ੍ਰਿਤਾਰਥ ਭੂਰ ਭਏ ਸੁ ਮਿਟੀ ਨਿਜ ਆਤਮ ਕੀ ਕਲੁਖਾਈ ॥**
**੪. ਬੋਧ ਕਰੇ ਸਭ ਕਾਜ ਸੰਪੂਰਣ ਪੂਤ ਸਪੂਤ ਭਏ ਸੁਖਦਾਈ ॥ ੨੦੭ ॥**

੧. ਜੋ ਪੂਰਨ ਪ੍ਰਮਾਤਮ ਦੇਵ ਹੈ, ਅਜ (ਇਸ ਬੋਧ ਦੀ ਕ੍ਰਿਪਾ ਨਾਲ) ਉਹ ਪੂਰਨ ਕਰਕੇ ਦਿਖਾਈ ਦੇ ਰਿਹਾ ਹੈ। ੨. ਜੋ ਜਨਮ ਮਰਨ ਰੂਪ ਸਾਰੇ ਬੰਧਨ ਸਨ, ਉਹ ਸਾਰੇ ਹੀ ਦੂਰ ਹੋ ਗਏ ਹਨ ਅਤੇ ਸੂਰਜ (ਦੀ ਰੋਸ਼ਨੀ) ਜਿਹੀ ਹਿਰਦੇ ਦੇ ਅੰਦਰ ਰੌਸ਼ਨੀ ਹੋ ਰਹੀ ਹੈ। ੩. ਅਤੇ ਨਿਜ ਆਤਮ ਸਰੂਪ ਨੂੰ ਜਿਸ ਅਵਿਦਯਾ ਨੇ ਅਛਾਦਨ ਕੀਤਾ ਹੋਇਆ ਸੀ, ਉਹ ਨਿਜ-ਆਤਮ ਸਰੂਪ ਦੀ ਕਾਲਖਤਾਈ (ਹਨੇਰਾ) ਮਿਟ ਗਈ ਹੈ, ਇਸ ਕਰਕੇ ਮੈਂ ਅਜ ਪੂਰੀ ਤਰ੍ਹਾਂ ਕਰਕੇ ਕ੍ਰਿਤਾਰਥ (ਜੀਵਨ ਮੁਕਤ) ਹੋ ਗਿਆ ਹਾਂ। ੪. ਇਹ ਬੋਧ ਮੇਰੇ ਸਾਰੇ ਹੀ ਕੰਮ ਸੰਪੂਰਨ ਕਰ ਦੇਵੇਗਾ, ਇਹ ਸਪੁਤਰ ਸੁਖਦਾਈ ਪੁਤਰ ਪੈਦਾ ਹੋਇਆ ਹੈ, (ਜਿਸ ਸਪੁਤਰ ਨੇ ਮੇਰੇ ਸਾਰੇ ਹੀ ਬੰਧਨ ਕਟ ਦਿਤੇ ਹਨ) ॥ ੨੦੭ ॥

Sri Satguru Jagjit Singh Ji Elibrary NamdhariElibrary@gmail.com

**ਦੋਹਰਾ–ਸਰਧਾ ਮਿਤੀ ਵਿਵੇਕ ਪੁਨ ਸ਼ਾਂਤਿ ਯਮਾਦਿਕ ਧਾਰ ॥**
**ਸਰਬਾਤਮ ਪ੍ਰਭੁ ਬਿਸ਼ਨ ਜੋ ਸੋ ਹਮ ਭਏ ਉਦਾਰ ॥ ੨੦੮ ॥**

ਸਰਧਾ, ਸੁਮਤੀ, ਵਿਵੇਕ,ਸ਼ਾਂਤੀ ਅਤੇ ਯਮ-ਨਿਯਮ ਆਦਿਕਾਂ ਨੂੰ ਧਾਰ ਕਰਕੇ, ਜੋ ਸਾਰਿਆਂ ਦਾ ਆਤਮਾ ਰੂਪ ਪ੍ਰਭੂ ਵਿਸ਼ਨੂੰ ਹੈ, ਉਹ ਉਦਾਰ ਰੂਪ ਹੀ ਮੈਂ ਅਜ ਆਪ ਹੋ ਗਿਆ ਹਾਂ (ਇਸ ਕਰਕੇ ਸਰਧਾ ਆਦਿਕ ਸਾਧਨਾ ਦਾ ਹੀ ਸਾਰਾ ਉਪਕਾਰ ਹੈ, ਜਿਨ੍ਹਾਂ ਨੇ ਗਿਆਨ ਨੂੰ ਪੈਦਾ ਕਰਕੇ ਮੈਨੂੰ ਵਿਸ਼ਨੂੰ ਰੂਪ ਨਿਸਚੇ ਕਰਾ ਦਿਤਾ ਹੈ, ਜਿਸ ਕਰਕੇ ਮੈਂ ਪਰਮ ਸੁਖੀ ਹੋ ਗਿਆ ਹਾਂ) ॥ ੨੦੮ ॥

**ਦੋਹਰਾ–ਹਰਿ ਕੀ ਭਗਤਿ ਪ੍ਰਸਾਦਿ ਤੇ ਭਏ ਕ੍ਰਿਤਾਰਥ ਰੂਪ ॥**
**ਬੰਧਨ ਸਗਲ ਮਿਟਾਇਆ ਪਾਏ ਗਯਾਨ ਅਨੂਪ ॥ ੨੦੯ ॥**

ਵਿਸਨੁ ਭਗਤੀ ਦੀ ਕ੍ਰਿਪਾ ਨਾਲ ਹੀ ਮੈਂ ਅਜ ਜੀਵਨ ਮੁਕਤ ਰੂਪ ਹੋ ਗਿਆ ਹਾਂ। ਕਿਉਂਕਿ ਸਾਰੇ ਬੰਧਨਾਂ ਨੂੰ ਜਿਸ ਨੇ ਮਿਟਾ ਦਿਤਾ ਹੈ, ਉਸ ਮਹਾਂ ਸੁੰਦਰ ਗਿਆਨ ਨੂੰ ਪਾ ਲਿਆ ਹੈ ॥ ੨੦੯ ॥

**ਦੋਹਰਾ–ਬੈਠ ਇਕੰਤ ਸੁ ਮੌਨ ਗਹਿ ਮਨ ਕਰਿ ਕੀਨੋ ਧਯਾਨ ॥**
**ਸ਼ਾਂਤਿ ਭਯੋ ਭਯ ਸ਼ੋਕ ਹਨ ਭਯੋ ਮੋਹ ਸਭ ਹਾਨ ॥ ੨੧੦ ॥**

(ਇਸ ਦੇ ਮਗਰੋਂ ਪੁਰਖ ਨੇ) ਇਕਾਂਤ ਸਥਾਨ ਵਿਚ ਬੈਠ ਕੇ, ਮੋਨ ਨੂੰ ਧਾਰਨ ਕਰਕੇ, ਮਨ ਕਰਕੇ ਨਿਜ ਸਰੂਪ ਦਾ ਧਿਆਨ ਕੀਤਾ। ਜਿਸ ਕਰਕੇ (ਮਨ) ਡਰ ਤੇ ਸ਼ੋਕ ਨੂੰ ਨਾਸ ਕਰਕੇ ਸ਼ਾਂਤ ਹੋ ਗਿਆ ਅਤੇ ਮੋਹ ਆਦਿਕ ਸਾਰੇ ਆਸੁਰੀ ਗੁਣਾਂ ਦਾ ਭੀ ਨਾਸ ਹੋ ਗਿਆ ॥ ੨੧੦ ॥

ਕਿਉਂਕਿ ਲਿਖਿਆ ਭੀ ਹੈ ਕਿ–

"ਤਰੰਤੀ ਸ਼ੋਕ ਆਤਮ ਵਿਤ"

ਅਰਥਾਤ–ਪੁਰਸ਼ ਆਤਮ ਸਰੂਪ ਨੂੰ ਜਾਣ ਲੈਣ ਕਰਕੇ ਸ਼ੋਕ ਆਦਿਕਾਂ ਨੂੰ ਤਰ ਜਾਂਦਾ ਹੈ।

**ਦੋਹਰਾ–ਜਾਕੇ ਹੇਤ ਸੁ ਭਵਨ ਤਜਿ ਭਵੇ ਭਵਾਰੰਨ ਮਾਂਹਿ ॥**
**ਤਾਂਕੋ ਪਾਇ ਸੁ ਮੁਨਿ ਭਯੋ. ਮੈਂ ਨਿਜ ਭਵਨ ਸੁ ਮਾਂਹਿ ॥ ੨੧੧ ॥**

ਭਵਾਰੰਨ=ਡਰਾਉਣੇ ਬਨ।

(ਪੁਰਖ ਪਰਮ ਪ੍ਰਸੰਨ ਹੋ ਕੇ ਕਹਿਣ ਲਗਾ)–ਜਿਸ (ਗਯਾਨ ਦੀ ਪ੍ਰਾਪਤੀ) ਦੇ ਵਾਸਤੇ ਪੁਰਖ ਘਰਾਂ ਨੂੰ ਛਡ ਕੇ ਬੜੇ ਡਰਾਉਣੇ ਬਨਾਂ ਵਿਚ ਫਿਰਦੇ ਹਨ। ਮੈਂ ਆਪਣੇ ਘਰ ਵਿਚ ਬੈਠਿਆਂ ਹੋਇਆਂ ਹੀ ਉਸ (ਗਿਆਨ) ਨੂੰ ਪਾ ਕੇ ਮਹਾਂ ਮੁਨੀ ਹੋ ਗਿਆ ਹਾਂ ॥ ੨੧੧ ॥

**ਦੋਹਰਾ–ਬਿਸ਼ਨੁ ਭਗਤਿ ਆਈ ਤਬੈ ਉਰ ਮੇ ਹਰਖ ਅਪਾਰ ॥**
**ਆਇ ਸਮੀਪ ਸੁ ਪੁਰਖ ਕੇ ਕੀਨੋ ਏਹੁ ਉਚਾਰ ॥ ੨੧੨ ॥**

ਉਸੇ ਵੇਲੇ ਵਿਸ਼ਨੁ ਭਗਤੀ ਆ ਗਈ, (ਜਿਸ ਦੇ) ਹਿਰਦੇ ਵਿਚ ਅਪਾਰ ਹੀ ਖੁਸ਼ੀ ਹੋ ਰਹੀ ਸੀ। ਉਸ ਨੇ ਪੁਰਖ ਦੇ ਕੋਲ ਆ ਕੇ ਇਸ ਤਰ੍ਹਾਂ ਨਾਲ ਕਥਨ ਕੀਤਾ ॥ ੨੧੨ ॥

**ਦੋਹਰਾ–ਬਹੁਤ ਕਾਲ ਕਰ ਫਲੇ, ਜਗ ਮੋਹਿ ਮਨੋਰਥ ਆਜ ॥**
**ਸ਼ਾਂਤ ਅਰਾਤਿ ਸੁ ਤਵ ਪਿਖੇਂ ਭਏ ਸਗਲ ਮਮ ਕਾਜ ॥ ੨੧੩ ॥**

Sri Satguru Jagjit Singh Ji Elibrary NamdhariElibrary@gmail.com

ਬਹੁਤ ਚਿਰ ਮਗਰੋਂ ਅਜ ਮੇਰੇ ਜਗਤ ਵਿਚ ਮਨੋਰਥ ਫਲੀ ਭੂਤ ਹੋਏ ਹਨ। (ਹੇ ਪੁਤ੍ਰ! ਜੋ) ਤੇਰੇ ਸਾਰੇ ਵੈਰੀ ਅਜ ਸ਼ਾਂਤ ਹੋ ਚੁਕੇ ਅਰਥਾਤ ਮਰੇ ਹੋਏ ਵੇਖ ਰਹੀ ਹਾਂ, ਇਸ ਕਰਕੇ ਅਜ ਮੇਰੇ ਸਾਰੇ ਕੰਮ ਸਫਲੇ ਹੋ ਗਏ ਹਨ ॥ ੨੧੩ ॥

**ਦੋਹਰਾ--ਪੁਰਖ ਕਹਯੋ ਤਵ ਕ੍ਰਿਪਾ ਤੇ ਕੋ ਫਲ ਦੁਹਕਰ ਆਹਿ ॥**
**ਐਸੇ ਮੁਖੋਂ ਅਲਾਇ ਕਰ ਪਰਯੋ ਚਰਨਨ ਮਾਂਹਿ ॥ ੨੧੪ ॥**

ਪੁਰਖ ਨੇ ਪਰਮ ਨਿਮ੍ਰਤਾ ਨਾਲ ਕਿਹਾ-ਮਾਤਾ! ਜਿਸ ਉਤੇ ਤੇਰੀ ਕ੍ਰਿਪਾ ਹੋ ਜਾਵੇ, ਉਸ ਦੇ ਵਾਸਤੇ ਜਗਤ ਵਿਚ ਕਿਹੜਾ ਫਲ ਮੁਸ਼ਕਲ ਹੈ ? (ਅਰਥਾਤ ਤੇਰੀ ਕ੍ਰਿਪਾ ਨਾਲ ਸਾਰੇ ਔਖੇ ਕੰਮ ਭੀ ਸੌਖੇ ਹੋ ਜਾਂਦੇ ਹਨ)। ਇਸਤਰ੍ਹਾਂ ਦੇ ਬਚਨ ਮੂੰਹੋਂ ਕਹਿ ਕਰਕੇ ਪੁਰਖ ਵਿਸ਼ਨੁ ਭਗਤੀ ਦੇ ਚਰਨਾਂ ਵਿਚ ਡਿਗ ਪਿਆ ॥੨੧੪॥

**ਦੋਹਰਾ--ਵਿਸ਼ਨੁ ਭਗਤਿ ਉਠਾਇ ਤਿਹ ਕੀਨੇ ਇਹੈ ਉਚਾਰ ॥**
**ਪੂਤ ਕਹੋ ਪ੍ਰਿਯ ਕਾਜ ਕਛੁ, ਪੁਨ ਮੈਂ ਕਰੋਂ ਤਿਹਾਰ ॥ ੨੧੫ ॥**

ਵਿਸ਼ਨੁ ਭਗਤੀ ਨੇ ਉਸ (ਪੁਰਖ) ਨੂੰ ਆਪਣੇ ਪੈਰਾਂ ਤੋਂ ਉਠਾ ਕੇ ਇਹ ਬਚਨ ਕਿਹਾ-ਹੇ ਪਿਆਰੇ ਪੁਤ੍ਰ! ਤੇਰਾ ਕੋਈ ਹੋਰ ਕੰਮ ਭੀ ਹੋਵੇ ਤਾਂ ਉਹ ਭੀ ਕਹੁ, ਮੈਂ ਤੇਰਾ ਹਰ ਇਕ ਕੰਮ ਕਰਨ ਨੂੰ ਤਿਆਰ ਹਾਂ ॥੨੧੫॥

**ਦੋਹਰਾ--ਪੁਰਖ ਕਹਯੋ ਅਬ ਯਾਹਿ ਤੇ, ਪਰੇ ਪਯਾਰੇ ਕਾਜ ॥**
**ਜੀਤ ਅਰਾਤਿ ਬਿਬੇਕ ਨ੍ਰਿਪ ਭਯੋ ਕ੍ਰਿਤਾਰਥ ਆਜ ॥ ੨੧੬ ॥**
**ਰੁਜ ਬਿਹੀਨ ਅਨੰਦ ਪਦ ਥਾਪਿਓ ਤਾਂਹਿ ਸੁ ਮੋਹਿ ॥**
**ਵਿਸ਼ਨੁ ਭਗਤਿ ਪਦ ਬੰਦਨਾ ਕਰੋ ਕਾਜ ਸਭ ਤੋਹਿ ॥ ੨੧੭ ॥**

ਪੁਰਖ ਨੇ ਬੇਨਤੀ ਕਰਕੇ ਕਿਹਾ-ਹੇ ਮਾਤਾ! ਹੁਣ ਇਸ ਤੋਂ ਵਧੀਕ ਹੋਰ ਕੋਈ ਭੀ ਕੰਮ ਪਿਆਰਾ ਨਹੀਂ ਹੈ। ਸਾਰੇ ਵੈਰੀਆਂ ਨੂੰ ਜਿਤ ਕੇ ਜੋ ਵਿਵੇਕ ਰਾਜਾ ਅਜ ਸਫਲ ਕਾਰਜ ਹੋਯਾ ਹੈ, (ਇਹੋ ਸਭ ਤੋਂ ਵਧੀਕ ਪਿਆਰਾ ਕੰਮ ਸੀ, ਜੋ ਤੇਰੀ ਕ੍ਰਿਪਾ ਨਾਲ ਪੂਰਾ ਹੋ ਗਿਆ ਹੈ) ॥ ੨੧੬ ॥

ਫਿਰ ਜਿਥੇ ਕਦੇ ਭੀ ਕੋਈ ਦੁਖ ਨਹੀਂ ਹੈ ਅਤੇ ਸਦਾ ਹੀ ਸੁਖ ਅਨੰਦ ਰਹਿੰਦਾ ਹੈ,ਉਸ ਦੁਖਾਂ ਤੋਂ ਰਹਿਤ ਤੇ ਨਿਤ ਹੀ ਅਨੰਦ ਰੂਪ ਪਦ ਉਤੇ ਤੁਸਾਂ ਮੈਨੂੰ ਸਥਿਰ ਕਰ ਦਿਤਾ ਹੈ। ਹੇ ਵਿਸ਼ਨੁ ਭਗਤੀ! ਮੈਂ ਮੁੜ ਮੁੜਕੇ ਤੇਰੇ ਚਰਨਾਂ ਉਤੇ ਨਮਸਕਾਰ ਕਰਦਾ ਹਾਂ, ਤੂੰ ਹੀ ਮੇਰੇ ਸਾਰੇ ਕਾਰਜ ਪੂਰੇ ਕੀਤੇ ਹਨ, ਤੈਥੋਂ ਬਿਨਾਂ ਤਾਂ ਮੇਰਾ ਕੋਈ ਕੰਮ ਭੀ ਪੂਰਾ ਨਹੀਂ ਸੀ ਹੋਣਾ ॥ ੨੧੭ ॥

**ਸਵੈਯਾ ॥**

**ਯਦਪਿ ਪੂਰਣ ਆਹਿ ਮਨੋਰਥ ਤਦਪਿ ਮਾਤ ਸੁ ਏਹੁ ਵਰੇ ॥**
**ਰੁਚਿ ਕੇ ਅਨੁਸਾਰ ਕਰੇ ਬਰਖਾ ਘਨ ਭੂਪਤਿ ਭੂਮਿ ਸੁ ਪਾਲ ਕਰੇ ॥**
**ਤੇ ਕਰੁਣਾ ਕਰਿ ਲੋਕ ਮਹਾਤਮ ਆਤਮ ਕੇ ਤਮ ਦੂਰ ਕਰੇ ॥**
**ਭਵਸਾਗਰ ਧਾਰ ਬਿਖੇ ਮਮਤਾ ਗਹਿ ਬੋਧ ਜਹਾਜ ਸੁ ਪਾਰ ਪਰੇ ॥ ੨੧੮ ॥**

੧. ਹੇ ਮਾਤਾ! ਭਾਵੇਂ ਤੇਰੀ ਕ੍ਰਿਪਾ ਨਾਲ ਮੇਰੇ ਸਾਰੇ ਮਨੋਰਥ ਪੂਰਨ ਹੋ ਗਏ ਹਨ, ਤਦ ਵੀ ਇਕ ਵਰ ਇਹ ਦੇਹ। ੨. ਕਿ ਜ਼ਿਮੀਂਦਾਰ ਲੋਕਾਂ ਦੀ ਮਰਜੀ ਅਨੁਸਾਰ ਸਦਾ ਹੀ ਬਦਲਾਂ ਤੋਂ ਮੀਂਹ ਵਸੇ ਅਤੇ ਰਾਜਾ

(ਆਪਣੀ ਪਰਜਾ ਰੂਪ) ਧਰਤੀ ਦੀ (ਪੁਤ੍ਰ ਸਮਾਨ) ਪਾਲਣਾ ਕਰਦਾ ਰਹੇ। ੩. ਫਿਰ ਤੇਰੀ ਕ੍ਰਿਪਾ ਨਾਲ ਹੀ ਮਹਾਤਮਾਂ ਪੁਰਸ਼ਾਂ ਦੇ ਹਿਰਦੇ ਵਿਚੋਂ ਆਤਮ (ਸਰੂਪ ਨੂੰ ਲੁਕਾਉਣ ਵਾਲਾਂ ਜੋ) ਅਗਿਆਨ ਰੂਪ ਹਨੇਰਾ ਹੈ, ਮਹਾਤਮਾਂ ਪੁਰਸ਼ ਉਸ ਹਨੇਰੇ ਨੂੰ ਦੂਰ ਕਰ ਲੈਣ। ੪. ਸੰਸਾਰ ਸਮੁੰਦਰ ਦੀ ਮਮਤਾ ਰੂਪ ਧਾਰ (ਵਿਚ ਜਿਹੜੇ ਜੀਵ ਰੁੜੇ ਜਾਂਦੇ ਹਨ, ਉਹ ਤੇਰੀ ਕ੍ਰਿਪਾ ਨਾਲ) ਬੋਧ ਰੂਪ ਜਹਾਜ਼ ਦੇ ਆਸਰੇ ਨੂੰ ਫੜ ਕੇ ਇਸ ਮਮਤਾ ਰੂਪ ਧਾਰਾਂ ਤੋਂ ਪਾਰ ਲੰਘ ਜਾਵਣ, (ਅਰਥਾਤ ਕ੍ਰਿਪਾ ਕਰਕੇ ਮੈਨੂੰ ਇਕ ਇਹ ਵਰ ਹੋਰ ਦੇ ਦੇਹ, ਹੇ ਮਾਤਾ! ਜੇਕਰ ਤੂੰ ਮੇਰੇ ਉਤੇ ਦਿਆਲ ਹੋਈ ਹੈਂ) ॥ ੨੧੮ ॥

ਪੁਰਖ ਦੀ ਇਸ ਪ੍ਰਾਰਥਨਾ ਨੂੰ ਸੁਣ ਕੇ, ਵਿਸ਼ਨੂ ਭਗਤੀ 'ਤਥਾਸਤੂ' ਕਹਿ ਕੇ ਅੰਤਰ ਧਿਆਨ ਹੋ ਗਈ।

**ਦੋਹਰਾ–ਪ੍ਰਤਕ ਤਤੁ ਨਿਜ ਆਤਮਾ ਕੀਰਤਿ ਵਰਮਾ ਭੂਪ ॥**
**ਮਨੋ ਬ੍ਰਿਤ ਸਭ ਨਾਟ ਹੈ ਕੋਵਿਦ ਲਖੈਂ ਅਨੂਪ ॥੨੧੯॥**

ਨਾਟਕ ਦਾ ਰੂਪਕ ਵਰਣਨ ਕਰਦੇ ਹੋਏ, ਗਰੰਥ ਕਰਤਾ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਕਿ ਹੇ ਪਾਠਕ ਜਨੋ! ਇਸ ਗਰੰਥ ਨੂੰ ਹੋਰਨਾਂ ਨਾਟਕ ਪੁਸਤਕਾਂ ਵਰਗਾ ਇਕ ਖਾਸ ਖੇਲ-ਵਰਣਨ ਰੂਪ 'ਨਾਟਕ ਗਰੰਥ' ਨਾ ਸਮਝ ਲੈਣਾ। ਅਸਲ ਵਿਚ ਇਹ ਨਾਟਕ ਸਦਾ ਹੀ ਸਭਨਾਂ ਦੇ ਅੰਦਰ ਹੋ ਰਿਹਾ ਹੈ, ਇਸ ਨਾਟਕ ਦੀ ਰੰਗ ਭੂਮੀ ਜਾਂ ਅਖਾੜਾ (ਸਟੇਜ) ਸਾਰੇ ਪੁਰਸ਼ਾਂ ਦਾ ਅੰਤਹਕਰਣ ਹੈ, ਜਿਥੇ ਇਹ ਖੇਲ ਹੋ ਰਿਹਾ ਹੈ। ਜੇ ਤੁਸੀਂ ਇਹ ਆਖੋਂ ਕਿ ਇਸ ਗਰੰਥ ਦੇ ਅਰੰਭ ਵਿਚ ਹੀ ਇਹ ਗੱਲ ਕਹੀ ਹੈ ਕਿ ਰਾਜੇ ਕੀਰਤ ਵਰਮਾ ਦੇ ਸੁਧਾਰ ਕਰਾਉਣ ਵਾਸਤੇ ਗੁਪਾਲ ਮੰਤ੍ਰੀ ਨੇ ਇਹ ਖੇਲ ਕਰਵਾਇਆ ਸੀ, ਫਿਰ ਇਹ ਖੇਲ ਰੂਪ ਨਾਟਕ ਕਿਉਂ ਨਹੀਂ ਹੈ? ਤਾਂ ਇਸ ਦੇ ਉੱਤਰ ਵਿਚ ਕਹਿੰਦੇ ਹਨ–

ਪ੍ਰਤਕ ਤਤੁ=ਹਰੇਕ ਦੇਹ ਵਿਚ ਵਖੋ ਵਖ ਹੋ ਕੇ ਵਰਤਮਾਨ ਹੋਣ ਵਾਲਾ।

ਜੋ ਤੇਰਾ ਆਪਣਾ ਪ੍ਰਤਕ ਤਤ (ਆਤਮਾ) ਹੈ, (ਅਰਥਾਤ ਜੋ ਤੇਰੇ ਸਰੀਰ ਵਿਚ ਵਿਆਪਕ ਅਤੇ ਤੇਰੇ ਸਰੀਰ ਨੂੰ ਆਪਣਾ ਕਰਕੇ ਮੰਨਣ ਵਾਲਾ ਸਾਖੀ ਚੇਤੰਨ ਆਤਮਾ ਹੈ,ਓਹੀ ਮਾਨੋਂ) ਕੀਰਤ ਵਰਮਾ (ਨਾਮ ਵਾਲਾ) ਰਾਜਾ ਹੈ। ਜੋ ਤੇਰੇ ਮਨ ਦੀਆਂ ਸੁਭ-ਅਸੁਭ ਰੂਪ ਬ੍ਰਿਤੀਆਂ ਹਨ, ਇਹ ਸਾਰੇ ਨਾਟਕ-ਪਾਤ੍ਰ (ਐਕਟਰ ਅਤੇ ਐਕਟ੍ਰਸ) ਹਨ, ਪਰ ਇਸ ਮਹਾਂ ਸੁੰਦਰ ਸਿਧਾਂਤ ਨੂੰ ਪਰਮ ਵਿਦਵਾਨ ਪੁਰਖ ਹੀ ਜਾਣਦੇ ਹਨ, (ਅਰਥਾਤ ਇਹ ਮੋਹ-ਬਿਬੇਕ ਦਾ ਰੰਗ ਰੂਪ ਤਮਾਸ਼ਾ ਤਾਂ ਸਾਡੇ ਹੀ ਅੰਦਰ ਹੋ ਰਿਹਾ ਹੈ, ਨਹੀਂ ਤਾਂ ਜਣਾ-ਖਣਾ ਇਸ ਭੇਦ ਨੂੰ ਨਹੀਂ ਜਾਣਦਾ) ॥ ੨੧੯ ॥

**ਸਵੈਯਾ ॥**

**੧. ਯਹਿ ਨਾਟਕ ਹੇਰ ਸੁ ਭੂਪਤਿ ਕੇ ਉਰ ਮਾਂਹਿ ਸੁਭਾ ਸੁਭ ਗਯਾਨ ਭਯੋ ॥**
**੨. ਤਜਿ ਯਾਂ ਜਗ ਮਾਂਹਿ ਕੁਪੰਥ ਬਡੋ ਸੁਭ ਪੰਥ ਮਹੀਪਤਿ ਚੀਤ ਲਯੋ ॥**
**੩. ਬਿਸਮਾਇ ਰਹਯੋ ਉਰ ਭੀਤਰ ਸੋ ਸੁ ਸਿਲੂਖਨ ਕੋ ਬਹੁ ਧਨ ਦਯੋ ॥**
**੪. ਬਹੁ ਨਾਟਕ ਹੈ ਭਵ ਮੰਡਲ ਮੈਂ ਨਰ ਨਾਹਿਨ ਕੋ ਯਹਿ ਨਾਟ ਨਯੋ ॥੨੨੦॥**

੧. ਇਸ ਨਾਟਕ (ਦੇ ਖੇਲ ਨੂੰ) ਵੇਖ ਕਰਕੇ ਰਾਜੇ ਕੀਰਤ ਵਰਮਾ ਦੇ ਹਿਰਦੇ ਵਿਚ ਭਲੇ-ਬੁਰੇ ਕਰਮ ਦਾ ਗਿਆਨ ਪੈਦਾ ਹੋ ਗਿਆ। ੨. ਜਿਸ ਕਰਕੇ ਉਸ ਨੇ ਜਗ ਵਿਚ ਰਹਿੰਦਿਆਂ ਹੋਇਆਂ ਬੁਰੇ ਰਸਤੇ ਨੂੰ ਛਡ ਦਿਤਾ ਤੇ ਸ਼ੁਭ ਰਸਤੇ ਉਤੇ ਤੁਰਨ ਲਈ ਚਿਤ ਨੂੰ ਲਾ ਦਿਤਾ। ੩. ਇਸ ਖੇਡ ਨੂੰ ਵੇਖਕੇ ਰਾਜਾ ਚਿਤ ਵਿਚ ਅਚਰਜ ਹੋ ਰਿਹਾ ਅਤੇ ਤਮਾਸ਼ਾ ਕਰਨ ਵਾਲੇ ਨਟ ਲੋਕਾਂ ਨੂੰ ਉਸ ਨੇ ਬਹੁਤ ਸਾਰਾ ਧਨ ਇਨਾਮ ਵਜੋਂ ਦਿਤਾ।

Sri Satguru Jagjit Singh Ji Elibrary NamdhariElibrary@gmail.com

੪. ਗ੍ਰੰਥ ਕਰਤਾ ਜੀ ਕਹਿੰਦੇ ਹਨ, ਸੰਸਾਰ ਵਿਚ ਦਿਲ ਨੂੰ ਪਰਚਾਉਣ ਵਾਸਤੇ ਤਾਂ ਬਹੁਤ ਸਾਰੇ ਨਾਟਕ ਲਿਖੇ ਹੋਏ ਹਨ ਅਤੇ ਖੇਡੇ ਭੀ ਜਾਂਦੇ ਹਨ, ਪਰ ਰਾਜੇ ਲੋਕਾਂ ਨੂੰ ਸਿਖਿਆ ਦੇਣ ਵਾਲਾ ਏਹੋ ਹੀ ਨਾਟਕ ਨਵੀਂ ਕਿਸਮ ਦਾ (ਆਪਣੇ ਆਪ ਵਿਚ) ਆਪ ਹੀ ਹੈ ॥ ੨੨੦ ॥

**ਦੋਹਰਾ–ਕਹਨੇ ਕੋ ਯਹ ਨਾਟ ਹੈ ਦਰਪਨ ਅਹੈ ਵਿਚਾਰ ॥**
**ਪਾਵੇ ਪਾਵਨ ਮੋਖ ਕੋ ਕੀਨੈ ਯਾਹਿ ਵਿਚਾਰ ॥ ੨੨੧ ॥**

ਇਸ ਗ੍ਰੰਥ ਦਾ ਮਹਾਤਮ ਵਰਣਨ ਕਰਦੇ ਹਨ–

ਕਹਿਣ ਨੂੰ ਤਾਂ ਇਹ ਇਕ ਨਾਟਕ ਹੈ (ਅਰਥਾਤ ਭਾਵੇਂ ਇਸ ਗ੍ਰੰਥ ਦਾ ਨਾਮ ਨਾਟਕ ਕਿਹਾ ਜਾਂਦਾ ਹੈ, ਪਰ ਇਸ ਨੂੰ ਕੇਵਲ ਮਨ ਪਰਚਾਉਣ ਵਾਲਾ ਨਾਟਕ ਨਾ ਸਮਝੋ,ਇਹ ਤਾਂ ਅਸਲ ਵਿਚ)'ਵਿਚਾਰ ਦਾ ਦਰਪਣ' (ਸ਼ੀਸ਼ਾ) ਹੈ । ਜੋ ਕੋਈ ਭੀ ਇਸ ਗ੍ਰੰਥ ਦੀ ਵਿਚਾਰ ਕਰੇਗਾ, ਉਹ ਪਵਿਤ੍ਰ ਮੁਕਤੀ ਨੂੰ ਜ਼ਰੂਰ ਹੀ ਪਾ ਲਵੇਗਾ (ਅਰਥਾਤ ਇਸ ਗ੍ਰੰਥ ਦੇ ਪੜ੍ਹਨ ਸੁਣਨ ਤੇ ਵਿਚਾਰਨ ਨਾਲ ਪੁਰਸ਼ ਸਹਿਜੇ ਹੀ ਮੁਕਤੀ ਨੂੰ ਪਾ ਲੈਂਦਾ ਹੈ)।੨੨੧।

**ਦੋਹਰਾ–ਗੌਰੀ ਜਨਨੀ ਲੋਕ ਮੈ ਰਾਇਆ ਜਨਕ ਮਹਾਨ ॥**
**ਗੁਲਾਬ ਸਿੰਘ ਸੁਤ ਤਾਂਹਿ ਕੋ ਨਾਟਕ ਕੀਨ ਬਖਾਨ ॥ ੨੨੨ ॥**

ਜਨਨੀ=ਮਾਤਾ । ਜਨਕ–ਪਿਤਾ । ਸੁਤ=ਪੁਤ੍ਰ ।

ਇਸ ਜਗਤ ਵਿਚ (ਜਨਮ ਦੇਣ ਵਾਲੀ) ਮਾਤਾ (ਦਾ ਨਾਮ) 'ਗੌਰੀ' ਅਤੇ ਪਿਤਾ ਦਾ ਪਵਿਤਰ ਨਾਮ 'ਰਇਆ ਮਲ' ਹੈ । ਉਨ੍ਹਾਂ ਦੇ ਪੁਤ੍ਰ(ਮੈਂ) ਗੁਲਾਬ ਸਿੰਘ ਨੇ (ਇਹ ਪ੍ਰਬੋਧ ਚੰਦ੍ਰ )ਨਾਟਕ ਕਥਨ ਕੀਤਾ ਹੈ।੨੨੨।

ਨੋਟ–ਗ੍ਰੰਥ ਦੇ ਅਰੰਭ ਵਿਚ ਪੰਡਿਤ ਗੁਲਾਬ ਸਿੰਘ ਜੀ ਦੀ ਸੰਖੇਪ ਜੀਵਨੀ ਪੜ੍ਹੋ, ਮਾਤਾ ਪਿਤਾ ਦੇ ਨਾਮ ਦਸਣ ਦੀ ਆਪ ਨੂੰ ਲੋੜ ਕਿਉਂ ਪਈ ? ਇਸ ਦਾ ਉੱਤਰ ਆਪ ਨੂੰ ਉਥੇ ਹੀ ਮਿਲ ਸਕੇਗਾ ।

**ਦੋਹਰਾ–ਕੀਰਤ ਪੂਰਨ ਲੋਕ ਮੈਂ, ਪੂਰਨ ਪਰਮਾਨੰਦ ॥**
**ਪੂਰਨ ਪਦ ਦਾਤਾਰ ਪ੍ਰਭ, ਬੰਦੌਂ ਸ੍ਰੀ ਰਘੁਨੰਦ ॥ ੨੨੩ ॥**

ਸੰਪੂਰਨ ਲੋਕਾਂ ਵਿਚ ਜਿਸ ਦੀ ਕੀਰਤੀ ਪੂਰਨ ਹੈ ਅਤੇ ਜੋ ਪੂਰਨ ਹੀ ਪਰਮ ਅਨੰਦ ਸਰੂਪ ਹੈ । ਜੋ ਪੂਰਨ ਪਦ ਨੂੰ ਦੇਣ ਵਾਲਾ ਦਾਤਾ ਹੈ, (ਉਸ) ਸ੍ਰੀ ਰਾਮ ਚੰਦ੍ਰ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ ॥ ੨੨੩ ॥

**ਦੋਹਰਾ–ਜਿਹ ਅਗਯਾਨ ਨਿਵਾਰਯੋ ਦੀਨੀ ਮੋਖ ਅਪਾਰ ॥**
**ਮਾਨ ਸਿੰਘ ਗੁਰ ਚਰਣ ਕੋ ਬੰਦੌਂ ਬਾਰੰਬਾਰ ॥ ੨੨੪ ॥**

ਅਪਾਰ=ਜਿਸ ਦਾ ਅੰਤ ਨਹੀਂ ਮਿਲਦਾ ।

ਜਿਸ ਨੇ ਮੇਰੇ ਹਿਰਦੇ ਵਿਚੋਂ ਅਗਯਾਨ ਨੂੰ ਦੂਰ ਕਰ ਦਿਤਾ ਹੈ (ਅਤੇ ਆਤਮ ਸਰੂਪ ਦੀ ਲਖਤਾ ਕਰਾ ਕੇ) ਅਪਾਰ ਮੁਕਤੀ (ਜੀਵਨ ਮੁਕਤੀ) ਬਖਸ਼ ਦਿਤੀ ਹੈ । (ਇਸ ਤਰ੍ਹਾਂ ਦਾ ਉਪਕਾਰ ਕਰਨ ਵਾਲੇ ਜੋ ਮੇਰੇ) ਗੁਰੂ ਸੰਤ ਮਾਨ ਸਿਘ ਜੀ ਹਨ, ਉਨ੍ਹਾਂ ਦੇ ਚਰਨ ਕਮਲਾਂ ਨੂੰ ਮੈਂ ਮੁੜ ਮੁੜ ਕੇ ਨਮਸਕਾਰ ਕਰਦਾ ਹਾਂ ॥ ੨੨੪ ॥

## ਗ੍ਰੰਥ ਸਮਾਪਤੀ ਦਾ ਸਮਾਂ ਵਰਣਨ

### ਸ਼ੰਕਰ ਛੰਦ ॥

**ਰਸ ਵੇਦ ਔ ਵਸੁ ਚੰਦ ਸੰਮਤ ਲੋਕ ਭੀਤਰ ਜਾਨ ॥**
**ਨਭ ਮਾਸ ਭ੍ਰਿਗੁ ਪੁਨ ਵਾਸਰੇ ਦਸਮੀ ਵਦੀ ਪਹਿਚਾਨ ॥**

Sri Satguru Jagjit Singh Ji Elibrary NamdhariElibrary@gmail.com

**ਗੁਰ ਮਾਨ ਸਿੰਘ ਪਦਾਰਬਿੰਦ ਅਲੰਬਨਾ ਉਰ ਠਾਨ ॥**
**ਕੁਰਖੇਤ੍ਰ ਪ੍ਰਾਚੀ ਕੂਲ ਤਟ ਯਹਿ ਕੀਨ ਗ੍ਰੰਥ ਬਖਾਨ ॥ ੨੨੫ ॥**

ਰਸ=ਕਾਵ੍ਯ ਗ੍ਰੰਥ ਵਿਚ ਨੌਂ ਰਸ ਵਰਣਨ ਕੀਤੇ ਹਨ, ਇਸ ਦਾ ਅਰਥ ਨੌਂ ਹੈ–੯ । ਵੇਦ=ਚਾਰ ਹਨ, ਇਸ ਕਰਕੇ ਇਸ ਦਾ ਅਰਥ ਚਾਰ ਹੈ–੪ । ਵਸੁ=ਵਸੂ ਅਠ ਹਨ, ਇਸ ਲਈ ਇਸ ਦਾ ਅਰਥ ਅਠ ਹੈ–੮ । ਚੰਦ=ਚੰਦ੍ਰਮਾ ਇਕ ਹੈ, ਇਸ ਕਰਕੇ ਇਸ ਦਾ ਅਰਥ ਇਕ ਲਈਦਾ ਹੈ–੧ । ਨਭ=ਸਾਵਨ । ਭ੍ਰਿਗ=ਸ਼ੁਕ੍ਰ । ਵਾਸਰੇ=ਦਿਨ । ਪਦਾਰਬਿੰਦ=(ਪਦ+ਅਰਬਿੰਦ) ਚਰਨ ਕਮਲ । ਅਲੰਬਨਾ=ਆਸਰਾ । ਪ੍ਰਾਚੀ=ਪੂਰਬ ।

ਨੋਟ–ਕਾਵ੍ਯ ਗ੍ਰੰਥਾਂ ਵਿਚ ਹਰੇਕ ਗ੍ਰੰਥ ਦੇ ਅੰਤ ਵਿਚ ਪੁਸਤਕ ਲਿਖੇ ਜਾਣ ਦਾ ਸਮਾਂ ਅਕਸਰ ਵਰਣਨ ਕੀਤਾ ਹੁੰਦਾ ਹੈ,ਫਾਰਸੀ ਕਿਤਾਬਾਂ ਵਿਚ ਅਬਜਦ ਦੇ ਹਿਸਾਬ ਨਾਲ ਸੰਮਤ ਦਸਦੇ ਹਨ ਅਤੇ ਬ੍ਰਿਜ ਭਾਸ਼ਾ ਵਾਲੇ ਪਦਾਰਥ ਸੰਖਯਾ ਵਿਚ ਵਰਣਨ ਕਰਦੇ ਹਨ । ਸੰਮਤ ਹਮੇਸ਼ਾਂ ਉਲਟਾ ਦਸਿਆ ਹੁੰਦਾ ਹੈ, ਸੋ ਓਹੀ ਰੀਤੀ ਇਥੇ ਵਰਤ ਲੈਣੀ ਚਾਹੀਦੀ ਹੈ ।

੯, ੪, ੮, ੧ ਇਨ੍ਹਾਂ ਚੌਹਾਂ ਅੰਕਾਂ ਨੂੰ ਉਲਟਾ ਕਰੀਏ ਤਾਂ ੧, ੮, ੪, ੯ ਹੋ ਕੇ ੧੮੪੯ ਸੰਮਤ ਬਿਕ੍ਰਮੀ ਹੋ ਜਾਂਦਾ ਹੈ, ਅਰਥਾਤ ਗ੍ਰੰਥ ਕਰਤਾ ਜੀ ਕਹਿੰਦੇ ਹਨ, ਜਿਸ ਵੇਲੇ ਅਸਾਂ ਗ੍ਰੰਥ ਸਮਾਪਤ ਕੀਤਾ ਹੈ, ਉਸ ਵੇਲੇ ਬਿਕ੍ਰਮੀ ਸੰਮਤ ੧੮੪੯ ਸੰਸਾਰ ਵਿਚ ਵਰਤਮਾਨ ਜਾਣੀਦਾ ਹੈ । ਸਾਵਨ ਦਾ ਮਹੀਨਾ ਹੈ, ਸ਼ੁਕ੍ਰਵਾਰ ਹੈ, ਹਨੇਰਾ ਪਖ ਹੈ ਅਤੇ ਤਿਥ ਦਸਮੀ ਹੈ, ਅਰਥਾਤ ਸਾਵਨ ਵਦੀ ਦਸਮੀ ਤੇ ਦਿਨ ਸ਼ੁਕ੍ਰਵਾਰ ਹੈ । ਸ੍ਰੀ ਗੁਰੂ ਮਾਨ ਸਿੰਘ ਜੀ ਦੇ ਚਰਨਾਂ ਕਮਲਾਂ ਦਾ ਆਸਰਾ ਹਿਰਦੇ ਵਿਚ ਧਾਰਨ ਕਰਕੇ, ਕੁਰੂਖੇਤ੍ਰ ਤੀਰਥ ਦੇ ਕੰਢੇ ਉਤੇ, ਪੂਰਬ ਦਿਸ਼ਾ ਵਲ ਬੈਠ ਕੇ, ਇਹ ਗ੍ਰੰਥ ਪੂਰਾ ਕਰ ਦਿਤਾ ਹੈ ॥ ੨੨੫ ॥

(੧੮੪੯ ਬਿਕ੍ਰਮੀ, ਸਾਵਨ ਵਦੀ ੧੦, ਸ਼ੁਕ੍ਰਵਾਰ)

ਇਤਿ ਸ੍ਰੀ ਮਤਿ ਮਾਨ ਸਿੰਘ ਚਰਨ ਸਿਖਯਤ ਗੁਲਾਬ ਸਿੰਘ ਨੇ ਗੌਰੀ ਰਾਇ ਆਤਮਜੇਨ ਵਿਰਚਤੇ ਪ੍ਰਬੋਧ ਚੰਦ੍ਰ ਨਾਟਕੇ ਜੀਵਨ ਮੁਕਤਿ ਪ੍ਰਾਪਤਿ ਕੋ ਨਾਮ ਅਸ਼ਟਮੋ ਧਿਆਇ ॥ ੬ ॥

----

ਮਾਘ ੨੮ ਸੰਮਤ ੧੯੯੪ ] ਟੀਕਾ ਸੰਪੂਰਨ ਹੋਇਆ
ਫਰਵਰੀ ੯ ਸੰਨ ੧੯੩੮ ] ਬੁਧਵਾਰ ਦੁਪਹਿਰ ੧–੪੧ ਮਿੰਟ

ਛਾਪੇ ਛਪਿਆ–
ਪਹਿਲੀ ਵਾਰ ਸੰਨ ੧੯੫੩ ਮਹੀਨਾ ਨਵੰਬਰ ।
ਦੂਜੀ ਵਾਰ ਸੰਨ ੧੯੬੩ ਮਹੀਨਾ ਜੁਲਾਈ ।
ਤੀਜੀ ਵਾਰ ਸੰਨ ੧੯੭੦ ਮਹੀਨਾ ਸਤੰਬਰ ।
ਚੌਥੀ ਵਾਰ ਸੰਨ ੧੯੮੫ ਮਹੀਨਾ ਨਵੰਬਰ ।

॥ ਇਤੀ ॥

Sri Satguru Jagjit Singh Ji Elibrary NamdhariElibrary@gmail.com

# ਟੀਕਾਕਾਰ ਦੀ ਨਿਜ ਸੰਪ੍ਰਦਾਯ

ਦੋਹਰਾ-ਲਵ ਪੁਰ ਕੇਰ ਸਮੀਪ ਜੁ ਆਹਿ ਸੁ ਨਗਰ ਮੁਜੰਗ ॥
ਪੰਚਮ ਗੁਰ ਕੇ ਸਿਖ ਤਹਿ ਰੰਗਿਓ ਆਤਮ ਰੰਗ ॥ ੧ ॥
'ਕ੍ਰਿਸ਼ਨਾ' ਤਾਂਕੋ ਨਾਮ ਥੋ ਲਿਖਾ ਭਾਈ ਗੁਰਦਾਸ ॥
'ਸਤੀ ਦਾਸ' ਪੁਨ ਨਾਮ ਤਿਸ ਜੋ ਸੁਤ ਤਾਸ ਅਵਾਸ ॥ ੨ ॥
ਕਰੈਂ ਕਾਰ ਜ਼ਰਗਰੀ ਕੀ ਤਾਰ ਕਰੈਂ ਰੁਜ ਤਾਰ ॥
ਤਾਰ ਸਮਾਨ ਸੁਧਾਰ ਮਨ ਯਾਦ ਕਰੈਂ ਕਰਤਾਰ ॥ ੩ ॥
ਹਰਿਗੋਬਿੰਦ ਖਸ਼ਟਮ ਗੁਰੂ ਸਨਧ ਬਧ ਰਣਧੀਰ ॥
ਰਹੇ ਮੁਜੰਗ ਸੁ ਮਾਸ ਖਟ ਹਰੈਂ ਨਿਖਲ ਭਵ ਪੀਰ ॥ ੪ ॥
ਚੋਪਈ-ਮੈਲਸੀ ਨਾਮ ਗ੍ਰਾਮ ਇਕ ਅਹੈ ॥ ਤਾ ਮੈ ਚੰਚਲ ਦਾਸ ਸਿਖ ਰਹੈ ॥
ਤਾਂਕੋ ਗ੍ਰਿਹ ਸੁਤ ਹੋਇਓ ਨਾਂਹੀ ॥ ਦੰਪਤਿ ਸੋਚ ਕਰੈਂ ਮਨ ਮਾਹੀ ॥ ੫ ॥
ਗੁਰ ਪੰਚਮ ਕੇ ਚਰਨ ਮਝਾਰੀ ॥ ਸਰਧਾ ਧਾਰਿ ਸੁ ਅਰਜ਼ ਗੁਜ਼ਾਰੀ ॥
ਹੇ ਗੁਰ ! ਜਗਤ ਨਿਸ਼ਾਨ ਰਖਾਵੋਂ ॥ ਨਾਹਿ ਨਿਪੁਤਾ ਜਗਤ ਕਰਾਵੋ ॥ ੬ ॥
ਜੌ ਰਾਵਰ ਮਮ ਇਛ ਪੁਰਾਵੇ ॥ ਸਰਧਾ ਯੁਤ ਸੁਤ ਭੇਟ ਚੜ੍ਹਾਵੋ ॥
ਤਾਂਕੇ ਗ੍ਰਿਹ ਸੁਤ ਭਏ ਸੁ ਚਾਰ ॥ ਭੇਟ ਪੁਤ੍ਰ ਦੇਣ ਇਛ ਧਾਰ ॥ ੭ ॥
ਚਲ ਮੈਲਸੀ ਤੇ ਲਵ ਪੁਰ ਆਏ ॥ ਸੁਣਯਾ ਗੁਰੂ ਮੁਜੰਗ ਬਸਾਏ ॥
ਆਇ ਮੁਜੰਗ ਦਰਸ ਗੁਰ ਕਯੋ ॥ ਆਠ ਬਰਖ ਸੁਤ ਭੇਟ ਚੜ੍ਹਯੋ ॥ ੮ ॥

ਦੋਹਰਾ-ਸਤੀ ਦਾਸ ਗੁਰ ਨਿਕਟ ਰਹਿ, ਕਰਤਾ ਚੇਰ ਗੁਰ ਸੇਵ ॥
ਤਨ ਕਰ ਗੁਰ ਸੇਵਾ ਕਰੇ, ਮਨ ਸਿਮਰੇ ਗੁਰਦੇਵ ॥ ੯ ॥
ਦੇਖਿ ਸੇਵ ਗੁਰਦੇਵ ਤਿਸ, ਭਏ ਪ੍ਰਸੰਨ ਮਹਾਨ ॥
ਚੰਚਲ ਸੁਤ ਸੁ ਉਠਾਇ ਕਰ, ਸ੍ਰੀ ਮੁਖ ਕੀਨ ਬਖਾਨ ॥ ੧੦ ॥
ਸਤੀ ਦਾਸ ! ਕਰ ਅੰਚਲਾ, ਜਗੇ ਭਾਗ ਵਡਭਾਗ ॥
ਗੁਰ ਸੇਵਾ ਨਿਸ ਦਿਨ ਕਰੌ, ਲਾਵੋ ਸਿਖੀ ਜਾਗ ॥ ੧੧ ॥
ਚੌਪਈ-ਸੁ ਗੁਰ ਨਿਜ ਕਰ ਸੋਂ. ਉਚਯੋ ॥ ਸਤੀ ਦਾਸ ਝੋਲੀ ਧਰ ਦਯੋ ॥
ਚੰਚਲ ਦਾਸ ਕੇ ਘਰ ਸੁਤ ਥਯੋ ॥ ਸਤੀ ਦਾਸ ਕੌ ਪੂਤ ਕਹਯੋ ॥ ੧੨ ॥
ਬਹੁੜ ਸ਼ਾਹ ਤਾਂਕੋ ਸ਼ੁਭ ਨਾਮ ॥ ਸਿਮਰੇ ਗੁਰੂ ਗੁਰੂ ਆਠੋਂ ਜਾਮ ॥
ਹੋਇ ਬ੍ਰਿਧ ਤਿਨ ਕਰੀ ਜੁ ਕਾਰ ॥ ਗੁਰਸਿਖੀ ਕਰਿ ਜਗ ਪ੍ਰਚਾਰ ॥ ੧੩ ॥
ਗੁਰਸਿਖੀ ਪ੍ਰਚਾਰ ਕਰਾਵੈ ॥ ਗੁਰਸਿਖੀ ਸੰਗ ਪ੍ਰੇਮ ਅਲਾਵੇ ॥
ਗੁਰਸਿਖੀ ਗੁਰਬਾਣੀ ਪਯਾਰ ॥ ਔਰ ਕਰੇ ਨਾ ਜਗ ਕੀ ਕਾਰ ॥ ੧੪ ॥
ਤਾਂਕੇ ਸੁਤ ਨਾਹੀ ਬਹੁ ਭਏ ॥ ਗੁਰਸਿਖੀ ਕੀ ਕਾਰ ਕਮਏ ॥
ਇਸੀ ਤਰ੍ਹਾਂ ਗੁਜ਼ਰਾਨ ਕਰਾਵੈ ॥ ਨਾਮ ਜਪੇ ਔਰਨ ਜਪਵਾਵੈ ॥ ੧੫ ॥
ਦੋਹਰਾ-ਸ੍ਰੀ ਬਾਬਾ ਰਾਮਦਾਸ ਜੀ ਦਾਸ ਪਿਤਾਮਾ ਜੋਇ ॥
ਪੌੜੀ ਖਸ਼ਟਮ ਥੀ ਬਿਖੇ ਬਹੁੜ ਸ਼ਾਹ ਕੀ ਸੋਇ ॥ ੧੬ ॥

Sri Satguru Jagjit Singh Ji Elibrary NamdhariElibrary@gmail.com

ਚਾਰ ਪੂਤ ਰਾਮਦਾਸ ਘਰ ਮਾਨੋ ਚਾਰੋਂ ਵੇਦ ॥
ਧਰੇ ਆਨ ਅਵਤਾਰ ਤਿਨ ਜੋ ਦਾਇਕ ਨਿਰਵੇਦ ॥ ੧੭ ॥
ਗੁਰ ਸਿਖੀ ਪ੍ਰਚਾਰ ਕੋ ਕਰੈਂ ਸੁ ਮਨ ਚਿਤ ਲਾਇ ॥
ਸਿਮਰੋਂ ਨਿਸ ਦਿਨ ਨਾਮ ਗੁਰ ਜੋ ਸੰਤਨ ਸੁਖਦਾਇ ॥ ੧੮ ॥
ਹਰੀ ਦਾਸ, ਹੇਤ ਦਾਸ ਜੀ ਦਯਾਲ ਦਾਸ ਜੀ ਭਾਦਿ ॥
ਭਾਈ ਜੁਆਲਾ ਦਾਸ ਜੀ ਦਾਸ ਪਿਤਾਮਾ ਕਹਵਾਇ ॥ ੧੯ ॥
ਤਾਂਕੇ ਗ੍ਰਹ ਭੀ ਚਾਰ ਸੁਤ ਹੋਏ ਜਗਤ ਮਝਾਰ ॥
ਸੋਭ ਰਹੇ ਹੈਂ ਜਗ ਵਿਖੇ ਧਰੈਂ ਪਰਸਪਰ ਪਿਆਰ ॥ ੨੦ ॥
ਭਾਈ ਸੇਵਾ ਦਾਸ ਜੀ ਗੁਰਮੁਖ ਹਰਿ ਕਵਿ ਭਾਇ ॥
ਦੋਨੋ ਅਗ੍ਰਜ ਭ੍ਰਾਤ ਮਮ ਅਨੁਜ ਚਤੁਰ ਹਰਿ ਨਾਇ ॥ ੨੧ ॥
ਲਵਪੁਰ ਨਿਕਟ ਮੁਜੰਗ ਹੈ ਬਸਤ ਸੁ ਪੂਰਬ ਕਾਲ ॥
ਪਿਤਾ ਪਧਾਰੇ ਗੁਰਪੁਰੀ ਭਈ ਸੁ ਦੇਸਾ ਚਾਲ ॥ ੨੨ ॥
ਵਿਦਯਾ ਪੜ੍ਹਨ ਸੁ ਕਾਰਨੇ ਦੇਸ ਰਟਨ ਪੁਨ ਕੀਨ ॥
ਸਾਧੂ ਬ੍ਰਿਤੀ ਫਿਰਿ ਦੇਸ ਬਹੁ ਪੁਨ ਮਨ ਵਿਦਯਾ ਚੀਨ ॥ ੨੩ ॥
ਤਰਨ ਤਾਰਨ ਗੁਰ ਧਾਮ ਮੈ ਵਿਦਯਾਲਯ ਸੁਭ ਥਾਨ ॥
ਤਾ ਮੈ ਇਸਥਿਤ ਹੋਇ ਪੁਨ ਕੀਨ ਵਿਦਯਾ ਅਨੁਸ਼ਠਾਨ ॥ ੨੪ ॥
ਗੁਰਘਰ ਕੀ ਸਭ ਵਿਦਯਾ ਪੜ੍ਹੀ ਸੁ ਮਨ ਚਿਤ ਲਾਇ ॥
ਤਾਂਤੇ ਗਿਆਨੀ ਕਹਿਤ ਹੈਂ ਸਜਨ ਸਭੀ ਬੁਲਾਇ ॥ ੨੫ ॥
ਨਹ ਬਲ ਵਿਦਯਾ ਅਕਲ ਕੋ ਕੇਵਲ ਗੁਰ ਪ੍ਰਸਾਦਿ ॥
ਜਾਂ ਸੰਤਨ ਕੋ ਆਸਰਾ ਧਰਿ ਹੋਂ ਆਦਿ ਜੁਗਾਦਿ ॥ ੨੬ ॥
ਲਵਿ ਪੁਰ ਰਾਵੀ ਨਦੀ ਤਟ ਸ਼ਾਹਦਰਾ ਸੁਭ ਗ੍ਰਾਮ ॥
ਤਾਂ ਮੈ ਗੁਰ ਅਸਥਾਨ ਮਮ ਨਿਰਮਲ ਆਸ਼੍ਰਮ ਧਾਮ ॥ ੨੭ ॥
ਸ੍ਰੀ ਸ਼ਾਂਤਿ ਰੂਪ ਸੁਭ ਆਤਮਾ ਤੇਜ ਪੁੰਜ ਮਹਿਤਾਬ ॥
ਮੇਰੇ ਗੁਰ ਤਿਨ ਨਾਮ ਸੁਭ ਸੰਤ ਸੁ ਸਿੰਘ ਮਤਾਬ ॥ ੨੮ ॥
ਤਾਂਕੇ ਚਰਨ ਸਰੋਜ ਕੋ ਨਮੋ ਕਰੋਂ ਲਖ ਵਾਰ ॥
ਜਿਨ ਅੰਮ੍ਰਿਤ ਅਚਵਾਯਕੇ ਭਵ ਨਿਧਿ ਤੈ ਕਰਿ ਪਾਰ ॥ ੨੯ ॥
ਸ੍ਰੀ ਭਗਵਾਨ ਹਰਿ ਸੰਤ ਜੀ 'ਮੱਲ੍ਹੇ' ਕਰਤ ਨਿਵਾਸ ॥
ਮਾਰਗ ਆਤਮ ਗਿਆਨ ਕੋ ਤਿਨ ਦਿਖਲਾਯੋ ਰਾਸ ॥ ੩੦ ॥
ਸੰਤ ਭਗਤ ਗੁਰਸਿਖ ਜੀ ! ਤੁਮ ਜਗ ਤਾਰਨਹਾਰ ॥
ਜਲ ਨਕੋਤ ਹਰਿ ਅਨੁਜ ਭ੍ਰਿਤ ਨਮੋ ਕਰੈ ਲਖ ਵਾਰ ॥ ੩੧ ॥

ਛਾਪਕ :– ਬਲਵੰਤ ਸਿੰਘ 'ਤੇਗ'
ਹੇਮਕੁੰਡ ਪ੍ਰਿੰਟਿੰਗ ਪ੍ਰੈਸ, 6–ਕੋਟ ਬਾਬਾ ਦੀਪ ਸਿੰਘ ਅੰਮ੍ਰਿਤਸਰ ।

Sri Satguru Jagjit Singh Ji Elibrary NamdhariElibrary@gmail.com

## ਜਨਮ ਸਾਖੀ ਭਗਤ ਰਵਿਦਾਸ ਜੀ

ਭਗਤ ਰਵਿਦਾਸ ਜੀ ਦਾ ਜੀਵਨ ਬਿਰਤਾਂਤ। ੧੨)

## ਗੁਰ ਮਰਯਾਦਾ ਵਿਵਾਹ ਵਿਧੀ

ਉਪਦੇਸ਼ਕਾਂ ਤੇ ਗਰੰਥੀ ਸਿੰਘਾਂ ਲਈ ਵਿਵਾਹ ਕਰੌਣ ਦੀ ਮਰਯਾਦਾ ਦੇ ਸ਼ਬਦ ਆਦਿ ਵਰ ਕੰਨਿਆਂ ਲਈ ਗ੍ਰਿਹਸਤ ਦੇ ਉਪਦੇਸ਼ ਲਿਖੇ ਹਨ। ਭੇਟਾ ੪)

## ਸ੍ਰੀ ਗੁਰ ਸ਼ਬਦ ਸਿਧੀ

ਅਰਥਾਤ

## ਭਾ: ਮਨੀ ਸਿੰਘ ਵਾਲਾ ਸ਼ਰਧਾ ਪੂਰਨ

ਇਸ ਗਰੰਥ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਧਨ, ਇਸਤਰੀ, ਸੰਤਾਨ, ਤਰੱਕੀ, ਰਾਜ ਦਰਬਾਰੋਂ ਲਾਭ, ਦੁਖ, ਤਕਲੀਫ, ਬਿਮਾਰੀ, ਕੈਦ, ਮੁਕਦਮਾ ਆਦਿ ਤੋਂ ਰਿਹਾਈ ਲਈ ਵਿਧੀ ਸਹਿਤ ਸ਼ਬਦ ਹਨ। ਪਾਠ ਕਰਨ ਨਾਲ ਹਰ ਪ੍ਰਕਾਰ ਦੀ ਮਨੋ-ਕਾਮਨਾ ਗੁਰੂ ਮਹਾਰਾਜ ਦੀ ਕਿਰਪਾ ਨਾਲ ਪੂਰੀ ਹੁੰਦੀ ਹੈ। ਭੇਟਾ ੧੦)

## ਸੰਕਟ ਮੋਚਨ ਸ਼ਬਦ

ਇਸ ਪੁਸਤਕ ਵਿਚ ੧੦੯ ਸ਼ਬਦ ਹਨ। ਇਹਨਾਂ ਸ਼ਬਦਾਂ ਦਾ ਰੋਜ਼ਾਨਾ ਪਾਠ ਕਰਨ ਨਾਲ ਅਜ ਕਲ ਦੇ ਭਿਆਨਕ ਸਮੇਂ ਵਿਚ ਹਰ ਤਰ੍ਹਾਂ ਰਖਿਆ ਹੁੰਦੀ ਹੈ। ਗੁਰੂ ਮਹਾਰਾਜ ਦੀ ਕਿਰਪਾ ਨਾਲ ਧਨ ਦੌਲਤ, ਇਜ਼ਤ, ਵਡਿਆਈ ਤੇ ਰਾਜ ਦਰਬਾਰੋਂ ਲਾਭ ਤੇ ਹਰ ਸੰਕਟ ਵਿਚੋਂ ਰਖਿਆ ਹੁੰਦੀ ਹੈ। ੫)

## ਬਾਰਾਂ ਪੁੰਨਿਆਂ ਦੀ ਕਥਾ

ਇਹ ਅਸਲੀ ਗਰੰਥ ਭਾਈ ਦਯਾ ਸਿੰਘ ਵਾਲਾ ਹੈ। (ਜੋ ਪੰਜਾਂ ਪਿਆਰਿਆਂ ਵਿਚ ਹੋਏ ਹਨ) ਹਰ ਮਹੀਨੇ ਦੀ ਪੁੰਨਿਆਂ ਦਾ ਵਰਤ ਰਖਣ ਦਾ ਫਲ ਤੇ ਕਥਾ ਵਖੋ ਵਖ ਲਿਖੀ ਹੈ। ਇਸ ਦੇ ਨਾਲ ਪੈਂਤੀਸ ਅਖਰੀ ਅਤੇ ਆਰਤੀ ਭੀ ਹੈ। ਭੇਟਾ ੬)

ਗੁਰੂ ਗਰੰਥ ਸਾਹਿਬ ਦੇ ਪਾਠਾਂ ਦੀ ਵਿਧੀ ੫)
ਕਥਾ ਪੂਰਨਮਾਸ਼ੀ ਛੋਟੀ ਪਾ: ੧ ੧)
ਕਥਾ ਪੂਰਨਮਾਸ਼ੀ ਛੋਟੀ ਪਾ: ੧੦ ੧)

ਜ਼ਿੰਦਗੀ ਦੇ ਸੁਨਹਿਰੀ ਅਸੂਲ ੪)
ਜਨਮ ਸਾਖੀ ਤੇ ਮਾਤ੍ਰੇ ਬਾ: ਸ੍ਰੀ ਚੰਦ ਜੀ ਉਦਾਸੀ੧੯)

## ਦ੍ਰਿਸ਼ਟਾਂਤ ਸਾਗਰ

ਇਸ ਪੁਸਤਕ ਵਿਚ ਕਾਮ ਕਰੋਧ ਲੋਭ ਮੋਹ ਚੋਰੀ ਨਿੰਦਾ ਝੂਠ ਆਦਿ ਦੇ ਔਗੁਣ ਤੇ ਇਹਨਾਂ ਤੋਂ ਬਚਣ ਦੇ ਸਾਧਨ ਦਰਜ ਹਨ। ੧੫)

## ਤਵਾਰੀਖ ਦਸ ਪਾਤਸ਼ਾਹੀਆਂ

ਇਸ ਪੁਸਤਕ ਵਿਚ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਸਤਿਗੁਰਾਂ ਦੀਆਂ ਕਥਾਂ ਹਨ। ਭੇਟਾ ੧੫)

ਵਡੀ ਜਨਮ ਸਾਖੀ ਗੁਰੂ ਗੋਬਿੰਦ ਸਿੰਘ ਜੀ ੨੦)

## ਜੀਵਨ ਮਾਰਗ

ਪੁਰਸ਼ ਚੁਰਾਸੀ ਦੇ ਚਕਰਾਂ ਵਿਚ ਭੌਂਦਾ ਹੋਯਾ ਮਨੁਖਾ ਜਨਮ ਪਾ ਕੇ ਧਨ ਦੌਲਤ ਤੇ ਮਾਨ ਵਡਿਆਈ ਆਦਿ ਦੇ ਸੰਗਲਾਂ ਨਾਲ ਜਕੜਿਆ ਜਾਂਦਾ ਹੈ, ਅਗਿਆਨਤਾ ਦੀ ਨੀਂਦ ਵਿਚ ਘੂਕ ਸੌਂ ਜਾਂਦਾ ਹੈ। ਐਸੀ ਹਾਲਤ ਵਿਚੋਂ ਜਗਾਉਣ ਲਈ ਇਹ ਪੁਸਤਕ ਪੁਰਸ਼ ਨੂੰ ਜੀਵਨ ਦਾ ਸਚਾ ਮਾਰਗ ਦਸਦੀ ਹੈ ੧੦)

## —ਸਾਧੂ ਮਹਾਤਮਾਂ ਲਈ ਪੁਸਤਕਾਂ—

## ਪ੍ਰਬੋਧ ਚੰਦਰ ਨਾਟਕ ਸਟੀਕ

ਪੰਡਿਤ ਗੁਲਾਬ ਸਿੰਘ ਜੀ ਰਚਿਤ ਗਰੰਥ ਦੀ ਟੀਕਾ, ਕਾਮ ਕਰੋਧ, ਲੋਭ ਮੋਹ ਦੇ ਔਗੁਣ ਤੇ ਸਤ ਸੰਤੋਖ ਸ਼ਾਂਤੀ ਵਿਚਾਰ ਸ਼ਰਧਾ ਭਗਤੀ ਦੇ ਗੁਣਾਂ ਦਾ ਵਰਨਣ ਇਸ ਪੁਸਤਕ ਵਿਚ ਕੀਤਾ ਗਿਆ ਹੈ। ਭੇਟਾ ੬੦)

## ਭਰਥਰੀ ਵੈਰਾਗ ਸ਼ਤਕ ਸਟੀਕ

ਯੋਗੀ ਰਾਜ ਭਰਥਰੀ ਦੇ ਉਪਦੇਸ਼ ਇਸ ਪੁਸਤਕ ਵਿਚ ਦਰਜ ਹਨ। ਸਲੋਕਾਂ ਤੇ ਅਰਥਾਂ ਵਾਲੀ ਹੈ ੧੪)

## ਸ੍ਰੀ ਯੋਗ ਵਸ਼ਿਸਟ

ਇਸ ਪੁਸਤਕ ਵਿਚ ਸ੍ਰੀ ਵਸ਼ਿਸਟ ਮੁਨੀ ਜੀ ਮਹਾਰਾਜ ਦੇ ਭਗਵਾਨ ਸ੍ਰੀ ਰਾਮ ਚੰਦਰ ਜੀ ਜੋਗ ਉਪਦੇਸ਼ ਦਰਜ ਹਨ। ਭੇਟਾ ੧੦)

**ਭਾ: ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

Sri Satguru Jagjit Singh Ji Elibrary NamdhariElibrary@gmail.com

## ਤਵਾਰੀਖ ਗੁਰਦੁਆਰਿਆਂ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਗੁਰਾਂ ਦੇ ਤੇ ਮੁਖੀ ਸਿਖਾਂ ਦੇ ਜਿਥੇ ਜਿਥੇ ਗੁਰਦਵਾਰੇ ਹਨ, ਉਨ੍ਹਾਂ ਦਾ ਇਤਿਹਾਸ ਤੇ ਫੋਟੋ ਦਿਤੀਆਂ ਗਈਆਂ ਹਨ। ਭੇਟਾ ੧੨)

## ਸ੍ਰੀ ਸੂਰਜ ਪ੍ਰਕਾਸ਼ ਸਟੀਕ

ਪੰਥ ਭੂਸ਼ਨ ਕਵਿ ਚੂੜਾਮਣੀ ਭਾਈ ਸਾਹਿਬ ਸੰਤੋਖ ਸਿੰਘ ਜੀ ਦੇ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਵਾਰਤਕ ਟੀਕਾ ਕਰਕੇ ਤਿੰਨ ਹਿਸੇ ਇਸ ਪ੍ਰਕਾਰ ਛਾਪੇ ਹਨ। ਭੇਟਾ ੭੫)

## ਪਹਿਲੀ ਸੈਂਚੀ ਸ੍ਰੀਨਿਰੰਕਾਰੀਚਮਤਕਾਰ

ਇਸ ਪਹਿਲੀ ਸੈਂਚੀ ਵਿਚ ਸ੍ਰੀ ਗੁਰੂ ਨਾਨਕ ਪ੍ਰਕਾਸ਼ ਤੇ ਪਹਿਲੀ ਰਾਸ ਦਾ ਵਾਰਤਕ ਟੀਕਾ ਹੈ, ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਕੁਲ ਕਥਾਂ ਹਨ। ਭਟਾ ੨੫)

## ਦੂਜੀ ਜਿਲਦ ਸ੍ਰੀ ਸੋਢੀ ਚਮਤਕਾਰ

ਇਸ ਦੂਜੀ ਸੈਂਚੀ ਵਿਚ ਦੂਜੀ ਰਾਸ ਤੋਂ ਲੈ ਕੇ ਬਾਰ੍ਹਵੀਂ ਰਾਸ ਦਾ ਵਾਰਤਕ ਟੀਕਾ ਹੈ। ਸ੍ਰੀ ਗੁਰੂ ਰਾਮਦਾਸ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਤਕ ਛੀਆਂ ਸਤਿਗੁਰਾਂ ਦੀਆਂ ਸੰਪੂਰਨ ਕਥਾਂ ਹਨ।

ਭੇਟਾ ੩੦)

## ਤੀਜੀ ਜਿਲਦ ਸ੍ਰੀ ਦਸਮੇਸ਼ ਚਮਤਕਾਰ

ਇਸ ਤੀਜੀ ਜਿਲਦ ਵਿਚ ਛੀ ਰੁਤਾਂ ਤੇ ਦੋ ਐਨ ਦਾ ਵਾਰਤਕ ਟੀਕਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਸੰਪੂਰਨ ਕਥਾਂ ਹਨ। ਭੇਟਾ ੩੦)

## ਗੁਰ ਬਿਲਾਸ ਛੇਵੀਂ ਪਾਤਿਸ਼ਾਹੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੀ ਜਨਮ ਸਾਖੀ ਸਰਲ ਕਥਾਂ ਵਾਲੀ। ਭੇਟਾ ੧੪)

## ਵਡੀ ਜਨਮ ਸਾਖੀ ਬਾਲੇ ਵਾਲੀ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭਾਈ ਬਾਲੇ ਵਾਲੀ ਵਡੀ ਜਨਮ ਸਾਖੀ ਮੋਟੇ ਅਖਰਾਂ ਵਿਚ। ਭੇਟਾ ੩੫)

## ਜਨਮ ਸਾਖੀ ਭਗਤ ਕਬੀਰ ਜੀ

ਭਗਤ ਕਬੀਰ ਜੀ ਮਹਾਰਾਜ ਦਾ ਜੀਵਨ ਬ੍ਰਿਤਾਂਤ ਤੇ ਸਤਸੰਗ ਦੀਆਂ ਸਾਖੀਆਂ ਹਨ। ਭੇਟਾ ੧੨)

## ਜਨਮ ਸਾਖੀ ਭਗਤ ਨਾਮਦੇਵ ਜੀ

ਭਗਤ ਨਾਮਦੇਵ ਜੀ ਦਾ ਜੀਵਨ ਬ੍ਰਿਤਾਂਤ, ਉਨ੍ਹਾਂ ਦੀਆਂ ਸਤਸੰਗ ਦੀਆਂ ਕਥਾਂ, ਭਗਵਾਨ ਦੇ ੭੨ ਵੇਰ ਦਰਸ਼ਨਾਂ ਦੀ ਕਥਾਂ, ਉਹਨਾਂ ਦੀ ਬਾਣੀ ਤੇ ਉਪਦੇਸ਼ ਲਿਖੇ ਹਨ। ਭੇਟਾ ੧੨)

## ਸੰਤ ਬਾਣੀ

ਪਿਛੇ ਜੋ ਮਹਾਂ ਪੁਰਸ਼ ਸੰਤ ਭਗਤ ਫਕੀਰ ਸਾਈਂ ਲੋਕ ਪ੍ਰਸਿਧ ਕਵੀ ਹੋ ਗੁਜ਼ਰੇ ਹਨ, ਉਹਨਾਂ ਦੀ ਵੈਰਾਗ ਤੇ ਉਪਦੇਸ਼ ਮਈ ਬਾਣੀ ਦਰਜ ਹੈ।

ਭੇਟਾ ੧੨)

## ਹਰੀ ਗਿਆਨ ਉਪਦੇਸ਼

ਜੇਕਰ ਆਪ ਘਰ ਬੈਠੇ ਸਤਿਸੰਗ ਦਾ ਪੂਰਨ ਅਨੰਦ ਲੈਣਾ ਚਾਹੁੰਦੇ ਹੋ ਤਾਂ ਇਸ ਪੁਸਤਕ ਨੂੰ ਮੰਗਾ ਕੇ ਪੜ੍ਹੋ। ਇਸ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸ਼ਬਦਾਂ ਦੀ ਕਥਾ ਸਾਖੀਆਂ ਤੇ ਪ੍ਰਮਾਣ ਹਨ। ਗਿਆਨ ਵੈਰਾਗ ਸਬੰਧੀ ਮਨ ਨੂੰ ਮੋੜਨ ਲਈ ਗੁਰਬਾਣੀ ਦੇ ਉਪਦੇਸ਼ ਹਨ।

ਭੇਟਾ ੧੫)

## ਜਨਮ ਸਾਖੀ ਸੇਖ ਫਰੀਦ ਜੀ

ਇਸ ਵਿਚ ਸ਼ੇਖ ਜੀ ਦਾ ਜੀਵਨ ਬਿਰਤਾਂਤ, ਤਪਸਿਆ, ਮੁਰਸ਼ਦ ਸੇਵਾ, ਵੀਰਾਂ ਬਾਈ ਤੋਂ ਉਪਦੇਸ਼ ਤੇ ਬਾਣੀ ਦਰਜ ਹੈ। ਪੂਰਨ ਗਿਆਨ ਵੈਰਾਗ ਦੀ ਅਨਮੋਲ ਪੁਸਤਕ ਹੈ। ਕੁਲ ਸਫੇ ੧੬੦ ਹਨ।

ਮੁਲ ੧੦)

## ਦੁਰਗਾ ਸਤੋਤ੍ਰ

ਦੁਰਗਾ ਦੀ ਸ਼ਕਤੀ ਦੀਆਂ ਕਈ ਕਥਾ ਆਪ ਨੇ ਸੁਣੀਆਂ ਹੋਣਗੀਆਂ। ਦੁਰਗਾ ਨੂੰ ਪ੍ਰਸੰਨ ਕਰਨ ਲਈ ਦੁਰਗਾ ਦਾ ਪਾਠ ਹੈ। ਮੁਲ ੫੦ ਪੈਸੇ

**ਭਾ: ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

Sri Satguru Jagjit Singh Ji Elibrary    NamdhariElibrary@gmail.com

## ਚਣਾਕਾ ਰਾਜਨੀਤ ਸਟੀਕ

ਚਾਣਕ ਮੁਨੀ ਦੇ ਨੀਤੀ ਦੇ ਬਚਨ ਟੀਕੇ ਸਹਿਤ ਲਿਖੇ ਹਨ। ੫)

## ਭਗਵਤ ਗੀਤਾ ਸਟੀਕ

ਗੁਰਮੁਖੀ ਅਖਰਾਂ ਵਿਚ ਅਜੇ ਤਕ ਐਸੀ ਗੀਤਾ ਨਹੀਂ ਛਪੀ ਜਿਸ 'ਚ ਗੁਰਮੁਖੀ ਅਖਰਾਂ ਵਿਚ ਹੀ ਸੰਸ-ਕ੍ਰਿਤ ਦੇ ਸਲੋਕ ਭੀ ਹੋਣ। ਅਸੀਂ ਇਹ ਸਲੋਕਾਂ ਵਾਲੀ ਗੀਤਾ ਛਾਪੀ ਹੈ। ਨਾਲ ਹਰ ਸਲੋਕ ਦਾ ਅਰਥ ਹੈ। ੧੫)

## ਦੁਰਗਾ ਸਪਤ ਸ਼ਤੀ ਸਟੀਕ

ਮਾਰਕੰਡੇ ਪੁਰਾਣ ਵਿਚ ਜੋ ਦੁਰਗਾ ਪਾਠ ਸੰਸਕ੍ਰਿਤ ਵਿਚ ਹੈ, ਉਸੇ ਦਾ ਟੀਕਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਹੋਇਆ ਹੈ, ਜੋ ਦਸਮ ਗ੍ਰੰਥ ਸਾਹਿਬ ਵਿਚ ਚੰਡੀ ਚਰਿਤ੍ਰਾਂ ਦੇ ਨਾਮ ਹੇਠਾਂ ਮੌਜੂਦ ਹੈ। ੧੩)

## ਸੰਤ ਬਾਣੀ (ਸਤਿਸੰਗ ਉਪਦੇਸ਼)

ਆਤਮ ਸੁਧਾਰ ਦੇ ਚੰਗੇ ੨ ਉਪਦੇਸ਼ ਅਨੇਕ ਗ੍ਰੰਥਾਂ ਵਿਚੋਂ ਸੰਗ੍ਰਹਿ ਕਰਕੇ ਲਿਖੇ ਹਨ। ੧੨)

## ਭਗਤੀ ਗਿਆਨ ਵੈਰਾਗ ਪ੍ਰਕਾਸ਼

ਅਰਥਾਤ

## ਹੇ ਮਨ !

ਮਨ ਦੇ ਪ੍ਰਥਾਏ, ਕਥਾ, ਪ੍ਰਮਾਨ ਦਵਾਰਾ ਗ੍ਰੰਥ ਦੀ ਰਚਨਾ ਹੋਈ ਹੈ। ਐਸਾ ਗ੍ਰੰਥ ਪਹਿਲੀ ਵੇਰ ਹੀ ਛਪਿਆ ਹੈ। ੮)

## ਮਹਾਂ ਭਾਰਤ ਵਡਾ ੧੮ ਪਰਬ ਵਾਲਾ

ਰਾਜਾ ਸ਼ਾਂਤਨੂੰ ਦਾ ਵਿਆਹ ਮਾਤਾ ਗੰਗਾ ਨਾਲ ਹੋਣਾ, ਭੀਸ਼ਮ ਪਿਤਾਮਾ ਦਾ ਪੈਦਾ ਹੋਣਾ, ਰਾਜਾ ਪਾਂਡੂ ਤੇ ਰਾਜਾ ਧ੍ਰਿਤਰਾਸ਼ਟਰ ਦੇ ਜਨਮ ਦਾ ਹਾਲ, ਕੌਰਵਾਂ ਪਾਂਡਵਾਂ ਦੇ ਜਨਮ ਦੇ ਹਾਲ, ਬਨਬਾਸ ਦੀਆਂ ਤਕ-ਲੀਫਾਂ, ਵਰਾਟਪੁਰੀ ਦੇ ਹਾਲ, ਸੁਲਾਹ ਕਰੋਣ ਦੇ ਯਤਨ, ਅੰਤ ਵਿਚ ਜੰਗ ਹੋਣਾ, ਪਾਂਡਵਾਂ ਦੀ ਜਿਤ ਹੋਣੀ, ਰਾਜਾ ਯੁਧਿਸ਼ਟਰ ਨੇ ਯਗ ਕਰਕੇ ਰਾਜ ਕਰਨਾ ਤੇ ਅੰਤ ਵਿਖੇ ਸ੍ਰੀ ਕ੍ਰਿਸ਼ਨ ਜੀ ਦੇ ਸਵਰਗਵਾਸ ਹੋਣ ਪਿਛੋਂ ਪਾਂਡਵਾਂ ਦਾ ਹਿਮਾਲੇ ਤਕ ਜਾ ਕੇ ਸਵਰਗ ਤਕ ਪਹੁੰਚਣ ਦੇ ਕੁਲ ਪ੍ਰਸੰਗ ਹਨ। ੪੦)

## ਇਕਾਦਸ਼ੀ ਮਹਾਤਮ

ਇਸ ਪੁਸਤਕ ਵਿਚ ਸਾਲ ਭਰ ਦੀਆਂ ਕੁਲ ੨੬ ਇਕਾਦਸ਼ੀਆਂ ਦੀਆਂ ਕਥਾਂ, ਵਰਤ ਰਖਣ ਦਾ ਫਲ ਅਤੇ ਮਹਾਤਮ ਵਰਣਨ ਕੀਤਾ ਹੋਇਆ ਹੈ। ਰਾਜਾ ਯੁਧਿਸ਼ਟਰ ਨੂੰ ਸ੍ਰੀ ਕ੍ਰਿਸ਼ਨ ਭਗਵਾਨ ਨੇ ਬਨਬਾਸ ਦੀਆਂ ਤਕਲੀਫਾਂ ਨਿਵਾਰਨ ਲਈ ੨੬ ਇਕਾਦਸ਼ੀਆਂ ਦਾ ਬਰਤ ਕਰਨ ਲਈ ਕਿਹਾ ਸੀ। ੧੦)

## ਗਰੜ ਪੁਰਾਨ

ਇਹ ਉਹੋ ਪ੍ਰਸਿਧ ਪੁਰਾਨ ਹੈ, ਜਿਸ ਵਿਚ ਇਸ ਲੋਕ ਦੇ ਪਾਪ ਪੁੰਨ ਕਰਮਾਂ ਦਾ ਫਲ ਪਰਲੋਕ ਵਿਚ ਜਾ ਕੇ ਪਰਾਣੀ ਨੂੰ ਭੋਗਣਾ ਪੈਂਦਾ ਹੈ। ਪਰਲੋਕ ਦੇ ਰਾਹ ਦਾ ਹਾਲ, ਵੈਤਰਨੀ ਦਾ ਹਾਲ, ਧਰਮ ਰਾਜ ਦੀ ਪੁਰੀ ਦਾ ਹਾਲ, ਇਹ ਸਭ ਕਥਾਂ ਸ੍ਰੀ ਵਿਸ਼ਨੂੰ ਭਗਵਾਨ ਆਪਣੇ ਵਾਹਨ ਗਰੜ ਨੂੰ ਸੁਣਾਉਂਦੇ ਹਨ। ਇਹ ਪੁਸਤਕ ਸੰਸਕ੍ਰਿਤ ਵਿਚੋਂ ਪੂਰੀ ਪੁਸਤਕ ਟੀਕਾ ਕਰਕੇ ਗੁਰਮੁਖੀ ਵਿਚ ਛਾਪੀ ਹੈ। ੧੦)

## ਵਡੀ ਤੁਲਸੀ ਰਮੈਣ

ਗੁਸਾਂਈ ਤੁਲਸੀ ਦਾਸ ਜੀ ਕ੍ਰਿਤ ਦੋਹਾ ਚੌਪਈ ਵਾਲੀ ਅਸਲੀ ਰਮੈਣ ਸਾਤੋਂ ਕਾਂਡ ਗੁਰਮੁਖੀ ਅਖਰਾਂ ਵਿਚ ਮੂਲ ੭) ਟੀਕੇ ਵਾਲੀ ਭੇਟਾ ੧੫) ਟੀਕੇ ਵਾਲੀ ਛਪ ਰਹੀ ਹੈ।

ਬਾਲਮੀਕੀ ਰਮੈਣ ਸਰਲ ਟੀਕਾ ਕਥਾ ਹਨ ੧੨)

ਤੁਲਸੀ ਰਮੈਣ ਪੂਰੇ ਅਠ ਕਾਂਡ ਸਰਲ ਕਥਾ ੨੦)

## ਦੁਰਗਾ ਸ਼ਕਤੀ

ਇਸ ਪੁਸਤਕ ਵਿਚ ਦੁਰਗਾ ਦੇ ਭਗਤਾਂ ਲਈ ਦੁਰਗਾ ਦੇ ਅਰਾਧਣਾ ਵਾਲੇ ਮੰਤਰ ਤੇ ਜੰਤਰ ਲਿਖੇ ਹਨ। ੧੩)

## ਸ਼ਿਵ ਪੁਰਾਣ

ਭਗਵਾਨ ਸ਼ਿਵਜੀ ਅਰ ਭਵਾਨੀ ਪਾਰਬਤੀ ਦੇ ਅਵਤਾਰਾਂ ਦੀਆਂ ਕਥਾਂ ਹਨ। ੪੦)

**ਭਾ: ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

Sri Satguru Jagjit Singh Ji Elibrary NamdhariElibrary@gmail.com

## ਭੱਟਾਂ ਦੇ ਸਵਯੇ ਸਟੀਕ

ਸਵਯੇ ਮਹਲੇ ਪਹਿਲੇ ਦੂਜੇ ਤੀਜੇ ਚੌਥੇ ਤੇ ਪੰਜਵੇਂ ਦੇ ਜੋ ਭਟਾਂ ਦਵਾਰਾ ਉਚਾਰਨ ਕੀਤੇ ਗਏ ਹਨ ਅਰ ਪੰਜਾਂ ਸਤਿਗੁਰਾਂ ਦੀ ਉਸਤਤ ਦਾ ਭੰਡਾਰ ਹਨ, ਅਰਥਾਂ ਨਾਲ ਹੀ ਪੜ੍ਹਨ ਨਾਲ ਸਮਝ ਆਉਂਦੀ ਹੈ ਅਤੇ ਬਾਣੀ ਸਰਲ ਹੁੰਦੀ ਹੈ। ਭੇਟਾ ੧੦)

## ਸਲੋਕ ਸਹਸਕ੍ਰਿਤੀ ਸਟੀਕ

ਇਹ ਬਾਣੀ ਵੀ ਪਾਠ ਕਰਨ ਵਿਚ ਕਠਨ ਹੈ ਅਤੇ ਸਮਝਣੀ ਵੀ ਔਖੀ ਹੈ, ਪਰੰਤੂ ਅਰਥਾਂ ਨਾਲ ਪੜਨ ਨਾਲ ਬਾਣੀ ਦਾ ਸਿਧਾਂਤ ਸਮਝ ਆ ਜਾਂਦਾ ਹੈ। ਭੇਟਾ ੬)

## ਨਿਤਨੇਮ ਸਟੀਕ (ਵਡਾ ਟੀਕਾ)

ਜਪੁਜੀ, ਸ਼ਬਦ ਹਜ਼ਾਰੇ, ਰਹਿਰਾਸ, ਕੀਰਤਨ ਸੋਹਿਲਾ, ਅਨੰਦ ਸਾਹਿਬ, ਜਾਪੁ ਸਾਹਿਬ ਪਾ: ੧੦, ਸਵਯੇ ਪਾ: ੧੦, ਅਰਦਾਸ ਇਹਨਾਂ ਸਭਨਾਂ ਬਾਣੀਆਂ ਦੇ ਅਰਥ ਇਸ ਪੁਸਤਕ ਵਿਚ ਹਨ। ਭੇਟਾ ੧੫)

## ਸ੍ਰੀ ਬਚਿਤ੍ਰ ਨਾਟਕ ਸਟੀਕ

ਇਹ ਸ੍ਰੀ ਦਸਮੇਸ਼ ਜੀ ਦੀ ਪ੍ਰਸਿਧ ਬਾਣੀ ਹੈ। ਇਸੇ ਬਚਿਤਰ ਨਾਟਕ ਗਰੰਥ ਵਿਚ ਹੀ ਸਾਹਿਬਾਂ ਨੇ ਆਪਣੀ ਪਿਛਲੇ ਜਨਮ ਦੀ ਕਥਾ ਲਿਖੀ ਲਿਖੀ ਹੈ। ਤੁਕ ਤੁਕ ਦੇ ਅਰਥ ਹਨ। ਭੇਟਾ ਜਿਲਦ ਸਮੇਤ ੧੦)

## ਚੰਡੀ ਦੀ ਵਾਰ ਸਟੀਕ

ਸਾਹਿਬ ਸ੍ਰੀ ਦਸਮੇਸ਼ ਪਾਤਸ਼ਾਹ ਜੀ ਦੀ ਵਾਰ ਭਗੌਤੀ [ਚੰਡੀ ਦੀ ਵਾਰ] ਦਾ ਟੀਕਾ ਭੀ ਹੈ। ਇਸ ਵਿਚ ਅਰਦਾਸ ਦਾ ਟੀਕਾ ਭੀ ਹੈ। ੧੦)

## ਚੰਡੀ ਚਰਿਤ੍ਰ ਪਹਿਲਾ ਤੇ ਦੂਜਾ ਸਟੀਕ

ਟੀਕਾਕਾਰ ਪੰ: ਨਰੈਣ ਸਿੰਘ ਜੀ ਗਿ: ਲਾਹੌਰ ਵਾਲੇ

ਸੰਸਕ੍ਰਿਤ ਵਿਚ ਜੋ ਦੁਰਗਾ ਸਪਤਸ਼ਮੀ ਜਾਂ ਦੁਰਗਾ ਪਾਠ ਨਾਮ ਦੀ ਪੁਸਤਕ ਹੈ, ਦਸਮੇਸ਼ ਜੀ ਨੇ ਉਸੇ ਦਾ ਟੀਕਾ ਕੀਤਾ ਹੈ। ਦੁਰਗਾ ਦਾ ਸੁੰਭ ਨਸੁੰਭ, ਮਹਿਖਾਸੁਰ ਦੈਂਤਾਂ ਦੇ ਯੁਧ ਦਾ ਵਰਨਣ ਹੈ। ਪੜਦਿਆਂ ਪੜ੍ਹਦਿਆਂ ਬੀਰ ਰਸ ਪੈਦਾ ਹੁੰਦਾ ਹੈ ੧੨)

## ਗਿਆਨ ਪ੍ਰਬੋਧ ਸਟੀਕ

ਸ੍ਰੀ ਦਸਮੇਸ਼ ਜੀ ਨੇ ਪਾਂਡਵਾਂ ਦੇ ਰਾਜ ਤੇ ਪ੍ਰੀਛਤ ਰਾਜੇ ਦੇ ਸਮੇਂ ਦੀਆਂ ਵਾਰਤਾਂ, ਯੁਧ ਜੰਗ ਆਦਿਕਾਂ ਦੀਆਂ ਕਥਾਂ ਦਾ ਵਰਨਣ ਕੀਤਾ ਹੈ। ੬)

## ਕਬਿਤ ਸਵਯੇ ਭਾ: ਗੁਰਦਾਸ ਜੀ ਸਟੀਕ

ਟੀਕਾਕਾਰ ਪੰ: ਨਰੈਣ ਸਿੰਘ ਗਿ: ਲਾਹੌਰ ਵਾਲੇ

ਇਹ ਟੀਕਾ ਅਗੇ ਨਹੀਂ ਛਪਿਆ। ਗਿਆਨੀ ਜੀ ਨੂੰ ਕਾਬਲ ਵਿਚੋਂ ਭਾਈ ਗੁਰਦਾਸ ਜੀ ਦੇ ਕਬਿਤ ਸਵਯੇ ਆਦਿ ਦੀ ਇਕ ਲਿਖਤੀ ਪੁਸਤਕ ਮਿਲੀ ਸੀ, ਜਿਸ ਵਿਚ ਮੌਜੂਦਾ ਕਬਿਤ ਸਵਯਾਂ ਨਾਲੋਂ ਬਹੁਤ ਸਾਰੀ ਹੋਰ ਬਾਣੀ ਮੌਜੂਦ ਹੈ, ਉਸ ਵਾਧੇ ਵਾਲੀ ਪੁਸਤਕ ਦਾ ਟੀਕਾ ਪੰਡਤ ਜੀ ਨੇ ਕੀਤਾ ਹੈ।

ਭੇਟਾ ਦੋਵੇਂ ਭਾਗ ੩੫)

## ਸ੍ਰੀ ਗੁਰ ਭਗਤ ਮਾਲ ਸਟੀਕ

ਟੀਕਾਕਾਰ ਪੰ: ਨਰੈਣ ਸਿੰਘ ਗਿਆਨੀ

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਵਿਚ ਜਿਨ੍ਹਾਂ ਭਗਤਾਂ, ਅਵਤਾਰਾਂ, ਰਿਸ਼ੀਆਂ, ਦੇਵੀ ਦੇਵਤਿਆਂ ਦੇ ਨਾਮ ਹਨ,ਉਹਨਾਂ ਦੀਆਂ ਕਥਾ ਹਨ ੩੦)

## ਦਸਮ ਗੁਰੂ ਗ੍ਰੰਥ ਸਾਹਿਬ ਸਟੀਕ

ਅਰਥਾਤ

## ਦਸ ਗਰੰਥੀ [ਸਟੀਕ] ਪਾ: ੧੦

ਟੀਕਾਕਾਰ – ਪੰ: ਨਰੈਣ ਸਿੰਘ ਗਿਆਨੀ

ਲਾਹੌਰ ਮੁਜੰਗਾਂ ਵਾਲੇ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਮੁਖਵਾਕ ਬਾਣੀਆਂ ਸ੍ਰੀ ਜਾਪੁ ਸਾਹਿਬ, ਸ੍ਰੀ ਅਕਾਲ ਉਸਤਤ, ਚੰਡੀ ਚਰਿਤ੍ਰ ਪਹਿਲਾ, ਚੰਡੀ ਚਰਿਤ੍ਰ ਦੂਜਾ, ਚੰਡੀ ਦੀ ਵਾਰ, ਬਚਿਤ੍ਰ ਨਾਟਕ ਅਤੇ ਗਿਆਨ ਪ੍ਰਬੋਧ, ਇਹਨਾਂ ਸਭਨਾਂ ਬਾਣੀਆਂ ਦਾ ਤੁਕ ਤੁਕ ਦਾ ਟੀਕਾ ਤੇ ਕਥਾਵਾਂ ਇਸ ਦਸ ਗਰੰਥੀ ਸਟੀਕ ਪੁਸਤਕ ਵਿਚ ਹਨ। ਭੇਟਾ ੩੫)

## ਵਾਰਾਂ ਭਾਈ ਗੁਰਦਾਸ ਜੀ ਸਟੀਕ

ਟੀਕਾ ਪੰ: ਨਰੈਣ ਸਿੰਘ ਗਿਆਨੀ ਦੀ ਸੋਧੀ ਹੋਈ ਐਡੀਸ਼ਨ ਭਾਵਾਰਥ ਸਹਿਤ ਟੀਕਾ ਹੈ। ੪੫)

**ਭਾ: ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com